# PUNJAB DE PARMUKH GOTAN ATE JATHEREAN DA SABHYACHARAK VIDHANIK PARBANDH: SMAJIK ATE MANOVIGYANIK ADHIYAN

Thesis Submitted for the Award of the Degree of

**DOCTOR OF PHILOSOPHY**

**in**

**PUNJABI**

**By**

**Shawinder Singh**

**Registration Number: 41400725**

**Supervised By**

**Dr. Sona (23036)**

**Assistant Professor**

**Department of Punjabi**

**Lovely Professional University**

Transforming Education Transforming India

**LOVELY PROFESSIONAL UNIVERSITY, PUNJAB**

**2023**

## **ਘੋਸ਼ਣਾ-ਪੱਤਰ**

ਮੈਂ ਸ਼ਵਿੰਦਰ ਸਿੰਘ ਇਹ ਬਿਆਨ ਕਰਦਾ ਹਾਂ ਕਿ **'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ'** ਵਿਸ਼ੇ ਉੱਤੇ ਕੀਤਾ ਗਿਆ ਖੋਜ-ਪ੍ਰਬੰਧ ਮੇਰਾ ਨਿਰੋਲ ਲਿਖਤੀ ਖੋਜ-ਕਾਰਜ ਹੈ ਅਤੇ ਇਸ ਵਿੱਚ ਮੇਰਾ ਕੋਈ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਇਸ ਤੋਂ ਪਹਿਲਾਂ ਕੋਈ ਡਿਗਰੀ ਜਾਂ ਡਿਪਲੋਮਾ ਪ੍ਰਦਾਨ ਕੀਤਾ ਗਿਆ ਹੋਵੇ।

ਸ਼ਵਿੰਦਰ ਸਿੰਘ

ਖੋਜਾਰਥੀ

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਰਜਿ. ਨੰਬਰ: 41400725

ਮਿਤੀ: 08/03/2023

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸ਼ਵਿੰਦਰ ਸਿੰਘ ਨੇ **'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ'** ਵਿਸ਼ੇ ਉੱਤੇ ਪੀ.ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦਾ ਮੌਲਿਕ ਕਾਰਜ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ.ਐੱਚ.ਡੀ ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ:

ਡਾ. ਸੋਨਾ

ਸਹਾਇਕ ਪ੍ਰੋਫੈਸਰ

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਮਿਤੀ: 08/03/2023

# Abstract

ਖੋਜ-ਪ੍ਰਬੰਧ ਦਾ ਮੁੱਖ ਆਧਾਰ ਪੰਜਾਬ ਦੇ ਚੋਣਵੇਂ ਖੇਤਰਾਂ ਮਾਲਵਾ, ਮਾਝਾ ਅਤੇ ਦੁਆਬਾ ਦੇ ਗੋਤਾਂ ਅਤੇ ਜਠੇਰਿਆਂ ਨੂੰ ਲੈ ਕੇ ਹੈ। ਖੋਜ-ਪ੍ਰਬੰਧ ਵਿੱਚ ਖੇਤਰੀ ਸਰਵੇਖਣ ਕਰਦਿਆਂ ਇਹਨਾਂ ਤਿੰਨਾਂ ਖਿੱਤਿਆਂ ਅੰਦਰ ਵਸਦੇ ਲੋਕਾਂ ਦੇ ਗੋਤਾਂ ਅਤੇ ਉਹਨਾਂ ਵੱਲੋਂ ਪੂਜੇ ਜਾਂਦੇ ਜਠੇਰਿਆਂ ਦੀ ਜਠੇਰਾ-ਪੂਜਾ ਨੂੰ ਸਮੁੱਚੇ ਅਧਿਐਨ-ਵਿਸ਼ਲੇਸ਼ਣ ਦਾ ਕੇਂਦਰੀ ਬਿੰਦੂ ਬਣਾਇਆ ਗਿਆ ਹੈ। ਪੰਜਾਬ ਅੰਦਰ ਵਸਦੇ ਲੋਕਾਂ ਦੇ ਜੀਵਨ ਵਿੱਚ ਪ੍ਰਚੱਲਿਤ ਜਠੇਰਾ-ਪੂਜਾ ਦਾ ਅਧਿਐਨ-ਵਿਸ਼ਲੇਸ਼ਣ ਆਪਣੇ-ਆਪ ਵਿੱਚ ਇੱਕ ਰੌਚਕ ਵਿਸ਼ਾ ਹੈ। ਇਸ ਖੋਜ-ਕਾਰਜ ਦੌਰਾਨ 'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ' ਨੂੰ ਖੋਜ-ਪ੍ਰਬੰਧ ਦਾ ਵਿਸ਼ਾ ਬਣਾਇਆ ਗਿਆ ਹੈ ਜਿਸ ਅਧੀਨ ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਇਲਾਕਿਆਂ ਦੇ ਤਿੰਨ ਚੋਣਵੇਂ ਜ਼ਿਲ੍ਹਿਆਂ ਅੰਦਰਲੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਨੂੰ ਆਧਾਰ ਬਣਾ ਕੇ ਖੋਜ-ਕਾਰਜ ਕੀਤਾ ਗਿਆ ਹੈ। ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ, ਮਾਝਾ ਇਲਾਕੇ ਦੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਇਲਾਕੇ ਦੇ ਜ਼ਿਲ੍ਹਾ ਜਲੰਧਰ ਦੇ ਗੋਤਾਂ ਦੇ ਨਾਮਕਰਨ, ਇਤਿਹਾਸਕ ਪਿਛੋਕੜ ਅਤੇ ਉਹਨਾਂ ਲੋਕਾਂ ਵੱਲੋਂ ਪੂਜੇ ਜਾਂਦੇ ਜਠੇਰਿਆਂ ਸੰਬੰਧੀ ਪੂਜਾ ਵਿਧੀ-ਵਿਧਾਨ ਦੇ ਢੰਗਾਂ ਉੱਪਰ ਚਾਨਣਾ ਪਾਇਆ ਗਿਆ ਹੈ। ਗੋਤਾਂ ਦੇ ਆਧਾਰ 'ਤੇ ਲੋਕਾਂ ਦੇ ਸਮਾਜਿਕ ਅਤੇ ਸਭਿਆਚਾਰਕ ਪ੍ਰਬੰਧ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਨਾਲ਼ ਹੀ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਲੋਕ-ਮਾਨਸਿਕਤਾ ਦਾ ਮਨੋਵਿਗਿਆਨਕ ਪੱਖ ਤੋਂ ਅਧਿਐਨ ਕਰਦਿਆਂ ਲੋਕ-ਮਨ ਨੂੰ ਪਰੰਪਰਾਗਤ ਅਤੇ ਆਧੁਨਿਕ ਦੋਹਾਂ ਹੀ ਦ੍ਰਿਸ਼ਟੀਕੋਣਾਂ ਤੋਂ ਵਾਚਿਆ ਗਿਆ ਹੈ।

'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ' ਵਿਸ਼ੇ 'ਤੇ ਖੋਜ ਕਰਨ ਦਾ ਇਕਲੌਤਾ ਮਨੋਰਥ ਨਹੀਂ ਸਗੋਂ ਬਹੁਪੱਖੀ ਹੈ। ਖੋਜ-ਪ੍ਰਬੰਧ ਲਈ ਚੁਣੇ ਗਏ ਪੰਜਾਬ ਦੇ ਤਿੰਨਾਂ ਹੀ ਖਿੱਤਿਆਂ ਵਿੱਚੋਂ ਇਕੱਤਰ ਕੀਤੇ ਗਏ ਗੋਤਾਂ ਅਤੇ ਉਹਨਾਂ ਵੱਲੋਂ ਪੂਜੇ ਜਾਣ ਵਾਲ਼ੇ ਆਪੋ-ਆਪਣੇ ਜਠੇਰਿਆਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਉਹਨਾਂ ਵਿਚਲੀਆਂ ਆਪਸੀ ਸਾਂਝਾਂ (ਸਮਾਨਤਾਵਾਂ) ਅਤੇ ਵਖਰੇਵਿਆਂ (ਵੱਖਰਤਾਵਾਂ) ਨੂੰ ਵੀ ਖੋਜ-ਪ੍ਰਬੰਧ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਅਧਿਐਨ-ਵਿਸ਼ਲੇਸ਼ਣ ਵਿੱਚ ਲੋਕਾਂ ਦੀ ਮਾਨਸਿਕਤਾ ਨੂੰ ਆਧੁਨਿਕ ਦ੍ਰਿਸ਼ਟੀ ਤੋਂ ਵੇਖਣ ਦਾ ਯਤਨ ਕੀਤਾ ਗਿਆ ਹੈ ਜਿਸ ਵਿੱਚ ਪ੍ਰਮੁੱਖ ਆਧਾਰ ਗੋਤ ਅਤੇ ਜਠੇਰਾ-ਪ੍ਰਬੰਧ ਹੈ। ਇਸ ਆਧਾਰ 'ਤੇ ਖੋਜ ਦੇ ਪ੍ਰਮੁੱਖ ਉਦੇਸ਼ਾਂ ਰਾਹੀਂ ਇਹਨਾਂ ਤੱਥਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ:- ਗੋਤਾਂ ਦੇ ਨਾਮਕਰਨ, ਉਥਾਨ, ਵੰਸ਼, ਵਿਕਾਸ ਅਤੇ ਨਾਵਾਂ ਵਿੱਚ ਬਦਲਾਉ ਦਾ ਇਤਿਹਾਸਿਕ ਪੱਖ ਤੋਂ ਅਧਿਐਨ, ਗੋਤਾਂ ਦੇ ਆਧਾਰਾਂ ਦੀ ਪੇਸ਼ਕਾਰੀ ਕਰਨਾ, ਪੰਜਾਬੀ ਲੋਕਧਾਰਾ ਦੇ ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਪੱਖਾਂ ਨੂੰ ਉਜਾਗਰ ਕਰਦਿਆਂ ਗੋਤਾਂ ਦੇ ਆਧਾਰ 'ਤੇ ਲੋਕਾਂ ਦੀ ਮਾਨਸਿਕਤਾ ਬਾਰੇ ਅਧਿਐਨ, ਗੋਤਾਂ ਦੇ ਆਧਾਰ 'ਤੇ ਲੋਕਾਂ ਦੇ ਸਭਿਆਚਾਰਕ ਅਤੇ ਸਮਾਜਿਕ ਪ੍ਰਬੰਧ ਬਾਰੇ ਜਾਣਕਾਰੀ, ਗੋਤਾਂ

ਦੇ ਸੰਦਰਭ ਵਿੱਚ ਸੰਬੰਧਿਤ ਜਠੇਰਿਆਂ ਦੇ ਇਤਿਹਾਸਿਕ ਪਿਛੋਕੜ, ਜਠੇਰਿਆਂ ਦੀ ਪੂਜਾ ਪਿੱਛੇ ਕਾਰਜਸ਼ੀਲ ਲੋਕ-ਮਨ ਦੀ ਮਾਨਸਿਕਤਾ ਦਾ ਮਨੋਵਿਗਿਆਨਕ ਪੱਖ ਤੋਂ ਅਧਿਐਨ, ਗੋਤਾਂ ਦੇ ਆਧਾਰ ‘ਤੇ ਪੂਜਾ-ਵਿਧਾਨ ਬਾਰੇ ਜਾਣਕਾਰੀ। ਇਸ ਖੋਜ-ਕਾਰਜ ਦਾ ਇੱਕ ਹੋਰ ਉਦੇਸ਼ ਪੰਜਾਬ ਦੇ ਜਠੇਰਿਆਂ ਦੀ ਪੂਜਾ ਪਿੱਛੇ ਛੁਪੀਆਂ ਲੋਕਾਂ ਦੀਆਂ ਖਾਹਿਸ਼ਾਂ ਨੂੰ ਮਨੋਵਿਗਿਆਨਕ ਪੱਖ ਤੋਂ ਸਮਝਣਾ ਹੈ।

ਇਸ ਤੋਂ ਇਲਾਵਾ ਇਸ ਖੋਜ-ਕਾਰਜ ਦੌਰਾਨ ਲੋਕ ਮਾਨਸਿਕਤਾ ਨੂੰ ਪੁਰਾਤਨ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮੇਂ ਦੇ ਬਦਲਣ ਨਾਲ਼ ਕਈ ਧਾਰਨਾਵਾਂ ਟੁੱਟ ਜਾਂਦੀਆਂ ਹਨ ਅਤੇ ਕਈ ਨਵੀਆਂ ਹੋਂਦ ਗ੍ਰਹਿਣ ਕਰ ਲੈਂਦੀਆਂ ਹਨ। ਨਵੀਆਂ ਕਾਢਾਂ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇੱਕੀਵੀਂ ਸਦੀ ਵਿੱਚ ਜੇਕਰ ਲੋਕ-ਧਰਮ ਦੀ ਹੋਂਦ ਬਰਕਰਾਰ ਹੈ ਤਾਂ ਇਸਦਾ ਇੱਕੋ-ਇੱਕ ਕਾਰਨ ਲੋਕ-ਧਰਮ ਵਿੱਚ ਪ੍ਰਚੱਲਿਤ ਸ਼ਕਤੀਸ਼ਾਲੀ ਰੂੜ੍ਹੀਆਂ ਹੀ ਹਨ ਜੋ ਮਨੁੱਖ ਦੇ ਅਵਚੇਤਨ ਵਿੱਚ ਇਸ ਤਰ੍ਹਾਂ ਘਰ ਕਰ ਚੁੱਕੀਆਂ ਹਨ ਕਿ ਉਹਨਾਂ ਨੂੰ ਖ਼ਤਮ ਕਰਨਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਹੈ। ਪੜ੍ਹਨ-ਲਿਖਣ ਨਾਲ਼ ਲੋਕਾਂ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਣੇ ਸ਼ੁਰੂ ਹੋ ਗਏ ਜਿਸ ਕਾਰਨ ਨਵੇਂ ਆਧੁਨਿਕ ਵਿਚਾਰਾਂ ਨੇ ਜਨਮ ਲਿਆ ਤੇ ਕਈ ਪਰੰਪਰਿਕ ਧਾਰਨਾਵਾਂ ਟੁੱਟੀਆਂ ਹਨ। ਆਧੁਨਿਕ ਪੱਧਰ ‘ਤੇ ਪੁਰਾਤਨ ਲੋਕ-ਮਾਨਸਿਕਤਾ ਵਿੱਚ ਪਰਿਵਰਤਨ ਨਵੇਂ ਤਕਨੀਕੀ ਯੁੱਗ ਵਿੱਚ ਆਧੁਨਿਕ ਸਿੱਖਿਆ ਕਾਰਨ ਹੋਇਆ ਹੈ। ਲੋਕ ਧਰਮ ਦੀ ਪ੍ਰਕਿਰਤੀ ਦੀ ਗੱਲ ਕਰੀਏ ਤਾਂ ਇਹ ਕਹਿਣਾ ਦਰੁਸਤ ਨਹੀਂ ਕਿ ਲੋਕ-ਧਰਮ ਪਰਿਵਰਤਨਸ਼ੀਲ ਨਹੀਂ ਹੈ। ਸਮਾਜ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅੰਦਰ ਆਉਣ ਵਾਲ਼ੀਆਂ ਤਬਦੀਲੀਆਂ ਸਮਾਜ ਦੇ ਸਭਿਆਚਾਰਕ ਢਾਂਚੇ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਲੋਕ-ਧਰਮ ਵੀ ਸਮਾਜ ਦਾ ਇੱਕ ਸਭਿਆਚਾਰਕ ਵਰਤਾਰਾ ਹੈ। ਸੋ ਇਸ ਵਿੱਚ ਪਰਿਵਰਤਨ ਹੋਣਾ ਵੀ ਲਾਜ਼ਮੀ ਹੈ ਪ੍ਰੰਤੂ ਲੋਕਧਾਰਾਈ ਵਰਤਾਰਿਆਂ ਅੰਦਰ ਤਬਦੀਲੀ ਬਹੁਤ ਹੀ ਧੀਮੀ ਗਤੀ ਨਾਲ਼ ਹੁੰਦੀ ਹੈ। ਲੋਕ-ਧਰਮ ਪ੍ਰਤੀ ਜੋ ਰਵੱਈਆ ਮੱਧਕਾਲੀ ਮਨੁੱਖ ਰੱਖਦਾ ਸੀ, ਵਰਤਮਾਨ ਸਮੇਂ ਵਿਚਲੇ ਮਨੁੱਖ ਅੰਦਰ ਉਸ ਦੀ ਉਹ ਆਸਥਾ ਨਹੀਂ ਹੈ ਪਰ ਇਹ ਭਾਵਨਾ ਉੱਕਾ ਖ਼ਤਮ ਨਹੀਂ ਹੋਈ, ਕਿਸੇ ਨਾ ਕਿਸੇ ਰੂਪ ਵਿੱਚ ਅਜੇ ਤੱਕ ਜਿਉਂਦੀ ਹੈ। ਜਠੇਰਿਆਂ ਦੇ ਸਥਾਨ ਉੱਪਰ ਕੱਢੀ ਜਾਂਦੀ ਮਿੱਟੀ, ਉਹਨਾਂ ਦੇ ਸਥਾਨ ਉੱਪਰ ਭਰੀਆਂ ਜਾਣ ਵਾਲ਼ੀਆਂ ਚੌਂਕੀਆਂ, ਚੌਦੇਂ-ਮੱਸਿਆ, ਦਿਵਾਲੀ, ਵਿਸਾਖੀ ਆਦਿ ਤਿਉਹਾਰਾਂ ਮੌਕੇ ਲੱਗਣ ਵਾਲ਼ੇ ਮੇਲਿਆਂ ‘ਤੇ ਜੁੜਨ ਵਾਲ਼ੀ ਭੀੜ ਅਜੇ ਵੀ ਘਟੀ ਨਹੀਂ ਹੈ। ਸ਼ਰਧਾਲੂਆਂ ਦੀ ਸ਼ਰਧਾ ਦਾ ਸਰੂਪ ਭਾਵੇਂ ਬਦਲ ਗਿਆ ਹੋਵੇ, ਪਰ ਲੋਕ-ਧਰਮ ਦੀ ਹੋਂਦ ਅਜੇ ਵੀ ਅਸਵੀਕਾਰ ਨਹੀਂ ਹੋ ਸਕੀ। ਉਂਞ ਵੀ ਲੋਕ-ਧਰਮ ਦੇ ਅਰਥ-ਖੇਤਰ ਵਿੱਚ ਮਾਨਵ-ਜੀਵਨ ਦੇ ਅਨੇਕ ਪੱਖ ਸਮਾਏ ਹੋਏ ਹਨ; ਜਿਵੇਂ ਕਿ ਵੱਡੇ-ਵਡੇਰਿਆਂ ਜਾਂ ਜਠੇਰਿਆਂ ਦੀ ਹੋਂਦ ਵਿੱਚ ਵਿਸ਼ਵਾਸ, ਉਹਨਾਂ ਦੀ ਪੂਜਾ ਤੇ ਮੰਨ-ਮਨੌਤ ਨਾਲ਼ ਫਲ ਦੀ ਪ੍ਰਾਪਤੀ, ਸੁੱਖਣਾ, ਮੰਨਤ-ਮਨੌਤਾਂ, ਭੇਟ-ਚੜ੍ਹਾਵੇ, ਸ਼ਗਨ, ਅਪਸ਼ਗਨ ਆਦਿ ਅਨੇਕਾਂ ਰੂਪਾਂ ਵਿੱਚ ਲੋਕ-ਧਰਮ ਲੋਕ-ਮਨ ਵਿੱਚ ਵਸਿਆ ਹੋਇਆ ਹੈ।

ਲੋਕ-ਧਰਮ ਕੇਵਲ ਵਹਿਮਾਂ-ਭਰਮਾਂ ਦੀ ਵਲਗਣ ਵਿੱਚ ਲੋਕਾਂ ਨੂੰ ਕੈਦ ਕਰਕੇ ਨਹੀਂ ਰੱਖਦਾ ਸਗੋਂ ਉਹਨਾਂ

ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਉਤੇਜਿਤ ਵੀ ਕਰਦਾ ਹੈ। ਲੋਕ-ਧਰਮ ਮੁੱਢ-ਕਦੀਮ ਤੋਂ ਉਚ-ਨੀਚ ਅਤੇ ਜਾਤ-ਪਾਤ ਦੀਆਂ ਵਲਗਣਾਂ ਤੋਂ ਮੁਕਤ ਰਿਹਾ ਹੈ। ਇਸ ਨੁਕਤੇ ਦੀ ਪੁਸ਼ਟੀ ਖੋਜ-ਪ੍ਰਬੰਧ ਵਿਚਲੇ ਚੋਣਵੇਂ ਜ਼ਿਲ੍ਹਿਆਂ ਅੰਦਰਲੇ ਵੱਖ-ਵੱਖ ਜਾਤਾਂ ਦੇ ਇੱਕੋ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦੇ ਜਠੇਰਾ-ਸਥਾਨ 'ਤੇ ਲੱਗਣ ਵਾਲ਼ੇ ਮੇਲੇ ਵਿੱਚ ਉਹਨਾਂ ਵੱਖ-ਵੱਖ ਜਾਤਾਂ ਦੀ ਸਾਂਝੇ ਤੌਰ 'ਤੇ ਸ਼ਮੂਲੀਅਤ ਤੋਂ ਹੁੰਦੀ ਹੈ। ਲੋਕ-ਮਨ ਦੀ ਖੂਬੀ ਇਹ ਹੈ ਕਿ ਉਹ ਵਿਸ਼ਿਸ਼ਟ ਧਰਮ ਦੇ ਅਸੂਲਾਂ ਦੀ ਪਾਲਣਾ ਵੀ ਕਰਦਾ ਰਹਿੰਦਾ ਹੈ ਅਤੇ ਲੋਕ-ਧਰਮ ਦੇ ਕਰਮ-ਕਾਂਡ ਵੀ ਨਿਭਾਉਂਦਾ ਰਹਿੰਦਾ ਹੈ। ਲੋਕ-ਧਰਮ ਅਸਲ ਵਿੱਚ ਮਾਨਵ-ਧਰਮ ਦਾ ਹੀ ਵਿਸਤ੍ਰਿਤ ਰੂਪ ਹੈ।

ਸੋ ਵਰਤਮਾਨ ਜੀਵਨ ਵਿੱਚ ਬੇਸ਼ੱਕ ਵਿਗਿਆਨ ਅਤੇ ਤਕਨਾਲੋਜੀ ਦੀ ਬੇਹੱਦ ਤਰੱਕੀ ਹੋ ਚੁੱਕੀ ਹੈ ਜਿਸ ਦੇ ਫਲਸਰੂਪ ਵਿਗਿਆਨਕ ਸੋਚ ਹੋਣ ਕਾਰਨ ਭਾਵੇਂ ਜਠੇਰਾ-ਪੂਜਾ ਦੀ ਹੋਂਦ ਵਿਗਿਆਨਿਕ ਦ੍ਰਿਸ਼ਟੀਕੋਣ ਅਪਨਾਉਣ ਕਾਰਨ ਘੱਟ ਹੋ ਗਈ ਹੈ ਪਰ ਹਾਲੇ ਵੀ ਇਸਦੀ ਝਲਕ ਪੰਜਾਬ ਅੰਦਰਲੇ ਪਿੰਡਾਂ ਵਿੱਚ ਆਮ ਹੀ ਵੇਖੀ ਜਾ ਸਕਦੀ ਹੈ। ਪੰਜਾਬ ਦੇ ਪਿੰਡਾਂ ਵਿੱਚ ਹਾਲੇ ਵੀ ਕਿਸੇ ਬਿਮਾਰੀ, ਕੁਦਰਤੀ ਆਫ਼ਤ, ਫਸਲ ਦੇ ਨੁਕਸਾਨ, ਪਸ਼ੂਆਂ ਦੀ ਬਿਮਾਰੀ, ਘਰੇਲੂ ਕਲੇਸ਼, ਔਲਾਦ ਜਾਂ ਸੰਤਾਨ ਦੇ ਨਾ ਹੋਣ ਆਦਿ ਦਾ ਕਾਰਨ ਵੱਡੇ-ਵਡੇਰੇ ਦੇ ਨਾਰਾਜ਼ ਹੋਣ, ਮਨੌਤ ਸੰਬੰਧੀ ਕੋਈ ਭੁੱਲ-ਚੁੱਕ ਹੋਣ ਆਦਿ ਨੂੰ ਮੰਨਿਆ ਜਾਂਦਾ ਹੈ। ਭਾਵੇਂ ਤਰਕਸ਼ੀਲਾਂ ਦੇ ਵਧ ਰਹੇ ਪ੍ਰਭਾਵ ਅਤੇ ਡਾਕਟਰੀ ਇਲਾਜ ਦੀ ਹੋਂਦ ਕਾਰਨ ਇਹਨਾਂ ਵਹਿਮਾਂ ਦਾ ਸਿਲਸਿਲਾ ਘਟ ਰਿਹਾ ਹੈ, ਪਰ ਜਠੇਰਿਆਂ ਅਤੇ ਵੱਡੇ-ਵਡੇਰਿਆਂ ਦੇ ਸਥਾਨ ਉੱਪਰ ਅੱਜ ਵੀ ਲੋਕਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ। ਬੇਸ਼ੁਮਾਰ ਗਿਣਤੀ ਵਿੱਚ ਪੁੱਜੇ ਲੋਕ ਇਹੋ ਉਮੀਦ ਲੈ ਕੇ ਜਾਂਦੇ ਹਨ ਕਿ ਉਹਨਾਂ ਦੇ ਬੇੜੇ ਪਾਰ ਹੋ ਜਾਣਗੇ ਅਤੇ ਉਹ ਨਿਰੋਗ ਹੋ ਜਾਣਗੇ। ਬਹੁਤ ਸਾਰੇ ਰਾਜ਼ੀ ਹੋ ਵੀ ਜਾਂਦੇ ਹਨ ਕਿਉਂ ਕਿ ਉਹਨਾਂ ਦਾ ਇਸ ਸਥਾਨ ਪ੍ਰਤੀ ਪੂਰਨ ਵਿਸ਼ਵਾਸ ਹੁੰਦਾ ਹੈ। ਇਸ ਲਈ ਲੋਕ-ਧਰਮ ਦੇ ਕਰਮ-ਕਾਂਡ, ਉਪਾਸਨਾ-ਸਿਧਾਂਤ ਜਾਂ ਪੂਜਾ-ਵਿਧੀਆਂ ਨਾ ਤਾਂ ਵਿਅਕਤੀਗਤ ਰੂਪ ਵਿੱਚ ਪ੍ਰਚੱਲਿਤ ਹੋਈਆਂ ਰਵਾਇਤਾਂ ਹਨ ਅਤੇ ਨਾ ਹੀ ਖਲਾਅ ਵਿੱਚ ਪੈਦਾ ਹੋਏ ਰੁਝਾਨ ਹੀ ਕਹੇ ਜਾ ਸਕਦੇ ਹਨ। ਕੋਈ ਵੀ ਧਾਰਮਿਕ, ਸਮਾਜਿਕ ਜਾਂ ਸਭਿਆਚਾਰਕ ਰਵਾਇਤ ਉਦੋਂ ਹੀ ਸ਼ੁਰੂ ਹੁੰਦੀ ਹੈ, ਜਦੋਂ ਉਹ ਕਿਸੇ ਸਮਾਜਿਕ ਲੋੜ ਨੂੰ ਪੂਰਾ ਕਰਦੀ ਹੈ ਅਤੇ ਲੋਕ-ਪ੍ਰਵਾਨਗੀ ਪ੍ਰਾਪਤ ਕਰ ਲੈਂਦੀ ਹੈ। ਲੋਕ-ਧਾਰਾ ਜਾਂ ਸਮੁੱਚੇ ਲੋਕ-ਧਾਰਾਈ ਵਰਤਾਰਿਆਂ ਦਾ ਸੰਬੰਧ ਲੋਕ-ਮਨ ਨਾਲ਼ ਜੁੜਿਆ ਹੋਇਆ ਹੁੰਦਾ ਹੈ। ਇਸ ਲਈ ਲੋਕ-ਧਰਮ ਦੇ ਉਪਾਸਨਾ-ਸਿਧਾਂਤਾਂ (ਪੂਜਾ-ਵਿਧੀਆਂ ਆਦਿ) ਦਾ ਸਭਿਆਚਾਰਕ ਮਹੱਤਵ ਲੋਕ-ਮਾਨਸਿਕਤਾ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਹੈ।

ਇਸ ਖੋਜ-ਕਾਰਜ ਵਿੱਚ ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਚੋਣਵੇਂ ਜਿਲ੍ਹਿਆਂ ਬਠਿੰਡਾ, ਅੰਮ੍ਰਿਤਸਰ ਅਤੇ ਜਲੰਧਰ ਵਿਚਲੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਨੂੰ ਸਮਾਜਿਕ ਤੇ ਮਨੋਵਿਗਿਆਨਕ ਪੱਖ ਤੋਂ ਪਰਖਣ ਦੀ ਪਹਿਲ-ਕਦਮੀ ਕੀਤੀ ਗਈ ਹੈ। ਇਹ ਖੋਜ-ਕਾਰਜ ਨਿਰੋਲ ਖੇਤਰੀ ਖੋਜ-ਸਰਵੇਖਣ 'ਤੇ ਆਧਾਰਿਤ ਹੈ ਜਿਸ ਤਹਿਤ ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ ਦੀ ਮੰਨ-ਮਨੌਤ ਅਤੇ

ਉਹਨਾਂ ਦੇ ਪੂਜਾ-ਵਿਧਾਨ ਨੂੰ ਆਧੁਨਿਕ ਦ੍ਰਿਸ਼ਟੀਕੋਣ ਤੋਂ ਪਰਖਿਆ ਗਿਆ ਹੈ। ਸੋ ਉਮੀਦ ਹੈ ਕਿ ਇਹ ਖੋਜ ਭਵਿੱਖਤ ਖੋਜ-ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ।

# ਤਤਕਰਾ


**ਭੂਮਿਕਾ** 1-4

**ਅਧਿਆਇ-ਪਹਿਲਾ: ਸਿਧਾਂਤਕ ਪਰਿਪੇਖ**

1.1 ਜਾਣ-ਪਛਾਣ 5

1.2 ਖੋਜ ਦਾ ਉਦੇਸ਼/ਮੰਤਵ 5-6

1.3 ਖੋਜ-ਵਿਧੀ 6-10

1.4 ਖੋਜ ਨਾਲ਼ ਸੰਬੰਧਿਤ ਪਹਿਲਾਂ ਹੋ ਚੁੱਕਿਆ ਕਾਰਜ 11-17

1.5 ਪੰਜਾਬ ਦੇ ਗੋਤਾਂ ਦਾ ਇਤਿਹਾਸਕ ਪਿਛੋਕੜ 17-21

1.6 ਜਠੇਰੇ: ਇਤਿਹਾਸਕ ਪਿਛੋਕੜ 21-30

**ਅਧਿਆਇ-ਦੂਜਾ**

**ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ**

2.1 ਜ਼ਿਲ੍ਹਾ ਬਠਿੰਡਾ: ਨਾਮਕਰਨ ਅਤੇ ਇਤਿਹਾਸਕ ਪਿਛੋਕੜ 31-33

2.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ 34-66

2.3 ਪ੍ਰਮੁੱਖ ਗੋਤ ਅਤੇ ਜਠੇਰੇ 67-110

2.4 ਪੂਜਾ ਵਿਧਾਨ ਅਤੇ ਅਨੁਸ਼ਠਾਨ ਵਿਧੀਆਂ 110-142

2.5 ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ 142-157

**ਅਧਿਆਇ-ਤੀਜਾ**

**ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ**

3.1 ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ: ਨਾਮਕਰਨ ਅਤੇ ਇਤਿਹਾਸਕ ਪਿਛੋਕੜ 158-160

3.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ 161-202

3.3 ਪ੍ਰਮੁੱਖ ਗੋਤ ਅਤੇ ਜਠੇਰੇ 203-225

3.4 ਪੂਜਾ ਵਿਧਾਨ ਅਤੇ ਅਨੁਸ਼ਠਾਨ ਵਿਧੀਆਂ 225-243

3.5 ਜਠੇਰਾ-ਪੂਜਾ ਸੰਬੰਧੀ ਲੋਕ ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ 243-259

## ਅਧਿਆਇ-ਚੌਥਾ

## ਜ਼ਿਲ੍ਹਾ ਜਲੰਧਰ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ

4.1 ਜ਼ਿਲ੍ਹਾ ਜਲੰਧਰ: ਨਾਮਕਰਨ ਅਤੇ ਇਤਿਹਾਸਕ ਪਿਛੋਕੜ 260-263

4.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ 264-318

4.3 ਪ੍ਰਮੁੱਖ ਗੋਤ ਅਤੇ ਜਠੇਰੇ 319-365

4.4 ਪੂਜਾ ਵਿਧਾਨ ਅਤੇ ਅਨੁਸ਼ਠਾਨ ਵਿਧੀਆਂ 365-395

4.5 ਜਠੇਰਾ-ਪੂਜਾ ਸੰਬੰਧੀ ਲੋਕ ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ 395-408

## ਅਧਿਆਇ-ਪੰਜਵਾਂ

## ਗੋਤ ਅਤੇ ਜਠੇਰੇ: ਤੁਲਨਾਤਮਿਕ ਅਧਿਐਨ

5.1 ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ 409-425

5.2 ਗੋਤਾਂ ਅਤੇ ਜਠੇਰਿਆਂ ਦਾ ਤੁਲਨਾਤਮਿਕ ਅਧਿਐਨ: ਸਾਂਝਾਂ ਅਤੇ ਵਖਰੇਵੇਂ 426-452

**ਸਿੱਟੇ ਅਤੇ ਸਥਾਪਨਾਵਾਂ** 453-460

**ਸਹਾਇਕ ਪੁਸਤਕ ਸੂਚੀ** 461-465

# ਸਮਰਪਿਤ

**ਬੇਟਾ ਨਵਰਾਜ ਸਿੰਘ ਅਤੇ**

**ਬੇਟੀ ਜਪਨੀਤ ਕੌਰ**

**ਦੀ ਮਸੂਮੀਅਤ ਨੂੰ**

# ਭੂਮਿਕਾ

ਲੋਕਧਾਰਾ ਦਾ ਖੇਤਰ ਅਤਿਅੰਤ ਵਿਸ਼ਾਲ ਹੈ। ਇਸ ਦੇ ਕਲਾਵੇ ਅੰਦਰ ਅਨੇਕਾਂ ਪਹਿਲੂ ਸਮਾਏ ਹੋਏ ਹਨ ਜਿਨ੍ਹਾਂ ਵਿੱਚੋਂ ਲੋਕ ਧਰਮ ਇੱਕ ਅਜਿਹਾ ਪਹਿਲੂ ਹੈ ਜਿਸ ਵਿੱਚ ਲੋਕ ਮਾਨਸਿਕਤਾ ਦਾ ਅਥਾਹ ਭੰਡਾਰ ਹੈ। ਲੋਕ-ਧਰਮ ਇੱਕ ਅਜਿਹਾ ਸੰਕਲਪ ਹੈ ਜਿਸ ਅਧੀਨ ਕਿਸੇ ਅਣਡਿੱਠੀ ਚੀਜ਼ ਨੂੰ ਚਿੱਤਵ ਲੈਣਾ ਅਤੇ ਚਿੱਤਵ ਕੇ ਉਸ ਨੂੰ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰ ਲੈਣਾ ਲੋਕ-ਮਾਨਸ ਦੀ ਪ੍ਰਵਿਰਤੀ ਹੈ। ਇਸੇ ਪ੍ਰਵਿਰਤੀ ਦੇ ਕਾਰਨ ਹੀ ਲੋਕ-ਧਰਮ ਦਾ ਜਨਮ ਹੋਇਆ। ਡਰ ਅਤੇ ਭੈਅ ਦੀ ਭਾਵਨਾ ਨੇ ਲੋਕ-ਧਰਮ ਦੀ ਸਥਾਪਨਾ ਵਿੱਚ ਵਡੇਰਾ ਯੋਗਦਾਨ ਪਾਇਆ। ਮਨੁੱਖੀ ਮਨ ਅੱਜ ਦੇ ਵਿਗਿਆਨਕ ਤੇ ਤਕਨੀਕੀ ਯੁੱਗ ਵਿੱਚ ਵੀ ਕਿਸੇ ਵਿਸ਼ਵਾਸ ਜਾਂ ਟੈਬੂ ਦੀ ਉਲੰਘਣਾ ਕਰਨ ਤੋਂ ਡਰਦਾ ਹੈ। ਮਨੁੱਖੀ ਸਮਾਜ ਇੱਕ 'ਟੈਬੂ ਸਮਾਜ' ਹੋਣ ਕਰਕੇ ਇਸ ਵਿੱਚ ਬਹੁਤ ਸਾਰੀਆਂ ਮਨਾਹੀਆਂ ਦੀ ਹੋਂਦ ਕਰਕੇ ਵਧੇਰੇ ਖੁੱਲ੍ਹਾਂ ਨਹੀਂ ਹਨ। ਆਪਣੀ ਕਲਪਨਾ ਸ਼ਕਤੀ ਦੇ ਅਨੁਸਾਰ ਮਾਨਵ ਨੇ ਗੈਬੀ ਤਾਕਤਾਂ ਨੂੰ ਵੱਖਰੇ-ਵੱਖਰੇ ਆਕਾਰ ਅਤੇ ਵਿਵਹਾਰ ਦੇ ਪੱਖ ਤੋਂ ਦੇਖਣਾ ਸ਼ੁਰੂ ਕੀਤਾ ਅਤੇ ਇਹਨਾਂ ਦੇ ਬੁਰੇ ਪ੍ਰਭਾਵਾਂ ਤੋਂ ਮੁਕਤ ਹੋਣ ਲਈ ਅਤੇ ਚੰਗੇ ਪ੍ਰਭਾਵਾਂ ਨੂੰ ਗ੍ਰਹਿਣ ਕਰਨ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ। ਇਹਨਾਂ ਸ਼ਕਤੀਆਂ ਦੀ ਪੂਜਾ ਕਰਨ ਅਤੇ ਵੱਖ-ਵੱਖ ਵਿਧੀਆਂ ਰਾਹੀਂ ਇਹਨਾਂ ਨੂੰ ਪ੍ਰਸੰਨ ਜਾਂ ਕਾਬੂ ਕਰਨ ਦੀਆਂ ਵੱਖ-ਵੱਖ ਵਿਧੀਆਂ ਨੇ ਲੋਕ-ਧਰਮ ਨੂੰ ਜਨਮ ਦਿੱਤਾ। ਲੋਕ-ਧਰਮ ਦੇ ਅੰਦਰ ਹੀ ਜਠੇਰਾ-ਪੂਜਾ ਪ੍ਰਚੱਲਿਤ ਹੋਈ। ਹਰ ਜਾਤ ਕਈ ਗੋਤਾਂ ਵਿੱਚ ਵੰਡੀ ਹੋਈ ਹੈ। ਸਧਾਰਨ ਸ਼ਬਦਾਂ ਵਿੱਚ ਗੋਤ ਦਾ ਅਰਥ ਵੰਸ਼, ਖਾਨਦਾਨ ਜਾਂ ਕਬੀਲਾ ਹੈ। ਗੋਤ ਦਾ ਵਡੇਰਾ ਜਾਂ ਵਡਿਕਾ ਇੱਕ ਹੀ ਮੰਨਿਆ ਜਾਂਦਾ ਹੈ। ਜਠੇਰੇ ਦਾ ਮੂਲ ਅਰਥ ਜੇਠਾ ਹੈ ਜਿਸ ਦੀ ਪੂਜਾ ਜਠੇਰੇ ਦੇ ਸਮਾਨ ਗੋਤ ਵਾਲ਼ਿਆਂ ਵੱਲੋਂ ਕੀਤੀ ਜਾਂਦੀ ਹੈ। ਜਠੇਰਾ ਕਿਸੇ ਕੁੱਲ-ਕੁਟੰਬ ਦਾ ਮਰ ਚੁੱਕਾ ਬਜ਼ੁਰਗ ਹੁੰਦਾ ਹੈ ਜਿਸ ਦੀ ਉਸ ਕੁਟੰਬ ਵਿੱਚ ਬੜੀ ਮਾਨਤਾ ਹੁੰਦੀ ਹੈ। ਉਸ ਦੀ ਪੂਜਾ ਉਸ ਵੰਸ਼ ਦਾ ਭਾਈਚਾਰਾ ਵਿਆਹ-ਸ਼ਾਦੀ ਅਤੇ ਹੋਰ ਮੰਗਲ ਸਮਾਗਮਾਂ ਵੇਲ਼ੇ ਕਰਦਾ ਹੈ।

ਪੰਜਾਬੀ ਜਨ-ਜੀਵਨ ਵਿੱਚ ਪ੍ਰਚੱਲਿਤ ਜਠੇਰਾ-ਪੂਜਾ ਦਾ ਅਧਿਐਨ-ਵਿਸ਼ਲੇਸ਼ਣ ਆਪਣੇ-ਆਪ ਵਿੱਚ ਇੱਕ ਰੌਚਕ ਵਿਸ਼ਾ ਹੈ। ਇਸ ਖੋਜ-ਕਾਰਜ ਦੌਰਾਨ 'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ' ਨੂੰ ਆਪਣੇ ਖੋਜ-ਪ੍ਰਬੰਧ ਦਾ ਵਿਸ਼ਾ ਬਣਾਇਆ ਗਿਆ ਹੈ ਜਿਸ ਅਧੀਨ ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਇਲਾਕਿਆਂ ਦੇ ਚੋਣਵੇਂ ਤਿੰਨ ਜ਼ਿਲ੍ਹਿਆਂ ਅੰਦਰਲੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਨੂੰ ਆਧਾਰ ਬਣਾ ਕੇ ਖੋਜ-ਕਾਰਜ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਦੇ ਕੁੱਲ ਪੰਜ ਅਧਿਆਇ ਹਨ।

ਪਹਿਲੇ ਅਧਿਆਇ ਵਿੱਚ 'ਸਿਧਾਂਤਕ ਪਰਿਪੇਖ' ਬਾਰੇ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿੱਚ ਖੋਜ ਦੇ ਉਦੇਸ਼ ਅਤੇ ਖੋਜ ਦੀਆਂ ਵਿਧੀਆਂ ਬਾਰੇ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਖੋਜ ਨਾਲ ਸੰਬੰਧਿਤ ਪਹਿਲ਼ਾਂ ਹੋ ਚੁੱਕੇ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਖੋਜ-ਕਾਰਜ ਦਾ ਵਰਣਨ ਕੀਤਾ

ਗਿਆ ਹੈ। ਇਸ ਅਧਿਆਇ ਵਿੱਚ ਪੰਜਾਬ ਦੇ ਗੋਤਾਂ ਦਾ ਇਤਿਹਾਸਕ ਪਿਛੋਕੜ, ਸਭਿਆਚਾਰਕ ਪ੍ਰਬੰਧ ਅਧੀਨ ਗੋਤ ਅਤੇ ਜਠੇਰੇ, ਗੋਤ ਅਤੇ ਜਠੇਰੇ ਦੀ ਪਰਿਭਾਸ਼ਾ ਬਾਰੇ ਵਰਣਨ ਕਰਨ ਤੋਂ ਇਲਾਵਾ ਜਠੇਰਾ-ਪੂਜਾ ਅਤੇ ਵਿਧੀ-ਵਿਧਾਨ ਦੀ ਚਰਚਾ ਕੀਤੀ ਗਈ ਹੈ। ਇਹ ਅਧਿਆਇ ਖੋਜ-ਕਾਰਜ ਨੂੰ ਆਧਾਰ ਪ੍ਰਦਾਨ ਕਰਦਾ ਹੈ।

ਦੂਸਰਾ ਅਧਿਆਇ 'ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ' ਹੈ ਜਿਸ ਅਧੀਨ ਬਠਿੰਡਾ ਜ਼ਿਲ੍ਹੇ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਚਰਚਾ ਕਰਨ ਤੋਂ ਇਲਾਵਾ ਇਸ ਜ਼ਿਲ੍ਹੇ ਅੰਦਰਲੇ ਪ੍ਰਮੁੱਖ ਗੋਤਾਂ, ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ, ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਅਤੇ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪਰੰਪਰਾਗਤ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਲੇਸ਼ਣ ਕੀਤਾ ਗਿਆ ਹੈ।

ਤੀਸਰੇ ਅਧਿਆਇ ਅਧੀਨ 'ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ' ਬਾਰੇ ਚਰਚਾ ਕਰਦਿਆਂ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਚਰਚਾ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਇਸ ਜ਼ਿਲ੍ਹੇ ਅੰਦਰਲੇ ਪ੍ਰਮੁੱਖ ਗੋਤਾਂ, ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ, ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਅਤੇ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪਰੰਪਰਾਗਤ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਲੇਸ਼ਣ ਕੀਤਾ ਗਿਆ ਹੈ।

ਚੌਥਾ ਅਧਿਆਇ 'ਜ਼ਿਲ੍ਹਾ ਜਲੰਧਰ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ' ਹੈ ਜਿਸ ਵਿੱਚ ਜਲੰਧਰ ਜ਼ਿਲ੍ਹੇ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਚਰਚਾ ਕਰਨ ਤੋਂ ਇਲਾਵਾ ਇਸ ਜ਼ਿਲ੍ਹੇ ਅੰਦਰਲੇ ਪ੍ਰਮੁੱਖ ਗੋਤਾਂ, ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ, ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਅਤੇ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪਰੰਪਰਾਗਤ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਲੇਸ਼ਣ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿੱਚ 'ਗੋਤ ਅਤੇ ਜਠੇਰੇ: ਤੁਲਨਾਤਮਿਕ ਅਧਿਐਨ' ਅਧੀਨ ਤੁਲਨਾਤਮਿਕ ਅਧਿਐਨ ਦੇ ਸਿਧਾਂਤਕ ਪਰਿਪੇਖ ਬਾਰੇ ਚਰਚਾ ਕਰਨ ਉਪਰੰਤ ਖੋਜ-ਪ੍ਰਬੰਧ ਲਈ ਚੁਣੇ ਤਿੰਨਾਂ ਜ਼ਿਲ੍ਹਿਆਂ ਅੰਦਰਲੇ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਗਏ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ, ਜਠੇਰਾ-ਪੂਜਾ ਵਿਧਾਨ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਉਹਨਾਂ ਵਿਚਲੀਆਂ ਆਪਸੀ ਸਾਂਝਾਂ (ਸਮਾਨਤਾਵਾਂ) ਅਤੇ ਵਖਰੇਵਿਆਂ (ਵੱਖਰਤਾਵਾਂ) ਨੂੰ ਪੇਸ਼ ਕੀਤਾ ਗਿਆ ਹੈ।

ਸਮੁੱਚੇ ਅਧਿਐਨ-ਵਿਸ਼ਲੇਸ਼ਣ ਤੋਂ ਬਾਅਦ ਬਣੀਆਂ ਧਾਰਨਾਵਾਂ ਨੂੰ 'ਸਿੱਟੇ ਤੇ ਸਥਾਪਨਾਵਾਂ' ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਖੋਜ-ਕਾਰਜ ਦੌਰਾਨ 'ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ' ਵਿਸ਼ੇ ਦੇ ਅਧਿਐਨ-ਵਿਸ਼ਲੇਸ਼ਣ ਲਈ ਜਿਨ੍ਹਾਂ ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਹਨਾਂ ਦਾ ਵੇਰਵਾ ਇਸ ਖੋਜ-ਪ੍ਰਬੰਧ ਦੇ ਅਖੀਰ ਵਿੱਚ 'ਪੁਸਤਕ-ਸੂਚੀ' ਵਿੱਚ ਦਿੱਤਾ ਗਿਆ ਹੈ।

ਉਪਰੋਕਤ ਖੋਜ-ਪ੍ਰਬੰਧ ਦੀ ਸਿਰਜਣਾ ਦੌਰਾਨ ਖੋਜ-ਵਿਧੀ ਦੀਆਂ ਸੀਮਾਵਾਂ ਵਿੱਚ ਰਹਿਣ ਦਾ ਯਤਨ ਕੀਤਾ ਗਿਆ ਹੈ ਅਤੇ ਖੋਜ-ਵਿਸ਼ੇ ਦੀ ਸੀਮਾ ਵਿੱਚ ਰਹਿੰਦੇ ਹੋਏ ਆਪਣੀ ਯੋਗਤਾ ਤੇ ਸਮਰੱਥਾ ਅਨੁਸਾਰ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹਿਆ ਹੈ।

ਖੋਜ-ਪ੍ਰਬੰਧ ਦੇ ਵਿਸ਼ੇ ਦੀ ਚੋਣ ਤੋਂ ਲੈ ਕੇ ਇਸ ਦੇ ਸੰਪੂਰਨ ਹੋਣ ਤੱਕ ਦੀ ਪ੍ਰਕਿਰਿਆ ਦੌਰਾਨ ਮੈਨੂੰ ਜਿਹੜੇ ਸੂਝਵਾਨ ਵਿਦਵਾਨਾਂ, ਸਨੇਹੀਆਂ ਤੇ ਸ਼ੁਭ-ਚਿੰਤਕਾਂ ਦੀ ਰਹਿਨੁਮਾਈ ਪ੍ਰਾਪਤ ਹੋਈ ਹੈ, ਉਹਨਾਂ ਸਾਰਿਆਂ ਦਾ ਧੰਨਵਾਦ ਕਰਨਾ ਮੈਂ ਆਪਣਾ ਇਖ਼ਲਾਕੀ ਫ਼ਰਜ਼ ਸਮਝਦਾ ਹਾਂ। ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਮੈਂ ਸਭ ਤੋਂ ਪਹਿਲਾਂ ਉਸ ਅਕਾਲ-ਪੁਰਖ ਦਾ ਤਹਿ ਦਿਲ ਤੋਂ ਸ਼ੁਕਰਗੁਜ਼ਾਰ ਹਾਂ ਜਿਸ ਨੇ ਇਸ ਕਾਰਜ ਲਈ ਮੈਨੂੰ ਬਲ਼ ਬਖਸ਼ਿਆ।

ਮੈਂ ਧੰਨਵਾਦੀ ਹਾਂ ਆਰ.ਡੀ.ਸੀ. ਮੈਂਬਰਾਂ ਦਾ ਜਿਨ੍ਹਾਂ ਨੇ ਮੈਨੂੰ ਇਸ ਖੋਜ ਵਿਸ਼ੇ ਸੰਬੰਧੀ ਸਮੇਂ-ਸਮੇਂ ਯੋਗ ਅਗਵਾਈ ਪ੍ਰਦਾਨ ਕੀਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਕੇ ਖੋਜ ਕਰਨ ਦੀ ਇਜਾਜ਼ਤ ਦਿੱਤੀ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਪਰਮ ਸਤਿਕਾਰਯੋਗ ਤੇ ਸੂਝਵਾਨ ਗੁਰੂ ਡਾ. ਸੋਨਾ ਜੀ ਦਾ ਜਿਨ੍ਹਾਂ ਦੀ ਰਹਿਨੁਮਾਈ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਕਾਮਯਾਬ ਹੋਇਆ। ਇਸ ਖੋਜ-ਪ੍ਰਬੰਧ ਦੇ ਸੰਪੂਰਨ ਹੋਣ ਤੱਕ ਦੀ ਪ੍ਰਕਿਰਿਆ ਦੌਰਾਨ ਉਹਨਾਂ ਇੱਕ ਯੋਗ ਤੇ ਸੁਘੜ ਰਹਿਨੁਮਾ ਵਾਂਗ ਮੇਰੀ ਰਹਿਨੁਮਾਈ ਕੀਤੀ ਅਤੇ ਪੂਰੀ ਸੁਹਿਰਦਤਾ ਤੇ ਸਦਭਾਵਨਾ ਨਾਲ਼ ਇਸ ਖੋਜ-ਕਾਰਜ ਨੂੰ ਮੁਕੰਮਲ ਕਰਵਾਉਣ ਵਿੱਚ ਇੱਕ ਯੋਗ ਨਿਗਰਾਨ ਦੀ ਭੂਮਿਕਾ ਨਿਭਾਈ, ਜਿਸ ਸਦਕਾ ਇਸ ਖੋਜ-ਕਾਰਜ ਨੇ ਇੱਕ ਖੋਜ-ਪ੍ਰਬੰਧ ਦੇ ਰੂਪ ਵਿੱਚ ਆਪਣੀ ਸੰਪੂਰਨਤਾ ਹਾਸਿਲ ਕੀਤੀ।

ਮੈਂ ਉਚੇਚੇ ਤੌਰ 'ਤੇ ਸ਼ੁਕਰਗੁਜ਼ਾਰ ਹਾਂ ਡਾ. ਪਵਿੱਤਰ ਪ੍ਰਕਾਸ਼ ਸਿੰਘ, ਡਾ. ਕਿਰਨਦੀਪ ਸਿੰਘ, ਡਾ. ਹਰਪ੍ਰੀਤ ਸਿੰਘ ਜੀ ਹੋਰਾਂ ਦਾ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਇਸ ਖੋਜ-ਕਾਰਜ ਦੌਰਾਨ ਮੇਰਾ ਪੱਥ-ਪ੍ਰਦਰਸ਼ਨ ਕੀਤਾ।

ਮੈਂ ਸਦਾ ਰਿਣੀ ਰਹਾਂਗਾ ਆਪਣੇ ਪਿਤਾ ਸ. ਜੋਰਾ ਸਿੰਘ ਦਾ ਜਿਨ੍ਹਾਂ ਦੀ ਪ੍ਰੇਰਨਾ ਤੇ ਹੌਂਸਲੇ ਸਦਕਾ ਮੈਂ ਆਪਣੀ ਕਲਪਨਾ ਵਿੱਚ ਪਨਪੇ ਸੁਪਨਿਆਂ ਨੂੰ ਹਕੀਕਤ ਦੇ ਰੂਪ ਵਿੱਚ ਸਾਕਾਰ ਹੁੰਦੇ ਦੇਖ ਰਿਹਾ ਹਾਂ ਤੇ ਬੇਰੋਕ ਆਪਣੀ ਮੰਜ਼ਿਲ ਵੱਲ ਅੱਗੇ ਵਧ ਰਿਹਾ ਹਾਂ। ਉਹਨਾਂ ਦੀ ਬਖਸ਼ੀ ਹੋਈ ਜ਼ਿੰਦਗੀ ਸਦਕਾ ਹੀ ਇਸ ਖੋਜ-ਪ੍ਰਬੰਧ ਨੂੰ ਸੰਪੂਰਨ ਕਰਕੇ ਮੈਂ ਅੱਜ ਇਸ ਮੁਕਾਮ 'ਤੇ ਪਹੁੰਚ ਸਕਿਆ ਹਾਂ। ਮੈਂ ਧੰਨਵਾਦੀ ਹਾਂ ਆਪਣੀ ਪਤਨੀ ਸ਼੍ਰੀਮਤੀ ਬਿਮਲ ਕੌਰ (ਲੈਕਚਰਾਰ ਪੰਜਾਬੀ) ਦਾ, ਜਿਨ੍ਹਾਂ ਨੇ ਇਸ ਖੋਜ-ਕਾਰਜ ਦੀ ਆਰੰਭਤਾ ਤੋਂ ਲੈ ਕੇ ਸੰਪੂਰਨਤਾ ਤੱਕ ਹਰ

ਪੜਾਅ ‘ਤੇ ਚਾਹੇ ਉਹ ਖੋਜ-ਪ੍ਰਬੰਧ ਦੀ ਟਾਈਪਿੰਗ ਦਾ ਕੰਮ ਹੋਵੇ ਜਾਂ ਪਰੂਫ਼ ਰੀਡਿੰਗ ਦਾ, ਮੈਨੂੰ ਸੰਪੂਰਨ ਸਹਿਯੋਗ ਦਿੱਤਾ। ਮੈਂ ਸਦਾ ਸ਼ੁਕਰਗੁਜ਼ਾਰ ਰਹਾਂਗਾ ਆਪਣੀ ਵੱਡੀ ਭੈਣ ਗੁਰਜੀਤ ਕੌਰ ਦਾ ਜਿਨ੍ਹਾਂ ਦੇ ਦਿੱਤੇ ਸਹਿਯੋਗ, ਬੇਪਨਾਹ ਪਿਆਰ ਤੇ ਹੌਂਸਲੇ ਨੇ ਮੈਨੂੰ ਕਦੇ ਡੋਲਣ ਨਹੀਂ ਦਿੱਤਾ।

ਉਚੇਚੇ ਤੌਰ ‘ਤੇ ਧੰਨਵਾਦਯੋਗ ਸ਼ਖਸੀਅਤ ਜਿਨ੍ਹਾ ਦਾ ਨਾਂ ਲੈਣਾ ਬਣਦਾ ਹੈ ਉਹ ਸ. ਹਰਜਿੰਦਰ ਸਿੰਘ ਹੈਰੀ ਜੀ ਜਿਨ੍ਹਾਂ ਨੇ ਮੇਰੇ ਗਾਈਡ ਅਧਿਆਪਕ ਵਾਂਗ ਹੀ ਮੈਨੂੰ ਖੋਜ-ਕਾਰਜ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਇਆ ਤੇ ਸਮੇਂ-ਸਮੇਂ ‘ਤੇ ਮੈਨੂੰ ਸੰਪੂਰਨ ਸਹਿਯੋਗ ਦਿੱਤਾ।

ਇਸਦੇ ਨਾਲ਼ ਹੀ ਮੈਂ ਧੰਨਵਾਦੀ ਹਾਂ ਮੇਰੇ ਪੀ. ਐੱਚ. ਡੀ. ਦੇ ਖੋਜਾਰਥੀ ਸਾਥੀਆਂ ਡਾ. ਨਾਇਬ ਸਿੰਘ, ਜੋਬਨਜੀਤ ਸਿੰਘ, ਅਸ਼ੋਕ ਕੁਮਾਰ, ਅਵਤਾਰ ਸਿੰਘ, ਨਜ਼ਦੀਕੀ ਮਿੱਤਰਾਂ ਪਵਿੱਤਰ ਸਿੰਘ ਕਲਿਆਣੀ, ਬੇਅੰਤ ਸਿੰਘ ਹੋਰਾਂ ਦਾ ਜਿਨ੍ਹਾਂ ਦੀ ਖੁਸ਼ਨੁਮਾ ਸੰਗਤ ਵਿੱਚ ਰਹਿ ਕੇ ਮੈਨੂੰ ਬੇਹੱਦ ਖੁਸ਼ੀ ਤੇ ਆਪਣੇਪਨ ਦਾ ਅਹਿਸਾਸ ਹੋਇਆ।

ਉਪਰੋਕਤ ਸੁਘੜ ਵਿਦਵਾਨਾਂ, ਪਰਿਵਾਰਕ ਮੈਂਬਰਾਂ, ਸ਼ੁਭ-ਚਿੰਤਕਾਂ ਤੇ ਅਜੀਜ਼ ਦੋਸਤਾਂ ਦੀ ਰਲੀ-ਮਿਲੀ ਪ੍ਰੇਰਨਾ ਤੇ ਰਹਿਨੁਮਾਈ ਦਾ ਸਿੱਟਾ ਇਹ ਖੋਜ-ਪ੍ਰਬੰਧ ਆਪਣੇ ਮੁਕੰਮਲ ਰੂਪ ਤੁਹਾਡੇ ਸਾਹਮਣੇ ਹੈ।

# ਅਧਿਆਇ-ਪਹਿਲਾ: ਸਿਧਾਂਤਕ ਪਰਿਪੇਖ

## 1.1 ਜਾਣ-ਪਛਾਣ :

ਇਸ ਖੋਜ-ਪ੍ਰਬੰਧ ਦੇ ਵਿਸ਼ੇ ਅਧੀਨ ਪੰਜਾਬ ਦੇ ਗੋਤਾਂ ਅਤੇ ਜਠੇਰਿਆਂ ਨੂੰ ਸਭਿਆਚਾਰਕ, ਸਮਾਜਿਕ ਅਤੇ ਮਨੋਵਿਗਿਆਨਕ ਸੰਦਰਭ ਤੋਂ ਵੇਖਣ ਦੀ ਕੋਸ਼ਿਸ ਕੀਤੀ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖੀ ਜੀਵਨ ਨੂੰ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਿੱਚੋਂ ਲੰਘਣਾ ਪਿਆ ਜਿਵੇਂ ਕਿ ਸਮਾਜਿਕ, ਸਭਿਆਚਾਰਕ, ਇਤਿਹਾਸਕ ਆਦਿ। ਕੁਦਰਤ ਦੀ ਸਰਬੋਤਮ ਕਿਰਤ ਮਨੁੱਖ ਨੂੰ ਆਪਣਾ ਗੌਰਵਸ਼ਾਲੀ ਸਥਾਨ ਪ੍ਰਾਪਤ ਕਰਨ ਲਈ ਅਤੇ ਆਪਣੀ ਵਿਸ਼ੇਸ਼ ਪਛਾਣ ਕਾਇਮ ਕਰਨ ਲਈ ਉਸਾਰੂ ਭੂਮਿਕਾ ਅਦਾ ਕਰਨੀ ਪਈ ਹੈ। ਉਸਦੀ ਇਸ ਅਨੋਖੀ ਪਛਾਣ ਦੇ ਤੌਰ-ਤਰੀਕੇ ਸਮੇਂ-ਸਮੇਂ ਅਨੁਸਾਰ ਬਦਲਦੇ ਰਹੇ ਹਨ। ਪਹਿਲਾਂ ਇਹ ਜਾਤੀਆਂ ਅਤੇ ਕਬੀਲਿਆਂ ਦੇ ਰੂਪ ਵਿੱਚ ਪ੍ਰਚੱਲਿਤ ਸੀ ਅਤੇ ਬਾਅਦ ਵਿੱਚ ਇਹ ਕੁਲਾਂ, ਬੰਸਾਂ, ਗੋਤਾਂ, ਉਪ-ਗੋਤਾਂ ਆਦਿ ਦੇ ਰੂਪ ਵਿੱਚ ਪ੍ਰਚੱਲਿਤ ਹੋਏ। ਮਨੁੱਖ ਨੂੰ ਆਪਣੇ ਗੋਤ ਉੱਪਰ ਮਾਣ ਰਿਹਾ ਹੋਣ ਕਰਕੇ ਹੀ ਗੋਤ ਕਾਇਮ ਰਹੇ ਹਨ। ਗੋਤ ਹੀ ਮਨੁੱਖ ਦੀ ਅਸਲੀ ਪਛਾਣ ਹੈ। ਜੱਟਾਂ, ਖੱਤਰੀਆਂ, ਰਾਜਪੂਤਾਂ ਅਤੇ ਅਨੁਸੂਚਿਤ ਜਾਤੀਆਂ ਦੇ ਕਈ ਗੋਤ ਸਾਂਝੇ ਹੋਣ ਕਾਰਨ ਇਹਨਾਂ ਗੋਤਾਂ ਦਾ ਇਤਿਹਾਸਕ ਪਿਛੋਕੜ ਵੀ ਸਾਂਝਾ ਹੈ। ਪ੍ਰਾਚੀਨ ਸਮੇਂ ਵਿੱਚ ਕਿਸੇ ਕਬੀਲੇ ਦਾ ਨਾਮ ਕਿਸੇ ਪ੍ਰਸਿੱਧ ਤੇ ਸ਼ਕਤੀਸ਼ਾਲੀ ਮਹਾਂਪੁਰਸ਼ ਦੇ ਨਾਮ ‘ਤੇ ਪ੍ਰਚੱਲਿਤ ਹੁੰਦਾ ਸੀ। ਇਸੇ ਤਰ੍ਹਾਂ ਗੋਤ ਦਾ ਨਾਮ ਵੀ ਕਿਸੇ ਮਹਾਂਪੁਰਸ਼ ਦੇ ਨਾਮ ‘ਤੇ ਹੀ ਪ੍ਰਚੱਲਿਤ ਹੁੰਦਾ ਸੀ। ਕਈ ਵਾਰ ਕਈ ਗੋਤਾਂ ਦੇ ਨਾਮ ਦਾ ਮੋਢੀ ਮਹਾਂਪੁਰਸ਼ ਹੀ ਅਸਲ ਵਿੱਚ ਉਹਨਾਂ ਦਾ ਕੋਈ ਪੁਰਖਾ ਜਾਂ ਵੱਡਾ-ਵਡੇਰਾ ਹੁੰਦਾ ਸੀ ਜਿਸ ਕਰਕੇ ਉਸ ਮਹਾਂਪੁਰਸ਼ ਦੀ ਉਸ ਗੋਤ ਨਾਲ਼ ਸੰਬੰਧਿਤ ਲੋਕਾਂ ਵੱਲੋਂ ਜਠੇਰੇ ਦੇ ਤੌਰ ‘ਤੇ ਮਾਨਤਾ ਜਾਂ ਮੰਨ-ਮਨੌਤ ਕੀਤੀ ਜਾਂਦੀ ਸੀ ਅਤੇ ਇਹੀ ਮਾਨਤਾ ‘ਜਠੇਰਾ-ਪੂਜਾ’ ਦੇ ਨਾਮ ਨਾਲ਼ ਪ੍ਰਚੱਲਿਤ ਹੋਈ। ਪੰਜਾਬ ਵਿਚਲੇ ਇਹਨਾਂ ਵੱਖ-ਵੱਖ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦੇ ਸਭਿਆਚਾਰਕ ਵਿਧਾਨਕ ਪ੍ਰਬੰਧ ਦਾ ਸਮਾਜਿਕ ਅਤੇ ਮਨੋਵਿਗਿਆਨਿਕ ਪੱਖ ਤੋਂ ਅਧਿਐਨ ਕਰਨਾ ਹੀ ਇਸ ਖੋਜ-ਕਾਰਜ ਦਾ ਮੁੱਖ ਵਿਸ਼ਾ ਹੈ।

## 1.2 ਖੋਜ ਦਾ ਉਦੇਸ਼/ਮੰਤਵ:

‘ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ’ ਵਿਸ਼ੇ ‘ਤੇ ਖੋਜ ਕਰਨ ਦਾ ਇਕਲੌਤਾ ਮਨੋਰਥ ਨਹੀਂ ਸਗੋਂ ਬਹੁਪੱਖੀ ਹੈ। ਇਸ ਖੋਜ ਰਾਹੀਂ ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦੀ ਉਤਪਤੀ, ਇਤਿਹਾਸਕ ਪਿਛੋਕੜ ਆਦਿ ਬਾਰੇ ਵਰਣਨ ਕਰਨਾ ਅਤੇ ਪੰਜਾਬੀ ਲੋਕਧਾਰਾ ਦੇ ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਪੱਖਾਂ ਨੂੰ ਉਜਾਗਰ ਕਰਨਾ ਹੈ। ਇਸ ਤੋਂ ਇਲਾਵਾ ਇਸ ਖੋਜ ਦੇ ਪ੍ਰਮੁੱਖ ਉਦੇਸ਼ ਨਿਮਨਲਿਖਤ ਹਨ:-

- ਪੰਜਾਬ ਦੇ ਪ੍ਰਮੁੱਖ ਗੋਤਾਂ ਦੇ ਨਾਮਕਰਨ, ਉਥਾਨ, ਵੰਸ਼ ਅਤੇ ਇਤਿਹਾਸਕ ਪਿਛੋਕੜ ਨੂੰ ਪ੍ਰਸਤੁਤ ਕਰਨਾ।
- ਇਸ ਖੋਜ-ਕਾਰਜ ਰਾਹੀਂ ਜਠੇਰਾ ਪੂਜਾ ਨੂੰ ਆਧੁਨਿਕ ਸੰਦਰਭ ਤੋਂ ਦੇਖਣਾ।

- ਇਸ ਖੋਜ-ਕਾਰਜ ਰਾਹੀਂ ਜਠੇਰਿਆਂ ਦੀ ਪੂਜਾ ਅਤੇ ਪੂਜਾ-ਵਿਧਾਨ ਦੇ ਢੰਗ ਨੂੰ ਉਜਾਗਰ ਕਰਨਾ ਅਤੇ ਸਭਿਆਚਾਰਕ ਬਣਤਰ ਦੀ ਜਾਣਕਾਰੀ ਪ੍ਰਾਪਤ ਕਰਨਾ।
- ਪੰਜਾਬ ਦੇ ਮਾਲਵਾ, ਮਾਝਾ ਤੇ ਦੁਆਬਾ ਖੇਤਰਾਂ ਦੀ ਜਠੇਰਾ ਪੂਜਾ ਬਾਰੇ ਮਨੋਵਿਗਿਆਨਕ ਪੱਖਾਂ ਦੀ ਪੇਸ਼ਕਾਰੀ ਕਰਨਾ।
- ਇਸ ਖੋਜ-ਕਾਰਜ ਦਾ ਇੱਕ ਹੋਰ ਉਦੇਸ਼ ਪੰਜਾਬ ਦੇ ਜਠੇਰਿਆਂ ਦੀ ਪੂਜਾ ਪਿੱਛੇ ਛੁਪੀਆਂ ਲੋਕਾਂ ਦੀਆਂ ਖਾਹਿਸ਼ਾਂ ਨੂੰ ਮਨੋਵਿਗਿਆਨਕ ਪੱਖ ਤੋਂ ਸਮਝਣਾ ਹੈ।
- ਇਸ ਖੋਜ-ਕਾਰਜ ਰਾਹੀਂ ਗੋਤਾਂ ਦੇ ਆਧਾਰਾਂ ਦੀ ਪੇਸ਼ਕਾਰੀ ਕਰਨਾ।
- ਗੋਤਾਂ ਦੇ ਆਧਾਰ 'ਤੇ ਲੋਕਾਂ ਦੇ ਸਭਿਆਚਾਰਕ ਅਤੇ ਸਮਾਜਿਕ ਪ੍ਰਬੰਧ ਨੂੰ ਦੇਖਣਾ ।

### 1.3 ਖੋਜ-ਵਿਧੀ:

ਖੋਜ-ਪ੍ਰਬੰਧ ਨੂੰ ਸੰਪੂਰਨ ਕਰਨ ਲਈ ਖੇਤਰੀ ਖੋਜ-ਵਿਧੀ ਨੂੰ ਅਪਣਾਇਆ ਗਿਆ ਹੈ ਜਿਸ ਦੇ ਅੰਤਰਗਤ ਇਤਿਹਾਸਕ ਅਤੇ ਮਨੋਵਿਗਿਆਨਕ ਵਿਧੀਆਂ ਵੀ ਆਉਂਦੀਆਂ ਹਨ। ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਕਿਸੇ ਖੋਜ ਨੂੰ ਇੱਕੋ ਖੋਜ-ਵਿਧੀ ਉੱਪਰ ਅਧਾਰਿਤ ਕਰ ਦੇਣਾ ਉਚਿੱਤ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ਼ ਖੋਜ ਇੱਕ ਪਾਸੜ ਹੋ ਜਾਂਦੀ ਹੈ ਅਤੇ ਇਸ ਦੇ ਕਿੰਨੇ ਹੀ ਪੱਖ ਅਛੂਤੇ ਰਹਿ ਜਾਂਦੇ ਹਨ। ਸੋ ਇਸ ਲਈ ਜ਼ਰੂਰਤ ਹੁੰਦੀ ਹੈ ਕਿ ਸਥਿਤੀ ਦੇ ਮੁਤਾਬਿਕ ਖੋਜ-ਵਿਧੀ ਦੀ ਵਰਤੋਂ ਕੀਤੀ ਜਾਵੇ ਅਤੇ ਨਾਲ਼ ਹੀ ਇਹ ਧਿਆਨ ਵੀ ਰੱਖਣਾ ਬਣਦਾ ਹੈ ਕਿ ਖੋਜ-ਵਿਧੀ ਨਿਰੋਲ ਪਰੰਪਰਾਵਾਦੀ ਨਾ ਹੋ ਕੇ ਵਿਗਿਆਨਕ ਮਾਡਲ ਉੱਪਰ ਆਧਾਰਿਤ ਹੋਵੇ। ਵਿਗਿਆਨਕ ਖੋਜ-ਵਿਧੀਆਂ ਦੀ ਵਰਤੋਂ ਵੀਹਵੀਂ ਸਦੀ ਵਿੱਚ ਹੀ ਹੋਣੀ ਆਰੰਭ ਹੋਈ ਹੈ। ਪਹਿਲਾਂ ਪ੍ਰਚੱਲਿਤ ਖੋਜ-ਵਿਧੀਆਂ ਨੂੰ ਵਿਗਿਆਨਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਹ ਅੰਦਾਜ਼ੇ ਉੱਪਰ ਆਧਾਰਿਤ ਹੁੰਦੀਆਂ ਹਨ। ਇਹ ਮੰਨਣਯੋਗ ਹੈ ਕਿ ਲੋਕਧਾਰਾਈ ਲੱਭਤਾਂ ਨੂੰ ਪ੍ਰਯੋਗਸ਼ਾਲਾ ਵਿੱਚ ਸਿੱਧ ਨਹੀਂ ਕੀਤਾ ਜਾ ਸਕਦਾ। ਲੋਕਧਾਰਾਈ ਖੋਜ ਵਿੱਚ ਵਿਧੀਆਂ ਦੀ ਵਰਤੋਂ ਇੱਕ ਤੋਂ ਵੱਧ ਇਸ ਕਰਕੇ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਇਹ ਖੋਜ ਸਿਰਫ ਇਕਹਿਰੇ ਆਸ਼ੇ ਦੇ ਸਨਮੁੱਖ ਨਹੀਂ ਕੀਤੀ ਜਾਂਦੀ। ਪ੍ਰਯੋਗਸ਼ਾਲਾ ਵਿੱਚ ਕੀਤੀ ਖੋਜ ਨਾਲ਼ੋਂ ਇਸ ਸਮੱਗਰੀ ਦਾ ਘੇਰਾ ਕਿਤੇ ਜ਼ਿਆਦਾ ਵਿਸ਼ਾਲ ਹੁੰਦਾ ਹੈ ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪੈਰਾਮੀਟਰਾਂ ਦੀ ਲੋੜ ਪੈਂਦੀ ਹੈ। ਪੰਜਾਬੀ ਲੋਕਧਾਰਾ ਦੀ ਖੋਜ ਉਪਰ ਇੱਕੋ ਵਿਧੀ ਲਾਗੂ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਇਸ ਦੇ ਪਾਸਾਰ ਬਹੁਤ ਸੂਖਮ ਤੇ ਖਿੰਡੇ ਹੋਏ ਹਨ। ਇਸ ਖੋਜ-ਕਾਰਜ ਵਿੱਚ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ:-

**1. ਮਨੋਵਿਗਿਆਨਕ ਖੋਜ-ਵਿਧੀ:** ਮਨੋਵਿਗਿਆਨ ਤੋਂ ਭਾਵ ਮਨ ਦਾ ਵਿਗਿਆਨਕ ਅਧਿਐਨ ਕਰਨਾ ਹੈ। ਲੋਕਧਾਰਾ ਦਾ ਵਿਸ਼ੇਸ ਲੱਛਣ ਇਸ ਵਿੱਚ ਮਨੋਵਿਗਿਆਨਕ ਅੰਸ਼ ਦੇ ਵਧ-ਚੜ੍ਹ ਕੇ ਪੇਸ਼ ਹੋਣ ਤੋਂ ਹੈ। ਪੰਜਾਬ ਦੇ ਜ਼ਿਲ੍ਹੇ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ, ਜਲੰਧਰ ਦੇ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ

ਮਨੋਵਿਗਿਆਨਕ ਪੱਖ ਤੋਂ ਅਤਿ ਸੂਖਮ ਪ੍ਰਦਰਸ਼ਨ ਕਰਦਾ ਹੈ। ਇਸੇ ਕਾਰਨ ਆਪਣੇ ਖੋਜ-ਕਾਰਜ ਵਿਚ ਮਨੋਵਿਗਿਆਨਕ ਪਹੁੰਚ-ਵਿਧੀ ਨੂੰ ਵੀ ਸ਼ਾਮਿਲ ਕੀਤਾ ਹੈ। ਮਾਨਸਿਕਤਾ ਸਭਿਆਚਾਰ ਦਾ ਬੁਨਿਆਦੀ ਤੱਤ ਹੈ, ਜਿਸ ਵਿੱਚ ਲੋਕ-ਮਨ ਦੀਆਂ ਚੇਤਨ ਤੇ ਅਵਚੇਤਨ ਪ੍ਰਵਿਰਤੀਆਂ ਸ਼ਾਮਲ ਹੁੰਦੀਆਂ ਹਨ। ਇਸ ਵਿਧੀ ਰਾਹੀਂ ਵੱਖ-ਵੱਖ ਗੋਤਾਂ ਦੇ ਜਠੇਰਿਆਂ ਦੀ ਪੂਜਾ ਪਿੱਛੇ ਲੋਕ-ਮਨ ਦੀ ਮਨੋਦਸ਼ਾ ਨੂੰ ਸਮਝਣ ਦਾ ਯਤਨ ਕਰਨ ਤੋਂ ਇਲਾਵਾ ਪੂਜਾ ਪਿੱਛੇ ਲੋਕ-ਮਨ ਦੀਆਂ ਇੱਛਾਵਾਂ, ਸ਼ਰਧਾ ਅਤੇ ਉਹਨਾਂ ਦੇ ਮਨ ਅੰਦਰਲੇ ਡਰ ਦੇ ਕਾਰਨਾਂ ਨੂੰ ਮਨੋਵਿਗਿਆਨਕ ਵਿਧੀ ਤੋਂ ਬਿਨਾਂ ਸਮਝਣਾ ਸੰਭਵ ਨਹੀਂ ਹੈ ।

2. **ਇਤਿਹਾਸਕ ਖੋਜ-ਵਿਧੀ:** ਇਤਿਹਾਸਕ ਖੋਜ-ਵਿਧੀ ਵੀ ਵਿਸ਼ੇ ਦਾ ਇਤਿਹਾਸ ਲਿਖਣ ਲਈ ਬਹੁਤ ਮਹੱਤਵਪੂਰਨ ਹੈ। ਇਸ ਖੋਜ-ਪ੍ਰਬੰਧ ਵਿੱਚ ਅਧਿਆਇ ਲਿਖਣ ਲਈ ਇਤਿਹਾਸਕ ਖੋਜ-ਵਿਧੀ ਨੂੰ ਵੀ ਸ਼ਾਮਿਲ ਕੀਤਾ ਹੈ। ਇਸ ਦੀ ਸਹਾਇਤਾ ਤੋਂ ਬਿਨਾਂ ਗੋਤਾਂ ਅਤੇ ਜਠੇਰਿਆਂ ਦੀ ਇਤਿਹਾਸਕ ਪੱਖ ਤੋਂ ਖੋਜ ਸੰਪੂਰਨ ਨਹੀਂ ਹੋ ਸਕਦੀ। ਇਸ ਖੋਜ-ਵਿਧੀ ਰਾਹੀਂ ਵੱਖ-ਵੱਖ ਗੋਤਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਸ ਖੋਜ-ਵਿਧੀ ਨੂੰ ਇਸ ਖੋਜ-ਕਾਰਜ ਦਾ ਆਧਾਰ ਮੰਨਿਆ ਜਾ ਸਕਦਾ ਹੈ ।

3. **ਖੇਤਰੀ ਸਰਵੇਖਣ ਖੋਜ-ਵਿਧੀ:** ਇਸ ਖੋਜ-ਪ੍ਰਬੰਧ ਨੂੰ ਸੰਪੂਰਨ ਕਰਨ ਲਈ ਖੇਤਰੀ ਸਰਵੇਖਣ ਖੋਜ-ਵਿਧੀ ਦੀ ਵਰਤੋਂ ਕੀਤੀ ਜਾ ਰਹੀ ਹੈ। ਖੇਤਰੀ ਸਰਵੇਖਣ ਖੋਜ-ਵਿਧੀ ਦੇ ਕੁਝ ਸੰਦ ਹੁੰਦੇ ਹਨ। ਇਹਨਾਂ ਦੀ ਪ੍ਰਵਿਰਤੀ ਖੋਜ-ਖੇਤਰ ਅਤੇ ਖੋਜ ਲਈ ਚੁਣੇ ਗਏ ਵਿਸ਼ੇ ਉੱਪਰ ਨਿਰਭਰਤਾ ਰੱਖਦੀ ਹੈ। ਖੋਜ ਸਮਾਜਿਕ ਵਿਗਿਆਨਾਂ ਦੀ ਹੈ। ਉਸ ਵਿੱਚ ਖੇਤਰੀ ਕਾਰਜ ਵਿੱਚ ਸਹਾਈ ਹੋਣ ਵਾਲ਼ੇ ਯੰਤਰ ਜਿਵੇਂ ਕੈਮਰਾ, ਟੇਪ-ਰਿਕਾਰਡਰ, ਪ੍ਰਸ਼ਨਾਵਲੀ, ਸਾਰਣੀ, ਚੈੱਕ-ਲਿਸਟ ਆਦਿ ਦੀ ਲੋੜ ਪੈਂਦੀ ਹੈ। ਇਸ ਸੂਰਤ ਵਿੱਚ ਜੁਗਤਾਂ ਪ੍ਰਤੱਖਣ, ਸੰਵਾਰਤਾ ਤੇ ਪਰੀਖਣ ਜਾਂ ਸਥਿਤੀ ਅਧਿਐਨ ਹੋਵੇਗੀ। ਮੁੱਖ ਤੌਰ ‘ਤੇ ਆਪਣੇ ਖੋਜ-ਕਾਰਜ ਦੌਰਾਨ ਖੇਤਰੀ ਖੋਜ-ਵਿਧੀ ਦੇ ਅੰਤਰਗਤ ਹੇਠ ਲਿਖੇ ਖੇਤਰੀ ਖੋਜ-ਸੰਦਾਂ ਦੀ ਵਰਤੋਂ ਕੀਤੀ ਹੈ:-

**(ੳ) ਪ੍ਰਸ਼ਨਾਵਲੀ:** ਪ੍ਰਸ਼ਨਾਵਲੀ ਖੋਜ-ਵਿਸ਼ੇ ਸੰਬੰਧੀ ਸੂਚਨਾ ਹਾਸਲ ਕਰਨ ਲਈ ਤਿਆਰ ਕੀਤੇ ਗਏ ਪ੍ਰਸ਼ਨਾਂ ਦਾ ਸੰਗ੍ਰਹਿ ਹੁੰਦੀ ਹੈ। ਇਸ ਵਿੱਚ ਪ੍ਰਸ਼ਨ ਇਸ ਤਰ੍ਹਾਂ ਸੋਚ-ਸਮਝ ਕੇ ਸ਼ਾਮਿਲ ਕੀਤੇ ਜਾਂਦੇ ਹਨ ਕਿ ਉਹਨਾਂ ਵਿੱਚ ਖੋਜ-ਵਿਸ਼ੇ ਦੇ ਸਾਰੇ ਪੱਖਾਂ ਬਾਰੇ ਲੋੜੀਂਦੀ ਸੂਚਨਾ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਆ ਜਾਂਦੀ ਹੈ। ਪ੍ਰਸ਼ਨਾਂ ਨੂੰ ਸਰਲ ਅਤੇ ਸਮਝ-ਗੋਚਰਾ ਰੱਖਿਆ ਜਾਂਦਾ ਹੈ, ਤਾਂ ਜੋ ਉੱਤਰ ਦੇਣ ਵਾਲ਼ੇ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ਅਤੇ ਉਸਦਾ ਬਹੁਤਾ ਸਮਾਂ ਨਾ ਲੱਗੇ। ਇਸ ਤੋਂ ਬਿਨਾ ਪ੍ਰਸ਼ਨ ਇਸ ਤਰ੍ਹਾਂ ਘੜੇ ਜਾਂਦੇ ਹਨ ਕਿ ਪ੍ਰਸ਼ਨਾਵਲੀ ਵਿੱਚ ਦਿੱਤੀ ਗਈ ਸਮੱਗਰੀ ਦੀ ਪੁਸ਼ਟੀ ਜਾਂ ਖੰਡਨ ਸਹਿਜੇ ਹੀ ਪ੍ਰਸ਼ਨਾਂ ਵਿੱਚੋਂ ਮਿਲੇ ਉੱਤਰ ਰਾਹੀਂ ਹੋ ਸਕੇ। ਯਤਨ ਕੀਤਾ ਜਾਂਦਾ ਹੈ ਕਿ ਪ੍ਰਸ਼ਨਾਂ ਦੇ ਠੀਕ-ਠੀਕ ਉੱਤਰ ਮਿਲ ਜਾਣ। ਇਸ ਲਈ ਪ੍ਰਸ਼ਨਾਂ ਨੂੰ ਬੜਾ ਸਪੱਸ਼ਟ ਅਤੇ ਗੁੰਝਲ ਰਹਿਤ ਰੱਖਿਆ ਜਾਂਦਾ ਹੈ। ਇਸ ਤੋਂ ਬਿਨਾਂ ਭਾਸ਼ਾ ਵੀ ਆਸਾਨ ਵਰਤੀ ਜਾਂਦੀ ਹੈ। ਪ੍ਰਸ਼ਨਾਵਲੀ ਦੇ ਨਾਲ਼ ਖੋਜਕਾਰ ਵੱਲੋਂ ਸੰਬੰਧਿਤ ਪ੍ਰਾਜੈਕਟ ਦਾ ਮਨੋਰਥ ਸਪੱਸ਼ਟ ਕੀਤਾ ਜਾਂਦਾ ਹੈ।

ਪ੍ਰਸ਼ਨਾਵਲੀ ਨੂੰ ਜਾਰੀ ਕਰਨ ਤੋਂ ਪਹਿਲਾਂ ਇਸਨੂੰ ਪੂਰੀ ਤਰ੍ਹਾਂ ਜਾਂਚ-ਪਰਖ ਲੈਣਾ ਬਣਦਾ ਹੈ। ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਲਈ ਬੜੀਆਂ ਪ੍ਰਭਾਵਸ਼ਾਲੀ ਅਤੇ ਵਿਸਤ੍ਰਿਤ ਪ੍ਰਸ਼ਨਾਵਲੀਆਂ ਬਣੀਆਂ ਹੋਈਆਂ ਹਨ ਅਤੇ ਅੰਤਰ-ਰਾਸ਼ਟਰੀ ਪੱਧਰ ਉੱਤੇ ਪ੍ਰਵਾਨ ਹਨ। ਖੋਜਕਾਰ ਉਹਨਾਂ ਨੂੰ ਲੈ ਕੇ ਉਵੇਂ-ਜਿਵੇਂ ਜਾਂ ਲੋੜ ਅਨੁਸਾਰ ਉਹਨਾਂ ਵਿੱਚ ਤਬਦੀਲੀ ਕਰਕੇ ਵਰਤ ਸਕਦੇ ਹਨ। ਪ੍ਰਸ਼ਨਾਵਲੀ ਦੁਆਰਾ ਆਧਾਰ-ਸਮੱਗਰੀ ਇਕੱਤਰ ਕਰਨ ਵਿੱਚ ਇਹ ਸਮੱਸਿਆ ਬਣੀ ਰਹਿੰਦੀ ਹੈ ਕਿ ਲੋਕ ਪ੍ਰਸ਼ਨਾਵਲੀ ਦੇ ਉੱਤਰ ਪੂਰੀ ਸੁਹਿਰਦਤਾ ਅਤੇ ਤਨਦੇਹੀ ਨਾਲ਼ ਨਹੀਂ ਦਿੰਦੇ, ਸਗੋਂ ਬਹੁਤੀ ਵਾਰ ਅਟਕਲ-ਪੱਚੂ ਮਾਰਦੇ ਹਨ, ਖਾਸ ਕਰਕੇ ਉਦੋਂ ਜਦੋਂ ਪ੍ਰਸ਼ਨਾਵਲੀ ਦਾ ਉੱਤਰ ਡਾਕ ਰਾਹੀਂ ਮੰਗਿਆ ਗਿਆ ਹੋਵੇ। ਵਿਦਵਾਨਾਂ ਨੇ ਪ੍ਰਸ਼ਨਾਵਲੀ ਦੀਆਂ ਕੁਝ ਕਿਸਮਾਂ ਨਿਰਧਾਰਿਤ ਕੀਤੀਆਂ ਹਨ, ਜਿਨ੍ਹਾਂ ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:-

- **ਸੰਰਚਿਤ ਪ੍ਰਸ਼ਨਾਵਲੀ:** ਇਸ ਕੋਟੀ ਦੀ ਪ੍ਰਸ਼ਨਾਵਲੀ ਵਿੱਚ ਨਿਸ਼ਚਿਤ, ਠੋਸ ਅਤੇ ਪਹਿਲਾਂ ਤੋਂ ਮਿਥੇ ਪ੍ਰਸ਼ਨ ਪੁੱਛੇ ਜਾਂਦੇ ਹਨ। ਇਹ ਘਰੋਂ ਤਿਆਰ ਕਰਕੇ ਡਾਕ ਰਾਹੀਂ ਵੀ ਭੇਜੀ ਜਾ ਸਕਦੀ ਹੈ ਜਾਂ ਖੋਜਕਾਰ ਆਪਣੇ ਨਾਲ਼ ਆਪ ਲਿਜਾ ਕੇ ਸੰਵਾਰਤਾ (ਇੰਟਰਵਿਊ) ਰਾਹੀਂ ਵੀ ਲੋੜੀਂਦੇ ਉੱਤਰ ਪੁੱਛ ਸਕਦਾ ਹੈ। ਪ੍ਰਸ਼ਨਾਂ ਦੇ ਉੱਤਰ ਬੱਧੇ ਵੀ ਹੋ ਸਕਦੇ ਹਨ ਅਤੇ ਖੁੱਲ੍ਹੇ ਵੀ।
- **ਅਸੰਰਚਿਤ ਪ੍ਰਸ਼ਨਾਵਲੀ:** ਸੰਰਚਿਤ ਪ੍ਰਸ਼ਨਾਵਲੀ ਦੇ ਮੁਕਾਬਲੇ ‘ਤੇ ਅਸੰਰਚਿਤ ਪ੍ਰਸ਼ਨਾਵਲੀ ਚੱਲਦੀ ਹੈ। ਇਸਦੀ ਵਰਤੋਂ ਆਮ ਤੌਰ ‘ਤੇ ਸੰਵਾਰਤਾ ਦੇ ਸਹਾਇਕ ਸੰਦ ਵਜੋਂ ਕੀਤੀ ਜਾਂਦੀ ਹੈ। ਇਸ ਵੰਨਗੀ ਦੀ ਪ੍ਰਸ਼ਨਾਵਲੀ ਦਾ ਮੁੱਖ ਗੁਣ ਇਸਦੀ ਲਚਕ (Flexibility) ਹੈ। ਇਸਦੀ ਵਰਤੋਂ ਕਿਸੇ ਗੱਲ ਸੰਬੰਧੀ ਲੋਕਾਂ ਦੇ ਵਿਚਾਰ, ਰਾਵਾਂ, ਵਿਵਹਾਰ ਆਦਿ ਜਾਣਨ ਲਈ ਕੀਤੀ ਜਾਂਦੀ ਹੈ। ਇਸ ਕਿਸਮ ਦੀ ਪ੍ਰਸ਼ਨਾਵਲੀ ਦੀ ਵਰਤੋਂ ਦਾ ਘੇਰਾ ਸੀਮਿਤ ਹੀ ਹੁੰਦਾ ਹੈ। ਇਸ ਪ੍ਰਸ਼ਨਾਵਲੀ ਦੀ ਸਫਲਤਾ ਸੰਵਾਰਤਾਕਾਰ ਦੀ ਚੇਤਨਾ ‘ਤੇ ਨਿਰਭਰ ਕਰਦੀ ਹੈ। ਜੇ ਉਸਦੀ ਅੱਖ ਖੋਜ ਅਧੀਨ ਸਮੱਸਿਆ ਤੋਂ ਥਿੜਕ ਜਾਵੇ ਤਾਂ ਉਸਦੀ ਇਕੱਤਰ ਕੀਤੀ ਸੂਚਨਾ ਦੇ ਆਪਣੇ ਨਿਸ਼ਾਨੇ ਤੋਂ ਉੱਖੜ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

**(ਅ) ਪ੍ਰਤੱਖਣ:** ਫੋਕਲੋਰ, ਭਾਸ਼ਾ, ਸਮਾਜਿਕ ਤੇ ਸਭਿਆਚਾਰਕ ਸਮੱਸਿਆਵਾਂ ਉਪਰ ਕੰਮ ਕਰਨ ਲਈ ਪ੍ਰਤੱਖਣ ਬਹੁਤ ਜ਼ਰੂਰੀ ਜੁਗਤ ਹੈ। ਜੇਕਰ ਕਿਸੇ ਜਾਤੀ ਦੇ ਰਸਮ-ਰਿਵਾਜ਼ਾਂ, ਵਹਿਮ-ਭਰਮਾਂ, ਮੇਲੇ-ਤਿਉਹਾਰਾਂ, ਟੂਣੇ, ਜੰਤਰਾਂ ਜਾਂ ਕਿਸੇ ਹੋਰ ਸਭਿਆਚਾਰਕ ਪ੍ਰਪੰਚਾਂ ਦਾ ਭਰੋਸੇਯੋਗ ਅਧਿਐਨ ਕਰਨਾ ਚਾਹੁੰਦੇ ਹਾਂ ਤਾਂ ਇਸ ਸੂਰਤ ਵਿੱਚ ਪ੍ਰਤੱਖਣ ਦੀ ਜੁਗਤ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ। ਇਹ ਵਿਅਕਤੀਆਂ ਦੇ ਗੁਣਾਂ, ਕਰਮਾਂ, ਰੁਚੀਆਂ ਤੇ ਸੁਝਾਵਾਂ ਨੂੰ ਜਾਣਨ ਲਈ ਬਹੁਤ ਵਧੀਆ ਜੁਗਤ ਹੈ। ਪ੍ਰਤੱਖਣ ਦੀਆ ਦੋ ਮੁੱਖ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਅਨਿਯੰਤ੍ਰਿਤ (Uncontrolled) ਪ੍ਰਤੱਖਣ ਅਤੇ ਨਿੰਯਤ੍ਰਿਤ (Controlled) ਪ੍ਰਤੱਖਣ ਦੇ ਨਾਂ ਵਰਣਨਯੋਗ ਹਨ। ਅਨਿਯੰਤ੍ਰਿਤ ਪ੍ਰਤੱਖਣ ਵਿੱਚ ਪ੍ਰਤੱਖਕ ਨੂੰ ਤੱਥਾਂ ਦੇ ਸੰਕਲਨ ਵਿੱਚ ਕਿਸੇ ਪ੍ਰਕਾਰ ਦੇ ਵਿਸ਼ੁੱਧਤਾ ਸੰਦਾਂ (Preicision tools) ਦੀ ਸਹਾਇਤਾ ਪ੍ਰਾਪਤ ਨਹੀਂ ਹੁੰਦੀ। ਅਧਾਰ ਸਮੱਗਰੀ ਬਿਨਾਂ ਕਿਸੇ ਨਿਸ਼ਚਿਤ ਕਸਵੱਟੀ ਦੇ ਪ੍ਰਤੱਖਕ ਦੀ ਸੂਝ-ਬੂਝ ਅਨੁਸਾਰ ਹੀ ਇਕੱਤ੍ਰਿਤ ਕੀਤੀ ਗਈ ਹੁੰਦੀ ਹੈ।


**(ੲ) ਡਾਇਰੀ ਦੀ ਵਰਤੋਂ:** ਪ੍ਰਤੱਖਣ ਦੇ ਦੌਰਾਨ ਖੋਜ-ਕਰਤਾ ਦੀਆਂ ਅੱਖਾਂ ਸਾਹਮਣੇ ਇੰਨਾ ਕੁਝ ਲੰਘਣ ਦੀ ਸੰਭਾਵਨਾ ਹੁੰਦੀ ਹੈ ਕਿ ਉਹ ਉਹਨਾਂ ਸਾਰੀਆਂ ਚੀਜ਼ਾਂ ਨੂੰ ਚੇਤੇ ਨਹੀਂ ਰੱਖ ਸਕਦਾ। ਫਿਰ ਪਿੱਛੋਂ ਕੁਝ ਅਜਿਹੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਜੋ ਪਹਿਲਾਂ ਵੇਖੀਆਂ ਚੀਜ਼ਾਂ ਨਾਲ਼ ਮਿਲ-ਜੁਲ ਕੇ ਘਟਨਾਵਾਂ ਦੀ ਤਰਤੀਬ ਨੂੰ ਭੰਗ ਕਰ ਸਕਦੀਆਂ ਹਨ। ਇਸ ਲਈ ਬਣਦਾ ਹੈ ਕਿ ਪ੍ਰਤੱਖਕ ਆਪਣੇ ਪ੍ਰਤੱਖਣ ਵਿੱਚ ਆਈਆਂ ਚੀਜ਼ਾਂ ਨੂੰ ਲਿਖ ਲਵੇ। ਇਹ ਚੀਜ਼ ਪ੍ਰਤੱਖਕ ਲਈ ਡਾਇਰੀ ਰੱਖਣ ਦੀ ਜ਼ਰੂਰਤ ਨੂੰ ਦਰਸਾਉਂਦੀ ਹੈ। ਡਾਇਰੀ ਵਿੱਚ ਉਹ ਘਟਨਾਵਾਂ ਦੀ ਤਰਤੀਬ ਹੀ ਨਹੀਂ ਸਗੋਂ ਆਪਣੀਆਂ ਟਿੱਪਣੀਆਂ ਵੀ ਲਿਖ ਸਕਦਾ ਹੈ।

**(ਸ) ਸੰਵਾਰਤਾ:** ਖੇਤਰ ਵਿੱਚੋਂ ਅਧਾਰ-ਸਮੱਗਰੀ ਇਕੱਤਰ ਕਰਨ ਦੀ ਅਗਲੀ ਪ੍ਰਭਾਵਸ਼ਾਲੀ ਜੁਗਤ-ਵਿਧੀ ਜਾਂ ਸੰਦ ਸੰਵਾਰਤਾ ਜਾਂ ਇੰਟਰਵਿਊ (Interview) ਹੈ। ਇਸ ਵਿਧੀ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਖੇਤਰ ਵਿੱਚ ਜਾ ਕੇ, ਲੋਕਾਂ ਨਾਲ਼ ਰਹਿ ਕੇ ਉਹਨਾਂ ਦੇ ਵਿਵਹਾਰ ਦਾ ਪ੍ਰਤੱਖਣ ਕਰ ਸਕਣਾ ਸੰਭਵ ਨਾ ਹੋਵੇ। ਗਹਿਰੀ ਜਾਣ-ਪਛਾਣ ਅਤੇ ਅੰਦਰੂਨੀ ਭੇਦ ਭਰੀ ਗੱਲ ਜਾਣਨ ਦਾ ਇਹੀ ਇੱਕੋ-ਇੱਕ ਢੰਗ ਹੈ ਅਤੇ ਫਿਰ ਗੱਲਬਾਤ ਰਾਹੀਂ ਉਸ ਪਾਸੋਂ ਲੋੜੀਂਦੀ ਸਮੱਗਰੀ ਇਕੱਤਰ ਕੀਤੀ ਜਾਂਦੀ ਹੈ। ਸੰਵਾਰਤਾ ਦੀ ਸਫ਼ਲਤਾ ਸੰਵਾਰਤਾਕਾਰ ਦੇ ਤਜ਼ਰਬੇ ਅਤੇ ਸਿਆਣਪ ਉੱਪਰ ਨਿਰਭਰਤਾ ਰੱਖਦੀ ਹੈ। ਸੰਵਾਰਤਾ ਲੋੜ ਤੋਂ ਵੱਧ ਲੰਮੀ ਨਹੀਂ ਹੋਣੀ ਚਾਹੀਦੀ ਅਤੇ ਸੰਵਾਰਤਾਕਾਰ ਦੇ ਸਬਰ ਨੂੰ ਕਦੇ ਵੀ ਨਹੀਂ ਅਜ਼ਮਾਉਣਾ ਚਾਹੀਦਾ।

**(ਹ) ਪੂਰਕ ਸੰਦ:** ਸੰਵਾਰਤਾਕਾਰ ਇਹਨਾਂ ਦੀ ਸਹਾਇਤਾ ਲੈ ਕੇ ਹਰੇਕ ਜ਼ਰੂਰੀ ਸੂਚਨਾ ਤਸੱਲੀ ਨਾਲ਼ ਹਾਸਲ ਕਰ ਸਕਦਾ ਹੈ। ਜੇ ਉਹ ਇਹਨਾਂ ਦੀ ਵਰਤੋਂ ਨਹੀਂ ਕਰਦਾ ਤਾਂ ਕੁਝ ਅਣਪੁੱਛਿਆ ਰਹਿ ਜਾਣਾ ਸੁਭਾਵਿਕ ਹੈ। ਸੰਵਾਰਤਾ ਵਿੱਚ ਉਹ ਤਿਆਰ ਕੀਤੇ ਗਏ ਪ੍ਰਸ਼ਨਾਂ ਤੋਂ ਬਿਨਾਂ ਹੋਰ ਪ੍ਰਸ਼ਨ ਵੀ ਪੁੱਛ ਸਕਦਾ ਹੈ। ਰਿਕਾਰਡ ਕਰਨ ਲਈ ਅੱਜ-ਕੱਲ੍ਹ ਨਿਕਲੀ ਨਵੀਂ ਕਾਢ ਮੋਬਾਇਲ, ਵੀਡੀਓ ਕੈਮਰਾ ਜਾਂ ਟੇਪ-ਰਿਕਾਰਡਰ ਦੀ ਵਰਤੋਂ ਬੜੀ ਉਪਯੋਗੀ ਸਿੱਧ ਹੁੰਦੀ ਹੈ ਜਿਸ ਨਾਲ਼ ਸੰਵਾਰਤਾ ਵਿੱਚ ਮਿਲੀ ਸੂਚਨਾ ਹੂ-ਬ-ਹੂ ਸੁਰੱਖਿਅਤ ਹੋ ਜਾਂਦੀ ਹੈ ਅਤੇ ਬਾਅਦ ਵਿੱਚ ਜਦੋਂ ਵੀ ਲੋੜ ਪਵੇ ਅਧਾਰ-ਸਮੱਗਰੀ ਦੀ ਪ੍ਰਮਾਣਿਕਤਾ ਪਰਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪੈੱਨ, ਪੈੱਨਸਿਲ ਅਤੇ ਇੱਕ ਵਾਧੂ ਵਿਅਕਤੀ ਨੂੰ ਵੀ ਪੂਰਕ ਸੰਦ ਵਜੋਂ ਵਰਤਿਆ ਜਾ ਸਕਦਾ ਹੈ ਤਾਂ ਜੋ ਇੰਟਰਵਿਊ ਕਰਨ ਸਮੇਂ ਵੀਡਿਓ ਬਣਾਈ ਜਾ ਸਕੇ।

ਖੋਜ-ਕਾਰਜ ਦਾ ਮਿਆਰ ਖੋਜ-ਕਾਰਜ ਦੌਰਾਨ ਅਪਣਾਈਆਂ ਗਈਆਂ ਵਿਧੀਆਂ ਉੱਪਰ ਨਿਰਭਰ ਕਰਦਾ ਹੈ ਅਤੇ ਵਿਸ਼ੇ ਦੇ ਅਧਿਐਨ ਲਈ ਉਚਿਤ ਸੰਦਾਂ ਦੀ ਮੰਗ ਕਰਦਾ ਹੈ। ਇਸ ਖੋਜ-ਪ੍ਰਬੰਧ ਦੌਰਾਨ ਪ੍ਰਸ਼ਨਾਵਲੀ, ਇੰਟਰਵਿਊ, ਵੀਡਿਉਗ੍ਰਾਫ਼ੀ, ਕੈਮਰਾ ਆਦਿ ਦੀ ਵਰਤੋਂ ਕੀਤੀ ਹੈ। ਇਸ ਵਿਸ਼ੇ ਦੀ ਮੰਗ ਅਨੁਸਾਰ ਅਤੇ ਪ੍ਰਮੁੱਖ ਰੂਪਾਂ ਵਿੱਚ ਅੰਤਰ-ਅਨੁਸ਼ਾਸਨੀ ਵਿਧੀ ਦੇ ਅੰਤਰਗਤ ਇਹ ਖੋਜ-ਪ੍ਰਬੰਧ "ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨਕ ਪ੍ਰਬੰਧ: ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ" (ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ, ਜਲੰਧਰ ਦੇ ਸੰਦਰਭ ਵਿੱਚ) ਨੇਪਰੇ ਚਾੜ੍ਹਿਆ ਹੈ।

**4. ਸਮਾਜ-ਸ਼ਾਸਤਰੀ ਖੋਜ-ਵਿਧੀ:** ਮਨੁੱਖ ਜਮਾਂਦਰੂ ਤੌਰ ‘ਤੇ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖੀ ਜੀਵਨ ਵਿੱਚ ਪੂਜਾ ਅਤੇ ਵਿਧੀ-ਵਿਧਾਨ ਜਿਹੇ ਵਿਸ਼ੇ ਵੀ ਸਮਾਜਿਕ ਜ਼ਿੰਮੇਵਾਰੀਆਂ ਤੋਂ ਮੁਨਕਰ ਨਹੀਂ ਹਨ। ਮਨੁੱਖ ਸਮਾਜ ਵਿੱਚ ਰਹਿੰਦਾ ਹੈ। ਸਮਾਜ ਵਿੱਚ ਰਹਿੰਦਿਆਂ ਉਸ ਦੇ ਕੁਝ ਰਿਸ਼ਤੇ-ਨਾਤੇ ਬਣਦੇ ਹਨ। ਇਸ ਸਮਾਜ ਵਿੱਚ ਰਹਿੰਦਿਆਂ ਹੋਇਆਂ ਮਨੁੱਖ ਟੋਟਮ ਅਤੇ ਟੈਬੂ ਸਥਾਪਿਤ ਕਰਦਾ ਹੈ। ਇਸ ਕਰਕੇ ਸਮਾਜ-ਸ਼ਾਸਤਰੀ ਪਰਿਪੇਖ ਤੋਂ ਮੇਰੇ ਵਿਸ਼ੇ ਵਿੱਚ ਸ਼ਾਮਿਲ ਪੰਜਾਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਦਾ ਪਰਿਪੇਖ ਕਰਨ ਲਈ ਇਸ ਖੋਜ-ਕਾਰਜ ਵਿੱਚ ਸਮਾਜ-ਸ਼ਾਸਤਰੀ ਪਹੁੰਚ-ਵਿਧੀ ਦੀ ਵਰਤੋਂ ਵੀ ਕੀਤੀ ਹੈ। ਸਮਾਜ-ਸ਼ਾਸਤਰੀ ਵਿਧੀ ਪੱਛਮ ਦੀ ਇੱਕ ਪਹੁੰਚ-ਵਿਧੀ ਹੈ। ਅਗਸਤ ਕਾਮਤੇ ਇੱਕ ਪ੍ਰਸਿੱਧ ਸਮਾਜ-ਸ਼ਾਸਤਰੀ ਹੋਏ ਹਨ। ਸਮਾਜ-ਸ਼ਾਸਤਰੀ ਪਹੁੰਚ-ਵਿਧੀ ਵਿੱਚ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ, ਪ੍ਰਵਾਸ, ਨਾਰੀਵਾਦ ਆਦਿ ਆਉਂਦੇ ਹਨ। ਸਮਾਜਿਕ-ਅਧਿਐਨ ਦੇ ਅੰਦਰ ਧਰਮ, ਰਿਸ਼ਤੇ-ਨਾਤੇ, ਲਗਾਵ, ਮਨੁੱਖ ਆਦਿ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਸੰਬੰਧ ਰੱਖਦੇ ਹਨ। ਧਰਮ ਨੂੰ ਮਨੋਵਿਗਿਆਨਕ ਪੱਧਰ ‘ਤੇ ਜਾਂਚਣ ਦੀ ਕੋਸ਼ਿਸ਼ ਕੀਤੀ ਗਈ ਹੈ।




**5. ਤੁਲਨਾਤਮਕ ਖੋਜ-ਵਿਧੀ:** ਇਸ ਵਿਧੀ ਦੀ ਵਰਤੋਂ ਖੋਜ-ਪ੍ਰਬੰਧ ਵਿੱਚ ਕੀਤੀ ਜਾਂਦੀ ਹੈ ਜਿਸ ਅਧੀਨ ਤੁਲਨਾ ਰਾਹੀਂ ਸਮਾਜਿਕ ਸਮਾਨਤਾਵਾਂ ਅਤੇ ਅਸਮਾਨਤਾਵਾਂ ਤੱਕ ਪਹੁੰਚਿਆ ਜਾਂਦਾ ਹੈ। ਦੋ ਜਾਂ ਦੋ ਤੋਂ ਵੱਧ ਸਮਾਜਿਕ ਸਮੂਹਾਂ, ਸੰਸਥਾਵਾਂ ਜਾਂ ਪ੍ਰਬੰਧਾਂ ਦੇ ਸਾਂਝੇ ਝੁਕਾਵਾਂ ਅਤੇ ਨਿਯਮਾਂ ਨੂੰ ਲੱਭਿਆ ਜਾਂਦਾ ਹੈ। ਇਸ ਵਿਧੀ ਦਾ ਆਧਾਰ ਸਮਾਨਤਾਵਾਂ ਅਤੇ ਵੱਖਰਤਾਵਾਂ ਹਨ। ਇਸ ਖੋਜ-ਪ੍ਰਬੰਧ ਵਿੱਚ ਵਿਧੀਆਂ ਤੋਂ ਇਲਾਵਾ ਪਹਿਲਾਂ ਹੋ ਚੁੱਕੇ ਖੋਜ-ਕਾਰਜ ਨੂੰ ਵੀ ਲਿਆ ਗਿਆ ਹੈ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

## 1.4 ਪਹਿਲਾਂ ਹੋ ਚੁੱਕਿਆ ਖੋਜ-ਕਾਰਜ:

ਕਿਸੇ ਵੀ ਖੋਜ-ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਖੋਜਾਰਥੀ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਸਪੱਸ਼ਟਤਾ ਲਈ ਅਤੇ ਖੋਜ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਸੰਬੰਧਿਤ ਸਾਹਿਤ ਸੰਬੰਧੀ ਖੋਜ-ਕਾਰਜ ਦਾ ਅਧਿਐਨ ਬਹੁਤ ਜ਼ਰੂਰੀ ਹੈ ਜਿਸ ਨਾਲ਼ ਸਾਨੂੰ ਜਿੱਥੇ ਸਿਰਜੇ ਗਏ ਸਾਹਿਤ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉੱਥੇ ਇਸ ਨਾਲ਼ ਖੋਜਾਰਥੀ ਅੰਦਰ ਆਲੋਚਨਾਤਮਕ ਦ੍ਰਿਸ਼ਟੀ ਤੋਂ ਸਾਹਿਤ ਦੇ ਵਿਭਿੰਨ ਪੱਧਰਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੇ ਆਧਾਰ 'ਤੇ ਖੋਜਾਰਥੀ ਖੋਜ ਵਿਸ਼ੇ ਦੀ ਠੀਕ ਚੋਣ ਅਤੇ ਚੁਣੇ ਹੋਏ ਵਿਸ਼ੇ ਦੀ ਖੋਜ ਸਮੇਂ ਦੇ ਅੰਤਰਗਤ ਨਿਭਾ ਸਕਦਾ ਹੈ। ਵਿਸ਼ੇ ਦੀ ਖੋਜ ਕਰਨ ਲਈ ਸਭਿਆਚਾਰ, ਲੋਕਧਾਰਾ, ਗੋਤਾਂ ਅਤੇ ਜਠੇਰਿਆਂ ਬਾਰੇ ਹੋ ਚੁੱਕੇ ਵੱਖੋ-ਵੱਖਰੇ ਅਧਿਐਨਾਂ ਤੇ ਖੋਜ-ਕਾਰਜਾਂ, ਖੋਜ-ਪ੍ਰਬੰਧਾਂ, ਆਲੋਚਨਾਤਮਕ ਪੁਸਤਕਾਂ ਅਤੇ ਵੈੱਬਸਾਈਟਸ ਆਦਿ ਦਾ ਅਧਿਐਨ ਕੀਤਾ ਗਿਆ ਹੈ ਜਿਸ ਦਾ ਅਸੀਂ ਹੇਠ ਲਿਖੇ ਅਨੁਸਾਰ ਵਰਣਨ ਕਰ ਰਹੇ ਹਾਂ:-

### ਉਪਾਧੀ ਸਾਪੇਖ ਖੋਜ-ਕਾਰਜ:

ਉਪਾਧੀ ਸਾਪੇਖ ਖੋਜ-ਕਾਰਜ ਨੂੰ ਅਸੀਂ ਦੋ ਭਾਗਾਂ ਖੋਜ-ਪ੍ਰਬੰਧ ਅਤੇ ਖੋਜ-ਨਿਬੰਧ ਵਿੱਚ ਵੰਡਿਆ ਹੈ। ਖੋਜ-ਪ੍ਰਬੰਧ ਦੇ ਹੁਣ ਤੱਕ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਹੋਏ ਖੋਜ-ਕਾਰਜਾਂ ਦਾ ਅਧਿਐਨ ਕੀਤਾ ਗਿਆ ਹੈ ਜਿਸ ਦੇ ਆਧਾਰ 'ਤੇ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਹੁਣ ਤੱਕ ਜਿਸ ਖੋਜ-ਕਾਰਜ ਦਾ ਅਧਿਐਨ ਕੀਤਾ ਗਿਆ ਹੈ ਉਸ ਦਾ ਵਰਣਨ ਨਿਮਨਲਿਖਤ ਹੈ:-

- **ਅਮਰਜੀਤ ਕੌਰ, ਸਿੱਖ ਪੂਜਾ ਵਿਧਾਨ: ਉਤਪਤੀ ਅਤੇ ਪ੍ਰਕਿਰਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2013.** ਇਸ ਖੋਜ-ਪ੍ਰਬੰਧ ਵਿੱਚ ਪੂਜਾ-ਵਿਧਾਨ ਦੀ ਪਰਿਭਾਸ਼ਾ, ਵਿਧੀ, ਕਾਰਜ ਅਤੇ ਮਹੱਤਤਾ ਬਿਆਨ ਕਰਨ ਤੋਂ ਇਲਾਵਾ ਸਿੱਖ ਪੂਜਾ-ਵਿਧਾਨ ਬਾਰੇ ਕਾਫ਼ੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸਿੱਖ ਧਰਮ ਦੀ ਉਤਪਤੀ ਤੇ ਨਿਕਾਸ, ਇਤਿਹਾਸਕ ਪਿਛੋਕੜ, ਸਿੱਖ ਪੂਜਾ-ਵਿਧਾਨ ਦੇ ਉਦੇਸ਼, ਇਸਦੇ ਪ੍ਰਕਾਰ, ਫੈਲਾਉ ਆਦਿ ਬਾਰੇ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਸਿੱਖ ਧਰਮ ਵਿੱਚ ਨਿਭਾਏ ਜਾਣ ਵਾਲ਼ੇ ਨੇਮਾਂ, ਵਿਧੀ-ਵਿਧਾਨਾਂ, ਰਹਿਤ-ਮਰਿਯਾਦਾ ਦਾ ਗਹਿਰਾਈ ਨਾਲ਼ ਪ੍ਰਗਟਾਅ ਕੀਤਾ ਗਿਆ ਹੈ। ਇਸ ਖੋਜ-ਕਾਰਜ ਤੋਂ ਖੋਜ ਨਾਲ਼ ਸੰਬੰਧਿਤ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ ਹੈ ।
- **ਆਸ਼ਾ ਕੁਮਾਰੀ, ਮਾਤਾ ਦੀਆਂ ਭੇਟਾਂ: ਸੰਪਾਦਨ ਅਤੇ ਲੋਕ-ਧਾਰਮਿਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 1992**. ਇਸ ਖੋਜ-ਪ੍ਰਬੰਧ ਵਿੱਚ ਖੋਜਾਰਥੀ ਵੱਲੋਂ ਹਿੰਦੂ ਧਰਮ ਨਾਲ਼ ਸੰਬੰਧਿਤ ਮਾਤਾ ਦੀਆਂ ਭੇਟਾਂ, ਉਹਨਾਂ ਦੇ ਮਹੱਤਵ ਅਤੇ ਮਹਾਤਮ ਬਾਰੇ ਵਰਣਨ ਕਰਦਿਆਂ ਹੋਇਆਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਲੋਕ-ਧਾਰਮਿਕ ਪੱਖ ਤੋਂ ਬਿਆਨ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਤੋਂ ਮਾਤਾ ਦੀ ਪੂਜਾ ਪਿੱਛੇ ਛੁਪੇ ਲੋਕ-ਮਨ ਦੀਆਂ ਭਾਵਨਾਵਾਂ ਦੀ ਬਹੁਤ ਵਧੀਆ ਤਰੀਕੇ ਨਾਲ਼ ਪੇਸ਼ਕਾਰੀ ਕੀਤੀ

ਗਈ ਹੈ। ਖੋਜ ਨਾਲ਼ ਸੰਬੰਧਿਤ ਕਾਰਜ ਤੋਂ ਇਲਾਵਾ ਲੋਕ-ਮਨ ਦੀ ਸਥਿਤੀ ਦਾ ਅਤੇ ਉਸ ਪੂਜਾ ਪਿੱਛੇ ਕਾਰਜਸ਼ੀਲ ਉਹਨਾਂ ਦੀਆਂ ਭਾਵਨਾਵਾਂ ਦਾ ਵੀ ਵਰਣਨ ਹੋਇਆ ਹੈ।

- **ਸਿਧਾਰਥ ਕੁਮਾਰ, ਜਗਰਾਤਾ: ਸਮਾਜ-ਸਭਿਆਚਾਰਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2012**. ਉਪਰੋਕਤ ਖੋਜ-ਪ੍ਰਬੰਧ ਵਿੱਚ ਸਿਧਾਰਥ ਕੁਮਾਰ ਦੁਆਰਾ ਜਗਰਾਤੇ ਦੇ ਸਰੂਪ, ਇਸਦੇ ਸਮਾਜਿਕ-ਸਭਿਆਚਾਰਕ ਪਰਿਪੇਖ, ਮਹੱਤਵ ਅਤੇ ਇਸ ਦੀ ਸਾਰਥਿਕਤਾ ਆਦਿ ਨੂੰ ਪ੍ਰਗਟ ਕੀਤਾ ਗਿਆ ਹੈ। ਇਸ ਖੋਜ-ਕਾਰਜ ਵਿੱਚ ਮਨੁੱਖੀ ਜੀਵਨ ਵਿੱਚ ਧਰਮ ਦੀ ਮਹੱਤਤਾ ਬਾਰੇ ਵੀ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਆਧੁਨਿਕ ਸਮੇਂ ਦੇ ਸੰਦਰਭ ਵਿੱਚ ਸਮਾਜਿਕ-ਸਭਿਆਚਾਰਕ ਪੱਖੋਂ ਜਗਰਾਤੇ ਦੀ ਸਾਰਥਿਕਤਾ ਨੂੰ ਵੀ ਉਘਾੜਿਆ ਗਿਆ ਹੈ।
- **ਗਗਨਦੀਪ ਸਿੰਘ, ਪੰਜਾਬ ਦਾ ਲੋਕ-ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਹਿਬ: ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2012**. ਇਸ ਖੋਜ-ਪ੍ਰਬੰਧ ਵਿੱਚ ਪੰਜਾਬ ਦੇ ਲੋਕ-ਧਰਮ ਅਤੇ ਸਿੱਖ ਧਰਮ ਦੇ ਪਾਵਨ-ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਖੋਜ-ਕਾਰਜ ਕੀਤਾ ਗਿਆ ਹੈ। ਇਸ ਖੋਜ-ਕਾਰਜ ਵਿੱਚ ਲੋਕ-ਧਰਮ ਦੀ ਪ੍ਰਕਿਰਤੀ ਅਤੇ ਸਰੂਪ ਬਾਰੇ ਵੀ ਕਾਫ਼ੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੇ ਨਾਲ਼ ਹੀ ਇਸ ਖੋਜ-ਕਾਰਜ ਵਿੱਚ ਲੋਕ-ਧਰਮ ਅਤੇ ਵਿਸ਼ਿਸ਼ਟ ਧਰਮ ਵਿੱਚ ਅੰਤਰ ਵੀ ਸਪੱਸ਼ਟ ਕੀਤਾ ਗਿਆ ਹੈ। ਇਸ ਕਾਰਜ ਤੋਂ ਖੋਜ ਨਾਲ਼ ਸੰਬੰਧਿਤ ਕਾਫ਼ੀ ਜਾਣਕਾਰੀ ਮਿਲਦੀ ਹੈ।
- **ਗੁਰਪ੍ਰੀਤ ਸਿੰਘ, ਸਖੀ ਸਰਵਰ ਸੰਬੰਧੀ ਪੂਜਾ-ਵਿਧਾਨ: ਸਮਾਜ-ਸਭਿਆਚਾਰਕ ਅਧਿਐਨ (ਸਖੀ ਸਰਵਰ ਦੇ ਵਿਸ਼ੇਸ਼ ਪ੍ਰਸੰਗ ਵਿੱਚ), ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2013.** ਇਸ ਖੋਜ-ਕਾਰਜ ਵਿੱਚ ਗੁਰਪ੍ਰੀਤ ਸਿੰਘ ਨੇ ਪੀਰਾਂ-ਫ਼ਕੀਰਾਂ ਸੰਬੰਧੀ ਪੂਜਾ-ਵਿਧਾਨ ਅਤੇ ਸਮਾਜਿਕ-ਸਭਿਆਚਾਰਕ ਪੱਖ ਤੋਂ ਬਹੁਮੁੱਲਾ ਕਾਰਜ ਕੀਤਾ ਹੈ। ਇਸ ਕਾਰਜ ਵਿੱਚ ਸਖੀ-ਸਰਵਰ ਦੀ ਪੂਜਾ ਦੇ ਕਈ ਪੱਖਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਹ ਖੋਜ-ਕਾਰਜ ਆਪਣੇ-ਆਪ ਵਿੱਚ ਇੱਕ ਵਿਲੱਖਣ ਖੋਜ-ਕਾਰਜ ਹੈ।
- **ਜੈ ਗੋਪਾਲ ਗੋਇਲ, ਪੰਜਾਬੀ ਲੋਕ-ਸਾਹਿਤ ਵਿੱਚ ਦੇਵ ਦਾ ਸਰੂਪ: ਸੰਕਲਪ, ਪ੍ਰਕਾਰਜ ਅਤੇ ਮਹੱਤਤਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2010**. ਪੰਜਾਬੀ ਲੋਕ-ਸਾਹਿਤ ਵਿੱਚ ਦੇਵਤਿਆਂ ਦੇ ਮਿਥਿਹਾਸਕ ਅਤੇ ਇਤਿਹਾਸਕ ਪੱਖ, ਸਰੂਪ, ਮਹੱਤਤਾ ਆਦਿ ਨੂੰ ਇਸ ਖੋਜ-ਕਾਰਜ ਰਾਹੀਂ ਪ੍ਰਸਤੁਤ ਕੀਤਾ ਹੈ।
- **ਦਰਿਆ, ਪੰਜਾਬੀ ਲੋਕ-ਧਰਮ: ਸਮਾਜ-ਸਭਿਆਚਾਰਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 1998**. ਇਸ ਖੋਜ-ਪ੍ਰਬੰਧ ਵਿੱਚ ਪੰਜਾਬ ਦੇ ਲੋਕ-ਧਰਮ ਦੇ ਸਮਾਜਿਕ-ਸਭਿਆਚਾਰਕ ਪੱਖ ਤੋਂ ਅਧਿਐਨ ਨੂੰ ਖੋਜ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਖੋਜ-ਕਾਰਜ ਵਿੱਚ ਲੋਕ-ਧਰਮ ਬਾਰੇ ਬੜੀ ਸੂਖਮਤਾ ਨਾਲ਼ ਅਧਿਐਨ ਕੀਤਾ ਗਿਆ ਹੈ। ਇਸ ਵਿੱਚ ਲੋਕ-ਮਨ ਦੇ ਅੰਦਰ ਲੋਕ-ਧਰਮ ਦੀ ਹੋਂਦ ਬਾਰੇ ਸਪੱਸ਼ਟ ਕੀਤਾ ਗਿਆ ਹੈ ਜੋ ਕਿ ਖੋਜ-ਕਾਰਜ ਦਾ ਆਧਾਰ ਹੈ।

- **ਸ਼ਮਾ ਰਾਣੀ, ਪੰਜਾਬ ਦੇ ਲੋਕ-ਧਰਮ: ਪੂਜਾ-ਵਿਧੀਆਂ ਦਾ ਮਾਨਵ-ਸ਼ਾਸਤਰੀ ਅਧਿਐਨ (ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਦੇ ਵਿਸ਼ੇਸ਼ ਸੰਦਰਭ ਵਿੱਚ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2010.** ਪੰਜਾਬ ਦੇ ਲੋਕ-ਧਰਮ ਦੀਆਂ ਪੂਜਾ-ਵਿਧੀਆਂ ਦਾ ਮਾਨਵ-ਸ਼ਾਸਤਰੀ ਅਧਿਐਨ ਕਰਦਿਆਂ ਸ਼ਮਾ ਰਾਣੀ ਨੇ ਕੁਦਰਤੀ ਵਰਤਾਰਿਆਂ ਨੂੰ ਖੋਜ ਦਾ ਕੇਂਦਰੀ ਸੂਤਰ ਬਣਾਇਆ ਹੈ। ਇਹ ਖੋਜ-ਕਾਰਜ ਆਦਿ ਮਾਨਵ ਦੀ ਉਸ ਮਾਨਸਿਕਤਾ ਨੂੰ ਪ੍ਰਗਟਾਉਂਦਾ ਹੈ ਜਦੋਂ ਉਹ ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਨੂੰ ਜਿਉਂਦੀ-ਜਾਗਦੀ ਦੈਵੀ ਸ਼ਕਤੀ ਮੰਨਦਾ ਹੋਇਆ ਦੈਵੀ ਤਾਕਤਾਂ ਤੋਂ ਭੈਭੀਤ ਹੋਇਆ ਉਹਨਾਂ ਨੂੰ ਰੀਝਾਉਣ ਅਤੇ ਪਤਿਆਉਣ ਲਈ ਉਹਨਾਂ ਦੀ ਪੂਜਾ ਕਰਦਾ ਸੀ। ਉਸ ਸਮੇਂ ਤੋਂ ਲੈ ਆਧੁਨਿਕ ਸਮੇਂ ਤੱਕ ਲੋਕ-ਧਰਮ ਦੀ ਸਾਰਥਿਕਤਾ ਉਪਰੋਕਤ ਖੋਜ-ਪ੍ਰਬੰਧ ਤੋਂ ਬਹੁਤ ਹੀ ਸਪੱਸ਼ਟ ਝਲਕਦੀ ਹੈ।
- **ਅਮਰਜੀਤ ਸਿੰਘ ਗਿੱਲ, ਵਿਆਹ ਦੀਆਂ ਰਹੁ-ਰੀਤਾਂ ਸੰਬੰਧੀ ਪੰਜਾਬੀ ਲੋਕ-ਗੀਤਾਂ ਦਾ ਮਾਨਵ ਵਿਗਿਆਨਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2007.** ਇਸ ਖੋਜ-ਕਾਰਜ ਦੌਰਾਨ ਅਮਰਜੀਤ ਸਿੰਘ ਗਿੱਲ ਨੇ ਵਿਆਹ ਦੀਆਂ ਰੀਤਾਂ-ਰਸਮਾਂ ਦੇ ਪਰਿਪੇਖ ਵਿੱਚ ਪੰਜਾਬੀ ਲੋਕ-ਗੀਤਾਂ ਦਾ ਮਾਨਵ ਵਿਗਿਆਨਕ ਪੱਖ ਤੋਂ ਵਿਵਰਣ ਕੀਤਾ ਹੈ ਜੋ ਕਿ ਲੋਕ-ਮਨ ਦੇ ਹੁਲਾਸ, ਖੁਸ਼ੀਆਂ ਅਤੇ ਖੇੜਿਆਂ ਦਾ ਆਪ-ਮੁਹਾਰਾ ਪ੍ਰਗਟਾਵਾ ਮੰਨੇ ਜਾਂਦੇ ਹਨ। ਵਿਆਹ ਜਿਹੇ ਸ਼ੁਭ ਕਾਰਜ ਸਮੇਂ ਇਹਨਾਂ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਇਹ ਵਿਆਹ ਜਿਹੇ ਸ਼ੁਭ ਸਮਾਗਮ ਦੀ ਖੁਸ਼ੀ ਨੂੰ ਦੁੱਗਣਾ-ਚੌਗੁਣਾ ਕਰਨ ਦੇ ਨਾਲ਼-ਨਾਲ਼ ਇਸਦੀ ਸੁੰਦਰਤਾ ਵਧਾਉਂਦੇ ਤੇ ਖੁਸ਼ੀਆਂ ਨੂੰ ਚਾਰ ਚੰਨ ਲਗਾ ਦਿੰਦੇ ਹਨ।
- **ਬਲਜੀਤ ਸਿੰਘ, ਪੰਜਾਬ ਦੀਆਂ ਲੋਕ-ਦੇਵੀਆਂ ਨਾਲ਼ ਸੰਬੰਧਿਤ ਲੋਕ-ਸਾਹਿਤ ਦਾ ਸਭਿਆਚਾਰਕ ਮਾਨਵ ਵਿਗਿਆਨਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ, 2009.** ਬਲਜੀਤ ਸਿੰਘ ਨੇ ਇਸ ਖੋਜ-ਕਾਰਜ ਦੌਰਾਨ ਪੰਜਾਬ ਦੀਆਂ ਲੋਕ-ਦੇਵੀਆਂ ਸੰਬੰਧੀ ਲੋਕ-ਸਹਿਤ ਦਾ ਸਭਿਆਚਾਰਕ ਅਤੇ ਮਾਨਵ ਵਿਗਿਆਨਕ ਪੱਖ ਤੋਂ ਅਧਿਐਨ ਕੀਤਾ ਹੈ। ਇਸ ਖੋਜ-ਕਾਰਜ ਵਿੱਚ ਲੋਕ ਸਾਹਿਤ ਵਿੱਚ ਦੇਵੀਆਂ ਦੀ ਮਹੱਤਤਾ ਅਤੇ ਉਹਨਾਂ ਦੀ ਸਭਿਆਚਾਰਕ ਪੱਖ ਤੋਂ ਸਾਰਥਿਕਤਾ ਦਾ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲੋਕ-ਮਨ ਦੀ ਲੋਕ ਦੇਵੀਆਂ ਨਾਲ਼ ਜੁੜੀ ਆਸਥਾ ਦਾ ਮਨੋਵਿਗਿਆਨਕ ਪੱਖ ਤੋਂ ਵਿਵਰਣ ਵੀ ਇਸ ਖੋਜ-ਕਾਰਜ ਦੇ ਅਧਿਐਨ ਦੇ ਅੰਤਰਗਤ ਆਉਂਦਾ ਹੈ।
- **ਮਹਿੰਦਰ ਸਿੰਘ ਬਿਰਦੀ, ਮਾਲਵੇ ਦਾ ਲੋਕ-ਸਾਹਿਤ: ਇੱਕ ਆਲੋਚਨਾਤਮਕ ਅਧਿਐਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1983.** ਇਸ ਖੋਜ-ਪ੍ਰਬੰਧ ਵਿੱਚ ਮਹਿੰਦਰ ਸਿੰਘ ਬਿਰਦੀ ਨੇ ਪੰਜਾਬ ਦੇ ਮਾਲਵਾ ਖਿੱਤੇ ਨਾਲ਼ ਸੰਬੰਧਿਤ ਲੋਕ-ਸਾਹਿਤ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਸ ਖੋਜ-ਕਾਰਜ ਵਿੱਚ ਮਾਲਵੇ ਦੇ ਲੋਕ-ਸਾਹਿਤ ਦੇ ਵੱਖ-ਵੱਖ ਰੂਪਾਂ ਜਿਵੇਂ ਕਿ ਲੋਕ-ਗੀਤ, ਲੋਕ-ਕਥਾਵਾਂ ਆਦਿ ਦਾ ਆਲੋਚਨਾਤਮਕ ਪੱਖ ਤੋਂ ਗਹਿਨ ਅਧਿਐਨ ਕੀਤਾ ਗਿਆ ਹੈ।

- **ਉਪਾਧੀ ਨਿਰਪੇਖ ਖੋਜ-ਕਾਰਜ:**

ਇਸ ਦੁਆਰਾ ਵੱਖ-ਵੱਖ ਪੁਸਤਕਾਂ ਦਾ ਅਧਿਐਨ ਕੀਤਾ ਗਿਆ ਹੈ ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

- ਆਲੋਚਨਾਤਮਕ ਪੁਸਤਕਾਂ।
- ਪੱਤਰ-ਪੱਤ੍ਰਿਕਾਵਾਂ।
- ਵੈਬਸਾਈਟਸ।

**1. ਆਲੋਚਨਾਤਮਕ ਪੁਸਤਕਾਂ:**

- **ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ: ਮੁੱਢਲੀ ਜਾਣ-ਪਛਾਣ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2016.** ਇਸ ਖੋਜ-ਪੁਸਤਕ ਵਿੱਚ ਡਾ. ਜੀਤ ਸਿੰਘ ਜੋਸ਼ੀ ਨੇ ਸਭਿਆਚਾਰ ਦੀ ਪ੍ਰਕਿਰਤੀ, ਵਿਸ਼ੇਸ਼ਤਾਵਾਂ ਅਤੇ ਲੱਛਣ, ਸਭਿਆਚਾਰਕ ਪਰੰਪਰਾ, ਸਭਿਆਚਾਰਕ ਰੂਪ-ਰੇਖਾ, ਇਸਦੇ ਮੰਤਵ ਆਦਿ ਬਾਰੇ ਚਰਚਾ ਕਰਨ ਤੋਂ ਇਲਾਵਾ ਸਭਿਆਚਾਰ ਅਤੇ ਲੋਕਧਾਰਾ ਦੇ ਵਿਭਿੰਨ ਪੱਖਾਂ ਜਿਵੇਂ ਕਿ ਲੋਕ-ਕਲਾ, ਲੋਕ-ਧਰਮ, ਲੋਕ-ਮਨੋਰੰਜਨ ਅਤੇ ਰਸਮ-ਰਿਵਾਜ਼, ਲੋਕ-ਨਾਚ, ਲੋਕ-ਖੇਡਾਂ, ਲੋਕ-ਸੰਗੀਤ, ਲੋਕ-ਸਾਜ਼, ਪੰਜਾਬ ਦੇ ਪਿੰਡਾਂ ਅਤੇ ਪੇਂਡੂ ਸਭਿਆਚਾਰ ਆਦਿ ਉੱਪਰ ਵਿਸਥਾਰ-ਪੂਰਵਕ ਚਾਨਣਾ ਪਾਇਆ ਹੈ।
- **ਪ੍ਰੋ. ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2014.** ਉਪਰੋਕਤ ਪੁਸਤਕ ਵਿੱਚ ਪ੍ਰੋ. ਬਲਬੀਰ ਸਿੰਘ ਪੂਨੀ ਦੁਆਰਾ ਪੰਜਾਬੀ ਲੋਕਧਾਰਾ ਦੀ ਸਮੱਗਰੀ ਦੇ ਇਕੱਤੀਕਰਨ ਤੋਂ ਲੈ ਕੇ ਇਸਦੇ ਵਰਗੀਕਰਨ, ਇਸਦੀ ਪਰਿਭਾਸ਼ਾ, ਪ੍ਰਕਿਰਤੀ, ਪ੍ਰਕਾਰਜ ਤੋਂ ਇਲਾਵਾ ਲੋਕਧਾਰਾ ਦੇ ਅੰਗਾਂ ਲੋਕ-ਧਰਮ, ਇਸਦੀਆਂ ਉਪਾਸਨਾ-ਵਿਧੀਆਂ, ਲੋਕ-ਵਿਸ਼ਵਾਸਾਂ, ਰਹੁ-ਰੀਤਾਂ ਆਦਿ ਅਤੇ ਸਭਿਆਚਾਰਕ ਪਰਿਵਰਤਨਾਂ ਦਾ ਉਲੇਖ ਕੀਤਾ ਗਿਆ ਹੈ।
- **ਗਿਆਨੀ ਸੁਰਿੰਦਰ ਸਿੰਘ ਰਾਜਪੂਤ, ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ, ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ, 2006.** ਇਸ ਖੋਜ-ਪੁਸਤਕ ਵਿੱਚ ਲੇਖਕ ਦੁਆਰਾ ਪੰਜਾਬ ਦੇ ਜੱਟਾਂ ਅਤੇ ਰਾਜਪੂਤਾਂ ਦੇ ਪਿਛੋਕੜ, ਆਧੁਨਿਕ ਸਮੇਂ ਵਿੱਚ ਜੱਟ ਦੀ ਸਥਿਤੀ, ਪੱਛਮੀ ਮੈਦਾਨਾਂ ਦੇ ਜੱਟ ਕਬੀਲਿਆਂ ਅਤੇ ਰਾਜਪੂਤਾਂ ਦੀ ਗਿਣਤੀ ਦਾ ਅੰਕੜਿਆਂ ਸਹਿਤ ਵਰਣਨ ਕੀਤਾ ਗਿਆ ਹੈ।
- **ਡਾ. ਰਾਏਜਸਬੀਰ ਸਿੰਘ, ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਅਤੇ ਲੋਕਧਾਰਾ, ਭਾ. ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2003.** ਇਸ ਖੋਜ-ਪੁਸਤਕ ਵਿੱਚ ਜੱਟਾਂ ਦੇ ਮੁੱਢ ਅਤੇ ਇਤਿਹਾਸ ਤੋਂ ਲੈ ਕੇ ਪੰਜਾਬ ਵਿੱਚ ਜੱਟ ਦੀ ਅਵਸਥਾ, ਇਹਨਾਂ ਦੀ ਇਲਾਕਾਈ ਵੰਡ, ਜੱਟ ਕਬੀਲਿਆਂ ਦੀਆਂ ਪੂਜਾ-ਪੱਧਤੀਆਂ, ਭਿੰਨ-ਭਿੰਨ ਜਾਤੀਆਂ ਦੇ ਚੱਜ-ਆਚਾਰ ਤੋਂ ਇਲਾਵਾ ਜੱਟਾਂ ਦੇ ਗੋਤਾਂ ਅਤੇ ਪਿੰਡਾਂ ਦੇ ਨਾਵਾਂ ਦਾ ਅਧਿਐਨ ਕੀਤਾ ਗਿਆ ਹੈ।

- **ਡਾ. ਰੁਪਿੰਦਰਜੀਤ ਗਿੱਲ, ਪੰਜਾਬੀ ਲੋਕ-ਵਿਸ਼ਵਾਸ: ਪੇਸ਼ਕਾਰੀ ਤੇ ਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2012.** ਇਸ ਖੋਜ-ਪੁਸਤਕ ਵਿੱਚ ਲੋਕਧਾਰਾ ਨਾਲ਼ ਗਹਿਨ ਰੂਪ ਵਿੱਚ ਜੁੜੇ ਹੋਏ ਲੋਕ-ਮਨ ਦੀ ਮਾਨਸਿਕਤਾ ਦਾ ਸਮਾਜ-ਮਨੋਵਿਗਿਆਨਕ ਵਿਧੀ ਤੋਂ ਅਧਿਐਨ ਕਰਨ ਦੇ ਨਾਲ਼-ਨਾਲ਼ ਲੋਕ-ਵਿਸ਼ਵਾਸਾਂ ਦੇ ਸੰਕਲਪ, ਪ੍ਰਵਿਰਤੀ, ਪੇਸ਼ਕਾਰੀ, ਵਰਗ-ਵੰਡ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।
- **ਡਾ. ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2019.** ਡਾ. ਜਸਵੰਤ ਸਿੰਘ ਨੇਕੀ ਦੁਆਰਾ ਇਸ ਖੋਜ-ਪੁਸਤਕ ਵਿੱਚ ਲੋਕ-ਮਨ ਦੇ ਵਿਭਿੰਨ ਪੱਖਾਂ ਜਿਵੇਂ ਅਚੇਤਨ ਕੀ ਹੈ? ਅਚੇਤਨ ਦੇ ਪ੍ਰਮਾਣ, ਮਨੁੱਖੀ ਸ਼ਖਸੀਅਤ ਦੇ ਵਿਭਿੰਨ ਪੱਖਾਂ ਆਦਿ ਦਾ ਬਹੁਤ ਹੀ ਸੂਖਮਤਾ ਨਾਲ਼ ਅਧਿਐਨ ਕੀਤਾ ਗਿਆ ਹੈ।
- **ਸੇਵਾ ਸਿੰਘ ਕੌੜਾ, ਨਾਵਾਂ ਦਾ ਨਿਕਾਸ (ਨਵੇਂ ਨਿਰਨੇ), ਏਕ ਨੂਰ ਪ੍ਰਕਾਸ਼ਨ ਭੋਰਛੀ ਰਾਜਪੂਤਾਂ, (ਪੱਤੀ ਜਸੋਨੰਗਲ) ਜ਼ਿਲਾ ਅੰਮ੍ਰਿਤਸਰ, 2003.** ਇਸ ਪੁਸਤਕ ਵਿੱਚ ਲੇਖਕ ਨੇ ਵੱਖ-ਵੱਖ ਗੋਤਾਂ ਦੇ ਨਾਉਂ ਰੁੱਖਾਂ, ਮਨੁੱਖਾਂ, ਪਸ਼ੂ-ਪੰਛੀਆਂ, ਧਾਰਮਿਕ ਸ਼ਖਸੀਅਤਾਂ ਦੇ ਨਾਵਾਂ ਉੱਪਰ ਰੱਖੇ ਜਾਣ ਬਾਰੇ ਵਰਣਨ ਕਰਨ ਤੋਂ ਇਲਾਵਾ ਜਾਤਾਂ, ਗੋਤਾਂ ਉੱਪਰ ਨਾਮ-ਸੰਸਕਰਣ ਬਾਰੇ ਬੜੀ ਰੌਚਕਤਾ ਭਰਪੂਰ ਜਾਣਕਾਰੀ ਦਿੱਤੀ ਹੈ।
- **ਕਿਰਪਾਲ ਸਿੰਘ ਦਰਦੀ, ਪੰਜਾਬ ਦੀਆਂ ਜਾਤਾਂ ਤੇ ਗੋਤ (ਜੱਟ ਤੇ ਹੋਰ ਜਾਤਾਂ), ਨਿਊ ਬੁੱਕ ਕੰਪਨੀ ਮਾਈ ਹੀਰਾਂ ਗੇਟ, ਜਲੰਧਰ, 2007.** ਇਸ ਖੋਜ-ਪੁਸਤਕ ਵਿੱਚ ਪੰਜਾਬ ਦੀਆਂ ਵੱਖ-ਵੱਖ ਜਾਤਾਂ ਦੇ ਮੂਲ ਅਤੇ ਪਿਛੋਕੜ, ਵੱਖ-ਵੱਖ ਜਾਤਾਂ ਅਤੇ ਗੋਤਾਂ ਵਿਚਲੀ ਭਾਈਚਾਰਕ ਸਾਂਝ ਤੋਂ ਇਲਾਵਾ ਪੰਜਾਬ ਦੇ ਕਾਫ਼ੀ ਗੋਤਾਂ ਦਾ ਵਿਸਥਾਰ-ਪੂਰਵਕ ਅਧਿਐਨ ਕੀਤਾ ਗਿਆ ਹੈ।
- **ਹੁਸ਼ਿਆਰ ਸਿੰਘ ਦੁਲੇਹ, ਜੱਟਾਂ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001.** ਉਪਰੋਕਤ ਖੋਜ-ਪੁਸਤਕ ਵਿੱਚ ਲੇਖਕ ਦੁਆਰਾ ਜੱਟਾਂ ਦੇ ਇੱਕ ਸੌ ਇੱਕ ਗੋਤਾਂ ਦਾ ਬਹੁਤ ਹੀ ਸੂਖਮਤਾ ਸਹਿਤ ਖੋਜ ਭਰਪੂਰ ਇਤਿਹਾਸਕ ਵੇਰਵਾ ਪੇਸ਼ ਕੀਤਾ ਗਿਆ ਹੈ ਜੋ ਕਿ ਪੰਜਾਬ ਦੇ ਇਤਿਹਾਸਕ ਸਾਹਿਤ ਵਿੱਚ ਪਾਇਆ ਗਿਆ ਵਡਮੁੱਲਾ ਯੋਗਦਾਨ ਹੈ। ਉਪਰੋਕਤ ਪੁਸਤਕ ਵਿੱਚ ਜੱਟ ਗੋਤਾਂ ਬਾਰੇ ਨਵੀਂ ਅਤੇ ਪੂਰੀ ਜਾਣਕਾਰੀ ਦਿੱਤੀ ਗਈ ਹੈ।
- **ਡਾ. ਦਵਿੰਦਰ ਸਿੰਘ, ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2012.** ਇਸ ਪੁਸਤਕ ਵਿੱਚ ਲੇਖਕ ਦਵਿੰਦਰ ਸਿੰਘ ਨੇ ਸਭਿਆਚਾਰਕ ਵਿਗਿਆਨ ਦੇ ਸੰਕਲਪ ਅਤੇ ਸਰੂਪ ਨੂੰ ਪਰਿਭਾਸ਼ਿਤ ਕਰਨ ਤੋਂ ਇਲਾਵਾ ਪੰਜਾਬੀ ਸਭਿਆਚਾਰ ਦੇ ਵਿਭਿੰਨ ਪੜਾਵਾਂ, ਰੁਝਾਨਾਂ ਅਤੇ ਇਸਦੇ ਸਿਧਾਂਤਾਂ, ਅਧਿਐਨ-ਵਿਧੀਆਂ ਉੱਪਰ ਵਿਸਥਾਰ ਸਹਿਤ ਚਾਨਣਾ ਪਾਇਆ ਹੈ।
- **ਗੁਰਚਰਨ ਸਿੰਘ ਗਿੱਲ ਅਤੇ ਜੇਮਜ਼ ਗੋਲਬਰਗ, ਜੱਟਾਂ ਦਾ ਪ੍ਰਾਚੀਨ ਇਤਿਹਾਸ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, 2013.** ਇਸ ਪੁਸਤਕ ਵਿੱਚ ਜੱਟ ਅਤੇ ਰਾਜਪੂਤ ਸ਼੍ਰੇਣੀਆਂ ਦੀਆਂ ਜੜ੍ਹਾਂ ਦੀ ਪੂਰਨ ਡੂੰਘਾਈ ਤੋਂ ਖੋਜ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਾਚੀਨ ਪੰਜਾਬ ਦਾ ਇਤਿਹਾਸ, ਸੂਰੀਆ ਅਤੇ ਅਗਨੀ

ਕੁੱਲ ਦੀਆਂ ਕੁਝ ਕੌਮਾਂ, ਭੱਟੀ ਤੇ ਗਿੱਲ, ਸਿੱਧੂ, ਸਿੱਧੂ ਬਰਾੜ, ਸੰਬੰਧਿਤ ਖਾਨਦਾਨ ਆਦਿ ਬਾਰੇ ਇਸ ਪੁਸਤਕ ਵਿੱਚ ਵਿਸਥਾਰ-ਪੂਰਵਕ ਚਾਨਣਾ ਪਾਇਆ ਗਿਆ ਹੈ।

- **ਅਨੁਵਾਦਕ : ਸੁਰਿੰਦਰ ਸਿੰਘ ਰਾਜਪੂਤ, ਸੰਪਾਦਕ : ਪਵਨ ਹਰਚੰਦਪੁਰੀ ਮਹਾਂ ਪੰਜਾਬ ਦੇ ਜੱਟ (ਗੋਤਾਂ ਸਮੇਤ), ਨਵਰੰਗ ਪਬਲੀਕੇਸ਼ਨਜ਼, ਸਮਾਣਾ, 2018.** ਇਸ ਪੁਸਤਕ ਵਿੱਚ ਜੱਟਾਂ ਦੀ ਉਤਪਤੀ, ਇਤਿਹਾਸ ਅਤੇ ਗੋਤ-ਬਣਤਰ ਨੂੰ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਜੱਟਾਂ ਦੀ ਸਥਿਤੀ, ਜੱਟਾਂ ਦੀ ਵੰਡ, ਜੱਟ-ਗੋਤਾਂ ਦੀ ਪੂਜਾ-ਵਿਧੀ, ਜੱਟ-ਗੋਤਾਂ ਦੀ ਸੂਚੀ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਤੋਂ ਪੰਜਾਬ ਦੇ ਗੋਤਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।
- **ਡਾ. ਪਿਆਰ ਸਿੰਘ, ਖੋਜ ਸਿੱਧਾਂਤ ਤੇ ਵਿਵਹਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਅਆਲਾ, 2011.** ਇਸ ਪੁਸਤਕ ਵਿੱਚ ਖੋਜ ਦੇ ਸਰੂਪ ਅਤੇ ਪ੍ਰਕਾਰਜ, ਖੋਜ ਦੇ ਖੇਤਰ, ਵਿਧੀਆਂ, ਖੋਜ ਦੇ ਸੰਦ ਅਤੇ ਜੁਗਤਾਂ ਬਾਰੇ ਬਹੁਤ ਹੀ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ। ਇਹ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਬਹੁਤ ਹੀ ਲਾਭਦਾਇਕ ਪੁਸਤਕ ਹੈ। ਇਸ ਪੁਸਤਕ ਵਿੱਚੋਂ ਖੋਜਾਰਥੀ ਦੁਆਰਾ ਖੋਜ ਦੇ ਸੰਬੰਧ ਵਿੱਚ ਕਾਫ਼ੀ ਜਾਣਕਾਰੀ ਇਕੱਤਰ ਕੀਤੀ ਗਈ ਹੈ; ਜਿਵੇਂ ਖੇਤਰੀ ਖੋਜ ਦੇ ਸੰਦ- ਪ੍ਰਸ਼ਨਾਵਲੀ, ਪ੍ਰਤੱਖਣ, ਸੰਵਾਰਤਾ, ਇੰਟਰਵਿਊ ਅਤੇ ਇਸਦੇ ਪੂਰਕ ਸੰਦ ਜਿਵੇਂ ਟੇਪ ਰਿਕਾਰਡਰ, ਵੀਡੀਉ ਕੈਮਰਾ ਆਦਿ ਦਾ ਪ੍ਰਭਾਵਸ਼ਾਲੀ ਪ੍ਰਯੋਗ ਕਰਨਾ।
- **ਪ੍ਰੋ. ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2015.** ਇਸ ਪੁਸਤਕ ਵਿੱਚ ਪੰਜਾਬੀ ਸਭਿਆਚਾਰ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਨੂੰ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਪੁਸਤਕ ਮੰਨਿਆ ਜਾਂਦਾ ਹੈ। ਇਸ ਪੁਸਤਕ ਵਿੱਚ ਸਭਿਆਚਾਰ ਦੀ ਪ੍ਰਕਿਰਤੀ ਅਤੇ ਲੱਛਣਾਂ, ਸਭਿਆਚਾਰਕ ਪਰਿਵਰਤਨ, ਨਾਮਕਰਨ, ਭੂਗੋਲਿਕ ਚੌਖੜਾ, ਇਤਿਹਾਸ, ਪੰਜਾਬੀ ਸਭਿਆਚਾਰ ਦੀ ਕਦਰ-ਪ੍ਰਣਾਲੀ ਦਾ ਬੜੀ ਸੂਖਮਤਾ ਨਾਲ਼ ਅਧਿਐਨ ਕੀਤਾ ਗਿਆ ਹੈ। ਇਸ ਪੁਸਤਕ ਤੋਂ ਖੋਜ ਨਾਲ਼ ਸੰਬੰਧਿਤ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ ਹੈ ਜਿਵੇਂ ਕਿ ਪੰਜਾਬੀ ਸਭਿਆਚਾਰ ਦਾ ਪਿਛੋਕੜ ਅਤੇ ਇਤਿਹਾਸ ਬਾਰੇ ਆਦਿ।

**2. ਪੱਤਰ-ਪੱਤ੍ਰਿਕਾਵਾਂ:**

- **ਸੰਪਾਦਕ ਡਾ. ਅਮਰਜੀਤ ਕੌਰ, ਸਭਿਆਚਾਰ ਪੱਤ੍ਰਿਕਾ, ਗਲੋਬਲੀ ਪਰਿਪੇਖ ਵਿਚ ਲੋਕਧਾਰਾ ਅਤੇ ਸਭਿਆਚਾਰ ਅਧਿਐਨ ਵਿਸ਼ੇਸ਼ ਅੰਕ, ਅੰਕ 10, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ, 2012.** ਇਸ ਪੱਤ੍ਰਿਕਾ ਵਿੱਚ ਸਾਹਿਤ, ਭਾਸ਼ਾ ਵਿਗਿਆਨ, ਸਭਿਆਚਾਰ, ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੇ ਖੇਤਰ ਵਿੱਚ ਕੰਮ ਕਰ ਰਹੇ ਉੱਚ ਕੋਟੀ ਦੇ ਵਿਦਵਾਨਾਂ ਦੇ ਖੋਜ-ਪੱਤਰ ਸੰਮਿਲਿਤ ਕੀਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਸਭਿਆਚਾਰ ਪੱਤ੍ਰਿਕਾ ਦਾ ਇਹ ਅੰਕ ਲੋਕਧਾਰਾ ਅਤੇ ਸਭਿਆਚਾਰ ਅਧਿਐਨ ਦੇ ਵਿਸ਼ੇ ਦੇ ਮੁੱਖ ਪੱਖਾਂ ਜਿਵੇਂ ਵਿਸ਼ਵੀਕਰਨ, ਮੀਡੀਆ, ਮਾਸ ਕਲਚਰ ਅਤੇ ਪਾਪੂਲਰ

ਕਲਚਰ, ਪੇਸ਼ਕਾਰੀ ਲੋਕ ਕਲਾਵਾਂ, ਕੁਦਰਤ ਅਤੇ ਸਮਾਜ ਦੇ ਆਪਸੀ ਰਿਸ਼ਤੇ, ਔਰਤ ਦਾ ਅਸਤਿਤਵ, ਪੰਜਾਬੀ ਲੋਕ-ਨਾਚ ਆਦਿ ਦੁਆਲੇ ਵਿਉਂਤਿਆ ਗਿਆ ਹੈ।

- **ਸੰਪਾਦਕ: ਖੁਸ਼ਵਿੰਦਰ ਬਰਾੜ (ਲੰਡਨ), ਅਨਹਦ: ਈ-ਮੈਗਜ਼ੀਨ, ਸਾਲ 1, ਅੰਕ 3, ਜੁਲਾਈ-ਸਤੰਬਰ 2018.** ਅਨਹਦ ਇੱਕ ਸਾਹਿਤਕ ਮੈਗਜ਼ੀਨ ਹੈ ਜਿਸ ਵਿੱਚ ਪੰਜਾਬੀ ਸਾਹਿਤ ਦੇ ਅਨੇਕ ਪਹਿਲੂਆਂ ਉੱਪਰ ਚਾਨਣਾ ਪਾਇਆ ਗਿਆ ਹੈ।

**3. ਵੈਬਸਾਈਟਸ (Websites):**

- http://shodhganga.inflibnet.ac.in
- http://punjabipedia.org
- http://www.psa.kitaban.com/about.html
- http://chandigarhsahityaakademi.blogspot.in
- http://sikhmarg.com
- www.censusindia.gov.in
- www.punjabispot.com

ਸੋ ਅੰਤ 'ਤੇ ਪ੍ਰਾਪਤ ਖੋਜ ਅਧਿਐਨ ਤੋਂ ਬਾਅਦ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸਾਡੇ ਖੋਜ-ਪ੍ਰਬੰਧ ਦਾ ਖੋਜ-ਕਾਰਜ ਇਸ ਨਾਲ਼ੋਂ ਬਹੁਤ ਵੱਖਰਾ ਹੈ ਜਿਸ ਵਿੱਚ ਪਹਿਲਾਂ ਹੋਈ ਖੋਜ ਵਿੱਚ ਜਿੱਥੇ ਸਾਨੂੰ ਗੋਤਾਂ ਦਾ ਇਕੱਤਰੀਕਰਨ ਹੀ ਮਿਲਦਾ ਹੈ ਉੱਥੇ ਇਸ ਖੋਜ-ਪ੍ਰਬੰਧ ਵਿੱਚ ਗੋਤਾਂ ਦੇ ਇਕੱਤਰੀਕਰਨ ਦੇ ਨਾਲ਼-ਨਾਲ਼ ਪੂਜਾ, ਗੋਤਾਂ ਦਾ ਪੂਜਾ-ਵਿਧਾਨ, ਲੋਕ ਮਾਨਸਿਕਤਾ, ਪਰੰਪਰਾਗਤ ਅਤੇ ਆਧੁਨਿਕ ਦ੍ਰਿਸ਼ਟੀਕੋਣ ਦੇ ਪੱਖ ਤੋਂ ਵੀ ਅਧਿਐਨ ਕੀਤਾ ਗਿਆ ਹੈ।

## 1.5 ਗੋਤ ਦਾ ਇਤਿਹਾਸਕ ਪਿਛੋਕੜ:

ਖੋਜ-ਕਾਰਜ ਆਰੰਭ ਕਰਨ ਤੋਂ ਪਹਿਲਾਂ ਗੋਤਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਗੋਤਾਂ ਦੇ ਇਤਿਹਾਸਕ ਪਿਛੋਕੜ ਨੂੰ ਜਾਣਨ ਤੋਂ ਬਾਅਦ ਹੀ ਗੋਤਾਂ ਬਾਰੇ ਜਾਣਿਆ ਜਾ ਸਕਦਾ ਹੈ ਕਿਉਂ ਕਿ ਇਤਿਹਾਸਕ ਪੱਖ ਹੀ ਹੈ ਜੋ ਗੋਤਾਂ ਦੇ ਉੱਥਾਨ ਜਾਂ ਨਿਕਾਸ ਅਤੇ ਵਿਕਾਸ ਆਦਿ ਬਾਰੇ ਚਾਨਣਾ ਪਾਉਂਦਾ ਹੈ। ਗੋਤਾਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਨ ਤੋਂ ਪਹਿਲਾਂ ਜਾਤ ਅਤੇ ਗੋਤ ਦੇ ਅੰਤਰ ਬਾਰੇ ਵੀ ਜਾਣਨਾ ਜ਼ਰੂਰੀ ਹੈ। ਜਾਤ ਅਤੇ ਗੋਤ ਸਮਾਜ ਵਿੱਚ ਰਹਿਣ ਲਈ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਹੋਰ ਕੁਝ। ਜਾਤ ਸਾਡੀ ਸਮਾਜਿਕ ਪਹਿਚਾਣ ਹੁੰਦੀ ਹੈ ਅਤੇ ਗੋਤ ਇੱਕ ਪਰਿਵਾਰਕ ਪਹਿਚਾਣ। ਜਾਤ ਨੂੰ ਆਮ ਤੌਰ 'ਤੇ ਕਿੱਤਾ ਆਧਾਰਿਤ ਮੰਨਿਆ ਜਾਂਦਾ ਹੈ ਕਿਉਂ ਕਿ ਜਦੋਂ ਜਾਤਾਂ ਦੀ ਹੋਂਦ ਕਾਇਮ ਕੀਤੀ ਗਈ ਸੀ ਤਾਂ ਉਸ ਸਮੇਂ ਸਿਰਫ਼ ਕਿੱਤਾ ਹੀ ਆਧਾਰ ਮੰਨਿਆ ਗਿਆ ਸੀ। ਜਨਮ ਨੂੰ ਜਾਤ ਮੰਨਣ ਵਾਲ਼ਾ ਸਿਧਾਂਤ ਤਾਂ ਬਾਅਦ ਵਿੱਚ ਅੱਗੇ ਜਾ ਕੇ ਰਾਜਿਆਂ-ਮਹਾਰਾਜਿਆਂ ਦੇ ਸਮਿਆਂ ਦੀ ਸੋਚ ਦੀ ਕਾਢ ਹੈ। ਹਰ ਵਿਸ਼ੇ ਦੇ ਦੋ ਪੱਖ ਹੁੰਦੇ ਹਨ, ਇੱਕ

ਸਾਕਾਰਾਤਮਿਕ ਅਤੇ ਦੂਜਾ ਨਾਕਾਰਾਤਮਿਕ। ਸਾਡੇ ਪੁਰਖਿਆਂ ਨੇ ਇਸਦਾ ਸਾਕਾਰਾਤਮਿਕ ਪੱਖ ਹੀ ਲਿਆ ਸੀ ਜਿਸਨੂੰ ਆਧਾਰ ਬਣਾ ਕੇ ਉਹਨਾਂ ਨੇ ਪੀੜ੍ਹੀ-ਦਰ-ਪੀੜ੍ਹੀ ਉਸਾਰੂ ਸੇਧ ਲੈ ਕੇ ਗੌਰਵਮਈ ਇਤਿਹਾਸ ਰਚਿਆ ਅਤੇ ਵਿਕਾਸ ਦੀਆਂ ਬੁਲੰਦੀਆਂ ਛੂਹੀਆਂ। ਗੋਤਾਂ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਨਿਮਨਲਿਖਤ ਹਨ:-

ਸੁਰਿੰਦਰ ਸਿੰਘ ਰਾਜਪੂਤ ਆਪਣੇ ਦੁਆਰਾ ਅਨੁਵਾਦਿਤ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ:

> ਮਾਨਵ ਦਾ ਇਤਿਹਾਸ ਸਦੀਆਂ ਤੋਂ ਵੀ ਪੁਰਾਣਾ ਜਾਪਦਾ ਹੈ। ਮਨੁੱਖ ਦੇ ਵਿਕਾਸ ਨਾਲ਼ ਹੀ ਕਿੱਤਿਆਂ ਦਾ ਵਿਕਾਸ ਹੋਇਆ। ਜਿਸ ਦੇ ਫ਼ਲਸਰੂਪ ਕਿੱਤਾ-ਵੰਡ ਹੋਈ ਅਤੇ ਕਿੱਤਿਆਂ ਦੇ ਆਧਾਰ 'ਤੇ ਮਾਨਵਾਂ ਨੂੰ ਨਾਮ ਉਹਨਾਂ ਦੇ ਕੰਮ ਦੇ ਆਧਾਰ 'ਤੇ ਦਿੱਤੇ ਗਏ ਸੀ। ਇਸ ਕਾਰਨ ਹੀ ਸਮਾਜ ਅੰਦਰ ਕਿੱਤਾ-ਵੰਡ ਹੋਈ, ਜੋ ਅੱਗੇ ਜਾਤਾਂ ਅਤੇ ਭਾਰਤ ਅੰਦਰ ਅੱਗੇ ਗੋਤਾਂ ਅੰਦਰ ਤਬਦੀਲੀ ਹੁੰਦੀ ਗਈ। (16)

ਨੇਤਾ ਸਿੰਘ ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਦੇ ਮੁੱਖ ਬੰਦ ਵਿੱਚ ਲਿਖਦੇ ਹਨ:

> ਪ੍ਰਾਚੀਨ ਕਾਲ ਤੋਂ ਇਸ ਮਨੁੱਖੀ ਜੂਨੀ ਨੂੰ ਸਮਾਜਿਕ, ਸਭਿਆਚਾਰਕ ਤੇ ਇਤਿਹਾਸਕ ਤੌਰ 'ਤੇ ਕਈ ਤਬਦੀਲੀਆਂ ਵਿੱਚੋਂ ਲੰਘਣਾ ਪਿਆ ਸੀ। ਕੁਦਰਤ ਦੇ ਨਿਯਮਾਂ ਅਨੁਸਾਰ ਵੀ ਸਮਾਜ ਅਤੇ ਕੁਦਰਤੀ ਹਾਲਾਤ ਵੀ ਬਦਲਦੇ ਰਹਿੰਦੇ ਹਨ। ਮਨੁੱਖ ਸਰਵੋਤਮ ਹੈ। ਇਹ ਆਪਣਾ ਗੌਰਵਸ਼ਾਲੀ ਸਥਾਨ ਪ੍ਰਾਪਤ ਕਰਨ ਵਿੱਚ ਹਮੇਸ਼ਾ ਹੀ ਤਤਪਰ ਰਿਹਾ ਹੈ। ਆਪਣੀ ਵਿਸ਼ੇਸ਼ ਪਛਾਣ ਬਣਾਉਣ ਵਿੱਚ ਇਸਦੀ ਭੂਮਿਕਾ ਉਸਾਰੂ ਰਹੀ ਹੈ। ਆਪਣੀ ਵੱਖਰੀ ਪਛਾਣ ਸੰਬੰਧੀ ਰੁਚੀ ਬੇਸ਼ੱਕ ਸਾਰੇ ਸੰਸਾਰ ਦੇ ਲੋਕਾਂ ਵਿੱਚ ਹੈ, ਪ੍ਰੰਤੂ ਏਸ਼ੀਆ ਵਿੱਚ ਇਸ ਸੋਚ ਨਾਲ਼ ਸਾਰੀਆਂ ਹੀ ਕੌਮਾਂ ਅਤੇ ਕੌਮੀਅਤਾਂ ਜੁੜੀਆਂ ਹੋਈਆਂ ਹਨ। ਇਹ ਵੱਖਰੀ ਪਛਾਣ ਦੇ ਢੰਗ-ਤਰੀਕੇ ਸਮੇਂ-ਸਮੇਂ ਬਦਲਦੇ ਰਹੇ ਹਨ। ਪਹਿਲਾਂ ਇਹ ਜਾਤੀਆਂ ਤੇ ਕਬੀਲਿਆਂ ਦੇ ਰੂਪ ਵਿੱਚ ਪ੍ਰਚੱਲਿਤ ਸੀ। ਫਿਰ ਕੁਲਾਂ, ਬੰਸਾਂ, ਗੋਤਾਂ, ਉਪਗੋਤਾਂ ਤੇ ਮੂੰਹੀਆਂ ਦੇ ਰੂਪ ਵਿੱਚ ਪ੍ਰਚੱਲਿਤ ਹੋਏ। ਭਾਰਤ ਵਿੱਚ ਪੰਜ ਦਰਿਆਵਾਂ ਦਾ ਵਾਰਸ ਪੰਜਾਬ ਜਾਤੀਆਂ, ਉਪਜਾਤੀਆਂ, ਉਪਗੋਤਾਂ ਆਦਿ ਰੂਪੀ ਫੁੱਲਾਂ ਨਾਲ਼ ਸ਼ਿੰਗਾਰਿਆ ਹੋਇਆ ਇੱਕ ਸੁੰਦਰ ਗੁਲਦਸਤਾ ਹੈ। (7)

**ਸਭਿਆਚਾਰਕ ਵਿਧਾਨਕ ਪ੍ਰਬੰਧ**

**ਸਮਾਜਿਕ ਅੰਗ**

1 ਸਮਾਜ-ਪ੍ਰਬੰਧ

2 ਰਿਸ਼ਤੇ-ਨਾਤੇ

3 ਪਰਿਵਾਰ

4 ਵਿਆਹ

**ਧਾਰਮਿਕ ਅੰਗ**

1 ਕਦਰਾਂ-ਕੀਮਤਾਂ

2 ਵਤੀਰਾ

ਸਭਿਆਚਾਰਕ ਵਿਧਾਨਕ ਪ੍ਰਬੰਧ ਦੇ ਅਧੀਨ ਗੋਤਾਂ ਦੀ ਕਾਫ਼ੀ ਮਹੱਤਤਾ ਹੈ। ਵਿਆਹ-ਪ੍ਰਬੰਧ ਅਧੀਨ ਗੋਤਾਂ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ। ਆਪਣੇ ਹੀ ਗੋਤ ਵਿੱਚ ਵਿਆਹ ਨਹੀਂ ਕੀਤਾ ਜਾਂਦਾ। ਧਾਰਮਿਕ ਪੱਖ ਤੋਂ ਜਠੇਰਾ-ਪੂਜਾ ਪਿੱਛੇ ਆਪਣੇ ਵੱਡੇ-ਵਡੇਰਿਆਂ ਲਈ ਆਦਰ-ਸਤਿਕਾਰ ਜਿਹੀਆਂ ਮਨੁੱਖੀ ਕਦਰਾਂ-ਕੀਮਤਾਂ ਕਾਰਜਸ਼ੀਲ ਹੁੰਦੀਆਂ ਹਨ।

ਹਰ ਪੰਜਾਬੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਸੁੰਦਰ ਗੁਲਦਸਤੇ ਨਾਲ਼ ਜੁੜਿਆ ਹੋਣ ਕਰਕੇ ਆਪਣੇ-ਆਪ ਨੂੰ ਗੌਰਵਸ਼ਾਲੀ ਮਹਿਸੂਸ ਕਰਦਾ ਹੈ। ਬੇਸ਼ੱਕ ਸਮੇਂ-ਸਮੇਂ ਇਹਨਾਂ ਜਾਤੀਆਂ ਅਤੇ ਉਪਜਾਤੀਆਂ ਉੱਤੇ ਵਰਣ ਅਤੇ ਧਰਮ ਦਾ ਪ੍ਰਭਾਵ ਵੀ ਬਹੁਤ ਪੈਂਦਾ ਰਿਹਾ ਸੀ। ਮਨੁੱਖ ਨੂੰ ਆਪਣੇ ਗੋਤ ਉੱਤੇ ਮਾਣ ਰਿਹਾ ਹੈ। ਇਸ ਕਾਰਨ ਗੋਤ ਕਾਇਮ ਰਹੇ। ਗੋਤ ਹੀ ਮਨੁੱਖ ਦੀ ਅਸਲੀ ਪਛਾਣ ਹੈ। ਜੱਟਾਂ, ਰਾਜਪੂਤਾਂ ਅਤੇ ਦਲਿਤਾਂ ਦੇ ਕਈ ਗੋਤ ਸਾਂਝੇ ਹਨ। ਇਹਨਾਂ ਦਾ ਪਿਛੋਕੜ ਵੀ ਸਾਂਝਾ ਹੈ। ਇਹ ਲੋਕ ਬਹੁਤੇ ਆਰੀਆ ਜਾਤੀ ਨਾਲ਼ ਸੰਬੰਧਿਤ ਹਨ। ਕਿਤੇ-ਕਿਤੇ ਵਿਦੇਸ਼ੀ ਕਬੀਲਿਆਂ ਦੇ ਵਧ ਜਾਣ ਨਾਲ਼ ਵੀ ਨਵੀਆਂ ਜਾਤੀਆਂ ਤੇ ਉਪ-ਜਾਤੀਆਂ ਹੋਂਦ ਵਿੱਚ ਆਈਆਂ। ਇਹ ਸਰੂਪ ਕੋਈ ਕੁਦਰਤੀ ਨਹੀਂ ਸੀ। ਸਾਡੇ ਜਾਤੀ ਤੇ ਉਪ-ਜਾਤੀ ਪ੍ਰਧਾਨ ਸਮਾਜ ਨੇ ਇਹਨਾਂ ਦੀ ਆਰਥਿਕ ਕਮਜ਼ੋਰੀ ਦਾ ਲਾਭ ਉਠਾ ਕੇ ਇਸਦੀ ਸਿਰਜਣਾ ਕੀਤੀ ਹੈ। ਇਹ ਜਾਤੀਆਂ ਤੇ ਉਪ-ਜਾਤੀਆਂ ਦਾ ਪਿਛੋਕੜ ਸਾਂਝਾ ਹੈ। ਚੌਹਾਨ ਰਾਜਪੂਤ ਵੀ ਹਨ, ਜੱਟ ਵੀ ਹਨ ਅਤੇ ਦਲਿਤ ਜਾਤੀਆਂ ਵਿੱਚ ਵੀ ਬਹੁਤ ਹਨ। ਪ੍ਰਾਚੀਨ ਸਮੇਂ ਵਿੱਚ ਕਿਸੇ ਕਬੀਲੇ ਦਾ ਨਾਮ ਪ੍ਰਸਿੱਧ ਅਤੇ ਸ਼ਕਤੀਸ਼ਾਲੀ ਮਹਾਂਪੁਰਸ਼ ਦੇ ਨਾਮ 'ਤੇ ਚਾਲੂ ਹੁੰਦਾ ਸੀ। ਇਸੇ ਤਰ੍ਹਾਂ ਗੋਤ ਦਾ ਨਾਮ ਵੀ ਕਿਸੇ ਮਹਾਂਪੁਰਸ਼ ਦੇ ਨਾਮ 'ਤੇ ਪ੍ਰਚੱਲਿਤ ਹੁੰਦਾ ਸੀ। ਸਿੱਧੂ ਦੇ ਨਾਮ 'ਤੇ ਸਿੱਧੂ ਗੋਤ ਪ੍ਰਚੱਲਿਤ ਹੋਇਆ ਸੀ। ਬਰਾੜ ਵੀ ਸਿੱਧੂਆਂ ਦਾ ਉਪ-ਗੋਤ ਹੈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਆਪਣੇ ਗੋਤ ਦਾ ਠੀਕ ਗਿਆਨ ਪ੍ਰਾਪਤ ਕਰਕੇ ਹੀ ਸਾਨੂੰ ਆਪਣੇ ਵੱਡੇ-ਵਡੇਰਿਆਂ ਬਾਰੇ ਸਹੀ ਤੇ ਪੂਰੀ ਜਾਣਕਾਰੀ ਮਿਲਦੀ ਹੈ। ਇਸ ਕਰਕੇ ਹਰੇਕ ਮਨੁੱਖ ਨੂੰ ਆਪਣੇ ਗੋਤ ਦੇ ਇਤਿਹਾਸ ਬਾਰੇ ਜ਼ਰੂਰ ਹੀ ਪੂਰੀ ਤੇ ਠੀਕ ਜਾਣਕਾਰੀ ਹੋਣੀ ਚਾਹੀਦੀ ਹੈ। ਗੋਤ ਸਾਡੀ ਪਹਿਚਾਣ ਵੀ ਹੈ। ਵਿਗਿਆਨ ਅਨੁਸਾਰ ਵੀ ਆਪਣਾ ਗੋਤ ਜਾਂ ਮੂੰਹੀਂ ਛੱਡ ਕੇ ਆਪਣੇ ਬੱਚਿਆਂ ਦੀ ਵਿਆਹ-ਸ਼ਾਦੀ ਕਰਨਾ ਲਾਭਕਾਰੀ ਹੈ। ਕਜ਼ਨ-ਮੈਰਿਜ਼ ਹਾਨੀਕਾਰਕ ਹੈ। (10)

ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦਾ ਸਮਾਂ ਦੇਸ਼ ਅੰਦਰ ਰਾਜਨੀਤਿਕ ਅਤੇ ਸਮਾਜਿਕ ਅਰਾਜਿਕਤਾ ਦਾ ਸਮਾਂ ਸੀ। ਇਹਨਾਂ ਹਾਲਾਤਾਂ ਵਿੱਚੋਂ ਹੀ ਵੱਖ-ਵੱਖ ਗੋਤ ਪ੍ਰਣਾਲੀਆਂ ਦਾ ਜਨਮ ਹੋਇਆ ਜਾਪਦਾ ਹੈ। ਅਰਾਜਿਕਤਾ ਕਾਰਨ ਲੋਕਾਂ ਦੇ ਉਜਾੜੇ ਹੁੰਦੇ ਰਹੇ ਅਤੇ ਲੋਕ ਫਿਰ ਆਪਣੇ-ਆਪਣੇ ਕੁਨਬਿਆਂ ਵਿੱਚ ਇਕੱਠੇ ਹੁੰਦੇ ਰਹੇ ਸੀ। ਜਿਸ ਕਾਰਨ ਉਹ ਆਪਣੀ ਪਹਿਚਾਣ ਲਈ ਕਿਸੇ ਆਪਣੇ ਉਸ ਸਮੇਂ ਦੇ ਜਾਂ ਪੁਰਾਣੇ ਬਜ਼ੁਰਗ (ਵੱਡੇ-ਵਡੇਰੇ) ਦੇ ਨਾਮ ‘ਤੇ ਇਕੱਠੇ ਹੁੰਦੇ ਸੀ ਅਤੇ ਉਹੋ ਨਾਮ ਹੀ ਗੋਤਾਂ ਦਾ ਆਧਾਰ ਬਣਦੇ ਰਹੇ ਸੀ। ਵਿਰੋਧੀਆਂ ਤੋਂ ਆਪਣੇ ਬਚਾਅ ਲਈ ਇੱਕ ਗੋਤ (ਕੁਨਬਾ) ਕਈ-ਕਈ ਪਿੰਡਾਂ ‘ਤੇ ਕਬਜ਼ੇ ਕਰਦਾ ਸੀ ਜਾਂ ਪਿੰਡ ਵਸਾ ਲੈਂਦਾ ਸੀ ਜਿਸ ਕਾਰਨ ਉਹ ਇੱਕ ਮਜ਼ਬੂਤ ਸ਼ਕਤੀ ਬਣ ਕੇ ਉੱਭਰਦਾ ਸੀ। ਇੱਕੋ ਕੁਨਬਾ ਜਾਂ ਗੋਤ ਹੋਣ ਕਾਰਨ ਲੋੜ ਜਾਂ ਸੰਕਟ ਸਮੇਂ ਇੱਕ-ਦੂਜੇ ਦੀ ਮੱਦਦ ਵੀ ਕਰਦੇ ਸਨ। ਉਸ ਸਮੇਂ ਜੇਕਰ ਇੱਕ ਗੋਤ ਵਿੱਚੋਂ ਨਿਕਲ ਕੇ ਕਈ ਗੋਤ ਵੀ ਬਣ ਜਾਂਦੇ ਸੀ ਤਾਂ ਉਹ ਆਪਣੇ ਬਜ਼ੁਰਗ (ਵੱਡ-ਵਡੇਰੇ) ਇੱਕ ਹੋਣ ਕਾਰਨ ਇੱਕ ਕਬੀਲੇ ਵਿੱਚ ਬੱਝ ਜਾਂਦੇ ਸੀ। ਉਸ ਬਿਖੜੇ ਸਮੇਂ ਵਿੱਚ ਗੋਤ ਹੀ ਲੋਕਾਂ ਲਈ ਵੱਖਰੀ ਹੋਂਦ ਦੇ ਕੇਂਦਰ ਬਣਦੇ ਰਹੇ ਹੋਣਗੇ। ਗੋਤਾਂ ਰਾਹੀਂ ਹੀ ਆਪਣੇਪਨ ਵਾਲ਼ੇ ਅਤੇ ਵਿਰੋਧੀ ਗੋਤਾਂ ਦੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਹਿੰਦੂ ਧਰਮ ਦੇ ਰਾਜਪੂਤਾਂ ਦੀਆਂ ਕੱਟੜ ਰਹੁ-ਰੀਤਾਂ ਕਾਰਨ ਹੀ ਜੱਟ ਹੋਂਦ ਵਿੱਚ ਆਏ ਸੀ ਅਤੇ ਸਮਿਆਂ ਦੀ ਅਰਾਜਿਕਤਾ ਵਾਲੀਆਂ ਹਾਲਤਾਂ ਵਿੱਚੋਂ ਹੀ ਗੋਤ-ਪ੍ਰਣਾਲੀ ਹੋਂਦ ਵਿੱਚ ਆਈ ਸੀ। ਅਨੁਵਾਦਕ ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਅਨੁਸਾਰ:

> ਜਾਤ ਅਤੇ ਗੋਤ ਸਾਡੀ ਉਹ ਵਿਰਾਸਤ ਹੈ ਜੋ ਮੁੱਢ ਕਦੀਮਾਂ ਤੋਂ ਸਾਡੇ ਨਾਲ਼ ਚੱਲ ਰਹੀ ਹੈ ਅਤੇ ਏਸ਼ੀਆ ਦੀਪ ਦਾ ਹਰ ਸਮਾਜ ਕਿਸੇ ਨਾ ਕਿਸੇ ਰੂਪ ਵਿੱਚ ਇਸ ਨਾਲ਼ ਜੁੜਿਆ ਹੋਇਆ ਹੈ। ਇਹ ਵਿਰਾਸਤ ਨਿਰੀ ਏਸ਼ੀਆ ਦੇ ਲੋਕਾਂ ਵਿੱਚ ਹੀ ਨਹੀਂ, ਸਗੋਂ ਯੂਰਪੀ ਸਮਾਜ ਵਿੱਚ ਵੀ ਇਹ ਢਾਂਚਾ ਕਾਇਮ ਹੈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਅਸੀਂ ਇਸ ਢਾਂਚੇ ਨੂੰ ਜਨਮ ਅਤੇ ਪੈਤਰਿਕ ਵਜੋਂ ਅਪਣਾਇਆ, ਜਦੋਂ ਕਿ ਯੂਰਪ ਵਾਲ਼ਿਆਂ ਨੇ ਜਨਮ ਜਾਂ ਪੈਤਰਿਕ ਤੌਰ ‘ਤੇ ਨਹੀਂ ਅਪਣਾਇਆ। (12)

ਸਮੁੱਚੀ ਵਿਚਾਰ-ਚਰਚਾ ਉਪਰੰਤ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਦੇ ਆਧਾਰ ‘ਤੇ ਅਸੀਂ ਇਸ ਸਿੱਟੇ ‘ਤੇ ਪਹੁੰਚਦੇ ਹਾਂ ਕਿ ਪ੍ਰਾਚੀਨ ਕਾਲ਼ ਤੋਂ ਮਨੁੱਖ ਨੇ ਸਮਾਜਿਕ, ਸਭਿਆਚਾਰਕ ਤੇ ਇਤਿਹਾਸਕ ਵਿਕਾਸ ਦੇ ਪੜਾਵਾਂ ਵਿੱਚੋਂ ਲੰਘਦਿਆਂ ਆਪਣੀ ਵਿਸ਼ੇਸ਼ ਹੋਂਦ ਨੂੰ ਕਾਇਮ ਰੱਖਣ ਲਈ ਪਹਿਲਾਂ

ਕਿੱਤਾ-ਵੰਡ ਕੀਤੀ। ਇਹਨਾਂ ਵੱਖ-ਵੱਖ ਕਿੱਤਿਆਂ ਦੇ ਆਧਾਰ 'ਤੇ ਹੀ ਪਹਿਲਾਂ-ਪਹਿਲ ਮਨੁੱਖ ਨੇ ਆਪਣੇ-ਆਪ ਨੂੰ ਵੱਖ-ਵੱਖ ਜਾਤਾਂ ਅਤੇ ਕਬੀਲਿਆਂ ਵਿੱਚ ਵੰਡਿਆ ਅਤੇ ਬਾਅਦ ਵਿੱਚ ਇਹੀ ਵੰਡ ਅੱਗੇ ਗੋਤਾਂ ਅਤੇ ਉਪ-ਗੋਤਾਂ ਦਾ ਰੂਪ ਧਾਰਨ ਕਰ ਗਈ। ਇਹਨਾਂ ਗੋਤਾਂ ਤੋਂ ਹੀ ਮਨੁੱਖ ਨੂੰ ਆਪਣੇ ਵੱਡੇ-ਵਡੇਰਿਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਆਧਾਰ 'ਤੇ ਹੀ ਉਹ ਆਪਣਾ ਸਮਾਜਿਕ ਜੀਵਨ ਬਿਤਾਉਂਦਾ ਅਤੇ ਵਿਆਹ-ਸੰਬੰਧ ਬਣਾਉਂਦਾ ਹੈ।

### 1.6 ਜਠੇਰੇ: ਇਤਿਹਾਸਕ ਪਿਛੋਕੜ

ਹਰ ਸਭਿਆਚਾਰ ਦੀਆਂ ਜੜ੍ਹਾਂ ਸਮੂਹਿਕ ਜੀਵਨ ਵਿਹਾਰ ਅਤੇ ਇਸ ਵਿੱਚੋਂ ਉਸਰੇ ਚੇਤਨ-ਅਵਚੇਤਨ ਵਿੱਚ ਡੂੰਘੀ ਤਰ੍ਹਾਂ ਸਮੋਈਆਂ ਹੋਈਆਂ ਹੁੰਦੀਆਂ ਹਨ। ਹਰ ਸਮਾਜ ਜਾਂ ਜਾਤੀ ਸਮੂਹ ਦਾ ਆਪਣਾ ਸਭਿਆਚਾਰ ਹੁੰਦਾ ਹੈ। ਸਮਾਜ ਦੀ ਸਮੁੱਚੀ ਨੁਹਾਰ ਦੀ ਹੋਂਦ ਕਿਸੇ ਇਕੱਲੇ-ਇਕਹਿਰੇ ਮਨੁੱਖ ਨਾਲ਼ ਸੰਭਵ ਨਹੀਂ ਹੈ, ਸਗੋਂ ਲੋਕ-ਸਮੂਹ ਹੀ ਇਸਦੀ ਪਹਿਲੀ ਅਹਿਮ ਸ਼ਰਤ ਹੈ। ਮਨੁੱਖੀ ਸਮੂਹ ਹੀ ਕਿਸੇ ਸਮਾਜ ਦਾ ਆਧਾਰ ਬਣਦਾ ਹੈ, ਜੋ ਅੱਗੋਂ ਵਿਭਿੰਨ ਜਾਤਾਂ, ਗੋਤਾਂ, ਧਰਮਾਂ, ਨਸਲਾਂ ਆਦਿ ਰਾਹੀਂ ਆਪਣੀ ਸਮੂਹਿਕਤਾ ਨੂੰ ਦਰਸਾਉਂਦਾ ਹੈ। ਸਭਿਆਚਾਰ ਕਿਸੇ ਵਿਸ਼ੇਸ਼ ਮਨੁੱਖੀ ਸਮੂਹ ਦੁਆਰਾ ਸਿਰਜਿਆ ਗਿਆ ਅਜਿਹਾ ਵਿਆਪਕ ਵਰਤਾਰਾ ਹੁੰਦਾ ਹੈ ਜਿਸ ਵਿੱਚ ਮਨੁੱਖ, ਸਮਾਜ ਅਤੇ ਸਭਿਆਚਾਰ ਤਿੰਨ ਆਤਮ-ਨਿਰਭਰ ਸੰਰਚਨਾਵਾਂ ਹੁੰਦੀਆਂ ਹਨ। ਪ੍ਰੋ. ਗੁਰਬਖਸ਼ ਸਿੰਘ ਫਰੈਂਕ ਦੀ ਪੁਸਤਕ *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ* ਦੇ ਅਨੁਸਾਰ :

> ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਕ ਵਰਤਾਰੇ ਸ਼ਾਮਲ ਹੁੰਦੇ ਹਨ।ਇਸ ਨਿਸ਼ਚਿਤ ਪੜਾਅ ਦਾ ਅਰਥ ਕੋਈ ਠਹਿਰ ਜਾਂ ਖੜੋਤ ਦੀ ਅਵਸਥਾ ਨਹੀਂ। (23)

ਡਾ. ਦਵਿੰਦਰ ਸਿੰਘ ਆਪਣੀ ਪੁਸਤਕ *ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ* ਵਿੱਚ ਲਿਖਦੇ ਹਨ:

> ਇੱਕ ਵਿਸ਼ੇਸ਼ ਸਮਾਜਿਕ ਸਮੂਹ ਵਿੱਚ ਰਹਿੰਦਿਆਂ ਹੋਇਆਂ ਮਨੁੱਖ ਆਪਣੀਆਂ ਸੁਹਜਾਤਮਿਕ, ਰੂਹਾਨੀ ਅਤੇ ਆਤਮਿਕ ਲੋੜਾਂ ਦੀ ਪੂਰਤੀ ਲਈ ਸਮੂਹਿਕ ਵਿਵਸਥਾਵਾਂ, ਪ੍ਰਤੀਮਾਨ, ਪੈਟਰਨ ਅਤੇ ਕੀਮਤ-ਪ੍ਰਬੰਧ ਸਿਰਜਦਾ ਹੈ ਜੋ ਮਨੁੱਖੀ ਸ਼ਖਸੀਅਤ ਦੇ ਵਿਭਿੰਨ ਪਹਿਲੂਆਂ ਨੂੰ ਰੂਪਮਾਨ ਕਰਦਾ ਹੈ। ਇਹੀ ਕੀਮਤ-ਪ੍ਰਬੰਧ ਉਸਦੇ ਸਭਿਆਚਾਰ ਦੀ ਸਮੂਹਿਕਤਾ ਦਾ ਮੁੱਢਲਾ ਪਹਿਚਾਣ-ਚਿੰਨ੍ਹ ਬਣਦਾ ਹੈ, ਜਿਸਦਾ ਸਮੂਹਿਕ ਜੀਵਨ-ਜਾਂਚ ਅਤੇ ਸਮੂਹਿਕ-ਅਵਚੇਤਨ ਨਾਲ਼ ਡੂੰਘਾ ਸੰਬੰਧ ਹੁੰਦਾ ਹੈ। ਇਸ ਤਰ੍ਹਾਂ ਸਭਿਆਚਾਰ ਵਿਸ਼ੇਸ਼ ਸਮੂਹ

> ਦੁਆਰਾ ਕਿਰਤ ਦੇ ਅਮਲ ਰਾਹੀਂ ਨਿਰੰਤਰ ਜੀਵਨ ਦੇ ਸਮੁੱਚੇ ਪ੍ਰਸੰਗਾਂ ਨੂੰ ਆਪਣੇ ਅਨੁਸਾਰ ਸਿਰਜਦਾ ਅਤੇ ਬਦਲਦਾ ਰਹਿੰਦਾ ਹੈ। (23)

ਡਾ. ਜਸਵੰਤ ਸਿੰਘ ਨੇਕੀ ਡਾ. ਯੁੰਗ ਦਾ ਹਵਾਲਾ ਦਿੰਦੇ ਹੋਏ ਆਪਣੀ ਪੁਸਤਕ *ਅਚੇਤਨ ਦੀ ਲੀਲ੍ਹਾ* ਵਿੱਚ ਲਿਖਦੇ ਹਨ:

> ਮਾਨਵ ਵਿਸ਼ਵਾਸ, ਸੁਪਨ-ਸਮੱਗਰੀ ਤੇ ਮਨੋਰੋਗ-ਚਿੰਨ੍ਹ ਵੀ ਸਮੂਹਿਕ ਅਚੇਤਨ ਵਿੱਚ ਪਏ ਪ੍ਰਾਚੀਨ ਸੰਸਕਾਰਾਂ, ਆਦਿ-ਕਾਲੀ ਵਿਸ਼ਵਾਸਾਂ ਤੇ ਇਹੋ-ਜਿਹੇ ਦੂਸਰੇ ਸਮੂਹਿਕ ਤੱਤਾਂ ਉੱਪਰ ਹੀ ਉੱਸਰਦੇ ਹਨ, ਜਿਨ੍ਹਾਂ ਵਿੱਚ ਧਰਮ, ਰਾਸ਼ਟਰ, ਰਸਮਾਂ, ਰਹੁ-ਰੀਤਾਂ, ਕਰਮ-ਕਾਂਡ, ਕਲਾਤਮਕ ਪ੍ਰਤੀਕ ਆਦਿ ਸਭ ਸ਼ਾਮਲ ਰਹਿੰਦੇ ਹਨ। ਇਹਨਾਂ ਪੌਰਾਣਕ ਤੱਤਾਂ ਨੂੰ ਹੀ ਯੁੰਗ ਨੇ 'ਆਦਿਮ ਪ੍ਰਤਿਰੂਪ' (ਆਰਕੀਟਾਇਪ) ਦਾ ਨਾਮ ਦਿੱਤਾ। (7)

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸਭਿਆਚਾਰ ਇੱਕ ਗੁੰਝਲਦਾਰ ਵਰਤਾਰਾ ਹੈ ਜਿਸਦੇ ਅੰਤਰਗਤ ਰਹਿੰਦਿਆਂ ਮਨੁੱਖ ਆਪਣੀਆਂ ਸੁਹਜਾਤਮਿਕ, ਰੂਹਾਨੀ ਅਤੇ ਆਤਮਿਕ ਲੋੜਾਂ ਦੀ ਪੂਰਤੀ ਲਈ ਇੱਕ ਕੀਮਤ-ਪ੍ਰਬੰਧ ਸਿਰਜਦਾ ਹੈ। ਇਹ ਕੀਮਤ-ਪ੍ਰਬੰਧ ਹੀ ਉਸਦੇ ਸਭਿਆਚਾਰ ਦੀ ਸਮੂਹਿਕਤਾ ਦਾ ਮੁੱਢਲਾ ਪਛਾਣ-ਚਿੰਨ੍ਹ ਬਣਦਾ ਹੈ ਜਿਸਦਾ ਉਸਦੇ ਸਮੂਹਿਕ ਅਚੇਤਨ ਵਿੱਚ ਪਏ ਪ੍ਰਾਚੀਨ ਸੰਸਕਾਰਾਂ, ਵਿਸ਼ਵਾਸਾਂ ਨਾਲ਼ ਡੂੰਘਾ ਸੰਬੰਧ ਹੁੰਦਾ ਹੈ।

ਜਠੇਰੇ ਦੇ ਅਰਥ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਇਹ ਸਪੱਸ਼ਟ ਕਰ ਦੇਣਾ ਉੱਚਿਤ ਹੈ ਕਿ ਜਠੇਰਾ-ਪੂਜਾ ਲੋਕ-ਧਰਮ ਦਾ ਹੀ ਇੱਕ ਹਿੱਸਾ ਹੈ। ਲੋਕ-ਧਰਮ ਇੱਕ ਅਜਿਹਾ ਸੰਕਲਪ ਹੈ, ਜਿਸ ਵਿੱਚ ਲੋਕ ਜੀਵਨ ਦੀਆਂ ਅਨੇਕਾਂ ਆਪ-ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਕਿਸੇ ਅਣਡਿੱਠੀ, ਵਜੂਦ ਰਹਿਤ ਚੀਜ਼ ਦੀ ਹੋਂਦ ਨੂੰ ਚਿੱਤਵ ਲੈਣਾ ਅਤੇ ਉਸ ਨੂੰ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰ ਲੈਣਾ ਲੋਕ-ਮਾਨਸ ਦੀ ਸੁਭਾਵਿਕ ਪ੍ਰਵਿਰਤੀ ਹੈ। ਇਸੇ ਸੁਭਾਵਿਕ ਪ੍ਰਵਿਰਤੀ ਵਿੱਚੋਂ ਹੀ ਲੋਕ-ਧਰਮ ਦਾ ਜਨਮ ਹੋਇਆ ਹੈ। ਡਰ, ਤੌਖਲੇ, ਸ਼ੰਕੇ ਅਤੇ ਭੈਅ ਦੀ ਭਾਵਨਾ ਨੇ ਲੋਕ-ਧਰਮ ਦੀ ਸਥਾਪਨਾ ਵਿੱਚ ਵਡੇਰਾ ਯੋਗਦਾਨ ਪਾਇਆ ਹੈ।

ਆਦਿਮ ਮਨੁੱਖ ਜਦੋਂ ਪ੍ਰਕਿਰਤਕ ਚੌਗਿਰਦੇ ਅੰਦਰ ਜੰਮਣ, ਵਿਗਸਣ ਅਤੇ ਬਿਨਸਨ ਦੇ ਨੇਮ ਨੂੰ ਦੇਖਦਾ ਸੀ ਤਾਂ ਉਹ ਇਸ ਅਮਲ ਨੂੰ ਕਿਸੇ ਗ਼ੈਬੀ ਸ਼ਕਤੀ ਦਾ ਕ੍ਰਿਸ਼ਮਾ ਸਮਝਦਾ ਸੀ। ਸਾਡਾ ਲੋਕ-ਮਨ ਅੱਜ ਵੀ ਕਿਸੇ ਵਿਸ਼ਵਾਸ ਜਾਂ ਟੈਬੂ ਦੀ ਉਲੰਘਣਾ ਕਰਨ ਤੋਂ ਡਰਦਾ ਹੈ। ਇਹਨਾਂ ਲੋਕ-ਵਿਸ਼ਵਾਸਾਂ ਪਿੱਛੇ ਕਿਹੜੇ-ਕਿਹੜੇ ਸਮਾਜਿਕ ਅਤੇ ਮਾਨਸਿਕ ਕਾਰਨ ਹਨ, ਨੂੰ ਜਾਣਨਾ ਮੇਰੇ ਖੋਜ-ਕਾਰਜ ਦਾ ਇੱਕ ਅਹਿਮ ਹਿੱਸਾ ਹੈ ਕਿਉਂ ਕਿ ਸਾਡੇ ਨਿਤਾ-ਪ੍ਰਤੀ ਦੇ ਵਿਹਾਰ ਵਿੱਚੋਂ ਲੋਕ-ਮਨ ਮਨਫ਼ੀ ਨਹੀਂ ਹੋ ਸਕਦਾ ਬਲਕਿ ਕਿਸੇ ਨਾ ਕਿਸੇ ਪੱਧਰ 'ਤੇ ਇਹ ਕਾਰਜਸ਼ੀਲ ਹੀ ਰਹਿੰਦਾ ਹੈ। ਪੰਜਾਬੀ ਸਮਾਜ ਇੱਕ ਟੈਬੂ ਸਮਾਜ ਹੋਣ ਦੇ ਨਾਤੇ ਇਸ ਵਿੱਚ ਬਹੁਤ ਸਾਰੀਆਂ ਮਨਾਹੀਆਂ ਦੀ ਹੋਂਦ ਕਰਕੇ ਵਧੇਰੇ ਖੁੱਲ੍ਹਾਂ ਨਹੀਂ ਹਨ। ਲੋਕ-ਵਿਸ਼ਵਾਸਾਂ ਦਾ ਵਿਸ਼ਾ-ਖੇਤਰ ਬਹੁਤ

ਵਿਸਤ੍ਰਿਤ ਹੋਣ ਕਾਰਨ ਇਸ ਵਿੱਚ ਖੋਜ ਦੀਆਂ ਕਈ ਹੋਰ ਸੰਭਾਵਨਾਵਾਂ ਮੌਜੂਦ ਹਨ। ਆਪਣੀ ਕਲਪਨਾ ਸ਼ਕਤੀ ਨਾਲ਼ ਮਾਨਵ ਨੇ ਇਸ ਕਿਸਮ ਦੀਆਂ ਗ਼ੈਬੀ ਤਾਕਤਾਂ ਨੂੰ ਵੱਖਰੇ-ਵੱਖਰੇ ਆਕਾਰ ਅਤੇ ਵਿਵਹਾਰ ਦੇ ਪੱਖ ਤੋਂ ਦੇਖਣਾ ਸ਼ੁਰੂ ਕਰ ਦਿੱਤਾ ਅਤੇ ਇਹਨਾਂ ਦੇ ਬੁਰੇ ਪ੍ਰਭਾਵ ਤੋਂ ਮੁਕਤ ਹੋਣ ਲਈ ਅਤੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ। ਇਹਨਾਂ ਗ਼ੈਬੀ ਸ਼ਕਤੀਆਂ ਨੂੰ ਵਿਭਿੰਨ ਢੰਗਾਂ ਨਾਲ਼ ਮਨਾਉਣ, ਵੱਸ ਵਿੱਚ ਕਰਨ ਜਾਂ ਕਾਬੂ ਕਰਨ ਅਤੇ ਪ੍ਰਸੰਨ ਕਰਨ ਦੀਆਂ ਵੱਖ-ਵੱਖ ਵਿਧੀਆਂ ਨੇ ਲੋਕ-ਧਰਮ ਦੇ ਵਿਭਿੰਨ ਪੱਖਾਂ ਨੂੰ ਜਨਮ ਦਿੱਤਾ ਹੈ।

ਲੋਕ-ਧਰਮ ਮਾਨਵਤਾ ਦਾ ਹਾਣੀ ਹੈ। ਕੋਈ ਵੀ ਸਮਾਜ ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਵਿੱਚੋਂ ਲੰਘ ਰਿਹਾ ਹੋਵੇ, ਲੋਕ ਧਰਮ ਦੀ ਭਾਵਨਾ ਤੋਂ ਪੂਰੀ ਤਰ੍ਹਾਂ ਮੁਕਤ ਕਰਾਰ ਨਹੀਂ ਦਿੱਤਾ ਜਾ ਸਕਦਾ। ਆਦਿ ਕਾਲ ਨੂੰ ਭਾਵੇਂ ਜਾਦੂ ਯੁਗ ਕਿਹਾ ਜਾਂਦਾ ਹੈ, ਪਰ ਉਹ ਵੀ ਲੋਕ ਧਰਮ ਦੀ ਹੀ ਇੱਕ ਵੰਨਗੀ ਮਾਤਰ ਹੀ ਸੀ। ਲੋਕ-ਧਰਮ ਦੀ ਕੋਈ ਨਾ ਕੋਈ ਝਲਕ ਹਰ ਵਿਅਕਤੀ ਅਤੇ ਉਸ ਨਾਲ਼ ਸੰਬੰਧਿਤ ਸਮਾਜ ਅੰਦਰ ਤੱਕੀ ਜਾ ਸਕਦੀ ਹੈ। ਭਾਰਤ ਵਰਗੇ ਅਧਿਆਤਮਕ ਸਭਿਆਚਾਰ ਦੇ ਸਮਾਜ ਅੰਦਰ ਲੋਕ-ਧਰਮ ਦੀ ਹੋਂਦ ਵਿਸ਼ੇਸ਼ ਮਹੱਤਵ ਰੱਖਦੀ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਖੇਤੀ ਪੁਰਾਤਨ ਸਮੇਂ ਵਿੱਚ ਪੂਰੀ ਤਰ੍ਹਾਂ ਪ੍ਰਕਿਰਤੀ ਦੇ ਰਹਿਮੋ-ਕਰਮ ਉੱਤੇ ਨਿਰਭਰ ਕਰਦੀ ਸੀ। ਭੂਗੋਲਿਕ ਹੱਦਾਂ/ਹਾਲਤਾਂ ਵੀ ਇਸ ਨੂੰ ਲੋਕ-ਧਾਰਾਈ ਰੰਗਤ ਦੇਣ ਵਿੱਚ ਸਹਾਈ ਹੋਈਆਂ ਹਨ। ਪਹਾੜੀਆਂ ਨਾਲ਼ ਟਕਰਾ ਕੇ ਜਦੋਂ ਸਮੁੰਦਰੀ ਪੌਣਾਂ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਬਾਰਿਸ਼ ਕਰਦੀਆਂ ਹਨ ਤਾਂ ਮਾਨਵ ਨੂੰ ਜੀਵਨ ਦੇਣ ਵਾਲਾ ਅਨਾਜ ਪੈਦਾ ਹੁੰਦਾ ਹੈ। ਪਹਾੜਾਂ ਉੱਤੇ ਪੈਣ ਵਾਲੀ ਬਰਫ਼ ਸਦਕਾ ਨਦੀਆਂ ਸਾਰਾ ਸਾਲ ਵਗਦੀਆਂ ਰਹਿੰਦੀਆਂ ਹਨ ਅਤੇ ਮਾਨਵ ਨੂੰ ਜੀਵਨ-ਦਾਨ ਦਿੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਜੇ ਲੋਕ ਮਾਨਵ ਇਹ ਮੰਨ ਲਵੇ ਕਿ ਮਨੁੱਖ ਨੂੰ ਜੀਵਨ-ਦਾਨ ਦੇਣ ਵਾਲ਼ਾ ਸ਼ਿਵ ਭੋਲੇ ਨਾਥ ਪਹਾੜੀ ਦੀ ਚੋਟੀ ਉੱਤੇ ਨਿਵਾਸ ਕਰਦਾ ਹੈ ਤਾਂ ਇਸ ਵਿੱਚ ਲੋਕ-ਮਾਨਸ ਦਾ ਕੀ ਦੋਸ਼? ਉਸ ਨੂੰ ਤਾਂ ਜੀਵਨ-ਦਾਨ ਸਚਮੁੱਚ ਮਿਲ ਰਿਹਾ ਹੈ। ਇਹ ਸਾਰਾ ਕੁਝ ਕੌਣ ਕਰਦਾ ਹੈ? ਤੇ ਕਿਵੇਂ ਹੋ ਰਿਹਾ ਹੈ? ਇਸ ਬਾਰੇ ਸੋਚਣ ਦੀ ਉਸ ਨੂੰ ਲੋੜ ਨਹੀਂ ਜਾਪਦੀ। ਉਸ ਨੂੰ ਫਲ ਖਾਣ ਤੱਕ ਮਤਲਬ ਹੈ, ਦਰੱਖਤ ਗਿਣਨਾ ਉਸ ਦੀ ਫ਼ਿਤਰਤ ਨਹੀਂ ਹੈ। ਸਭਿਆਚਾਰ ਅਤੇ ਮਨੋਵਿਗਿਆਨ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਦਵਿੰਦਰ ਸਿੰਘ ਆਪਣੀ ਪੁਸਤਕ *ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ* ਵਿੱਚ ਡਾ. ਜਸਵੰਤ ਸਿੰਘ ਨੇਕੀ ਦਾ ਹਵਾਲਾ ਦਿੰਦੇ ਲਿਖਦੇ ਹਨ:

> ਕਿਸੇ ਜਨ-ਸਮੂਹ ਵਿੱਚ ਮਾਨਸਿਕ ਜੀਵਨ ਦੇ ਦੋ ਪੱਧਰ ਹੁੰਦੇ ਹਨ: ਸਮੂਹਿਕ ਚੇਤਨ ਅਤੇ ਸਮੂਹਿਕ ਅਚੇਤਨ। ਸਮੂਹਿਕ ਚੇਤਨ ਉਸਦੀ ਸਾਂਸਕ੍ਰਿਤਕ ਨੇਮਾਵਲੀ ਹੁੰਦੀ ਹੈ; ਸਮੂਹਿਕ ਅਚੇਤਨ ਉਸਦੇ ਜੀਵਨ ਦੀ ਉਹ ਉਪਭੂਮੀ ਹੈ, ਜਿਸ ਵਿੱਚੋਂ ਉੱਠਦੀਆਂ ਵਿਕਾਸ ਅਤੇ ਕ੍ਰਾਂਤੀ ਦੀਆਂ ਥਰਕਨਾਂ ਉਸ ਨੂੰ ਸਿਥਲ ਹੋਣ ਤੋਂ ਬਚਾਉਂਦੀਆਂ ਹਨ, ਪਰ ਸਭਿਅਤਾ ਵਿੱਚ

> ਆਦਿਮ-ਰੂਪ ਉਹ ਝਰੋਖੇ ਹੁੰਦੇ ਹਨ, ਜਿਨ੍ਹਾਂ ਥਾਵੀਂ ਸਮੂਹਿਕ ਅਚੇਤਨ ਕਿਸੇ ਜਨ-ਸਮੂਹ ਵਿਸ਼ੇਸ਼ ਦੇ ਯਥਾਰਥ ਅੰਦਰ ਪ੍ਰਵੇਸ਼ ਕਰਦਾ ਹੈ। (14)

ਲੋਕ ਧਰਮ ਦਾ ਅਰਥ ਖੇਤਰ ਅਤਿਅੰਤ ਵਿਸ਼ਾਲ ਹੈ। ਲੋਕ-ਧਰਮ ਨੂੰ ਸੰਸਥਾਈ (ਵਿਸ਼ਿਸ਼ਟ) ਧਰਮ ਨਾਲ਼ੋਂ ਨਿਖੇੜਿਆ ਤਾਂ ਜਾ ਸਕਦਾ ਹੈ, ਪਰ ਲੋਕ-ਧਰਮ ਨੂੰ ਪਰਿਭਾਸ਼ਿਤ ਕਰਨਾ ਬਹੁਤ ਹੀ ਕਠਿਨ ਕਾਰਜ ਹੈ ਕਿਉਂ ਕਿ ਲੋਕ-ਧਰਮ ਦਾ ਸੰਬੰਧ ਹਮੇਸ਼ਾ ਲੋਕ-ਮਾਨਸ ਨਾਲ਼ ਰਿਹਾ ਹੈ ਜਿਸ ਦੀ ਜੋਤ ਹਰ ਇੱਕ ਵਿਅਕਤੀ ਦੇ ਅੰਦਰ ਜਗਦੀ ਰਹਿੰਦੀ ਹੈ। ਉਹ ਮੱਧਮ ਜਾਂ ਪੂਰੀ ਤਰ੍ਹਾਂ ਉੱਜਵਲ ਤਾਂ ਹੋ ਸਕਦੀ ਹੈ, ਪਰ ਅਲੋਪ ਉੱਕਾ ਨਹੀਂ ਹੁੰਦੀ। ਇਸ ਤਰ੍ਹਾਂ ਲੋਕ-ਧਰਮ ਦੀਆਂ ਜੜ੍ਹਾਂ ਮਾਨਵ ਦੇ ਅਚੇਤ ਮਨ ਵਿੱਚ ਹੁੰਦੀਆਂ ਹਨ। ਇਸ ਦਾ ਦਾਇਰਾ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਹੁੰਦਾ ਹੈ। ਡਾ. ਜੀਤ ਸਿੰਘ ਜੋਸ਼ੀ ਦੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਅਨੁਸਾਰ:

> ਜਦੋਂ ਲੋਕ-ਧਰਮ ਕਿਸੇ ਵਿਸ਼ੇਸ਼ ਵਿਚਾਰਧਾਰਾ ਨਾਲ਼ ਜੁੜ ਜਾਂਦਾ ਹੈ ਤੇ ਉਸ ਨੂੰ ਨਿਯਮਬੱਧ ਕਰਕੇ ਪ੍ਰਚਾਰਿਆ ਜਾਂ ਸਿਖਾਇਆ ਜਾਂਦਾ ਹੈ ਤਾਂ ਉਹ ਲੋਕ-ਧਰਮ ਨਾ ਰਹਿ ਕੇ ਵਿਸ਼ਿਸ਼ਟ ਧਰਮ ਜਾਂ ਸੰਸਥਾਈ ਧਰਮ ਬਣ ਜਾਂਦਾ ਹੈ। ਜਿਵੇਂ ਭਾਸ਼ਾ ਦੇ ਲੌਕਿਕ ਰੂਪ ਨੂੰ ਨਿਯਮਬੱਧ ਕਰਕੇ ਮਿਆਰੀ ਭਾਸ਼ਾ ਦਾ ਦਰਜਾ ਦਿੱਤਾ ਜਾਂਦਾ ਹੈ। (77)

ਇਹ ਕਹਿਣਾ ਦਰੁਸਤ ਨਹੀਂ ਕਿ ਲੋਕ-ਧਰਮ ਪਰਿਵਰਤਨਸ਼ੀਲ ਨਹੀਂ ਹੈ। ਸਮਾਜਿਕ-ਆਰਥਿਕ ਹਾਲਤਾਂ ਵਿੱਚ ਆਈ ਤਬਦੀਲੀ ਸਮਾਜ ਦੇ ਸਭਿਆਚਾਰਕ ਢਾਂਚੇ ਨੂੰ ਵੀ ਪ੍ਰਭਾਵਿਤ ਕਰਦੀ ਹੈ। ਲੋਕ-ਧਰਮ ਵੀ ਸਮਾਜ ਦਾ ਇੱਕ ਸਭਿਆਚਾਰਕ ਵਰਤਾਰਾ ਹੈ। ਇਸ ਵਿੱਚ ਪਰਿਵਰਤਨ ਹੋਣਾ ਵੀ ਜ਼ਰੂਰੀ ਹੈ। ਪਰ ਲੋਕ-ਧਾਰਾਈ ਵਰਤਾਰਿਆਂ ਵਿੱਚ ਤਬਦੀਲੀ ਅਤਿਅੰਤ ਧੀਮੀ ਗਤੀ ਨਾਲ਼ ਹੁੰਦੀ ਹੈ। ਲੋਕ-ਧਰਮ ਪ੍ਰਤੀ ਜੋ ਰਉਂ-ਰੁਖ ਮੱਧਕਾਲੀ ਮਾਨਵ ਰੱਖਦਾ ਸੀ, ਵਰਤਮਾਨ ਸਮੇਂ ਦੇ ਮਾਨਵ ਅੰਦਰ ਉਸਦੀ ਉਹ ਆਸਥਾ ਨਹੀਂ ਹੈ। ਪਰ ਇਹ ਭਾਵਨਾ ਉੱਕਾ ਖਤਮ ਨਹੀਂ ਹੋਈ ਮੰਨੀ ਜਾ ਸਕਦੀ, ਬਲਕਿ ਕਿਸੇ ਨਾ ਕਿਸੇ ਰੂਪ ਵਿੱਚ ਅਜੇ ਵੀ ਜਿਉਂਦੀ ਹੈ। ਸ਼ਰਧਾ ਦਾ ਸਰੂਪ ਭਾਵੇਂ ਬਦਲ ਗਿਆ ਹੋਵੇ ਪਰ ਲੋਕ-ਧਰਮ ਦੀ ਹੋਂਦ ਅਜੇ ਅਸਵੀਕਾਰ ਨਹੀਂ ਹੋ ਸਕੀ। ਉਂਝ ਵੀ ਲੋਕ-ਧਰਮ ਦੇ ਅਰਥ-ਖੇਤਰ ਵਿੱਚ ਮਾਨਵ-ਜੀਵਨ ਦੇ ਅਨੇਕ ਪੱਖ ਸਮਾਏ ਹੋਏ ਹਨ ਜਿਵੇਂ ਕਿ ਨਰਕ-ਸੁਰਗ ਦੀ ਹੋਂਦ, ਚੁਰਾਸੀ ਲੱਖ ਜੂਨਾਂ ਵਿੱਚ ਵਿਸ਼ਵਾਸ, ਦੇਵੀ-ਦੇਵਤਿਆਂ ਦੀ ਹੋਂਦ ਵਿੱਚ ਵਿਸ਼ਵਾਸ, ਉਹਨਾਂ ਦੀ ਪੂਜਾ ਨਾਲ਼ ਫਲ਼ ਦੀ ਪ੍ਰਾਪਤੀ, ਸੁੱਖਣਾ, ਮੰਨਤ-ਮਨੌਤਾਂ, ਭੇਟਾਂ-ਚੜ੍ਹਾਵੇ, ਵਰਤ, ਤੀਰਥ-ਯਾਤਰਾ, ਤੀਰਥ-ਇਸ਼ਨਾਨ, ਸੂਰਜ ਅਤੇ ਚੰਨ-ਗ੍ਰਹਿਣ, ਪੁੰਨ-ਦਾਨ, ਸੇਵਾ, ਜੰਤਰ-ਮੰਤਰ, ਜਾਪ, ਧਾਗੇ, ਤਵੀਤ, ਸ਼ਰਾਧ, ਸ਼ਗਨ-ਅਪਸ਼ਗਨ ਆਦਿ ਅਨੇਕਾਂ ਰੂਪਾਂ ਵਿੱਚ ਲੋਕ-ਧਰਮ ਲੋਕ-ਮਨ ਵਿੱਚ ਵਸਿਆ ਹੋਇਆ ਹੈ। ਡਾ. ਜੀਤ ਸਿੰਘ ਜੋਸ਼ੀ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਆਪਣੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਵਿੱਚ ਲਿਖਦੇ ਹਨ, "ਲੋਕ-ਧਰਮ ਕੇਵਲ ਵਹਿਮਾਂ-ਭਰਮਾਂ ਜਾਂ ਵਿਸ਼ਵਾਸਾਂ ਦੀ ਵਲਗਣ ਵਿੱਚ ਲੋਕਾਂ ਨੂੰ ਬੰਦੀਵਾਨ ਬਣਾ ਕੇ ਨਹੀਂ

ਰੱਖਦਾ, ਸਗੋਂ ਉਸ ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਵੀ ਉਤੇਜਿਤ ਕਰਦਾ ਹੈ। ਲੋਕ-ਧਰਮ ਮੁੱਢ ਕਦੀਮ ਤੋਂ ਹੀ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਰਿਹਾ ਹੈ।" (78)

ਲੋਕ-ਮਨ ਦੀ ਇਹ ਖੂਬੀ ਹੈ ਕਿ ਇਹ ਵਿਸ਼ਿਸ਼ਟ-ਧਰਮ ਦੇ ਅਸੂਲਾਂ ਦੀ ਵੀ ਪਾਲਣਾ ਕਰਦਾ ਰਹਿੰਦਾ ਹੈ ਅਤੇ ਨਾਲ਼-ਨਾਲ਼ ਲੋਕ-ਧਰਮ ਦੇ ਕਰਮ-ਕਾਂਡ ਵੀ ਨਿਭਾਉਂਦਾ ਰਹਿੰਦਾ ਹੈ। ਲੋਕਾਂ ਨੂੰ ਕਿਸੇ ਰਹਿਤ-ਮਰਿਆਦਾ ਜਾਂ ਅਸੂਲਾਂ ਦੀ ਕੈਦ ਪਸੰਦ ਨਹੀਂ, ਸਗੋਂ ਉਹ ਤਾਂ ਆਜ਼ਾਦ ਪੰਛੀ ਦੀ ਤਰ੍ਹਾਂ ਵਿਚਰਨਾ ਚਾਹੁੰਦੇ ਹਨ। ਨਿਯਮਾਂ ਦਾ ਬੰਧਨ ਵਿਸ਼ਿਸ਼ਟ-ਧਰਮ ਵਿੱਚ ਹੁੰਦਾ ਹੈ, ਲੋਕ-ਧਰਮ ਵਿੱਚ ਨਹੀਂ। ਲੋਕ-ਧਰਮ ਅਸਲ ਵਿੱਚ ਮਾਨਵ-ਧਰਮ ਦਾ ਵਿਸਤ੍ਰਿਤ ਰੂਪ ਹੈ।

ਗੋਤਾਂ ਅਤੇ ਜਠੇਰਿਆਂ ਸੰਬੰਧੀ ਖੋਜ-ਕਾਰਜ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਹਨਾਂ ਦੇ ਅਰਥ ਸਪੱਸ਼ਟ ਕਰਨਾ ਜ਼ਰੂਰੀ ਹੈ। ਗੋਤਾਂ ਅਤੇ ਜਠੇਰਿਆਂ ਦੇ ਅਰਥ ਸਪੱਸ਼ਟ ਕਰਨ ਲਈ ਵੱਖ-ਵੱਖ ਵਿਦਵਾਨਾਂ ਦੁਆਰਾ ਗੋਤਾਂ ਸੰਬੰਧੀ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਨਿਮਨਲਿਖਤ ਹਨ:

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਲੋਕਧਾਰਾ ਵਿਸ਼ਵ ਕੋਸ਼, ਜਿਲਦ ਪੰਜਵੀਂ* ਅਨੁਸਾਰ, "ਹਰ ਜਾਤ ਕਈ ਗੋਤਰਾਂ ਵਿੱਚ ਵਿੱਚ ਵੰਡੀ ਹੋਈ ਹੈ। ਗੋਤਰ ਕਈ ਵੰਸ਼ਾਂ ਦਾ ਸਮੂਹ ਹੈ, ਜਿਨ੍ਹਾਂ ਦਾ ਵਡਿਕਾ/ਵਡੇਰਾ ਇੱਕੋ ਮੰਨਿਆ ਗਿਆ ਹੈ। ਵੰਸ਼ ਨਾਲ਼ੋਂ ਵਧੇਰੇ ਵਿਆਪਕ ਸਮੂਹ ਦਾ ਨਾਂਉਂ ਗੋਤਰ ਹੈ। ਗੋਤ ਕਿਸੇ ਪੂਰਵਜ ਅਥਵਾ ਵਡਿਕੇ ਦੇ ਨਾਮ ਉੱਤੇ ਰੱਖੀ ਗਈ ਹੁੰਦੀ ਹੈ।" (799)

ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿੱਚ ਗੋਤ ਨੂੰ ਪਰਿਭਾਸ਼ਤ ਕਰਦੇ ਹੋਏ, "ਗੋਤ, ਸੰਤਾਨ, ਔਲਾਦ, ਕੁਲ, ਖਾਨਦਾਨ, ਸਮੂਹ, ਸਮੁਦਾਯ, ਝੁੰਡ ਆਦਿ ਦਾ ਨਾਂ ਦਿੰਦੇ ਹਨ।" (1420)

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੋਤ ਕਿਸੇ ਪੂਰਵਜ ਜਾਂ ਕਿਸੇ ਵੱਡੇ-ਵਡੇਰੇ ਦੇ ਨਾਂ 'ਤੇ ਰੱਖਿਆ ਗਿਆ ਹੁੰਦਾ ਹੈ ਅਤੇ ਗੋਤ ਦਾ ਅਰਥ ਕੁਲ, ਵੰਸ਼, ਖਾਨਦਾਨ ਜਾਂ ਕਬੀਲਾ ਹੈ। ਕਿਸੇ ਸਮੇਂ ਸਾਡੇ ਬਜ਼ੁਰਗ ਕਬੀਲਿਆਂ ਵਿੱਚ ਵੰਡੇ ਹੋਏ ਸਨ ਅਤੇ ਕਬੀਲੇ ਦੇ ਵਡੇਰੇ ਦੇ ਨਾਂ ਨਾਲ਼ ਜਾਣੇ ਜਾਂਦੇ ਸਨ। ਕੁਝ ਗੋਤ ਆਪਣੇ ਪੂਰਵਜ ਜਾਂ ਕਿਸੇ ਪਸ਼ੂ, ਵਸਤੂ ਟੋਟਮ ਨੂੰ ਮੰਨਦੀਆਂ ਹਨ। ਜਿਵੇਂ ਅਰੋੜਿਆਂ ਦੇ ਕਈ ਗੋਤਾਂ ਦੇ ਨਾਮ ਕਿਸੇ ਜਨੌਰ ਉੱਤੇ ਹਨ; ਜਿਵੇਂ ਉਦਾਹਰਣ ਵਜੋਂ- ਹੰਸ, ਕੁੱਕੜ (ਕੱਕੜ), ਮਕੌੜੇ (ਮੱਕੜ) ਆਦਿ। ਅਰੋੜਿਆਂ ਦੇ ਕੁਝ ਗੋਤ ਪੌਦਿਆਂ ਅਤੇ ਵਸਤੂਆਂ ਦੇ ਨਾਂ ਉੱਤੇ ਵੀ ਹਨ। ਨਮੂਨੇ ਵਜੋਂ- ਚਾਵਲਾ (ਚਾਵਲ), ਮਹਿੰਦੀਰੱਤਾ (ਮਹਿੰਦੀ), ਕਟਾਰੀਆ (ਕਟਾਰ), ਲੋਟਾ (ਬਰਤਨ) ਆਦਿ। ਇਸ ਤੋਂ ਇਲਾਵਾ ਕਈ ਗੋਤਾਂ ਦੇ ਨਾਂ ਪੂਰਵਜਾਂ ਅਤੇ ਨਿਤਾ ਪ੍ਰਤੀ ਦੇ ਕਾਰ-ਵਿਹਾਰ ਨਾਲ਼ ਵੀ ਸੰਬੰਧਿਤ ਹਨ। ਮਿਸਾਲ ਵਜੋਂ ਨਾਗਪਾਲ, ਕਸਤੂਰੀਆ ਆਦਿ। ਹਿੰਦੂ, ਸਿੱਖ ਅਤੇ ਭਾਰਤੀ ਇਸਲਾਮ ਧਰਮ ਵਿੱਚ ਲੋਕਾਂ ਦੀ ਪਛਾਣ ਧਰਮ ਦੇ ਨਾਲ਼-ਨਾਲ਼ ਜਾਤਾਂ ਅਤੇ ਗੋਤਾਂ ਨਾਲ਼ ਜੁੜੀ ਹੋਈ ਹੈ। ਬਹੁਤੇ ਗੋਤ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਆਦਿ ਵਿੱਚ ਸਾਂਝੇ ਹਨ। ਧਰਮ ਦੇ ਅੰਦਰ ਜਾਤਾਂ ਅਤੇ ਗੋਤਾਂ ਦੀਆਂ ਕਈ ਤਹਿਆਂ ਮੌਜੂਦ ਹਨ ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੋਤ, ਕਬੀਲੇ,

ਜਾਤਾਂ ਪਹਿਲਾਂ ਮੌਜੂਦ ਸਨ। ਉਹਨਾਂ ਨੇ ਧਰਮ ਬਾਅਦ ਵਿੱਚ ਬਣਾਇਆ। ਕੁਝ ਲੋਕਾਂ ਨੇ ਧਾਰਮਿਕ ਆਗੂਆਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਧਰਮ ਤਾਂ ਬਦਲ ਲਏ, ਪਰ ਆਪਣੀ ਗੋਤ ਵਾਲ਼ੀ ਪਛਾਣ ਨੂੰ ਪਹਿਲਾਂ ਦੀ ਤਰ੍ਹਾਂ ਬਰਕਰਾਰ ਰੱਖਿਆ।

ਜਦੋਂ ਕੋਈ ਦੇਸ਼/ਸਮੂਹ ਪਸ਼ੂ ਜਗਤ ਜਾਂ ਵਸਤੂ ਜਗਤ ਵਿੱਚੋਂ ਕਿਸੇ ਇੱਕ ਨਾਲ਼ ਆਪਣੇ ਪੂਰਵਜਾਂ ਜਾਂ ਵਡੇਰਿਆਂ ਦਾ ਸੰਬੰਧ ਜੋੜ ਲੈਂਦਾ ਹੈ ਤਾਂ ਉਸ ਪਸ਼ੂ ਜਾਂ ਵਸਤੂ ਉਸ ਸਮੂਹ ਲਈ ਖਾਸ ਅਹਿਮੀਅਤ ਰੱਖਣ ਲੱਗ ਪੈਂਦੀ ਹੈ ਤੇ ਉਸ ਨੂੰ ਦੇਵਤੇ ਸਮਾਨ ਮਾਣ ਦਿੱਤਾ ਜਾਂਦਾ ਹੈ। ਫਿਰ ਉਸ ਵਸਤੂ ਨੂੰ ਖਾਇਆ ਜਾਂ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ। ਇਸ ਦੀ ਰੱਖਿਆ ਕਰਨ ਜਾਂ ਨੁਕਸਾਨ ਨਾ ਪਹੁੰਚਾਉਣ ਦੀ ਰੁਚੀ ਨੂੰ ਟੋਟਮ ਕਹਿੰਦੇ ਹਨ। ਟੋਟਮ ਇੱਕ ਤਰ੍ਹਾਂ ਦਾ ਇੱਕ ਗੋਤ ਚਿੰਨ੍ਹ ਹੁੰਦਾ ਹੈ ਜਿਵੇਂ:- ਇੱਕ ਗੋਤ ਦੇ ਬੰਦਿਆਂ ਦਾ ਆਪਸ ਵਿੱਚ ਲਹੂ ਦਾ ਰਿਸ਼ਤਾ ਹੁੰਦਾ ਹੈ। ਇਸ ਲਈ ਆਮ ਤੌਰ 'ਤੇ ਗੋਤ ਤੋਂ ਬਾਹਰ ਵਿਆਹ ਪ੍ਰਚੱਲਿਤ ਹਨ। ਕੁਝ ਗੋਤਾਂ ਵਿੱਚ ਦੋ ਅਤੇ ਕੁਝ ਵਿੱਚ ਚਾਰ ਗੋਤਾਂ ਵਿੱਚ ਵਿਆਹ ਕਰਨ ਦੀ ਮਨਾਹੀ ਹੈ।

**ਜਠੇਰੇ: ਅਰਥ ਅਤੇ ਪਰਿਭਾਸ਼ਾ–** ਜਠੇਰੇ ਸ਼ਬਦ ਦਾ ਮੂਲ ਅਰਥ 'ਜੇਠਾ' ਹੈ। ਜਠੇਰੇ ਨੂੰ ਵੱਡੇ-ਵਡੇਰੇ ਵੀ ਕਿਹਾ ਜਾਂਦਾ ਹੈ। ਪਿੰਡਾਂ ਵਿੱਚ ਪਿੱਤਰ-ਪੂਜਾ ਵਿੱਚ ਸਭ ਤੋਂ ਵਧੇਰੇ ਪੂਜਾ ਜਠੇਰਿਆਂ ਦੀ ਕੀਤੀ ਜਾਂਦੀ ਹੈ। ਜਠੇਰਿਆਂ ਦੀ ਪੂਜਾ ਜਠੇਰੇ ਦੇ ਸਮਾਨ ਗੋਤ ਵਾਲ਼ਿਆਂ ਵੱਲੋਂ ਕੀਤੀ ਜਾਂਦੀ ਹੈ ਜੋ ਕਿ ਇੱਕ ਵੱਡ-ਵਡੇਰੇ ਦਾ ਵੰਸ਼ ਹੁੰਦਾ ਹੈ। ਇਸ ਤਰ੍ਹਾਂ ਇੱਕ ਵਡੇਰਾ ਪਿੰਡ ਦਾ ਜਠੇਰਾ ਹੁੰਦਾ ਹੈ ਜਿਸਦੀ ਪੂਜਾ ਸਾਰਾ ਪਿੰਡ ਕਰਦਾ ਹੈ। ਡਾ. ਵਣਜਾਰਾ ਬੇਦੀ *ਲੋਕਧਾਰਾ ਵਿਸ਼ਵ ਕੋਸ਼, ਜਿਲਦ ਛੇਵੀਂ* ਵਿੱਚ ਜਠੇਰੇ ਸੰਬੰਧੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ, "ਜਠੇਰਾ ਕਿਸੇ ਕੁੱਲ ਕੁਟੰਬ ਦਾ ਕੋਈ ਮਰ ਚੁੱਕਾ ਬਜ਼ੁਰਗ ਹੁੰਦਾ ਹੈ ਜਿਸ ਨੂੰ ਕੁੱਲ-ਕੁਟੰਬ ਵਿੱਚ ਬੜੀ ਮਾਨਤਾ ਪ੍ਰਾਪਤ ਹੁੰਦੀ ਹੈ। ਉਸ ਦੀ ਵੰਸ਼ ਦਾ ਭਾਈਚਾਰਾ ਵਿਆਹ-ਸ਼ਾਦੀ ਅਤੇ ਹੋਰ ਮੰਗਲ ਸਮਾਗਮਾਂ ਵੇਲੇ ਉਸ ਨੂੰ ਪੂਜਦਾ ਹੈ। ਕਈ ਵਾਰ ਕਿਸੇ ਗੋਤ ਦੇ ਜਠੇਰੇ ਦੂਰ ਦੁਰਾਡੇ ਪਿੰਡ ਹੁੰਦੇ ਹਨ।" (1377)

ਡਾ. ਜੀਤ ਸਿੰਘ ਜੋਸ਼ੀ ਦੁਆਰਾ ਲਿਖੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਅਨੁਸਾਰ:

> ਮੋਇਆਂ ਦੀ ਪੂਜਾ ਕਰਨ ਦੀ ਪ੍ਰਥਾ ਵਿਸ਼ਵ ਵਿਆਪੀ ਹੈ। ਲੋਕ-ਧਰਮ ਦੇ ਖੇਤਰ ਵਿੱਚ ਦੇਵੀ-ਦੇਵਤੇ ਸਰਬ-ਵਿਆਪਕ ਹੋਂਦ ਦੇ ਧਾਰਨੀ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਦੀ ਹੋਂਦ ਹਰ ਥਾਂ ਵਿਆਪਕ ਹੁੰਦੀ ਹੈ, ਪ੍ਰੰਤੂ ਇਹਨਾਂ ਵਿੱਚੋਂ ਕੁਝ ਅਜਿਹੇ ਦੇਵਤੇ ਵੀ ਹੁੰਦੇ ਹਨ, ਜਿਹੜੇ ਕੇਵਲ ਸਥਾਨਕ ਪੱਧਰ ਉੱਤੇ ਪੂਜੇ ਜਾਂਦੇ ਹਨ। ਪੂਜਾ-ਪ੍ਰਤਿਸ਼ਠਾ ਹੋਣ ਕਾਰਨ ਇਹਨਾਂ ਦਾ ਰੁਤਬਾ ਵੀ ਦੇਵ-ਪੁਰਸ਼ਾਂ ਸਮਾਨ ਹੁੰਦਾ ਹੈ। ਸਥਾਨਕ ਭਾਸ਼ਾ ਵਿੱਚ ਇਨ੍ਹਾਂ ਨੂੰ ਪਿਤਰ-ਪੂਜਾ ਜਾਂ ਜਠੇਰਿਆਂ ਦੀ ਪੂਜਾ ਵੀ ਕਿਹਾ ਜਾਂਦਾ ਹੈ। (88)

ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਸਿਵਲ ਮਿਲਟਰੀ ਗਜ਼ਟ (ਜਿਲਦ ਦੂਜੀ) ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਹਰੇਕ ਧਰਮ 'ਤੇ ਜਾਤੀ ਵਿੱਚ ਮੋਇਆਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਪੂਜਾ ਹੁੰਦੀ ਰਹੀ ਹੈ। ਜਠੇਰਿਆਂ ਦੀ ਪੂਜਾ ਪਿਤਰ-ਪੂਜਾ ਦਾ ਹੀ ਇੱਕ ਸਰੂਪ ਹੈ। ਜਦੋਂ ਕੋਈ ਵੀ ਗੋਤਰ ਇੱਕ ਥਾਂ ਵਸੇਬਾ ਕਰਦਾ ਹੈ ਤਾਂ ਆਪਣੇ ਪਿੰਡ, ਸ਼ਹਿਰ ਜਾਂ ਅਬਾਦੀ ਦਾ ਨਾਉਂ ਆਪਣੀ ਜਾਤ, ਗੋਤ ਦੇ ਨਾਉਂ 'ਤੇ ਰੱਖ ਦਿੰਦਾ ਹੈ। ਏਸ਼ੀਆ ਵਿੱਚ ਕਈਆਂ ਦੇਸ਼ਾਂ ਦੇ ਨਾਮ ਉਥੇ ਵਸਣ ਵਾਲੀਆਂ ਕੌਮਾਂ ਜਾਂ ਜਾਤਾਂ ਨੇ ਆਪਣੇ ਨਾਉਂ ਉਤੇ ਰੱਖ ਲਏ ਹਨ ਜਿਵੇਂ ਬਲੋਚਸਤਾਨ (ਪਾਕਿਸਤਾਨ ਵਿੱਚ), ਤੁਰਕਸਤਾਨ, ਅਫਗਾਨਿਸਤਾਨ ਆਦਿ। ਸਿਆਮ ਦਾ ਨਾਂ ਬਦਲ ਕੇ ਥਾਈ ਲੋਕਾਂ ਨੇ ਥਾਈਲੈਂਡ ਰੱਖ ਦਿੱਤਾ ਹੈ। ਨੇਪਾਲ ਇੱਕ ਰਾਜਪੂਤ ਜਾਤੀ ਹੈ ਜਿਸ ਦੇ ਨਾਉਂ ਉੱਤੇ ਦੇਸ਼ ਦਾ ਨਾਮ ਵੀ ਨੇਪਾਲ ਰੱਖਿਆ ਗਿਆ। (48)

ਜਠੇਰੇ ਦੇ ਅਰਥ ਸਪੱਸ਼ਟ ਕਰਦਿਆਂ ਹੋਇਆਂ ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿੱਚ ਲਿਖਦੇ ਹਨ, "ਜਠੇਰੇ ਦੇ ਕੋਸ਼ਗਤ ਅਰਥ ਹਨ:- ਵੱਡਾ, ਜੇਠਾ।" (1655)

ਇਸੇ ਤਰ੍ਹਾਂ ਡਾ. ਜੀਤ ਸਿੰਘ ਜੋਸ਼ੀ ਦੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਅਨੁਸਾਰ: "ਜਠੇਰਾ ਦਾ ਅਰਥ ਹੈ ਵਡਿੱਕਾ ਜਾਂ ਵਡੇਰਾ।" (90)

ਪ੍ਰੋ. ਸੋਹਿੰਦਰ ਸਿੰਘ ਵਣਜਾਰਾ ਬੇਦੀ ਆਪਣੀ ਪੁਸਤਕ *ਮੇਰਾ ਨਾਨਕਾ ਪਿੰਡ* ਵਿੱਚ ਲਿਖਦੇ ਹਨ:

> ਦੁਨੀਆਂ ਦਾ ਸਭ ਤੋਂ ਦਿਲਚਸਪ, ਰਹੱਸਮਈ ਅਤੇ ਗੌਰਵ ਵਾਲਾ ਪਾਤਰ ਰੱਬ ਏ, ਜੋ ਸ੍ਰਿਸ਼ਟੀ ਦੇ ਕਣ-ਕਣ ਵਿੱਚ ਰਚਿਆ ਹੋਇਆ ਹੈ। ਸੱਤਵੇਂ ਅਸਮਾਨ ਦੀ ਬਹਿਸ਼ਤ ਵਿੱਚ ਨਿਵੇਕਲੀ ਥਾਂ 'ਤੇ ਬਿਰਾਜਮਾਨ ਏ। ਲੋਕ-ਚੇਤਨਾ ਨੇ ਖੁਦ ਹੀ ਰੱਬ ਨੂੰ ਸਿਰਜਿਆ। ਅਜੀਬ ਗੁਣਾਂ ਤੇ ਵਸਫਾਂ ਨਾਲ਼ ਸ਼ਿੰਗਾਰ ਕੇ ਉਸ ਨੂੰ ਅਲੌਕਿਕ ਸਰੂਪ ਦਿੱਤਾ ਤੇ ਫਿਰ ਖੁਦ ਲੋਕੀਂ ਉਹਦੇ ਤੋਂ ਡਰਨ ਤੇ ਦਬਕਣ ਲੱਗੇ। ਐਨ ਉਸੇ ਤਰ੍ਹਾਂ ਜਿਵੇਂ ਬਬੋਹਾ ਖੁਦ ਹੀ ਆਪਣੀ ਝੱਗ ਨਾਲ਼ ਜਾਲ਼ਾ ਬੁਣਦੈ ਤੇ ਫਿਰ ਆਪ ਹੀ ਉਸ ਵਿੱਚ ਉਲਝ ਜਾਂਦੈ। (21)

ਡਾ. ਜੀਤ ਸਿੰਘ ਜੋਸ਼ੀ ਆਪਣੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਵਿੱਚ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਹਵਾਲੇ ਨਾਲ਼ ਲਿਖਦੇ ਹਨ:

> ਸਥਾਨਕ ਪੱਧਰ 'ਤੇ ਸਭ ਤੋਂ ਵੱਧ ਮਾਨਤਾ ਜਠੇਰੇ ਨੂੰ ਪ੍ਰਾਪਤ ਹੁੰਦੀ ਹੈ। ਜਠੇਰੇ ਉਂਝ ਤਾਂ ਅਨੇਕ ਜਾਤੀਆਂ ਵਿੱਚ ਪੂਜੇ ਜਾਂਦੇ ਹਨ, ਪ੍ਰੰਤੂ ਜੱਟਾਂ ਵਿੱਚ ਜਠੇਰੇ ਦੀ ਪੂਜਾ ਵਧੇਰੇ ਰਹੀ ਹੈ। ਪਿੰਡ ਅਕਸਰ ਇੱਕੋ ਵਡੇਰੇ ਦੀ ਅੰਸ਼ ਜਾਂ ਔਲਾਦ ਹੁੰਦੀ ਤੇ ਜਠੇਰਾ ਹੀ ਉਸ ਪਿੰਡ ਦਾ ਪ੍ਰਧਾਨ ਪਿਤਰ ਹੁੰਦਾ ਹੈ। (90)

ਡਾ. ਜੀਤ ਸਿੰਘ ਜੋਸ਼ੀ ਆਪਣੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਵਿੱਚ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਹਵਾਲੇ ਨਾਲ਼ ਪਿਤਰ ਅਤੇ ਜਠੇਰੇ ਵਿੱਚ ਅੰਤਰ ਸਪੱਸ਼ਟ ਕਰਦਿਆਂ ਲਿਖਦੇ ਹਨ:

> ਪਿਤਰ ਆਪ ਤੋਂ ਉੱਪਰ ਦੀਆਂ ਮਰ ਚੁੱਕੀਆਂ ਤਿੰਨ ਪੀੜ੍ਹੀਆਂ ਦੇ ਵਡਿੱਕੇ ਹੁੰਦੇ ਹਨ। ਪਿਤਰ ਦੀ ਪੂਜਾ ਪਰਿਵਾਰਿਕ ਆਧਾਰ ਉੱਤੇ ਕੀਤੀ ਜਾਂਦੀ ਹੈ ਅਤੇ ਜਠੇਰੇ ਦੀ ਗੋਤ ਦੇ ਆਧਾਰ ਉੱਤੇ। ਜਠੇਰੇ ਅਸਲ ਵਿੱਚ ਪਿਤਰਾਂ ਦਾ ਹੀ ਸ੍ਰੇਸ਼ਟ ਰੂਪ ਹਨ। ਪਿਤਰ ਦੀ ਪੂਜਾ ਵਿੱਚੋਂ ਹੀ ਦੇਵ ਪੂਜਾ ਦਾ ਰੁਝਾਨ ਪੈਦਾ ਹੋਇਆ। (91)

ਸੰਪਾਦਕ ਪਵਨ ਹਰਚੰਦਪੁਰੀ ਦੁਆਰਾ ਸੰਪਾਦਿਤ ਪੁਸਤਕ *ਮਹਾਂ ਪੰਜਾਬ ਦੇ ਜੱਟ (ਗੋਤਾਂ ਸਮੇਤ)* ਅਨੁਸਾਰ:

> ਹਿੰਦੂ ਅਤੇ ਸਿੱਖ ਜੱਟਾਂ ਵਿੱਚ, ਖਾਸ ਤੌਰ ‘ਤੇ ਉੱਤਰ ਕੇਂਦਰ ਅਤੇ ਕੇਂਦਰੀ ਇਲਾਕਿਆਂ ਵਿੱਚ, ਇੱਕ ਵਡਾਰੂ ਦੀ ਪੂਜਾ ਕੀਤੀ ਜਾਂਦੀ ਹੈ, ਉਸ ਨੂੰ ਜਠੇਰਾ ਕਹਿੰਦੇ ਹਨ ਜੋ ਕਿ ਆਮ ਹੀ ਹਨ। ਇਹ ਰਸਮ ਜਾਤਾਂ ਜਾਂ ਇੱਕ ਗੋਤ ਦੇ ਪਿੰਡਾਂ ਦੇ ਗੁੱਟਾਂ ਦੀ ਹੈ। ਉਸ ਸਥਾਨ ਵੱਲ ਲਾੜਾ ਵਿਆਹ ਸਮੇਂ ਜਾਂਦਾ ਹੈ ਅਤੇ ਆਪਣਾ ਸਿਰ ਨਿਵਾਉਂਦਾ ਹੈ। ਇਹ ਥਾਂ ਪਿੰਡ ਦੇ ਇੱਕ ਪਾਸੇ ਹੁੰਦੀ ਹੈ ਅਤੇ ਕਿਸੇ ਬਜ਼ੁਰਗ ਦੀ ਯਾਦ ਵਿੱਚ ਹੀ ਬਣਾਈ ਹੁੰਦੀ ਹੈ, ਜੋ ਜਾਂ ਤਾਂ ਕਦੇ ਸ਼ਹੀਦ ਹੋ ਗਿਆ ਸੀ, ਜਾਂ ਫਿਰ ਕੋਈ ਮਹੱਤਵਪੂਰਨ ਮਨੁੱਖ ਸੀ। ਇਹ ਸਥਾਨ ਮਿੱਟੀ ਦੇ ਇੱਕ ਉੱਚੇ ਟਿੱਲੇ ਉੱਤੋਂ ਸਪੱਸ਼ਟ ਦਿਸਦਾ ਹੈ, ਜਾਂ ਪੱਕੀ ਸਮਾਧ ਵੀ ਹੋ ਸਕਦੀ ਹੈ। ਲਾੜਾ ਆਪਣਾ ਸਿਰ ਝੁਕਾਉਂਦਾ ਹੈ ਅਤੇ ਆਲੇ-ਦੁਆਲੇ ਪ੍ਰਕਰਮਾ ਕਰਕੇ, ਪਿੱਛੋਂ ਭੇਟਾ ਵਜੋਂ ਕੁਝ ਚੜ੍ਹਾਵਾ ਵੀ ਚੜ੍ਹਾਉਂਦਾ ਹੈ, ਜਿਸ ਨੂੰ ਜੋਗੀ ਅਤੇ ਬ੍ਰਾਹਮਣ ਦੋਵੇਂ ਵੰਡ ਲੈਂਦੇ ਹਨ। ਟਿੱਲਾ ਮਿੱਟੀ ਦਾ ਹੋਵੇ ਤਾਂ ਲਾੜਾ ਕੁਝ ਕੁ ਮਿੱਟੀ ਉਸ ਉੱਪਰ ਚੁੱਕ ਕੇ ਸੁੱਟ ਦਿੰਦਾ ਹੈ। ਹੋ ਸਕਦਾ ਹੈ ਕਿ ਇਸੇ ਨੂੰ ਹੀ ਜਠੇਰੇ ਵਜੋਂ ਨਾਮ ਦਿੱਤਾ ਗਿਆ ਹੋਵੇ ਅਤੇ ਆਮ ਤੌਰ ‘ਤੇ ਇਹ ਹੈ ਵੀ। ਉਹ ਵਡੇਰਾ ਹੀ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ, ਜੋ ਉਸੇ ਗੋਤ ਦਾ ਮੋਢੀ ਹੁੰਦਾ ਸੀ ਜਾਂ ਉਹ ਸ਼ਹੀਦ ਹੋ ਗਿਆ ਸੀ। (47)

ਉੱਪਰ ਦਿੱਤੀਆਂ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਬਾਰੇ ਵਿਚਾਰ ਕਰਨ ਉਪਰੰਤ ਅਸੀਂ ਇਸ ਨਤੀਜੇ ‘ਤੇ ਪਹੁੰਚਦੇ ਹਾਂ ਕਿ ਜਠੇਰਾ ਕਿਸੇ ਵੰਸ਼ ਦਾ ਕੋਈ ਮਰ ਚੁੱਕਾ ਵੱਡਾ-ਵਡੇਰਾ ਹੁੰਦਾ ਹੈ ਜਿਸਦੀ ਪੂਜਾ ਉਸ ਵੰਸ਼ ਨਾਲ਼ ਸੰਬੰਧਿਤ ਲੋਕਾਂ ਵੱਲੋਂ ਵਿਆਹ-ਸ਼ਾਦੀ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ ‘ਤੇ ਕੀਤੀ ਜਾਂਦੀ ਹੈ। ਇਹ ਪੂਜਾ ਆਮ ਤੌਰ ‘ਤੇ ਸਥਾਨਕ ਪੱਧਰ ‘ਤੇ ਹੁੰਦੀ ਹੈ।

ਵੇਖਿਆ ਜਾਵੇ ਤਾਂ ਹਰੇਕ ਜਾਤ, ਗੋਤ, ਕਬੀਲੇ ਤੇ ਪਿੰਡ ਦੇ ਲੋਕ ਆਪਣੀਆਂ ਸੋਚਾਂ, ਧਾਰਨਾਵਾਂ, ਭਾਵਕ ਅਤੇ ਬੌਧਿਕ ਪਸਾਰਾਂ ਅਨੁਸਾਰ ਕਈ ਤਰ੍ਹਾਂ ਦੇ ਨਿੱਕੇ-ਵੱਡੇ ਰੱਬ ਸਿਰਜਦੇ ਅਤੇ ਉਸ ਨੂੰ ਪਤਿਆਉਂਦੇ ਹਨ। ਪਿਤਰ-ਪੂਜਾ ਕਿਸੇ ਨਾ ਕਿਸੇ ਸਮੇਂ ਸਮਾਜ ਦੇ ਹਰ ਜਾਤ, ਕਬੀਲੇ ਵਿੱਚ ਪ੍ਰਚੱਲਿਤ ਰਹੀ ਅਤੇ ਇਹ ਧਰਮ ਦੀ

ਸਭ ਤੋਂ ਹੇਠਲੀ ਬੁਨਿਆਦ ਮੰਨੀ ਜਾ ਸਕਦੀ ਹੈ। ਇਸੇ ਲਈ ਪਿਤਰ-ਪੂਜਾ ਮਾਨਵ ਜਾਤੀ ਦੀਆਂ ਵੱਡੀਆਂ ਸ਼ਾਖਾਵਾਂ ਵਿੱਚੋਂ ਇੱਕ ਹੈ। ਪਿਤਰ-ਪੂਜਾ ਉਸ ਸਮੇਂ ਤੋਂ ਹੀ ਪ੍ਰਚੱਲਿਤ ਰਹੀ ਹੈ ਜਦੋਂ ਹਾਲੇ ਮਨੁੱਖ ਦਾ ਗਿਆਨ ਆਪਣੇ ਕੁੱਲ-ਕਬੀਲੇ ਤੋਂ ਬਾਹਰ ਨਹੀਂ ਸੀ। ਸਮੂਹਿਕ ਚੇਤਨਾ ਪੈਦਾ ਹੋਣ ਉਪਰੰਤ ਹੀ ਵੱਡੇ ਦੇਵ-ਪੁਰਸ਼ਾਂ ਦਾ ਸੰਕਲਪ ਦਿਵਾਇਆ ਗਿਆ। ਪਿਤਰ-ਪੂਜਾ ਵੱਡੇ-ਵਡੇਰਿਆਂ ਜਾਂ ਆਪਣੇ ਪੁਰਖਿਆਂ ਦੀ ਪੂਜਾ ਹੁੰਦੀ ਹੈ। ਇਹ ਪੂਜਾ ਮਾਨਵ-ਜਾਤੀ ਦਾ ਇੱਕ ਸਹਿਜ-ਕਰਮ ਹੈ। ਸ੍ਰਿਸ਼ਟੀ ਅੰਦਰ ਮਾਤਾ-ਪਿਤਾ ਜਾਂ ਬਜ਼ੁਰਗਾਂ ਦਾ ਦਰਜਾ ਸਭ ਤੋਂ ਉੱਚਾ ਅਤੇ ਆਦਰਯੋਗ ਰਿਹਾ ਹੈ। ਸਮੁੱਚੇ ਪਰਿਵਾਰ ਦੇ ਸਿਰ 'ਤੇ ਬਜ਼ੁਰਗਾਂ ਦਾ ਹੱਥ ਹੁੰਦਾ ਹੈ। ਉਹਨਾਂ ਦੇ ਨਾਮ ਉੱਤੇ ਹੀ ਸਮੁੱਚੇ ਕੁਟੰਬ-ਕਬੀਲੇ ਦੀ ਹੋਂਦ ਜੁੜੀ ਹੁੰਦੀ ਹੈ। ਕੁੱਲ ਦਾ ਵਡੇਰਾ ਆਪਣੀ ਸੰਤਾਨ ਦੀ ਖੁਸ਼ੀ ਚਾਹੁੰਦਾ ਹੈ ਅਤੇ ਅਸ਼ੀਰਵਾਦ ਦੇ ਰੂਪ ਵਿੱਚ ਸੰਤਾਨ 'ਤੇ ਬਖਸ਼ਿਸ਼ ਕਰਦਾ ਹੈ। ਜਦੋਂ ਉਹ ਆਦਰਯੋਗ ਪੁਰਸ਼ ਇਸ ਸਮਾਜ ਤੋਂ ਚਲਾ ਜਾਂਦਾ ਹੈ ਤਾਂ ਉਹ ਪ੍ਰਲੋਕ ਵਿੱਚ ਜਾ ਕੇ ਹੋਰ ਵੀ ਵਧੇਰੇ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ।

ਲੋਕ ਨਿਸਚੇ ਅਨੁਸਾਰ ਮੋਏ ਪੁਰਸ਼ ਅੰਦਰ ਪਹਿਲਾਂ ਨਾਲ਼ੋਂ ਕਿਤੇ ਜ਼ਿਆਦਾ ਸ਼ਕਤੀ ਹੁੰਦੀ ਹੈ। ਇਹਨਾਂ ਦੈਵੀ ਸ਼ਕਤੀਆਂ ਕਾਰਨ ਹੀ ਉਹ ਆਪਣੇ ਕੁੱਲ-ਕੁਟੰਬ ਦੀ ਰੱਖਿਆ ਅਤੇ ਸੰਭਾਲ ਪਹਿਲਾਂ ਨਾਲ਼ੋਂ ਵੀ ਵਧੇਰੇ ਸਮਰੱਥਾ ਨਾਲ਼ ਕਰਦਾ ਹੈ। ਇਸ ਲਈ ਮੋਏ ਬਜ਼ੁਰਗਾਂ ਪ੍ਰਤੀ ਆਦਰ-ਭਾਵ ਜਾਂ ਉਹਨਾਂ ਪ੍ਰਤੀ ਸ਼ਰਧਾ-ਭਾਵ ਪ੍ਰਗਟ ਕਰਨੇ ਮਨੁੱਖ ਦਾ ਸੁਭਾਵਿਕ ਕਰਮ ਰਿਹਾ ਹੈ।

ਮੌਤ ਉਪਰੰਤ ਜਦੋਂ ਵਿਅਕਤੀ ਦਾ ਸਰੀਰ ਜੜ੍ਹ ਹੋ ਜਾਂਦਾ ਹੈ ਤਾਂ ਉਸ ਦੇ ਸਰੀਰ ਨੂੰ ਜਾਂ ਤਾਂ ਦੱਬ ਦਿੱਤਾ ਜਾਂਦਾ ਹੈ ਜਾਂ ਜਲ-ਪ੍ਰਵਾਹ ਕੀਤਾ ਜਾਂਦਾ ਹੈ, ਜਾਂ ਫਿਰ ਅਗਨੀ ਭੇਂਟ ਕਰਕੇ ਸਾੜ ਦਿੱਤਾ ਜਾਂਦਾ ਹੈ। ਪ੍ਰੰਤੂ ਸਰੀਰ ਦੇ ਨਸ਼ਟ ਹੋ ਜਾਣ ਉਪਰੰਤ ਵੀ ਲੋਕ-ਨਿਸਚੇ ਅਨੁਸਾਰ ਉਸਦਾ ਆਤਮ-ਤੱਤ ਕੁੱਲ-ਕਬੀਲੇ ਨੂੰ ਅਨੇਕ ਢੰਗਾਂ ਨਾਲ਼ ਪ੍ਰਭਾਵਿਤ ਕਰਦਾ ਹੈ।

**ਸਭਿਆਚਾਰਕ ਵਿਧਾਨਕ-ਪ੍ਰਬੰਧ ਅਧੀਨ ਗੋਤ ਅਤੇ ਜਠੇਰੇ:**

ਵੱਖ-ਵੱਖ ਜਠੇਰਿਆਂ ਵਿੱਚ ਪੂਜਾ ਅਤੇ ਵਿਧੀ-ਵਿਧਾਨ ਅਲੱਗ-ਅਲੱਗ ਹਨ। ਪੰਜਾਬ ਦੇ ਪਿੰਡ ਅਕਸਰ ਇੱਕੋ ਵਡੇਰੇ ਦੀ ਅੰਸ਼ ਜਾਂ ਔਲਾਦ ਹੁੰਦੀ ਹੈ ਤੇ ਜਠੇਰਾ ਹੀ ਉਸ ਪਿੰਡ ਦਾ ਪ੍ਰਧਾਨ ਪਿਤਰ ਹੁੰਦਾ ਹੈ। ਸਾਰਾ ਪਿੰਡ ਉਸ ਜਠੇਰੇ ਦੀ ਪੂਜਾ ਕਰਦਾ ਹੈ। ਪਿੰਡ ਦਾ ਕੋਈ ਵੀ ਵਿਅਕਤੀ ਜਦੋਂ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਕਿਧਰੇ ਹੋਰ ਵਸ ਜਾਂਦਾ ਹੈ ਤਾਂ ਵੀ ਉਹ ਨਿਸ਼ਚਿਤ ਤਿਉਹਾਰ 'ਤੇ ਜਠੇਰੇ ਦੀ ਪੂਜਾ ਲਈ ਪਰਿਵਾਰ ਸਮੇਤ ਪਹੁੰਚਦਾ ਹੈ ਜਾਂ ਫਿਰ ਬਹੁਤ ਸਾਰੇ ਘਰ ਜਦੋਂ ਇਕੱਠੇ ਹੋ ਜਾਂਦੇ ਹਨ ਤਾਂ ਉਹ ਜਠੇਰੇ ਦੇ ਮੂਲ ਸਥਾਨ ਤੋਂ ਇੱਟ ਤੇ ਹੋਰ ਸਮੱਗਰੀ ਲਿਜਾ ਕੇ ਉਸ ਥਾਂ 'ਤੇ ਜਠੇਰੇ ਦੀ ਪੂਜਾ ਕਰਨੀ ਆਰੰਭ ਕਰ ਦਿੰਦੇ ਹਨ। ਇਸ ਤਰ੍ਹਾਂ ਜਠੇਰੇ ਦੀ ਪੂਜਾ ਦਾ ਵਿਸਥਾਰ ਹੁੰਦਾ ਰਹਿੰਦਾ ਹੈ। ਜਠੇਰੇ ਦੀ ਪੂਜਾ ਦਾ ਵੱਖਰਾ ਵਿਧੀ-ਵਿਧਾਨ ਹੁੰਦਾ ਹੈ। ਇਹ ਪੂਜਾ ਆਮ ਤੌਰ 'ਤੇ ਮੁੰਡੇ ਜਾਂ ਕੁੜੀ ਦੇ ਵਿਆਹ ਵੇਲ਼ੇ, ਗਰਭ ਠਹਿਰਨ ਸਮੇਂ, ਪੁੱਤਰ ਜੰਮਣ ਵੇਲ਼ੇ, ਘਰ ਵਿੱਚ ਪਸ਼ੂ ਸੂਣ ਸਮੇਂ ਕੀਤੀ

ਜਾਂਦੀ ਹੈ। ਵਿਆਹ ਤੋਂ ਮਗਰੋਂ ਨਵੇਂ ਵਿਆਹੇ ਜੋੜੇ ਨੂੰ ਜਠੇਰਿਆਂ ਦੇ ਸਥਾਨ ‘ਤੇ ਲਿਜਾਇਆ ਜਾਂਦਾ ਹੈ ਅਤੇ ਜਠੇਰੇ ਦੇ ਸਥਾਨ ‘ਤੇ ਜਾ ਕੇ ਪੂਜਾ ਵਜੋਂ ਪਰਿਕਰਮਾ ਕੀਤੀ ਜਾਂਦੀ ਹੈ। ਕੁਝ ਗੋਤਾਂ ਵਿੱਚ ਲਾਗੇ-ਚਾਗੇ ਕਿਧਰੇ ਵੀ ਜੰਡ ਦਾ ਰੁੱਖ ਲੱਭ ਕੇ ਉਸਦੀ ਇੱਕ ਟਹਿਣੀ ਤਲਵਾਰ ਨਾਲ਼ ਲਾੜਾ ਵੱਢਦਾ ਹੈ। ਫਿਰ ਬ੍ਰਾਹਮਣ ਵਾਸਤੇ ਭੇਟਾ ਤਿਆਰ ਕਰਦਾ ਹੈ। ਇਹ ਰਸਮ ਉਸ ਦੇ ਵਿਆਹ ਨੂੰ ਯਕੀਨਨ ਸਫਲ ਬਣਾਉਂਦੀ ਹੈ। ਪੰਜਾਬ ਵਿੱਚ ਜੰਡੀ ਦੀ ਰਸਮ ਆਮ ਤੌਰ ‘ਤੇ ਸਾਂਝੀ ਹੀ ਹੈ ਪਰ ਇਸਦੀ ਬਣਤਰ ਵੱਖਰੀ-ਵੱਖਰੀ ਮੰਨੀ ਜਾਂਦੀ ਹੈ। ਗਾਂ ਜਾਂ ਮੱਝ ਦੇ ਸੂਣ ਸਮੇਂ ਪਹਿਲੇ ਦੁੱਧ ਦੀ ਖੀਰ ਜਠੇਰਿਆਂ ਨੂੰ ਚੜ੍ਹਾਈ ਜਾਂਦੀ ਹੈ। ਦੁੱਧ ਦੀ ਥਿਆਈ (ਥੇਈ) ਰੱਖੀ ਜਾਂਦੀ ਹੈ ਭਾਵ ਮੱਸਿਆ ਤੱਕ ਦੁੱਧ ਨੂੰ ਜਾਗ ਨਹੀਂ ਲਗਾਇਆ ਜਾਂਦਾ। ਮੱਸਿਆ ਤੋਂ ਬਾਅਦ ਦੁੱਧ ਰਿੜਕਣ ਤੋਂ ਪਹਿਲਾਂ ਘਿਉ ਦਾ ਦੀਵਾ ਜਠੇਰਿਆਂ ਦੇ ਸਥਾਨ ਉੱਤੇ ਜਗਾਇਆ ਜਾਂਦਾ ਹੈ ਕਿਉਂ ਕਿ ਇਹ ਮੰਨਿਆ ਜਾਂਦਾ ਹੈ ਕਿ ਜਠੇਰੇ ਦੀ ਮਿਹਰ ਸਦਕਾ ਸਦਾ ਘਰ ਵਿੱਚ ਲਵੇਰਾ (ਸੱਜਰ ਸੂਇਆ ਪਸ਼ੂ) ਬੱਝਿਆ ਰਹਿੰਦਾ ਹੈ।

ਜਠੇਰਿਆਂ ਦੀ ਪੂਜਾ ਹਾੜ੍ਹ ਮਹੀਨੇ ਦੀ ਪੂਰਨਮਾਸ਼ੀ ਤੋਂ ਮਗਰੋਂ ਆਉਣ ਵਾਲ਼ੇ ਐਤਵਾਰ ਨੂੰ ਕੀਤੀ ਜਾਂਦੀ ਹੈ। ਕੁਝ ਗੋਤਾਂ ਵਿੱਚ ਚੇਤ ਮਹੀਨੇ ਦੀ ਚੌਦੇਂ ਨੂੰ ਜਠੇਰੇ ਦੇ ਸਥਾਨ ਉੱਪਰ ਮਿੱਟੀ ਕੱਢੀ ਜਾਂਦੀ ਹੈ ਜਦੋਂ ਕਿ ਬਹੁਤ ਸਾਰੇ ਗੋਤਾਂ ਵਿਚਲੇ ਪਰਿਵਾਰ ਦੇ ਜਠੇਰਿਆਂ ਦੇ ਸਥਾਨ ਉੱਤੇ ਦੀਵਾਲੀ, ਵਿਸਾਖੀ ਆਦਿ ਤਿਉਹਾਰਾਂ ਦੇ ਮੌਕੇ ਉੱਪਰ ਮਿੱਟੀ ਕੱਢੀ ਜਾਂਦੀ ਹੈ ਅਤੇ ਉਸ ਸਥਾਨ ਦੀ ਪਰਿਕਰਮਾ ਕੀਤੀ ਜਾਂਦੀ ਹੈ। ਜਠੇਰੇ ਦੀ ਕੁੱਲ ਜਾਂ ਬਰਾਦਰੀ ਦੇ ਲੋਕ ਉਚੇਚੇ ਤੌਰ ‘ਤੇ ਦੂਰ-ਦੁਰਾਡੇ ਦੇ ਸਥਾਨਾਂ ਤੋਂ ਆ ਕੇ ਜਠੇਰੇ ਦੀ ਚੌਂਕੀ ਭਰਦੇ ਹਨ। ਜਠੇਰੇ ਦਾ ਪੂਜਾ-ਸਥਾਨ ਆਮ ਤੌਰ ‘ਤੇ ਮੰਦਰਾਂ ਜਾਂ ਗੁਰਦੁਆਰਿਆਂ ਵਾਂਗ ਇੱਕੋ-ਜਿਹਾ ਨਹੀਂ ਹੁੰਦਾ ਬਲਕਿ ਕਿਤੇ ਇਹ ਮਟੀ (ਮਾੜੀ) ਦੇ ਰੂਪ ਵਿੱਚ ਹੁੰਦਾ ਹੈ, ਕਿਤੇ ਥੇਹ ਦੇ ਰੂਪ ਵਿੱਚ ਅਤੇ ਕਿਤੇ-ਕਿਤੇ ਸਮਾਧ ਦੇ ਰੂਪ ਵਿੱਚ। ਪੰਜਾਬ ਵਿੱਚ ‘ਕਾਲ਼ਾ ਮਿਹਰ’ (ਸੰਧੂ ਗੋਤ ਦਾ ਜਠੇਰਾ), ‘ਲਛਮਣ ਸਿੱਧ’ (ਮੱਲ੍ਹੀ ਗੋਤ ਦਾ ਜਠੇਰਾ) ਅਤੇ ‘ਜੋਗੀਪੀਰ’ (ਚਹਿਲ ਜਾਂ ਚਾਹਲ ਗੋਤ ਦਾ ਜਠੇਰਾ) ਪ੍ਰਸਿੱਧ ਜਠੇਰੇ ਹਨ। ਇਉਂ ਜਠੇਰਾ-ਪੂਜਾ ਦਾ ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਮਨੁੱਖ ਸਮਾਜ ਵਿੱਚ ਰਹਿੰਦਿਆਂ ਹੋਇਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਕਿਰਿਆਵਾਂ ਕਰਦਾ ਹੈ। ਸਭਿਆਚਾਰ ਦੇ ਅਧੀਨ ਮਨੁੱਖ ਆਪਣੇ ਰਿਸ਼ਤੇ-ਨਾਤੇ, ਪੂਜਾ ਵਿਧੀ-ਵਿਧਾਨ ਅਤੇ ਮੰਨ-ਮਨੌਤਾਂ ਸਿਰਜਦਾ ਹੈ। ਇਸੇ ਸਿਰਜੇ ਹੋਏ ਪ੍ਰਬੰਧ ਅਧੀਨ ਹੀ ਉਸਦਾ ਮਨ ਸੁਤੇ-ਸਿੱਧ ਹੀ ਆਪਣੇ ਕਿਸੇ ਵੱਡੇ-ਵਡੇਰੇ ਜਾਂ ਜਠੇਰੇ ਦੀ ਮੰਨ-ਮਨੌਤ ਦਾ ਪਾਬੰਦ ਹੋ ਜਾਂਦਾ ਹੈ। ਇਸ ਖੋਜ-ਪ੍ਰਬੰਧ ਵਿੱਚ ਜਠੇਰਾ-ਪੂਜਾ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਅਧਿਆਇ ਅਧੀਨ ਖੋਜ-ਪ੍ਰਬੰਧ ਵਿਚਲੇ ਵਿਸ਼ੇ ਦੇ ਸਿਧਾਂਤਕ ਪਰਿਪੇਖ ਨੂੰ ਉਸਾਰਦੇ ਹੋਏ ਇਸਦੇ ਵਿਭਿੰਨ ਪਹਿਲੂਆਂ ਬਾਰੇ ਅਧਿਐਨ ਕੀਤਾ ਗਿਆ ਹੈ। ਪਾਠ-ਸਮੱਗਰੀ ਦੇ ਅਧਿਐਨ ਤੋਂ ਪਹਿਲਾਂ ਵਿਸ਼ੇ ਦੇ ਸਿਧਾਂਤਕ ਪੱਖ ਨੂੰ ਇੱਕ ਮਜ਼ਬੂਤ ਆਧਾਰ ਵਾਂਗ ਵਿਚਾਰਿਆ ਗਿਆ ਹੈ। ਇਹ ਖੋਜ-ਕਾਰਜ ਨੂੰ ਪਰਿਪੱਕਤਾ ਪ੍ਰਦਾਨ ਕਰਦਾ ਹੈ। ਇਸ ਅਧਿਆਇ ਵਿੱਚ ਲੋਕ-ਧਰਮ ਨੂੰ ਵਿਚਾਰਿਆ ਗਿਆ ਹੈ। ਗੋਤ ਅਤੇ ਜਠੇਰੇ ਦੇ ਅਰਥ ਸਪੱਸ਼ਟ ਕਰਦਿਆਂ ਜਠੇਰਾ ਪੂਜਾ-ਵਿਧੀਆਂ ਬਾਰੇ ਵਿਚਾਰਿਆ ਗਿਆ ਹੈ।

# ਅਧਿਆਇ-ਦੂਜਾ

## ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ

### 2.1 ਜ਼ਿਲ੍ਹਾ ਬਠਿੰਡਾ: ਨਾਮਕਰਨ ਅਤੇ ਇਤਿਹਾਸਕ ਪਿਛੋਕੜ

ਬਠਿੰਡਾ ਪੰਜਾਬ ਦਾ ਇੱਕ ਪ੍ਰਮੁੱਖ ਜ਼ਿਲ੍ਹਾ ਹੈ ਅਤੇ ਇਹ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ ਇੱਕ ਹੈ। 2011 ਦੀ ਜਨਗਣਨਾ ਅਨੁਸਾਰ ਇਸ ਜ਼ਿਲ੍ਹੇ ਦਾ ਖੇਤਰਫ਼ਲ 3353 ਵਰਗ ਕਿਲੋਮੀਟਰ ਹੈ। ਜ਼ਿਕਰਯੋਗ ਹੈ ਕਿ ਖੇਤਰਫ਼ਲ ਪੱਖੋਂ ਇਹ ਪੰਜਾਬ ਵਿੱਚ ਛੇਵਾਂ ਅਤੇ ਆਬਾਦੀ ਪੱਖੋਂ ਨੌਵਾਂ ਵੱਡਾ ਜ਼ਿਲ੍ਹਾ ਹੈ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਆਬਾਦੀ 13,88,525 ਹੈ ਅਤੇ ਜ਼ਿਲ੍ਹੇ ਦੀ ਔਸਤ ਸਾਖਰਤਾ ਦਰ 68.28% ਹੈ ਜਦ ਕਿ ਪੂਰੇ ਪੰਜਾਬ ਸੂਬੇ ਦੀ ਸਾਖਰਤਾ ਦਰ 75.84 ਪ੍ਰਤੀਸ਼ਤ ਹੈ। ਇਹ ਜ਼ਿਲ੍ਹਾ 281 ਪਿੰਡਾਂ ਅਤੇ 12 ਕਸਬਿਆਂ ਨਾਲ਼ ਘਿਰਿਆ ਹੋਇਆ ਹੈ। ਬਠਿੰਡਾ ਜ਼ਿਲ੍ਹੇ ਵਿੱਚ ਤਿੰਨ ਤਹਿਸੀਲਾਂ ਹਨ:- ਬਠਿੰਡਾ, ਰਾਮਪੁਰਾ ਫੂਲ, ਤਲਵੰਡੀ ਸਾਬੋ। ਸਭ ਤੋਂ ਵੱਧ ਆਬਾਦੀ ਵਾਲ਼ੀ ਤਹਿਸੀਲ ਬਠਿੰਡਾ ਹੈ ਜਦ ਕਿ ਤਲਵੰਡੀ ਸਾਬੋ ਤਹਿਸੀਲ ਸਭ ਤੋਂ ਘੱਟ ਅਬਾਦੀ ਵਾਲ਼ੀ ਹੈ। ਪ੍ਰੰਤੂ 2011 ਦੀ ਜਨਗਣਨਾ ਤੋਂ ਬਾਅਦ ਇਸ ਜ਼ਿਲ੍ਹੇ ਦੀਆਂ ਤਹਿਸੀਲਾਂ ਦੀ ਗਿਣਤੀ ਤਿੰਨ ਤੋਂ ਵਧ ਕੇ ਚਾਰ ਹੋ ਗਈ ਹੈ। ਨਵੀਂ ਬਣੀ ਤਹਿਸੀਲ ਦਾ ਨਾਂ 'ਮੌੜ' ਹੈ। ਵਸੋਂ ਘਣਤਾ ਦੀ ਗੱਲ ਕਰੀਏ ਤਾਂ ਇਸ ਜ਼ਿਲ੍ਹੇ ਦੀ ਵਸੋਂ ਘਣਤਾ 414 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਲਿੰਗ ਅਨੁਪਾਤ ਪੱਖੋਂ 1000 ਮਰਦਾਂ ਪਿੱਛੇ 868 ਔਰਤਾਂ ਹਨ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਅੰਦਰ 8 ਸੀ. ਡੀ. ਬਲਾਕ ਹਨ ਜਿਵੇਂ; ਬਠਿੰਡਾ, ਸੰਗਤ, ਨਥਾਣਾ, ਰਾਮਪੁਰਾ, ਫੂਲ, ਮੌੜ, ਭਗਤਾ ਭਾਈ, ਤਲਵੰਡੀ ਸਾਬੋ। ਇਸ ਜ਼ਿਲ੍ਹੇ ਦਾ ਆਬਾਦੀ ਪੱਖੋਂ ਸਭ ਤੋਂ ਵੱਡਾ ਪਿੰਡ 'ਭਾਈ ਰੂਪਾ' ਹੈ ਜਿਸ ਦੀ ਆਬਾਦੀ 14841 ਹੈ। ਬਠਿੰਡਾ ਜ਼ਿਲ੍ਹੇ ਅੰਦਰ 44 ਪਿੰਡ ਅਜਿਹੇ ਹਨ, ਜਿਨ੍ਹਾਂ ਦੀ ਆਬਾਦੀ 5000 ਤੋਂ ਵੱਧ ਹੈ।

ਜ਼ਿਲ੍ਹਾ ਬਠਿੰਡਾ ਉਦਯੋਗਿਕ ਗਤੀਵਿਧੀਆਂ ਦਾ ਧੁਰਾ ਹੈ। ਬਠਿੰਡਾ ਦੀ ਯਾਤਰਾ ਕਰਨਾ ਆਸਾਨ ਹੈ, ਕਿਉਂ ਕਿ ਇਹ ਸ਼ਹਿਰ ਰੇਲ ਅਤੇ ਸੜਕਾਂ ਦੁਆਰਾ ਵਧੀਆ ਤਰੀਕੇ ਨਾਲ਼ ਜੁੜਿਆ ਹੋਇਆ ਹੈ। ਜ਼ਿਲ੍ਹਾ ਬਠਿੰਡਾ ਦਾ 'ਰੇਲਵੇ ਜੰਕਸ਼ਨ' ਦੇਸ਼ ਦੇ ਵੱਡੇ ਰੇਲਵੇ ਜੰਕਸ਼ਨਾਂ ਵਿੱਚੋਂ ਇੱਕ ਹੈ। ਸਿੱਖਾਂ ਦੇ ਪਾਵਨ ਪੰਜਾਂ ਤਖਤਾਂ ਵਿੱਚੋਂ ਇੱਕ ਤਖਤ 'ਤਖਤ ਸ਼੍ਰੀ ਦਮਦਮਾ ਸਾਹਿਬ' ਇਸੇ ਜ਼ਿਲ੍ਹਾ ਬਠਿੰਡਾ ਵਿਖੇ ਸੁਸ਼ੋਭਿਤ ਹੈ। ਕਿਸੇ ਸਮੇਂ ਸਿੱਖਿਆ ਪੱਖੋਂ ਪਛੜੇ ਹੋਏ ਜਾਣੇ ਜਾਂਦੇ ਜ਼ਿਲ੍ਹਾ ਬਠਿੰਡਾ ਨੇ ਵਿੱਦਿਅਕ ਖੇਤਰ ਵਿੱਚ ਇੰਨੀ ਤਰੱਕੀ ਕਰ ਲਈ ਹੈ ਕਿ ਅੱਜਕਲ੍ਹ ਇਸੇ ਜ਼ਿਲ੍ਹੇ ਨੂੰ 'ਸਿੱਖਿਆ ਦੇ ਗੜ੍ਹ' ਵਜੋਂ ਜਾਣਿਆ ਜਾਂਦਾ ਹੈ। ਇਸੇ ਲੜੀ ਤਹਿਤ ਵਿੱਦਿਅਕ ਖੇਤਰ ਵਿੱਚ ਅੱਗੇ ਵਧਣ ਲਈ ਅਤੇ ਉੱਚ ਵਿੱਦਿਆ ਲਈ ਇਸ ਜ਼ਿਲ੍ਹੇ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਰੀਜ਼ਨਲ ਸੈਂਟਰ ਵੀ ਸਥਿਤ ਹੈ। ਇਸ ਤੋਂ ਇਲਾਵਾ ਕਿਲ੍ਹਾ ਮੁਬਾਰਕ, ਮਾਈਸਰਖਾਨਾ ਮੰਦਰ,


ਗੁਰਦੁਆਰਾ ਹਾਜੀ ਰਤਨ, ਥਰਮਲ ਪਲਾਂਟ, ਰੋਜ਼ ਗਾਰਡਨ, ਚੇਤਕ ਪਾਰਕ, ਬਾਹੀਆ ਰਿਜ਼ੋਰਟ ਵੀ ਇਸ ਜ਼ਿਲ੍ਹੇ ਦੇ ਆਕਰਸ਼ਕ ਕੇਂਦਰ ਹਨ।

ਸਭਿਆਚਾਰਕ ਗਤੀਵਿਧੀਆਂ ਦੇ ਕੇਂਦਰ ਇਸ ਜ਼ਿਲ੍ਹਾ ਬਠਿੰਡਾ ਨੇ ਬਲਵੰਤ ਗਾਰਗੀ ਜਿਹੇ ਪ੍ਰਸਿੱਧ ਨਾਟਕਕਾਰ ਅਤੇ ਗੁਰਦਿਆਲ ਸਿੰਘ ਜਿਹੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਗਾਇਕੀ ਦੇ ਖੇਤਰ ਦੀ ਗੱਲ ਕਰੀਏ ਤਾਂ 'ਕਲੀਆਂ ਦੇ ਬਾਦਸ਼ਾਹ' ਵਜੋਂ ਮਸ਼ਹੂਰ ਮਰਹੂਮ ਲੋਕ ਗਾਇਕ ਕੁਲਦੀਪ ਮਾਣਕ, ਪ੍ਰਸਿੱਧ ਲੋਕ ਗਾਇਕ ਹਰਭਜਨ ਮਾਨ, ਗੋਰਾ ਚੱਕ ਵਾਲਾ ਬਠਿੰਡਾ ਜ਼ਿਲ੍ਹੇ ਦੀ ਹੀ ਸ਼ਾਨ ਹਨ। ਫਿਲਮੀ ਜਗਤ ਪੱਖੋਂ ਵੀ ਇਹ ਜ਼ਿਲ੍ਹਾ ਪਿੱਛੇ ਨਹੀਂ ਰਿਹਾ। ਕਿਸੇ ਸਮੇਂ ਹਸਾ-ਹਸਾ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾ ਦੇਣ ਵਾਲੇ ਮਸ਼ਹੂਰ ਕਮੇਡੀ ਕਲਾਕਾਰ ਮਿਹਰ ਮਿੱਤਲ ਨੇ ਬਠਿੰਡਾ ਜ਼ਿਲ੍ਹੇ ਵਿੱਚੋਂ ਉੱਠ ਕੇ ਹੀ ਆਪਣੇ ਫਿਲਮੀ ਕੈਰੀਅਰ ਵੱਲ ਰੁਖ਼ ਕੀਤਾ।

ਬਠਿੰਡਾ ਜ਼ਿਲ੍ਹੇ ਦੀਆਂ ਹੱਦਾਂ ਫ਼ਰੀਦਕੋਟ, ਮੋਗਾ, ਬਰਨਾਲਾ, ਮਾਨਸਾ ਜ਼ਿਲ੍ਹਿਆਂ ਨਾਲ਼ ਲੱਗਦੀਆਂ ਹਨ। ਇਸ ਤੋਂ ਇਲਾਵਾ ਭਾਰਤ ਦਾ ਰਾਜ ਹਰਿਆਣਾ ਇਸ ਜ਼ਿਲ੍ਹੇ ਦਾ ਗੁਆਂਢੀ ਰਾਜ ਹੈ। ਭਾਈ ਕਾਨ੍ਹ ਸਿੰਘ ਨਾਭਾ ਵੀ ਆਪਣੇ *ਮਹਾਨ ਕੋਸ਼* ਵਿੱਚ ਇਸ ਜ਼ਿਲ੍ਹੇ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ:


> ਭਟਿੰਡਾ ਭਟੀਰਾਉ ਰਾਜਪੂਤ ਦਾ ਵਸਾਇਆ ਨਗਰ, ਜਿਸ ਨੇ ਭਟਨੇਰ ਆਬਾਦ ਕੀਤਾ। ਇਸ ਨਗਰ ਦੇ ਪਾਸ ਰਾਜਾ ਬਿਨੈਪਾਲ ਦਾ ਰਚਿਆ ਬਹੁਤ ਉੱਚਾ ਕਿਲ੍ਹਾ ਹੈ ਜਿਸਦੀ ਬੁਲੰਦੀ 118 ਫੁੱਟ ਹੈ। ਬਹੁਤ ਲੇਖਕਾਂ ਨੇ ਇਸ ਨੂੰ ਜੈਪਾਲ ਦੀ ਰਾਜਧਾਨੀ ਵੀ ਲਿਖਿਆ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਨਗਰ ਪਧਾਰੇ ਸਨ। ਇੱਕ ਗੁਰਦੁਆਰਾ ਕਿਲ੍ਹੇ ਦੇ ਅੰਦਰ ਹੈ, ਜਿਸ ਨੂੰ ਰਿਆਸਤ ਪਟਿਆਲਾ ਵੱਲੋਂ 50 ਘੁਮਾਉਂ ਜ਼ਮੀਨ ਹੈ। ਦੂਜਾ ਰਤਨਹਾਜੀ ਦੇ ਮਕਾਨ ਪਾਸ ਹੈ (ਜਿਸ ਥਾਂ ਗੁਰੂ ਸਾਹਿਬ ਦਾ ਕੈਂਪ ਹੈ)। ਇਸ ਗੁਰਦੁਆਰੇ ਨੂੰ 25 ਘੁਮਾਉਂ ਜ਼ਮੀਨ ਹੈ। ਭਟਿੰਡੇ ਦੇ ਰਾਜਾ ਅਮਰ ਸਿੰਘ ਪਟਿਆਲਾਪਤਿ ਨੇ ਸੰਨ 1771 ਵਿੱਚ ਕਬਜ਼ਾ ਕੀਤਾ। ਮਹਾਰਾਜਾ ਕਰਮ ਸਿੰਘ ਨੇ ਭਟਿੰਡੇ ਦੇ ਕਿਲ੍ਹੇ ਦਾ ਨਾਂ ਗੋਬਿੰਦਗੜ੍ਹ ਰੱਖਿਆ। ਭਟਿੰਡੇ ਦਾ ਪੁਰਾਣਾ ਸੰਸਕ੍ਰਿਤ ਨਾਮ ਵਿਕ੍ਰਮਗੜ੍ਹ ਹੈ। (904)

ਇਸ ਤਰ੍ਹਾਂ ਇਹ ਜ਼ਿਲ੍ਹਾ ਪੰਜਾਬ ਦਾ ਇੱਕ ਪੁਰਾਣਾ ਅਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਨਗਰ ਹੈ। ਇਤਿਹਾਸਕ ਮਹੱਤਵ ਤੋਂ ਇਲਾਵਾ ਸਭਿਆਚਾਰਕ ਗਤੀਵਿਧੀਆਂ ਦਾ ਵੀ ਗੜ੍ਹ ਹੈ।


INDIA
PUNJAB
DISTRICT BATHINDA
2011
KM 5 0 5 10 15 20 KM
NUMBER OF C.D. BLOCKS........ 8
NUMBER OF TOWNS ........ 12
NUMBER OF VILLAGES ........ 281
BOUNDARY; STATE
DISTRICT
TAHSIL
C.D.BLOCK
HEADQUARTERS; DISTRICT/TAHSIL /C.D.BLOCK
VILLAGES HAVING 5000 AND ABOVE POPULATION WITH NAME
URBAN AREA WITH POPULATION SIZE: I,II,III,IV,V & VI
NATIONAL HIGHWAY
STATE HIGHWAY
IMPORTANT METALLED ROADS
RAILWAY LINE WITH STATION, BROAD GAUGE
DEGREE COLLEGE
ENGINEERING COLLEGE
HOSPITAL
DISTRICT HEADQUARTERS IS ALSO TAHSIL AND C.D. BLOCK HEADQUARTERS.
C.D.BLOCKS
A - BHAGTA BHAI KA
B - PHUL
C - RAMPURA
D - NATHANA
E - BATHINDA
F - SANGAT
G - TALWANDI SABO
H - MAUR
DISTRICT MOGA
DISTRICT FARIDKOT
DISTRICT BARNALA
DISTRICT MUKTSAR
DISTRICT MANSA
HARYANA
TAHSIL RAMPURA PHUL
TAHSIL BATHINDA
TAHSIL TALWANDI SABO
BATHINDA (M.Corp.)
GONIANA (M.Cl.)
RAMPURA PHUL (M.Cl.)
BHUCHO MANDI (M.Cl.)
KOT FATTA (M.Cl.)
MAUR (M.Cl.)
SANGAT (M.Cl.)
RAMAN (M.Cl.)
TALWANDI SABO (N.P.)
BHAGTA BHAI KA (N.P.)
BHISIANA C.T.
MEHNA C.T.
TO BAGHA PURANA
TO BADHANI KALAN
TO BARNALA
TO MANSA
TO SARDULGARH
TO SIRSA
FROM DABWALI
FROM MALOUT
FROM MUKTSAR
FROM FARIDKOT
FROM JAITU
NH 15
NH 64
SH 16 A
SH 17

## 2.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ, ਪੂਜਾ-ਵਿਧੀਆਂ, ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਸਮੇਂ ਜਿਨ੍ਹਾਂ ਪਿੰਡਾਂ ਦਾ ਖੇਤਰੀ ਸਰਵੇਖਣ ਕੀਤਾ ਗਿਆ ਹੈ ਉਹ ਪਿੰਡ ਹਨ- ਆਕਲੀਆ, ਜਲਾਲ, ਭਗਤਾ ਭਾਈ ਕਾ, ਭਾਈ ਰੂਪਾ, ਭੋਡੀਪੁਰਾ, ਬੁਰਜ ਥਰੋੜ, ਦਿਆਲਪੁਰਾ ਭਾਈ ਕਾ, ਦੁੱਲੇਵਾਲਾ, ਕੋਠਾ ਗੁਰੂ ਕਾ, ਮਲੂਕਾ, ਨਿਉਰ, ਸੇਲਬਰਾ, ਸਿਰੀਏਵਾਲਾ, ਹਾਕਮ ਸਿੰਘ ਵਾਲਾ, ਹਮੀਰਗੜ੍ਹ, ਸਲਾਬਤਪੁਰਾ, ਕਾਂਗੜ, ਰਾਜਗੜ੍ਹ, ਗੁਰੂਸਰ, ਸੁੱਖਾ ਸਿੰਘ ਵਾਲਾ, ਅਮਰਗੜ੍ਹ, ਢੇਲਵਾਂ, ਗੰਗਾ, ਗਿੱਦੜ, ਜੀਦਾ, ਜੰਡਾਂਵਾਲਾ, ਗੋਬਿੰਦਪੁਰਾ (ਹਰਰੰਗਪੁਰਾ), ਭੋਖੜਾ, ਖੇਮੂਆਣਾ, ਖਿਆਲੀਵਾਲਾ, ਕਲਿਆਣ, ਹਰਰਾਏਪੁਰ। ਇਹਨਾਂ ਪਿੰਡਾਂ ਦੇ ਲੋਕਾਂ ਦੇ ਘਰਾਂ ਵਿੱਚ ਅਤੇ ਸੱਥਾਂ ਵਿੱਚ ਜਾ ਕੇ ਪ੍ਰਸ਼ਨੋਤਰੀਆਂ ਰਾਹੀਂ ਇਹ ਸਰਵੇਖਣ ਕੀਤਾ ਗਿਆ। ਇਸ ਖੋਜ ਸਰਵੇਖਣ ਦੌਰਾਨ ਲੋਕਾਂ ਨਾਲ ਗੱਲਬਾਤ ਕਰਨ ਉਪਰੰਤ ਵੱਖ-ਵੱਖ ਨਮੂਨੇ ਪ੍ਰਸ਼ਨੋਤਰੀਆਂ ਦੇ ਰੂਪ ਵਿੱਚ ਪ੍ਰਾਪਤ ਕੀਤੇ ਗਏ ਹਨ। ਇਹ ਨਮੂਨੇ ਖੋਜ-ਕਾਰਜ ਨੂੰ ਆਧਾਰ ਪ੍ਰਦਾਨ ਕਰਦੇ ਹਨ।




ਖੇਤਰੀ ਖੋਜ-ਕਾਰਜ ਦੌਰਾਨ ਵੱਖ-ਵੱਖ ਪਿੰਡਾਂ ਵਿੱਚੋਂ ਇਕੱਤਰ ਕੀਤੇ ਕੁਝ ਨਮੂਨੇ ਅੱਗੇ ਦਿੱਤੇ ਅਨੁਸਾਰ ਹਨ:-

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਸਰਦੂਲ ਸਿੰਘ**

**ਪਿੰਡ ਦਾ ਨਾਂ: ਅਮਰਗੜ੍ਹ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ ਬਰਾੜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਪੰਜੂ/ ਬਾਬਾ ਸਿੱਧੂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਹਿਲਾਂ ਬਾਬਾ ਪੰਜੂ ਤੇ ਫਿਰ ਬਾਬਾ ਸਿੱਧੂ ਦੇ ਮਿੱਟੀ ਕੱਢਦੇ ਹਨ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਪਸ਼ੂ ਖਰਾਬ ਹੁੰਦੇ ਹਨ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕਣਕ, ਗੁੜ, ਦੇਗ, ਪਤਾਸੇ, ਦੁੱਧ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ ਤੇ ਖੀਰ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਤੇ ਮਿੱਟੀ ਕੱਢਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦਸਮੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਬਲਾਹੜ ਵਿੰਝੂ ਪਿੰਡ ਵਿੱਚ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਮਹਿੰਦਰ ਸਿੰਘ**

**ਪਿੰਡ ਦਾ ਨਾਂ: ਮਲੂਕਾ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜਿਮੀਂਦਾਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹਰੀ ਗੋਤ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸੋਹਣ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਦੇ ਖੇਤਾਂ ਵਿੱਚ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਪੁੱਤਰ ਦੀ ਮੌਤ ਹੋ ਗਈ ਸੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਹਿਲਾਂ ਤੋਂ ਹੀ ਰੀਤ ਚੱਲੀ ਆ ਰਹੀ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੁਝ ਵੀ ਨਹੀਂ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੀਵਾਲੀ ਮੌਕੇ ਪੰਜ ਕਾਪੜੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਪੰਜ ਕਾਪੜੀ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੋਈ ਫ਼ਾਇਦਾ ਨਹੀਂ ਹੋਇਆ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਨਿਰਮਲ ਸਿੰਘ**

**ਪਿੰਡ ਦਾ ਨਾਂ: ਸਿਰੀਏਵਾਲਾ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਿਸਤਰੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ ਗੋਤ । |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਕਾਲ਼ਾ ਮਿਹਰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਬੀੜ ਸਿੱਖਾਂ ਵਾਲ਼ਾ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਤਜ਼ਰਬਾ ਦਿਖਾਉਂਦੇ ਹਨ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਕਰਕੇ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ, ਦੁੱਧ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਚੌਦੇਂ-ਮੱਸਿਆ ਨੂੰ ਲੱਸੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਦੀ ਏਕਮ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਦੀ ਏਕਮ ਨੂੰ ਬੀੜ ਸਿੱਖਾਂ ਵਾਲ਼ਾ ਵਿਖੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੰਮ ਵਧੀਆ ਚੱਲ ਰਿਹਾ ਹੈ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਬਾਬੂ ਸਿੰਘ**

**ਪਿੰਡ ਦਾ ਨਾਂ: ਗਿੱਦੜ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਮਾਨ ਗੋਤ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | 40 ਘਰ ਬਾਬਾ ਬੁੱਢਣ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬੋਤੀ ਮਰੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਦਾਦੇ-ਪੜ੍ਹਦਾਦੇ ਮੰਨਦੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਿੱਟਾ ਕੱਪੜਾ, ਡੱਬੀਦਾਰ ਸਾਫ਼ਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਬਾਬੇ ਦੇ ਨਾਮ ਦੇ ਕੱਪੜੇ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕ ਕੇ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਬਲਵਿੰਦਰ ਸਿੰਘ**

**ਪਿੰਡ ਦਾ ਨਾਂ: ਜਲਾਲ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜਿਮੀਂਦਾਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਖੋਸਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਨਾਮ ਨਹੀਂ ਪਤਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਖੋਸਾ ਰਣਧੀਰ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਂ-ਪਿਉ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ, ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਮੇਲੇ 'ਤੇ ਹੀ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮਾਘ ਮਹੀਨੇ ਪਿੰਡ ਖੋਸਾ ਰਣਧੀਰ ਵਿਖੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਜੀਟਣ ਸਿੰਘ (ਨੰਬਰਦਾਰ)**

**ਪਿੰਡ ਦਾ ਨਾਂ: ਆਕਲੀਆ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਗਿੱਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼ਹੀਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਦੇ ਖੇਤਾਂ ਵਿੱਚ ਜਗ੍ਹਾ ਬਣੀ ਹੋਈ ਹੈ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। ਮੱਝ ਨਹੀਂ ਮਿਲਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਰੋਟੀ ਖਵਾਉਂਦੇ ਹਾਂ ਘਰ ਦੇ ਮੁਖੀ ਨੂੰ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੁੱਧ ਤੇ ਲੱਸੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦਸਮੀ ਨੂੰ । |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਜੀ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਗੁਰਚਰਨ ਸਿੰਘ**

**ਪਿੰਡ ਦਾ ਨਾਂ: ਭੋਡੀਪੁਰਾ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਸੱਤਪਾਲ ਸਿੰਘ**

**ਪਿੰਡ ਦਾ ਨਾਂ: ਖੇਮੂਆਣਾ** **ਮਿਤੀ: 12-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਗਰੇਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਜੋਰਾ ਸਿੰਘ**

**ਪਿੰਡ ਦਾ ਨਾਂ: ਭੋਖੜਾ** **ਮਿਤੀ: 12-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਿਸਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਭਰੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਗੁਲਾਬ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮਲੂਕਾ ਪਿੰਡ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬੁਖਾਰ ਹੋ ਜਾਂਦਾ ਹੈ ਅਤੇ ਮਹਿੰ ਨਹੀਂ ਮਿਲਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਰੀਤ ਚੱਲੀ ਆਉਂਦੀ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ ਤੇ ਪਰਨਾ (ਸਾਫ਼ਾ)। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪੰਜ ਕਾਪੜੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਲੱਸੀ ਪਾ ਕੇ ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ਦੀ ਰੋਟੀ ਖਵਾਉਂਦੇ ਹਾਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਪ੍ਰਾਪਤ ਹੁੰਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਕਰਮ ਸਿੰਘ**

**ਪਿੰਡ ਦਾ ਨਾਂ: ਸਲਾਬਤਪੁਰਾ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਧਾਲੀਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਮਹਿਲ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਕਾਂਗੜ ਪਿੰਡ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ, ਪ੍ਰਸ਼ਾਦ, ਦੁੱਧ, ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਸਾਖੀ ‘ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਵਿਸਾਖੀ ਨੂੰ ਮੇਲਾ ਲੱਗਦਾ ਹੈ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਰਾਜਬੱਬਰ ਸਿੰਘ**

**ਪਿੰਡ ਦਾ ਨਾਂ: ਹਰਰਾਏਪੁਰ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰੇ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਟੋਪਰੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਆਤਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਹਰਰਾਏਪੁਰ ਪਿੰਡ ਵਿੱਚ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਦਾਦੇ-ਪੜ੍ਹਦਾਦੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਖ਼ਾਸ ਨਹੀਂ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪੰਜ ਕੱਪੜੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ਤੇ ਵਿਆਹ-ਸ਼ਾਦੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੰਮ ਵਧੀਆ ਚੱਲ ਰਿਹਾ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਹਰਦੇਵ ਸਿੰਘ**

**ਪਿੰਡ ਦਾ ਨਾਂ: ਖਿਆਲੀਵਾਲਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜ�ਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਚਹਿਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਜੋਗੀ ਪੀਰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮਾਨਸਾ ਕੈਂਚੀਆਂ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਵਿਆਹ, ਬੱਚੇ ਅਤੇ ਪਸ਼ੂਆਂ ‘ਚ ਔਕੜ ਆਉਂਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਗੁੜ ਦੀ ਭੇਲੀ, ਕਿਸੇ ਵੀ ਰੰਗ ਦਾ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਚਿਰਾਗ ਲਗਾਉਂਦੇ ਹਾਂ। ਦੇਗ, ਪ੍ਰਸ਼ਾਦ, (ਗੁੜ ਜ਼ਰੂਰੀ)। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | 14 ਭਾਦੋਂ ਅਤੇ ਚੇਤ ਮਹੀਨੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਜਾਂਦੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਰਾਜ ਸਿੰਘ**

**ਪਿੰਡ ਦਾ ਨਾਂ: ਕੋਠਾ ਗੁਰੂ ਕਾ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਖੱਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਉੱਪਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਪਤਾ ਨਹੀਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਖੇਤ ਵਿੱਚ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਔਕੜ ਆਉਂਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਨੁਕਸਾਨ ਹੁੰਦਾ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੰਜ ਕਾਪੜੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਜਾਂਦੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੰਮ-ਕਾਰੋਬਾਰ ਵਧੀਆ ਚੱਲਦਾ ਹੈ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਤੇਜਾ ਸਿੰਘ**

**ਪਿੰਡ ਦਾ ਨਾਂ: ਢੇਲਵਾਂ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਆਦੀਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| 10. ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਅਜੈਬ ਸਿੰਘ**

**ਪਿੰਡ ਦਾ ਨਾਂ: ਜੀਦਾ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੇਖੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਮਲਕੀਤ ਸਿੰਘ**

**ਪਿੰਡ ਦਾ ਨਾਂ: ਸੁੱਖਾ ਸਿੰਘ ਵਾਲਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਢਿੱਲੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਮੰਗਲ ਸਿੰਘ**

**ਪਿੰਡ ਦਾ ਨਾਂ: ਗੰਗਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੂਚ ਜਾਂ ਸੌਂਚ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10. ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਅਜੈਬ ਸਿੰਘ**

**ਪਿੰਡ ਦਾ ਨਾਂ: ਹਰਰੰਗਪੁਰਾ (ਗੋਬਿੰਦਪੁਰਾ)** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਭਗਤੂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਡੇਰਾ ਭਿਆਣਾ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਹੋਈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਭਿਆਣੇ (ਲੋਹੜੀ, ਵਿਸਾਖੀ ਮੌਕੇ)। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਹਰਵਿੰਦਰ ਸਿੰਘ**

**ਪਿੰਡ ਦਾ ਨਾਂ: ਬੁਰਜ ਥਰੋੜ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਸੁਰਜੀਤ ਸਿੰਘ ਸਿੱਧੂ**

**ਪਿੰਡ ਦਾ ਨਾਂ: ਹਾਕਮ ਸਿੰਘ ਵਾਲਾ** **ਮਿਤੀ: 10-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਸ਼ਹੀਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਖੇਤਾਂ ਵਿੱਚ ਮਟੀਆਂ (ਮੜ੍ਹੀਆਂ) ‘ਤੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਹੋਈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ-ਖੀਰ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ‘ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਜਾਂਦੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਗੁਰਚਰਨ ਸਿੰਘ**

**ਪਿੰਡ ਦਾ ਨਾਂ: ਭਗਤਾ ਭਾਈ ਕਾ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼ਹੀਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਚੰਦ ਭਾਨ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਹੋਈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੱਚੀ ਲੱਸੀ, ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਮਹੀਨੇ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਹਰਮੰਦਰ ਸਿੰਘ**

**ਪਿੰਡ ਦਾ ਨਾਂ: ਜੰਡਾਂਵਾਲਾ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ ਬਰਾੜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਦਾਨ ਸਿੰਘ ਵਾਲਾ ਲੱਖੀਸਰ (ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹਨ) । |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਮੇਜਰ ਸਿੰਘ**

**ਪਿੰਡ ਦਾ ਨਾਂ: ਕਾਂਗੜ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਕਾਲਾ ਮਹਿਰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਬੀੜ ਸਿੱਖਾਂ ਵਾਲਾ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਸ਼ਰਾਬ, ਗੁੜ ਦੀ ਭੇਲੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਸ਼ਰਾਬ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ ਅਤੇ ਚੌਂਕੀ ਭਰਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਸਾਲ-ਛਿਮਾਹੀ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਯਾਦ ਨਹੀਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਨਿਸ਼ਾਨ ਸਿੰਘ**

**ਪਿੰਡ ਦਾ ਨਾਂ: ਦਿਆਲਪੁਰਾ ਭਾਈ ਕਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਬਲਜੀਤ ਸਿੰਘ**

**ਪਿੰਡ ਦਾ ਨਾਂ: ਦੁੱਲੇਵਾਲਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕੰਡਿਆਰੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਕੌਰ ਸਿੰਘ**

**ਪਿੰਡ ਦਾ ਨਾਂ: ਨਿਉਰ** **ਮਿਤੀ: 09-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼ਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਘਾਰੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਸ਼ਹੀਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕਿਸੇ ਵੀ ਰੰਗ ਦਾ ਕੱਪੜਾ ਤੇ ਪੀਲਾ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਲੱਡੂ, ਪੀਲੇ ਰੰਗ ਦੇ ਚਾਵਲ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਮਾਘ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਭਗਤਾ ਭਾਈ ਕਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਹੁਤ ਸਾਰੀਆਂ ਬਰਕਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਕਮਲਜੀਤ ਸਿੰਘ**

**ਪਿੰਡ ਦਾ ਨਾਂ: ਭਾਈ ਰੂਪਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਜਪੂਤ (ਠਾਕਰ)। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਚੌਹਾਨ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸੋਹਨ ਲਾਲ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਘਰ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨੁਕਸਾਨ ਹੁੰਦਾ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਖੀਰ, ਪ੍ਰਸ਼ਾਦ, ਚਿੱਟੇ ਰੰਗ ਦਾ ਕੱਪੜਾ, ਕੱਚੀ ਲੱਸੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਚਿੱਟੇ ਰੰਗ ਦਾ ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਜੋਗਿੰਦਰ ਸਿੰਘ**

**ਪਿੰਡ ਦਾ ਨਾਂ: ਹਮੀਰਗੜ੍ਹ** **ਮਿਤੀ: 11-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਜਟਾਣਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਫੂਲ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਫੂਲ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੇਸਰੀ ਰੰਗ ਦਾ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੇਗ-ਪਤਾਸੇ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਤੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | 1 ਹਾੜ ਨੂੰ ਬਾਬੇ ਫੂਲ ਦਾ ਮੇਲਾ ਫੂਲ ਵਿਖੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਸਭ ਕੁਝ ਹੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਦਲਜੀਤ ਸਿੰਘ**

**ਪਿੰਡ ਦਾ ਨਾਂ: ਗੁਰੂਸਰ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਿਸਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਨੰਨ੍ਹੜੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਨਿਰਮਲ ਸਿੰਘ**

**ਪਿੰਡ ਦਾ ਨਾਂ: ਸੇਲਬਰਾ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਬਾਠ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਹਰਨੇਕ ਸਿੰਘ**

**ਪਿੰਡ ਦਾ ਨਾਂ: ਰਾਜਗੜ੍ਹ** **ਮਿਤੀ: 13-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸ਼ੇਰਗਿੱਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਬਠਿੰਡਾ** **ਸੂਚਕ ਦਾ ਨਾਂ: ਬੇਅੰਤ ਸਿੰਘ**

**ਪਿੰਡ ਦਾ ਨਾਂ: ਕਲਿਆਣ** **ਮਿਤੀ: 13–06–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ ਬਰਾੜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਦਰਵੇਸ਼ (ਸਿੱਧ ਤਿਲਕ ਰਾਉ)। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮਾਣੂ ਕੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਮਠਿਆਈ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦਸਮੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਪਿੰਡ ਬਲਾਹੜ ਵਿੰਝੂ ਵਿਖੇ ਸਿੱਧ ਤਿਲਕ ਰਾਉ ਦਾ ਮੇਲਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## 2.3 ਪ੍ਰਮੁੱਖ ਗੋਤ ਅਤੇ ਜਠੇਰੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ, ਪੂਜਾ-ਵਿਧੀਆਂ, ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਸਮੇਂ ਇਸ ਅਧਿਆਇ ਵਿੱਚ ਕੁੱਲ 141 (ਇੱਕ ਸੌ ਇਕਤਾਲੀ) ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਇਹਨਾਂ ਪ੍ਰਮੁੱਖ ਗੋਤਾਂ ਅਤੇ ਇਹਨਾਂ ਦੇ ਜਠੇਰਿਆਂ ਜਾਂ ਵੱਡੇ-ਵਡੇਰਿਆਂ ਬਾਰੇ ਵਰਣਨ ਨਿਮਨ-ਲਿਖਤ ਅਨੁਸਾਰ ਹੈ:-

### ਗੋਤ:

**ਅਰਥ ਅਤੇ ਪਰਿਭਾਸ਼ਾ-** ਗੋਤਾਂ ਅਤੇ ਜਠੇਰਿਆਂ ਸੰਬੰਧੀ ਖੋਜ-ਕਾਰਜ ਆਰੰਭ ਕਰਨ ਤੋਂ ਪਹਿਲਾਂ ਇਹਨਾਂ ਦੇ ਅਰਥ ਸਪੱਸ਼ਟ ਕਰਨਾ ਜ਼ਰੂਰੀ ਹੈ।

ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਸਿਵਲ ਮਿਲਟਰੀ ਗਜ਼ਟ, ਜਿਲਦ ਦੂਜੀ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਜਦੋਂ ਕੋਈ ਵੀ ਗੋਤਰ ਇੱਕ ਥਾਂ ਵਸੇਬਾ ਕਰਦਾ ਤਾਂ ਆਪਣੇ ਪਿੰਡ, ਸ਼ਹਿਰ ਜਾਂ ਅਬਾਦੀ ਦਾ ਨਾਉਂ ਆਪਣੀ ਜਾਤ, ਗੋਤ ਦੇ ਨਾਉਂ 'ਤੇ ਰੱਖ ਦਿੰਦਾ ਹੈ। ਏਸ਼ੀਆ ਵਿੱਚ ਕਈਆਂ ਦੇਸ਼ਾਂ ਦੇ ਨਾਮ ਉਥੇ ਵਸਣ ਵਾਲੀਆਂ ਕੌਮਾਂ ਜਾਂ ਜਾਤਾਂ ਨੇ ਆਪਣੇ ਨਾਉਂ ਉਤੇ ਰਖ ਲਏ ਹਨ ਜਿਵੇਂ ਬਲੋਚਸਤਾਨ (ਪਾਕਿਸਤਾਨ ਵਿੱਚ), ਤੁਰਕਸਤਾਨ, ਅਫਗਾਨਿਸਤਾਨ ਆਦਿ। ਸਿਆਮ ਦਾ ਨਾਂ ਬਦਲ ਕੇ ਕਈ ਥਾਈ ਲੋਕਾਂ ਨੇ ਥਾਈਲੈਂਡ ਰੱਖ ਦਿੱਤਾ ਹੈ। ਨੇਪਾਲ ਇੱਕ ਰਾਜਪੂਤ ਜਾਤੀ ਹੈ ਜਿਸ ਦੇ ਨਾਉਂ ਉੱਤੇ ਦੇਸ਼ ਦਾ ਨਾਮ ਵੀ ਨੇਪਾਲ ਰੱਖਿਆ ਗਿਆ। (48)

ਪੰਜਾਬ ਵਿੱਚ ਕਾਫ਼ੀ ਪਿੰਡਾਂ ਜਾਂ ਸ਼ਹਿਰਾਂ ਦੇ ਨਾਂ ਉੱਥੇ ਵਸਦੀਆਂ ਜਾਤਾਂ ਜਾਂ ਗੋਤਾਂ ਦੇ ਅਨੁਸਾਰ ਹੀ ਰੱਖੇ ਗਏ ਹਨ। ਉਦਾਹਰਣ ਵਜੋਂ ਜ਼ਿਲ੍ਹਾ ਫ਼ਰੀਦਕੋਟ ਦਾ ਪਿੰਡ ਔਲਖ, ਜ਼ਿਲ੍ਹਾ ਮੋਗਾ ਵਿਚਲੇ ਪਿੰਡ ਬੁੱਟਰ, ਬਹਿਣੀਵਾਲ, ਖੋਸਾ ਕੋਟਲਾ, ਖੋਸਾ ਪਾਂਡੋ, ਖੋਸਾ ਰਣਧੀਰ ਆਦਿ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੋਤ ਕਿਸੇ ਪੂਰਵਜ ਜਾਂ ਕਿਸੇ ਵੱਡੇ-ਵਡੇਰੇ ਦੇ ਨਾਂ 'ਤੇ ਰੱਖਿਅ ਗਿਆ ਹੁੰਦਾ ਹੈ। ਕੁਝ ਗੋਤ ਆਪਣੇ ਪੂਰਵਜ ਜਾਂ ਕਿਸੇ ਪਸ਼ੂ, ਵਸਤੂ, ਟੋਟਮ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਕਈ ਗੋਤਾਂ ਦੇ ਨਾਂ ਪੂਰਵਜਾਂ ਅਤੇ ਨਿਤਾ-ਪ੍ਰਤੀ ਦੇ ਕਾਰ-ਵਿਹਾਰ ਨਾਲ਼ ਵੀ ਸੰਬੰਧਿਤ ਹਨ। ਮਿਸਾਲ ਵਜੋਂ ਨਾਗਪਾਲ, ਕਸਤੂਰੀਆ ਆਦਿ।

ਜਦੋਂ ਕੋਈ ਦੇਸ਼/ਸਮੂਹ ਪਸ਼ੂ ਜਗਤ ਜਾਂ ਵਸਤੂ ਜਗਤ ਵਿੱਚੋਂ ਕਿਸੇ ਇੱਕ ਨਾਲ਼ ਆਪਣੇ ਪੂਰਵਜਾਂ ਜਾਂ ਵਡੇਰਿਆਂ ਦਾ ਸੰਬੰਧ ਜੋੜ ਲੈਂਦਾ ਹੈ ਤਾਂ ਉਹ ਪਸ਼ੂ ਜਾਂ ਵਸਤੂ ਉਸ ਸਮੂਹ ਲਈ ਖਾਸ ਅਹਿਮੀਅਤ ਰੱਖਣ ਲੱਗ ਪੈਂਦੀ ਹੈ ਤੇ ਉਸ ਨੂੰ ਦੇਵਤੇ ਸਮਾਨ ਮਾਣ ਦਿੱਤਾ ਜਾਂਦਾ ਹੈ। ਫਿਰ ਉਸ ਵਸਤੂ ਨੂੰ ਖਾਇਆ ਜਾਂ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ। ਇਸ ਦੀ ਰੱਖਿਆ ਕਰਨ ਜਾਂ ਨੁਕਸਾਨ ਨਾ ਪਹੁੰਚਾਉਣ ਦੀ ਰੁਚੀ ਨੂੰ 'ਟੋਟਮ' ਕਹਿੰਦੇ ਹਨ। ਟੋਟਮ ਇੱਕ ਤਰ੍ਹਾਂ ਦਾ ਇੱਕ ਗੋਤ ਚਿੰਨ੍ਹ ਹੁੰਦਾ ਹੈ ਜਿਵੇਂ:- ਇੱਕ ਗੋਤ ਦੇ ਬੰਦਿਆਂ ਦਾ ਆਪਸ ਵਿੱਚ ਲਹੂ ਦਾ ਰਿਸ਼ਤਾ ਹੁੰਦਾ ਹੈ। ਇਸ ਲਈ ਆਮ ਤੌਰ 'ਤੇ ਗੋਤ ਤੋਂ ਬਾਹਰ ਵਿਆਹ ਪ੍ਰਚੱਲਿਤ ਹਨ। ਕੁਝ ਗੋਤਾਂ ਵਿੱਚ ਦੋ ਅਤੇ ਕੁਝ ਵਿੱਚ ਚਾਰ ਗੋਤਾਂ ਵਿੱਚ ਵਿਆਹ ਕਰਨ ਦੀ ਮਨਾਹੀ ਹੈ। ਜੇਕਰ ਗੋਤ ਦੇ ਅੰਦਰ ਵਿਆਹ ਹੋ ਵੀ ਜਾਵੇ ਤਾਂ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਸਮਾਜ ਵੱਲੋਂ ਦਿੱਤੇ ਜਾਂਦੇ ਤਾਹਨੇ-ਮਿਹਣਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਜੋ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ। ਅਜਿਹਾ ਜ਼ਿਆਦਾਤਰ ਤੌਰ 'ਤੇ ਪ੍ਰੇਮ ਵਿਆਹ ਵਿੱਚ ਦੇਖਣ-ਸੁਣਨ ਨੂੰ ਮਿਲਦਾ ਹੈ।

**ਜਠੇਰੇ: ਅਰਥ ਅਤੇ ਪਰਿਭਾਸ਼ਾ-** ਜਠੇਰੇ ਸ਼ਬਦ ਦਾ ਮੂਲ ਅਰਥ 'ਜੇਠਾ' ਹੈ। ਜਠੇਰੇ ਨੂੰ ਵੱਡੇ-ਵਡੇਰੇ ਵੀ ਕਿਹਾ ਜਾਂਦਾ ਹੈ। ਪਿੰਡਾਂ ਵਿੱਚ ਪਿੱਤਰ-ਪੂਜਾ ਵਿੱਚ ਸਭ ਤੋਂ ਵਧੇਰੇ ਪੂਜਾ ਜਠੇਰਿਆਂ ਦੀ ਕੀਤੀ ਜਾਂਦੀ ਹੈ। ਜਠੇਰਿਆਂ ਦੀ ਪੂਜਾ ਜਠੇਰੇ ਦੇ ਸਮਾਨ ਗੋਤ ਵਾਲ਼ਿਆਂ ਵੱਲੋਂ ਕੀਤੀ ਜਾਂਦੀ ਹੈ। ਪਿੰਡ ਦੀ ਵਸੋਂ ਦਾ ਜ਼ਿਆਦਾਤਰ ਭਾਗ ਇੱਕੋ ਹੀ ਗੋਤ ਨਾਲ਼ ਸੰਬੰਧਿਤ ਹੁੰਦਾ ਹੈ ਜੋ ਕਿ ਇੱਕ ਵੱਡ-ਵਡੇਰੇ ਦਾ ਵੰਸ਼ ਹੁੰਦਾ ਹੈ। ਇਸ ਤਰ੍ਹਾਂ ਇੱਕ ਵਡੇਰਾ ਪਿੰਡ ਦਾ ਜਠੇਰਾ ਹੁੰਦਾ ਹੈ ਜਿਸਦੀ ਪੂਜਾ ਪਿੰਡ ਕਰਦਾ ਹੈ। ਉਹ ਵਡੇਰਾ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ, ਜੋ ਉਸੇ ਗੋਤ ਦਾ ਮੋਢੀ ਹੁੰਦਾ ਸੀ ਜਾਂ ਉਹ ਸ਼ਹੀਦ ਹੋ ਗਿਆ ਸੀ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ (ਗੋਤਾਂ ਸਮੇਤ)* ਵਿੱਚ ਜਠੇਰੇ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਹਿੰਦੂ ਅਤੇ ਸਿੱਖ ਜੱਟਾਂ ਵਿੱਚ, ਖਾਸ ਤੌਰ 'ਤੇ ਉੱਤਰ ਕੇਂਦਰ ਅਤੇ ਕੇਂਦਰੀ ਇਲਾਕਿਆਂ ਵਿੱਚ, ਇੱਕ ਵਡਾਰੂ ਦੀ ਪੂਜਾ ਕੀਤੀ ਜਾਂਦੀ ਹੈ, ਉਸ ਨੂੰ ਜਠੇਰਾ ਕਹਿੰਦੇ ਹਨ ਜੋ ਕਿ ਆਮ ਹੀ ਹਨ। ਜਠੇਰੇ ਦਾ ਸਥਾਨ ਜਾਂ ਥਾਂ ਪਿੰਡ ਦੇ ਇੱਕ ਪਾਸੇ ਹੁੰਦੀ ਹੈ ਅਤੇ ਕਿਸੇ ਬਜ਼ੁਰਗ ਦੀ ਯਾਦ ਵਿੱਚ ਹੀ ਬਣਾਈ ਹੁੰਦੀ ਹੈ, ਜੋ ਜਾਂ ਤਾਂ ਕਦੇ ਸ਼ਹੀਦ ਹੋ ਗਿਆ ਸੀ, ਜਾਂ ਫਿਰ ਕੋਈ ਮਹੱਤਵਪੂਰਨ ਮਨੁੱਖ ਸੀ। ਇਹ ਸਥਾਨ ਮਿੱਟੀ ਦੇ ਇੱਕ ਉੱਚੇ ਟਿੱਲੇ ਉੱਤੋਂ ਸਪੱਸ਼ਟ ਦਿਸਦਾ ਹੈ, ਜਾਂ ਪੱਕੀ ਸਮਾਧ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਿ ਇਸੇ ਨੂੰ ਹੀ ਜਠੇਰੇ ਵਜੋਂ ਨਾਮ ਦਿੱਤਾ ਗਿਆ ਹੋਵੇ ਅਤੇ ਆਮ ਤੌਰ 'ਤੇ ਇਹ ਹੈ ਵੀ। ਉਹ ਵਡੇਰਾ ਹੀ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ, ਜੋ ਉਸੇ ਗੋਤ ਦਾ ਮੋਢੀ ਹੁੰਦਾ ਸੀ ਜਾਂ ਉਹ ਸ਼ਹੀਦ ਹੋ ਗਿਆ ਸੀ। (47)

ਡਾ. ਵਣਜਾਰਾ ਬੇਦੀ *ਲੋਕਧਾਰਾ ਵਿਸ਼ਵ ਕੋਸ਼, ਜਿਲਦ ਸੱਤਵੀਂ* ਵਿੱਚ ਜਠੇਰੇ ਸੰਬੰਧੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ, "ਜਠੇਰਾ ਕਿਸੇ ਕੁੱਲ ਕੁਟੰਬ ਦਾ ਕੋਈ ਮਰ ਚੁੱਕਾ ਬਜ਼ੁਰਗ ਹੁੰਦਾ ਹੈ ਜਿਸ ਨੂੰ ਕੁੱਲ-ਕੁਟੰਬ ਵਿੱਚ

ਬੜੀ ਮਾਨਤਾ ਪ੍ਰਾਪਤ ਹੁੰਦੀ ਹੈ। ਉਸ ਦੀ ਵੰਸ਼ ਦਾ ਭਾਈਚਾਰਾ ਵਿਆਹ-ਸ਼ਾਦੀ ਅਤੇ ਹੋਰ ਮੰਗਲ ਸਮਾਗਮਾਂ ਵੇਲੇ ਉਸ ਨੂੰ ਪੂਜਦਾ ਹੈ।" (1377)

ਡਾ. ਜੀਤ ਸਿੰਘ ਜੋਸ਼ੀ ਦੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਅਨੁਸਾਰ:

> ਮੋਇਆਂ ਦੀ ਪੂਜਾ ਕਰਨ ਦੀ ਪ੍ਰਥਾ ਵਿਸ਼ਵ ਵਿਆਪੀ ਹੈ। ਲੋਕ-ਧਰਮ ਦੇ ਖੇਤਰ ਵਿੱਚ ਦੇਵੀ-ਦੇਵਤੇ ਸਰਬ-ਵਿਆਪਕ ਹੋਂਦ ਦੇ ਧਾਰਨੀ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਦੀ ਹੋਂਦ ਹਰ ਥਾਂ ਵਿਆਪਕ ਹੁੰਦੀ ਹੈ, ਪ੍ਰੰਤੂ ਇਹਨਾਂ ਵਿੱਚੋਂ ਕੁਝ ਅਜਿਹੇ ਦੇਵਤੇ ਵੀ ਹੁੰਦੇ ਹਨ, ਜਿਹੜੇ ਕੇਵਲ ਸਥਾਨਕ ਪੱਧਰ ਉੱਤੇ ਪੂਜੇ ਜਾਂਦੇ ਹਨ। ਪੂਜਾ ਪ੍ਰਤਿਸ਼ਠਾ ਹੋਣ ਕਾਰਨ ਇਹਨਾਂ ਦਾ ਰੁਤਬਾ ਵੀ ਦੇਵ-ਪੁਰਸ਼ਾਂ ਸਮਾਨ ਹੁੰਦਾ ਹੈ। ਸਥਾਨਕ ਭਾਸ਼ਾ ਵਿੱਚ ਇਨ੍ਹਾਂ ਨੂੰ ਪਿਤਰ ਪੂਜਾ ਜਾਂ ਜਠੇਰਿਆਂ ਦੀ ਪੂਜਾ ਵੀ ਕਿਹਾ ਜਾਂਦਾ ਹੈ। ਹਰੇਕ ਧਰਮ ਤੇ ਜਾਤੀ ਵਿੱਚ ਮੋਇਆਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਪੂਜਾ ਹੁੰਦੀ ਰਹੀ ਹੈ। ਜਠੇਰਿਆਂ ਦੀ ਪੂਜਾ ਪਿਤਰ ਪੂਜਾ ਦਾ ਹੀ ਇੱਕ ਸਰੂਪ ਹੈ। (88)

ਕਿਸੇ ਕੁੱਲ-ਕੁਟੰਬ ਦੇ ਵੱਡੇ-ਵਡੇਰੇ ਜਾਂ ਪਿੱਤਰਾਂ ਨੂੰ ਪਰਿਭਾਸ਼ਿਤ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿੱਚ ਲਿਖਿਆ ਹੈ, "ਜਠੇਰੇ ਦੇ ਕੋਸ਼ਗਤ ਅਰਥ ਹਨ: ਵੱਡਾ, ਜੇਠਾ।" (502)

ਇਸੇ ਤਰ੍ਹਾਂ ਡਾ. ਜੀਤ ਸਿੰਘ ਜੋਸ਼ੀ ਨੇ ਵੀ ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਆਪਣੀ ਪੁਸਤਕ *ਲੋਕ ਕਲਾ ਅਤੇ ਸਭਿਆਚਾਰ* ਵਿੱਚ ਜਠੇਰੇ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, "ਜਠੇਰਾ ਦਾ ਅਰਥ ਹੈ ਵਡਿੱਕਾ ਜਾਂ ਵਡੇਰਾ।" (90)

ਵੇਖਿਆ ਜਾਵੇ ਤਾਂ ਹਰੇਕ ਜਾਤ, ਗੋਤ, ਕਬੀਲੇ ਤੇ ਪਿੰਡ ਦੇ ਲੋਕ ਆਪਣੀਆਂ ਸੋਚਾਂ, ਧਾਰਨਾਵਾਂ, ਭਾਵਕ ਅਤੇ ਬੌਧਿਕ ਪਸਾਰਾਂ ਅਨੁਸਾਰ ਕਈ ਤਰ੍ਹਾਂ ਦੇ ਨਿੱਕੇ-ਵੱਡੇ ਰੱਬ ਸਿਰਜਦੇ ਅਤੇ ਉਸਨੂੰ ਪਤਿਆਉਂਦੇ ਹਨ। ਪਿਤਰ-ਪੂਜਾ ਕਿਸੇ ਨਾ ਕਿਸੇ ਸਮੇਂ ਸਮਾਜ ਦੇ ਹਰ ਜਾਤ, ਕਬੀਲੇ ਵਿੱਚ ਪ੍ਰਚੱਲਿਤ ਰਹੀ ਅਤੇ ਇਹ ਧਰਮ ਦੀ ਸਭ ਤੋਂ ਹੇਠਲੀ ਬੁਨਿਆਦ ਮੰਨੀ ਜਾ ਸਕਦੀ ਹੈ। ਇਸੇ ਲਈ ਪਿਤਰ-ਪੂਜਾ ਮਾਨਵ ਜਾਤੀ ਦੀਆਂ ਵੱਡੀਆਂ ਸ਼ਾਖਾਵਾਂ ਵਿੱਚੋਂ ਇੱਕ ਹੈ। ਪਿਤਰ-ਪੂਜਾ ਉਸ ਸਮੇਂ ਤੋਂ ਹੀ ਪ੍ਰਚੱਲਿਤ ਰਹੀ ਹੈ ਜਦੋਂ ਹਾਲੇ ਮਨੁੱਖ ਦਾ ਗਿਆਨ ਆਪਣੇ ਕੁੱਲ-ਕਬੀਲੇ ਤੋਂ ਬਾਹਰ ਨਹੀਂ ਸੀ। ਸਮੂਹਿਕ ਚੇਤਨਾ ਪੈਦਾ ਹੋਣ ਉਪਰੰਤ ਹੀ ਵੱਡੇ ਦੇਵ-ਪੁਰਸ਼ਾਂ ਦਾ ਸੰਕਲਪ ਦਿਵਾਇਆ ਗਿਆ। ਪਿਤਰ-ਪੂਜਾ ਵੱਡੇ-ਵਡੇਰਿਆਂ ਜਾਂ ਆਪਣੇ ਪੁਰਖਿਆਂ ਦੀ ਪੂਜਾ ਹੁੰਦੀ ਹੈ। ਇਹ ਪੂਜਾ ਮਾਨਵ-ਜਾਤੀ ਦਾ ਇੱਕ ਸਹਿਜ-ਕਰਮ ਹੈ। ਸ੍ਰਿਸ਼ਟੀ ਅੰਦਰ ਮਾਤਾ-ਪਿਤਾ ਜਾਂ ਬਜ਼ੁਰਗਾਂ ਦਾ ਦਰਜਾ ਸਭ ਤੋਂ ਉੱਚਾ ਅਤੇ ਆਦਰਯੋਗ ਰਿਹਾ ਹੈ। ਸਮੁੱਚੇ ਪਰਿਵਾਰ ਦੇ ਸਿਰ 'ਤੇ ਬਜ਼ੁਰਗਾਂ ਦਾ ਹੱਥ ਹੁੰਦਾ ਹੈ। ਉਹਨਾਂ ਦੇ ਨਾਮ ਉੱਤੇ ਹੀ ਸਮੁੱਚੇ ਕੁਟੰਬ-ਕਬੀਲੇ ਦੀ ਹੋਂਦ ਜੁੜੀ ਹੁੰਦੀ ਹੈ। ਕੁੱਲ ਦਾ ਵਡੇਰਾ ਆਪਣੀ ਸੰਤਾਨ ਦੀ ਖੁਸ਼ੀ ਚਾਹੁੰਦਾ ਹੈ ਅਤੇ ਅਸ਼ੀਰਵਾਦ ਦੇ ਰੂਪ ਵਿੱਚ ਸੰਤਾਨ 'ਤੇ ਬਖਸ਼ਿਸ਼ ਕਰਦਾ ਹੈ। ਜਦੋਂ ਉਹ

ਆਦਰਯੋਗ ਪੁਰਸ਼ ਇਸ ਸਮਾਜ ਤੋਂ ਚਲਾ ਜਾਂਦਾ ਹੈ ਤਾਂ ਉਹ ਪ੍ਰਲੋਕ ਵਿੱਚ ਜਾ ਕੇ ਹੋਰ ਵੀ ਵਧੇਰੇ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ।

ਲੋਕ ਨਿਸ਼ਚੇ ਅਨੁਸਾਰ ਮੋਏ ਪੁਰਸ਼ ਅੰਦਰ ਪਹਿਲਾਂ ਨਾਲ਼ੋਂ ਕਿਤੇ ਜ਼ਿਆਦਾ ਸ਼ਕਤੀ ਹੁੰਦੀ ਹੈ। ਇਹਨਾਂ ਦੈਵੀ ਸ਼ਕਤੀਆਂ ਕਾਰਨ ਹੀ ਉਹ ਆਪਣੇ ਕੁੱਲ-ਕੁਟੰਬ ਦੀ ਰੱਖਿਆ ਅਤੇ ਸੰਭਾਲ ਪਹਿਲਾਂ ਨਾਲ਼ੋਂ ਵੀ ਵਧੇਰੇ ਸਮਰੱਥਾ ਨਾਲ਼ ਕਰਦਾ ਹੈ। ਇਸ ਲਈ ਮੋਏ ਬਜ਼ੁਰਗਾਂ ਪ੍ਰਤੀ ਆਦਰ-ਭਾਵ ਜਾਂ ਉਹਨਾਂ ਪ੍ਰਤੀ ਸ਼ਰਧਾ-ਭਾਵ ਪ੍ਰਗਟ ਕਰਨੇ ਮਨੁੱਖ ਦਾ ਸੁਭਾਵਿਕ ਕਰਮ ਰਿਹਾ ਹੈ।

ਮੌਤ ਉਪਰੰਤ ਜਦੋਂ ਵਿਅਕਤੀ ਦਾ ਸਰੀਰ ਜੜ੍ਹ ਹੋ ਜਾਂਦਾ ਹੈ ਤਾਂ ਉਸ ਦੇ ਸਰੀਰ ਨੂੰ ਜਾਂ ਤਾਂ ਦੱਬ ਦਿੱਤਾ ਜਾਂਦਾ ਹੈ ਜਾਂ ਜਲ-ਪ੍ਰਵਾਹ ਕੀਤਾ ਜਾਂਦਾ ਹੈ, ਜਾਂ ਫਿਰ ਅਗਨੀ ਭੇਟ ਕਰਕੇ ਸਾੜ ਦਿੱਤਾ ਜਾਂਦਾ ਹੈ। ਪ੍ਰੰਤੂ ਸਰੀਰ ਦੇ ਨਸ਼ਟ ਹੋ ਜਾਣ ਉਪਰੰਤ ਵੀ ਲੋਕ-ਨਿਸਚੇ ਅਨੁਸਾਰ ਉਸਦਾ ਆਤਮ-ਤੱਤ ਕੁੱਲ-ਕਬੀਲੇ ਨੂੰ ਅਨੇਕ ਢੰਗਾਂ ਨਾਲ਼ ਪ੍ਰਭਾਵਿਤ ਕਰਦਾ ਹੈ। ਡਾ. ਜੀਤ ਸਿੰਘ ਜੋਸ਼ੀ ਲਿਖਦੇ ਹਨ, "ਸਥਾਨਕ ਪੱਧਰ 'ਤੇ ਸਭ ਤੋਂ ਵੱਧ ਮਾਨਤਾ ਜਠੇਰੇ ਨੂੰ ਪ੍ਰਾਪਤ ਹੁੰਦੀ ਹੈ। ਜਠੇਰੇ ਉਂਝ ਤਾਂ ਅਨੇਕ ਜਾਤੀਆਂ ਵਿੱਚ ਪੂਜੇ ਜਾਂਦੇ ਹਨ, ਪ੍ਰੰਤੂ ਜੱਟਾਂ ਵਿੱਚ ਜਠੇਰੇ ਦੀ ਪੂਜਾ ਵਧੇਰੇ ਰਹੀ ਹੈ।" (ਲੋਕ ਕਲਾ ਅਤੇ ਸਭਿਆਚਾਰ 90)

ਪੰਜਾਬ ਦੇ ਪਿੰਡਾਂ ਵਿੱਚ ਵਸਦੇ ਲੋਕ ਅਕਸਰ ਇੱਕ ਵਡੇਰੇ ਦੀ ਅੰਸ਼ ਜਾਂ ਔਲਾਦ ਹੁੰਦੇ ਹਨ ਅਤੇ ਜਠੇਰਾ ਹੀ ਉਸ ਪਿੰਡ ਦਾ ਪ੍ਰਧਾਨ ਪਿਤਰ ਹੁੰਦਾ ਹੈ। ਸਾਰਾ ਪਿੰਡ ਉਸ ਜਠੇਰੇ ਦੀ ਪੂਜਾ ਕਰਦਾ ਹੈ। ਪਿੰਡ ਦਾ ਕੋਈ ਵੀ ਵਿਅਕਤੀ ਜਦੋਂ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਕਿਧਰੇ ਹੋਰ ਵਸ ਜਾਂਦਾ ਹੈ ਤਾਂ ਉਹ ਨਿਸਚਿਤ ਤਿਉਹਾਰ 'ਤੇ ਜਠੇਰੇ ਦੀ ਪੂਜਾ ਲਈ ਪਰਿਵਾਰ ਸਮੇਤ ਪਹੁੰਚਦਾ ਹੈ ਜਾਂ ਫਿਰ ਬਹੁਤ ਸਾਰੇ ਘਰ ਜਦੋਂ ਇਕੱਠੇ ਹੋ ਜਾਂਦੇ ਹਨ ਤਾਂ ਉਹ ਜਠੇਰੇ ਦੇ ਮੂਲ ਅਸਥਾਨ ਤੋਂ ਇੱਟ ਤੇ ਹੋਰ ਸਮੱਗਰੀ ਲੈ ਜਾ ਕੇ ਉਸ ਦੀ ਥਾਂ 'ਤੇ ਜਠੇਰੇ ਦੀ ਪੂਜਾ ਆਰੰਭ ਕਰ ਦਿੰਦੇ ਹਨ। ਇਸ ਤਰ੍ਹਾਂ ਜਠੇਰੇ ਦੀ ਪੂਜਾ ਦਾ ਵਿਸਥਾਰ ਹੁੰਦਾ ਰਹਿੰਦਾ ਹੈ।

**ਗੋਤ ਅਤੇ ਜਠੇਰੇ ਵਿੱਚ ਸਮਾਨਤਾਵਾਂ ਤੇ ਵੱਖਰਤਾਵਾਂ:** ਗੋਤ ਅਤੇ ਜਠੇਰੇ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਗੋਤ ਤੋਂ ਹੀ ਜਠੇਰਾ-ਪੂਜਾ ਦਾ ਆਰੰਭ ਹੰਦਾ ਹੈ ਕਿਉਂ ਕਿ ਜਠੇਰਾ ਕਿਸੇ ਗੋਤ ਦਾ ਕਿਸੇ ਖਾਸ ਖੇਤਰ ਵਿੱਚ ਨਾਮਣਾ ਖੱਟਣ ਵਾਲ਼ਾ ਕੋਈ ਬਹਾਦਰ, ਸ਼ਹੀਦ ਜਾਂ ਨਾਮੀ ਪੁਰਸ਼ ਹੀ ਹੁੰਦਾ ਹੈ ਜਿਸ ਦੀ ਸ਼ੋਭਾ ਵਜੋਂ ਉਸਦਾ ਜਸ-ਗਾਇਣ ਕਈ-ਕਈ ਪੀੜ੍ਹੀਆਂ ਤੱਕ ਉਸਦੇ ਪਿੱਛੇ ਰਹਿ ਗਏ ਅਗਲੀਆਂ ਪੀੜ੍ਹੀਆਂ ਦੇ ਵਾਰਸ ਕਰਦੇ ਹਨ। ਸੋ ਗੋਤ ਅਤੇ ਜਠੇਰੇ ਆਪਸ ਵਿੱਚ ਅੰਤਰ-ਸੰਬੰਧਿਤ ਹਨ।

ਭਾਵੇਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਗੋਤ ਅਤੇ ਜਠੇਰਾ ਆਪਸ ਵਿੱਚ ਅੰਤਰ-ਸੰਬੰਧਿਤ ਹਨ, ਪਰ ਫਿਰ ਵੀ ਬਹੁਤ ਸਾਰੀਆਂ ਸਮਾਨਤਾਵਾਂ ਦੇ ਬਾਵਜੂਦ ਦੋਨਾਂ ਵਿੱਚ ਵਿਰੋਧਾਭਾਸ ਵੀ ਨਜ਼ਰ ਆਉਂਦਾ ਹੈ। ਗੋਤ ਕਈ ਬਰਾਦਰੀਆਂ ਦੇ ਲੋਕਾਂ ਦਾ ਸਾਂਝਾ ਹੋ ਸਕਦਾ ਹੈ ਭਾਵ ਇੱਕੋ ਸਮਾਨ ਗੋਤ ਦੇ ਲੋਕ ਕਈ ਬਰਾਦਰੀਆਂ ਵਿੱਚ ਹੋ ਸਕਦੇ ਹਨ। ਉਦਾਹਰਣ ਵਜੋਂ ਬਰਾੜ, ਸਿੱਧੂ, ਸੰਧੂ ਆਦਿ ਗੋਤ ਜੱਟ ਸਿੱਖ ਬਰਾਦਰੀ

ਵਿੱਚ ਵੀ ਪਾਏ ਜਾਂਦੇ ਹਨ ਅਤੇ ਹਰੀਜਨ ਸ਼੍ਰੇਣੀਆਂ ਵਿੱਚ ਵੀ ਪਰ ਇਹ ਬਿਲਕੁਲ ਜ਼ਰੂਰੀ ਨਹੀਂ ਕਿ ਉਹਨਾਂ ਦਾ ਜਠੇਰਾ ਵੀ ਇੱਕ ਹੀ ਹੋਵੇ। ਹਰੇਕ ਬਰਾਦਰੀ ਆਪੋ-ਆਪਣੇ ਵੱਖਰੇ ਜਠੇਰੇ ਦੀ ਮੰਨ-ਮਨੌਤ ਕਰਦੀ ਹੈ। ਸੋ ਗੋਤ ਅਤੇ ਜਠੇਰੇ ਆਪਸ ਵਿੱਚ ਸਮਾਨਤਾਵਾਂ ਅਤੇ ਵਖਰੇਵੇਂ ਰੱਖਦੇ ਹੋਏ ਇੱਕ-ਦੂਜੇ ਨਾਲ਼ ਅੰਤਰ-ਸੰਬੰਧਿਤ ਹਨ।

ਖੋਜ-ਪ੍ਰਬੰਧ ਲਈ ਸਮੱਗਰੀ ਇਕੱਤਰ ਕਰਨ ਹਿੱਤ ਬਠਿੰਡਾ ਜ਼ਿਲ੍ਹੇ ਅੰਦਰਲੇ ਵੱਖ-ਵੱਖ ਪਿੰਡਾਂ ਵਿੱਚੋਂ ਜਿਨ੍ਹਾਂ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ ਸੰਬੰਧੀ ਖੇਤਰੀ ਖੋਜ-ਸਰਵੇਖਣ ਕੀਤਾ ਗਿਆ ਉਸ ਆਧਾਰ ‘ਤੇ ਪਹਿਲਾਂ ਇਸ ਅਧਿਆਇ ਦੇ ਅੰਤਰਗਤ ਇਕੱਤਰਿਤ ਖੋਜ-ਸਮੱਗਰੀ ਦਾ ਅਧਿਐਨ ਕੀਤਾ ਗਿਆ ਕਿ ਗੋਤ ਨਾਲ਼ ਸੰਬੰਧਿਤ ਲੋਕ ਜਠੇਰਾ ਪੂਜਾ ਸੰਬੰਧੀ ਪੂਜਾ ਵਿਧੀ-ਵਿਧਾਨ ਕਿਵੇਂ ਕਰਦੇ ਹਨ। ਖੋਜ ਸਰਵੇਖਣ ਦੌਰਾਨ ਇਕੱਤਰ ਕੀਤੇ ਗਏ 141 ਗੋਤਾਂ ਦਾ ਵੇਰਵਾ ਨਿਮਨਲਿਖਤ ਹੈ:

**1. ਉਗਰਾਹਾ –** ਇਹ ਗੋਤ ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ।

**2. ਉੱਪਲ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਕਾਰਜ ਦੌਰਾਨ ਅਗਲੇ ਗੋਤ ਉੱਪਲ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਵੀ ਪਿੰਡ ਕੋਠਾ ਗੁਰੂ ਕਾ ਵਿਖੇ ਪਾਇਆ ਗਿਆ। ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਸੇਵਾ ਸਿੰਘ ਕੌੜਾ ਲਿਖਦੇ ਹਨ:

> ਇਹ ਗੋਤਰ ਜੱਟਾਂ ਤੇ ਖੱਤਰੀਆਂ ਦੋਹਾਂ ਵਿੱਚ ਮਿਲਦਾ ਹੈ। ਭਾਰਤ ਵਿੱਚ ਮੁਗਲ ਰਾਜ ਸਮੇਂ ਇਸ ਜਾਤੀ ਦੇ ਕਾਫ਼ੀ ਲੋਕਾਂ ਨੇ ਇਸਲਾਮ ਧਾਰਨ ਕਰ ਲਿਆ। ਇਸ ਲਈ ਇਹ ਮੁਸਲਮਾਨਾਂ ਵਿਚ ਵੀ ਹੈ। ਮਿੰਟਗੁਮਰੀ ਦੇ ਮੁਸਲਮਾਨ ਉੱਪਲ ਹਿੰਦੂਆਂ ਤੋਂ ਹੀ ਬਦਲੇ ਹਨ। ਸਿਵਲ ਮਿਲਟਰੀ ਗਜ਼ਟ ਤੀਜੀ, ਪੰਨਾ 483 ਅਨੁਸਾਰ ਇਹ ‘ਮਧ’ ਨਾਉਂ ਦੇ ਆਪਣੇ ਜਠੇਰੇ ਦੀ ਪੂਜਾ ਕਰਦੇ ਹਨ। ਵਿਆਹ ਸ਼ਾਦੀਆਂ ਸਮੇਂ ਜੰਡ ਵੱਢੇ ਜਾਂਦੇ ਸਨ ਅਤੇ ਗਾਨੇ ਖੇਡੇ ਜਾਂਦੇ ਸਨ। ਉੱਪਲ ਗੋਤਰ ਦੇ ਸੀਹਾ ਤੇ ਗੱਜਣ ਦੋਨੋਂ ਭਾਈ ਗੁਰੂ ਨਾਨਕ ਦੇਵ ਜੀ ਦੇ ਅਨਿਨ ਸਿੱਖਾਂ ਵਿੱਚੋਂ ਸਨ। ਭਾਈ ਗੁਰਦਾਸ ਜੀ ਨੇ ਵਾਰ ਗਿਆਰ੍ਹਵੀਂ ਦੀ ਪਉੜੀ 13 ਵਿਚ ਇਹਨਾਂ ਦਾ ਨਾਮ ਲਿਖ ਕੇ ਸਤਿਕਾਰ ਕੀਤਾ ਹੈ:
>
> ਸੀਹਾਂ ਉਪਲੁ ਜਾਣੀਐ
>
> ਗੱਜਣ ਉਪਲੁ ਸਤਿਗੁਰ ਭਾਵੈ
>
> ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਮੰਨੁਸ਼ਾ ਧਾਰ ਤੇ ਤੀਰਥ ਨਾਮੀ ਦੋ ਮਹਾਨ ਸ਼ਖਸੀਅਤਾਂ ਮੌਜੂਦ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:

ਮਨੁਸ਼ਾ ਧਾਰ ਅਥਾਹ ਹੈ

ਤੀਰਥ ਉਪਲੁ ਸੇਵਕ ਸਾਰਾ। (ਪਉੜੀ 29 ਵਾਰ 11ਵੀਂ)

> ਸੰਸਾਰ ਪ੍ਰਸਿੱਧ ਸਿੱਖ ਸੈਨਾਪਤੀ ਸ: ਹਰੀ ਸਿੰਘ ਨਲੂਆ ਉੱਪਲ ਖੱਤਰੀ ਹੀ ਸੀ। ਉੱਪਲ ਗੋਤ ਦੇ ਵਸਾਏ ਪਿੰਡਾਂ ਵਿਚੋਂ ਜ਼ਿਲ੍ਹਾ ਅੰਮ੍ਰਿਤਸਰ ਵਿਚ 'ਉੱਪਲ' ਨਾਉਂ ਦਾ ਪਿੰਡ ਬਲਾਕ ਖਡੂਰ ਸਾਹਿਬ ਵਿਚ ਹੈ। (48-49)

ਉਪਰੋਕਤ ਗੋਤ ਪਿੰਡ ਕੋਠਾ ਗੁਰੂ ਕਾ ਵਿਖੇ ਖੱਤਰੀ ਬਰਾਦਰੀ ਵਿੱਚ ਪਾਇਆ ਗਿਆ ਜੋ ਕਿ ਆਪਣੇ ਪਿੰਡ ਦੇ ਖੇਤਾਂ ਵਿੱਚ ਹੀ ਬਣੀ ਅਗਿਆਤ ਜਠੇਰੇ ਜਾਂ ਵੱਡੇ-ਵਡੇਰੇ ਦੀ ਮਟੀ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ ਅਤੇ ਖੁਸ਼ੀ ਮੌਕੇ ਪੰਜ ਕਾਪੜੀ ਦਿੰਦੇ ਹਨ।

**3. ਉਪਵੇਜਾ –** ਇਹ ਗੋਤ ਮੂਲ ਰੂਪ ਵਿੱਚ ਹਿੰਦੂ ਬਰਾਦਰੀ ਦਾ ਗੋਤ ਹੈ। ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਕੋਠਾ ਗੁਰੂ ਕਾ ਦੇ ਉਪਵੇਜਾ ਅਗਿਆਤ ਜਠੇਰੇ ਜਿਸ ਨੂੰ ਉਹ 'ਜੰਡ ਵਾਲ਼ਾ ਬਾਬਾ' ਕਹਿੰਦੇ ਹਨ, ਦੀ ਅਰਾਧਨਾ ਕਰਦੇ ਹਨ।

**4. ਅੱਜੀ –** ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਦਾ ਇਹ ਗੋਤ ਮਿਸਤਰੀ ਜਾਤੀ ਨਾਲ਼ ਸੰਬੰਧਿਤ ਹੈ। ਇਸ ਪਿੰਡ ਦੇ ਸਿਰੀਏਵਾਲਾ ਗੋਤ ਨਾਲ਼ ਸੰਬੰਧਿਤ ਲੋਕ 'ਬਾਬਾ ਵਿਸ਼ਵਕਰਮਾ' ਦੀ ਪੂਜਾ ਕਰਦੇ ਹਨ ਅਤੇ ਨਾਲ਼ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵੀ ਸ਼ਰਧਾ ਰੱਖਦੇ ਹਨ।

**5. ਅਟਵਾਲ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਸਿਰੀਏਵਾਲਾ, ਕੋਠਾ ਗੁਰੂ ਕਾ ਅਤੇ ਕਾਂਗੜ ਪਿੰਡਾਂ ਵਿੱਚ ਮਿਲਿਆ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ:

> ਅਟਵਾਲ ਜਾਂ ਅਠਵਾਲ ਸੂਰਜਵੰਸ਼ੀ ਰਾਜਪੂਤਾਂ ਤੋਂ ਨਿਕਲਿਆ ਹੋਇਆ ਇੱਕ ਜੱਟ ਗੋਤ। ਇਨ੍ਹਾਂ ਦੇ ਇੱਕ ਵਡੇਰੇ ਮਹਾਰਾਜ ਨੂੰ, ਜੋ ਰਾਜਪੂਤ ਸੀ ਅਤੇ ਊਠ ਦੀ ਸਵਾਰੀ ਕਰਕੇ ਖੁਸ਼ ਹੁੰਦਾ ਸੀ, ਤੋਂ 'ਊਂਠਵਾਲ' ਨਾਂ ਪ੍ਰਚੱਲਿਤ ਹੋਇਆ ਤੇ 'ਅਠਵਾਲ', 'ਉਠਵਾਲ', 'ਇਠਵਾਲ' ਅਤੇ 'ਅਟਵਾਲ' ਦੀਆਂ ਸ਼ਕਲਾਂ ਵਿੱਚ ਮਿਲਦਾ ਹੈ। ਇਹ ਗੋਤ ਕਈ ਦਲਿਤ ਜਾਤੀਆਂ ਵਿੱਚ ਵੀ ਮਿਲਦਾ ਹੈ; ਜਿਵੇਂ ਬਾਲਮੀਕ, ਰਵਿਦਾਸੀਏ ਅਤੇ ਹੋਰ ਜਾਤਾਂ ਵਿੱਚ ਵੀ। (45)

ਇਹ ਗੋਤ ਵੀ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਇਆ ਗਿਆ ਗੋਤ ਹੈ। ਜ਼ਿਕਰਯੋਗ ਹੈ ਕਿ ਪਿੰਡ ਕਾਂਗੜ ਵਿੱਚ ਇਹ ਗੋਤ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਹੈ ਜਦ ਕਿ ਸਿਰੀਏਵਾਲਾ ਪਿੰਡ ਵਿੱਚ ਅਟਵਾਲ ਗੋਤ ਪਰਜਾਪਤ ਜਾਤੀ ਦਾ ਹੈ। ਸਿਰੀਏਵਾਲਾ ਦੇ ਅਟਵਾਲ ਗੋਤ ਦੇ ਲੋਕ ਪਿੰਡ ਵਿੱਚ ਹੀ ਬਣੇ 'ਬਾਬਾ ਜੀਵਨ ਸਿੰਘ' ਦੇ ਸਥਾਨ 'ਤੇ ਪੂਜਾ ਕਰਨ ਜਾਂਦੇ ਹਨ, ਕੁਝ ਅਟਵਾਲ ਆਪਣੇ ਜਠੇਰੇ 'ਬਾਬਾ ਵੱਸਣ ਸਿੰਘ' ਨੂੰ ਮੰਨਦੇ ਹਨ। ਬਾਕੀ ਅਟਵਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**6. ਆਦੀਵਾਲ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵਖਣ ਦੇ ਦੌਰਾਨ ਇਹ ਗੋਤ ਪਿੰਡ ਢੇਲਵਾਂ, ਹਾਕਮ ਸਿੰਘ ਵਾਲਾ ਅਤੇ ਹਰਰਾਏਪੁਰ ਵਿੱਚ ਪਾਇਆ ਗਿਆ। ਇਹ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਦਾ ਗੋਤ ਹੈ। ਪਿੰਡ ਢੇਲਵਾਂ ਅਤੇ ਹਰਰਾਏਪੁਰ ਦੇ ਆਦੀਵਾਲ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਹਰਰਾਏਪੁਰ ਦੇ ਕੁਝ ਆਦੀਵਾਲ 'ਬਾਬਾ ਬਾਲਮੀਕ' ਨੂੰ ਵੀ ਮੰਨਦੇ ਹਨ।

**7. ਅਰੋੜਾ –** ਇਹ ਗੋਤ ਆਮ ਤੌਰ 'ਤੇ ਹਿੰਦੂ ਤੇ ਸਿੱਖ ਦੋਨਾਂ ਧਰਮਾਂ ਦੇ ਲੋਕਾਂ ਵਿੱਚ ਪਾਇਆ ਜਾਂਦਾ ਹੈ; ਜਿਵੇਂ ਕਿ ਅਰੋੜਾ (ਹਿੰਦੂ) ਅਤੇ ਅਰੋੜਾ ਸਿੱਖ। ਸਰਵੇਖਣ ਦੌਰਾਨ ਪਿੰਡ ਭਗਤਾ ਭਾਈ, ਮਲੂਕਾ, ਕੋਠਾ ਗੁਰੂ ਕਾ, ਹਰਰੰਗਪੁਰਾ (ਗੋਬਿੰਦਪੁਰਾ) ਦਾ ਦੌਰਾ ਕਰਦਿਆਂ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਹ ਕਿਸੇ ਵੀ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**8. ਔਲਖ –** ਖੇਤਰੀ ਸਰਵੇ ਦੌਰਾਨ ਬਠਿੰਡਾ ਜ਼ਿਲੇ ਦੇ ਪਿੰਡ ਮਲੂਕਾ, ਜੰਡਾਂਵਾਲਾ, ਖੇਮੂਆਣਾ, ਹਰਰੰਗਪੁਰਾ ਜਾਂ ਗੋਬਿੰਦਪੁਰਾ (ਪਰਜਾਪਤ), ਰਾਜਗੜ੍ਹ, ਦਿਆਲਪੁਰਾ ਭਾਈ ਕਾ, ਭਾਈ ਰੂਪਾ ਅਤੇ ਕੋਠਾ ਗੁਰੂ ਕਾ ਵਿੱਚ ਔਲਖ ਗੋਤ ਪਾਇਆ ਗਿਆ। ਪਿੰਡ ਮਲੂਕਾ ਦੇ ਇਸ ਗੋਤ ਨਾਲ਼ ਸੰਬੰਧਿਤ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਔਲਖ, ਔਲਕ ਅਤੇ ਔਰੇ ਇੱਕੋ ਹੀ ਗੋਤ ਹਨ। ਮੰਨਿਆ ਜਾਂਦਾ ਹੈ ਕਿ ਔਲਖ ਸੂਰਜ ਬੰਸ ਵਿੱਚੋਂ ਹਨ। ਇਸ ਬੰਸ ਦਾ ਮੋਢੀ ਔਲਕ ਸੀ। ਇਹ ਜੱਗਦੇਉ ਪੱਵਾਰ ਨੂੰ ਆਪਣਾ ਵਡੇਰਾ ਮੰਨਦੇ ਹਨ। ਪੰਜਾਬ ਵਿੱਚ ਔਲਖ ਨਾਮ ਦੇ ਕਈ ਪਿੰਡ ਵੀ ਹਨ। ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਅਤੇ ਸ਼੍ਰੀ ਮੁਕਤਸਰ ਸਾਹਿਬ ਦੇ ਖੇਤਰਾਂ ਵਿੱਚ ਵੀ ਦੋ ਔਲਖ ਨਾਮ ਦੇ ਪਿੰਡ ਹਨ। ਔਲਖ ਸੇਖੋਂ ਅਤੇ ਦਿਓਲ ਜੱਟਾਂ ਨੂੰ ਆਪਣੇ ਭਾਈਚਾਰੇ ਵਿੱਚੋਂ ਮੰਨਦੇ ਹਨ ਅਤੇ ਇਹਨਾਂ ਦੋ ਗੋਤਾਂ ਵਿੱਚ ਵਿਆਹ-ਸ਼ਾਦੀ ਨਹੀਂ ਕਰਦੇ। ਔਲਖ ਗੋਤ ਜੱਟਾਂ ਤੋਂ ਇਲਾਵਾ ਦਲਿਤ ਜਾਤੀਆਂ ਵਿੱਚ ਵੀ ਹੈ। (26)

**9. ਸੋਹੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਇਸ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਦੀ ਘੁਮਿਆਰ ਬਰਾਦਰੀ ਵਿੱਚ ਪਾਇਆ ਗਿਆ। ਸੋਹੀ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਇਸ ਬਰਾਦਰੀ ਦੇ ਲੋਕਾਂ ਨੇ ਦੱਸਿਆ ਕਿ ਸੋਹੀ ਗੋਤ ਦੇ ਲੋਕ ਆਪਣੇ ਖੇਤ ਵਿੱਚ ਹੀ 'ਬਾਬਾ ਸ਼ਹੀਦ' ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਸ ਬੰਸ ਦਾ ਮੋਢੀ ਸੋਹੀ, ਰਾਜੇ ਕਾਂਗ ਦੀ ਬੰਸ ਵਿੱਚੋਂ ਸੀ। ਇਹ ਬਹੁਤੇ ਸਿਆਲਕੋਟ ਤੇ ਗੁਜਰਾਂਵਾਲਾ ਇਲਾਕੇ ਵਿੱਚ ਸਨ। ਅਲਾਉਦੀਨ ਗੌਰ ਦੇ ਸਮੇਂ ਇਸ ਬੰਸ ਦੇ ਜੱਟ ਲੁਧਿਆਣੇ ਵਿੱਚ ਆ ਗਏ ਸਨ। ਸੋਹੀ ਬੰਸ ਦੇ ਬੈਨਸਪਾਲ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਆ ਕੇ 'ਸੋਹੀ ਸੈਣੀਆਂ' ਪਿੰਡ ਵਸਾਇਆ। ਸੋਹੀ ਚਹਿਲ ਭਾਈਚਾਰੇ ਵਿੱਚੋਂ ਹਨ। ਅੰਮ੍ਰਿਤਸਰ ਤੇ

ਮਿੰਟਗੁਮਰੀ ਵਿੱਚ ਸੋਹੀ ਜੱਟ ਹਨ। ਪੁਰਾਣੇ ਰਿਵਾਜ਼ ਜੰਡੀ ਵੱਢਣਾ, ਕੰਗਣਾ ਖੇਡਣਾ ਆਦਿ ਸੋਹੀਆਂ ਵਿੱਚ ਵੀ ਪ੍ਰਚੱਲਿਤ ਸੀ। ਚਾਹਲ ਚਾਹੋ ਰਾਜੇ ਦਾ ਪੁੱਤਰ ਸੀ। ਬਹੁਤੇ ਸੋਹੀ ਜੱਟ ਸਖੀ ਸਰਵਰ ਦੇ ਚੇਲੇ ਸਨ। ਸੈਣੀ ਤੇ ਹੋਰ ਦਲਿਤ ਜਾਤੀਆਂ ਵਿੱਚ ਵੀ ਸੋਹੀ ਗੋਤ ਦੇ ਲੋਕ ਹੁੰਦੇ ਹਨ। ਸੋਹੀ ਵੀ ਪੰਜਾਬ ਦੇ ਗੋਤਾਂ ਵਿੱਚੋਂ ਇੱਕ ਹੈ। ਸੈਣੀਆਂ ਦੇ ਕਈ ਗੋਤ ਜੱਟਾਂ ਨਾਲ਼ ਰਲਦੇ ਹਨ। ਪਟਿਆਲਾ, ਬਠਿੰਡਾ, ਮਾਨਸਾ, ਲੁਧਿਆਣਾ ਤੇ ਸੰਗਰੂਰ ਆਦਿ ਜ਼ਿਲ੍ਹਿਆਂ ਵਿੱਚ ਸੋਹੀ ਗੋਤ ਦੇ ਲੋਕ ਘੱਟ ਗਿਣਤੀ ਵਿੱਚ ਹਨ। ਪੰਜਾਬ ਵਿੱਚ ਸੋਹੀ ਜਾਂ ਸੋਹੀਆਂ ਨਾਮ ਦੇ ਕਈ ਪਿੰਡ ਹਨ। ਜ਼ਿਲ੍ਹਾ ਸੰਗਰੂਰ ਵਿੱਚ 'ਸੋਹੀਵਾਲ' ਇਨ੍ਹਾਂ ਦਾ ਪ੍ਰਸਿੱਧ ਪਿੰਡ ਹੈ। ਸੋਹੀ ਜੱਟਾਂ ਦਾ ਬਹੁਤ ਹੀ ਛੋਟਾ ਤੇ ਉੱਘਾ ਗੋਤ ਹੈ। (29)

**10. ਸਹੋਤਾ –** ਸਹੋਤਾ ਗੋਤ ਜ਼ਿਲ੍ਹਾ ਬਠਿੰਡਾ ਵਿਖੇ ਪਾਏ ਜਾਂਦੇ ਪਿੰਡਾਂ ਖੇਮੂਆਣਾ, ਢੇਲਵਾਂ, ਹਾਕਮ ਸਿੰਘ ਵਾਲਾ, ਆਕਲੀਆ ਆਦਿ ਵਿੱਚ ਮਿਲਦਾ ਹੈ। ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਹੁਸ਼ਿਆਰ ਸਿੰਘ ਦੁਲੇਹ ਲਿਖਦੇ ਹਨ:

> ਇਹ ਮਹਾਂਭਾਰਤ ਦੇ ਸਮੇਂ ਦੇ ਪੁਰਾਣੇ ਕਬੀਲਿਆਂ ਵਿੱਚੋਂ ਹਨ। ਇਹ ਮਗਧ ਦੇ ਰਾਜੇ ਜਰਾਸਿੰਧ ਤੋਂ ਤੰਗ ਆ ਕੇ ਪੱਛਮ ਵਿੱਚ ਆ ਕੇ ਵਸ ਗਏ। ਇਸ ਵੰਸ਼ ਦਾ ਮੋਢੀ ਰਾਜਾ ਸਹੋਤਾ ਸੀ ਜੋ ਭਾਰਤ ਦਾ ਪੋਤਾ ਸੀ। ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਸਹੋਤੇ ਜੱਟ ਭਰਤਪੁਰ ਤੋਂ ਦੁਆਬੇ ਦੇ ਖੇਤਰ ਗੜ੍ਹਦੀਵਾਲ ਵਿੱਚ ਆ ਕੇ ਆਬਾਦ ਹੋਏ। ਹੁਣ ਵੀ ਗੜ੍ਹਦੀਵਾਲ ਵਿੱਚ ਸਹੋਤੇ ਜੱਟ ਰਹਿੰਦੇ ਹਨ। ਹੁਸ਼ਿਆਰਪੁਰ ਖੇਤਰ ਵਿੱਚ ਸਹੋਤੇ ਜੱਟ ਕਈ ਪਿੰਡਾਂ ਵਿੱਚ ਰਹਿੰਦੇ ਹਨ। ਇਹ ਗੋਤ ਦਲਿੱਤ ਜਾਤੀਆਂ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਪਾਇਆ ਜਾਂਦਾ ਹੈ। ਮਾਲਵੇ ਵਿੱਚ ਸਹੋਤੇ ਗੋਤ ਦੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ। ਮਾਝੇ ਅਤੇ ਦੁਆਬੇ ਵਿੱਚ ਕਾਫ਼ੀ ਹੈ। ਸਹੋਤਾ ਬਾਲਮੀਕੀ, ਬਹੁਤੇ ਹਿੰਦੂ ਹਨ। ਸਹੋਤੇ ਜੱਟ ਸਾਰੇ ਹੀ ਸਿੱਖ ਹਨ। ਸਹੋਤਾ ਬਹੁਤ ਉੱਘਾ ਅਤੇ ਪ੍ਰਾਚੀਨ ਗੋਤ ਹੈ। ਸਹੋਤੇ ਆਰੀਆ ਭਾਈਚਾਰੇ ਵਿੱਚੋਂ ਹਨ। (29)

ਖੇਮੂਆਣਾ ਅਤੇ ਆਕਲੀਆ ਪਿੰਡਾਂ ਵਿੱਚ ਇਹ ਮਜ਼੍ਹਬੀ ਸਿੱਖ ਜਾਤੀ ਦਾ ਗੋਤ ਹੈ। ਇਹਨਾਂ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਕਹਿਣ ਮੁਤਾਬਿਕ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਨੂੰ ਮੰਨਦੇ ਸਨ, ਪਰ ਹੁਣ ਗੁਰਮਤਿ ਦੇ ਪ੍ਰਭਾਵ ਅਧੀਨ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**11. ਸੇਖੋਂ –** ਇਹ ਗੋਤ ਜੱਟ ਸਿੱਖਾਂ ਦਾ ਗੋਤ ਹੈ। ਹੁਸ਼ਿਆਰ ਸਿੰਘ ਦੁਲੇਹ ਇਸ ਗੋਤ ਨੂੰ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਇਸ ਗੋਤ ਦਾ ਮੋਢੀ ਸ਼ੇਸ਼ਰਾਮ ਪੰਵਾਰ ਸੀ। ਇਸਨੂੰ ਸੇਖੂ ਜਾਂ ਸੇਖੋਂ ਵੀ ਕਿਹਾ ਜਾਂਦਾ ਸੀ। ਜਦੋਂ ਜੱਗਦੇਵ ਪਰਮਾਰ ਨੇ ਗੱਜ਼ਨੀ ਵਾਲਿਆਂ ਨੂੰ ਸਰਹਿੰਦ ਤੋਂ ਭਜਾ ਕੇ ਲਾਹੌਰ ਵੱਲ ਭੇਜ ਦਿੱਤਾ ਸੀ ਉਸ ਸਮੇਂ ਜਗਦੇਵ ਬੇਸੀ ਲੋਹਕਰਨ ਦੇ ਪੁੱਤਰ ਸੁਲੱਖਣ ਤੇ ਮੱਖਣ ਬਹੁਤ ਸੂਰਬੀਰ ਸਨ। ਮੱਖਣ ਤਾਂ ਸਿੰਧ ਵਿੱਚ ਮੁਸਲਮਾਨ ਨਾਲ਼ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਸੇਖੋਂ ਦੇ ਦੋ ਪੁੱਤਰ ਸਰਾਇ ਅਤੇ ਮਰਾਇਚ ਸਨ। ਸੇਖੋਂ ਦੇ 12 ਪੋਤੇ- ਛੱਤ, ਬੱਲ, ਸੋਹਲ, ਦੇਉਲ, ਦੇਊ, ਗੁਰਮ ਆਦਿ ਸਨ। ਸੇਖੋਂ ਦੇ ਪੋਤਿਆਂ ਦੇ ਨਾਮ ਦੇ ਕਈ ਗੋਤ ਚੱਲ ਪਏ ਹਨ। ਸਾਰੇ ਸੇਖੋਂ ਜੱਟ ਧਾਰਾ ਨਗਰੀ ਦੇ ਰਾਜੇ ਭੋਜ ਅਤੇ ਜਰਗ ਦੇ ਜਗਦੇਊ ਪਰਮਾਰ ਨੂੰ ਆਪਣਾ ਵਡੇਰਾ ਮੰਨਦੇ ਹਨ। ਸੇਖੋਂ ਦਾ ਪਿਤਾ ਸਿੱਧ ਸੁਲੱਖਣ ਆਪਣੇ ਵਡੇਰਿਆਂ ਨਾਲ਼ ਪਿੰਡ ਛਪਾਰ ਵਿੱਚ ਰਹਿੰਦਾ ਸੀ। ਇਸਦਾ ਵਰਣਨ ਸੰਤ ਵਿਸਾਖਾ ਸਿੰਘ ਨੇ ਆਪਣੀ ਪੁਸਤਕ 'ਮਾਲਵਾ ਇਤਿਹਾਸ' ਵਿੱਚ ਕੀਤਾ ਹੈ, "ਸੇਖੋਂ ਜੱਟ ਅਣਖੀ ਤੇ ਲੜਾਕੇ ਹੁੰਦੇ ਹਨ। ਦੁਆਬੇ ਤੇ ਮਾਝੇ ਵਿੱਚ ਸੇਖੋਂ ਜੱਟ ਘੱਟ ਹੀ ਹਨ। ਗੁਰਦਾਸਪੁਰ ਵਿੱਚ ਸੇਖੋਂ ਗੋਤ ਦਾ ਪਿੰਡ ਸੇਖਵਾਂ ਹੈ। ਸਾਬਕਾ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਵੀ ਇਸੇ ਪਿੰਡ ਨਾਲ਼ ਸੰਬੰਧ ਰੱਖਦੇ ਹਨ। (41)

ਜੱਟ ਸਿੱਖਾਂ ਨਾਲ਼ ਸੰਬੰਧਿਤ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੋਡੀਪੁਰਾ ਅਤੇ ਜੀਦਾ ਵਿਖੇ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**12. ਸੱਗੂ –** ਇਹ ਗੋਤ ਜੱਟਾਂ ਅਤੇ ਮਿਸਤਰੀ ਬਰਾਦਰੀ ਦੋਨਾਂ ਵਿੱਚ ਪਾਇਆ ਜਾਂਦਾ ਹੈ। ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਿਲ੍ਹਾ ਬਠਿੰਡਾ ਦੇ ਪਿੰਡ ਹਮੀਰਗੜ੍ਹ ਵਿੱਚ ਪਾਇਆ ਗਿਆ ਜੋ ਕਿ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ ਅਤੇ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**13. ਸਿੰਗਲਾ –** ਇਹ ਹਿੰਦੂ ਧਰਮ ਦਾ ਇੱਕ ਗੋਤ ਹੈ ਅਤੇ ਬਾਣੀਆ ਬਰਾਦਰੀ ਨਾਲ਼ ਸੰਬੰਧਿਤ ਹੈ। ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਜੀਦਾ ਅਤੇ ਜਲਾਲ ਵਿੱਚ ਪਾਇਆ ਗਿਆ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ, "ਇਹ ਇਕ ਹਿੰਦੂ ਜਾਤੀ ਹੈ, ਜੋ ਪੰਜਾਬ ਵਿਚ ਮਾਲਵੇ, ਹਰਿਆਣੇ ਤੇ ਹਿਮਾਚਲ ਵਿੱਚ ਵਧੇਰੇ ਕਰਕੇ ਵਸੀ ਹੈ। ਪ੍ਰਸਿੱਧ ਪੰਜਾਬੀ ਸਾਹਿਤਕਾਰ ਡਾ. ਧਰਮ ਪਾਲ ਸਿੰਗਲ ਵੀ ਇਸੇ ਗੋਤਰ ਦੇ ਹਨ।" (61)

ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਤਾ ਲੱਗਿਆ ਕਿ ਪਿੰਡ ਜਲਾਲ ਦੇ ਸਿੰਗਲਾ ਗੋਤ ਨਾਲ਼ ਸੰਬੰਧਿਤ ਲੋਕ ਦੇਵੀ ਮਾਤਾ ਦੀ ਪੂਜਾ ਕਰਦੇ ਹਨ ਜਦ ਕਿ ਜੀਦਾ ਪਿੰਡ ਦੇ ਸਿੰਗਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**14. ਸੌਂਚ –** ਇਹ ਜੱਟ ਬਰਾਦਰੀ ਦਾ ਗੋਤ ਹੈ। ਡਾ. ਰਾਏਜਸਬੀਰ ਸਿੰਘ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਲਿਖਦੇ ਹਨ, "ਜੱਟ ਕਬੀਲਾ ਜੋ ਚੌਹਾਨ ਰਾਜਪੂਤ ਹਰੀ ਸਿੰਘ ਤੋਂ ਮੁੱਢ ਦਾ ਦਾਅਵਾ ਕਰਦਾ ਹੈ। ਇਸ ਨੇ ਕਿਸੇ ਹੋਰ ਕਬੀਲੇ ਦੀ ਔਰਤ ਨਾਲ਼ ਵਿਆਹ ਕਰਾ ਲਿਆ ਸੀ। ਇਹ ਜੀਂਦ ਦੇ ਬਾਵਲ ਇਲਾਕੇ ਵਿੱਚ ਹਨ।" (78)

ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗੰਗਾ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਵੱਡੇ-ਵਡੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**15. ਸੋਢੀ –** ਇਹ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਕੋਠਾ ਗੁਰੂ ਕਾ ਦੇ ਸੋਢੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਖਤਰੀਆਂ ਦੀ ਉਪ ਜਾਤੀ ਹੈ। ਪੁਰਾਣਾਂ ਅਨੁਸਾਰ ਖਤਰੀਆਂ ਦੇ ਦੋ ਭਾਗ ਹਨ:
>
> 1. ਸੂਰਜ ਵੰਸ਼ੀ ( ਸ਼੍ਰੀ ਰਾਮ ਚੰਦਰ ਨਾਲ਼ ਸਬੰਧਤ )।
>
> 2. ਚੰਦਰ ਵੰਸ਼ੀ ( ਸ਼੍ਰੀ ਕ੍ਰਿਸ਼ਨ ਨਾਲ਼ ਸਬੰਧਤ )।
>
> ਵਰਤਮਾਨ ਸਮੇਂ ਵਿਚ ਖਤਰੀ ਚਾਰ ਭਾਗਾਂ ਵਿਚ ਵੰਡੇ ਹੋਏ ਹਨ। 1. ਬਾਹ੍ਰੀ 2. ਖੁਖਰਾਣ 3. ਬੰਜਾਹੀ 4. ਸਰੀਣ। ਅੱਗੋਂ ਬਾਹ੍ਰੀ 12 ਗੋਤਾਂ ਵਿਚ, ਖੁਖਰਾਣ 8 ਵਿਚ, ਬੰਜਾਹੀ 52 ਵਿੱਚ ਤੇ ਸਰੀਣ 20 ਗੋਤਾਂ ਵਿੱਚ ਵੰਡੇ ਗਏ ਹਨ। ਸੋਢੀ ਸ਼ਬਦ ਸਭ ਤੋਂ ਪਹਿਲਾਂ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਆਇਆ ਹੈ:
>
> 'ਬੈਠਾ ਸੋਢੀ ਪਾਤਸ਼ਾਹ ਰਾਮ ਦਾਸ ਸਤਿਗੁਰੂ ਕਹਾਵੈ'
>
> ਗੁਰੂ ਰਾਮਦਾਸ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਭ ਗੁਰੂ ਸੋਢੀ ਸਨ:
>
> "ਚਲੀ ਪੀਹੜੀ ਸੋਢੀਆਂ, ਰੂਪੁ ਦਿਖਾਵਣਿ ਵਾਰੋ ਵਾਰੀ" (63)

**16. ਸੈਣੀ –** ਇਹ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸੈਣੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ ਅਤੇ ਚੌਦੇਂ-ਮੱਸਿਆ ਨੂੰ ਰੋਟੀ ਖਵਾਉਂਦੇ ਤੇ ਖੁਸ਼ੀ ਮੌਕੇ ਪੰਜ ਕਾਪੜੀ ਦਿੰਦੇ ਹਨ।

**17. ਸੂਤਧਾਰ–** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਸਲਾਬਤਪੁਰਾ ਵਿੱਚ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਲੋਕ ਡੇਰਾ ਸੱਚਾ ਸੌਦਾ ਸਿਰਸਾ ਦੇ ਅਨੁਯਾਈ ਹਨ।

**18. ਸਿੱਧੂ–** ਸਿੱਧੂ ਪੰਜਾਬ ਵਿੱਚ ਪਾਏ ਜਾਣ ਵਾਲ਼ੇ ਗੋਤਾਂ ਵਿੱਚੋਂ ਇੱਕ ਪ੍ਰਮੁੱਖ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਬੁਰਜ ਥਰੋੜ, ਮਲੂਕਾ, ਨਿਉਰ, ਹਰਰੰਗਪੁਰਾ (ਗੋਬਿੰਦਪੁਰਾ), ਢੇਲਵਾਂ, ਗੰਗਾ, ਹਾਕਮ ਸਿੰਘ ਵਾਲਾ, ਭੋਡੀਪੁਰਾ, ਗੁਰੂਸਰ, ਜਲਾਲ, ਦਿਆਲਪੁਰਾ ਭਾਈ ਕਾ, ਸਲਾਬਤਪੁਰਾ, ਭਾਈ ਰੂਪਾ, ਕੋਠਾ ਗੁਰੂ ਕਾ, ਸੇਲਬਰਾ

ਨੂੰ ਸਰਵੇ ਦਾ ਆਧਾਰ ਬਣਾਇਆ ਗਿਆ। ਪਿੰਡ ਆਕਲੀਆ ਅਤੇ ਗੁਰੂਸਰ ਵਿੱਚ ਸਿੱਧੂ ਗੋਤ ਨਾਲ਼ ਸੰਬੰਧਿਤ ਅਗਵਾੜ ਵੀ ਹਨ। ਸਭ ਤੋਂ ਵੱਧ ਸਿੱਧੂ ਗੋਤ ਇਹਨਾਂ ਪਿੰਡਾਂ ਵਿੱਚੋਂ ਪਿੰਡ ਭੋਡੀਪੁਰਾ ਵਿਖੇ ਪਾਇਆ ਗਿਆ, ਜੋ ਕਿ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਹਾਕਮ ਸਿੰਘ ਵਾਲਾ ਵਿਖੇ ਮਜ਼੍ਹਬੀ ਸਿੱਖ ਜਾਤੀ ਦੇ ਸਿੱਧੂ ਵੀ ਵਸਦੇ ਹਨ। ਪਿੰਡ ਢੇਲਵਾਂ, ਭੋਡੀਪੁਰਾ, ਭਗਤਾ ਭਾਈ ਅਤੇ ਬੁਰਜ ਥਰੋੜ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਕਿਸੇ ਵੀ ਵੱਡੇ-ਵਡੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਿੱਚ ਹੀ ਵਿਸ਼ਵਾਸ ਰੱਖਦੇ ਹਨ। ਜਲਾਲ ਪਿੰਡ ਦੇ ਸਿੱਧੂ ਜੱਟ ਸਿੱਖ ਪਿੰਡ ਵਿੱਚ ਹੀ ਬਣੀ 'ਮਾਈ ਸੈਰੋਂ' ਦੀ ਸਮਾਧ' ਤੇ ਜਾ ਕੇ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਭਗਤਾ ਭਾਈ ਦੇ ਸਿੱਧੂ ਗੋਤ ਦੇ ਲੋਕ ਪਿੰਡ ਚੰਦਭਾਨ ਵਿਖੇ ਸਥਿਤ 'ਬਾਬਾ ਸ਼ਹੀਦ' ਦੀ ਜਗ੍ਹਾ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ ਜਦ ਕਿ ਅੱਜ ਤੋਂ ਤਕਰੀਬਨ 20 ਵਰ੍ਹੇ ਪਹਿਲਾਂ ਇਸੇ ਪਿੰਡ ਦੇ ਕੁਝ ਸਿੱਧੂ ਗੋਤੀਏ 'ਗੁੱਗਾ ਬਾਸੜੀਆ' ਦੀ ਪੂਜਾ ਕਰਦੇ ਸਨ, ਪਰ ਹੁਣ ਨਹੀਂ।

ਪਿੰਡ ਗੋਬਿੰਦਪੁਰਾ ਅਤੇ ਹਾਕਮ ਸਿੰਘ ਵਾਲਾ ਦੇ ਸਿੱਧੂ ਆਪਣੇ ਪਿੰਡ ਵਿਖੇ ਖੇਤਾਂ ਵਿੱਚ ਹੀ ਬਣੀ ਜਗ੍ਹਾ 'ਤੇ ਜਾ ਕੇ ਆਪੋ-ਆਪਣੇ ਜਠੇਰੇ ਦੀ ਪੂਜਾ ਕਰਦੇ ਹਨ। ਪਿੰਡ ਗੋਬਿੰਦਪੁਰਾ ਦੇ ਕੁਝ ਸਿੱਧੂ ਖੇਤਾਂ ਦੀ ਥਾਂ ਡੇਰਾ ਭਿਆਣਾ ਵਿਖੇ 'ਬਾਬਾ ਭਗਤੂ' ਦੀ ਪੂਜਾ ਕਰਨ ਜਾਂਦੇ ਹਨ। ਪਿੰਡ ਗੋਬਿੰਦਪੁਰਾ ਦੇ ਵਸਨੀਕ ਦੱਸਦੇ ਹਨ ਕਿ ਇਸ ਪਿੰਡ ਵਿੱਚ ਪੰਜ ਸੌ ਘੁਮਾਂ ਵਿੱਚ ਫੈਲੀ ਹੋਈ ਇੱਕ 'ਝਿੜੀ' ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਝਿੜੀ ਵਿਚਲੇ ਰੁੱਖਾਂ ਨੂੰ ਕੋਈ ਨਹੀਂ ਵੱਢ ਸਕਦਾ। ਕੇਵਲ ਹਰੀਜਨ ਜਾਤੀਆਂ ਦੇ ਲੋਕ ਹੀ ਇਸ ਝਿੜੀ ਵਿੱਚ ਆਪਣੇ-ਆਪ ਟੁੱਟ ਕੇ ਡਿੱਗੀ ਹੋਈ ਸੁੱਕੀ ਲੱਕੜ ਹੀ ਵਰਤ ਸਕਦੇ ਹਨ।

**19. ਸਿੱਧੂ ਬਰਾੜ –** ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਸਿਰੀਏਵਾਲਾ, ਜੰਡਾਂਵਾਲਾ, ਜੀਦਾ, ਖੇਮੂਆਣਾ, ਖਿਆਲੀਵਾਲਾ, ਹਰਰਾਏਪੁਰ, ਭੋਖੜਾ, ਮਲੂਕਾ, ਗੋਨੇਆਣਾ ਕਲਾਂ, ਗੋਨੇਆਣਾ ਖੁਰਦ, ਗੁਰੂਸਰ, ਜਲਾਲ, ਦਿਆਲਪੁਰਾ ਭਾਈ ਕਾ, ਕਲਿਆਣ ਵਿੱਚ ਇਸ ਗੋਤ ਨਾਲ਼ ਸੰਬੰਧਿਤ ਜੱਟ ਸਿੱਖ ਵਸਦੇ ਹਨ। ਪਿੰਡ ਹਰਰਾਏਪੁਰ ਦੇ ਸਿੱਧੂ ਬਰਾੜ 'ਸਿੱਧ ਤਿਲਕਰੇ' ਨੂੰ ਆਪਣਾ ਜਠੇਰਾ ਮੰਨਦੇ ਹਨ। ਕਲਿਆਣ, ਹਰਰਾਏਪੁਰ, ਖਿਆਲੀਵਾਲਾ ਪਿੰਡਾਂ ਦੇ ਸਿੱਧੂ ਬਰਾੜ ਸਿੱਧ 'ਤਿਲਕ ਰਾਉ' ਨੂੰ ਮੰਨਦੇ ਹਨ। ਜਲਾਲ, ਆਕਲੀਆ ਅਤੇ ਹਮੀਰਗੜ੍ਹ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧਿਤ ਕੁਝ ਲੋਕ 'ਬਾਬਾ ਸ਼ਹੀਦ' ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਹਰਰਾਏਪੁਰ ਦੇ ਕੁਝ ਸਿੱਧੂ ਬਰਾੜ 'ਮੁਖਤਿਆਰ ਸਿੰਘ' ਨਾਮੀ ਆਪਣੇ ਜਠੇਰੇ ਨੂੰ ਮੰਨਦੇ ਹਨ ਜਦ ਕਿ ਅਮਰਗੜ੍ਹ ਪਿੰਡ ਦੇ ਸਿੱਧੂ ਬਰਾੜ 'ਬਾਬਾ ਪੰਜੂ' ਅਤੇ 'ਬਾਬਾ ਸਿੱਧੂ' ਨੂੰ ਮੰਨਦੇ ਹਨ। ਜੀਦਾ ਪਿੰਡ ਦੇ ਸਿੱਧੂ ਆਪਣੇ ਖੇਤਾਂ ਵਿੱਚ ਬਣੀ ਜਗ੍ਹਾ 'ਤੇ ਅਗਿਆਤ ਪੁਰਖੇ ਦੀ ਪੂਜਾ ਕਰਦੇ ਹਨ। ਪਿੰਡ ਗੁਰੂਸਰ, ਸਲਾਬਤਪੁਰਾ ਅਤੇ ਜੰਡਾਂਵਾਲਾ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।



**ਜਠੇਰਾ ਪੂਜਾ ਸਥਾਨ: ਬਾਬਾ ਸਿੱਧ ਤਿਲਕ ਰਾਉ** **ਪਿੰਡ: ਬਲਾਹੜ ਵਿੰਝੂ**

**20. ਸੰਧੂ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸਿਰੀਏਵਾਲਾ, ਗਿੱਦੜ, ਖੇਮੂਆਣਾ, ਜੀਦਾ, ਹਰਗੋਬਿੰਦਪੁਰਾ ਜਾਂ ਹਰਰੰਗਪੁਰਾ, ਗੰਗਾ, ਭੋਡੀਪੁਰਾ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ, ਕਾਂਗੜ, ਚੱਠੇਵਾਲਾ ਅਤੇ ਭਾਗੀਵਾਂਦਰ ਵਿੱਚ ਉਪਰੋਕਤ ਸੰਧੂ ਗੋਤ ਕਾਫ਼ੀ ਗਿਣਤੀ ਵਿੱਚ ਪਾਇਆ ਗਿਆ। ਸੰਧੂ ਗੋਤ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਸੰਧੂ ਦੂਜਾ ਵੱਡਾ ਜੱਟ ਕਬੀਲਾ ਹੈ, ਉਨ੍ਹਾਂ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਅਤੇ ਲਾਹੌਰ ਜ਼ਿਲ੍ਹੇ ਹਨ। ਪਰ ਉਹ ਸਤਲੁਜ ਦੇ ਉਪਰਲੇ ਪਾਸੇ ਵੱਲ, ਅੰਬਾਲੇ ਦੇ ਪਹਾੜਾਂ ਦੇ ਹੇਠਾਂ ਵੱਲ, ਪੂਰਬ ਵਿੱਚ ਸਿਆਲਕੋਟ ਅਤੇ ਪੱਛਮ ਵੱਲ ਗੁਜ਼ਰਾਂਵਾਲੇ ਵਿੱਚ ਸਭ ਥਾਂ ਮਿਲਦੇ ਹਨ। ਉਹ ਸੂਰਜਵੰਸ਼ੀਆਂ ਦੀ ਸ਼੍ਰੀ ਰਾਮ ਚੰਦਰ ਜੀ ਦੀ ਰਘੂ ਕੁਲ ਰਾਜਪੂਤਾਂ ਦੀ ਸੰਤਾਨ ਹੋਣ ਦਾ ਦਾਅਵਾ ਕਰਦੇ ਹਨ। ਸੰਧੂ ਗੋਤ ਜੱਟਾਂ ਵਿੱਚ ਕਾਫ਼ੀ ਪ੍ਰਸਿੱਧ ਗੋਤ ਹੈ। ਪੰਜਾਬ ਵਿੱਚ ਸਿੱਧੂ-ਬਰਾੜਾਂ ਮਗਰੋਂ ਸੰਧੂ ਗਿਣਤੀ ਦੇ ਪੱਖੋਂ ਦੂਜਾ ਵੱਡਾ ਗੋਤ ਹੈ। ਸੰਧੂ ਭਾਈਚਾਰਾ ਸਤਲੁਜ ਦਰਿਆ ਦੇ ਨਾਲ਼ ਦੋਵੀਂ ਪਾਸੀਂ ਵਸਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਸਿੱਧ ਸਿੱਖ ਭਾਈ ਬਾਲਾ ਅਤੇ ਭਾਰਤ ਦਾ ਮਹਾਨ ਸ਼ਹੀਦ ਸਰਦਾਰ ਭਗਤ ਸਿੰਘ ਸੰਧੂ ਖਾਨਦਾਨ ਵਿੱਚੋਂ ਹੀ ਸਨ। ਸੰਧੂ ਜੱਟਾਂ ਦਾ ਦਾਅਵਾ ਹੈ ਕਿ ਉਹ ਅਯੁੱਧਿਆ ਦੇ ਰਾਜੇ ਸ਼੍ਰੀ ਰਾਮ ਚੰਦਰ ਜੀ ਰਾਹੀਂ

ਸੂਰਜਬੰਸੀ ਰਾਜਪੂਤਾਂ ਦੀ ਰਘੂਬੰਸੀ ਕੁਲ ਨਾਲ਼ ਸੰਬੰਧ ਰੱਖਦੇ ਹਨ। ਇਸ ਬੰਸ ਵਿੱਚੋਂ ਹੀ ਸੰਧੂ ਰਾਉ ਇੱਕ ਮਹਾਨ ਯੋਧਾ ਹੋਇਆ ਹੈ। ਸਰ ਲੈਪਲ ਗਰਿਫਨ ਦੀ ਰਾਏ ਵਿੱਚ ਸੰਧੂ ਉੱਤਰ-ਪੱਛਮੀ ਰਾਜਪੂਤਾਨੇ ਵਿੱਚੋਂ ਪੰਜਾਬ ਵਿੱਚ ਆਏ ਹਨ। ਪੁਰਾਣੇ ਸਮੇਂ ਵਿੱਚ ਜਦ ਕਾਲ ਪੈਂਦਾ ਸੀ ਤਾਂ ਲੋਕ ਹਰੇ ਚਾਰੇ ਦੀ ਤਲਾਸ਼ ਵਿੱਚ ਕਿਸੇ ਨਵੀਂ ਥਾਂ ਚਲੇ ਜਾਂਦੇ ਸਨ। ਪ੍ਰਸਿੱਧ ਇਤਿਹਾਸਕਾਰ ਕੇ. ਸੀ. ਯਾਦਵ ਦੇ ਅਨੁਸਾਰ ਬਹੁਤੀਆਂ ਜੱਟ ਜਾਤੀਆਂ ਗਿਆਰ੍ਹਵੀਂ ਸਦੀ ਵਿੱਚ ਮਹਿਮੂਦ ਗਜ਼ਨਵੀ ਦੇ ਸਮੇਂ ਪੰਜਾਬ ਵਿੱਚ ਆਈਆਂ ਹਨ। ਐਚ. ਏ. ਰੋਜ਼ ਨੇ ਆਪਣੀ ਪੁਸਤਕ ਵਿੱਚ ਸੰਧੂਆਂ ਦੀਆਂ 84 ਛੋਟੀਆਂ ਮੂੰਹੀਆਂ (ਸ਼ਾਖਾਵਾਂ) ਲਿਖੀਆਂ ਹਨ। ਸਿਆਲਕੋਟ ਦੇ 1883-84 ਗਜ਼ਟ ਅਨੁਸਾਰ ਸੰਧੂਆਂ ਦੀਆਂ ਕੇਵਲ ਪੰਜ ਹੀ ਮੁੱਖ ਮੂੰਹੀਆਂ ਹਨ। ਸੰਧੂ ਕਾਲ਼ਾ ਮੇਹਿਰ ਜਾਂ ਕਾਲ਼ਾ ਪੀਰ ਦੀ ਪੂਜਾ ਕਰਦੇ ਹਨ। ਇਹ ਸੰਧੂ ਬੰਸ ਦਾ ਵੱਡਾ-ਵਡੇਰਾ ਹੈ ਅਤੇ ਇਸਦੀ ਸਮਾਧ ਸਿਆਲਕੋਟ ਦੇ ਉਤਪਤੀ ਦੇ ਸਥਾਨ ਵਜੋਂ ਜਾਣੇ ਜਾਂਦੇ ਜ਼ਿਲ੍ਹੇ ਥਾਣਾ ਸਤਰ ਵਿੱਚ ਬਣੀ ਹੋਈ ਹੈ। (37)

ਪਿੰਡ ਕਾਂਗੜ, ਕੋਠਾ ਗੁਰੂ ਕਾ, ਹਰਰਾਏਪੁਰ, ਖੇਮੂਆਣਾ ਦੇ ਸੰਧੂ ਜੱਟ ਸਿੱਖ ਬੀੜ ਸਿੱਖਾਂ ਵਾਲ਼ਾ ਵਿਖੇ ਸਥਿਤ ਕਾਲ਼ਾ ਮਹਿਰ ਦੀ ਜਗ੍ਹਾ 'ਤੇ ਜਾ ਕੇ ਮਿੱਟੀ ਕੱਢਦੇ ਅਤੇ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਤੇ ਪਰਿਵਾਰਿਕ ਸੁਖ-ਸ਼ਾਂਤੀ ਲਈ ਅਰਦਾਸ ਕਰਦੇ ਹਨ। ਜੱਟ ਸਿੱਖਾਂ ਤੋਂ ਇਲਾਵਾ ਪਿੰਡ ਸਿਰੀਏਵਾਲਾ ਵਿੱਚ ਤਰਖਾਣ ਜਾਤੀ ਨਾਲ਼ ਸੰਬੰਧਿਤ ਸੰਧੂ ਗੋਤ ਦੇ ਲੋਕ ਵੀ ਪਾਏ ਗਏ ਜੋ ਕਿ ਬੀੜ ਸਿੱਖਾਂ ਵਾਲ਼ਾ ਵਿਖੇ ਹੀ ਕਾਲ਼ਾ ਮਹਿਰ ਦੀ ਜਗ੍ਹਾ 'ਤੇ ਮਿੱਟੀ ਕੱਢਣ ਜਾਂਦੇ ਹਨ।



**ਜਠੇਰਾ ਪੂਜਾ ਸਥਾਨ: ਬਾਬਾ ਕਾਲ਼ਾ ਮਹਿਰ ਜੀ** **ਪਿੰਡ: ਬੀੜ ਸਿੱਖਾਂ ਵਾਲ਼ਾ**

**21. ਸੋਨੀ –** ਇਸ ਗੋਤ ਦੇ ਲੋਕ ਜ਼ਿਲ੍ਹਾ ਬਠਿੰਡਾ ਦੇ ਪਿੰਡ ਸਿਰੀਏਵਾਲਾ ਵਿਖੇ ਰਹਿੰਦੇ ਹਨ, ਜੋ ਕਿ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**22. ਸੁਪਾਲ –** ਇਹ ਮੂਲ ਰੂਪ ਵਿੱਚ ਰਵਿਦਾਸੀਏ ਸਿੱਖਾਂ ਦਾ ਗੋਤ ਹੈ ਅਤੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਬੁਰਜ ਥਰੋੜ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕ 'ਮਲੇਰਕੋਟਲੇ ਵਾਲ਼ੇ ਪੀਰ' ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ।

**23. ਸਰਾਂ** - ਇਹ ਮਾਲਵਾ ਖੇਤਰ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਗੋਤ ਹੈ। ਸਰਾਂ ਜੱਟਾਂ ਦਾ ਇੱਕ ਗੋਤ ਹੈ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਭੱਟੀ ਰਾਜਪੂਤਾਂ ਵਿੱਚੋਂ ਹਨ। ਭੱਟੀ ਰਾਜੇ ਸਲਵਾਨ ਦੇ ਪੰਦਰਾਂ ਪੁੱਤਰ ਸਨ। ਸਲਵਾਨ ਭੱਟਨੇਰ ਦਾ ਇੱਕ ਪ੍ਰਸਿੱਧ ਰਾਜਾ ਸੀ। ਇਸ ਦੇ ਇੱਕ ਪੁੱਤਰ ਦਾ ਨਾਮ ਸਾਇਰ ਰਾਉ ਸੀ। ਸਰਾਂ ਗੋਤ ਦੇ ਜੱਟ ਸਰਾਓ ਜਾ ਸਾਇਰਰਾਉ ਦੀ ਬੰਸ ਵਿੱਚੋਂ ਹਨ। ਕਈ ਇਤਿਹਾਸਕਾਰਾਂ ਨੇ ਸਲਵਾਨ ਨੂੰ ਸਾਲੋਂ ਵੀ ਲਿਖਿਆ ਹੈ। ਬਠਿੰਡੇ ਵਿੱਚ ਸਰਾਵਾਂ ਦੇ 12 ਪਿੰਡ ਜੱਸੀ, ਪੱਕਾ, ਪਥਰਾਲਾ, ਸੇਖੂ, ਜੋਗੇਵਾਲਾ, ਤਖਤੂ, ਫਲੜ, ਸ਼ੇਰਗੜ, ਮਸਾਵਾ, ਦੇਸੂ ਪੰਨੀਵਾਲ, ਵਾਘਾ ਆਦਿ ਹਨ। 1881 ਦੀ ਜਨਸੰਖਿਆ ਦੇ ਅਨੁਸਾਰ ਪੰਜਾਬ ਵਿੱਚ ਸਰਾਂ ਗੋਤ ਦੇ ਜੱਟਾਂ ਦੀ ਗਿਣਤੀ 21826 ਸੀ। ਸਰਾਂ ਇੱਕ ਉੱਘਾ ਤੇ ਛੋਟਾ ਗੋਤ ਹੈ। (44)

ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪ੍ਰਸਿੱਧ ਪਿੰਡਾਂ ਭੋਡੀਪੁਰਾ, ਕੋਠਾ ਗੁਰੂ ਕਾ, ਹਾਕਮ ਸਿੰਘ ਵਾਲਾ ਅਤੇ ਖਿਆਲੀਵਾਲਾ ਵਿੱਚ ਇਹ ਗੋਤ ਪਾਇਆ ਗਿਆ। ਪਿੰਡ ਹਾਕਮ ਸਿੰਘ ਵਾਲਾ ਦੇ ਸਰਾਂ ਕਿਸੇ ਅਗਿਆਤ ਜਠੇਰੇ ਨੂੰ ਆਪਣਾ ਵੱਡਾ-ਵਡੇਰਾ ਮੰਨ ਕੇ ਉਸਦੀ ਪੂਜਾ ਕਰਦੇ ਹਨ ਜਦ ਕਿ ਪਿੰਡ ਖਿਆਲੀਵਾਲਾ ਦੇ ਸਰਾਂ ਇਸ ਤੋਂ ਉਲਟ ਗੁਰਮਤਿ ਵਿਚਾਰਾਧਾਰਾ ਦੇ ਧਾਰਨੀ ਹੋਣ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**24. ਸਰਾਵਾਂ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਖਿਆਲੀਵਾਲਾ ਅਤੇ ਜੰਡਾਂਵਾਲਾ ਵਿੱਚ ਪਾਇਆ ਗਿਆ। ਸਰਾਵਾਂ ਗੋਤ ਨਾਲ਼ ਸੰਬੰਧਿਤ ਪਿੰਡ ਜੰਡਾਂਵਾਲਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**25. ਸੋਲਕੀ –** ਇਹ ਗੋਤ ਬੌਰੀਆ ਸਿੱਖ ਬਰਾਦਰੀ ਦਾ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਹਰਰਾਏਪੁਰ ਅਤੇ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਹਰਰਾਏਪੁਰ ਦੇ ਸੋਲਕੀ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਗੋਨੇਆਣਾ ਵਿਖੇ ਹੈ। ਪਿੰਡ ਕੋਠਾ ਗੁਰੂ ਕਾ ਦੇ ਸੋਲਕੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**26. ਹਾਂਸ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਨਿਉਰ, ਰਾਜਗੜ੍ਹ, ਕਾਂਗੜ ਵਿੱਚ ਪਾਇਆ ਗਿਆ। ਗਿਆਨੀ ਸੁਰਿੰਦਰ ਸਿੰਘ ਰਾਜਪੂਤ *ਮਹਾਂ ਪੰਜਾਬ ਦੇ ਜੱਟ* ਪੁਸਤਕ ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ: "ਹਾਂਸ ਜੀਂਦ, ਲੁਧਿਆਣਾ, ਮੁਲਤਾਨ ਅਤੇ ਮਿੰਟਗੁਮਰੀ ਵਿੱਚ ਮਿਲਦਾ ਇੱਕ ਜੱਟ ਗੋਤ। ਇਨ੍ਹਾਂ ਦਾ 'ਸਿੱਧ ਬਾਬਾ ਸੁਲਈਮਾਨ' ਹੈ ਜਿਹੜਾ ਹਾਂਸ ਦੇ ਸਥਾਨ 'ਤੇ ਹੈ ਜਿਸ ਨੂੰ ਨਵਾਂ ਵਿਆਹਿਆ ਜੋੜਾ ਚੜ੍ਹਾਵਾ ਚੜ੍ਹਾਉਂਦਾ ਹੈ। ਜਾਪਦਾ ਹੈ ਕਿ ਹਾਂਸ ਨਾਂ ਦਾ ਸਬੰਧ ਹੰਸ ਨਾਲ਼ ਜੋੜਿਆ ਗਿਆ ਹੈ।" (118)

ਕਾਂਗੜ ਪਿੰਡ ਦੇ ਹਾਂਸ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧ ਰੱਖਦੇ ਹਨ ਅਤੇ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ।

**27. ਹੂੰਝਣ –** ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਦਾ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕਾਂਗੜ ਵਿੱਚ ਪਾਇਆ ਗਿਆ। ਪਿੰਡ ਕਾਂਗੜ ਦੇ ਹੂੰਝਣ ਆਪਣੇ ਖੇਤਾਂ ਵਿੱਚ ਬਣੀ ਮਟੀ (ਮਾੜੀ) 'ਤੇ 'ਬਾਬਾ ਸ਼ਹੀਦ' ਦੀ ਪੂਜਾ ਕਰਦੇ ਹਨ।

**28. ਹੁੰਦਲ –** ਆਪਣੇ ਖੋਜ-ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਹੁੰਦਲ ਗੋਤ ਵੀ ਪਾਇਆ ਗਿਆ। ਇਸ ਗੋਤ ਸੰਬੰਧੀ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਹੁਸ਼ਿਆਰ ਸਿੰਘ ਦੁਲੇਹ ਲਿਖਦੇ ਹਨ:

> ਜੱਟਾਂ ਦੇ ਬਹੁਤੇ ਗੋਤ ਚੰਦਰ ਬੰਸ ਵਿੱਚੋਂ ਹਨ, ਸੂਰਜ ਬੰਸੀ ਜੱਟ ਘੱਟ ਹਨ। ਹੁੰਦਲ ਜੱਟਾਂ ਦਾ ਇੱਕ ਛੋਟਾ ਜਿਹਾ ਗੋਤਰ ਹੈ ਜੋ ਸੂਰਜ ਬੰਸ ਵਿੱਚੋਂ ਹਨ। ਇਹਨਾਂ ਦਾ ਵਡੇਰਾ 'ਸਰਬ' ਉੱਤਰ ਪ੍ਰਦੇਸ਼ ਦੇ ਅਯੁੱਧਿਆ ਦੇ ਇਲਾਕੇ ਤੋਂ ਚੱਲ ਕੇ ਮਾਲਵੇ ਵਿੱਚ ਆਇਆ ਸੀ। ਇਹ ਕਾਫ਼ੀ ਸਮੇਂ ਪਿੱਛੋਂ ਅੰਮ੍ਰਿਤਸਰ ਦੇ ਖੇਤਰ ਵਿੱਚ ਆ ਗਿਆ। ਇਸ ਗੋਤ ਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਾਫ਼ੀ ਪਿੰਡ ਹਨ ਜੋ ਬੁੰਡਾਲਾ ਦੇ ਆਸ-ਪਾਸ ਹਨ। 'ਪ੍ਰੋ. ਹਰਭਜਨ ਸਿੰਘ ਹੁੰਦਲ' ਪ੍ਰਸਿੱਧ ਪ੍ਰਗਤੀਵਾਦੀ ਕਵੀ ਵੀ ਹੁੰਦਲ ਗੋਤ ਦੇ ਹੀ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਭਿੱਖੀਵਿੰਡ ਕੋਲ਼ ਇੱਕ ਪਿੰਡ 'ਬਾਸਰਕੇ ਹੁੰਦਲ' ਹੈ। (56)

ਜ਼ਿਲ੍ਹਾ ਬਠਿੰਡਾ ਦੇ ਖੋਜ-ਕਾਰਜ ਅਧੀਨ ਪਿੰਡਾਂ ਦੇ ਇਸ ਹੁੰਦਲ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਦ ਜਠੇਰੇ ਦੀ ਮੰਨ-ਮਨੌਤ ਬਾਰੇ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**29. ਹਰੀ–** ਇਹ ਗੋਤ ਵੀ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਸੰਬੰਧੀ ਲਿਖਦੇ ਹਨ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਇਸਦੇ ਮੋਢੀ ਦਾ ਨਾਮ ਹਰੀ ਸੀ ਜੋ ਰਾਜੇ ਜੱਗਦੇਉ ਪਰਮਾਰ ਦੀ ਬੰਸ ਵਿੱਚੋਂ ਸੀ। ਹਰੀ ਗੋਤ ਦੇ ਲੋਕ ਸ਼ਾਦੀ ਹਰੀ ਦੇ ਸਥਾਨ 'ਤੇ ਦਿਵਾਲੀ ਨੂੰ ਆਪਣੇ ਜਠੇਰੇ ਦੇ ਨਾਮ 'ਤੇ ਇੱਕ ਛੱਪੜ ਵਿਚੋਂ ਮਿੱਟੀ ਕੱਢਦੇ ਹਨ। ਸੰਗਰੂਰ ਤੇ ਪਟਿਆਲਾ ਇਲਾਕੇ ਵਿੱਚ ਵੀ ਹਰੀ ਗੋਤ ਦੇ ਜੱਟ ਕਈ ਪਿੰਡਾਂ ਵਿੱਚ ਆਬਾਦ ਹਨ। ਮੁਕਤਸਰ ਵਿੱਚ ਮਾਣੀ ਖੇੜਾ, ਬਠਿੰਡੇ ਵਿੱਚ ਤ੍ਰਖਾਣ ਵਾਲਾ, ਤਹਿਸੀਲ ਮਲੇਰਕੋਟਲਾ ਵਿੱਚ ਰੁੜਕੀ ਖੁਰਦ ਤੇ ਜ਼ਿਲ੍ਹਾ ਰੋਪੜ ਵਿੱਚ ਬੱਤਾ ਆਦਿ ਹਰੀ ਗੋਤ ਦੇ ਪ੍ਰਸਿੱਧ ਪਿੰਡ ਹਨ। ਪੰਜਾਬ ਵਿੱਚ ਹਰੀ ਗੋਤ ਦੇ ਜੱਟਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਹਰੀ ਜੱਟਾਂ ਦਾ ਉੱਘਾ ਪਿੰਡ ਸ਼ਾਦੀ ਹਰੀ ਸੰਗਰੂਰ ਜ਼ਿਲ੍ਹੇ ਦੇ ਧਨੌਲਾ ਖੇਤਰ ਵਿੱਚ ਰਾਏ ਧਰਾਨਾ ਪਿੰਡ ਦੇ ਨਜ਼ਦੀਕ ਹੀ ਹੈ। ਹਰੀ ਗੋਤ ਬਹੁਤਾ ਉੱਘਾ ਨਹੀਂ ਹੈ। (56)

ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮਲੂਕਾ ਵਿਖੇ ਪਾਇਆ ਗਿਆ। ਪਿੰਡ ਮਲੂਕਾ ਦੇ ਹਰੀ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੇ ਸਥਾਨ 'ਤੇ 'ਸੋਹਣ ਸਿੰਘ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ।

**30. ਕਿੰਗਰਾ –** ਇਹ ਗੋਤ ਮਾਲਵੇ ਦੇ ਵਿੱਚ ਜੱਟ ਸਿੱਖ ਬਰਾਦਰੀ ਦਾ ਗੋਤ ਹੈ। ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਹਾਕਮ ਸਿੰਘ ਵਾਲਾ, ਭੋਡੀਪੁਰਾ ਅਤੇ ਹਮੀਰਗੜ੍ਹ ਵਿੱਚ ਪਾਇਆ ਗਿਆ। ਪਿੰਡ ਹਮੀਰਗੜ੍ਹ ਦੇ ਵਿੱਚ ਇਹ ਗੋਤ ਮਿਸਤਰੀ ਬਰਾਦਰੀ ਵਿੱਚ ਵੀ ਪਾਇਆ ਗਿਆ। ਜਠੇਰੇ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਪਿੰਡ ਹਾਕਮ ਸਿੰਘ ਵਾਲਾ ਦੇ ਕਿੰਗਰੇ ਪਿੰਡ ਵਿੱਚ ਬਣੀ ਅਗਿਆਤ ਜਠੇਰੇ ਜਾਂ ਵੱਡ-ਵਡੇਰੇ ਦੀ ਸਮਾਧ ਵਿਖੇ ਮਿੱਟੀ ਕੱਢਦੇ ਹਨ।

**31. ਕੰਡਿਆਰਾ –** ਕੰਡਿਆਰਾ ਗੋਤ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਜਾਤੀ ਵਿੱਚ ਪਾਇਆ ਗਿਆ ਜੋ ਕਿ ਸਿਰੀਏਵਾਲਾ, ਭਗਤਾ ਭਾਈ ਅਤੇ ਦੁੱਲੇਵਾਲਾ ਪਿੰਡਾਂ ਵਿੱਚ ਵਸੇ ਹੋਏ ਹਨ। ਭਗਤਾ ਭਾਈ ਅਤੇ ਦੁੱਲੇਵਾਲਾ ਦੇ ਕੰਡਿਆਰਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**32. ਕੰਬੋਜ –** ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਜਲਾਲ ਵਿੱਚ ਕੰਬੋਜ ਗੋਤ ਵੀ ਪਾਇਆ ਗਿਆ ਜੋ ਕਿ ਮੁਸਲਮਾਨ ਬਰਾਦਰੀ ਨਾਲ਼ ਸੰਬੰਧਿਤ ਹੈ। ਇਹ ਮੁਸਲਮਾਨ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਮਸਜਿਦ ਵਿਖੇ ਜਾ ਕੇ ਨਮਾਜ਼ ਅਦਾ ਕਰਦੇ ਅਤੇ ਖੁਦਾ ਵਿੱਚ ਵਿਸ਼ਵਾਸ ਰੱਖਦੇ ਹਨ।

**33. ਕਾਮਰਾ –** ਇਹ ਗੋਤ ਅਰੋੜਾ ਬਰਾਦਰੀ ਨਾਲ਼ ਸੰਬੰਧਿਤ ਹੈ। ਬਠਿੰਡਾ ਜ਼ਿਲ੍ਹਾ ਦੇ ਪਿੰਡ ਭਗਤਾ ਭਾਈ ਅਤੇ ਜੀਦਾ ਦੇ ਖੇਤਰੀ ਸਰਵੇ ਦੌਰਾਨ ਇਸ ਗੋਤ ਦੀ ਨਿਸ਼ਾਨਦੇਹੀ ਕੀਤੀ ਗਈ। ਪਿੰਡ ਜੀਦਾ ਦੇ ਕੁਝ ਕਾਮਰਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕੁਝ ਕਾਮਰੇਡ ਹਨ।

**34. ਕਲਿਆਣੀ –** ਇਹ ਗੋਤ ਵੀ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਦਾ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਅਮਰਗੜ੍ਹ ਅਤੇ ਸਿਰੀਏਵਾਲਾ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਅਮਰਗੜ੍ਹ ਦੇ ਕਲਿਆਣੀ 'ਬਾਬਾ ਸਿੱਧ ਤਿਲਕ ਰਾਊ' ਨੂੰ ਅਤੇ ਸਿਰੀਏਵਾਲਾ ਦੇ ਕਲਿਆਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**35. ਕੌਲਧਾਰ –** ਜ਼ਿਲ੍ਹਾ ਬਠਿੰਡਾ ਦਾ ਇਹ ਪ੍ਰਮੁੱਖ ਗੋਤ ਦਲਿਤ ਜਾਤੀਆਂ ਨਾਲ਼ ਸੰਬੰਧਿਤ ਹੈ। ਇਹ ਗੋਤ ਪਿੰਡ ਭਗਤਾ ਭਾਈ ਅਤੇ ਸਿਰੀਏਵਾਲਾ ਵਿੱਚ ਹੈ। ਪਿੰਡ ਸਿਰੀਏਵਾਲਾ ਦੇ ਰਵਿਦਾਸੀਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**36. ਕਲੇਰ –** ਇਹ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਇਹ ਗੋਤ ਜੱਟ ਸਿੱਖ ਅਤੇ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਐਚ. ਏ. ਰੋਜ਼ ਆਪਣੀ ਖੋਜ ਭਰਪੂਰ ਪੁਸਤਕ ਵਿੱਚ ਇਨ੍ਹਾਂ ਨੂੰ ਚੌਹਾਣ ਬੰਸ ਵਿੱਚੋਂ ਹੀ ਦੱਸਦਾ ਹੈ। ਰੋਜ਼ ਸਾਹਿਬ ਨੇ 1882 ਈ: ਅਤੇ 1892 ਈ: ਦੀ ਜਨਸੰਖਿਆ ਦੀਆਂ ਰਿਪੋਰਟਾਂ ਪੜ੍ਹ ਕੇ ਅਤੇ ਤਹਿਸੀਲਦਾਰਾਂ ਰਾਹੀਂ ਪਟਵਾਰੀਆਂ ਤੋਂ ਪਿੰਡ ਦੇ ਇਤਿਹਾਸ ਤੇ ਗੋਤਾਂ ਬਾਰੇ ਲਿਖਤਾਂ ਲੈ ਕੇ ਆਪਣੀ ਕਿਤਾਬ ਲਿਖੀ ਸੀ। ਕਲੇਰਾਂ ਦਾ ਪਿਛੋਕੜ ਮਾਲਵਾ ਹੀ ਹੈ। ਇਹ ਮਾਲਵੇ ਤੋਂ ਹੀ ਮਾਝੇ ਤੇ ਦੁਆਬੇ ਵੱਲ ਗਏ। ਲੁਧਿਆਣੇ ਜ਼ਿਲ੍ਹੇ ਵਿੱਚ ਇਸ ਗੋਤ ਦੇ ਲੋਕ ਵਿਆਹ-ਸ਼ਾਦੀ ਸਮੇਂ ਆਪਣੇ ਜਠੇਰੇ ਦੀ ਉਸ ਮੱਠ 'ਤੇ ਪੂਜਾ ਕਰਦੇ ਹਨ। ਕਿਸੇ ਸਮੇਂ ਕਲੇਰ ਜੱਟ 'ਸਖੀ ਸਰਵਰ' ਦੇ ਹੀ ਸੇਵਕ ਸਨ। ਇਹ ਲੋਕ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਪਹਿਲਾਂ ਕੁਆਰੀਆਂ ਕੁੜੀਆਂ ਨੂੰ ਪਿਆ ਕੇ ਫਿਰ ਆਪ ਵਰਤਦੇ ਸਨ। ਸਿੱਖੀ ਦੇ ਪ੍ਰਭਾਵ ਕਾਰਨ ਕਲੇਰ ਜੱਟਾਂ ਨੇ ਪੁਰਾਣੀਆਂ ਰਸਮਾਂ ਘਟਾ ਦਿੱਤੀਆਂ ਹਨ ਅਤੇ ਸੱਖੀ ਸਰਵਰ ਵਿੱਚ ਸ਼ਰਧਾ ਵੀ ਛੱਡ ਦਿੱਤੀ ਹੈ। ਜ਼ਿਲ੍ਹਾ ਲੁਧਿਆਣਾ ਵਿੱਚ 'ਅਮਰਗੜ੍ਹ ਕਲੇਰ' ਪਿੰਡ ਕਲੇਰ ਜੱਟਾਂ ਦਾ ਬਹੁਤ ਹੀ ਪ੍ਰਸਿੱਧ ਪਿੰਡ ਹੈ। ਲੁਧਿਆਣੇ ਦੇ ਨਜ਼ਦੀਕ ਹੀ 'ਕਲੇਰਾਂ' ਪਿੰਡ ਵਿੱਚ ਕਲੇਰਾਂ ਵਾਲੇ ਸੰਤਾਂ ਦਾ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਹੈ। ਦੂਰ-ਦੂਰ ਤੋਂ ਲੋਕ ਇਸ ਗੁਰਦੁਆਰੇ ਦੇ ਦਰਸ਼ਨਾਂ ਲਈ ਆਉਂਦੇ ਹਨ। ਮਾਝੇ ਵਿੱਚ 'ਧਾਰੀਵਾਲ ਕਲੇਰ' ਪਿੰਡ ਜੱਟਾਂ ਦਾ ਪ੍ਰਸਿੱਧ ਪਿੰਡ ਹੈ। ਦੁਆਬੇ ਵਿੱਚ ਬੰਗਾ ਦੇ ਪਾਸ 'ਢਾਹ ਕਲੇਰਾਂ', ਫ਼ਰੀਦਕੋਟ ਵਿੱਚ 'ਕਲੇਰ' ਅਤੇ ਸੰਗਰੂਰ ਵਿੱਚ 'ਕਾਂਜਲਾ' ਵੀ ਕਲੇਰ ਜੱਟਾਂ ਦੇ ਉੱਘੇ ਪਿੰਡ ਹਨ। ਹਰਿਆਣੇ ਵਿੱਚ ਕਲੇਰ ਗੋਤ ਦੇ ਜੱਟ ਟੋਹਾਣਾ ਤਹਿਸੀਲ ਦੇ ਪ੍ਰਸਿੱਧ ਪਿੰਡ 'ਤਲਵਾੜਾ' ਵਿੱਚ ਵੀ ਆਬਾਦ ਹਨ। ਜੀਂਦ ਖੇਤਰ ਵਿੱਚ ਵੀ ਕੁਝ ਕਲੇਰ ਜੱਟ ਵਸਦੇ ਹਨ। ਜੀਂਦ ਵਿੱਚ 'ਭੱਮਾਵਾੜੀ' ਵਿੱਚ ਇਸ ਗੋਤ ਦੇ 'ਸਿੱਧ

> ਦੀਦਾਰ ਸਿੰਘ' ਦੀ ਸਮਾਧ ਹੈ ਜਿੱਥੇ ਮਾਘ ਵਦੀ ਪਹਿਲੀ ਨੂੰ ਇਸਦੀ ਪੂਜਾ ਕੀਤੀ ਜਾਂਦੀ ਹੈ। ਕਲੇਰ ਗੋਤ ਦਾ ਮੋਢੀ ਕੇਹਰ ਸੀ। ਇਸ ਨੂੰ ਕਲੇਰ ਵੀ ਕਹਿੰਦੇ ਸਨ। ਇਸ ਗੋਤ ਦੇ ਵਡੇਰੇ ਦਾਰਾ ਤੇ ਸੰਤੂ ਜਹਾਂਗੀਰ ਬਾਦਸ਼ਾਹ ਦੇ ਸਮੇਂ ਸਿਆਲਕੋਟ ਵੱਲ ਚਲੇ ਗਏ। ਕੁਝ ਕਲੇਰ ਮਿੰਟਗੁਮਰੀ ਵਿੱਚ ਵੀ ਆਬਾਦ ਹੋ ਗਏ। ਕੁਝ ਸਮੇਂ ਮਗਰੋਂ ਸੱਖੀ ਸਰਵਰ ਦੇ ਪ੍ਰਭਾਵ ਕਾਰਨ ਮਿੰਟਗੁਮਰੀ ਇਲਾਕੇ ਦੇ ਕਲੇਰ ਮੁਸਲਮਾਨ ਬਣ ਗਏ। ਪੂਰਬੀ ਪੰਜਾਬ ਦੇ ਸਾਰੇ ਕਲੇਰ ਜੱਟ ਸਿੱਖ ਹੀ ਹਨ। ਬੀ. ਐਸ. ਦਾਹੀਆ ਕਲੇਰ ਜੱਟਾਂ ਨੂੰ ਵੀ ਭੱਟੀ ਬੰਸ ਵਿਚੋਂ ਸਮਝਦਾ ਹੈ। ਇਹ ਠੀਕ ਨਹੀਂ। ਕੁਲਾਰ ਜ਼ਰੂਰ ਭੱਟੀ ਹਨ। ਚੌਹਾਣਾਂ ਦਾ ਉਪਗੋਤ ਦੁੱਲਣ ਵੀ ਕਲੇਰਾਂ ਵਾਂਗ ਆਪਣੇ ਸਿੱਧ ਦੀਦਾਰ ਸਿੰਘ ਦੀ ਮਾਨਤਾ ਕਰਦਾ ਹੈ। (62)

ਆਪਣੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਵਿੱਚ ਪਾਇਆ ਗਿਆ ਅਤੇ ਇਹ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਇਸ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**37. ਕੌਸ਼ਿਕ –** ਇਹ ਗੋਤ ਵੀ ਮੂਲ ਰੂਪ ਵਿੱਚ ਪੰਡਤ ਬਰਾਦਰੀ ਦਾ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਕੌਸ਼ਿਕ: ਇਹ ਵਿਸ਼ਵਾਮਿੱਤਰ ਰਿਸ਼ੀ ਦੇ ਉੱਤਰਾਧਿਕਾਰੀ ਹਨ। ਖੰਨਾ ਗੋਤ ਦੇ ਖੱਤਰੀ ਵੀ ਵਿਸ਼ਵਾਮਿੱਤਰ ਦੇ ਪਰਿਵਾਰ ਵਿੱਚੋਂ ਹਨ। ਵਿਸ਼ਵਾਮਿੱਤਰ ਕਸ਼ੱਤਰੀ ਰਾਜਾ ਸੀ ਪਰ ਤਪ ਕਰਕੇ ਬ੍ਰਾਹਮਣ ਪਦਵੀ ਪਾਈ।" (192)

ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਵਿੱਚ ਪਾਇਆ ਗਿਆ। ਇਸ ਪਿੰਡ ਦੇ ਕਾਂਗੜ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਬਣੀ ਮਟੀ 'ਤੇ ਚੌਦੇਂ-ਮੱਸਿਆ ਨੂੰ ਮਿੱਟੀ ਕੱਢਦੇ ਹਨ।

**38. ਖੋਸਾ –** ਇਹ ਗੋਤ ਜੱਟ ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਹੁਸ਼ਿਆਰ ਸਿੰਘ ਦੁਲੇਹ ਇਸ ਗੋਤ ਦੇ ਇਤਿਹਾਸ ਬਾਰੇ ਦੱਸਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਤੰਵਰ ਰਾਜਪੂਤਾਂ ਦੀ ਇੱਕ ਸ਼ਾਖ ਹੈ। ਚੌਹਾਣਾਂ ਨੇ ਤੰਵਰਾਂ ਤੋਂ ਦਿੱਲੀ ਦਾ ਰਾਜ ਖੋਹ ਲਿਆ। ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਨੇ ਆਪਣੀ ਕਿਤਾਬ 'ਪੰਜਾਬ ਦਾ ਇਤਿਹਾਸ' ਜਿਲਦ ਤੀਜੀ ਵਿੱਚ ਲਿਖਿਆ ਹੈ "ਸੰਬਰ ਜਾਂ ਅਜਮੇਰ ਦੇ ਚੌਹਾਨਾਂ ਅਤੇ ਦਿੱਲੀ ਦੇ ਤੂਮਾਰਾਂ ਵਿਚਕਾਰ ਲੜਾਈਆਂ ਤੇ ਇੱਕ ਬਹੁਤ ਲੰਮੇ ਸਿਲਸਿਲੇ ਤੋਂ ਬਾਅਦ ਦਿੱਲੀ 1164 ਈਸਵੀ ਤੋਂ ਪਹਿਲਾਂ ਚੌਹਾਨਾਂ ਦੇ ਕਬਜ਼ੇ ਵਿੱਚ ਆ ਗਈ ਸੀ।" ਪੰਜਾਬ ਵਿਚ ਤੰਵਰਾਂ ਨੂੰ ਤੂਰ ਕਿਹਾ ਜਾਂਦਾ ਹੈ। ਤੂਰ ਆਪਣਾ ਦਿੱਲੀ ਤੋਂ ਰਾਜ ਖੁਹਾ ਕੇ 1164 ਈਸਵੀ ਦੇ ਮਗਰੋਂ ਪੰਜਾਬ ਦੇ ਮੋਗੇ ਦੇ ਇਲਾਕੇ ਵਿੱਚ ਆ ਗਏ। ਰਾਜ ਖੁਸਾਉਣ ਤੋਂ ਬਾਅਦ ਇਨ੍ਹਾਂ ਦਾ ਨਾਮ ਖੋਸੇ ਪੈ

ਗਿਆ। ਇਸ ਗੋਤ ਦਾ ਵਡੇਰਾ ਰਣਧੀਰ ਸੀ। ਜਿਸ ਜਗ੍ਹਾ ਖੋਸੇ ਠਹਿਰੇ ਉਸਦਾ ਨਾਮ 'ਖੋਸਾ ਰਣਧੀਰ' ਪੈ ਗਿਆ। ਖੋਸੇ ਗੋਤ ਦੇ ਲੋਕ ਖੋਸਾ ਰਣਧੀਰ ਪਿੰਡ ਦੇ ਛੱਪੜ ਉੱਤੇ ਆਪਣੀਆਂ ਸੁੱਖਾਂ ਲਾਹੁੰਦੇ ਹਨ। ਖੋਸਿਆਂ ਦਾ ਗੋਤ ਤਾਂ ਤੂਰ ਹੈ ਪਰ ਇਨ੍ਹਾਂ ਦੀ ਅਲ ਖੋਸੇ ਹੀ ਗੋਤ ਦੇ ਤੌਰ 'ਤੇ ਪ੍ਰਚੱਲਿਤ ਹੋ ਗਈ ਹੈ। ਬਠਿੰਡੇ ਦੇ ਇਲਾਕੇ ਵਿੱਚ ਵੀ ਖੋਸਾ ਪਿੰਡ ਖੋਸੇ ਜੱਟਾਂ ਦਾ ਹੀ ਹੈ। (68)



**ਜਠੇਰਾ ਪੂਜਾ ਸਥਾਨ: ਪਿੰਡ ਖੋਸਾ ਰਣਧੀਰ**

ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਜਲਾਲ ਅਤੇ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਪਿੰਡ ਖੋਸਾ ਰਣਧੀਰ (ਮੋਗਾ) ਵਿਖੇ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਆਉਂਦੇ ਹਨ।

**39. ਖਹਿਰਾ –** ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ।ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਖਹਿਰਾ ਗੋਤ ਦੇ ਜੱਟ 'ਬਾਬਾ ਮਾਲੋ ਜੀ' ਨੂੰ ਜਠੇਰੇ ਵਜੋਂ ਪੂਜਦੇ ਹਨ।

**40. ਖੋਖਰ –** ਉਪਰੋਕਤ ਗੋਤ ਵੀ ਪਿੰਡ ਸਿਰੀਏਵਾਲਾ ਵਿੱਚ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਭਾਈਚਾਰੇ ਦੇ ਲੋਕ ਆਪਣੇ-ਆਪ ਨੂੰ 'ਖੋਖਰ ਭਾਈ ਕੇ' ਅਖਵਾਉਂਦੇ ਹਨ ਅਤੇ ਕਿਸੇ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**41. ਖਟੜਾ–** ਇਹ ਗੋਤ ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਨਿਉਰ ਅਤੇ ਕੋਠਾ ਗੁਰੂ ਕਾ ਵਿਖੇ ਮਿਲਿਆ। ਪਿੰਡ ਕੋਠਾ ਗੁਰੂ ਕਾ ਦੇ ਖਟੜਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**42. ਖੱਤੀ –** ਮਾਲਵਾ ਖੇਤਰ ਦੇ ਅੰਤਰਗਤ ਬਠਿੰਡਾ ਜ਼ਿਲ੍ਹਾ ਵਿੱਚ ਖੱਤੀ ਗੋਤ ਪਾਇਆ ਗਿਆ। ਇਹ ਗੋਤ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਹੈ। ਖੱਤੀ ਗੋਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਆਕਲੀਆ ਅਤੇ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਕੋਠਾ ਗੁਰੂ ਕਾ ਦੇ ਖੱਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**43. ਖਰੌੜ –** ਇਹ ਗੋਤ ਪਿੰਡ ਸਿਰੀਏਵਾਲਾ ਵਿਖੇ ਰਹਿੰਦੇ ਲੋਕਾਂ ਦਾ ਗੋਤ ਹੈ। ਇਸ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਖੇਤਾਂ ਵਿੱਚ ਬਣੇ ਸਥਾਨ 'ਤੇ ਚੇਤ ਦੇ ਮਹੀਨੇ ਮਿੱਟੀ ਕੱਢਦੇ ਹਨ।

**44. ਗੋਇਲ –** ਗੋਇਲ ਗੋਤ ਮੂਲ ਰੂਪ ਵਿੱਚ ਹਿੰਦੂ ਬਰਾਦਰੀ ਦਾ ਗੋਤ ਹੈ। ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਜਠੇਰੇ ਬਾਰੇ ਇਸ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ 'ਦੇਵੀ ਮਾਤਾ' ਦੇ ਉਪਾਸਕ ਹਨ।

**45. ਗੈਂਗੇ –** ਇਹ ਗੋਤ ਮੂਲ ਰੂਪ ਵਿੱਚ ਮਹਿਰਾ ਸਿੱਖ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭੋਡੀਪੁਰਾ ਵਿੱਚ ਪਾਇਆ ਗਿਆ। ਪਿੰਡ ਭੋਡੀਪੁਰਾ ਦੇ ਗੈਂਗੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨੂੰ ਮੰਨਦੇ ਹਨ।

**46. ਗਾਗੜਾ –** ਇਹ ਗੋਤ ਡਕੌਤ ਬਰਾਦਰੀ ਨਾਲ਼ ਸੰਬੰਧਿਤ ਹੈ। ਖੇਤਰੀ ਸਰਵੇਖਣ ਦੌਰਾਨ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਗੰਗਾ ਵਿਖੇ ਪਾਇਆ ਗਿਆ। ਪਿੰਡ ਗੰਗਾ ਦੇ ਗਾਗੜਾ ਗੋਤ ਦੇ ਲੋਕ ਬਾਬਾ 'ਰਾਮਦੇਵ ਰਾਜਸ' ਦੀ ਮੰਨ-ਮਨੌਤ ਕਰਦੇ ਹਨ।

**47. ਗੋਂਦਾਰਾ –** ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਅਤੇ ਜਲਾਲ ਵਿੱਚ ਪਾਇਆ ਗਿਆ। ਗੋਂਦਾਰਾ ਗੋਤ ਬਾਰੇ ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਗਹਿਲੋਤ ਰਾਜਪੂਤਾਂ ਵਿੱਚੋਂ ਹਨ। ਇਹ ਸ਼ਿਵ ਦੀ ਬੰਸ ਵਿੱਚੋਂ ਹਨ। ਜੱਟਾਂ ਦੇ ਮਾਨ, ਭੁੱਲਰ, ਹੇਰ, ਗੋਂਦਾਰੇ, ਪੂੰਨੀਆਂ ਆਦਿ 12 ਗੋਤ ਸ਼ਿਵਗੋਤਰੀ ਹਨ। ਇਹ ਬਹੁਤ ਹੀ ਪੁਰਾਣੇ

ਜੱਟ ਕਬੀਲੇ ਹਨ। ਐਚ .ਏ. ਰੋਜ਼ ਨੇ ਵੀ ਆਪਣੀ ਖੋਜ ਪੁਸਤਕ ਵਿੱਚ ਗੋਦਾਰਿਆਂ ਬਾਰੇ ਲਿਖਿਆ ਹੈ "ਗੋਦਾਰਾ ਜੱਟ ਸ਼ਿਵਗੋਤਰੀ ਹਨ। ਇਹ ਬਹੁਤੇ ਸਰਸਾ, ਹਿਸਾਰ ਤੇ ਫ਼ਤਿਹਬਾਦ ਦੇ ਇਲਾਕੇ ਵਿੱਚ ਹਨ। ਇਹ ਨਿਮਬੂ ਜੀ ਨੂੰ ਆਪਣੀ ਬੰਸ ਦਾ ਮੋਢੀ ਮੰਨਦੇ ਹਨ ਜਿਸ ਨੇ ਬੀਕਾਨੇਰ ਦੇ ਨਜਦੀਕ ਇੱਕ ਪਿੰਡ ਬੰਨ੍ਹਿਆ ਸੀ। ਪੰਜਾਬ ਦੇ ਮੁਕਤਸਰ, ਫ਼ਰੀਦਕੋਟ, ਬਠਿੰਡਾ, ਮਾਨਸਾ ਤੇ ਸੰਗਰੂਰ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਗੋਦਾਰੇ ਜੱਟ ਕਾਫ਼ੀ ਵਸਦੇ ਹਨ। ਮਾਲਵੇ ਵਿੱਚ ਗੋਂਦਾਰੇ ਜੱਟਾਂ ਦੀ ਵਸੋਂ ਵਾਲ਼ੇ ਪ੍ਰਸਿੱਧ ਪਿੰਡ ਬਰਗਾੜੀ, ਗੋਂਦਾਰੇ, ਜਿਉਣ ਸਿੰਘ ਵਾਲਾ, ਮੱਤਾ, ਡੇਲਿਆਂ ਵਾਲੀ, ਲਧਾਈ ਕੇ, ਰਟੌਲ, ਘੁਮਿਆਰਾ, ਲਹਿਰਾ ਮੁਹੱਬਤ ਤੇ ਭਦੌੜ ਆਦਿ ਹਨ। ਪੰਜਾਬ ਵਿੱਚ ਗੋਦਾਰਾ ਜੱਟਾਂ ਦੀ ਵਸੋਂ ਕੇਵਲ ਮਾਲਵੇ ਵਿੱਚ ਹੀ ਹੈ। ਇਹ ਬਹੁਤ ਹੀ ਘੱਟ ਗਿਣਤੀ ਵਿੱਚ ਹਨ। ਪੰਜਾਬ ਵਿੱਚ ਬਹੁਤੇ ਗੋਂਦਾਰੇ ਜੱਟ ਸਿੱਖ ਹੀ ਹਨ। ਗੋਦਾਰਾ ਤੇ ਗੋਂਦਾਰਾ ਇੱਕੋ ਹੀ ਗੋਤ ਹਨ। ਉਚਾਰਨ ਵਿੱਚ ਹੀ ਫ਼ਰਕ ਹੈ। (69)

ਪਿੰਡ ਕੋਠਾ ਗੁਰੂ ਕਾ ਦੇ ਗੋਂਦਾਰੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਰਹਿਬਰ ਮੰਨਦੇ ਹਨ।

**48. ਗਰਗ –** ਇਹ ਗੋਤ ਹਿੰਦੂ ਧਰਮ ਨਾਲ਼ ਸੰਬੰਧਿਤ ਹੈ ਅਤੇ ਬਾਣੀਆ ਜਾਤੀ ਦਾ ਗੋਤ ਹੈ। ਜ਼ਿਲ੍ਹਾ ਬਠਿੰਡਾ ਦੇ ਮਲੂਕਾ, ਜਲਾਲ ਅਤੇ ਕੋਠਾ ਗੁਰੂ ਕਾ ਪਿੰਡਾਂ ਵਿੱਚ ਗਰਗ ਗੋਤ ਦੇ ਲੋਕ ਵਸੇ ਹੋਏ ਹਨ। ਪਿੰਡ ਮਲੂਕਾ ਦੇ ਗਰਗ 'ਦੇਵੀ ਮਾਤਾ' ਦੇ ਉਪਾਸਕ ਹਨ।

**49. ਗਰੋਵਰ –** ਇਹ ਗੋਤ ਵੀ ਮੂਲ ਰੂਪ ਵਿੱਚ ਹਿੰਦੂ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਜੋ ਕਿ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**50. ਗਰੇਵਾਲ –** ਪੰਜਾਬ ਦਾ ਇਹ ਪ੍ਰਸਿੱਧ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਖੇਮੂਆਣਾ, ਗਿੱਦੜ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਹ ਮੂਲ ਰੂਪ ਵਿੱਚ ਜੱਟ ਸਿੱਖ ਭਾਈਚਾਰੇ ਦਾ ਗੋਤ ਹੈ ਅਤੇ ਪਿੰਡ ਖੇਮੂਆਣਾ ਦੇ ਬਹੁ-ਗਿਣਤੀ ਗਰੇਵਾਲ ਜੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**51. ਗਿੱਲ –** ਸਰਵੇ ਦੌਰਾਨ ਵੇਖਣ ਵਿੱਚ ਆਇਆ ਕਿ ਪਿੰਡ ਭਗਤਾ ਭਾਈ, ਸਿਰੀਏਵਾਲਾ, ਬੁਰਜ ਥਰੋੜ, ਮਲੂਕਾ, ਗਿੱਦੜ, ਜੰਡਾਂਵਾਲਾ, ਜੀਦਾ, ਹਰਰਾਏਪੁਰ, ਅਮਰਗੜ੍ਹ, ਢੇਲਵਾਂ, ਹਾਕਮ ਸਿੰਘ ਵਾਲਾ, ਭੋਡੀਪੁਰਾ, ਹਮੀਰਗੜ੍ਹ, ਆਕਲੀਆ, ਜਲਾਲ, ਕੋਠਾ ਗੁਰੂ ਕਾ, ਦੁੱਲੇਵਾਲਾ, ਭਾਈ ਰੂਪਾ, ਭਾਗੀਵਾਂਦਰ, ਸੁੱਖਾ ਸਿੰਘ ਵਾਲਾ, ਚੱਠੇਵਾਲਾ, ਰਾਜਗੜ੍ਹ ਵਿਖੇ ਬਹੁਗਿਣਤੀ ਗਿੱਲ ਗੋਤ ਨਾਲ਼ ਸੰਬੰਧਿਤ ਲੋਕ ਰਹਿੰਦੇ ਹਨ। ਵਰਣਨਯੋਗ ਹੈ ਕਿ ਜੱਟ ਸਿੱਖਾਂ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੀਦਾ ਅਤੇ ਢੇਲਵਾਂ ਵਿਖੇ ਇਹ ਗੋਤ ਮਜ਼੍ਹਬੀ ਸਿੱਖ ਅਤੇ ਪਿੰਡ

ਗਿੱਦੜ ਵਿਖੇ ਰਵਿਦਾਸੀਆ ਜਾਤੀ ਨਾਲ਼ ਵੀ ਸੰਬੰਧ ਰੱਖਦਾ ਹੈ। ਜਠੇਰਿਆਂ ਦੀ ਗੱਲ ਕਰੀਏ ਤਾਂ ਪਿੰਡ ਆਕਲੀਆ ਦੇ ਜੱਟ 'ਬਾਬਾ ਸ਼ਹੀਦ' ਦੀ ਆਪਣੇ ਖੇਤਾਂ ਵਿੱਚ ਬਣੀ ਜਗ੍ਹਾ 'ਤੇ ਹੀ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਭੋਡੀਪੁਰਾ ਦੇ ਗਿੱਲ 'ਗੁਰਬਚਨ ਸਿੰਘ' ਨਾਮੀ ਜਠੇਰੇ ਦੀ ਆਪਣੇ ਖੇਤਾਂ ਵਿੱਚ ਹੀ ਪੂਜਾ ਕਰਦੇ ਹਨ। ਜੰਡਾਂਵਾਲਾ ਪਿੰਡ ਦੇ ਗਿੱਲ ਗੋਤ ਨਾਲ਼ ਸੰਬੰਧਿਤ ਵਸਨੀਕ 'ਬਖਤੌਰ ਸਿੰਘ' ਅਤੇ 'ਖਜਾਨ ਸਿੰਘ' ਜੋ ਕਿ ਪਹਿਲਵਾਨ ਸਨ ਉਹਨਾਂ ਦੀ ਆਪਣੇ ਵੱਡੇ-ਵਡੇਰੇ ਜਾਂ ਜਠੇਰੇ ਦੇ ਰੂਪ ਵਿੱਚ ਪਿੰਡ ਵਿੱਚ ਬਣੀ ਜਗ੍ਹਾ 'ਤੇ ਜਾ ਕੇ ਪੂਜਾ ਕਰਦੇ ਹਨ। ਪਿੰਡ ਢੇਲਵਾਂ ਦੇ ਗਿੱਲ ਆਧੁਨਿਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਦੇ ਹੋਏ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**52. ਘਾਰੂ –** ਇਹ ਗੋਤ ਬਠਿੰਡਾ ਜ਼ਿਲ੍ਹੇ ਦੀ ਹੱਦ ਅੰਦਰ ਪੈਂਦੇ ਪਿੰਡਾਂ ਨਿਉਰ, ਮਲੂਕਾ, ਭੋਡੀਪੁਰਾ ਵਿੱਚ ਮਿਲਿਆ ਅਤੇ ਇਹ ਗੋਤ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਹੈ। ਨਿਉਰ ਪਿੰਡ ਦੇ ਘਾਰੂ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਅਤੇ ਭਗਤਾ ਭਾਈ ਪਿੰਡ ਵਿਖੇ ਮਾਘ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਣ ਜਾਂਦੇ ਹਨ।

**53. ਚੌਹਾਨ –** ਖੋਜ-ਕਾਰਜ ਦੌਰਾਨ ਬਠਿੰਡਾ ਜ਼ਿਲ੍ਹੇ ਵਿੱਚ ਪਿੰਡ ਮਲੂਕਾ, ਕੋਠਾ ਗੁਰੂ ਕਾ, ਜਲਾਲ, ਗੁਰੂਸਰ, ਭਾਈ ਰੂਪਾ ਵਿਖੇ ਚੌਹਾਨ ਗੋਤ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਕਰਨਲ ਜੇਮਜ਼ ਟਾਡ ਦੇ ਪ੍ਰਸਿੱਧ ਗ੍ਰੰਥ 'ਐਨਿਲ ਐਂਡ ਕਿਉਟੀਜ਼ ਆਫ ਰਾਜਸਥਾਨ ਦੇ ਹਵਾਲੇ ਨਾਲ਼ ਲਿਖਦੇ ਹਨ, "ਚੌਹਾਨ ਇੱਕ ਅਗਨੀ ਕੁਲ ਕਬੀਲਾ ਹੈ। ਰਾਜਪੂਤਾਂ ਦੇ 36 ਸ਼ਾਹੀ ਵੰਸ਼ਾਂ ਵਿੱਚੋਂ ਇੱਕ ਹੈ। ਇਹਨਾਂ ਨੂੰ ਸਭ ਰਾਜਪੂਤਾਂ ਤੋਂ ਵੱਧ ਬਹਾਦਰ ਕਹਿੰਦਾ ਹੈ। ਇਨ੍ਹਾਂ ਦਾ ਸੰਬੰਧ ਭਾਰਤ ਦੇ ਆਖਰੀ ਹਿੰਦੂ ਸਮਰਾਟ (ਪ੍ਰਿਥਵੀ ਰਾਜ ਚੌਹਾਨ) ਨਾਲ਼ ਜੋੜਦਾ ਹੈ।" (148)

ਇਹ ਗੋਤ ਰਾਜਪੂਤਾਂ, ਜੱਟਾਂ, ਸੁਨਿਆਰਿਆਂ ਅਤੇ ਅਨੇਕਾਂ ਦਲਿਤ ਜਾਤਾਂ ਵਿੱਚ ਵੀ ਮਿਲਦਾ ਹੈ। ਪਿੰਡ ਕੋਠਾ ਗੁਰੂ ਕਾ ਵਿੱਚ ਇਹ ਗੋਤ ਰਵਿਦਾਸੀਏ ਸਿੱਖਾਂ ਅਤੇ ਬੌਰੀਆ ਜਾਤੀ ਦਾ ਹੈ ਜੋ ਕਿ 'ਗੁਰਗੋ ਬਾਈ' ਦੀ ਪੂਜਾ ਕਰਦੇ ਹਨ ਜੋ ਕਿ ਇਹਨਾਂ ਦੇ ਕਹਿਣ ਅਨੁਸਾਰ ਇਹਨਾਂ ਦਾ ਜਠੇਰਾ ਹੈ। ਇਸ ਤੋਂ ਇਲਾਵਾ ਭਾਈ ਰੂਪਾ ਪਿੰਡ ਵਿੱਚ ਚੌਹਾਨ ਜੋ ਕਿ ਰਾਜਪੂਤ ਠਾਕੁਰ ਹਨ, ਆਪਣੇ ਵੱਡੇ-ਵਡੇਰੇ 'ਸੋਹਨ ਲਾਲ' ਦੀ ਪਿੰਡ ਵਿੱਚ ਹੀ ਸਥਿਤ ਜਗ੍ਹਾ 'ਤੇ ਜਾ ਕੇ ਪੂਜਾ-ਅਰਾਧਨਾ ਕਰਦੇ ਹਨ।

**54. ਚਹਿਲ –** ਇਹ ਜੱਟ ਸਿੱਖਾਂ ਦਾ ਗੋਤ ਹੈ। ਗਿਆਨੀ ਸੁਰਿੰਦਰ ਸਿੰਘ ਰਾਜਪੂਤ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਲਿਖਦੇ ਹਨ:

> ਚਾਹਲ ਸੂਬੇ ਦੇ ਵੱਡੇ ਜੱਟ ਕਬੀਲਿਆਂ ਵਿੱਚੋਂ ਇੱਕ ਹੈ। ਉਨ੍ਹਾਂ ਦੀ ਬਹੁ ਸੰਖਿਆ ਪਟਿਆਲੇ ਦੇ ਇਲਾਕੇ ਵਿੱਚ ਮਿਲਦੀ ਹੈ ਪਰ ਅੰਬਾਲਾ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਹਾੜਾਂ ਦੇ ਹੇਠਾਂ ਪੱਛਮ ਤੱਕ; ਜਿਵੇਂ ਕਿ ਗੁਜਰਾਂਵਾਲਾ ਤੇ ਸਿਆਲਕੋਟ ਵਿੱਚ ਵੀ ਬਹੁਗਿਣਤੀ ਵਿੱਚ ਮਿਲਦੇ ਹਨ। ਉਹ ਕਹਿੰਦੇ ਹਨ ਕਿ ਸੂਰਜਵੰਸ਼ੀ ਰਾਜਾ ਅਗਰਸੈਨ ਦੇ ਚਾਰ ਪੁੱਤਰ

> ਚਾਹਿਲ, ਛੀਨਾ, ਚੀਮਾ ਅਤੇ ਸ਼ਾਹੀ ਸਨ। ਉਹਨਾਂ ਤੋਂ ਚਾਰ ਜੱਟ ਕਬੀਲਿਆਂ ਦਾ ਆਰੰਭ ਹੋਇਆ। (71)

ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੀਦਾ, ਗੰਗਾ, ਕੋਠਾ ਗੁਰੂ ਕਾ, ਸਲਾਬਤਪੁਰਾ, ਖਿਆਲੀਵਾਲਾ ਵਿੱਚ ਮਿਲਦਾ ਹੈ। ਇਸ ਗੋਤ ਨਾਲ਼ ਸੰਬੰਧਿਤ ਪਿੰਡ ਖਿਆਲੀਵਾਲਾ ਦੇ ਚਹਿਲ 'ਜੋਗੀ ਪੀਰ' ਨੂੰ ਮੰਨਦੇ ਹਨ ਜਿਸਦਾ ਸਥਾਨ ਜ਼ਿਲ੍ਹਾ ਮਾਨਸਾ ਦੇ ਪਿੰਡ ਕੈਚੀਆਂ ਵਿਖੇ ਸਥਿਤ ਹੈ।

**55. ਚੰਡਾਲੀਆ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਾਈ ਰੂਪਾ ਵਿੱਚ ਪਾਇਆ ਗਿਆ। ਇਸ ਗੋਤ ਦੇ ਪਿੰਡ ਭਾਈ ਰੂਪਾ ਦੇ ਚੰਡਾਲੀਆ ਡੇਰਾ ਸਿਰਸਾ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**56. ਚੰਦੜ੍ਹ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਸ ਸਰਵੇਖਣ ਦੇ ਦੌਰਾਨ ਇਹ ਗੋਤ ਬੌਰੀਆ ਬਰਾਦਰੀ ਵਿੱਚ ਪਾਇਆ ਗਿਆ ਅਤੇ ਚੰਦੜ੍ਹ ਗੋਤ ਦੇ ਲੋਕ 'ਰਵੀਦਾਸ ਭਗਤ' ਨੂੰ ਮੰਨਦੇ ਹਨ।

**57. ਚਾਨੀ –** ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਵਿੱਚ ਪਾਇਆ ਗਿਆ ਜੋ ਕਿ ਮਿਸਤਰੀ ਜਾਤੀ ਨਾਲ਼ ਸੰਬੰਧ ਰੱਖਦਾ ਹੈ। ਇਸ ਗੋਤ ਦੇ ਲੋਕ ਜਠੇਰੇ ਦੇ ਰੂਪ ਵਿੱਚ 'ਬਾਬਾ ਵਿਸ਼ਵਕਰਮਾ' ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ।

**58. ਚੋਪੜਾ –** ਇਹ ਗੋਤ ਖੱਤਰੀ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਾਈ ਰੂਪਾ ਵਿੱਚ ਪਾਇਆ ਗਿਆ। ਪਿੰਡ ਭਾਈ ਰੂਪਾ ਦੇ ਚੋਪੜਾ ਗੋਤ ਦੇ ਲੋਕ 'ਭੋਲੂ ਰਾਮ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹਨ।

**59. ਚੀਮਾ –** ਇਹ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਗੋਤ ਹੈ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਲਿਖਦੇ ਹਨ:

> ਪੰਜਾਬ ਵਿੱਚ ਚੀਮਾਂ ਜੱਟਾਂ ਦੇ ਬਹੁਤ ਵੱਡਿਆਂ ਕਬੀਲਿਆਂ ਵਿੱਚੋਂ ਇੱਕ ਹੈ। ਉਹ ਕਹਿੰਦੇ ਹਨ ਕਿ ਕੋਈ 25 ਪੀੜ੍ਹੀਆਂ ਪਹਿਲਾਂ ਉਹਨ੍ਹਾਂ ਦਾ ਵਡਾਰੂ ਚੀਮਾ ਜੋ ਕਿ ਚੌਹਾਨ ਰਾਜਪੂਤ ਸੀ ਤੇ ਮੁਹੰਮਦ ਗੌਰੀ ਦੇ ਹੱਥੋਂ ਪ੍ਰਿਥਵੀ ਰਾਜ ਚੌਹਾਨ ਦੀ ਹਾਰ ਪਿੱਛੋਂ ਦਿੱਲੀਓਂ ਭੱਜਿਆ ਅਤੇ ਪਹਿਲਾਂ ਕਾਂਗੜੇ ਵਿੱਚ ਆਇਆ, ਫਿਰ ਅੰਮ੍ਰਿਤਸਰ ਵੱਲ ਤੁਰ ਗਿਆ, ਜਿੱਥੇ ਉਸਦੇ ਪੁੱਤਰ ਨੇ ਅਲਾਉਦੀਨ ਖਿਲਜੀ ਸਮੇਂ ਬਿਆਸ ਦੇ ਇਲਾਕੇ ਵਿੱਚ ਪਿੰਡ ਦੀ ਸਥਾਪਨਾ ਕੀਤੀ। ਉਸਦੇ ਪੁੱਤਰ ਜਿਹਨਾਂ ਨੂੰ ਕੰਗ ਅਤੇ ਢੋਲ ਕਹਿੰਦੇ ਹਨ, ਉਹਨਾਂ ਦੇ ਮੌਜੂਦਾ ਕਬੀਲੇ ਦੇ ਵਡਾਰੂ ਸਨ। ਚੀਮੇ ਆਪਣੀਆਂ ਵਿਆਹ ਸੰਬੰਧੀ ਰਸਮਾਂ ਸ਼ਾਹੀ ਕਬੀਲੇ ਦੇ ਪ੍ਰਭਾਵ ਹੇਠ ਦੱਸਦੇ ਹਨ ਜੋ

> ਬਹੁਤ ਅਜੀਬ ਹਨ ਅਤੇ ਕਹਿੰਦੇ ਹਨ ਕਿ ਉਹ ਸਭ ਰਸਮਾਂ ਯੋਗੀਆਂ ਹੱਥੋਂ ਕਰਵਾਉਂਦੇ ਹਨ ਨਾ ਕਿ ਬ੍ਰਾਹਮਣਾਂ ਹੱਥੋਂ। (107)

ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਦੇ ਜੱਟ ਸਿੱਖਾਂ ਵਿੱਚ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**60. ਚਲਾਣੇ –** ਇਹ ਅਰੋੜਾ ਬਰਾਦਰੀ ਦਾ ਇੱਕ ਗੋਤ ਹੈ। ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਵਿਖੇ ਪਾਇਆ ਗਿਆ ਜੋ ਕਿ ਬਠਿੰਡਾ ਜ਼ਿਲ੍ਹੇ ਦਾ ਇੱਕ ਪ੍ਰਸਿੱਧ ਪਿੰਡ ਹੈ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**61. ਛੋਹਲਕਾ –** ਇਹ ਗੋਤ ਮੂਲ ਰੂਪ ਵਿੱਚ ਬੌਰੀਆ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਦੁੱਲੇਵਾਲਾ ਵਿੱਚ ਪਾਇਆ ਗਿਆ। ਛੋਹਲਕਾ ਗੋਤ ਦੇ ਆਪਣੇ ਸਥਾਨਕ ਦੇਵੀ-ਦੇਵਤੇ ਅਤੇ 'ਗੁੱਗਾ ਜਾਹਰ ਪੀਰ' ਨੂੰ ਮੰਨਦੇ ਹਨ।

**62. ਜੱਸੜ –** ਬਠਿੰਡਾ ਜ਼ਿਲ੍ਹੇ ਦੇ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਆਕਲੀਆ ਵਿੱਚ ਪਾਇਆ ਗਿਆ। ਇਹ ਗੋਤ ਰਾਮਦਾਸੀਆ ਬਰਾਦਰੀ ਨਾਲ਼ ਸੰਬੰਧਿਤ ਹੈ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ। ਉਹਨਾਂ ਦੇ ਦੱਸਣ ਮੁਤਾਬਿਕ ਉਹ 'ਨਿਗਾਹੇ ਵਾਲ਼ੇ ਪੀਰ' ਨੂੰ ਮੰਨਦੇ ਹਨ।

**63. ਜੰਗਾਲੀਆ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਾਈ ਰੂਪਾ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹ 'ਸ਼ਿਵ ਜੀ' ਦੇ ਭਗਤ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**64. ਜੈਚੰਦ –** ਇਹ ਗੋਤ ਮੂਲ ਰੂਪ ਵਿੱਚ ਪੰਡਤ ਬਰਾਦਰੀ ਦਾ ਗੋਤ ਹੈ। ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕਾਂਗੜ ਵਿੱਚ ਪਾਇਆ ਗਿਆ। ਇਸ ਪਿੰਡ ਦੇ ਲੋਕ 'ਮਾਤਾ ਸਤੀ' ਦੀ ਪੂਜਾ ਕਰਨ ਲਈ ਪਿੰਡ ਕੁੱਸਾ ਮੀਨੀਆ ਵਿਖੇ ਜਾਂਦੇ ਹਨ।

**65. ਜਟਾਣਾ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਹਮੀਰਗੜ੍ਹ ਵਿੱਚ ਪਾਇਆ ਗਿਆ। ਇਹ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਜਟਾਣਾ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਸ ਗੋਤ ਦਾ ਮੋਢੀ ਜੱਟਾਣਾ ਸੀ। ਇਹ ਲੋਕ ਆਪਣੇ-ਆਪ ਨੂੰ ਯਾਦਵ ਬੰਸੀ ਸ੍ਰੀ ਕ੍ਰਿਸ਼ਨ ਦੇ ਖਾਨਦਾਨ ਵਿੱਚੋਂ ਦੱਸਦੇ ਹਨ। ਭੱਟੀ ਰਾਜਪੂਤ ਵੀ ਸ੍ਰੀ ਕ੍ਰਿਸ਼ਨ ਦੀ ਬੰਸ ਵਿੱਚੋਂ ਹਨ। ਰਾਉ ਭੱਟੀ ਤੀਜੀ ਸਦੀ ਵਿੱਚ ਹੋਇਆ ਹੈ। ਉਸ ਨੇ ਬਠਿੰਡੇ ਦਾ ਕੱਚਾ ਕਿਲ੍ਹਾ ਬਣਾਇਆ ਸੀ। ਲੱਖੀ ਜੰਗਲ ਤੇ ਭੱਟਨੇਰ ਦੇ ਇਲਾਕਿਆਂ 'ਚ ਕਬਜ਼ਾ ਕਰ ਲਿਆ। ਭੱਟੀ ਰਾਉ ਦੀ ਬੰਸ ਵਿੱਚੋਂ ਵਿਜੇ

ਰਾਉ, ਦੇਵ ਰਾਜ, ਜੈਸਲ, ਹੇਮ ਤੇ ਜੂੰਧਰ ਰਾਉ ਪ੍ਰਸਿੱਧ ਹੋਏ ਹਨ। ਜਟਾਣੇ ਦੇ ਪਿਤਾ ਦਾ ਨਾਂ ਮੇਪਾਲ ਸੀ। ਜਟਾਣੇ ਦੀ ਸੰਤਾਨ ਤੋਂ ਗੋਤ ਜਟਾਣਾ ਹੋਂਦ ਵਿੱਚ ਆਇਆ। ਮਾਨਸਾ ਵਿੱਚ ਜਟਾਣਾ ਕਲਾਂ ਤੇ ਜਟਾਣਾ ਖੁਰਦ ਵੀ ਇਸ ਬਰਾਦਰੀ ਦੇ ਪਿੰਡ ਹਨ। ਕੁਝ ਜਟਾਣੇ ਫ਼ਿਰੋਜ਼ਪੁਰ, ਬਠਿੰਡਾ ਤੇ ਸੰਗਰੂਰ ਖੇਤਰ ਦੇ ਕੁਝ ਪਿੰਡਾਂ ਵਿੱਚ ਵੀ ਵਸਦੇ ਹਨ। ਪੰਜਾਬ ਵਿੱਚ ਜਟਾਣੇ ਗੋਤ ਦੇ ਜੱਟਾਂ ਦੀ ਗਿਣਤੀ ਬਹੁਤ ਘੱਟ ਹੈ। ਅੱਚਲ ਦੀ ਬੰਸ ਵਿੱਚੋਂ ਜਟਾਣੇ, ਵੱਟੂ ਤੇ ਬੋਦਲੇ ਜੱਟ ਹਨ। (91)

ਹਮੀਰਗੜ੍ਹ ਦੇ ਜਟਾਣਾ ਗੋਤ ਵਾਲ਼ੇ ਲੋਕ 'ਬਾਬਾ ਫੂਲ' ਨੂੰ ਮੰਨਦੇ ਹਨ।

**66. ਜੋਸ਼ੀ –** ਬਠਿੰਡੇ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕਾਂਗੜ ਵਿੱਚ ਪਾਇਆ ਗਿਆ। ਇਹ ਗੋਤ ਪੰਡਤ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਬ੍ਰਾਹਮਣ ਜਾਤੀ ਦਾ ਗੋਤਰ ਹੈ ਜਿਹੜੇ ਬ੍ਰਾਹਮਣ ਗੋਤ ਪਾਕਿਸਤਾਨ ਬਣਨ ਤੋਂ ਮਗਰੋਂ ਰਾਜਸਥਾਨ ਚਲੇ ਗਏ ਸਨ ਅਤੇ ਕੁਝ ਪੰਜਾਬ ਆ ਗਏ ਸਨ।" (185)

ਇਸ ਗੋਤ ਦੇ ਲੋਕ ਆਪਣੇ ਵਡੇਰੇ 'ਵਤਸ' ਦੀ ਪੂਜਾ ਕਰਨ ਲਈ ਪਿੰਡ ਹਠੂਰ ਵਿਖੇ ਜਾਂਦੇ ਹਨ।

**67. ਝੋਜਾ –** ਬਠਿੰਡਾ ਜ਼ਿਲ੍ਹੇ ਦਾ ਇਹ ਗੋਤ ਇਸ ਜ਼ਿਲ੍ਹੇ ਦੇ ਪਿੰਡ ਨਿਓਰ ਵਿੱਚ ਵਸਦੇ ਮਹਿਰੇ ਸਿੱਖਾਂ ਦਾ ਗੋਤ ਹੈ। ਇਸ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**68. ਝੰਜੋਤਰਾ –** ਇਹ ਮੂਲ ਰੂਪ ਵਿੱਚ ਰਵਿਦਾਸੀਏ ਜਾਤੀ ਦਾ ਗੋਤ ਹੈ। ਇਹ ਜ਼ਿਲ੍ਹਾ ਬਠਿੰਡਾ ਦੇ ਪਿੰਡ ਗੰਗਾ ਵਿੱਚ ਪਾਇਆ ਗਿਆ। ਝੰਜੋਤਰਾ ਗੋਤ ਦੇ ਲੋਕ 'ਸਾਈਂ ਦਾਸ' ਨੂੰ ਆਪਣਾ ਵੱਡਾ-ਵਡੇਰਾ ਮੰਨਦੇ ਹਨ। ਇਸਦੇ ਬਾਵਜੂਦ ਵੀ ਇਸ ਗੋਤ ਦੇ ਲੋਕ ਆਪਣੇ ਵਡੇਰੇ ਦੀ ਪੂਜਾ ਕਰਨ ਜਾਂ ਉਸ ਨੂੰ ਮੰਨਣ ਦੀ ਬਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**69. ਟੋਪਰਾ –** ਟੋਪਰਾ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਰਾਏਪੁਰ ਵਿਖੇ ਪਾਇਆ ਗਿਆ ਅਤੇ ਇਹ ਮਹਿਰੇ ਸਿੱਖਾਂ ਦਾ ਇੱਕ ਗੋਤ ਹੈ। ਇਸ ਗੋਤ ਦੇ ਲੋਕ ਆਪਣੇ ਵੱਡੇ-ਵਡੇਰੇ ਵਜੋਂ 'ਆਤਾ' ਨੂੰ ਮੰਨਦੇ ਹਨ।

**70. ਡਾਂਗਵਾਲੇ –** ਇਹ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਵਿਖੇ ਪਾਇਆ ਗਿਆ। ਇਹ ਗੋਤ ਮੂਲ ਰੂਪ ਵਿੱਚ ਬਾਜੀਗਰ ਬਰਾਦਰੀ ਦਾ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਖੇਤੀ ਕਰਦਾ ਕੰਬੋਜ ਗੋਤ, ਇੱਕ ਖੱਤਰੀ ਗੋਤ, ਇੱਕ ਬ੍ਰਾਹਮਣ ਗੋਤ, ਇੱਕ ਅਰਾਈਂ ਗੋਤ, ਇੱਕ ਜੱਟ ਗੋਤ, ਇੱਕ ਅਰੋੜਾ ਗੋਤ।" (118)

ਪਿੰਡ ਜੀਦਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਮਾਨਤਾ ਲਈ ਅੱਠ ਹਾੜ੍ਹ ਨੂੰ ਪਿੰਡ ਜੰਡਾਂਵਾਲਾ ਵਿਖੇ ਮੱਥਾ ਟੇਕਣ ਲਈ ਜਾਂਦੇ ਹਨ।

**71. ਢੱਡੇ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਹੋਇਆਂ ਲਿਖਦੇ ਹਨ:

> ਇਹ ਤੂਰ ਰਾਜਪੂਤਾਂ ਦੀ ਇੱਕ ਸ਼ਾਖ ਹਨ। ਇਹ ਦਿੱਲੀ ਦੇ ਖੇਤਰ ਤੋਂ ਉੱਠ ਕੇ ਰਾਜਸਤਾਨ ਵੱਲ ਚਲੇ ਗਏ। 12ਵੀਂ ਸਦੀ ਦੇ ਲਗਭਗ ਇਹ ਰਾਜਸਤਾਨ ਤੋਂ ਚੱਲ ਕੇ ਲੁਧਿਆਣੇ ਦੇ ਨੇੜਲੇ ਖੇਤਰਾਂ ਵਿੱਚ ਆ ਕੇ ਆਬਾਦ ਹੋ ਗਏ। ਲੁਧਿਆਣੇ ਵਿੱਚ ਢੰਡਾਰੀ, ਢੰਡੇ ਅਤੇ ਰੁਪਾਲੋਂ ਆਦਿ ਕਈ ਪਿੰਡ ਇਨ੍ਹਾਂ ਨੇ ਆਬਾਦ ਕੀਤੇ ਸਨ। ਪੰਜਾਬ ਵਿੱਚ ਢੰਡੇ ਜਾਂ ਢੱਡੇ ਨਾਮ ਦੇ ਕਈ ਪਿੰਡ ਹਨ। ਦੁਆਬੇ ਦੇ ਫ਼ਗਵਾੜਾ ਖੇਤਰ ਵਿੱਚ ਵੀ ਇੱਕ ਪਿੰਡ ਦਾ ਨਾਮ ਢੱਡੇ ਹੈ। ਬਠਿੰਡੇ ਵਿੱਚ ਵੀ ਇੱਕ ਪਿੰਡ ਦਾ ਨਾਮ ਢੱਡੇ ਹੈ। ਮਾਝੇ ਦੇ ਮਜੀਠਾ ਖੇਤਰ ਵਿੱਚ ਵੀ ਕੁਝ ਢੰਡੇ ਗੋਤ ਦੇ ਲੋਕ ਵਸਦੇ ਹਨ। ਮਾਝੇ ਤੇ ਦੁਆਬੇ ਵਿੱਚ ਢੰਡਾ ਗੋਤ ਦੇ ਲੋਕ ਬਹੁਤ ਹੀ ਘੱਟ ਹਨ। ਸੰਗਰੂਰ ਵਿੱਚ ਢੰਡੇ ਜੱਟ ਕਾਫ਼ੀ ਹਨ। ਇਹ ਸੁਆਮੀ ਸੁੰਦਰ ਦਾਸ ਨੂੰ ਆਪਣਾ ਜਠੇਰਾ ਮੰਨਦੇ ਹਨ। ਹਰ ਮਹੀਨੇ ਦੀ 12 ਸੁਦੀ ਨੂੰ ਆਪਣੇ ਜਠੇਰੇ ਦੀ ਸਮਾਧ 'ਤੇ ਦੁੱਧ ਚੜ੍ਹਾਵੇ ਦੇ ਤੌਰ 'ਤੇ ਭੇਟ ਕੀਤਾ ਜਾਂਦਾ ਹੈ। ਖੁਸ਼ੀ ਦੇ ਮੌਕੇ 'ਤੇ ਜਠੇਰੇ ਦੀ ਸਮਾਧ 'ਤੇ ਦੀਵਾ ਬਾਲ ਕੇ ਰੱਖਦੇ ਹਨ। ਨਵੀਂ ਪੀੜ੍ਹੀ ਦੇ ਲੋਕ ਪੁਰਾਣੇ ਰਸਮ-ਰਿਵਾਜ਼ ਛੱਡ ਰਹੇ ਹਨ। ਢੰਡਾ ਤੂਰਾਂ ਦਾ ਇੱਕ ਉਪਗੋਤ ਹੈ। ਇਸ ਲਈ ਇਨ੍ਹਾਂ ਦੀ ਪੰਜਾਬ ਵਿੱਚ ਗਿਣਤੀ ਬਹੁਤ ਹੀ ਘੱਟ ਹੈ। ਬੀ. ਐਸ. ਦਾਹੀਆ ਆਪਣੀ ਪੁਸਤਕ 'ਜਾਟਸ' ਵਿੱਚ ਢੰਡੇ ਭਾਈਚਾਰੇ ਦੇ ਲੋਕਾਂ ਨੂੰ ਭਾਰਤ ਦਾ ਈਸਵੀ ਸਦੀ ਤੋਂ 500 ਸਾਲ ਪਹਿਲਾਂ ਦਾ ਪੁਰਾਣਾ ਕਬੀਲਾ ਮੰਨਦਾ ਹੈ। ਇਹ ਬਹੁਤੇ ਮਾਲਵੇ ਵਿੱਚ ਹੀ ਆਬਾਦ ਹਨ। (96)

**72. ਢਿੱਲੋਂ –** ਜੱਟ ਸਿੱਖ ਜਾਤੀ ਨਾਲ਼ ਸੰਬੰਧਿਤ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਸਿਰੀਏਵਾਲਾ, ਬੁਰਜ ਥਰੋੜ, ਮਲੂਕਾ, ਜੰਡਾਂਵਾਲਾ, ਖੇਮੂਆਣਾ, ਜੀਦਾ, ਹਰਰਾਏਪੁਰ, ਹਰਰੰਗਪੁਰਾ (ਗੋਬਿੰਦਪੁਰਾ), ਰਾਜਗੜ੍ਹ, ਜਲਾਲ, ਕੋਠਾ ਗੁਰੂ ਕਾ, ਦਿਆਲਪੁਰਾ ਭਾਈ ਕਾ, ਦੁੱਲੇਵਾਲਾ, ਭਾਈ ਰੂਪਾ, ਭਾਗੀਵਾਂਦਰ, ਚੱਠੇਵਾਲਾ, ਸੇਲਬਰਾ, ਸੁੱਖਾ ਸਿੰਘ ਵਾਲਾ ਵਿੱਚ ਪਾਇਆ ਗਿਆ। ਮਲੂਕਾ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਜੱਟ ਆਪਣੇ ਪਿੰਡ ਵਿੱਚ ਆਪਣੇ ਖੇਤਾਂ ਵਿੱਚ ਹੀ ਬਣੀ ਪੁਰਖੇ ਦੀ ਮੜ੍ਹੀ (ਮਟੀ) ਦੀ ਪੂਜਾ ਕਰਦੇ ਹਨ। ਜਦ ਕਿ ਪਿੰਡ ਜੰਡਾਂਵਾਲਾ ਦੇ ਢਿੱਲੋਂ ਅਗਿਆਤ ਪੁਰਖੇ ਦੀ ਆਪੋ-ਆਪਣੇ ਘਰਾਂ ਵਿੱਚ ਬਣਾਈ ਜਗ੍ਹਾ 'ਤੇ ਹੀ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਦੁੱਲੇਵਾਲਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ। ਜ਼ਿਲ੍ਹਾ ਫ਼ਰੀਦਕੋਟ

ਵਿੱਚ ਢਿੱਲਵਾਂ ਕਲਾਂ ਅਤੇ ਢਿੱਲਵਾਂ ਖੁਰਦ ਨਾਮਕ ਪਿੰਡ ਹਨ। ਢਿੱਲਵਾਂ ਪਿੰਡ ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵੀ ਹੈ। ਜ਼ਿਲ੍ਹਾ ਸੰਗਰੂਰ ਵਿੱਚ ਪਿੰਡ 'ਢਿੱਲਵਾਂ ਨਾਕਾ' ਵੀ ਇਸੇ ਗੋਤ ਨਾਲ਼ ਜੁੜਦੇ ਹਨ।

**73. ਤਾਇਲ –** ਇਹ ਗੋਤ ਵੀ ਮੂਲ ਰੂਪ ਵਿੱਚ ਵਿੱਚ ਹਿੰਦੂ ਬਰਾਦਰੀ ਦਾ ਗੋਤ ਹੈ। ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਉਹਨਾਂ ਦਾ ਕਹਿਣਾ ਹੈ ਕਿ ਉਹ ਡੇਰਾ ਰਾਧਾ ਸੁਆਮੀ ਬਿਆਸ ਦੇ ਪੈਰੋਕਾਰ ਹਨ।

**74. ਤਸਕਰ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇ ਦੇ ਦੌਰਾਨ ਇਹ ਗੋਤ ਪਿੰਡ ਹਾਕਮ ਸਿੰਘ ਵਾਲਾ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ।

**75. ਤਾਗੜੀ –** ਤਾਗੜੀ ਗੋਤ ਖੱਤਰੀ ਬਰਾਦਰੀ ਨਾਲ਼ ਸੰਬੰਧਿਤ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਪਿੰਡ ਕਾਂਗੜ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕ ਆਪਣੇ ਅਗਿਆਤ ਵੱਡੇ-ਵਡੇਰੇ ਨੂੰ ਮੰਨਦੇ ਹਨ।

**76. ਤੰਗੜ –** ਇਹ ਮੂਲ ਰੂਪ ਵਿੱਚ ਮਜ਼ਬੀ ਸਿੱਖਾਂ ਦਾ ਗੋਤ ਹੈ। ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਹਰਰਾਏਪੁਰ ਅਤੇ ਹਮੀਰਗੜ੍ਹ ਵਿੱਚ ਪਾਇਆ ਗਿਆ। ਪਿੰਡ ਹਰਰਾਏਪੁਰ ਦੇ ਇਸ ਗੋਤ ਵਾਲੇ ਲੋਕ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**77. ਤੂਰ –** ਮਾਲਵੇ ਵਿੱਚ ਇਹ ਗੋਤ ਜੱਟਾਂ ਦਾ ਹੈ। ਖੇਤਰੀ ਸਰਵੇ ਦੇ ਦੌਰਾਨ ਇਹ ਗੋਤ ਪਿੰਡ ਹਾਕਮ ਸਿੰਘ ਵਾਲਾ ਵਿਖੇ ਮੁਸਲਮਾਨ ਬਰਾਦਰੀ ਵਿੱਚ ਪਾਇਆ ਗਿਆ। ਤੂਰ ਬਰਾਦਰੀ ਦੇ ਕੁਝ ਮੁਸਲਿਮ ਇੱਕ ਅੱਲ੍ਹਾ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ।

**78. ਥਿੰਗੜ –** ਥਿੰਗੜ ਗੋਤ ਜ਼ਿਲ੍ਹਾ ਬਠਿੰਡਾ ਦੇ ਉੱਘੇ ਪਿੰਡ ਭਗਤਾ ਭਾਈ ਵਿੱਚ ਪਾਇਆ ਗਿਆ। ਇਸ ਪਿੰਡ ਦੇ ਥਿੰਗੜ ਕਿਸੇ ਜਠੇਰੇ ਦੀ ਥਾਂ 'ਦੇਵੀ ਮਾਤਾ' ਦੇ ਉਪਾਸਕ ਹਨ।

**79. ਧਨੋਆ –** ਇਹ ਮੂਲ ਰੂਪ ਵਿੱਚ ਬਠਿੰਡਾ ਜ਼ਿਲ੍ਹਾ ਵਿੱਚ ਨਾਈ ਸਿੱਖ ਬਰਾਦਰੀ ਵਿੱਚ ਇਹ ਗੋਤ ਪਾਇਆ ਗਿਆ। ਖੇਤਰੀ ਸਰਵੇਖਣ ਦੌਰਾਨ ਇਹ ਗੋਤ ਤਿੰਨ ਪਿੰਡਾਂ ਖਿਆਲੀਵਾਲਾ, ਕੋਠਾ ਗੁਰੂ ਕਾ ਅਤੇ ਗਿੱਦੜ ਵਿੱਚ ਪਾਇਆ ਗਿਆ। ਪਿੰਡ ਗਿੱਦੜ ਦੇ ਧਨੋਆ ਗੋਤ ਦੇ ਲੋਕ ਪਿੰਡ ਮਹਿਰਾਜ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਜਾਂਦੇ ਹਨ।

**80. ਧੰਮੂ –** ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਹੈ। ਇਹ ਗੋਤ ਖੇਤਰੀ ਸਰਵੇਖਣ ਦੌਰਾਨ ਪਿੰਡ ਭੋਡੀਪੁਰਾ ਅਤੇ ਹਾਕਮ ਸਿੰਘ ਵਾਲਾ ਵਿਖੇ ਪਾਇਆ ਗਿਆ। ਇਸ ਗੋਤ ਦੇ ਜ਼ਿਆਦਾਤਰ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**81. ਧੀਮਾਨ –** ਇਹ ਰਾਮਗੜ੍ਹੀਆ ਬਰਾਦਰੀ ਦਾ ਗੋਤ ਹੈ ਜੋ ਜ਼ਿਆਦਾਤਰ ਦੁਆਬੇ ਵਿੱਚ ਰਹਿੰਦੇ ਹਨ। ਧੀਮਾਨ ਲੋਕਾਂ ਦਾ ਵਸਾਇਆ ਹੋਇਆ ਇੱਕ ਪਿੰਡ ਧੀਮਾਨ ਕਪੂਰਥਲਾ ਜ਼ਿਲ੍ਹੇ ਵਿੱਚ ਹੈ। ਇਹ ਗੋਤ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਗਿੱਦੜ, ਕੋਠਾ ਗੁਰੂ ਕਾ, ਆਕਲੀਆ, ਸਲਾਬਤਪੁਰਾ, ਭਗਤਾ ਭਾਈ ਆਦਿ ਪਿੰਡਾਂ ਵਿੱਚ ਮਿਲਿਆ। ਧੀਮਾਨ ਗੋਤ ਦੇ ਲੋਕ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**82. ਧਾਲੀਵਾਲ –** ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ, ਸਿਰੀਏਵਾਲਾ, ਬੁਰਜ ਥਰੋੜ, ਖੇਮੂਆਣਾ, ਜੀਦਾ, ਅਮਰਗੜ੍ਹ, ਖਿਆਲੀਵਾਲਾ, ਗੋਬਿੰਦਪੁਰਾ, ਗੰਗਾ, ਹਮੀਰਗੜ੍ਹ, ਆਕਲੀਆ, ਜਲਾਲ, ਦਿਆਲਪੁਰਾ, ਕਾਂਗੜ, ਸਲਾਬਤਪੁਰਾ, ਕੋਠਾ ਗੁਰੂ ਕਾ, ਦੁੱਲੇਵਾਲਾ, ਭਾਈ ਰੂਪਾ, ਸੇਲਬਰਾ, ਰਾਜਗੜ੍ਹ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹਨਾਂ ਪਿੰਡਾਂ ਵਿੱਚੋਂ ਪਿੰਡ ਕਾਂਗੜ ਅਤੇ ਆਕਲੀਆ ਵਿੱਚ ਇਹ ਗੋਤ ਜੱਟ ਸਿੱਖਾਂ ਤੋਂ ਇਲਾਵਾ ਮਜ਼੍ਹਬੀ ਸਿੱਖ ਜਾਤੀ ਵਿੱਚ ਵੀ ਪਾਇਆ ਗਿਆ ਜਦ ਕਿ ਬਾਕੀ ਸਾਰੇ ਪਿੰਡਾਂ ਵਿੱਚ ਧਾਲੀਵਾਲ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦੇ ਹਨ। ਇੰਨਾ ਹੀ ਨਹੀ ਪਿੰਡ ਦੁੱਲੇਵਾਲਾ ਵਿੱਚ ਧਾਲੀਵਾਲ ਗੋਤ ਨਾਲ਼ ਸੰਬੰਧਿਤ ਨਾਈ ਸਿੱਖ ਜਾਤੀ ਵੀ ਪਾਈ ਗਈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਸਰ ਇਬੱਟਸਨ ਆਪਣੀ ਕਿਤਾਬ 'ਪੰਜਾਬ ਕਾਸਟਸ' ਵਿੱਚ ਧਾਲੀਵਾਲ ਜੱਟਾਂ ਨੂੰ ਧਾਰੀਵਾਲ ਲਿਖਦਾ ਹੈ। ਇਨ੍ਹਾਂ ਨੂੰ ਧਾਰਾ ਨਗਰ ਵਿੱਚੋਂ ਆਏ ਭੱਟੀ ਰਾਜਪੂਤ ਮੰਨਦਾ ਹੈ। ਅਸਲ ਵਿੱਚ ਧਾਲੀਵਾਲਾਂ ਦਾ ਮੂਲ ਸਥਾਨ ਰਾਜਸਥਾਨ ਦਾ ਧੌਲਪੁਰ ਖੇਤਰ ਹੈ। ਇਹ ਲੋਕ ਧੌਲ ਭਾਵ ਬਲਦ ਤੇ ਗਊਆਂ ਪਾਲ ਕੇ ਗੁਜ਼ਾਰਾ ਕਰਦੇ ਸਨ। ਪਹਿਲਾਂ ਇਨ੍ਹਾਂ ਨੂੰ ਧੌਲਪਾਲ ਕਿਹਾ ਜਾਂਦਾ ਸੀ। ਧੌਲਪਾਲ ਸ਼ਬਦ ਤੱਤਭਵ ਰੂਪ ਵਿੱਚ ਬਦਲ ਕੇ ਮਾਲਵੇ ਵਿੱਚ ਧਾਲੀਵਾਲ ਤੇ ਮਾਝੇ ਵਿੱਚ ਧਾਰੀਵਾਲ ਬਣ ਗਿਆ। ਅਸਲ ਵਿੱਚ ਭੱਟੀ ਰਾਜਪੂਤਾਂ ਦਾ ਮੂਲ ਸਥਾਨ ਰਾਜਸਤਾਨ ਦਾ ਜੈਸਲਮੇਰ ਖੇਤਰ ਹੈ। ਧਾਲੀਵਾਲ ਭਾਈਚਾਰੇ ਦੇ ਲੋਕ ਧੌਲਪੁਰ ਖੇਤਰ ਤੋਂ ਉੱਠ ਕੇ ਕੁਝ ਜੋਧਪੁਰ ਤੇ ਬਾਕੀ ਰਾਜਸਤਾਨ ਦੇ ਬਾਗੜ ਇਲਾਕੇ ਵਿੱਚ ਆ ਕੇ ਆਬਾਦ ਹੋ ਗਏ। ਸੰਤ ਵਿਸਾਖਾ ਸਿੰਘ ਨੇ ਵੀ ਮਾਲਵਾ ਇਤਿਹਾਸ ਵਿੱਚ ਲਿਖਿਆ ਹੈ ਕਿ ਧਾਲੀਵਾਲ ਧਾਰਾਂ ਤੋਂ ਨਿਕਲ ਕੇ ਬਮਰੌਲੀ ਨਗਰ ਵਿੱਚ ਵਸੇ। ਜੋ ਅੱਜਕਲ੍ਹ ਧੌਲਪੁਰ ਦੇ ਇਲਾਕੇ ਵਿੱਚ ਹੈ। ਇਹ ਅੱਠਵੀਂ ਸਦੀ ਦਾ ਮੱਧ ਸੀ। ਬਹੁਤ ਸਾਰੇ ਜੋਧਪੁਰ ਦੇ ਇਲਾਕੇ ਵਿੱਚ ਜਾ ਵਸੇ। ਕੁਝ ਸਰਸਾ ਦੇ ਆਰ-ਪਾਰ ਘੱਗਰ 'ਤੇ ਆ ਵਸੇ। ਪੰਜਾਬ ਵਿੱਚ ਧਾਲੀਵਾਲਾਂ ਦੇ ਬਾਬਾ ਸਿੱਧ ਭੋਇੰ ਦਾ ਮੇਲਾ ਬਹੁਤ ਪ੍ਰਸਿੱਧ ਹੈ। ਧਾਲੀਵਾਲਾਂ ਬਾਰੇ 'ਇਤਿਹਾਸ ਧਾਲੀਵਾਲ ਵੰਸਾਵਲੀ' ਪੁਸਤਕ ਵਿੱਚ ਵੀ ਕਾਫ਼ੀ ਜਾਣਕਾਰੀ ਦਿੱਤੀ ਗਈ ਹੈ। ਧਾਲੀਵਾਲ ਜਗਤ ਪ੍ਰਸਿੱਧ ਗੋਤ ਹੈ। (114)

ਜਠੇਰਿਆਂ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਪਿੰਡ ਸਲਾਬਤਪੁਰਾ ਵਿਖੇ ਧਾਲੀਵਾਲ ਜੱਟ ਪਿੰਡ ਕਾਂਗੜ ਵਿਖੇ ਬਣੀ ਹੋਈ 'ਬਾਬਾ ਮਹਿਲ ਮਿੱਠਾ' ਦੀ ਜਗ੍ਹਾ 'ਤੇ ਪੂਜਾ ਕਰਨ ਜਾਂਦੇ ਹਨ, ਜਿਸ ਨੂੰ ਕਿ ਉਹ ਆਪਣਾ ਵੱਡਾ-ਵਡੇਰਾ ਜਾਂ ਜਠੇਰਾ ਮੰਨਦੇ ਹਨ। ਸਿਰੀਏਵਾਲਾ ਪਿੰਡ ਦੇ ਧਾਲੀਵਾਲਾਂ ਨੇ ਪਿੰਡ ਲੱਲੂਆਣਾ ਤੋਂ ਮਿੱਟੀ ਲਿਆ ਕੇ ਆਪਣੇ ਪਿੰਡ ਵਿੱਚ ਹੀ ਆਪਣੇ ਜਠੇਰੇ ਦੀ ਜਗ੍ਹਾ ਬਣਾਈ ਹੋਈ ਹੈ। ਪਿੰਡ ਅਮਰਗੜ੍ਹ ਦੇ ਧਾਲੀਵਾਲ ਬਲਾਹੜ ਵਿੰਝੂ ਪਿੰਡ ਵਿਖੇ ਜਾ ਕੇ 'ਸਿੱਧ ਤਿਲਕ ਰਾਉ' ਨੂੰ ਆਪਣਾ ਵੱਡਾ-ਵਡੇਰਾ ਕਲਪ ਕੇ ਉਸਦੀ ਪੂਜਾ ਕਰਦੇ ਹਨ ।

ਇਸ ਤੋਂ ਇਲਾਵਾ ਆਕਲੀਆ ਪਿੰਡ ਦੇ ਧਾਲੀਵਾਲ ਕਿਸੇ ਜਠੇਰੇ ਨੂੰ ਨਾ ਮੰਨ ਕੇ 'ਮਲੇਰਕੋਟਲਾ ਵਾਲ਼ੇ ਪੀਰ' ਨੂੰ ਮੰਨਦੇ ਹਨ। ਪਿੰਡ ਦੁੱਲੇਵਾਲਾ ਦੇ ਵਸਨੀਕ ਧਾਲੀਵਾਲ ਪਿੰਡ ਵਿੱਚ ਹੀ ਬਣੇ 'ਬਾਬਾ ਮਨੀ ਸਿੰਘ' ਦੇ ਸਥਾਨ 'ਤੇ ਜਾ ਕੇ ਪੂਜਾ ਕਰਦੇ ਹਨ। ਉਪਰੋਕਤ ਤੋਂ ਇਲਾਵਾ ਭਗਤਾ ਭਾਈ ਪਿੰਡ ਦੇ ਧਾਲੀਵਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਹੋਰ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ-ਅਰਚਨਾ ਤੋਂ ਇਨਕਾਰੀ ਹਨ।

**83. ਨਿੱਝਰ –** ਆਪਣੇ ਖੇਤਰੀ ਖੋਜ-ਕਾਰਜ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਹਰਰੰਗਪੁਰਾ ਜਾਂ ਗੋਬਿੰਦਪੁਰਾ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੀ ਥਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਇਹ ਮੱਧ ਏਸ਼ੀਆ ਤੋਂ ਆਇਆ ਹੋਇਆ ਜੱਟਾਂ ਦਾ ਬਹੁਤ ਹੀ ਪੁਰਾਣਾ ਕਬੀਲਾ ਹੈ। ਨਿੱਜਰ ਗੋਤ ਨਾਲ਼ ਰਲਦੇ-ਮਿਲਦੇ ਗੋਤ ਦੇ ਲੋਕ ਮੱਧ ਏਸ਼ੀਆ ਵਿੱਚ ਹੁਣ ਵੀ ਹਨ। ਨਿੱਜਰ ਜੱਟ ਜਮਨਾ ਦੇ ਪੂਰਬ ਵੱਲੋਂ ਦੁਆਬੇ ਵਿੱਚ ਆਏ। ਇਹ ਵੀ ਭੱਟੀ ਰਾਜਪੂਤਾਂ ਵਿੱਚੋਂ ਹਨ। ਪੰਜਾਬ ਵਿੱਚ ਬਹੁਤੇ ਨਿੱਜਰ ਗੋਤ ਦੇ ਲੋਕ ਦੁਆਬੇ ਦੇ ਜਲੰਧਰ ਤੇ ਕਪੂਰਥਲਾ ਆਦਿ ਖੇਤਰਾਂ ਵਿੱਚ ਆਬਾਦ ਹਨ। ਪੰਜਾਬ ਵਿੱਚ ਨਿੱਜਰ ਨਾਮ ਦੇ ਕਈ ਪਿੰਡ ਹਨ। ਜਲੰਧਰ ਜ਼ਿਲ੍ਹੇ ਵਿੱਚ ਵੀ ਇੱਕ ਪਿੰਡ ਦਾ ਨਾਮ ਨਿੱਜਰ ਹੈ। ਨਿੱਜਰ ਤੇ ਨਿੱਝਰ ਇੱਕੋ ਗੋਤ ਹੈ। ਇੱਕ ਨਿੱਜਰਾਂ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਵੀ ਹੈ। ਬਹੁਤੇ ਨਿੱਜਰ ਜੱਟ ਹਨ। ਕੁਝ ਸੁਨਿਆਰੇ ਤੇ ਖੱਤਰੀ ਵੀ ਹਨ। ਪੂਰਬੀ ਪੰਜਾਬ ਵਿੱਚ ਸਾਰੇ ਨਿੱਜਰ ਜੱਟ ਸਿੱਖ ਹੀ ਹਨ। ਨਿੱਜਰ ਗੋਤ ਦੇ ਜੱਟ ਬਹੁਤ ਹੀ ਮਿਹਨਤੀ, ਸੰਜਮੀ ਤੇ ਸਿਆਣੇ ਹਨ। (120)

**84. ਨੰਨ੍ਹੜੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਗੁਰੂਸਰ ਦੀ ਮਿਸਤਰੀ ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ। ਉਹਨਾਂ ਦਾ ਕਹਿਣਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**85. ਨਾਮਸੋਤ –** ਨਾਮਸੋਤ ਬਾਜੀਗਰ ਜਾਤੀ ਨਾਲ਼ ਸੰਬੰਧਿਤ ਇੱਕ ਗੋਤ ਹੈ। ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੀਦਾ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**86. ਪਾਖਰ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਕੋਠਾ ਗੁਰੂ ਕਾ ਦੇ ਪਾਖਰ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**87. ਪਾਂਧੇ–** ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਸਿਰੀਏਵਾਲਾ ਵਿੱਚ ਵਸਦੇ ਲੋਕਾਂ ਦਾ ਇੱਕ ਗੋਤ ਹੈ। ਇਸ ਗੋਤ ਦੇ ਲੋਕ ਕਿਸੇ ਜਠੇਰੇ ਦੀ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, “ਪਾਂਧਾ ਰਾਮਗੜ੍ਹੀਆ ਬਰਾਦਰੀ ਦੇ ਕੰਬੋਜਾਂ ਨਾਲ਼ ਮਿਲਦੇ ਗੋਤਾਂ ਵਿੱਚੋਂ ਇੱਕ ਗੋਤ ਹੈ।” (200)

**88. ਪਨੇਸਰ –** ਇਹ ਗੋਤ ਵੀ ਮੂਲ ਵਿੱਚ ਮਿਸਤਰੀ ਬਰਾਦਰੀ ਦਾ ਗੋਤ ਹੈ। ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸਲਾਬਤਪੁਰਾ ਅਤੇ ਜਲਾਲ ਵਿੱਚ ਪਾਇਆ ਗਿਆ। ਪਿੰਡ ਜਲਾਲ ਦੇ ਕੁਝ ਪਨੇਸਰ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਬਾਬਾ ਰਾਮ ਰਹੀਮ ਨੂੰ ਮੰਨਦੇ ਹਨ।

**89. ਪਨੈਚ –** ਪਿੰਡ ਨਿਉਰ ਦਾ ਇਹ ਇੱਕ ਜੱਟ ਗੋਤ ਹੈ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਇਸ ਗੋਤ ਬਾਰੇ ਦੱਸਦੇ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਹੋਏ ਲਿਖਦੇ ਹਨ:

> ਪਨੈਚ ਲੁਧਿਆਣੇ ਵਿੱਚ ਮਿਲਣ ਵਾਲਾ ਇੱਕ ਜੱਟ ਗੋਤ। ਇਹ ਜਠੇਰੇ ਅਤੇ ਜੰਡੀਆਂ, ਦੋਹਾਂ ਦੀਆਂ ਰਸਮਾਂ ਪੂਰੀਆਂ ਕਰਦੇ ਹਨ। ਪਿੱਛੋਂ ਲਾੜਾ ਆਪਣੇ ਹੱਥੀਂ ਜੰਡੀ ਵੱਢਦਾ ਹੈ ਅਤੇ ਆਪਣੇ ਜਠੇਰੇ ਦੇ ਬਣੇ ਸਥਾਨ ‘ਤੇ ਪੂਜਾ ਕਰਦਾ ਹੈ। ਫਿਰ ਵਾਪਸ ਆ ਕੇ ਸੱਜ ਵਿਆਹਿਆ ਜੋੜਾ ‘ਕੰਗਣਾ’ ਖੇਡਦਾ ਹੈ। ਗਾਂ ਜਾਂ ਮੱਝ ਦਾ ਪਹਿਲਾ ਦੁੱਧ ਵਰਤਣ ਤੋਂ ਪਹਿਲਾਂ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। (160)

ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**90. ਪਰਜਾਪੱਤ –** ਆਮ ਤੌਰ ਤੇ ਅਸੀਂ ਘੁਮਿਆਰ ਬਰਾਦਰੀ ਨੂੰ ਹੀ ਪਰਜਾਪੱਤ ਮੰਨਦੇ ਹਾਂ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੋਜ-ਸਰਵੇਖਣ ਦੌਰਾਨ ਪਿੰਡ ਹਮੀਰਗੜ੍ਹ ਦੀ ਜੱਟ ਸਿੱਖ ਬਰਾਦਰੀ ਵਿੱਚ ਪਰਜਾਪੱਤ ਗੋਤ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੂੰ ਜਠੇਰੇ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**91. ਬਹੁਟੀ –** ਇਹ ਇੱਕ ਮਿਸਤਰੀ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਹਮੀਰਗੜ੍ਹ ਵਿੱਚ ਪਾਇਆ ਗਿਆ। ਜਠੇਰੇ ਦੀ ਮੰਨ-ਮਨੌਤ ਬਾਰੇ ਬਹੁਟੀ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**92. ਬਹਿਣੀਵਾਲ –** ਬਹਿਣੀਵਾਲ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਮਲੂਕਾ ਅਤੇ ਕੋਠਾ ਗੁਰੂ ਕਾ ਵਿਖੇ ਮਿਲਿਆ। ਇਸ ਗੋਤ ਨਾਲ਼ ਸੰਬੰਧਿਤ ਜੱਟ ਸਿੱਖਾਂ ਦਾ ਕਹਿਣਾ ਹੈ ਕਿ ਉਹ ਆਪਣੇ ਪਿੰਡ ਵਿੱਚ ਹੀ ਬਣੀ ਅਗਿਆਤ ਜਠੇਰੇ ਦੀ ਜਗ੍ਹਾ 'ਤੇ ਮੱਥਾ ਟੇਕਦੇ ਹਨ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਿਆ ਹੈ:

> ਬੈਹਣੀਵਾਲ ਜੱਟ ਇੰਡੋ ਸਕਿਥੀਅਨ ਜਾਤੀ ਵਿੱਚੋਂ ਹਨ। ਇਹ ਮੱਧ ਏਸ਼ੀਆ ਦੇ ਕੈਸਪੀਅਨ ਸਾਗਰ ਖੇਤਰ ਤੋਂ ਚਲ ਕੇ ਅਫਗਾਨਸਤਾਨ ਰਾਹੀਂ ਈਸਵੀ ਸੰਨ ਤੋਂ ਕਈ ਸੌ ਸਾਲ ਪਹਿਲਾਂ ਭਾਰਤ ਵਿੱਚ ਆਏ। ਫਿਰ ਹੌਲੀ-ਹੌਲੀ ਪੰਜਾਬ, ਹਰਿਆਣੇ ਤੇ ਰਾਜਸਥਾਨ ਦੇ ਖੇਤਰਾਂ ਵਿੱਚ ਦੂਰ-ਦੂਰ ਤੱਕ ਫੈਲ ਗਏ। ਪਹਿਲਾਂ-ਪਹਿਲ ਇਸ ਕਬੀਲੇ ਨੂੰ ਬੈਨ ਕਿਹਾ ਜਾਂਦਾ ਸੀ। ਇਸ ਬੰਸ ਦਾ ਪ੍ਰਸਿੱਧ ਰਾਜਾ ਚਕਵਾ ਬੈਨ ਹੋਇਆ ਹੈ। ਸੰਤ ਵਸਾਖਾ ਸਿੰਘ ਨੇ ਆਪਣੀ ਕਿਤਾਬ 'ਮਾਲਵਾ ਇਤਿਹਾਸ' ਵਿੱਚ ਬੈਹਣੀਵਾਲਾਂ ਬਾਰੇ ਲਿਖਿਆ ਹੈ ਕਿ ਇਹ ਪਿਸ਼ੌਰ ਜ਼ਿਲ੍ਹੇ ਵਿੱਚੋਂ ਤਖਤ ਬਾਹੀ ਤੋਂ ਆਏ ਸਨ। ਪਹਿਲਾਂ ਇਨ੍ਹਾਂ ਨੂੰ 'ਬਾਹ ਜੱਟ' ਕਿਹਾ ਜਾਂਦਾ ਸੀ। ਬਾਹਕ, ਬੈਹਿਣੀਵਾਲ, ਬਹਿਕਪੁਰ ਆਦਿ ਇਨ੍ਹਾਂ ਦੇ ਵਸਾਏ ਹੋਏ ਪਿੰਡ ਸਨ। ਸਭ ਤੋਂ ਪਹਿਲਾਂ ਮੋਗੇ ਦੇ ਇਲਾਕੇ ਵਿੱਚ ਇਨ੍ਹਾਂ 'ਬਾਹ' ਲੋਕਾਂ ਨੇ ਹੀ ਵਹਿਣੀਵਾਲ ਦੀ ਕੋਕਰੀ ਵਸਾਈ। ਇਹ ਕਾਫ਼ੀ ਉੱਘਾ ਗੋਤ ਹੈ। (135)

**93. ਬਾਗਰੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਜਲਾਲ ਵਿੱਚ ਪਾਇਆ ਗਿਆ ਜੋ ਕਿ ਜੱਟ ਸਿੱਖ ਬਰਾਦਰੀ ਦਾ ਇੱਕ ਗੋਤ ਹੈ। ਇਸ ਗੋਤ ਦੇ ਲੋਕਾਂ ਨੂੰ ਜਠੇਰੇ ਦੀ ਮੰਨ-ਮਨੌਤ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**94. ਬਜਾਜ –** ਇਹ ਗੋਤ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਵਿਖੇ ਪਾਇਆ ਗਿਆ। ਇਸ ਪਿੰਡ ਦੇ ਬਜਾਜ ਗੋਤ ਦੇ ਹਿੰਦੂ ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰੇ ਦੀ ਮੰਨ-ਮਨੌਤ ਬਾਰੇ ਜਵਾਬ ਇਹ ਸੀ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**95. ਬਾਜਵਾ –** ਇਹ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਜੱਟ ਬਰਾਦਰੀ ਦਾ ਇੱਕ

ਗੋਤ ਹੈ। ਪਿੰਡ ਕੋਠਾ ਗੁਰੂ ਕਾ ਦੇ ਬਾਜਵਾ ਜੱਟ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**96. ਬੁੱਟਰ –** ਇਹ ਗੋਤ ਵੀ ਮੂਲ ਰੂਪ ਵਿੱਚ ਜੱਟਾਂ ਦਾ ਹੈ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਿਆ ਹੈ:

> ਇਹ ਜੱਗਦੇਉ ਬੰਸੀ ਪੱਵਾਰ ਰਾਜਪੂਤਾਂ ਵਿੱਚੋਂ ਹਨ। ਇਹ ਪਵਾਰਾਂ ਦਾ ਹੀ ਇੱਕ ਉਪਗੋਤ ਹੈ। ਇਹ ਬਹੁਤੇ ਸਤਲੁਜ ਦੇ ਉਪਰਲੇ ਖੇਤਰਾਂ ਵਿੱਚ ਹੀ ਹਨ। ਇਹ ਲੱਖੀ ਜੰਗਲ ਤੋਂ ਉੱਠ ਕੇ ਗੁਜ਼ਰਾਂਵਾਲਾ ਤੇ ਮਿੰਟਗੁਮਰੀ ਤੱਕ ਚਲੇ ਗਏ ਸਨ। ਸਾਂਦਲ ਬਾਰ ਵਿੱਚ ਵੀ ਬੁੱਟਰ ਭਾਈਚਾਰੇ ਦਾ ਇੱਕ ਪ੍ਰਸਿੱਧ ਪਿੰਡ ਬੁੱਟਰ ਹੈ। ਅਸਲ ਵਿੱਚ ਬੁੱਟਰਾਂ ਦਾ ਮੁੱਢ ਲੱਖੀ ਜੰਗਲ ਦਾ ਖੇਤਰ ਹੀ ਹੈ। ਲੱਖੀ ਜੰਗਲ ਫ਼ਿਰੋਜ਼ਪੁਰ ਦੇ ਦਰਿਆ ਸਤਲੁਜ ਦੇ ਕਿਨਾਰੇ ਤੋਂ ਬਠਿੰਡੇ ਦੇ ਰੋਹੀ ਬੀਆਬਾਨ ਤੱਕ 80 ਕਿਲੋਮੀਟਰ ਲੰਬੇ ਤੇ 25 ਕਿਲੋਮੀਟਰ ਚੌੜੇ ਖੇਤਰ ਵਿੱਚ ਫੈਲਿਆ ਹੋਇਆ ਸੀ। ਉਸ ਸਮੇਂ ਇਸ ਜੰਗਲ ਵਿੱਚ ਇੱਕ ਲੱਖ ਦੇ ਲਗਭਗ ਰੁੱਖ ਸਨ। ਇਸ ਲਈ ਇਸ ਜੰਗਲ ਨੂੰ 'ਲੱਖੀ ਜੰਗਲ' ਕਹਿੰਦੇ ਹਨ। ਇਸ ਵਿੱਚ ਮੁਕਤਸਰ, ਬਠਿੰਡਾ, ਮੋਗਾ ਤੇ ਫ਼ਰੀਦਕੋਟ ਆਦਿ ਦੇ ਖੇਤਰ ਸ਼ਾਮਿਲ ਹਨ। ਮੁਕਤਸਰ ਜ਼ਿਲ੍ਹੇ ਵਿੱਚ ਬੁੱਟਰਾਂ ਦੇ ਕਈ ਪਿੰਡ ਹਨ। ਫ਼ਰੀਦਕੋਟ ਦੇ ਖੇਤਰ ਵਿੱਚ ਵੀ ਇੱਕ ਬੁੱਟਰ ਪਿੰਡ ਹੈ। ਮੋਗੇ ਖੇਤਰ ਵਿੱਚ ਬੁੱਟਰ ਕਲਾਂ ਤੇ ਬੁੱਟਰਾਂ ਦੀ ਕੋਕਰੀ ਬਹੁਤ ਪ੍ਰਸਿੱਧ ਪਿੰਡ ਹਨ। (126)

ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇ ਦੇ ਦੌਰਾਨ ਇਹ ਗੋਤ ਪਿੰਡ ਹਾਕਮ ਸਿੰਘ ਵਾਲਾ ਅਤੇ ਭੋਡੀਪੁਰਾ ਵਿੱਚ ਪਾਇਆ ਗਿਆ। ਪਿੰਡ ਹਾਕਮ ਸਿੰਘ ਵਾਲਾ ਦੇ ਬੁੱਟਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਪਿੰਡ ਦੇ ਕੁਝ ਬੁੱਟਰ ਬਾਬਾ 'ਹਰਰੰਗਦਾਸ' ਨੂੰ ਜ਼ਰੂਰ ਮੰਨਦੇ ਹਨ ਪਰ ਇਹ ਇਹਨਾਂ ਦਾ ਜਠੇਰਾ ਨਹੀਂ ਹੈ।

**97. ਬਾਠ –** ਇਹ ਗੋਤ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹੇ ਵਿੱਚ ਇੱਕ ਬਾਠ ਨਾਮਕ ਪਿੰਡ ਵੀ ਹੈ। ਬਾਠ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਸੇਲਬਰਾ ਅਤੇ ਕੋਠਾ ਗੁਰੂ ਕਾ ਵਿੱਚ ਖੇਤਰੀ ਸਰਵੇਖਣ ਦੇ ਦੌਰਾਨ ਪਾਇਆ ਗਿਆ। ਪਿੰਡ ਸੇਲਬਰਾ ਦੇ ਬਾਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**98. ਬੇਦੀ** – ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਬੇਦੀ ਲੋਕਾਂ ਨੇ ਜਠੇਰੇ ਬਾਰੇ ਪੁੱਛਣ'ਤੇ ਉਹਨਾਂ ਨੇ ਜੁਆਬ ਦਿੱਤਾ ਕਿ ਉਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ:ਇਹ ਗੋਤ ਧਰਮਾਨ-ਬੁੰਜਾਹੀ ਜਾਂ ਛੋਟੇ ਸਰੀਨ ਸ਼੍ਰੇਣੀ ਦੇ ਖੱਤਰੀਆਂ ਵਿੱਚੋਂ ਹੈ।ਇਹ ਬੜਾ ਪ੍ਰਸਿੱਧ ਗੋਤ ਹੈ ਜਿਸ ਵਿੱਚ ਜਗਤ ਦੇ ਮਹਾਨ ਰਹਿਬਰ ਸ਼੍ਰੀ ਗੁਰੂ ਨਾਨਕ ਦੇਵ ਜੀ ਪੈਦਾ ਹੋਏ ਸਨ। ਬੇਦੀਆਂ ਦੇ ਕਈ ਕੇਂਦਰ ਹਨ; ਜਿਵੇਂ ਊਨਾ, ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਆਦਿ। (177)

**99. ਬੰਦੇਸ਼ਾ –** ਇਹ ਗੋਤ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਇੱਕ ਜੱਟ ਗੋਤਰ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬੰਦੇਸ਼ੇ ਜੱਟਾਂ ਦਾ ਵਸਾਇਆ ਫਤਹਿਪੁਰ ਨਾਉਂ ਦਾ ਪਿੰਡ ਖਡੂਰ ਸਾਹਿਬ ਬਲਾਕ ਦੇ ਵਿੱਚ ਮੀਆਂ ਪਿੰਡ ਦੇ ਕੋਲ਼ ਹੈ। ਇਸ ਵਿੱਚ ਵਸ ਰਹੇ ਸਿੱਖ ਬੰਦੇਸ਼ੇ ਗੋਤਰ ਦੇ ਹੀ ਹਨ। ਇਸੇ ਜ਼ਿਲ੍ਹੇ ਵਿੱਚ ਇੱਕ ਪਿੰਡ ਭੈਣੀ ਬੰਦੇਸ਼ਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇੱਥੇ ਬੰਦੇਸ਼ੇ ਗੋਤਰ ਦੇ ਮੁਸਲਮਾਨ ਰਹਿੰਦੇ ਸਨ ਜੋ 1947 ਵਿੱਚ ਪਾਕਿਸਤਾਨ ਚਲੇ ਗਏ। ਇਹ ਗੋਤ ਮਾਲਵੇ ਦੇ ਨਾਲ਼-ਨਾਲ਼ ਦੁਆਬੇ ਵਿੱਚ ਵੀ ਪਾਇਆ ਜਾਂਦਾ ਹੈ। (148)

ਜ਼ਿਲ੍ਹਾ ਬਠਿੰਡਾ ਦੇ ਖੋਜ ਸਰਵੇਖਣ ਦੌਰਾਨ ਇਹ ਗੋਤ ਪਿੰਡ ਭੋਡੀਪੁਰਾ ਅਤੇ ਕੋਠਾ ਗੁਰੂ ਕਾ ਵਿੱਚ ਜੱਟ ਸਿੱਖ ਬਰਾਦਰੀ ਪਾਇਆ ਗਿਆ। ਪਿੰਡ ਭੋਡੀਪੁਰਾ ਦੇ ਬੰਦੇਸ਼ਾ ਮਿੱਟੀ ਕੱਢਣ ਬਰਨਾਲਾ-ਧੂਰੀ ਜਾਂਦੇ ਹਨ। ਕੋਠਾ ਗੁਰੂ ਕਾ ਦੇ ਬੰਦੇਸ਼ਾ ਮਿੱਟੀ ਕੱਢਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**100. ਬੰਬਰਾ –** ਇਹ ਗੋਤ ਮੂਲ ਰੂਪ ਵਿੱਚ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੋਜ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਦਿਆਲਪੁਰਾ ਅਤੇ ਨਿਉਰ ਵਿੱਚ ਪਾਇਆ ਗਿਆ। ਪਿੰਡ ਦਿਆਲਪੁਰਾ ਅਤੇ ਨਿਉਰ ਦੇ ਬੰਬਰਾ ਦੇਵੀ ਮਾਤਾ ਦੀ ਉਪਾਸਨਾ ਕਰਨ ਲਈ ਮਾਈਸਰਖ਼ਾਨੇ ਵਿਖੇ ਜਾਂਦੇ ਹਨ।

**101. ਬਰਾੜ –** ਬਰਾੜ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਸੇਵਾ ਸਿੰਘ ਕੌੜਾ ਨੇ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਇਸ ਗੋਤ ਬਾਰੇ ਲਿਖਿਆ ਹੈ:

> ਸਿੱਧੂ ਬਰਾੜ ਪੰਜਾਬ ਦੇ ਜੱਟਾਂ ਵਿੱਚੋਂ ਸਭ ਤੋਂ ਵੱਡਾ ਤੇ ਤਾਕਤਵਰ ਗੋਤਰ ਹੈ। ਇਹਨਾਂ ਦਾ ਪਿੱਛਾ ਜੈਸਲ ਮੇਰ ਦੇ ਭੱਟੀ ਰਾਜਪੂਤ ਹਨ। ਭੱਟੀ ਦੇ ਇੱਕ ਪੁੱਤਰ ਦਾ ਨਾਮ ਜੈਸਲ ਸੀ, ਜਿਸਨੇ ਜੈਸਲਮੇਰ ਸ਼ਹਿਰ ਵਸਾਇਆ। ਇਸ ਤੋਂ ਛੇਵੀਂ ਪੀੜ੍ਹੀ 'ਸਿੱਧੂ' ਹੋਇਆ, ਜਿਸ ਤੋਂ ਸਿੱਧੂ ਗੋਤਰ ਚਲਿਆ। ਸਿੱਧੂ ਦਾ ਪੋਤਰਾ ਬਰਾੜ ਸੀ, ਜਿਸ ਤੋਂ ਬਰਾੜ ਬੰਸ ਚੱਲਿਆ, ਇਸ ਤੋਂ ਅੱਗੇ ਦੋਵੇਂ ਗੋਤਰ ਅੱਡ-ਅੱਡ ਚੱਲ ਪਏ। ਬਰਾੜ ਬਠਿੰਡੇ ਵੱਲ ਨੂੰ ਚਲੇ ਗਏ ਤੇ ਆਂਢ-ਗੁਆਂਢ ਦਾ ਇਲਾਕਾ ਮੱਲ ਲਿਆ, ਜਿਸ ਵਿੱਚ ਮਾੜੀ, ਮੁੱਦਕੀ, ਮੁਕਤਸਰ, ਭੁੱਚੋ ਮਹਿਰਾਜ, ਭਦੌੜ ਤੇ ਸਾਰਾ ਫ਼ਰੀਦਕੋਟ ਆਉਂਦੇ ਹਨ, ਜਦੋਂ ਕਿ ਨਾਭਾ, ਪਟਿਆਲਾ ਤੇ ਜੀਂਦ ਦੇ ਇਲਾਕੇ ਸਿੱਧੂਆਂ ਕੋਲ਼ ਰਹਿ ਗਏ। ਸਿੱਧੂਆਂ ਵਿਚ ਪਰਮ ਪ੍ਰਤਾਪੀ ਪੁਰਸ਼ ਬਾਬਾ ਫੂਲ ਬਰਾੜ ਦੀ ਬਾਰ੍ਹਵੀਂ ਪੀੜ੍ਹੀ ਵਿਚੋਂ ਹੋਏ ਹਨ, ਜਿਹਨਾਂ ਫੂਲਕੀਆ ਰਿਆਸਤਾਂ (ਪਟਿਆਲਾ, ਨਾਭਾ, ਜੀਂਦ) ਦੀ ਨੀਂਹ ਰੱਖੀ। ਬੈਰਾੜ ਵੰਸ਼ ਉੱਪਰ ਗੁਰੂ ਗੋਬਿੰਦ ਸਿੰਘ ਦੀ ਖਾਸ ਕਿਰਪਾ ਸੀ ਜੋ ਜ਼ਫ਼ਰਨਾਮੇ ਦੇ ਇਸ ਵਾਕ ਤੋਂ ਸਿੱਧ ਹੁੰਦੀ ਹੈ:

ਹਮਹ ਕੌਮ ਬਰਾੜ ਹੁਕਮੇ ਮਰਾਸਤ। (149)

ਆਪਣੇ ਖੋਜ-ਕਾਰਜ ਦੇ ਸੰਬੰਧ ਵਿੱਚ ਬਠਿੰਡਾ ਜ਼ਿਲ੍ਹੇ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੱਲ ਸਾਹਮਣੇ ਆਈ ਕਿ ਬਰਾੜ ਗੋਤ ਨਾਲ਼ ਸੰਬੰਧਿਤ ਲੋਕ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਕੋਠਾ ਗੁਰੂ ਕਾ, ਗਿੱਦੜ, ਰਾਜਗੜ੍ਹ, ਜਲਾਲ, ਸਲਾਬਤਪੁਰਾ, ਭਾਈ ਰੂਪਾ, ਸੇਲਬਰਾ ਅਤੇ ਭਾਗੀਵਾਂਦਰ ਵਿੱਚ ਵਸੇ ਹੋਏ ਹਨ। ਪਿੰਡ ਗਿੱਦੜ ਦੇ ਬਰਾੜ ਜੱਟ ਆਪਣੇ ਹੀ ਪਿੰਡ ਵਿੱਚ ਬਣੀਆਂ 'ਬਾਬਾ ਬੁੱਢਣ' ਦੀਆਂ ਮੜ੍ਹੀਆਂ (ਮਟੀਆਂ) ਵਿੱਚ ਪੂਜਾ ਕਰਦੇ ਹਨ।

**102. ਬਾਲੂ –** ਇਹ ਗੋਤ ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਇਸ ਜ਼ਿਲ੍ਹੇ ਦੇ ਪਿੰਡ ਮਲੂਕਾ ਵਿਖੇ ਪਾਇਆ ਗਿਆ। ਮਲੂਕਾ ਪਿੰਡ ਦੀ ਮਜ਼੍ਹਬੀ ਸਿੱਖ ਬਰਾਦਰੀ ਦਾ ਇਹ ਇੱਕ ਹੋਰ ਮਹੱਤਵਪੂਰਨ ਗੋਤ ਹੈ ਜਿਸ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ।

**103. ਬਿਲਾਸੀ –** ਇਹ ਗੋਤ ਮੂਲ ਰੂਪ ਵਿੱਚ ਰਾਜਾ ਬਰਾਦਰੀ ਜਾਂ ਨਾਈ ਸਿੱਖ ਬਰਾਦਰੀ ਦਾ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਪਾਇਆ ਗਿਆ। ਪਿੰਡ ਦਿਆਲਪੁਰਾ ਭਾਈ ਕਾ ਦੇ ਬਿਲਾਸੀ ਗੋਤ ਦੇ ਲੋਕ 'ਨਿਗਾਹੇ ਵਾਲ਼ੇ ਪੀਰ' ਨੂੰ ਮੰਨਦੇ ਹਨ।

**104. ਬਾਵਾ –** ਬਾਵਾ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਤਾ ਭਾਈ, ਭੋਡੀਪੁਰਾ, ਕੋਠਾ ਗੁਰੂ ਕਾ ਵਿਖੇ ਵਸਦੇ ਬੈਰਾਗੀ ਜਾਤੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਇੱਕ ਪ੍ਰਮੁੱਖ ਗੋਤ ਹੈ। ਇਹਨਾਂ ਨੂੰ 'ਬੈਰਾਗੀ ਬਾਵਾ' ਵੀ ਕਿਹਾ ਜਾਂਦਾ ਹੈ। ਪਿੰਡ ਭਗਤਾ ਭਾਈ ਦੇ ਬਾਵਾ ਗੋਤ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦੱਸਿਆ ਕਿ ਉਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**105. ਭਾਖਰ –** ਇਹ ਗੋਤ ਵੀ ਪੰਜਾਬ ਦੇ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਜੋ ਕਿ ਅਗਿਆਤ ਜਠੇਰੇ ਦੀ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੀ ਹੋਈ ਮਟੀ 'ਤੇ ਚੇਤ ਮਹੀਨੇ ਦੀ ਚੌਦੇਂ ਨੂੰ ਮੱਥਾ ਟੇਕਦੇ ਤੇ ਦੀਵਾ ਜਗਾਉਂਦੇ ਹਨ।

**106. ਭੰਗੂ –** ਭੰਗੂ ਬਠਿੰਡਾ ਜ਼ਿਲ੍ਹੇ ਵਿੱਚ ਇੱਕ ਪਿੰਡ ਵੀ ਹੈ ਅਤੇ ਇੱਕ ਪ੍ਰਸਿੱਧ ਗੋਤ ਵੀ ਹੈ ਜੋ ਕਿ ਬਠਿੰਡਾ ਜ਼ਿਲ੍ਹੇ ਦੇ ਅਨੇਕਾਂ ਪਿੰਡਾਂ; ਜਿਵੇਂ ਕਿ ਜੰਡਾਂਵਾਲਾ, ਹਾਕਮ ਸਿੰਘ ਵਾਲਾ, ਹਮੀਰਗੜ੍ਹ, ਸੇਲਬਰਾ ਆਦਿ ਵਿੱਚ ਮਿਲਦਾ ਹੈ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਭੰਗੂ ਬੰਸ ਦੇ ਮੁਖੀ ਦਾ ਨਾਮ ਭੰਗੂ ਹੀ ਸੀ। ਭੰਗੂ ਅਤੇ ਨਲ ਨੂੰ ਝੰਗ ਜ਼ਿਲ੍ਹੇ ਦੇ ਮੁੱਢਲੇ ਵਸਨੀਕ ਸਮਝਿਆ ਜਾਂਦਾ ਹੈ। ਭੰਗੂ ਤਾਂ ਆਪਣੇ-ਆਪ ਨੂੰ ਰਾਜਪੂਤ ਮੂਲ ਦੇ ਨਹੀਂ ਜਤਲਾਉਂਦੇ। ਨਲ ਝੰਗ ਜ਼ਿਲੇ 'ਤੇ ਕਾਬਜ਼ ਹੋ ਗਏ ਤੇ ਭੰਗੂਆਂ ਨੇ ਸ਼ੇਰ ਕੋਟ ਮਲ ਲਿਆ। ਜਦੋਂ ਇਸ ਜ਼ਿਲ੍ਹੇ ਵਿੱਚ ਸਿਆਲ ਆ ਗਏ ਤਾਂ ਇਹ ਉਹਨਾਂ ਦੀ ਤਾਕਤ ਅੱਗੇ ਨਾ ਟਿਕ

> ਸਕੇ। ਸਿਆਲਕੋਟ ਦੇ ਭੰਗੂ ਆਪਣੇ-ਆਪ ਨੂੰ ਨੇਪਾਲ ਤੋਂ ਆਏ ਮੰਨਦੇ ਹਨ। ਮੁਸਲਮਾਨ ਭੰਗੂ ਝੰਗ ਤੇ ਸ਼ੇਰ ਕੋਟ ਵਿਚ ਰਹਿੰਦੇ ਹਨ ਅਤੇ ਸਿੱਖ ਭੰਗੂ ਮਾਝੇ, ਮਾਲਵੇ ਤੇ ਦੁਆਬੇ ਵਿਚ। ਧਰਮ ਵੀਰ ਸਰਦਾਰ ਮਤਾਬ ਸਿੰਘ ਮੀਰਾਂ ਕੋਟੀਆ ਭੰਗੂ ਗੋਤਰ ਵਿਚੋਂ ਸਨ, ਜਿਨ੍ਹਾਂ ਨੇ ਸ. ਸੁੱਖਾ ਸਿੰਘ ਮਾੜੀ ਕੰਬੋਕੀ ਨਾਲ਼ ਰਲ਼ ਕੇ ਅੰਮ੍ਰਿਤਸਰ ਦੇ ਹਾਕਮ ਮੱਸੇ ਰੰਘੜ ਦਾ ਸਿਰ ਵੱਢਿਆ ਸੀ। (179)

ਪਿੰਡ ਜੰਡਾਂਵਾਲਾ ਅਤੇ ਸੇਲਬਰਾ ਵਿਖੇ ਇਹ ਗੋਤ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ ਜਦ ਕਿ ਪਿੰਡ ਹਮੀਰਗੜ੍ਹ ਅਤੇ ਹਾਕਮ ਸਿੰਘ ਵਾਲ਼ਾ ਵਿਖੇ ਇਹ ਜੱਟ ਸਿੱਖਾਂ ਦਾ ਗੋਤ ਹੈ। ਪਿੰਡ ਹਾਕਮ ਸਿੰਘ ਵਾਲਾ ਦੇ ਜਿਮੀਂਦਾਰ ਭੰਗੂ ਪਿੰਡ ਰੌਂਤੇ ਵਿਖੇ 'ਸ਼ਹੀਦ ਬਾਬਾ ਨੌਧ ਸਿੰਘ' ਨਾਮੀ ਆਪਣੇ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਅਤੇ ਪਿੰਡ ਸੇਲਬਰਾ ਦੇ ਰਾਜੇ ਸਿੱਖ ਭੰਗੂ 'ਬਾਬਾ ਸ਼ਹੀਦ' ਦੇ ਨਾਂ ਦੀ ਆਪਣੇ ਖੇਤਾਂ ਵਿੱਚ ਹੀ ਮਿੱਟੀ ਕੱਢਦੇ ਹਨ।

**107. ਭੱਟੀ –** ਭੱਟੀ ਕਬੀਲਾ ਅੱਜ-ਕੱਲ੍ਹ ਬਹੁ-ਗਿਣਤੀ ਅਤੇ ਵਿਸਥਾਰ ਨਾਲ਼ ਪੰਜਾਬ ਵਿੱਚ ਮਿਲਦਾ ਹੈ। ਇਹ ਗੋਤ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਗੋਤ ਹੈ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਪੰਜਾਬ ਤੋਂ ਰਾਜਪੂਤਾਨਾ ਤੱਕ ਭੱਟੀ ਸ਼ਬਦ ਪ੍ਰਾਚੀਨ ਯਾਦਵਾਂ ਦੇ ਸ਼ਾਹੀ ਪਰਿਵਾਰ ਦੀ ਮੌਜੂਦਾ ਸਮੇਂ ਦੀ ਆਮ ਤੌਰ 'ਤੇ ਪਦਵੀ ਹੈ। ਇਹ ਸ਼੍ਰੀ ਕ੍ਰਿਸ਼ਨ ਤੋਂ ਨਿਕਲੇ ਹਨ।" (129)

ਇਹ ਗੋਤ ਜੰਡਾਂਵਾਲਾ, ਹਰਰਾਏਪੁਰ, ਖਿਆਲੀਵਾਲਾ, ਹਮੀਰਗੜ੍ਹ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ ਆਦਿ ਪਿੰਡਾਂ ਵਿੱਚ ਪ੍ਰਚੱਲਿਤ ਗੋਤ ਹੈ। ਪਿੰਡ ਖਿਆਲੀਵਾਲਾ ਅਤੇ ਭਗਤਾ ਭਾਈ ਦੇ ਭੱਟੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**108. ਭੰਡਾਰਾ –** ਇਹ ਗੋਤ ਬਠਿੰਡਾ ਜ਼ਿਲ੍ਹਾ ਦੇ ਪਿੰਡ ਭਗਤਾ ਭਾਈ ਵਿਖੇ ਝਿਊਰ ਜਾਂ ਮਹਿਰਾ ਜਾਤੀ ਨਾਲ਼ ਸੰਬੰਧ ਰੱਖਦਾ ਹੈ। ਉਪਰੋਕਤ ਗੋਤ ਦੇ ਲੋਕ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ ਅਤੇ ਕਿਸੇ ਵੀ ਵੱਡੇ-ਵਡੇਰੇ ਨੂੰ ਨਹੀਂ ਪੂਜਦੇ।

**109. ਭਨੋਤ –** ਇਹ ਗੋਤ ਵੀ ਮੂਲ ਰੂਪ ਵਿਚ ਪੰਡਤ ਬਰਾਦਰੀ ਦਾ ਹੈ। ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਅਗਿਆਤ ਜਠੇਰੇ ਦੇ ਨਾਂ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ।

**110. ਭਰੀ –** ਮਿਸਤਰੀ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ਾ ਇਹ ਗੋਤ ਮਲੂਕਾ, ਜੰਡਾਂਵਾਲਾ, ਜੀਦਾ, ਖਿਆਲੀਵਾਲਾ, ਕੋਠਾ ਗੁਰੂ ਕਾ ਆਦਿ ਪਿੰਡਾਂ ਵਿੱਚ ਪਾਇਆ ਗਿਆ ਜੋ ਕਿ ਜ਼ਿਲ੍ਹਾ ਬਠਿੰਡਾ ਦੀ ਹੱਦ ਅੰਦਰ

ਆਉਂਦੇ ਹਨ। ਮਲੂਕਾ ਦੇ ਭਰੀ ਗੋਤ ਦੇ ਲੋਕ ਪਿੰਡ ਵਿੱਚ ਹੀ ਬਣੇ 'ਮੋਹਨ ਸਿੰਘ' ਅਤੇ 'ਗੁਲਾਬ ਸਿੰਘ' ਦੇ ਸਥਾਨਾਂ 'ਤੇ ਜਾ ਕੇ ਮਨੌਤ ਕਰਦੇ ਹਨ।

**111. ਭਰਾਈ –** ਆਪਣੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਜਲਾਲ ਵਿੱਚ ਪਾਇਆ ਗਿਆ। ਇਹ ਗੋਤ ਮੁਸਲਮਾਨ ਬਰਾਦਰੀ ਨਾਲ਼ ਸੰਬੰਧਿਤ ਹੈ। ਇਸ ਗੋਤ ਦੇ ਮੁਸਲਮਾਨ ਮਸਜਿਦ ਅੰਦਰ ਨਮਾਜ਼ ਅਦਾ ਕਰਦੇ ਹਨ, ਖੁਦਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**112. ਭੱਲਾ –** ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਸ ਪਿੰਡ ਦੇ ਭੱਲਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਸਰੀਨ ਗੋਤਰੀ ਖੱਤਰੀ ਹਨ। ਇਹ ਸਿੱਖ ਵੀ ਹਨ ਤੇ ਹਿੰਦੂ ਵੀ। ਸਿੱਖਾਂ ਦੇ ਤੀਸਰੇ ਗੁਰੂ ਸ਼੍ਰੀ ਗੁਰੂ ਅਮਰਦਾਸ ਜੀ ਇਸੇ ਗੋਤ ਨਾਲ਼ ਸੰਬੰਧਿਤ ਸਨ ਅਤੇ ਇਹ ਬਹੁਤ ਹੀ ਸਤਿਕਾਰਿਤ ਗੋਤ ਗਿਣਿਆ ਜਾਂਦਾ ਹੈ। ਸਿੱਖ ਭੱਲੇ 'ਬਾਵੇ' ਵੀ ਅਖਵਾਉਂਦੇ ਹਨ।" (179)

**113. ਭੁੱਲਰ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਸਰਵੇਖਣ ਦੌਰਾਨ ਵੇਖਣ ਵਿੱਚ ਆਇਆ ਕਿ ਭੁੱਲਰ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਭੋਡੀਪੁਰਾ, ਕੋਠਾ ਗੁਰੂ ਕਾ, ਆਕਲੀਆ, ਜਲਾਲ, ਖੇਮੂਆਣਾ ਅਤੇ ਭਾਈ ਰੂਪਾ ਵਿੱਚ ਵਸੇ ਹੋਏ ਹਨ। ਪਿੰਡ ਭੋਡੀਪੁਰਾ ਅਤੇ ਆਕਲੀਆ ਵਿੱਚ ਇਹ ਗੋਤ ਜੱਟ ਸਿੱਖ ਅਤੇ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਖੇਮੂਆਣਾ ਦੀ ਗੱਲ ਕਰੀਏ ਤਾਂ ਇੱਥੇ ਵਸਦੇ ਭੁੱਲਰ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਭੁੱਲਰ ਆਪਣੇ-ਆਪ ਨੂੰ ਸ਼ੁੱਧ ਤੇ ਅਸਲ ਜੱਟ ਕਹਿੰਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਇਹ ਮਹਾਂਦੇਵ (ਸ਼ਿਵ ਭਗਵਾਨ) ਜਿਸ ਨੂੰ 'ਭੋਲਾ', 'ਮਹਾਂਦੇਵ' ਦੀ ਉਪਾਧੀ ਮਿਲੀ ਹੋਈ ਹੈ, ਉਸਦੀਆਂ ਜਟਾਂ ਵਿੱਚੋਂ ਪੈਦਾ ਹੋਏ ਹਨ। ਇਹਨਾਂ ਦਾ ਮੁੱਖ ਟਿਕਾਣਾ ਪਾਕਿਸਤਾਨ ਵਿੱਚ ਲਾਹੌਰ ਅਤੇ ਪੰਜਾਬ ਵਿੱਚ ਫ਼ਿਰੋਜ਼ਪੁਰ ਹੈ। ਮੁੱਖ ਤੌਰ 'ਤੇ ਇਹ ਗੋਤ ਮਾਝੇ ਅਤੇ ਮਾਲਵੇ ਵਿੱਚ ਹੈ।"(170)

**114. ਮਹਿਤਾ –** ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਖੋਜ ਸਰਵੇਖਣ ਦੌਰਾਨ ਪਿੰਡ ਜਲਾਲ ਵਿਖੇ ਪਾਇਆ ਗਿਆ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਪੰਜਾਬੀ ਖਤਰੀਆਂ ਦੀ ਇੱਕ ਜਾਤੀ ਅਤੇ ਸਨਮਾਨ ਬੋਧਿਕ ਉਪਾਧੀ ਹੈ। ਗੁਰੂ ਨਾਨਕ ਦੇਵ ਜੀ ਦੇ ਪਿਤਾ ਬਾਬਾ ਕਾਲੂ ਨੂੰ ਮਹਿਤਾ ਕਾਲੂ ਹੀ ਆਖਦੇ ਸਨ। ਇਹ ਇਸ ਸਨਮਾਨ ਯੋਗ ਪਦਵੀ ਕਰਕੇ ਸੀ, ਉਂਝ ਉਹਨਾਂ ਦਾ ਗੋਤਰ ਬੇਦੀ ਸੀ। ਗੁਰੂ ਘਰ ਨਾਲ਼ ਮਹਿਤਾ ਗੋਤਰ ਦੇ ਕਈ ਸਿੱਖ ਜੁੜੇ ਰਹੇ ਹਨ। ਛੇਵੇਂ ਪਾਤਸ਼ਾਹ ਤੱਕ ਜੁੜੇ ਸਿੱਖਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਗਿਆਰ੍ਹਵੀਂ ਵਾਰ ਵਿਚ ਕੀਤਾ ਹੈ। ਗੁਰੂ ਅਮਰਦਾਸ ਦੇ ਸਿੱਖਾਂ ਵਿਚਲੇ ਮੋਹਣ, ਰਾਮੂ,

ਅਮਰੂ ਤੇ ਗੋਪੀ ਨੇ ਆਪਣੀ ਅੰਦਰਲੀ ਹਉਮੈ ਨੂੰ ਮਾਰ ਲਿਆ ਹੈ ਤੇ ਨਿਰ-ਸਵਾਰਥ ਹੋ ਗਏ ਹਨ:

'ਮੋਹਣੂ, ਰਾਮੂ ਮਹਿਤਿਆ

ਅਮਰੂ, ਗੋਪੀ ਹਉਮੈ ਮਾਰੀ' ( ਪਉੜੀ 16 )

ਮਹਿਤਾ ਗੋਤਰ ਦੇ ਕਈ ਖਤਰੀ ਖੇਤੀ ਵੀ ਕਰਦੇ ਸਨ, ਇਸ ਲਈ ਮਹਿਤਾ ਨਾਮ ਦੇ ਕਈ ਪਿੰਡ ਪੰਜਾਬ ਵਿਚ ਮਿਲਦੇ ਹਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਹਿਤਾ ਨਾਮ ਦਾ ਇੱਕ ਪਿੰਡ ਰਈਆ ਬਲਾਕ ਵਿਚ ਹੈ, ਜਿਥੇ ਦਮਦਮੀ ਟਕਸਾਲ ਦਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸੁੰਦਰ ਤੇ ਆਲੀਸ਼ਾਨ ਬਣਿਆ ਹੋਇਆ ਹੈ। ਕਪੂਰਥਲੇ ਵਿਚ ਵੀ ਇਕ ਪਿੰਡ ਮਹਿਤਾ ਹੈ। (180)

ਜਲਾਲ ਪਿੰਡ ਦੇ ਮਹਿਤਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਬਣੀ ਜਗ੍ਹਾ 'ਤੇ ਅਗਿਆਤ ਜਠੇਰੇ ਦੀ ਮਨੌਤ ਕਰਦੇ ਹਨ।

**115. ਮੁਖੀਜਾ –** ਇਹ ਗੋਤ ਹਿੰਦੂ ਭਾਈਚਾਰੇ ਦੇ ਲੋਕਾਂ ਦਾ ਗੋਤ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਸਿਰਫ ਪਿੰਡ ਹਾਕਮ ਸਿੰਘ ਵਾਲਾ ਵਿਖੇ ਪਾਇਆ ਗਿਆ ਜਿਸ ਨਾਲ਼ ਸੰਬੰਧਿਤ ਅਰੋੜਾ ਬਰਾਦਰੀ ਦੇ ਲੋਕ ਸ਼ਿਵ ਦੇ ਪੁਜਾਰੀ ਹਨ ਅਤੇ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**116. ਮਗਜਲੇ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਜਲਾਲ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ।

**117. ਮਾਘੜੇ –** ਇਹ ਮੂਲ ਰੂਪ ਵਿੱਚ ਰਵਿਦਾਸੀਏ ਸਿੱਖਾਂ ਦਾ ਗੋਤ ਹੈ ਜੋ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੁਰਜ ਥਰੋੜ ਦੇ ਵਸਨੀਕ ਹਨ। ਮਾਘੜਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਸਭ ਕੁਝ ਮੰਨਦੇ ਹਨ।

**118. ਮੱਟੂ –** ਮੱਟੂ ਗੋਤ ਬਾਰੇ ਹਮੀਰਗੜ੍ਹ ਅਤੇ ਨਿਉਰ ਪਿੰਡ ਵਿੱਚ ਜਾ ਕੇ ਸਰਵੇ ਕਰਨ 'ਤੇ ਪਤਾ ਚੱਲਿਆ ਕਿ ਇਹ ਗੋਤ ਜੱਟ ਸਿੱਖ ਅਤੇ ਮਜ਼੍ਹਬੀ ਸਿੱਖ ਦੋਨਾਂ ਹੀ ਜਾਤੀਆਂ ਵਿੱਚ ਪ੍ਰਚੱਲਿਤ ਹੈ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਮੱਟੂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਾਇਆ ਜਾਣ ਵਾਲਾ ਇੱਕ ਜੱਟ ਕਾਸ਼ਤਕਾਰ ਕਬੀਲਾ ਹੈ।" (90)

ਪਿੰਡ ਨਿਉਰ ਵਿੱਚ ਮਜ਼੍ਹਬੀ ਸਿੱਖ ਅਤੇ ਹਮੀਰਗੜ੍ਹ ਵਿੱਚ ਮਜ਼੍ਹਬੀ ਸਿੱਖਾਂ ਤੋਂ ਇਲਾਵਾ ਕੁਝ ਜੱਟ ਸਿੱਖਾਂ ਦਾ ਗੋਤ ਵੀ ਮੱਟੂ ਹੈ। ਨਿਉਰ ਪਿੰਡ ਦੇ ਮੱਟੂ 'ਲਾਲਾਂ ਵਾਲ਼ੇ ਪੀਰ' ਨੂੰ ਮੰਨਦੇ ਹਨ ਅਤੇ ਹਮੀਰਗੜ੍ਹ ਦੇ ਮੱਟੂ 'ਕੋਟਲੇ ਵਾਲ਼ੇ (ਮਲੇਰਕੋਟਲੇ ਵਾਲ਼ੇ) ਪੀਰ' ਨੂੰ ਮੰਨਦੇ ਹਨ।

**119. ਮਠਾੜੂ –** ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਰਾਮਗੜ੍ਹੀਆ ਬਰਾਦਰੀ ਦੇ ਪ੍ਰਸਿੱਧ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਦਿਆਲਪੁਰਾ ਭਾਈ ਕਾ ਅਤੇ ਭਾਈ ਰੂਪਾ ਵਿੱਚ ਪਾਇਆ ਗਿਆ। ਪਿੰਡ ਭਾਈ ਰੂਪਾ ਦੇ ਮਠਾੜੂ 'ਬਾਬਾ ਵਿਸ਼ਵਕਰਮਾ' ਨੂੰ ਆਪਣਾ ਵੱਡ-ਵਡੇਰਾ ਮੰਨ ਕੇ ਉਸ ਦੀ ਮੰਨ-ਮਨੌਤ ਕਰਦੇ ਹਨ।

**120. ਮੁੰਡਾ –** ਇਹ ਬਠਿੰਡਾ ਜ਼ਿਲ੍ਹੇ ਦੇ ਪਿੰਡ ਗਿੱਦੜ ਵਿਖੇ ਰਹਿੰਦੇ ਮਿਸਤਰੀ ਜਾਤੀ ਦੇ ਲੋਕਾਂ ਦਾ ਇੱਕ ਪ੍ਰਮੁੱਖ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਰਾਮਗੜ੍ਹੀਆ ਬਰਾਦਰੀ ਦੇ ਪ੍ਰਸਿੱਧ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

ਪਿੰਡ ਗਿੱਦੜ ਦੇ ਇਸ ਗੋਤ ਦੇ ਲੋਕ ਆਪੋ-ਆਪਣੀ ਸ਼ਰਧਾ ਅਨੁਸਾਰ ਆਪਣੇ ਪਿੰਡ ਵਿਖੇ ਹੀ ਬਣੀਆਂ ਆਪਣੇ ਵੱਡੇ-ਵਡੇਰਿਆਂ ਦੀਆਂ ਮੜ੍ਹੀਆਂ (ਮਟੀਆਂ) ਦੀ ਪੂਜਾ ਕਰਨ ਜਾਂਦੇ ਹਨ।

**121. ਮੰਡੇਰ –** ਮਾਲਵੇ ਵਿੱਚ ਮੰਡੇਰ ਗੋਤ ਦੇ ਲੋਕ ਕਾਫ਼ੀ ਹਨ। ਦੁਆਬੇ ਵਿੱਚ ਕਾਫ਼ੀ ਘੱਟ ਹਨ। ਪੰਜਾਬ ਵਿੱਚ ਮੰਡੇਰ ਨਾਮ ਦੇ ਕਈ ਪਿੰਡ ਹਨ। ਮੰਡੇਰ ਉਪ-ਗੋਤ ਹੈ। ਸਾਰੇ ਮੰਡੇਰ ਜੱਟ ਸਿੱਖ ਹਨ। ਮੰਡੇਰ ਜੱਟਾਂ ਦਾ ਉੱਘਾ ਤੇ ਛੋਟਾ ਗੋਤ ਹੈ। ਮੰਡੇਰ ਜੱਟ ਆਪਣਾ ਸੰਬੰਧ ਪੰਵਾਰ ਰਾਜਪੂਤਾਂ ਨਾਲ਼ ਜੋੜਦੇ ਹਨ। ਜਾਟ ਇਤਿਹਾਸਕਾਰ ਪ੍ਰਿੰਸੀਪਲ ਹੁਕਮ ਸਿੰਘ ਪੰਵਾਰ, ਰੋਹਤਕ ਅਨੁਸਾਰ ਰਾਜਪੂਤਾਂ ਦੀ ਉੱਨਤੀ ਸਮੇਂ ਜੱਟ ਰਾਜ ਘਰਾਣਿਆਂ ਵਿੱਚੋਂ ਹੀ ਪੁਰਾਣਿਕ ਬ੍ਰਾਹਮਣਾਂ ਨੇ ਕਸ਼ਤਰੀਆਂ ਦੀ ਇੱਕ ਨਵੀਂ ਸ਼੍ਰੇਣੀ ਬਣਾਈ। ਜੱਟ ਬਹੁਤ ਹੀ ਪ੍ਰਾਚੀਨ ਜਾਤੀ ਹੈ। ਇਹ ਰਾਜਪੂਤਾਂ ਦੇ ਵੀ ਮਾਪੇ ਹਨ। ਹੁਸ਼ਿਆਰ ਸਿੰਘ ਦੁਲੇਹ ਇਸ ਗੋਤ ਦੇ ਇਤਿਹਾਸ ਬਾਰੇ ਦੱਸਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਸ ਬੰਸ ਦਾ ਵੱਡੇਰਾ ਮੰਡੇਰਾ ਸੀ। ਇਹ ਮੱਧ ਪ੍ਰਦੇਸ਼ ਦੇ ਮਾਂਡੂ ਖੇਤਰ ਵਿੱਚ ਆਬਾਦ ਸਨ। ਇਹ ਰਿੱਗਵੇਦ ਦੇ ਸਮੇਂ ਦਾ ਪੁਰਾਣਾ ਜੱਟ ਕਬੀਲਾ ਹੈ। ਇਹ ਧਾਰਾ ਨਗਰੀ ਦੇ ਰਾਜਾ ਜੱਗਦੇਉ ਪਰਮਾਰ ਨਾਲ਼ ਰਾਜਸਤਾਨ ਦੇ ਰਸਤੇ 12ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਮਾਲਵਾ ਖੇਤਰ ਵਿੱਚ ਆਏ। ਇਸ ਕਬੀਲੇ ਨੇ ਰਾਜਾ ਜੱਗਦੇਉ ਪੰਵਾਰ ਦੇ ਲਸ਼ਕਰ ਵਿੱਚ ਸ਼ਾਮਿਲ ਹੋ ਕੇ ਰਾਜਸਤਾਨ ਤੇ ਪੰਜਾਬ ਵਿੱਚ ਗੱਜ਼ਨਵੀ ਪਠਾਨਾਂ ਨਾਲ਼ ਕਈ ਲੜਾਈਆਂ ਕੀਤੀਆਂ ਅਤੇ ਉਨ੍ਹਾਂ ਨੂੰ ਲਾਹੌਰ ਵੱਲ ਭਜਾ ਦਿੱਤਾ ਸੀ। ਪੁਰਾਣੇ ਸਮੇਂ ਵਿੱਚ ਵੀ ਪੰਜਾਬ ਦੇ ਮਾਲਵਾ ਖੇਤਰ ਤੋਂ ਜੱਟ ਕਬੀਲੇ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਵਿੱਚ ਆਉਂਦੇ ਜਾਂਦੇ ਰਹਿੰਦੇ ਸਨ। ਰਾਜੇ ਜੱਗਦੇਉ ਨੇ ਜਰਗ ਨਵਾਂ ਪਿੰਡ ਵਸਾਇਆ ਅਤੇ ਮੰਡੇਰਾਂ ਨੂੰ ਵੀ ਏਥੇ ਹੀ ਆਬਾਦ ਕਰ ਲਿਆ। ਮੰਡੇਰ ਵੀ ਪਰਮਾਰ ਭਾਈਚਾਰੇ ਵਿੱਚੋਂ ਹਨ। (147)

ਲਧਿਆਣੇ ਜ਼ਿਲ੍ਹੇ ਵਿੱਚ ਮੰਡੇਰ ਗੋਤ ਦੇ ਜੱਟ ਕਾਫ਼ੀ ਹਨ। ਸੰਗਰੂਰ ਵਿੱਚ ਵੀ ਮੰਡੇਰ ਕਲਾਂ ਪਿੰਡ ਮੰਡੇਰ ਭਾਈਚਾਰੇ ਦਾ ਹੀ ਹੈ। ਜ਼ਿਲ੍ਹਾ ਜਲੰਧਰ ਦੇ ਬੰਗਾ ਹਲਕੇ ਵਿੱਚ ਵੀ ਮੰਡੇਰ ਜੱਟਾਂ ਦਾ ਉੱਘਾ ਪਿੰਡ ਮੰਡੇਰ ਹੈ। ਪਿੰਡ ਅਹਿਮਦਗੜ੍ਹ ਤਹਿਸੀਲ ਬੁਢਲਾਡਾ ਵਿੱਚ ਵੀ ਕੁਝ ਮੰਡੇਰ ਵੱਸਦੇ ਹਨ। ਮਾਨਸਾ ਖੇਤਰ ਵਿੱਚ ਮੰਡੇਰ ਕਾਫ਼ੀ ਹਨ। ਭੂਰਥਲਾ ਮੰਡੇਰ ਤਹਿਸੀਲ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ ਵਿੱਚ ਮੰਡੇਰਾਂ ਦਾ ਵੱਡਾ ਪਿੰਡ ਹੈ।

ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਮੰਡੇਰ ਜ਼ਿਲ੍ਹਾ ਬਠਿੰਡਾ ਦੇ ਪਿੰਡ ਭਾਈ ਰੂਪਾ ਅਤੇ ਸਲਾਬਤਪੁਰਾ ਵਿਖੇ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਪਿੰਡ ਭਾਈ ਰੂਪਾ ਦੇ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**122. ਮਿੱਤਲ –** ਇਹ ਗੋਤ ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਪਿੰਡ ਜੀਦਾ ਵਿਖੇ ਪਾਇਆ ਗਿਆ ਜੋ ਕਿ ਹਿੰਦੂ ਧਰਮ ਦੀ ਬਾਣੀਆ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ ਅਤੇ ਇਸ ਗੋਤ ਦੇ ਲੋਕ 'ਦੇਵੀ ਮਾਤਾ' ਨੂੰ ਮੰਨਦੇ ਹਨ।

**123. ਮਾਨ –** ਮਾਨ ਗੋਤ ਨਾਲ਼ ਸੰਬੰਧਿਤ ਵੀ ਬਹੁਗਿਣਤੀ ਲੋਕ ਬਠਿੰਡਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਵਸਦੇ ਹਨ; ਜਿਵੇਂ ਬੁਰਜ ਥਰੋੜ, ਭਗਤਾ ਭਾਈ, ਮਲੂਕਾ, ਗਿੱਦੜ, ਜੰਡਾਂਵਾਲਾ, ਮੌੜ, ਖੇਮੂਆਣਾ, ਹਰਰਾਏਪੁਰ, ਕੋਠਾ ਗੁਰੂ ਕਾ, ਹਰਰੰਗਪੁਰਾ (ਗੋਬਿੰਦਪੁਰਾ), ਖਿਆਲੀਵਾਲਾ, ਢੇਲਵਾਂ, ਹਮੀਰਗੜ੍ਹ ਆਦਿ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਮਾਨ ਗੋਤ ਬਾਰੇ ਦੱਸੇ ਹੋਏ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ:

> ਇਸ ਬੰਸ ਦਾ ਵਡੇਰਾ ਮਾਨਪਾਲ ਸੀ। ਇਸ ਨੂੰ ਮਾਨਾ ਵੀ ਕਿਹਾ ਜਾਂਦਾ ਸੀ। ਸ਼ੱਕ ਜਾਤੀ ਦੇ ਕੁਝ ਲੋਕ ਈਸਾ ਤੋਂ 160 ਵਰ੍ਹੇ ਪਹਿਲਾਂ ਟੈਕਸਲਾ, ਮਥਰਾ ਤੇ ਸਰਾਸ਼ਟਰ ਵਿੱਚ ਮੱਧ ਏਸ਼ੀਆ ਦੇ ਕੈਸਪੀਅਨ ਸਾਗਰ ਦੇ ਖੇਤਰਾਂ ਤੋਂ ਆ ਕੇ ਹੀ ਵਸੇ ਸਨ। ਮਾਨ ਜਗਤ ਪ੍ਰਸਿੱਧ ਗੋਤ ਹੈ। ਸ਼ੁਰੂ ਵਿੱਚ ਜੱਟ ਕਬੀਲੇ ਸੂਰਜ, ਚੰਦ ਤੇ ਸ਼ਿਵ ਦੀ ਮਾਨਤਾ ਕਰਦੇ ਸਨ। ਇਸ ਕਾਰਨ ਹੀ ਮਾਨ, ਭੁੱਲਰ ਤੇ ਹੇਰਾਂ ਨੂੰ ਸ਼ਿਵ ਗੋਤਰੀ ਜੱਟ ਕਿਹਾ ਜਾਂਦਾ ਹੈ। ਬੀ. ਐਸ. ਦਾਹੀਆ ਅਨੁਸਾਰ ਇਸ ਬੰਸ ਦੇ ਦੋ ਰਾਜੇ ਵਰਨਮਾਨ ਤੇ ਰੁਧਰ ਮਾਨ ਹੋਏ ਹਨ। ਮਹਾਂਰਾਸ਼ਟਰ ਦੇ ਗੋਆ ਅਤੇ ਕੋਂਕਣ ਖੇਤਰਾਂ ਵਿੱਚ ਮਾਨ ਰਾਜਿਆਂ ਦੇ ਸਿੱਕੇ ਮਿਲੇ ਹਨ। ਇਹ ਗੋਤ ਜੱਟ ਅਤੇ ਹੋਰ ਬਰਾਦਰੀਆਂ ਜਿਵੇਂ ਤਰਖਾਣ ਆਦਿ ਵਿੱਚ ਵੀ ਪਾਇਆ ਜਾਂਦਾ ਹੈ। (172)

ਡਾ. ਰਾਏਜਸਬੀਰ ਸਿੰਘ ਵੀ ਇਸ ਗੋਤ ਨੂੰ ਪਰਿਭਾਸ਼ਿਤ ਹੋਏ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਲਿਖਦੇ ਹਨ:

ਇਸ ਗੋਤ ਦੇ ਨਾਮ ਨਾਲ਼ ਸੰਬੰਧਿਤ ਪਿੰਡ ਮਾਨ ਜ਼ਿਲ੍ਹਾ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ ਵਿੱਚ ਹਨ। ਮਾਨ ਕੌਰ ਸਿੰਘ, ਮਾਨ ਨੰਗਲ, ਮਾਨ ਸੰਢਵਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ, ਮਾਨ ਮਾਜਰਾ ਜ਼ਿਲ੍ਹਾ ਸੰਗਰੂਰ ਵਿੱਚ, ਮਾਨ ਖੇੜਾ ਜ਼ਿਲ੍ਹਾ ਮਾਨਸਾ ਵਿਚਲੇ ਪਿੰਡ ਹਨ। (499)

ਜ਼ਿਲ੍ਹਾ ਬਠਿੰਡਾ ਦੇ ਸਰਵੇਖਣ ਅਧੀਨ ਇਹਨਾਂ ਪਿੰਡਾਂ ਵਿੱਚੋਂ ਜ਼ਿਆਦਾਤਰ ਪਿੰਡਾਂ ਦੇ ਮਾਨ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦੇ ਹਨ, ਪ੍ਰੰਤੂ ਪਿੰਡ ਜੰਡਾਂਵਾਲਾ ਵਿਖੇ ਮਜ਼੍ਹਬੀ ਸਿੱਖ ਜਾਤੀ ਦਾ ਗੋਤ ਵੀ ਮਾਨ ਹੈ। ਇਸ ਤੋਂ ਇਲਾਵਾ ਮਲੂਕਾ ਪਿੰਡ ਵਿੱਚ ਮਾਨ ਗੋਤ ਰਵਿਦਾਸੀਏ ਸਿੱਖ ਜਾਤੀ ਵਿੱਚ ਵੀ ਪਾਇਆ ਜਾਂਦਾ ਹੈ। ਜਠੇਰਿਆਂ ਬਾਰੇ ਪੁੱਛਣ 'ਤੇ ਪਤਾ ਲੱਗਾ ਕਿ ਮਲੂਕਾ ਅਤੇ ਖੇਮੂਆਣਾ ਪਿੰਡਾਂ ਵਿੱਚ ਲੋਕ ਸਥਾਨਕ ਖੇਤਾਂ ਵਿੱਚ ਹੀ ਸ਼ਹੀਦਾਂ ਦੀ ਪੂਜਾ ਕਰਦੇ ਹਨ। ਗਿੱਦੜ ਪਿੰਡ ਦੇ ਮਾਨ ਗੋਤ ਨਾਲ਼ ਸੰਬੰਧਿਤ ਤਕਰੀਬਨ 40 ਘਰ ਹਨ ਜੋ ਕਿ 'ਬਾਬਾ ਬੁੱਢਣ' ਦੀ ਪਿੰਡ ਵਿੱਚ ਹੀ ਬਣੀ ਜਗ੍ਹਾ 'ਤੇ ਜਾ ਕੇ ਪੂਜਾ ਕਰਦੇ ਹਨ ਜਦ ਕਿ ਹਮੀਰਗੜ੍ਹ ਦੇ ਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**124. ਮੁਰੂਵਾਲਾ –** ਇਹ ਗੋਤ ਸਪੇਰਾ ਬਰਾਦਰੀ ਦਾ ਹੈ।ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਾਈ ਰੂਪਾ ਵਿੱਚ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਲੋਕ 'ਅਜਮੇਰ ਸ਼ਰੀਫ' (ਰਾਜਸਥਾਨ) ਵਿਖੇ ਪੀਰ ਦੀ ਪੂਜਾ ਕਰਨ ਲਈ ਜਾਂਦੇ ਹਨ।

**125. ਮਲੂਕ –** ਇਹ ਗੋਤ ਮੁਸਲਿਮ ਧਰਮ ਨਾਲ਼ ਸੰਬੰਧਿਤ ਹੈ। ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਆਪਣੇ ਖੇਤਰੀ ਖੋਜ ਸਰਵੇਖਣ ਦੌਰਾਨ ਇਹ ਗੋਤ ਪਿੰਡ ਜਲਾਲ ਵਿੱਚ ਪਾਇਆ ਗਿਆ। ਇਹ ਲੋਕ ਆਪਣੇ ਪਿੰਡ ਵਿੱਚ ਬਣੀ ਮਸਜਿਦ ਵਿਖੇ ਜਾ ਕੇ ਨਮਾਜ਼ ਅਦਾ ਕਰਦੇ ਅਤੇ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਹਨ।

**126. ਮਾਲੜੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਹਰਰੰਗਪੁਰਾ ਜਾਂ ਗੋਬਿੰਦਪੁਰਾ ਵਿੱਚ ਪਾਇਆ ਗਿਆ। ਇਹ ਮਹਿਰਾ ਸਿੱਖ ਬਰਾਦਰੀ ਵਿੱਚ ਪਾਇਆ ਜਾਣ ਵਾਲ਼ਾ ਇੱਕ ਗੋਤ ਹੈ। ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ 'ਬਾਬਾ ਭਗਤੂ' ਨੂੰ ਮੰਨਦੇ ਹਨ।

**127. ਮੌੜ –** ਮੌੜ ਬਠਿੰਡਾ ਜ਼ਿਲ੍ਹੇ ਦਾ ਇੱਕ ਹੋਰ ਪ੍ਰਮੁੱਖ ਗੋਤ ਹੈ ਜੋ ਕਿ ਜੱਟ ਸਿੱਖਾਂ ਵਿੱਚ ਪਾਇਆ ਜਾਂਦਾ ਹੈ। ਇਹ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਦੋ ਪਿੰਡਾਂ ਭਗਤਾ ਭਾਈ ਅਤੇ ਹਾਕਮ ਸਿੰਘ ਵਾਲਾ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਵਿੱਚੋਂ ਭਗਤਾ ਭਾਈ ਦੇ ਮੌੜ ਆਪਣੇ ਪਿੰਡ ਵਿਖੇ 'ਭੂਤਾਂ ਵਾਲ਼ੇ ਖੂਹ' ਲਾਗੇ ਬਣੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੇ ਹਨ।

**128. ਰਹਿਤੀਏ –** ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਾਕਮ ਸਿੰਘ ਵਾਲਾ ਵਿਖੇ ਮੁਸਲਮਾਨ ਬਰਾਦਰੀ ਵਿੱਚ ਪਾਇਆ ਗਿਆ ਅਤੇ ਇਹ ਲੋਕ ਇੱਕ ਅੱਲ੍ਹਾ ਦੇ ਅਨੁਯਾਈ ਹਨ।

**129. ਰਚਲੀਵਾਲ –** ਰਚਲੀਵਾਲ ਨਾਈ ਸਿੱਖ ਬਰਾਦਰੀ ਦਾ ਇੱਕ ਗੋਤ ਹੈ ਅਤੇ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੀਦਾ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕ 'ਸੈਨ ਭਗਤ' ਦੀ ਪੂਜਾ ਕਰਦੇ ਹਨ ਜਿਸ ਦਾ ਸਥਾਨ ਪਿੰਡ ਵਿਖੇ ਹੀ ਬਣਿਆ ਹੋਇਆ ਹੈ।

**130. ਰਤਨ –** ਇਹ ਗੋਤ ਮੂਲ ਰੂਪ ਵਿੱਚ ਛੀਂਬਾ ਸਿੱਖ ਬਰਾਦਰੀ ਦਾ ਹੈ। ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਗਤਾ ਭਾਈ ਵਿਖੇ ਪਾਇਆ ਗਿਆ। ਰਤਨ ਗੋਤ ਦੇ ਲੋਕ ਸੁਖਾਨੰਦ ਵਿਖੇ ਆਪਣੇ ਜਠੇਰੇ 'ਅਮਰ ਸਿੰਘ' ਦੀ ਪੂਜਾ ਕਰਨ ਲਈ ਜਾਂਦੇ ਹਨ।

**131. ਰਾਮਗੜ੍ਹੀਏ –** ਇਹ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ:

> ਲੋਹਾਰ ਜਾਂ ਤਰਖਾਣ ਭਾਈਚਾਰੇ ਦਾ ਨਾਂ ਰਾਮਗੜ੍ਹੀਆ 18ਵੀਂ ਸਦੀ ਵਿੱਚ ਸਿੱਖ ਮਿਸਲਾਂ ਵੇਲੇ ਪਿਆ, ਜਦੋਂ ਇੱਕ ਪ੍ਰਸਿੱਧ ਸਿੱਖ ਸਰਦਾਰ ਜੱਸਾ ਸਿੰਘ ਅੰਮ੍ਰਿਤਸਰ ਦੇ ਰਾਮ-ਰੌਣੀ ਜਾਂ ਰਾਮਗੜ੍ਹ ਦੇ ਕਿਲ੍ਹੇ ਦਾ ਮਾਲਕ ਬਣ ਗਿਆ ਅਤੇ ਆਪਣੀ ਮਿਸਲ ਨੂੰ ਰਾਮਗੜ੍ਹੀਆ ਮਿਸਲ ਦਾ ਨਾਂ ਦਿੱਤਾ ਜਿਸ ਨੂੰ ਸਾਰੇ ਲੋਹਾਰ, ਤਰਖਾਣ ਭਾਈਚਾਰੇ ਨੇ ਹੁਣ ਅਪਣਾ ਲਿਆ ਹੈ। ਰਾਮਗੜ੍ਹੀਏ ਇੱਕ ਨਸਲੀ ਜਾਤ ਨਹੀਂ। ਇਹ ਇੱਕ ਕਿੱਤਾ ਆਧਾਰ ਜਾਤ ਹੈ ਜਿਨ੍ਹਾਂ ਨੂੰ ਰਾਜ ਦੇ ਵੱਖ-ਵੱਖ ਥਾਵਾਂ ਉੱਤੇ ਖਾਤੀ ਜਾਂ ਤਰਖਾਣ ਆਖਿਆ ਜਾਂਦਾ ਹੈ। ਨਸਲ ਵਿਗਿਆਨਕ ਨਜ਼ਰੀਏ ਤੋਂ ਉਹ ਹੋਰ ਕਿਰਸਾਣੀ ਜਾਤਾਂ ਦੇ ਸਾਕ-ਸੰਬੰਧੀ ਹਨ ਕਿਉਂ ਕਿ ਉਹਨਾਂ ਦੀਆਂ ਗੋਤਾਂ ਇੱਕੋ ਹਨ। ਸਰੀਰਕ ਪੱਖੋਂ ਬਹੁਤਾ ਫ਼ਰਕ ਨਹੀਂ। (196)

ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇ ਦੌਰਾਨ ਰਾਮਗੜ੍ਹੀਏ ਗੋਤ ਵੀ ਸੁਣਨ ਨੂੰ ਮਿਲਿਆ ਜੋ ਕਿ ਪਿੰਡ ਨਿਉਰ ਵਿੱਚ ਵਸਦੇ ਲੋਕਾਂ ਦਾ ਇੱਕ ਗੋਤ ਹੈ ਅਤੇ ਇਹ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**132. ਲਖਨਪਾਲ –** ਇਹ ਗੋਤ ਵੀ ਮੂਲ ਰੂਪ ਵਿੱਚ ਨਾਈ ਸਿੱਖ ਬਰਾਦਰੀ ਦਾ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਲਖਨਪਾਲ ਬ੍ਰਾਹਮਣ ਗੋਤ ਵੀ ਹੈ ਅਤੇ ਨਾਈ ਗੋਤ ਵੀ।" (187)

ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਪਿੰਡ ਕੋਠਾ ਗੁਰੂ ਕਾ ਦੇ ਲਖਨਪਾਲ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੀ 'ਬਾਬਾ ਸ਼ਾਮ ਸਿੰਘ' ਦੀ ਜਗ੍ਹਾ 'ਤੇ ਪੂਜਾ ਕਰਦੇ ਹਨ।

**133. ਲੱਧੜ –** ਬਠਿੰਡਾ ਜ਼ਿਲ੍ਹੇ ਦਾ ਇਹ ਇੱਕ ਹੋਰ ਗੋਤ ਹੈ ਜੋ ਕਿ ਇਸ ਜ਼ਿਲ੍ਹੇ ਦੇ ਅਨੇਕਾਂ ਪਿੰਡਾਂ ਜਿਵੇਂ; ਜੀਦਾ, ਗੰਗਾ, ਹਮੀਰਗੜ੍ਹ ਆਦਿ ਵਿਖੇ ਮਿਲਦਾ ਹੈ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਲੱਧਰ ਜਾਂ ਲੱਧੜ ਇੱਕ ਜੱਟ ਗੋਤ, ਜੋ ਸਿਆਲਕੋਟ ਵਿੱਚ ਮਿਲਦਾ ਹੈ। ਇਸ

ਨਾਂ ਹੇਠ ਹੀ ਚੱਲਣ ਦਾ ਉਹ ਦਾਅਵਾ ਕਰਦਾ ਹੈ। ਕਿੱਲਸ, ਜੋ ਇੱਕ ਰਾਜਪੂਤ ਸੀ ਅਤੇ ਇਸੇ ਜ਼ਿਲ੍ਹੇ ਵਿੱਚ ਸਥਾਪਿਤ ਹੋ ਗਿਆ ਸੀ, ਤੋਂ ਇਸ ਵੰਸ ਦਾ ਨਿਕਾਸ ਕੀਤਾ।" (181)

ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜੱਟ ਸਿੱਖ, ਮਜ਼੍ਹਬੀ ਸਿੱਖ ਅਤੇ ਜੋਗੀ ਨਾਥ (ਸਪੇਰੇ) ਤਿੰਨਾਂ ਬਰਾਦਰੀਆਂ ਵਿੱਚ ਪਾਇਆ ਗਿਆ। ਜੋਗੀ ਨਾਥ (ਸਪੇਰੇ) ਆਪਣੇ ਵਡੇਰੇ 'ਬੂਟਾ ਨਾਥ' ਨੂੰ ਮੰਨਦੇ ਹਨ ਅਤੇ ਪਿੰਡ ਗੰਗਾ ਦੇ ਜੱਟ ਸਿੱਖ ਬਰਾਦਰੀ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**134. ਲੱਲੜ੍ਹ –** ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਆਕਲੀਆ ਅਤੇ ਜਲਾਲ ਵਿਖੇ ਪਾਇਆ ਗਿਆ। ਇਸ ਪਿੰਡ ਦੇ ਲੱਲੜ੍ਹ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਰੌਂਤਾ ਵਿਖੇ 'ਬਾਬਾ ਸ਼ਹੀਦ' ਦੀ ਮੰਨਤ-ਮਨੌਤ ਲਈ ਜਾਂਦੇ ਹਨ।

**135. ਵੈਦ –** ਵੈਦ ਗੋਤ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਗੋਤ ਹੈ ਜੋ ਕਿ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਖੇਮੂਆਣਾ ਵਿੱਚ ਸਰਵੇ ਅਧੀਨ ਲਿਆਂਦਾ ਗਿਆ। ਵੈਦ ਗੋਤ ਨਾਲ਼ ਸੰਬੰਧਿਤ ਪਿੰਡ ਖੇਮੂਆਣਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**136. ਵਿਰਕ –** ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਹੈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਵਿਰਕ ਜੱਟਾਂ ਦਾ ਬਹੁਤ ਹੀ ਮਹੱਤਵਪੂਰਨ ਤੇ ਵੱਡਾ ਗੋਤ ਹੈ। ਇਹ ਸ਼ੱਕ ਬੰਸੀ ਜੱਟ ਸਨ। ਇਨ੍ਹਾਂ ਦੇ ਵਡੇਰੇ ਦਾ ਨਾਮ ਵਿਰਕ ਹੀ ਸੀ। ਵਿਰਕ ਜੱਟ ਬੜੇ ਖਾੜਕੂ ਤੇ ਦਲੇਰ ਹੁੰਦੇ ਹਨ। 'ਬੁਰੇ' ਵੀ ਵਿਰਕਾਂ ਦਾ ਸ਼ਾਖਾ ਗੋਤਰ ਹੈ। ਸਰ ਇਬੱਟਸਨ ਆਪਣੀ ਖੋਜ ਭਰਪੂਰ ਪੁਸਤਕ 'ਪੰਜਾਬ ਕਾਸਟਸ' ਵਿੱਚ ਵਿਰਕਾਂ ਨੂੰ ਮਿਨਹਾਸ ਰਾਜਪੂਤਾਂ ਨਾਲ਼ ਜੋੜਦਾ ਹੈ। ਮਿਨਹਾਸ ਰਾਜਪੂਤ ਵੀ ਹੁੰਦੇ ਹਨ ਅਤੇ ਜੱਟ ਵੀ ਹੁੰਦੇ ਹਨ। ਮਿਨਹਾਸ ਰਾਜਪੂਤ ਆਪਣੇ-ਆਪ ਨੂੰ ਮਿਨਹਾਸ ਜੱਟਾਂ ਨਾਲ਼ੋਂ ਉੱਚਾ ਸਮਝਦੇ ਹਨ। ਵਿਰਕਾਂ ਅਨੁਸਾਰ ਉਨ੍ਹਾਂ ਦਾ ਵਡੇਰਾ ਜੰਮੂ ਛੱਡ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਚਲੀ ਵਿੱਚ ਆ ਕੇ ਵਸਿਆ ਸੀ। ਵਿਰਕ ਨਾਮ ਦੇ ਪੰਜਾਬ ਵਿੱਚ ਕਈ ਪਿੰਡ ਹਨ। ਕੰਬੋਅ ਜਾਤੀ ਵਿੱਚ ਵੀ ਕੁਝ ਵਿਰਕ ਗੋਤ ਦੇ ਲੋਕ ਅੰਮ੍ਰਿਤਸਰ ਆਦਿ ਖੇਤਰਾਂ ਵਿੱਚ ਵਸਦੇ ਹਨ। ਅੱਜਕਲ੍ਹ ਵਿਰਕ ਜੱਟ ਪੰਜਾਬ ਦੇ ਕੋਨੇ-ਕੋਨੇ ਵਿੱਚ ਮਿਲਦੇ ਹਨ। (165)

ਜ਼ਿਲ੍ਹਾ ਬਠਿੰਡਾ ਵਿੱਚ ਵਿਰਕ ਕਲਾਂ ਅਤੇ ਵਿਰਕ ਖੁਰਦ ਨਾਮ ਦੇ ਪਿੰਡ ਵੀ ਹਨ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਖਿਆਲੀਵਾਲਾ, ਜਲਾਲ ਅਤੇ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ। ਇਹਨਾਂ ਵਿੱਚੋਂ ਪਿੰਡ ਖਿਆਲੀਵਾਲਾ ਦੇ ਵਿਰਕ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**137. ਵਾਲੀਆ –** ਇਹ ਗੋਤ ਵੀ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਅਤੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**138. ਵੜਿੰਗ –** ਵੜਿੰਗ ਬਠਿੰਡਾ ਜ਼ਿਲ੍ਹੇ ਦਾ ਇੱਕ ਹੋਰ ਮਹੱਤਵਪੂਰਨ ਗੋਤ ਹੈ ਜੋ ਕਿ ਜੱਟ ਸਿੱਖ ਜਾਤੀ ਨਾਲ਼ ਸੰਬੰਧਿਤ ਹੈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਪਵਾਰ ਬੰਸੀ ਰਾਜਪੂਤਾਂ ਦਾ ਇਕ ਉਪਗੋਤ ਹੈ। ਇਹ ਜਰਗ ਦੇ ਰਾਜੇ ਜੱਗਦੇਉ ਨੂੰ ਆਪਣਾ ਵਡੇਰਾ ਮੰਨਦੇ ਹਨ। ਇਨ੍ਹਾਂ ਦਾ ਮੁੱਢ ਲੁਧਿਆਣਾ ਜ਼ਿਲ੍ਹਾ ਹੀ ਹੈ। ਇਹ ਲੁਧਿਆਣੇ ਖੇਤਰ ਤੋਂ ਹੀ ਸਾਰੇ ਪੰਜਾਬ ਵਿੱਚ ਫੈਲੇ ਹੋਏ ਹਨ। ਲੁਧਿਆਣੇ ਜ਼ਿਲ੍ਹੇ ਵਿੱਚ ਭੈਣੀ ਵੜਿੰਗਾਂ ਇਹਨਾਂ ਦਾ ਮੋਢੀ ਤੇ ਪੁਰਾਣਾ ਪਿੰਡ ਹੈ। ਫ਼ਰੀਦਕੋਟ, ਮੁਕਤਸਰ ਤੇ ਬਠਿੰਡੇ ਦੇ ਇਲਾਕੇ ਵਿੱਚ ਵੀ ਵੜਿੰਗ ਭਾਈਚਾਰੇ ਦੇ ਕਾਫ਼ੀ ਲੋਕ ਵਸਦੇ ਹਨ। ਕੁਝ ਸੰਗਰੂਰ ਖੇਤਰ ਵਿੱਚ ਵੀ ਹਨ। ਫ਼ਰੀਦਕੋਟ ਦੇ ਇਲਾਕੇ ਵਿੱਚ ਰਾਮੇਆਣਾ, ਡੋਡ ਤੇ ਕੋਠੇ ਵੜਿੰਗ ਆਦਿ ਪਿੰਡਾਂ ਵਿੱਚ ਵੀ ਵੜਿੰਗ ਆਬਾਦ ਹਨ। ਮੁਕਤਸਰ ਦੇ ਨਜ਼ਦੀਕ ਵੀ ਇੱਕ ਵੜਿੰਗ ਪਿੰਡ ਹੈ ਜਿਸ ਵਿੱਚ ਵੜਿੰਗ ਭਾਈਚਾਰੇ ਦੇ ਲੋਕ ਹੀ ਰਹਿੰਦੇ ਹਨ। ਬਠਿੰਡੇ ਦੇ ਇਲਾਕੇ ਵਿੱਚ ਵੀ ਭਗਤਾ ਭਾਈ ਵਿੱਚ ਵੜਿੰਗਾਂ ਦੇ ਕੁਝ ਘਰ ਹਨ। ਵੜਿੰਗ ਮਾਝੇ ਵਿੱਚ ਵੀ ਹਨ। ਬੱਬਰ ਅਕਾਲੀ ਲਹਿਰ ਦਾ ਮੋਢੀ ਬਾਬਾ ਕਿਸ਼ਨ ਸਿੰਘ ਵੜਿੰਗ ਸੀ। ਇਹ ਪ੍ਰਾਚੀਨ ਤੇ ਉੱਘਾ ਜੱਟ ਭਾਈਚਾਰਾ ਹੈ। (169)

ਇਹ ਗੋਤ ਖੇਤਰੀ ਸਰਵੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਵਿੱਚ ਪਾਇਆ ਗਿਆ। ਇਹ ਗੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਟੁੱਟ ਸ਼ਰਧਾ ਰੱਖਦਾ ਹੋਣ ਕਰਕੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹੈ।

**139. ਵੜੈਂਚ –** ਇਹ ਗੋਤ ਵੀ ਮੂਲ ਰੂਪ ਵਿੱਚ ਜੱਟ ਬਰਾਦਰੀ ਦਾ ਗੋਤ ਹੈ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਸਰ ਲੈਪਲ ਗਰਿਫਨ ਦੀ ਲਿਖੀ ਪੁਸਤਕ 'ਪੰਜਾਬ ਦੇ ਸਰਦਾਰ' ਦੇ ਹਵਾਲੇ ਨਾਲ਼ ਲਿਖਦੇ ਹਨ:-

> ਸੂਬੇ ਵਿੱਚ ਵੜੈਚ ਜੱਟਾਂ ਦੇ ਵੱਡੇ ਕਬੀਲਿਆਂ ਵਿੱਚੋਂ ਇੱਕ ਕਬੀਲਾ ਹੈ। ਅਕਬਰ ਬਾਦਸ਼ਾਹ ਦੇ ਸਮੇਂ ਉਹਨਾਂ ਨੇ ਗੁਜਰਾਤ ਦੇ ਇਲਾਕੇ ਦਾ 2/3 ਹਿੱਸਾ ਆਪਣੇ ਕਬਜ਼ੇ ਹੇਠ ਕਰ ਲਿਆ ਜਦੋਂ ਕਿ ਇਹ ਗੁੱਜਰਾਂ ਨਾਲ਼ੋਂ ਛੋਟੇ ਦਰਜੇ ਦੇ ਸਨ, ਜਿਨ੍ਹਾਂ ਕੋਲ਼ ਇਸ ਇਲਾਕੇ ਦਾ ਬਾਕੀ ਹਿੱਸਾ ਕਬਜ਼ੇ ਹੇਠ ਸੀ। ਉਹਨਾਂ ਦੇ ਉਸ ਇਲਾਕੇ ਵਿੱਚ ਹੁਣ ਤੱਕ ਵੜੈਚਾਂ ਨੇ 170 ਪਿੰਡਾਂ ਉੱਤੇ ਕਬਜ਼ਾ ਕਰ ਲਿਆ। ਵੜੈਚਾਂ ਨੇ ਗੁੱਜਰਾਂਵਾਲ਼ਾ ਵਿੱਚ ਆਉਣ ਸਮੇਂ ਦਰਿਆ ਝਨਾਂ ਨੂੰ

> ਪਾਰ ਕੀਤਾ ਜਿੱਥੇ ਕਿ ਵੜੈਚਾਂ ਨੇ ਇਸ ਇਲਾਕੇ ਦੇ 41 ਪਿੰਡਾਂ ਉੱਤੇ ਕਬਜ਼ਾ ਕੀਤਾ ਸੀ। ਉਹ ਪਹਾੜੀਆਂ ਦੇ ਹੇਠਾਂ ਵੱਲ ਲੁਧਿਆਣਾ ਤੇ ਮਲੇਰਕੋਟਲਾ ਤੱਕ ਫੈਲ ਗਏ। ਉਹਨਾਂ ਨੇ ਰਾਜਪੂਤ ਹੋਣ ਦਾ ਕਦੇ ਦਾਅਵਾ ਨਹੀਂ ਕੀਤਾ, ਸਗੋਂ ਉਹ ਕਹਿੰਦੇ ਹਨ ਕਿ ਉਹਨਾਂ ਦਾ ਵਡਾਰੂ 'ਧੁੱਢੀ' ਇੱਕ ਜੱਟ ਸੀ। ਉਹ ਭਾਰਤ ਵਿੱਚ ਮਹਿਮੂਦ ਗਜ਼ਨਵੀ ਨਾਲ਼ ਆਇਆ ਅਤੇ ਗੁਜਰਾਤ ਵਿੱਚ ਆਬਾਦ ਹੋ ਗਿਆ, ਜਿੱਥੇ ਉਸਦਾ ਕਬੀਲਾ ਸ਼ਕਤੀਸ਼ਾਲੀ ਹੋ ਕੇ ਉੱਭਰਿਆ ਅਤੇ ਗੁੱਜਰ ਵੰਸ਼ ਦੇ ਰਾਜੇ ਗੋਇਲ ਤੋਂ ਕੁਝ ਭਾਗ ਗੁਜਰਾਤ ਦਾ ਖੋਹ ਕੇ ਆਪਣੇ ਕਬਜ਼ੇ ਹੇਠ ਕਰ ਲਿਆ। ਇਸ ਕਬੀਲੇ ਦਾ ਪਹਿਲਾ ਟਿਕਾਣਾ ਗੁਜਰਾਤ ਹੀ ਸੀ। (53-54)

ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਗੋਤ ਵੜੈਂਚ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**140. ਸ਼ੇਰਗਿੱਲ –** ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਗੋਤ ਹੈ। ਇਹ ਗੋਤ ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਰਾਜਗੜ੍ਹ ਵਿੱਚ ਪਾਇਆ ਗਿਆ ਜਿਸ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**141. ਸ਼ਰਮਾ –** ਇਹ ਹਿੰਦੂ ਧਰਮ ਨਾਲ਼ ਸੰਬੰਧਿਤ ਇੱਕ ਗੋਤ ਹੈ ਜੋ ਕਿ ਬਠਿੰਡਾ ਜ਼ਿਲ੍ਹੇ ਵਿੱਚ ਸਥਿਤ ਪਿੰਡ ਭਗਤਾ ਭਾਈ ਅਤੇ ਮਲੂਕਾ ਵਿੱਚ ਪਾਇਆ ਗਿਆ। ਪਿੰਡ ਮਲੂਕਾ ਦੇ ਸ਼ਰਮਾ ਗੋਤ ਦੇ ਲੋਕ ਆਪਣੇ ਖੇਤਾਂ ਵਿੱਚ ਬਣੀ ਹੋਈ ਅਗਿਆਤ ਜਠੇਰੇ ਦੀ ਮੜ੍ਹੀ 'ਤੇ ਜਾ ਕੇ ਪੂਜਾ ਕਰਦੇ ਹਨ।

### 2.4 ਪੂਜਾ ਵਿਧਾਨ ਅਤੇ ਅਨੁਸ਼ਠਾਨ ਵਿਧੀਆਂ:

ਜ਼ਿਲ੍ਹਾ ਬਠਿੰਡਾ ਦੇ ਵੱਖ-ਵੱਖ ਪਿੰਡਾਂ ਵਿੱਚੋਂ ਇਕੱਤਰ ਕੀਤੇ ਪ੍ਰਮੁੱਖ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ ਸੰਬੰਧੀ ਵਰਣਨ ਕਰਨ ਉਪਰੰਤ ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਵੱਲੋਂ ਆਪੋ-ਆਪਣੇ ਜਠੇਰਿਆਂ ਦੀ ਮੰਨ-ਮਨੌਤ ਕਰਨ ਲਈ ਕੀਤੇ ਜਾਂਦੇ ਪੂਜਾ-ਵਿਧਾਨ ਅਤੇ ਅਨੁਸ਼ਠਾਨ ਵਿਧੀਆਂ ਬਾਰੇ ਅੱਗੇ ਚਰਚਾ ਕਰਾਂਗੇ। ਧਾਰਮਿਕ ਪੱਖ ਦੇ ਅੰਤਰਗਤ ਆਉਣ ਵਾਲ਼ੇ ਪੂਜਾ-ਵਿਧਾਨ ਅਤੇ ਅਨੁਸ਼ਠਾਨ-ਵਿਧੀਆਂ ਨੂੰ ਗੋਤਾਂ ਦੇ ਸੰਦਰਭ ਵਿੱਚ ਵੇਖਣਾ ਵੀ ਇਸ ਖੋਜ-ਕਾਰਜ ਦਾ ਮਨੋਰਥ ਹੈ। ਇਸ ਮਨੋਰਥ ਤਹਿਤ ਪਰੰਪਰਾਗਤ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਇਸ ਪੂਜਾ ਵਿਧੀ-ਵਿਧਾਨ ਨੂੰ ਜਾਂਚਿਆ ਗਿਆ ਹੈ।

**ਪੂਜਾ-ਵਿਧਾਨ:** ਡਾ. ਰਾਏਜਸਬੀਰ ਸਿੰਘ ਜਠੇਰੇ ਸੰਬੰਧੀ ਪਰਿਭਾਸ਼ਾ ਦਿੰਦੇ ਹੋਏ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਲਿਖਦੇ ਹਨ ਜਿਸ ਤੋਂ ਜਠੇਰੇ ਅਤੇ ਜਠੇਰੇ ਦੀਆਂ ਪੂਜਾ-ਪੱਧਤੀਆਂ ਆਦਿ ਸੰਕਲਪ ਦ੍ਰਿਸ਼ਟੀਗੋਚਰ ਹੁੰਦੇ ਹਨ। ਉਹਨਾਂ ਅਨੁਸਾਰ:

> ਹਿੰਦੂ ਤੇ ਸਿੱਖ ਜੱਟਾਂ ਵਿੱਚ, ਖਾਸ ਕਰ ਉੱਤਰੀ ਮੱਧ ਤੇ ਵਿਚਕਾਰਲੇ ਜ਼ਿਲ੍ਹਿਆਂ ਵਿੱਚ ਪਿਤਰ-ਪੂਜਾ ਦੀ ਇੱਕ ਕਿਸਮ ਜਠੇਰਾ ਪ੍ਰਚੱਲਿਤ ਹੈ। ਇਹ ਕਈ ਕਬੀਲਿਆਂ ਜਾਂ ਇੱਕ ਕਬੀਲੇ ਦੇ ਕਈ ਪਿੰਡਾਂ ਦੀ ਰਸਮ ਹੈ। ਵਿਆਹ ਸਮੇਂ ਲਾੜੇ ਨੂੰ ਕਿਸੇ ਵਡੇਰੇ ਦੇ ਸਥਾਨ ਉੱਪਰ ਲੈ ਕੇ ਜਾਂਦੇ ਹਨ ਜੋ ਜਾਂ ਸ਼ਹੀਦ ਜਾਂ ਪ੍ਰਸਿੱਧ ਵਿਅਕਤੀ ਹੋਇਆ ਹੁੰਦਾ ਹੈ। ਇਹ ਸਥਾਨ ਜਾਂ ਮਿੱਟੀ ਦਾ ਟਿੱਲਾ ਜਾਂ ਪੱਕਾ ਸਥਾਨ ਹੁੰਦਾ ਹੈ। ਲਾੜਾ ਇਸ ਸਥਾਨ ‘ਤੇ ਮੱਥਾ ਟੇਕਦਾ ਅਤੇ ਪਰਿਕਰਮਾ ਕਰਦਾ ਹੈ। ਬਾਅਦ ਵਿੱਚ ਬ੍ਰਾਹਮਣ ਤੇ ਲਾਗੀ ਨੂੰ ਭੇਟਾ ਦਿੱਤੀ ਜਾਂਦੀ ਹੈ। ਜੇ ਟਿੱਲਾ ਮਿੱਟੀ ਦਾ ਹੈ ਤਾਂ ਉਹ ਬੁੱਕ ਭਰ ਕੇ ਮਿੱਟੀ ਉਸ ‘ਤੇ ਸੁੱਟਦਾ ਹੈ। ਜਠੇਰੇ ਦਾ ਨਾਂ ਆਮ ਤੌਰ ‘ਤੇ ਮੰਨੇ ਜਾਂਦੇ ਵਡੇਰੇ, ਕਬੀਲੇ ਦੇ ਮੋਢੀ ਜਾਂ ਕਿਸੇ ਸ਼ਹੀਦ ਦਾ ਹੁੰਦਾ ਹੈ ਜਾਂ ਹੋ ਸਕਦਾ ਹੈ। (28)

ਜਠੇਰਿਆਂ ਦੀ ਪੂਜਾ ਕੇਂਦਰੀ ਜ਼ਿਲ੍ਹਿਆਂ ਵਿੱਚ ਸਾਂਝੀ ਚੀਜ਼ ਹੈ, ਪਰ ਰਸਮਾਂ ਅਲੱਗ-ਅਲੱਗ ਹਨ। ਇਹਨਾਂ ਦੀ ਪੂਜਾ ਦਾ ਇੱਕ ਸਾਂਝਾ ਤਰੀਕਾ ਵਿਆਹਾਂ ਸਮੇਂ ਉਸ ਦੇ ਸਤਿਕਾਰ ਵਿੱਚ ਤਲਾਵਾਂ, ਛੱਪੜਾਂ ਵਿੱਚੋਂ ਮਿੱਟੀ ਖੋਦਣਾ ਹੈ। ਜਠੇਰਾ ਰਸਮ ਕਬੀਲਾ ਪੱਧਰ ਦੀ ਹੈ, ਪਿੰਡ ਪੱਧਰ ਦੀ ਨਹੀਂ। ਜਠੇਰਾ-ਪੂਜਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਅੱਠਵੀਂ* ਵਿੱਚ ਲਿਖਦੇ ਹਨ:

> ਅਨੁਸ਼ਠਾਨ ਉਹ ਰਹੁ-ਰੀਤਾਂ ਤੇ ਪੂਜਾ-ਵਿਧੀਆਂ ਹਨ ਜਿਨ੍ਹਾਂ ਦੀ ਕਿਸੇ ਧਰਮ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਸਮੇਂ ਦੇ ਨਾਲ਼ ਜਦੋਂ ਅਨੁਸ਼ਠਾਨਾਂ ਵਿੱਚ ਕਿਸੇ ਜਾਤੀ ਦੀ ਆਸਥਾ ਨਹੀਂ ਰਹਿੰਦੀ ਤਾਂ ਇਹ ਆਡੰਬਰ ਬਣ ਜਾਂਦੇ ਹਨ। ਅਨੁਸ਼ਠਾਨ ਸੁਭਾਵ ਵਿਚ ਮਿਥਕ ਹੁੰਦੇ ਹਨ। ਅਨੁਸ਼ਠਾਨ ਹਰ ਜਾਤੀ ਜਾਂ ਧਰਮ ਦੇ ਆਪੋ-ਆਪਣੇ ਹੁੰਦੇ ਹਨ, ਇਨ੍ਹਾਂ ਵਿਚ ਪ੍ਰਮੁੱਖ ਅਨੁਸ਼ਠਾਨ:- ਆਰਤੀ ਉਤਾਰਨੀ, ਵਰਤ ਰੱਖਣੇ, ਤੀਰਥ ਇਸ਼ਨਾਨ, ਕਥਾ ਮਹਾਤਮ, ਚਰਨ ਧੂੜੀ ਮੱਥੇ ਲਗਾਉਣੀ, ਨੌਂ ਗ੍ਰਹਿ ਪੂਜਾ ਆਦਿ ਹਨ। (2059)

**ਅਨੁਸ਼ਠਾਨ:** ਡਾ. ਹਰਬੰਸ ਸਿੰਘ ਗਿੱਲ ਅਨੁਸ਼ਠਾਨ ਨੂੰ ਪਰਿਭਾਸ਼ਿਤ ਕਰਦੇ ਹੋਏ *ਖੋਜ ਪਤ੍ਰਿਕਾ* ਵਿੱਚ ਲਿਖਦੇ ਹਨ:

> ਵਿਆਕਰਣਕ ਦ੍ਰਿਸ਼ਟੀ ਤੋਂ ‘ਸਥਾ’ ਧਾਤੂ ਨਾਲ ‘ਅਨੂ’ ਉਸਰਗ ਲੱਗਣ ਨਾਲ਼ ਅਨੁਸ਼ਠਾਨ ਕਿਰਿਆ-ਮੂਲਕ ਭਾਵ-ਵਾਚੀ ਸ਼ਬਦ ਬਣਿਆ ਹੈ। ‘ਅਨੁ’ ਦਾ ਅਰਥ ਹੈ ਅਨੁਸਾਰ ਜਾਂ ਪਿੱਛੇ ਅਤੇ ‘ਸਥ’ ਦਾ ਅਰਥ ਹੈ ਸਥਾਪਿਤ ਕਰਨਾ ਜਾਂ ਆਰੰਭਣਾ। ਇਸ ਤਰ੍ਹਾਂ ਇਹ ਸ਼ਬਦ ਕੰਮ ਨੂੰ ਨਿਯਮ ਅਨੁਸਾਰ ਆਰੰਭਣ ਦੀ ਸੂਚਨਾ ਦਿੰਦਾ ਹੈ।

ਇਸ ਤਰ੍ਹਾਂ ਇਹ ਸ਼ਬਦ ਕੰਮ ਨੂੰ ਨਿਯਮ ਅਨੁਸਾਰ ਆਰੰਭਣ ਦੀ ਸੂਚਨਾ ਦਿੰਦਾ ਹੈ। ਅਨੁਸ਼ਠਾਨ ਸ਼ਬਦ ਦੇ ਤਿੰਨ ਅਰਥ ਹਨ:

1. ਕਾਰਜ ਦਾ ਆਰੰਭ।
2. ਤੰਤਰ ਸ਼ਾਸਤਰ ਅਨੁਸਾਰ ਮੰਤਰ ਦਾ ਵਿਧੀ ਨਾਲ਼ ਜਾਪ ਕਰਨਾ।
3. ਧਾਰਮਿਕ ਕਰਮ ਕਰਨ ਦਾ ਭਾਵ।

ਧਰਮ-ਸ਼ਾਸਤਰਾਂ ਦੇ ਅਨੁਸਾਰ ਧਾਰਮਿਕ ਕਰਮਾਂ ਦੇ ਨਿਯਮਪੂਰਵਕ ਆਰੰਭਣ ਅਤੇ ਉਹਨਾਂ ਨੂੰ ਪੂਰਾ ਕਰਨ ਨੂੰ ਅਨੁਸ਼ਠਾਨ ਕਿਹਾ ਜਾਂਦਾ ਹੈ। 'ਮਨੂ ਸਮ੍ਰਿਤੀ' ਅਨੁਸਾਰ ਕਰਮ-ਕਾਂਡ ਦੇ ਨਿਯਮਾਂ ਦਾ ਪੂਰੀ ਤਰ੍ਹਾਂ ਪਾਲਣ ਅਨੁਸ਼ਠਾਨਾਂ ਵਿੱਚ ਸ਼ਾਮਿਲ ਹੈ। 'ਮਨੂ ਸਮ੍ਰਿਤੀ' ਨੇ ਇਸ ਦ੍ਰਿਸ਼ਟੀ ਤੋਂ ਅਨੁਸ਼ਠਾਨਾਂ ਦੇ ਇਹ ਚਾਰ ਵਰਗ ਬਣਾਏ ਹਨ:

1. ਧਰਮ ਸੰਬੰਧੀ ।
2. ਅਰਥ ਸੰਬੰਧੀ।
3. ਕਾਮ ਸੰਬੰਧੀ।
4. ਮੋਖਸ਼ ਸੰਬੰਧੀ।

ਕਰਮ-ਕਾਂਡ ਸ਼ਾਸਤਰ ਦੁਆਰਾ ਮਨੁੱਖ ਲਈ ਨਿਯਤ ਕੀਤੇ ਗਏ ਜਾਪ, ਪਾਠ, ਇਸ਼ਨਾਨ ਆਦਿ ਕਰਮਾਂ ਦਾ ਵਿਧੀ-ਵਿਧਾਨ ਪੂਰਬਕ ਆਰੰਭਣਾ ਜਾਂ ਉਹਨਾਂ ਨੂੰ ਪੂਰਾ ਕਰਨਾ 'ਅਨੁਸ਼ਠਾਨ' ਕਿਹਾ ਜਾਂਦਾ ਹੈ। (191)

ਲੋਕ ਧਰਮ ਕਰਮ-ਕਾਂਡਾਂ ਉਤੇ ਨਿਰਭਰ ਕਰਦਾ ਹੈ। ਲੋਕ ਧਾਰਨਾ ਹੈ ਕਿ ਕੋਈ ਵੀ ਕਰਮ ਕਾਂਡ ਬਿਰਥਾ ਨਹੀਂ ਜਾਂਦਾ। ਜੋ ਵੀ ਅਸੀਂ ਕਰਮ ਕਾਂਡ, ਰਹੁ-ਰੀਤ ਕਰਦੇ ਹਾਂ, ਉਹ ਕਦੇ ਵੀ ਬਿਰਥੀ ਨਹੀਂ ਜਾਂਦੀ। ਇਹ ਰਹੱਸਮਈ ਢੰਗ ਨਾਲ਼ ਕਿਸੇ ਦੂਜੀ ਵਸਤੂ, ਭਾਵੇਂ ਉਹ ਜੜ੍ਹ ਹੋਵੇ ਤੇ ਭਾਵੇਂ ਪ੍ਰਾਣਧਾਰੀ, ਵਸਤੂ ਨੂੰ ਅਨੁਸ਼ਠਾਨਾਂ ਦੁਆਰਾ ਪ੍ਰਭਾਵਿਤ ਕੀਤਾ ਜਾ ਸਕਦਾ ਹੈ ਅਤੇ ਕੁਦਰਤ ਦੇ ਕਾਨੂੰਨ ਬਦਲੇ ਜਾ ਸਕਦੇ ਹਨ। ਜੇ ਅਸੀਂ ਕਿਸੇ ਪਵਿੱਤਰ ਤੀਰਥ 'ਤੇ ਇਸ਼ਨਾਨ ਅਤੇ ਯਾਤਰਾ ਕਰਾਂਗੇ ਤਾਂ ਉਸਦੀ ਪਾਵਨ ਛੋਹ ਪਾ ਕੇ ਅਸੀਂ ਵੀ ਪਾਵਨ ਹੋ ਜਾਵਾਂਗੇ। ਸਾਡੇ ਅੰਦਰਲਾ ਆਤਮ-ਤੱਤ ਪਵਿੱਤਰ ਹੋ ਕੇ ਸ਼ਕਤੀਸ਼ਾਲੀ ਹੋ ਜਾਵੇਗਾ। ਤੀਰਥ ਅੰਦਰ ਕੋਈ ਦੇਵੀ-ਦੇਵਤਾ, ਰਿਸ਼ੀ-ਮੁਨੀ, ਗੁਰੂ-ਪੀਰ ਪੈਦਾ ਹੋਇਆ ਜਾਂ ਬਿਰਾਜਮਾਨ ਹੋਇਆ ਤੇ ਇਸ ਥਾਂ ਨੂੰ ਛੁਹ ਪ੍ਰਾਪਤ ਹੋਈ। ਗੁਰਬਾਣੀ ਵਿਚ ਇਉਂ ਆਉਂਦਾ ਹੈ:

ਜਿਥੇ ਜਾਏ ਬਹੇ ਮੇਰਾ ਸਤਿਗੁਰੂ

ਸੋ ਥਾਨ ਸੁਹਾਵਾ ਰਾਮ ਰਾਜੇ।

ਜਿਸ ਥਾਂ ਨਾਲ਼ ਕਿਸੇ ਦੈਵੀ ਵਿਅਕਤੀ ਦਾ ਸੰਬੰਧ ਕਦੇ ਵੀ ਰਿਹਾ ਹੈ, ਉਹ ਥਾਂ ਵੀ ਪਵਿੱਤਰ ਹੈ। ਲੋਕ ਧਰਮ ਵਿਚ ਕਰਮ ਕਾਂਡ ਤੇ ਅਨੁਸ਼ਠਾਨ ਪ੍ਰਚੱਲਿਤ ਹਨ, ਉਨ੍ਹਾਂ ਵਿਚੋਂ ਕੁਝ ਕੁ ਹੇਠ ਦਿਤੇ ਜਾਂਦੇ ਹਨ:

1. ਤੀਰਥ ਇਸ਼ਨਾਨ ਤੇ ਯਾਤਰਾ।

2. ਚਰਨ ਧੂੜੀ ਮੱਥੇ ਲਗਾਉਣੀ, ਭਬੂਤੀ, ਧੂਣੀ ਦੀ ਸਵਾਹ।

3. ਅੰਮ੍ਰਿਤ ਜਲ (ਗੰਗਾ ਜਲ) ।

4. ਮਾਲਾ ਫੇਰਨਾ (ਨਾਮ ਦਾ ਜਾਪ) ।

5. ਵਰਤ।

6. ਦਾਨ ਪੁੰਨ, ਸਰਾਧ। ਪ੍ਰਸ਼ਾਦਿ ਚੜ੍ਹਾਉਣਾ, ਪਹਿਲੇ ਦੁੱਧ ਦੀਆਂ ਧਾਰਾਂ, ਫਸਲ ਦੀ ਵਾਢੀ ਵੇਲ਼ੇ ਕੁਝ ਜ਼ਮੀਨ ਛੱਡਣੀ।

7. ਬਲੀ ਦੇਣੀ।

8. ਕਥਾ ਮਹਾਤਮ।

9. ਸਾਧਾਂ ਸੰਤਾਂ ਦੀ ਪੂਜਾ ਅਰਚਨਾ।

10. ਸਮਾਧ/ਕਬਰਾਂ ਦੀ ਪੂਜਾ/ਸਤੀਆਂ ਦੀ ਪੂਜਾ।

11. ਮਿੱਟੀ ਕੱਢਣੀ।

12. ਟੋਟਮ ਪੂਜਾ।

13. ਕੀਰਤਨ, ਮੰਤਰ ਜਾਪ, ਸਾਧ ਸੰਗਤ, ਨਾਮ ਦਾ ਜਾਪ ਤੇ ਸੰਗੀਤ ( ਸ਼ਬਦ ਦਾ ਮਹੱਤਵ )।

**ਲੋਕ-ਧਰਮ ਤੇ ਪੂਜਾ-ਵਿਧੀਆਂ:**

ਲੋਕ-ਧਰਮ ਦੀਆਂ ਪੂਜਾ-ਵਿਧੀਆਂ ਬਹੁਤ ਸਰਲ ਹਨ। ਲੋਕ ਧਰਮ ਦੀ ਪੂਜਾ-ਵਿਧੀ ਦਾ ਸ਼ਾਸਤਰੀ ਧਰਮ ਦੀ ਪੂਜਾ-ਵਿਧੀ ਨਾਲ਼ੋਂ ਕਾਫ਼ੀ ਅੰਤਰ ਹੈ। ਭਾਵੇਂ ਲੋਕ ਧਰਮ ਦੀਆਂ ਵਿਧੀਆਂ ਸ਼ਾਸਤਰੀ ਧਰਮ ਨੇ ਵੀ ਅਪਣਾ ਲਈਆਂ ਹਨ। ਲੋਕ-ਧਰਮ ਵਿਚ ਜੋ ਵੀ ਪੂਜਾ-ਵਿਧੀਆਂ ਪ੍ਰਚੱਲਿਤ ਹਨ, ਉਨ੍ਹਾਂ ਵਿਚੋਂ ਸਭ ਤੋਂ ਪ੍ਰਥਮ ਸਥਾਨ 'ਪ੍ਰਾਰਥਨਾ' ਦਾ ਹੈ। ਇਸ ਪ੍ਰਾਰਥਨਾ ਦਾ ਕੋਈ ਬੱਝਵਾਂ ਰੂਪ ਨਹੀਂ। ਬਸ ਅੰਤਰ-ਧਿਆਨ ਹੋ ਕੇ ਇਸ਼ਟ ਨੂੰ ਅਰਾਧਣਾ ਤੇ ਫਿਰ ਆਪਣੀ ਮੰਗ ਦੀ ਪੂਰਤੀ ਲਈ ਸੁੱਖਣਾ ਸੁੱਖਣੀ। ਉਸ ਦੀ ਅਰਦਾਸ ਆਤਮ ਕਲਿਆਣ

ਲਈ ਨਹੀਂ ਹੁੰਦੀ, ਸਿਰਫ ਆਪਣੀ ਕਿਸੇ ਦੁਨਿਆਵੀ/ਪਦਾਰਥਕ ਲੋੜ ਦੀ ਪੂਰਤੀ ਲਈ ਹੁੰਦੀ ਹੈ ਜਾਂ ਰੋਗਾਂ ਤੋਂ ਮੁਕਤੀ ਲਈ। ਉਹ ਆਪਣੀ ਬਿਮਾਰੀ ਤੋਂ ਛੁਟਕਾਰੇ ਲਈ ਅਰਦਾਸ ਕਰਦਾ ਹੈ, ਕੋਈ ਸੁੱਖਣਾ ਸੁੱਖਦਾ ਹੈ।

ਉਹ ਕਿਸੇ ਇੱਕ ਇਸ਼ਟ ਨੂੰ ਨਹੀਂ ਪੂਜਦਾ। ਪਿੰਡ ਦੇ ਸਾਰੇ ਸਥਾਨਿਕ ਦਿਉਤੇ, ਸਤੀਆਂ, ਕਬਰਾਂ, ਖ਼ਾਨਗਾਹਾਂ, ਸਮਾਧਾਂ ਤੇ ਰੁੱਖ ਆਦਿ ਉਸ ਦੇ ਇਸ਼ਟ ਹਨ। ਭਾਵੇਂ ਉਹ ਕਿਸੇ ਹੋਰ ਸੰਪਰਦਾਇ ਨਾਲ਼ ਹੀ ਸੰਬੰਧ ਰੱਖਦੇ ਹੋਣ ਜਿਸ ਉਤੇ ਉਸਦਾ ਵਿਸ਼ਵਾਸ ਬੱਝ ਗਿਆ ਉਸ ਅੱਗੇ ਉਹ ਹਮੇਸ਼ਾ ਪ੍ਰਾਰਥਨਾ ਕਰਦਾ ਹੈ।

ਦੂਜਾ ਚੜ੍ਹਾਵਾ ਦੇਣਾ। ਇਸ਼ਟ ਨੂੰ ਚੜ੍ਹਾਵਾ ਚੜ੍ਹਾਉਣ ਦਾ ਰਿਵਾਜ਼ ਬੜਾ ਪੁਰਾਣਾ ਹੈ। ਇਸ ਦਾ ਮੁੱਢ ਕਿਵੇਂ ਤੇ ਕਦੋਂ ਬੱਝਿਆ, ਨਿਰਨੇ ਨਾਲ਼ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਪਹਿਲੇ ਸਮਿਆਂ ਵਿਚ ਕਬੀਲੇ ਦੇ ਸਰਦਾਰ ਜਾਂ ਵਡਿੱਕੇ ਨੂੰ ਭੇਟਾ ਚੜ੍ਹਾਉਣ ਦਾ ਰਿਵਾਜ਼ ਹੋਵੇ ਤੇ ਉਸਦੇ ਪ੍ਰਤਿਰੂਪ ਵਿਚ ਇਸ਼ਟ ਨੂੰ ਵੀ ਭੇਟਾ ਚੜ੍ਹਾਉਣ ਦੀ ਪ੍ਰਥਾ ਚਲ ਪਈ ਹੋਵੇ। ਫੁੱਲ ਭੇਟ ਕਰਨ ਦਾ ਰਿਵਾਜ਼ ਬਹੁਤ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ ਤੇ ਅੱਜ ਵੀ ਪ੍ਰਚੱਲਿਤ ਹੈ।

ਪੀਰਾਂ-ਫ਼ਕੀਰਾਂ ਦੀਆਂ ਕਬਰਾਂ ਜਾਂ ਖ਼ਾਨਗਾਹਾਂ ਉੱਤੇ ਚਿਰਾਗ ਬਾਲ ਕੇ ਧਰਨ ਦੀ ਪ੍ਰਥਾ ਮੱਧਕਾਲ ਤੋਂ ਚੱਲੀ ਆ ਰਹੀ ਹੈ। ਜੋਤ ਜਗਾਉਣ ਦਾ ਭਾਵ ਤਾਂ ਰੋਸ਼ਨੀ ਕਰਨਾ ਹੈ। ਇਸ ਤਰ੍ਹਾਂ ਹਨੇਰੇ ਦੀਆਂ ਤਾਕਤਾਂ ਦੂਰ ਰਹਿੰਦੀਆਂ ਹਨ। ਦੀਵਾ ਜਗਾਉਣ ਨਾਲ਼ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਮਿੱਟੀ ਕੱਢਣ ਦਾ ਰਿਵਾਜ਼ ਪੁਰਾਣਾ ਹੈ। ਮਿੱਟੀ ਕੱਢਣ ਦਾ ਮਹਾਤਮ ਮੰਨਿਆ ਗਿਆ ਹੈ। ਇਸ ਦੇ ਪਿੱਛੇ ਧਾਰਨਾ ਇਹ ਹੈ ਕਿ ਥੋੜ੍ਹੀ-ਥੋੜ੍ਹੀ ਮਿੱਟੀ ਕੱਢਣ ਨਾਲ਼ ਉਥੇ ਤਲਾਅ ਬਣ ਸਕਦਾ ਹੈ। ਧਾਰਮਿਕ ਥਾਵਾਂ ਦੇ ਨਾਲ਼ ਤਲਾਬਾਂ, ਸਰੋਵਰਾਂ ਤੇ ਛੱਪੜਾਂ ਨੂੰ ਬੜਾ ਮਹੱਤਵ ਪ੍ਰਾਪਤ ਰਿਹਾ ਹੈ। ਇਨ੍ਹਾਂ ਵਿਚ ਇਸ਼ਨਾਨ ਕਰਨ ਨਾਲ਼ ਦੁੱਖ-ਦਲਿੱਦਰ ਦੂਰ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਇਸ਼ਨਾਨ ਸਰੀਰਕ ਤੇ ਆਤਮਕ ਮੁੱਢ ਬਖਸ਼ਦਾ ਹੈ।

ਲੋਕ-ਧਰਮ ਵਿਚ ਸੁੱਖਾਂ ਸੁੱਖਣ ਦਾ ਬੜਾ ਰਿਵਾਜ਼ ਹੈ। ਜਿਸ ਪੀਰ-ਫ਼ਕੀਰ ਦੀ ਮਾਨਤਾ ਹੁੰਦੀ ਹੈ, ਉਥੇ ਲੋਕ ਜਾ ਕੇ ਸੁੱਖਾਂ ਸੁੱਖਦੇ ਹਨ। ਵੈਸੇ ਤਾਂ ਪੀਰਾਂ-ਫ਼ਕੀਰਾਂ ਅੱਗੇ ਹਰ ਤਰ੍ਹਾਂ ਦੀਆਂ ਸੁੱਖਾਂ ਸੁੱਖੀਆਂ ਜਾਂਦੀਆਂ ਹਨ, ਪਰ ਕੁਝ ਸਥਾਨ ਇਕ ਖ਼ਾਸ ਤਰ੍ਹਾਂ ਦੀ ਸੁੱਖ ਲਈ ਪ੍ਰਸਿੱਧ ਹਨ। ਜਿਵੇਂ ਕੋਈ ਅਸਥਾਨ ਪੀਰ ਦੀ ਦਾਤ ਲਈ, ਕੋਈ ਸਰੀਰਕ ਰੋਗਾਂ ਤੋਂ ਮੁਕਤ ਹੋਣ ਲਈ ਤੇ ਕੋਈ ਮਾਨਸਿਕ ਰੋਗਾਂ ਤੋਂ ਮੁਕਤ ਹੋਣ ਲਈ। ਚੜ੍ਹਾਵੇ ਵੀ ਵੱਖੋ-ਵੱਖਰੇ ਸਥਾਨਾਂ ਲਈ ਵੱਖੋ-ਵੱਖਰੇ ਹਨ। ਜਿਵੇਂ ਸਤੀ ਦੇ ਸਥਾਨ ਉੱਤੇ ਨਵੇਂ ਲਵੇਰੇ ਦੀਆਂ ਪਹਿਲੀਆਂ ਦੁੱਧ ਦੀਆਂ ਦਸ ਧਾਰਾਂ ਭੇਟ ਕਰਨੀਆਂ। ਹੈਦਰ ਸ਼ੇਖ ਦੀ ਸੁੱਖ ਪੂਰੀ ਕਰਨ ਲਈ ਮਿੱਠੇ ਰੋਟ ਭੇਟ ਕਰਨੇ। ਇਕ ਤਾਂ ਇਹ ਰੋਟ ਬੜਾ ਵਜ਼ਨੀ ਹੁੰਦਾ ਹੈ ਅਤੇ ਜਿਤਨਾ ਸੁੱਖਿਆ ਜਾਵੇ ਉਤਨਾ ਇੱਕੋ ਵਾਰ ਪਕਾਇਆ ਜਾਂਦਾ ਹੈ ਤੇ ਉਹ ਵੀ ਧਰਤੀ ਨੂੰ ਤਪਾ ਕੇ। ਇਸੇ ਤਰ੍ਹਾਂ ਫਸਲ ਦੀ ਵਾਢੀ ਵੇਲ਼ੇ ਫਸਲ ਦੀ ਕੋਈ ਨੁੱਕਰ ਨਹੀਂ ਵੱਢੀ ਜਾਂਦੀ ਤੇ ਬਾਅਦ ਵਿਚ ਇਹ ਪੁੰਨ-ਦਾਨ ਵਿਚ ਦੇ ਦਿੱਤੀ ਜਾਂਦੀ ਹੈ।

ਚੌਂਕੀਆਂ ਭਰਨਾ ਇਕ ਹੋਰ ਵਿਧੀ ਹੈ ਜੋ ਮੁਲਤਾਨੀਆਂ ਵਿਚ ਕਾਫ਼ੀ ਪ੍ਰਚੱਲਿਤ ਰਹੀ ਹੈ। ਜਦੋਂ ਮੁਲਤਾਨੀਆਂ ਦੇ ਸੰਗ ਤੀਰਥ ਯਾਤਰਾ ਲਈ ਜਾਂਦੇ ਹਨ ਤਾਂ ਜਿੱਥੇ ਕਿਧਰੇ ਰਾਤ ਪੈਂਦੀ ਹੈ ਤਾਂ ਉੱਥੇ ਰਾਤ ਵੇਲ਼ੇ ਚੌਂਕੀ ਭਰੀ ਜਾਂਦੀ ਹੈ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਵੀ ਆ ਪਹੁੰਚਦੇ ਹਨ ਤੇ ਸਾਰੀ ਰਾਤ ਕੀਰਤਨ ਹੁੰਦਾ ਹੈ।

ਜਗਰਾਤੇ ਇਕ ਹੋਰ ਵਿਧੀ ਹੈ। ਸਾਰੀ ਰਾਤ ਜਾਗਦੇ ਰਹਿਣਾ ਤੇ ਭਜਨ ਬੰਦਗੀ ਤੇ ਕੀਰਤਨ ਵਿਚ ਰੁੱਝੇ ਰਹਿਣਾ। ਦੇਵੀ ਦੇ ਭਗਤਾਂ ਵਿਚ ਜਗਰਾਤੇ ਦਾ ਆਮ ਰਿਵਾਜ਼ ਹੈ। ਸਿੱਖਾਂ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਲਗਾਤਾਰ ਦੋ ਰਾਤਾਂ ਚਲਦਾ ਹੈ।

ਆਪਣੇ ਇਸ਼ਟ ਦੀ ਆਰਤੀ ਉਤਾਰਨ ਦੀ ਪ੍ਰਥਾ ਵੀ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ। ਥਾਲ ਵਿਚ ਜੋਤਾਂ ਜਗਾ ਕੇ ਤੇ ਧੂਪ ਅਤੇ ਦੀਵੇ ਦੁਆਰਾ ਉਸ ਦੀ ਆਰਤੀ ਉਤਾਰਨੀ। ਕਈ ਸੰਪਰਦਾਵਾਂ ਵਿਚ ਫੁੱਲਾਂ ਦੀ ਵਰਖਾ ਨਾਲ਼ ਆਰਤੀ ਉਤਾਰੀ ਜਾਂਦੀ ਹੈ।

ਲੋਕ-ਧਰਮ ਵਿਚ ਬਲੀ ਦੀ ਵੀ ਮਹੱਤਤਾ ਮੰਨੀ ਗਈ ਹੈ:- ਜੀਆਂ ਦਾ ਦਾਨ। ਕੁਝ ਦੇਵਤੇ ਸ਼ਿਵ ਤੇ ਉਸ ਨਾਲ਼ ਸੰਬੰਧਿਤ ਛੋਟੇ ਦਿਉਤੇ ਭੈਰੋ ਆਦਿ ਜੀਆਂ ਦੀ ਬਲੀ ਨਾਲ਼ ਜਿਆਦਾ ਪ੍ਰਸੰਨ ਹੁੰਦੇ ਹਨ। ਇਸ ਲਈ ਉਨ੍ਹਾਂ ਨਮਿਤ ਜਾਂ ਉਨ੍ਹਾਂ ਨੂੰ ਪਤਿਆਉਣ ਲਈ ਬਲੀ ਦਿੱਤੀ ਜਾਂਦੀ ਹੈ। ਲੋਕ-ਗੀਤਾਂ ਵਿਚ ਵੀ ਅਜਿਹੀਆਂ ਬਲੀਆਂ ਵੱਲ ਸੰਕੇਤ ਹੈ:

ਹੁਜਰੇ ਸ਼ਾਹ ਮੁਕੀਮ ਦੇ, ਇਕ ਜੱਟੀ ਅਰਜ਼ ਕਰੇ।

ਮੈਂ ਬੱਕਰਾ ਦੇਨੀ ਆਂ ਪੀਰ ਦਾ, ਮੇਰੇ ਸਿਰ ਦਾ ਸਾਈਂ ਮਰੇ।

ਆਮ ਤੌਰ 'ਤੇ ਬੱਕਰੇ ਜਾਂ ਭੇਡ ਦੀ ਬਲੀ ਦਿੱਤੀ ਜਾਂਦੀ ਹੈ। ਵੈਦਿਕ ਕਾਲ ਵਿਚ ਅਸ਼ਵਮੇਧ ਯੱਗ ਵੇਲ਼ੇ ਘੋੜੇ ਦੀ ਬਲੀ ਦਿੱਤੀ ਜਾਂਦੀ ਸੀ। ਖੂਹ ਖੋਦਣ ਵੇਲ਼ੇ ਕਿਸੇ ਜ਼ਮਾਨੇ ਵਿੱਚ ਮਨੁੱਖ ਦੀ ਬਲੀ ਦੇਣ ਦਾ ਰਿਵਾਜ਼ ਸੀ, ਮਗਰੋਂ 'ਮਾਨਵ ਬਲੀ' ਦੀ ਥਾਂ ਨਾਰੀਅਲ ਨੇ ਲੈ ਲਈ। ਨਾਰੀਅਲ ਮਨੁੱਖੀ ਖੋਪਰੀ ਦੀ ਸ਼ਕਲ ਦਾ ਹੋਣ ਕਰਕੇ ਵਧੇਰੇ ਪ੍ਰਚੱਲਿਤ ਹੋਇਆ। ਇਸੇ ਤਰ੍ਹਾਂ ਪੱਛਮੀ ਪੰਜਾਬ ਖ਼ਾਸ ਤੌਰ 'ਤੇ ਮੁਲਤਾਨ ਵਿਚ ਜਿਹੜੇ ਹਿੰਦੂ ਸ਼ਾਕਾਹਾਰੀ ਸਨ, ਉਹ ਬੱਚੇ ਦੇ ਮੁੰਡਨ ਵੇਲ਼ੇ ਬੱਕਰੇ ਦੀ ਬਲੀ ਦਿੰਦੇ ਸਨ।

ਜਵਾਲਾਮੁਖੀ ਦੀ ਯਾਤਰਾ ਕਰਨ ਵਾਲ਼ੇ ਦੇਵੀ ਭਗਤ ਕਈ ਵਾਰ ਆਪਣੀ ਜੀਭ ਦੀ ਬਲੀ ਦਿਆ ਕਰਦੇ ਹਨ। ਦੇਵੀ ਨੂੰ ਚੜ੍ਹਾਉਣ ਲਈ ਕੱਟੀ ਗਈ ਜੀਭ ਕੁਝ ਹੀ ਦਿਨਾਂ ਵਿਚ ਮੁੜ ਨਵੀਂ-ਨਰੋਈ ਹੋ ਜਾਂਦੀ। ਹੜ੍ਹ ਦੀ ਤਬਾਹੀ ਨੂੰ ਰੋਕਣ ਲਈ ਬਲਦ ਦੀ ਬਲੀ ਜਲ ਦਿਉਤੇ (ਖ਼ਵਾਜਾ ਖਿਜ਼ਰ) ਨੂੰ ਦੇਣ ਦੀ ਪਰੰਪਰਾ ਵੀ ਹੈ।

ਮਾਲਾ ਤੇ ਤਸਬੀਹ ਫੇਰਨ ਦੀ ਵਿਧੀ ਵੀ ਲੋਕ-ਧਰਮ ਦਾ ਹੀ ਅੰਗ ਹੈ। ਬਾਰ-ਬਾਰ ਕਿਸੇ ਗੁਰੂ, ਪੀਰ ਜਾਂ ਦਿਉਤੇ/ਇਸ਼ਟ ਦੇ ਨਾਂ ਦਾ ਜਾਪ ਕਰਨਾ। ਇਹ ਨਾਮ ਤੋਂ ਨਾਮੀ ਵੱਲ ਦੀ ਯਾਤਰਾ ਟੂਣਾ ਚਿੰਤਨ ਦੇ ਅਧੀਨ ਆਉਂਦੀ ਹੈ। ਜਿਸ ਦਾ ਨਾਉਂ ਜਪਿਆ ਜਾਵੇ, ਉਹ ਭਗਤ ਦੇ ਵੱਸ ਵਿਚ ਆ ਜਾਂਦਾ ਹੈ।

ਵਰਤ ਰੱਖਣਾ ਇਕ ਹੋਰ ਵਿਧੀ ਹੈ ਜਿਸ ਦੁਆਰਾ ਆਪਣੇ ਇਸ਼ਟ ਨੂੰ ਪਤਿਆਇਆ ਜਾਂਦਾ ਹੈ। ਹਿੰਦੂ ਧਰਮ ਵਿਚ ਤਾਂ ਵਰਤਾਂ ਦਾ ਬੜਾ ਮਹਾਤਮ ਮੰਨਿਆ ਗਿਆ ਹੈ। ਕੁਝ ਵਰਤ ਚੰਦਰਮਾ ਨਾਲ਼ ਸੰਬੰਧਿਤ ਹਨ ਜਿਵੇਂ ਇਕਾਦਸ਼ੀ, ਮੱਸਿਆ ਤੇ ਪੂਰਨਮਾਸ਼ੀ ਦੇ। ਵਰਤ ਬੇਸ਼ੁਮਾਰ ਹਨ ਤੇ ਇਨ੍ਹਾਂ ਸਭਨਾਂ ਦੀਆਂ ਆਪੋ-ਆਪਣੀਆਂ ਅਲੱਗ ਵਿਧੀਆਂ ਤੇ ਮਹਾਤਮ ਹਨ। ਹਰ ਵਰਤ ਨਾਲ਼ ਕੋਈ ਨਾ ਕੋਈ ਕਥਾ ਜੁੜੀ ਹੁੰਦੀ ਹੈ ਜਿਸ ਦਾ ਵਰਤ ਨਾਲ਼ ਸੰਬੰਧ ਹੈ ਤੇ ਜਿਸ ਦਾ ਕੋਈ ਨਾ ਕੋਈ ਮਹਾਤਮ ਹੈ।

**ਗੋਤਾਂ ਦਾ ਪੂਜਾ ਵਿਧੀ-ਵਿਧਾਨ:** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਵੱਖ-ਵੱਖ ਗੋਤਾਂ ਦੇ ਲੋਕਾਂ ਨਾਲ਼ ਜਦ ਉਹਨਾਂ ਦੇ ਜਠੇਰਾ ਪੂਜਾ ਵਿਧੀ-ਵਿਧਾਨ ਸੰਬੰਧੀ ਜਾਣਕਾਰੀ ਹਾਸਿਲ ਕਰਨ ਹਿੱਤ ਗੱਲਬਾਤ ਕੀਤੀ ਗਈ ਤਾਂ ਉਹਨਾਂ ਲੋਕਾਂ ਦੁਆਰਾ ਜਠੇਰਾ-ਪੂਜਾ ਸਮੇਂ ਆਪਣੇ-ਆਪਣੇ ਜਠੇਰੇ ਨੂੰ ਪੂਜਣ ਲਈ ਕੀਤੀਆਂ ਜਾਣ ਵਾਲ਼ੀਆਂ ਹੇਠ ਲਿਖੀਆਂ ਪੂਜਾ-ਵਿਧੀਆਂ ਸਾਹਮਣੇ ਆਈਆਂ:-

**1. ਉਗਰਾਹਾ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿਚਲੇ ਉਗਰਾਹਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**2. ਉੱਪਲ –** ਡਾ. ਰਾਏਜਸਬੀਰ ਸਿੰਘ ਉੱਪਲ ਗੋਤ ਦੇ ਜਠੇਰਿਆਂ ਦੇ ਪੂਜਾ-ਵਿਧਾਨ ਦੀਆਂ ਵਿਧੀਆਂ ਉੱਪਰ ਚਾਨਣਾ ਪਾਉਂਦੇ ਹੋਏ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਅਤੇ ਲੋਕਧਾਰਾ* ਵਿੱਚ ਲਿਖਦੇ ਹਨ, "ਲੁਧਿਆਣੇ ਵਿਚ ਉਪਲ ਵਿਆਹਾਂ ਸਮੇਂ ਜੰਡੀਆਂ ਕੱਟਦੇ ਤੇ ਛਟੀਆਂ ਖੇਡਦੇ ਹਨ। ਇਹ 'ਮੱਦਾ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ ਅਤੇ ਸਵਾ ਪੰਸੇਰੀ ਆਟੇ ਦੀ ਰੋਟੀ ਤੇ ਚੌਲ ਵੰਡਦੇ ਹਨ ਅਤੇ ਬ੍ਰਾਹਮਣਾਂ ਨੂੰ ਪੂਜਦੇ ਹਨ।" (62)

ਖੇਤਰੀ ਖੋਜ-ਸਮੱਗਰੀ ਇਕੱਤਰ ਕਰਨ ਹਿੱਤ ਜਦੋਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਦਾ ਸਰਵੇਖਣ ਕੀਤਾ ਗਿਆ ਤਾਂ ਇਹ ਪਤਾ ਲੱਗਾ ਕਿ ਪਿੰਡ ਕੋਠਾ ਗੁਰੂ ਕਾ ਦੇ ਉੱਪਲ ਗੋਤ ਨਾਲ਼ ਸੰਬੰਧਿਤ ਖੱਤਰੀ ਬਰਾਦਰੀ ਦੇ ਲੋਕ ਆਪਣੇ ਪਿੰਡ ਦੇ ਖੇਤਾਂ ਵਿੱਚ ਹੀ ਬਣੀ ਅਗਿਆਤ ਜਠੇਰੇ ਜਾਂ ਵੱਡੇ-ਵਡੇਰੇ ਦੀ ਮਟੀ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ ਅਤੇ ਖੁਸ਼ੀ ਮੌਕੇ ਪੰਜ ਕਾਪੜੀ ਚੜ੍ਹਾਵੇ ਵਜੋਂ ਦਿੰਦੇ ਹਨ।

**3. ਉਪਵੇਜਾ –** ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਦੇ ਉਪਵੇਜਾ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਹ ਲੋਕ ਅਗਿਆਤ ਜਠੇਰੇ, ਜਿਸ ਨੂੰ ਉਹ 'ਜੰਡ

ਵਾਲ਼ਾ ਬਾਬਾ’ ਕਹਿੰਦੇ ਹਨ ਉਸਦੀ ਅਰਾਧਨਾ ਕਰਦੇ ਹਨ ਜਿਸ ਦੀ ਜਗ੍ਹਾ ਬਠਿੰਡਾ ਵਿਖੇ ਬਣੀ ਹੋਈ ਹੈ। ਦਾਦੇ-ਪੜਦਾਦੇ ਤੋਂ ਚਲੀ ਆ ਰਹੀ ਇਸ ਜਠੇਰਾ-ਪੂਜਾ ਦੇ ਚੜ੍ਹਾਵੇ ਸੰਬੰਧੀ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ‘ਬੀਬੜੀਆਂ’ ਦੇ ਮੇਲੇ ‘ਤੇ ਜਾ ਕੇ ਘੋੜਾ ਚੜ੍ਹਾਉਂਦੇ, ਮੱਥਾ ਟੇਕਦੇ ਅਤੇ ਪਾਣੀ ਵਾਲ਼ੇ ਟੋਭੇ ਉੱਤੇ ਬੀਬੜੀਆਂ ਦੇ ਨਾਂ ਦੀ ਮਿੱਟੀ ਕੱਢਦੇ ਹਨ।

**4. ਅੱਜੀ –** ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਦੇ ਇਸ ਗੋਤ ਨਾਲ਼ ਸੰਬੰਧਿਤ ਮਿਸਤਰੀ ਜਾਤੀ ਦੇ ਲੋਕਾਂ ਨਾਲ਼ ਜਦ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹ ‘ਬਾਬਾ ਵਿਸ਼ਵਕਰਮਾ’ ਦੀ ਪੂਜਾ ਕਰਦੇ ਹਨ ਅਤੇ ਨਾਲ਼ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵੀ ਸ਼ਰਧਾ ਰੱਖਦੇ ਹਨ।

**5. ਅਟਵਾਲ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸਿਰੀਏਵਾਲਾ ਵਿਖੇ ਪਾਏ ਗਏ ਗੋਤ ਅਟਵਾਲ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਪਿੰਡ ਸਿਰੀਏਵਾਲਾ ਦੇ ਕੁਝ ਅਟਵਾਲ ਆਪਣੇ ਜਠੇਰੇ ‘ਬਾਬਾ ਵੱਸਣ ਸਿੰਘ’ ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਪਿੰਡ ਵਿੱਚ ਹੀ ਬਣੀ ਹੋਈ ਹੈ। ਇਸ ਸਥਾਨ ‘ਤੇ ਉਹ ਦੁੱਧ ਅਤੇ ਦੇਗ ਚੜ੍ਹਾਉਂਦੇ ਹਨ। ਕੁਝ ਅਟਵਾਲ ‘ਬਾਬਾ ਜੀਵਨ ਸਿੰਘ’ ਨੂੰ ਜਠੇਰੇ ਵਜੋਂ ਮੰਨਦੇ ਹਨ ਜਦ ਕਿ ਬਾਕੀ ਦੇ ਅਟਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**6. ਆਦੀਵਾਲ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਢੇਲਵਾਂ, ਹਾਕਮ ਸਿੰਘ ਵਾਲਾ ਅਤੇ ਹਰਰਾਏਪੁਰ ਵਿੱਚ ਪਾਏ ਗਏ ਮਜ਼੍ਹਬੀ ਸਿੱਖ ਬਰਾਦਰੀ ਦੇ ਲੋਕਾਂ ਵਿੱਚੋਂ ਪਿੰਡ ਹਰਰਾਏਪੁਰ ਦੇ ਕੁਝ ਆਦੀਵਾਲ ‘ਬਾਬਾ ਬਾਲਮੀਕ’ ਨੂੰ ਆਪਣੇ ਵੱਡੇ-ਵਡੇਰੇ ਵਜੋਂ ਮੰਨਦੇ ਹਨ। ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਪਿੰਡ ਵਿੱਚ ਹੀ ਘਰ ਦੇ ਕੋਲ਼ ਸਮਾਧ ਬਣੀ ਹੋਈ ਹੈ ਜਿੱਥੇ ਜਾ ਕੇ ਉਹ ਚੂਰਮਾ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ। ਹੋਰ ਜਾਣਕਾਰੀ ਦਿੰਦਿਆਂ ਉਹਨਾਂ ਨੇ ਦੱਸਿਆ ਕਿ ਬੱਚੇ ਦੇ (ਮੁੰਡੇ ਦੇ) ਜਨਮ ‘ਤੇ ਉਹ ਬਾਬਾ ਬਾਲਮੀਕ ਜੀ ਦਾ ਨਾਮ ਲੈ ਕੇ ਨਿੰਮ ਬੰਨ੍ਹਦੇ ਅਤੇ ਲੋਹੜੀ ਆਦਿ ਤਿਉਹਾਰ ਮੌਕੇ ਰਮਾਇਣ ਦਾ ਪਾਠ ਕਰਾਉਂਦੇ ਹਨ। ਇਸ ਤੋਂ ਇਲਾਵਾ ਅਗਲੇ ਪਿੰਡਾਂ ਢੇਲਵਾਂ ਅਤੇ ਹਰਰਾਏਪੁਰ ਦੇ ਆਦੀਵਾਲ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**7. ਅਰੋੜਾ –** ਖੋਜ-ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਤਾ ਭਾਈ, ਮਲੂਕਾ, ਕੋਠਾ ਗੁਰੂ ਕਾ, ਹਰਰੰਗਪੁਰਾ (ਗੋਬਿੰਦਪੁਰਾ) ਦਾ ਸਰਵੇ ਕਰਦਿਆਂ ਇਸ ਗੋਤ ਨਾਲ ਸੰਬੰਧਿਤ ਲੋਕਾਂ ਨਾਲ਼ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹ ਕਿਸੇ ਵੀ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**8. ਔਲਖ –** ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਲੂਕਾ, ਜੰਡਾਂਵਾਲਾ, ਖੇਮੂਆਣਾ, ਹਰਰੰਗਪੁਰਾ ਜਾਂ ਗੋਬਿੰਦਪੁਰਾ (ਪਰਜਾਪਤ ਜਾਤੀ ਨਾਲ਼ ਸੰਬੰਧਿਤ ਔਲਖ), ਰਾਜਗੜ੍ਹ, ਦਿਆਲਪੁਰਾ, ਭਾਈ ਰੂਪਾ ਅਤੇ ਕੋਠਾ ਗੁਰੂ ਕਾ ਵਿੱਚ ਉਲੀਕੇ ਗਏ ਇਸ ਗੋਤ ਦੇ ਲੋਕਾਂ ਵਿੱਚੋਂ ਪਿੰਡ ਮਲੂਕਾ ਦੇ ਔਲਖ ਗੋਤ ਦੇ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**9. ਸੋਹੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਘੁਮਿਆਰ (ਪਰਜਾਪਤ) ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਇਸ ਗੋਤ ਦੇ ਲੋਕਾਂ ਨੇ ਦੱਸਿਆ ਕਿ ਅਸੀਂ 'ਬਾਬਾ ਸ਼ਹੀਦ' ਨੂੰ ਮੰਨਦੇ ਹਾਂ ਜਿਸ ਦੀ ਮਟੀ (ਮਾੜੀ) ਖੇਤ ਵਿੱਚ ਹੀ ਬਣੀ ਹੋਈ ਹੈ। ਚੜ੍ਹਾਵੇ ਸੰਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਨੇ ਦੱਸਿਆ ਕਿ ਉਹ ਬਾਬਾ ਸ਼ਹੀਦ ਦੇ ਨਾਂ ਦੀ 'ਪੰਜ ਕਾਪੜੀ' ਦਿੰਦੇ ਹਨ। ਡਾ. ਰਾਏਜਸਬੀਰ ਸਿੰਘ ਸੋਹੀ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਸੋਹੀ ਗੋਤ ਦੇ ਜਠੇਰਾ ਪੂਜਾ-ਵਿਧਾਨ ਬਾਰੇ ਲਿਖਦੇ ਹਨ, "ਵਿਆਹਾਂ ਸਮੇਂ ਜੰਡੀ ਕੱਟੀ ਜਾਂਦੀ ਹੈ ਤੇ ਲਾੜਾ-ਲਾੜੀ ਛਟੀਆਂ ਖੇਡਦੇ ਹਨ। ਦਸ ਸੇਰ ਆਟੇ ਦੀਆਂ ਰੋਟੀਆਂ ਬਾਲਕਾਂ ਵਿੱਚ ਵੰਡੀਆਂ ਜਾਂਦੀਆਂ ਹਨ ਅਤੇ ਬ੍ਰਾਹਮਣ ਨੂੰ ਪੰਜ ਗਜ ਕੱਪੜਾ ਦਿੱਤਾ ਜਾਂਦਾ ਹੈ। ਤਾਇਆ ਕੈਂਚੀ ਨਾਲ਼ ਕੁਝ ਵਾਲ਼ ਕੱਟਦਾ ਹੈ। ਘਰ ਵਾਪਿਸ ਆ ਕੇ ਕੰਗਣਾ ਖੇਡਦੇ ਹਨ।" (77)

**10. ਸਹੋਤਾ –** ਖੇਤਰੀ ਸਰਵੇਖਣ ਕਰਦਿਆਂ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਖੇਮੂਆਣਾ, ਢੇਲਵਾਂ, ਹਾਕਮ ਸਿੰਘ ਵਾਲਾ, ਆਕਲੀਆ ਵਿੱਚ ਪਾਏ ਗਏ ਮਜ਼੍ਹਬੀ ਸਿੱਖ ਜਾਤੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਕਹਿਣ ਮੁਤਾਬਿਕ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਨੂੰ ਮੰਨਦੇ ਸਨ, ਪਰ ਹੁਣ ਗੁਰਮਤਿ ਦੇ ਪ੍ਰਭਾਵ ਅਧੀਨ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**11. ਸੇਖੋਂ –** ਇਹ ਗੋਤ ਜੱਟ ਸਿੱਖਾਂ ਦਾ ਗੋਤ ਹੈ ਅਤੇ ਇਹ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੋਡੀਪੁਰਾ ਅਤੇ ਜੀਦਾ ਵਿਖੇ ਪਾਇਆ ਗਿਆ। ਜੱਟ ਸਿੱਖਾਂ ਦੇ ਇਸ ਗੋਤ ਦੇ ਲੋਕਾਂ ਦੇ ਕਹਿਣ ਮੁਤਾਬਿਕ ਪਹਿਲਾਂ ਉਹ ਆਪਣੇ ਜਠੇਰੇ ਨੂੰ ਮੰਨਦੇ ਸਨ, ਪਰ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**12. ਸੱਗੂ –** ਇਸ ਗੋਤ ਨਾਲ਼ ਸੰਬੰਧਿਤ ਲੋਕ ਜ਼ਿਲ੍ਹਾ ਬਠਿੰਡਾ ਦੇ ਪਿੰਡ ਹਮੀਰਗੜ੍ਹ ਵਿੱਚ ਵਸਦੇ ਹਨ ਜੋ ਕਿ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**13. ਸਿੰਗਲਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਤਾ ਲੱਗਿਆ ਕਿ ਪਿੰਡ ਜਲਾਲ ਦੇ ਸਿੰਗਲਾ ਗੋਤ ਨਾਲ਼ ਸੰਬੰਧਿਤ ਲੋਕ 'ਦੇਵੀ ਮਾਤਾ' ਦੀ ਪੂਜਾ ਕਰਦੇ ਹਨ ਜਦ ਕਿ ਜੀਦਾ ਪਿੰਡ ਦੇ ਸਿੰਗਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**14. ਸੌਂਚ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਗੰਗਾ ਵਿਖੇ ਪਾਏ ਗਏ ਜੱਟ ਸਿੱਖ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਤੋਂ ਜਦ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹ ਕਿਸੇ ਵੱਡੇ-ਵਡੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**15. ਸੋਢੀ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਸੋਢੀ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ

ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਕਿਉਂ ਕਿ ਉਹਨਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਦਾ ਪਿਛੋਕੜ ਸਿੱਖ ਗੁਰੂ ਸਾਹਿਬਾਨ ਨਾਲ਼ ਮਿਲਦਾ ਹੈ।

**16. ਸੈਣੀ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਸੈਣੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ ਅਤੇ ਚੌਦੇਂ-ਮੱਸਿਆ ਨੂੰ ਰੋਟੀ ਖਵਾਉਂਦੇ ਤੇ ਖੁਸ਼ੀ ਮੌਕੇ ਚਿੱਟੇ ਰੰਗ ਦੀ ਪੰਜ ਕਾਪੜੀ ਦਿੰਦੇ ਹਨ।

**17. ਸੂਤਧਾਰ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਸਲਾਬਤਪੁਰਾ ਵਿੱਚ ਪਾਏ ਗਏ ਗੋਤ ਸੂਤਧਾਰ ਗੋਤ ਨਾਲ਼ ਸੰਬੰਧਿਤ ਲੋਕ ਡੇਰਾ ਸੱਚਾ ਸੌਦਾ ਸਿਰਸਾ ਦੇ ਅਨੁਯਾਈ ਹਨ।

**18. ਸਿੱਧੂ –** ਖੇਤਰੀ ਸਰਵੇਖਣ ਦੌਰਾਨ ਸਿੱਧੂ ਗੋਤ ਨਾਲ਼ ਸੰਬੰਧਿਤ ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਢੇਲਵਾਂ, ਭੋਡੀਪੁਰਾ, ਭਗਤਾ ਭਾਈ ਅਤੇ ਬੁਰਜ ਥਰੋੜ ਦੇ ਲੋਕਾਂ ਤੋਂ ਜਦ ਉਹਨਾਂ ਦੇ ਜਠੇਰੇ ਬਾਰੇ ਪੁੱਛਿਆ ਤਾਂ ਪਤਾ ਲੱਗਿਆ ਕਿ ਉਹ ਕਿਸੇ ਵੀ ਵੱਡੇ-ਵਡੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਿੱਚ ਹੀ ਵਿਸ਼ਵਾਸ ਰੱਖਦੇ ਹਨ। ਜਦ ਕਿ ਇਸ ਦੇ ਉਲਟ ਜਲਾਲ ਪਿੰਡ ਦੇ ਸਿੱਧੂ ਜੱਟ ਸਿੱਖ ਪਿੰਡ ਵਿੱਚ ਹੀ ਬਣੀ 'ਮਾਈ ਸੈਰੋਂ' ਦੀ ਸਮਾਧ' 'ਤੇ ਜਾ ਕੇ ਪੂਜਾ ਦੇ ਰੂਪ ਵਿੱਚ ਕੱਚੀ ਲੱਸੀ, ਕਣਕ ਦਾ ਚੋਗਾ, ਦੇਗ ਪ੍ਰਸ਼ਾਦ, ਅੱਗ ਤੇ ਧੂਫ਼ ਦਿੰਦੇ ਹਨ। ਉਹ ਇਹ ਪੂਜਾ ਦੀਵਾਲੀ ਅਤੇ ਮੱਸਿਆ ਮੌਕੇ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦੇ ਪਸ਼ੂ ਧਨ ਉੱਪਰ ਜਹਿਮਤ (ਬਿਮਾਰੀ) ਆਉਂਦੀ ਹੈ। ਮਾਈ ਸੈਰੋਂ ਇਸ ਪੂਜਾ ਦੇ ਇਵਜ਼ ਵਿੱਚ ਉਹਨਾਂ ਨੂੰ ਬਰਕਤਾਂ ਦਿੰਦੀ ਹੈ। ਇਸ ਤੋਂ ਇਲਾਵਾ ਪਿੰਡ ਭਗਤਾ ਭਾਈ ਦੇ ਸਿੱਧੂ ਗੋਤ ਦੇ ਲੋਕ ਪਿੰਡ ਚੰਦਭਾਨ ਵਿਖੇ ਸਥਿਤ 'ਬਾਬਾ ਸ਼ਹੀਦ' ਦੀ ਜਗ੍ਹਾ 'ਤੇ ਜਾ ਕੇ ਚੇਤ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਦੇ, ਕੱਚੀ ਲੱਸੀ ਸਮਾਧ ਉੱਪਰ ਚੜ੍ਹਾਉਂਦੇ ਤੇ ਪਤਾਸਿਆਂ ਦਾ ਪ੍ਰਸ਼ਾਦ ਵੰਡਦੇ ਹਨ ਜਦ ਕਿ ਅੱਜ ਤੋਂ ਤਕਰੀਬਨ 20 ਵਰ੍ਹੇ ਪਹਿਲਾਂ ਇਸੇ ਪਿੰਡ ਦੇ ਕੁਝ ਸਿੱਧੂ ਗੋਤੀਏ 'ਗੁੱਗਾ ਬਾਸੜੀਆ' ਦੀ ਪੂਜਾ ਕਰਦੇ ਸਨ, ਪਰ ਹੁਣ ਨਹੀਂ। ਇਸ ਦੇ ਨਾਲ਼ ਹੀ ਮਲੂਕਾ ਪਿੰਡ ਦੇ ਸਿੱਧੂ ਪਿੰਡ ਮਹਿਰਾਜ ਵਿਖੇ ਆਪਣੇ ਪੁਰਖੇ ਦੇ ਨਾਂ ਦੀ ਮਿੱਟੀ ਕੱਢਣ ਜਾਂਦੇ ਹਨ।

ਪਿੰਡ ਗੋਬਿੰਦਪੁਰਾ ਅਤੇ ਹਾਕਮ ਸਿੰਘ ਵਾਲਾ ਦੇ ਸਿੱਧੂ ਆਪਣੇ ਪਿੰਡ ਵਿਖੇ ਖੇਤਾਂ ਵਿੱਚ ਹੀ ਬਣੀ ਮਟੀ 'ਤੇ ਦੀਵਾਲੀ ਦੇ ਤਿਉਹਾਰ ਮੌਕੇ ਜਾ ਕੇ ਪ੍ਰਸ਼ਾਦ ਅਤੇ ਖੀਰ ਚੜ੍ਹਾਉਂਦੇ ਅਤੇ ਪੂਜਾ ਕਰਕੇ ਮਿੱਟੀ ਕੱਢਦੇ ਹਨ। ਪਿੰਡ ਗੋਬਿੰਦਪੁਰਾ ਦੇ ਕੁਝ ਸਿੱਧੂ ਖੇਤਾਂ ਦੀ ਥਾਂ ਲੋਹੜੀ ਅਤੇ ਵਿਸਾਖੀ ਮੌਕੇ ਡੇਰਾ ਭਿਆਣਾ ਵਿਖੇ ਲੱਗਣ ਵਾਲ਼ੇ ਮੇਲੇ ਉੱਤੇ ਜਾ ਕੇ 'ਬਾਬਾ ਭਗਤੂ' ਦੀ ਜਗ੍ਹਾ 'ਤੇ ਮੱਥਾ ਟੇਕਦੇ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ।

**19. ਸਿੱਧੂ ਬਰਾੜ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਸਿਰੀਏਵਾਲਾ, ਜੰਡਾਂਵਾਲਾ, ਜੀਦਾ, ਖੇਮੂਆਣਾ, ਖਿਆਲੀਵਾਲਾ, ਹਰਰਾਏਪੁਰ, ਭੋਖੜਾ, ਮਲੂਕਾ, ਗੋਨੇਆਣਾ ਕਲਾਂ, ਗੋਨੇਆਣਾ ਖੁਰਦ,

ਗੁਰੂਸਰ, ਜਲਾਲ, ਦਿਆਲਪੁਰਾ, ਕਲਿਆਣ ਪਿੰਡਾਂ ਦਾ ਸਰਵੇ ਕੀਤਾ ਗਿਆ ਜਿਨ੍ਹਾਂ ਵਿੱਚ ਇਸ ਗੋਤ ਨਾਲ਼ ਸੰਬੰਧਿਤ ਜੱਟ ਸਿੱਖ ਬਰਾਦਰੀ ਦੇ ਲੋਕ ਵਸਦੇ ਹਨ। ਆਪਣੇ ਖੋਜ-ਪ੍ਰਬੰਧ ਲਈ ਸਮੱਗਰੀ ਇਕੱਤਰ ਕਰਨ ਹਿੱਤ ਜਦ ਪਿੰਡ ਹਰਰਾਏਪੁਰ, ਖਿਆਲੀਵਾਲਾ, ਜੀਦਾ, ਕਲਿਆਣ ਦੇ ਸਿੱਧੂ ਬਰਾੜਾਂ ਪਾਸੋਂ ਉਹਨਾਂ ਦੇ ਜਠੇਰੇ ਬਾਰੇ ਪੁੱਛਿਆ ਗਿਆ ਤਾਂ ਪਤਾ ਲੱਗਾ ਕਿ ਉਹ 'ਸਿੱਧ ਤਿਲਕਰਾ' ਜਾਂ 'ਸਿੱਧ ਤਿਲਕ ਰਾਉ' ਨੂੰ ਆਪਣਾ ਜਠੇਰਾ ਮੰਨਦੇ ਹਨ ਅਤੇ ਹਰੇਕ ਦਸਵੀਂ ਮੌਕੇ ਗੋਨੇਆਣੇ ਲਾਗੇ ਪਿੰਡ 'ਬਲਾਹੜ ਵਿੰਝੂ' ਵਿਖੇ ਨਹਿਰ ਦੇ ਕੰਢੇ 'ਤੇ ਸਿੱਧ ਤਿਲਕ ਰਾਉ ਦੇ ਨਾਂ 'ਤੇ ਬੜਾ ਭਾਰੀ ਮੇਲਾ ਲੱਗਦਾ ਹੈ ਜਿੱਥੇ ਦੂਰੋਂ-ਦੂਰੋਂ ਇਸ ਜਠੇਰੇ ਨੂੰ ਮੰਨਣ ਵਾਲ਼ੇ ਲੋਕ ਮੰਨਤਾਂ ਮੰਗਣ ਅਤੇ ਸੁੱਖਾਂ ਲਾਹੁਣ ਲਈ ਆਉਂਦੇ ਹਨ ਅਤੇ ਸਫੈਦ ਕੱਪੜਾ, ਦੇਗ, ਪਤਾਸੇ, ਦੁੱਧ, ਲੱਡੂ ਚੜ੍ਹਾਵੇ ਵਜੋਂ ਸਿੱਧ ਤਿਲਕ ਰਾਉ ਨੂੰ ਭੇਟ ਕੀਤਾ ਜਾਂਦਾ ਹੈ ਅਤੇ ਸੱਤ ਬੁੱਕ ਮਿੱਟੀ ਦੇ ਕੱਢੇ ਜਾਂਦੇ ਹਨ। ਇੱਥੇ ਇਹ ਵਰਣਨਯੋਗ ਹੈ ਕਿ ਪਿੰਡ ਬਲਾਹੜ ਵਿੰਝੂ ਦੇ ਸਾਬਕਾ ਪੰਚ ਸ. ਸਾਧੂ ਸਿੰਘ ਨਾਲ਼ ਰਾਬਤਾ ਕਾਇਮ ਕਰਨ 'ਤੇ ਪਤਾ ਲੱਗਿਆ ਕਿ ਸਿੱਧੂ ਬਰਾੜਾਂ ਦੇ ਜਠੇਰੇ ਸਿੱਧ ਤਿਲਕ ਰਾਉ ਦੀ ਮੁੱਖ ਜਗ੍ਹਾ ਇਹੀ ਹੈ। ਬਾਕੀ ਸਥਾਨਾਂ ਉੱਪਰ ਇਸੇ ਜਗ੍ਹਾ ਤੋਂ ਮਿੱਟੀ ਲਿਜਾ ਕੇ ਸਿੱਧ ਤਿਲਕ ਰਾਉ ਦੇ ਸਥਾਨ ਬਣਾਏ ਗਏ ਹਨ। ਉਹਨਾਂ ਇਹ ਵੀ ਦੱਸਿਆ ਕਿ ਬਾਬਾ ਸਿੱਧ ਤਿਲਕ ਰਾਉ ਅਤੇ ਬਾਬਾ ਪੰਜੂ ਇਕੱਠੇ ਰਹਿੰਦੇ ਹੁੰਦੇ ਸਨ। ਬਾਬਾ ਪੰਜੂ ਨੇ ਜਦ ਸਿੱਧ ਤਿਲਕ ਰਾਉ ਨੂੰ ਕਿਹਾ ਕਿ ਮੇਰੀ ਮੰਨਤਾ ਨਹੀਂ ਹੋਣੀ ਤਾਂ ਬਾਬਾ ਸਿੱਧ ਤਿਲਕ ਰਾਉ ਜੀ ਨੇ ਜਵਾਬ ਵਿੱਚ ਕਿਹਾ ਕਿ ਭਵਿੱਖ ਵਿੱਚ ਮੇਰੇ ਤੋਂ ਪਹਿਲਾਂ ਲੋਕ ਤੁਹਾਡੇ ਸਥਾਨ ਉੱਪਰ ਆ ਕੇ ਨਤਮਸਤਕ ਹੋਣਗੇ। ਜ਼ਿਕਰਯੋਗ ਹੈ ਕਿ ਬਾਬਾ ਪੰਜੂ ਦੀ ਜਗ੍ਹਾ ਬਾਬਾ ਸਿੱਧ ਤਿਲਕ ਰਾਉ ਦੇ ਬਿਲਕੁਲ ਨਾਲ਼ ਇੱਕੋ ਟਿਕਾਣੇ ਉੱਪਰ ਹੈ। ਲੋਕ ਮਾਨਸਿਕਤਾ ਬਾਬਾ ਸਿੱਧ ਤਿਲਕ ਰਾਉ ਦੇ ਬਚਨਾਂ ਉੱਪਰ ਚੱਲਦੀ ਹੋਈ ਪਹਿਲਾਂ ਬਾਬਾ ਪੰਜੂ ਦੇ ਸਥਾਨ 'ਤੇ ਮੱਥਾ ਟੇਕਣ ਉਪਰੰਤ ਹੀ ਬਾਬਾ ਸਿੱਧ ਤਿਲਕ ਰਾਉ ਦੇ ਸਥਾਨ ਦੇ ਦਰਸ਼ਨਾਂ ਲਈ ਜਾਂਦੀ ਹੈ।



**ਜਠੇਰਾ ਪੂਜਾ ਸਥਾਨ: ਬਾਬਾ ਸਿੱਧ ਤਿਲਕ ਰਾਉ**

ਪਿੰਡ ਜੀਦਾ ਦੇ ਕੁਝ ਸਿੱਧੂ ਬਰਾੜ ਆਪਣੇ ਖੇਤ ਵਿੱਚ ਹੀ ਬਣੀ ਅਗਿਆਤ ਜਠੇਰੇ ਦੀ ਮਟੀ 'ਤੇ ਦੇਗ ਵੰਡਦੇ, ਲੱਸੀ ਚੜ੍ਹਾਉਂਦੇ ਅਤੇ ਦੀਵਾਲੀ ਦੀ ਮੱਸਿਆ 'ਤੇ ਮਿੱਟੀ ਕੱਢਦੇ ਹਨ। ਜਲਾਲ ਅਤੇ ਹਮੀਰਗੜ੍ਹ ਪਿੰਡਾਂ ਦੇ ਸਿੱਧੂ ਬਰਾੜ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਅਤੇ ਮੱਸਿਆ ਮੌਕੇ ਮਿੱਟੀ ਕੱਢਦੇ ਹਨ। ਪਿੰਡ ਆਕਲੀਆ ਦੇ ਸਿੱਧੂ ਬਰਾੜ ਅਗਿਆਤ ਜਠੇਰੇ ਦੇ ਨਾਂ ਦੀ ਦੀਵਾਲੀ ਮੌਕੇ ਮਿੱਟੀ ਕੱਢਦੇ ਹਨ।। ਇਸ ਤੋਂ ਇਲਾਵਾ ਪਿੰਡ ਹਰਰਾਏਪੁਰ ਦੇ ਕੁਝ ਸਿੱਧੂ ਬਰਾੜ 'ਮੁਖਤਿਆਰ ਸਿੰਘ' ਨਾਮੀ ਆਪਣੇ ਜਠੇਰੇ ਨੂੰ ਮੰਨਦੇ ਹਨ ਜਦ ਕਿ ਅਮਰਗੜ੍ਹ ਪਿੰਡ ਦੇ ਸਿੱਧੂ ਬਰਾੜ 'ਬਾਬਾ ਪੰਜੂ' ਅਤੇ 'ਬਾਬਾ ਸਿੱਧੂ' ਨੂੰ ਮੰਨਦੇ ਹਨ। ਵਰਣਨਯੋਗ ਹੈ ਕਿ ਔਰਤਾਂ ਇਸ ਸਥਾਨ 'ਤੇ ਜਾਣ ਲਈ ਘੱਗਰਾ ਪਾਉਂਦੀਆਂ ਅਤੇ ਨੰਗੇ ਪੈਰੀਂ ਚੱਲ ਕੇ ਜਾਂਦੀਆਂ ਹਨ। ਚੜ੍ਹਾਵੇ ਵਜੋਂ ਕਣਕ, ਗੁੜ, ਪਤਾਸੇ, ਦੇਗ ਅਤੇ ਦੁੱਧ ਚੜ੍ਹਾਇਆ ਜਾਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਇਸ ਮੰਨ-ਮਨੌਤ ਨਾਲ਼ ਉਹਨਾਂ ਨੂੰ ਅਥਾਹ ਬਰਕਤਾਂ ਪ੍ਰਾਪਤ ਹੁੰਦੀਆਂ ਹਨ। ਪਿੰਡ ਗੁਰੂਸਰ, ਸਲਾਬਤਪੁਰਾ ਅਤੇ ਜੰਡਾਂਵਾਲਾ ਦੇ ਸਿੱਧੂ ਬਰਾੜ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਉੱਪਰ ਚੱਲਦੇ ਹਨ।

**20. ਸੰਧੂ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸਿਰੀਏਵਾਲਾ, ਗਿੱਦੜ, ਖੇਮੂਆਣਾ, ਜੀਦਾ, ਹਰਗੋਬਿੰਦਪੁਰਾ ਜਾਂ ਹਰਰੰਗਪੁਰਾ, ਗੰਗਾ, ਭੋਡੀਪੁਰਾ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ, ਕਾਂਗੜ, ਚੱਠੇਵਾਲਾ ਅਤੇ ਭਾਗੀਵਾਂਦਰ ਵਿੱਚ ਉਪਰੋਕਤ ਸੰਧੂ ਗੋਤ ਕਾਫ਼ੀ ਗਿਣਤੀ ਵਿੱਚ ਪਾਇਆ ਗਿਆ। ਸੰਧੂ ਖ਼ਾਨਦਾਨ ਦੇ ਲੋਕ ਜੋ ਬਾਬਾ ਕਾਲ਼ਾ ਮਹਿਰ ਨੂੰ ਮੰਨਦੇ ਹਨ, ਉਹ ਆਪਣੀ ਸ਼ਰਧਾ ਅਨੁਸਾਰ ਬਾਬਾ ਜੀ ਦੀ ਮੱਠ 'ਤੇ ਸ਼ਰਾਬ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ ਅਤੇ ਦੋਸਤਾਂ-ਮਿੱਤਰਾਂ ਨੂੰ ਵੰਡਦੇ ਹਨ। ਸਾਰੇ ਸੰਧੂ ਬਾਬੇ ਦੀ ਪੂਜਾ ਕਰਦੇ ਹਨ। ਇਸ ਮੇਲੇ ਵਿੱਚ ਸੰਧੂ ਪਰਿਵਾਰ ਦੇ ਨਵ-ਵਿਆਹੇ ਜੋੜੇ ਵਿਆਹ ਤੋਂ ਮਗਰੋਂ ਮੇਲੇ ਵਿੱਚ ਗੰਢ ਜੋੜਾ ਕਰਕੇ ਬਾਬੇ ਦੇ ਨਾਮ 'ਤੇ ਮਿੱਟੀ ਕੱਢਦੇ ਹਨ ਅਤੇ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਮੱਟ 'ਤੇ ਚੜ੍ਹਾਉਂਦੇ ਹਨ। ਹੁਣ ਮੇਲੇ ਵਿੱਚ ਖੇਡਾਂ ਤੇ ਸਭਿਆਚਾਰਕ ਪ੍ਰੋਗਰਾਮ ਵੀ ਹੁੰਦੇ ਹਨ।

ਪਿੰਡ ਕਾਂਗੜ ਦੇ ਸੰਧੂ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦੇ ਹਨ ਅਤੇ ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਜਠੇਰੇ ਦਾ ਨਾਮ 'ਕਾਲ਼ਾ ਮਹਿਰ' ਹੈ ਅਤੇ ਉਹ ਬੀੜ ਸਿੱਖਾਂ ਵਾਲ਼ਾ ਵਿਖੇ ਸਥਿਤ ਕਾਲ਼ਾ ਮਹਿਰ ਦੀ ਜਗ੍ਹਾ 'ਤੇ ਜਾ ਕੇ ਮੱਥਾ ਟੇਕਦੇ ਅਤੇ ਚੌਂਕੀ ਭਰਦੇ ਹਨ। ਅਜਿਹਾ ਉਹ ਸਾਲ-ਛਿਮਾਹੀਂ ਕਰਦੇ ਹਨ। ਇੱਥੇ ਉਹ ਚੜ੍ਹਾਵੇ ਵਜੋਂ ਸ਼ਰਾਬ ਤੇ ਗੁੜ ਦੀ ਭੇਲੀ ਚੜ੍ਹਾਉਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਮੰਨ-ਮਨੌਤ ਉਹਨਾਂ ਦੇ ਮਾਤਾ-ਪਿਤਾ ਅਤੇ ਪੁਰਖਿਆਂ ਤੋਂ ਚਲਦੀ ਆ ਰਹੀ ਹੈ। ਪਿੰਡ ਕੋਠਾ ਗੁਰੂ ਕਾ ਦੇ ਸੰਧੂ ਗੋਤ ਦੇ ਲੋਕ ਵੀ ਬੀੜ ਸਿੱਖਾਂ ਵਾਲ਼ਾ ਵਿਖੇ ਜਾ ਕੇ ਕਾਲ਼ਾ ਮਿਹਰ ਦੇ ਨਾਮ ਦੀ ਮਿੱਟੀ ਕੱਢਦੇ ਅਤੇ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਤੇ ਪਰਿਵਾਰਿਕ ਸੁਖ-ਸ਼ਾਂਤੀ ਲਈ ਅਰਦਾਸ ਕਰਦੇ ਹਨ। ਜਦ ਕਿ ਪਿੰਡ ਹਰਰਾਏਪੁਰ ਦੇ ਸੰਧੂ ਜੱਟਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਵੱਡੇ-ਵਡੇਰੇ ਦਾ ਨਾਮ 'ਸਿੱਧ ਤਿਲਕਰਾ' ਹੈ ਜਿਸਦੀ ਜਗ੍ਹਾ ਬਠਿੰਡਾ ਜ਼ਿਲ੍ਹੇ ਦੇ ਪਿੰਡ 'ਬਲਾਹੜ ਵਿੰਝੂ' ਵਿਖੇ ਬਣੀ ਹੋਈ ਹੈ ਜਿੱਥੇ ਕਿ ਉਹ ਮੰਨ-ਮਨੌਤ ਲਈ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਖੇਮੂਆਣਾ

ਦੇ ਸੰਧੂ ਵੀ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਉਹ ਵੀ ਬੀੜ ਸਿੱਖਾਂ ਵਾਲ਼ਾ ਵਿਖੇ ਚੇਤ ਮਹੀਨੇ ਦੀ ਏਕਮ ਨੂੰ, ਕਾਲ਼ਾ ਮਿਹਰ ਦੀ ਜਗ੍ਹਾ 'ਤੇ ਜਾ ਕੇ ਸ਼ਰਾਬ, ਕੜਾਹ ਅਤੇ ਦੁੱਧ ਚੜ੍ਹਾਉਂਦੇ ਹਨ। ਉਪਰੋਕਤ ਸੰਧੂ ਜੱਟਾਂ ਤੋਂ ਇਲਾਵਾ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਵਿਖੇ ਰਹਿੰਦੇ ਸੰਧੂ ਗੋਤ ਦੇ ਲੋਕ ਮਿਸਤਰੀ (ਤਰਖਾਣ) ਬਰਾਦਰੀ ਨਾਲ਼ ਸੰਬੰਧਿਤ ਹਨ। ਇਹ ਵੀ ਚੇਤ ਮਹੀਨੇ ਦੀ ਏਕਮ ਨੂੰ ਬੀੜ ਸਿੱਖਾਂ ਵਾਲ਼ਾ ਵਿਖੇ ਸਥਿਤ ਕਾਲ਼ਾ ਮਿਹਰ ਦੀ ਜਗ੍ਹਾ 'ਤੇ ਜਾਂਦੇ ਅਤੇ ਚੜ੍ਹਾਵੇ ਵਜੋਂ ਦੇਗ ਤੇ ਦੁੱਧ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਉਹਨਾਂ ਦੇ ਆਪਣੇ ਪਿੰਡ ਸਿਰੀਏਵਾਲਾ ਵਿਖੇ ਵੀ ਵਾਟਰ ਵਰਕਸ ਦੇ ਕੋਲ਼ ਕਾਲ਼ਾ ਮਿਹਰ ਦੀ ਜਗ੍ਹਾ ਬਣੀ ਹੋਈ ਹੈ ਜਿੱਥੇ ਕਿ ਬੀੜ ਸਿੱਖਾਂ ਵਾਲ਼ਾ ਵਾਂਗ ਚੜ੍ਹਾਵੇ ਵਜੋਂ ਸ਼ਰਾਬ ਨਹੀਂ ਚੜ੍ਹਦੀ।

**21. ਸੋਨੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸਿਰੀਏਵਾਲਾ ਵਿਖੇ ਰਹਿੰਦੇ ਹਨ, ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਸੋਨੀ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਪੂਜਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**22. ਸੋਪਾਲ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਬੁਰਜ ਥਰੋੜ ਵਿਖੇ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਰਵਿਦਾਸੀਏ ਸਿੱਖਾਂ ਤੋਂ ਜਠੇਰੇ ਬਾਰੇ ਪੁੱਛਣ 'ਤੇ ਪਤਾ ਲੱਗਾ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ 'ਮਲੇਰਕੋਟਲੇ ਵਾਲ਼ੇ ਪੀਰ' ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ ਅਤੇ ਹਾੜ੍ਹ ਦੇ ਮਹੀਨੇ ਪੀਰ ਦੀ ਸ਼ੀਰਨੀ ਵੰਡਦੇ ਹਨ।

**23. ਸਰਾਂ –** ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪ੍ਰਸਿੱਧ ਪਿੰਡਾਂ ਭੋਡੀਪੁਰਾ, ਕੋਠਾ ਗੁਰੂ ਕਾ, ਹਾਕਮ ਸਿੰਘ ਵਾਲਾ ਅਤੇ ਖਿਆਲੀਵਾਲਾ ਵਿੱਚ ਇਹ ਗੋਤ ਪਾਇਆ ਗਿਆ। ਪਿੰਡ ਹਾਕਮ ਸਿੰਘ ਵਾਲਾ ਦੇ ਸਰਾਂ ਅਗਿਆਤ ਜਠੇਰੇ ਨੂੰ ਆਪਣਾ ਵੱਡਾ-ਵਡੇਰਾ ਮੰਨਦੇ ਹਨ ਅਤੇ ਦੀਵਾਲੀ ਮੌਕੇ ਪਿੰਡ ਭੋਡੀਪੁਰਾ ਵਿਖੇ ਜਾ ਕੇ ਮੱਥਾ ਟੇਕਦੇ ਹਨ। ਮੰਨਣ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਪੁਰਖਿਆਂ ਤੋਂ ਇਹ ਮਨੌਤ ਚਲਦੀ ਆ ਰਹੀ ਹੈ। ਪਿੰਡ ਖਿਆਲੀਵਾਲਾ ਦੇ ਸਰਾਂ ਇਸ ਤੋਂ ਉਲਟ ਗੁਰਮਤਿ ਵਿਚਾਰਾਧਾਰਾ ਦੇ ਧਾਰਨੀ ਹੋਣ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**24. ਸਰਾਵਾਂ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਖਿਆਲੀਵਾਲਾ ਅਤੇ ਜੰਡਾਂਵਾਲਾ ਵਿੱਚ ਪਾਇਆ ਗਿਆ। ਸਰਾਵਾਂ ਗੋਤ ਨਾਲ਼ ਸੰਬੰਧਿਤ ਪਿੰਡ ਜੰਡਾਂਵਾਲਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**25. ਸੋਲਕੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਰਰਾਏਪੁਰ ਦੇ ਇਸ ਗੋਤ ਦੇ ਬੌਰੀਆ ਸਿੱਖ ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਬਾਰੇ ਇਹ ਕਹਿਣਾ ਹੈ ਕਿ ਉਹ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਗੋਨੇਆਣਾ ਵਿਖੇ ਹੈ। ਦੀਵਾਲੀ ਮੌਕੇ ਇੱਥੇ ਜਾ ਕੇ ਉਹ ਸ਼ਹੀਦ ਨੂੰ ਮੱਥਾ ਟੇਕਦੇ, ਲੱਸੀ ਚੜ੍ਹਾਉਂਦੇ ਅਤੇ ਪੰਜ ਕਾਪੜੀ ਦਿੰਦੇ ਹਨ। ਉਹਨਾਂ ਦੇ ਕਹਿਣ ਅਨੁਸਾਰ ਇਹ ਜਠੇਰਾ-ਪੂਜਾ ਉਹਨਾਂ ਦੇ

ਪੁਰਖਿਆਂ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਇਸ ਤੋਂ ਇਲਾਵਾ ਪਿੰਡ ਕੋਠਾ ਗੁਰੂ ਕਾ ਦੇ ਸੋਲਕੀ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**27. ਹੂੰਝਣ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕਾਂਗੜ ਵਿੱਚ ਪਾਏ ਗਏ ਹੂੰਝਣ ਗੋਤ ਦੇ ਲੋਕਾਂ ਨੂੰ ਜਦ ਉਹਨਾਂ ਦੇ ਜਠੇਰੇ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਖੇਤਾਂ ਵਿੱਚ ਹੀ ਬਣੀ ਮਟੀ (ਮਾੜੀ) 'ਤੇ ਜਾ ਕੇ 'ਬਾਬਾ ਸ਼ਹੀਦ' ਦੀ ਪੂਜਾ ਕਰਦੇ ਹਨ।

**28. ਹੁੰਦਲ –** ਆਪਣੇ ਖੋਜ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਪਾਏ ਗਏ ਹੁੰਦਲ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰੇ ਦੀ ਮੰਨ-ਮਨੌਤ ਬਾਰੇ ਗੱਲਬਾਤ ਕਰਨ 'ਤੇ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**29. ਹਰੀ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਮਲੂਕਾ ਵਿਖੇ ਵਸਦੇ ਹਰੀ ਗੋਤ ਦੇ ਜੱਟ ਸਿੱਖ ਲੋਕਾਂ ਨੇ ਆਪਣੇ ਜਠੇਰੇ ਅਤੇ ਪੂਜਾ-ਵਿਧੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਤੋਂ ਹੀ ਪਰਿਵਾਰ ਵਿੱਚ ਚੱਲੀ ਆ ਰਹੀ ਰੀਤ ਅਨੁਸਾਰ ਉਹ ਆਪਣੇ ਪਿੰਡ ਦੇ ਖੇਤਾਂ ਵਿੱਚ ਹੀ 'ਸੋਹਣ ਸਿੰਘ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ। ਇਹ ਪੂਜਾ ਦੀਵਾਲੀ ਮੌਕੇ ਕੀਤੀ ਜਾਂਦੀ ਹੈ ਅਤੇ ਚੜ੍ਹਾਵੇ ਵਜੋਂ ਜਠੇਰੇ ਦੇ ਨਾਮ ਦੀ ਪੰਜ ਕਾਪੜੀ ਦਿੱਤੀ ਜਾਂਦੀ ਹੈ।

**30. ਕਿੰਗਰਾ –** ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਾਕਮ ਸਿੰਘ ਵਾਲਾ, ਭੋਡੀਪੁਰਾ ਅਤੇ ਹਮੀਰਗੜ੍ਹ ਵਿੱਚ ਪਾਏ ਗਏ ਕਿੰਗਰਾ ਗੋਤ ਦੇ ਲੋਕਾਂ ਪਾਸੋਂ ਜਦ ਜਠੇਰਾ-ਪੂਜਾ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ ਬਣੀ ਅਗਿਆਤ ਜਠੇਰੇ ਜਾਂ ਵੱਡੇ-ਵਡੇਰੇ ਦੀ ਸਮਾਧ ਵਿਖੇ ਮਿੱਟੀ ਕੱਢਦੇ ਹਨ।

**31. ਕੰਡਿਆਰਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸਿਰੀਏਵਾਲਾ, ਭਗਤਾ ਭਾਈ ਅਤੇ ਦੁੱਲੇਵਾਲਾ ਪਿੰਡਾਂ ਵਿੱਚ ਵਸੇ ਹੋਏ ਭਗਤਾ ਭਾਈ ਦੇ ਕੰਡਿਆਰਾ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**32. ਕੰਬੋਜ –** ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਜਲਾਲ ਵਿੱਚ ਕੰਬੋਜ ਗੋਤ ਨਾਲ਼ ਸੰਬੰਧਿਤ ਮੁਸਲਮਾਨ ਬਰਾਦਰੀ ਦੇ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਮਸਜਿਦ ਵਿਖੇ ਜਾ ਕੇ ਨਮਾਜ਼ ਅਦਾ ਕਰਦੇ ਅਤੇ ਖੁਦਾ ਵਿੱਚ ਵਿਸ਼ਵਾਸ ਰੱਖਦੇ ਹਨ।

**33. ਕਾਮਰਾ –** ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਅਤੇ ਜੀਦਾ ਦੇ ਖੇਤਰੀ ਸਰਵੇਖਣ ਦੌਰਾਨ ਅਰੋੜਾ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਜੀਦਾ ਦੇ ਕੁਝ ਕਾਮਰਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕੁਝ ਕਾਮਰੇਡ ਹਨ।

**34. ਕਲਿਆਣੀ –** ਆਪਣੇ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਅਮਰਗੜ੍ਹ ਅਤੇ ਸਿਰੀਏਵਾਲਾ ਦੇ ਮਜ਼੍ਹਬੀ ਸਿੱਖ ਬਰਾਦਰੀ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਰਾਬਤਾ ਕਾਇਮ ਕਰਨ 'ਤੇ ਪਤਾ ਲੱਗਿਆ ਕਿ ਪਿੰਡ ਅਮਰਗੜ੍ਹ ਦੇ ਕਲਿਆਣੀ ਬਾਬਾ 'ਸਿੱਧ ਤਿਲਕ ਰਾਉ' ਨੂੰ ਅਤੇ ਸਿਰੀਏਵਾਲਾ ਦੇ ਕਲਿਆਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**35. ਕੌਲਧਾਰ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਦਲਿਤ ਜਾਤੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਪਿੰਡ ਭਗਤਾ ਭਾਈ ਅਤੇ ਸਿਰੀਏਵਾਲਾ ਵਿੱਚ ਵਸਦੇ ਹਨ। ਪਿੰਡ ਸਿਰੀਏਵਾਲਾ ਦੇ ਰਵਿਦਾਸੀਏ ਸਿੱਖਾਂ ਦਾ ਜਠੇਰੇ ਦੀ ਪੂਜਾ ਬਾਰੇ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**36. ਕਲੇਰ –** ਬਠਿੰਡੇ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੌਰਾਨ ਪਿੰਡ ਜਲਾਲ ਵਿੱਚ ਮਿਲੇ ਗੋਤ ਕਲੇਰ ਨਾਲ਼ ਸੰਬੰਧਿਤ ਨਾਈ ਸਿੱਖ ਬਰਾਦਰੀ ਦੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਦੱਸਣਾ ਹੈ ਕਿ ਉਹ ਆਪਣੇ ਪਿੰਡ ਵਿੱਚ ਹੀ ਬਣੀ ਅਗਿਆਤ ਜਠੇਰੇ ਦੀ ਮਟੀ ਦੀ ਪੂਜਾ ਕਰਦੇ ਹਨ। ਹੁਸ਼ਿਆਰ ਸਿੰਘ ਦੁਲੇਹ ਕਲੇਰ ਗੋਤ ਦੇ ਜਠੇਰੇ ਸੰਬੰਧੀ ਚਾਨਣਾ ਪਾਉਂਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ, "ਜੀਂਦ ਵਿੱਚ ਭੱਮਾਵਾੜੀ ਵਿੱਚ ਇਸ ਗੋਤ ਦੇ 'ਸਿੱਧ ਦੀਦਾਰ ਸਿੰਘ' ਦੀ ਸਮਾਧ ਹੈ ਜਿੱਥੇ ਮਾਘ ਵਦੀ ਪਹਿਲੀ ਨੂੰ ਇਸਦੀ ਪੂਜਾ ਕੀਤੀ ਜਾਂਦੀ ਹੈ। ਕਲੇਰ ਗੋਤ ਦਾ ਮੋਢੀ 'ਕੇਹਰ' ਸੀ। ਇਸ ਨੂੰ 'ਕਲੇਰ' ਵੀ ਕਹਿੰਦੇ ਸਨ। ਇਸ ਗੋਤ ਦੇ ਵਡੇਰੇ 'ਦਾਰਾ' ਤੇ 'ਸੰਤੂ' ਜਹਾਂਗੀਰ ਬਾਦਸ਼ਾਹ ਦੇ ਸਮੇਂ ਸਿਆਲਕੋਟ ਵੱਲ ਚਲੇ ਗਏ।" (63)

**37. ਕੌਸ਼ਿਕ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕਾਂਗੜ ਵਿਖੇ ਪਾਏ ਗਏ ਕੌਸ਼ਿਕ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਵਿਸ਼ੇ ਬਾਰੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ ਅਤੇ ਆਪਣੇ ਪਿੰਡ ਵਿੱਚ ਹੀ ਬਣੀ ਉਸ ਦੀ ਮਟੀ 'ਤੇ ਚੌਦੇਂ-ਮੱਸਿਆ ਨੂੰ ਮਿੱਟੀ ਕੱਢਦੇ ਹਨ।

**38. ਖੋਸਾ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਜਲਾਲ ਅਤੇ ਕੋਠਾ ਗੁਰੂ ਕਾ ਵਿੱਚ ਪਾਏ ਗਏ ਖੋਸਾ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਖੋਸਾ ਰਣਧੀਰ (ਮੋਗਾ) ਵਿਖੇ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਲਈ ਆਉਂਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਮਾਘ ਦੇ ਮਹੀਨੇ ਪਿੰਡ ਖੋਸਾ ਰਣਧੀਰ ਵਿਖੇ ਵੱਡੇ-ਵਡੇਰੇ ਦੀ ਯਾਦ ਵਿੱਚ ਮੇਲਾ ਵੀ ਲੱਗਦਾ ਹੈ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਖੋਸਾ ਗੋਤ ਦੇ ਜਠੇਰੇ ਸੰਬੰਧੀ ਲਿਖਦੇ ਹਨ, "ਇਸ ਗੋਤ ਦਾ ਵਡੇਰਾ 'ਰਣਧੀਰ' ਸੀ। ਜਿਸ ਜਗ੍ਹਾ ਖੋਸੇ ਠਹਿਰੇ, ਉਸ ਦਾ ਨਾਮ ਖੋਸਾ ਰਣਧੀਰ ਪੈ ਗਿਆ। ਖੋਸਾ ਗੋਤ ਦੇ ਲੋਕ ਪਿੰਡ ਖੋਸਾ ਰਣਧੀਰ ਵਿੱਚ ਪਿੰਡ ਦੇ ਛੱਪੜ 'ਤੇ ਆਪਣੀਆਂ ਸੁੱਖਾਂ ਲਾਹੁੰਦੇ ਹਨ ਅਤੇ ਏਥੇ ਮਾਘ ਮਹੀਨੇ ਮੇਲਾ ਲੱਗਦਾ ਹੈ।" (68)

**39. ਖਹਿਰਾ–** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਤਾ ਲੱਗਿਆ ਕਿ ਮੂਲ ਰੂਪ ਵਿੱਚ ਜੱਟ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿਖੇ ਰਹਿੰਦੇ ਹਨ।

ਖਹਿਰਾ ਗੋਤ ਦੇ ਜੱਟਾਂ ਨੂੰ ਜਦ ਉਹਨਾਂ ਦੇ ਵੱਡੇ-ਵਡੇਰੇ ਜਾਂ ਜਠੇਰੇ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਬਾਬਾ ਮਾਲੋ ਜੀ' ਨੂੰ ਜਠੇਰੇ ਵਜੋਂ ਪੂਜਦੇ ਹਨ ਜਿਸ ਦੀ ਜਗ੍ਹਾ ਲਹਿਰਾ ਬੇਗਾ ਵਿਖੇ ਬਣੀ ਹੋਈ ਹੈ। ਇਸ ਜਗ੍ਹਾ 'ਤੇ ਜਾ ਕੇ ਉਹ ਮੱਥਾ ਟੇਕਦੇ ਅਤੇ ਪ੍ਰਸ਼ਾਦ ਚੜ੍ਹਾ ਕੇ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸ ਤੇ ਸ਼ੁਕਰਾਨਾ ਕਰਦੇ ਹਨ। ਹੁਸ਼ਿਆਰ ਸਿੰਘ ਦੁਲੇਹ ਖਹਿਰਾ ਗੋਤ ਦੇ ਜਠੇਰੇ ਬਾਰੇ ਦੱਸਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਖਹਿਰਿਆਂ ਦੇ ਦੋ ਜਠੇਰੇ 'ਰਾਜਪਾਲ' ਤੇ ਉਸਦਾ ਪੋਤਾ 'ਸ਼ਹਿਜਾਦਾ' ਸਨ, ਜੋ ਖੱਡੂਰ ਸਾਹਿਬ ਦੇ ਖੇਤਰ ਵਿੱਚ ਕੰਗਾਂ ਨਾਲ਼ ਲੜਦੇ ਹੋਏ ਮਾਰੇ ਗਏ ਸਨ। ਖਹਿਰੇ ਵੀ ਆਪਣੇ ਇਸ ਸਿੱਧ ਦੀ ਪੂਜਾ ਕਰਦੇ ਹਨ। ਉਸ ਦਾ ਮੱਠ ਖੱਡੂਰ ਵਿੱਚ ਹੀ ਹੈ। ਉੱਥੇ ਉਹ ਪੰਜੀਰੀ ਆਦਿ ਦਾ ਚੜ੍ਹਾਵਾ ਚੜ੍ਹਾਉਂਦੇ ਹਨ। ਉਹ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਵਰਤਣ ਤੋਂ ਪਹਿਲਾਂ ਮੱਠ 'ਤੇ ਜ਼ਰੂਰ ਚੜ੍ਹਾਉਂਦੇ ਹਨ। ਵਿਸਾਖ, ਮੱਘਰ ਤੇ ਜੇਠ ਵਿੱਚ ਉਹ ਕੁਝ ਦਿਨ ਆਪਣੇ ਸਿੱਧ ਦੀ ਪੂਜਾ ਕਰਦੇ ਹਨ। (67)

**40. ਖੋਖਰ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸਿਰੀਏਵਾਲਾ ਵਿੱਚ ਪਾਏ ਗਏ ਖੋਖਰ ਗੋਤ ਨਾਲ਼ ਸੰਬੰਧਿਤ ਗੋਤ ਦੇ ਲੋਕ ਆਪਣੇ-ਆਪ ਨੂੰ 'ਖੋਖਰ ਭਾਈ ਕੇ' ਅਖਵਾਉਂਦੇ ਹਨ ਅਤੇ ਕਿਸੇ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**41. ਖਟੜਾ –** ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇ ਦੌਰਾਨ ਪਿੰਡ ਨਿਉਰ ਅਤੇ ਕੋਠਾ ਗੁਰੂ ਕਾ ਵਿਖੇ ਮਿਲੇ ਗੋਤ ਖਟੜਾ ਨਾਲ਼ ਸੰਬੰਧਿਤ ਪਿੰਡ ਕੋਠਾ ਗੁਰੂ ਕਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**42. ਖੱਤੀ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਆਕਲੀਆ ਅਤੇ ਕੋਠਾ ਗੁਰੂ ਕਾ ਵਿੱਚ ਪਾਏ ਗਏ ਖੱਤੀ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਕੋਠਾ ਗੁਰੂ ਕਾ ਦੇ ਖੱਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**43. ਖਰੌੜ –** ਇਹ ਗੋਤ ਪਿੰਡ ਸਿਰੀਏਵਾਲਾ ਵਿਖੇ ਰਹਿੰਦੇ ਲੋਕਾਂ ਦਾ ਗੋਤ ਹੈ। ਇਸ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੇ ਸਥਾਨ 'ਤੇ ਹੀ ਚੇਤ ਮਹੀਨੇ ਨੂੰ ਮਿੱਟੀ ਕੱਢਦੇ ਹਨ।

**44. ਗੋਇਲ –** ਮੂਲ ਰੂਪ ਵਿੱਚ ਹਿੰਦੂ ਬਰਾਦਰੀ ਦੇ ਗੋਇਲ ਗੋਤ ਦੀ ਨਿਸ਼ਾਨਦੇਹੀ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਕੀਤੀ ਗਈ। ਜਠੇਰੇ ਅਤੇ ਜਠੇਰਾ-ਪੂਜਾ ਬਾਰੇ ਇਸ ਗੋਤ ਦੇ

ਲੋਕਾਂ ਦਾ ਕਹਿਣਾ ਹੈ ਕਿ ਉਹ 'ਦੇਵੀ ਮਾਤਾ' ਦੇ ਉਪਾਸਕ ਹਨ ਅਤੇ ਪੂਜਾ-ਵਿਧੀ ਦੇ ਰੂਪ ਉਹ ਦੇਵੀ ਮਾਤਾ ਲਈ ਜਗਰਾਤਾ ਕਰਵਾਉਂਦੇ ਹਨ।

**45. ਗੈਂਗੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇ ਦੌਰਾਨ ਮੂਲ ਰੂਪ ਵਿੱਚ ਮਹਿਰਾ ਸਿੱਖ ਬਰਾਦਰੀ ਦਾ ਇਹ ਗੋਤ ਪਿੰਡ ਭੋਡੀਪੁਰਾ ਵਿੱਚ ਪਾਇਆ ਗਿਆ। ਪਿੰਡ ਭੋਡੀਪੁਰਾ ਦੇ ਗੈਂਗੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਉੱਪਰ ਚੱਲਦੇ ਹਨ।

**46. ਗਾਗੜੇ –** ਖੇਤਰੀ ਸਰਵੇਖਣ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਗੰਗਾ ਵਿਖੇ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਲੋਕ 'ਬਾਬਾ ਰਾਮਦੇਵ ਰਾਜਸ' ਦੀ ਜਠੇਰੇ ਦੇ ਰੂਪ ਵਿੱਚ ਮੰਨ-ਮਨੌਤ ਕਰਦੇ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਇਸ ਜਠੇਰੇ ਦਾ ਸਥਾਨ ਰਾਜਸਥਾਨ ਬੀਕਾਨੇਰ ਵਿਖੇ ਲਾਲਗੜ੍ਹ ਰਵੇਚਾ ਵਿੱਚ ਹੈ ਜਿਸ ਨੂੰ ਉਹਨਾਂ ਦੇ ਵੱਡੇ-ਵਡੇਰੇ ਵੀ ਮੰਨਦੇ ਸਨ ਅਤੇ ਇੱਥੇ ਉਹ ਭਾਦੋਂ ਦੀ ਦਸਵੀਂ ਨੂੰ ਰਾਤ ਵੇਲ਼ੇ ਚੌਂਕੀ ਭਰਨ ਲਈ ਜਾਂਦੇ ਹਨ ਜਠੇਰੇ ਨੂੰ ਚੜ੍ਹਾਵੇ ਵਜੋਂ ਚੂਰਮਾ ਅਤੇ ਝੰਡਾ ਚੜ੍ਹਾਉਂਦੇ ਹਨ।

**47. ਗੋਂਦਾਰਾ –** ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਅਤੇ ਜਲਾਲ ਵਿੱਚ ਪਾਏ ਗਏ ਜੱਟ ਸਿੱਖਾਂ ਵਿੱਚੋਂ ਪਿੰਡ ਕੋਠਾ ਗੁਰੂ ਕਾ ਦੇ ਗੋਂਦਾਰਾ ਗੋਤ ਦੇ ਲੋਕਾਂ ਨੂੰ ਜਦ ਉਹਨਾਂ ਦੇ ਜਠੇਰੇ ਅਤੇ ਪੂਜਾ-ਵਿਧੀਆਂ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**48. ਗਰਗ –** ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਹਿੰਦੂ ਧਰਮ ਨਾਲ਼ ਸੰਬੰਧਿਤ ਬਾਣੀਆ ਜਾਤੀ ਦੇ ਗੋਤ ਗਰਗ ਦੀ ਨਿਸ਼ਾਨਦੇਹੀ ਜ਼ਿਲ੍ਹਾ ਬਠਿੰਡਾ ਦੇ ਮਲੂਕਾ, ਜਲਾਲ ਅਤੇ ਕੋਠਾ ਗੁਰੂ ਕਾ ਪਿੰਡਾਂ ਵਿੱਚ ਕੀਤੀ ਗਈ। ਪਿੰਡ ਮਲੂਕਾ ਦੇ ਗਰਗ ਗੋਤ ਦੇ ਲੋਕਾਂ ਨੇ ਜਠੇਰਾ-ਪੂਜਾ ਦੇ ਸੰਬੰਧ ਵਿੱਚ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ 'ਦੇਵੀ ਮਾਤਾ' ਦੇ ਉਪਾਸਕ ਹਨ। ਪੂਜਾ-ਵਿਧੀ ਦੇ ਰੂਪ ਉਹ ਦੇਵੀ ਮਾਤਾ ਲਈ ਜਗਰਾਤਾ ਕਰਵਾਉਂਦੇ ਹਨ।

**49. ਗਰੋਵਰ –** ਗਰੋਵਰ ਗੋਤ ਵੀ ਮੂਲ ਰੂਪ ਵਿੱਚ ਹਿੰਦੂ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਜਿੱਥੋਂ ਦੇ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**50. ਗਰੇਵਾਲ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਖੇਮੂਆਣਾ, ਗਿੱਦੜ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ ਵਿੱਚ ਪਾਏ ਗਏ ਜੱਟ ਸਿੱਖ ਭਾਈਚਾਰੇ ਦੇ ਇਸ ਗੋਤ ਨਾਲ਼ ਸੰਬੰਧਿਤ ਪਿੰਡ ਖੇਮੂਆਣਾ ਦੇ

ਬਹੁ-ਗਿਣਤੀ ਗਰੇਵਾਲ ਜੱਟਾਂ ਨੇ ਦੱਸਿਆ ਕਿ ਉਹਨਾਂ ਵਿੱਚ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਹੁੰਦੀ, ਸਗੋਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**51. ਗਿੱਲ –** ਸਰਵੇ ਦੌਰਾਨ ਵੇਖਣ ਵਿੱਚ ਆਇਆ ਕਿ ਪਿੰਡ ਭਗਤਾ ਭਾਈ, ਸਿਰੀਏਵਾਲਾ, ਬੁਰਜ ਥਰੋੜ, ਮਲੂਕਾ, ਗਿੱਦੜ, ਜੰਡਾਂਵਾਲਾ, ਜੀਦਾ, ਹਰਰਾਏਪੁਰ, ਅਮਰਗੜ੍ਹ, ਢੇਲਵਾਂ, ਹਾਕਮ ਸਿੰਘ ਵਾਲਾ, ਭੋਡੀਪੁਰਾ, ਹਮੀਰਗੜ੍ਹ, ਆਕਲੀਆ, ਜਲਾਲ, ਕੋਠਾ ਗੁਰੂ ਕਾ, ਦੁੱਲੇਵਾਲਾ, ਭਾਈ ਰੂਪਾ, ਭਾਗੀਵਾਂਦਰ, ਸੁੱਖਾ ਸਿੰਘ ਵਾਲਾ, ਚੱਠੇਵਾਲਾ, ਰਾਜਗੜ੍ਹ ਵਿਖੇ ਬਹੁ-ਗਿਣਤੀ ਗਿੱਲ ਗੋਤ ਨਾਲ਼ ਸੰਬੰਧਿਤ ਲੋਕ ਰਹਿੰਦੇ ਹਨ।

ਵਰਣਨਯੋਗ ਹੈ ਕਿ ਜੱਟ ਸਿੱਖਾਂ ਤੋਂ ਇਲਾਵਾ ਪਿੰਡ ਜੀਦਾ ਅਤੇ ਢੇਲਵਾਂ ਵਿਖੇ ਇਹ ਗੋਤ ਮਜ਼੍ਹਬੀ ਸਿੱਖ ਅਤੇ ਪਿੰਡ ਗਿੱਦੜ ਵਿਖੇ ਦਲਿਤ ਜਾਤੀ ਨਾਲ਼ ਵੀ ਸੰਬੰਧ ਰੱਖਦਾ ਹੈ। ਜਠੇਰਿਆਂ ਦੀ ਗੱਲ ਕਰੀਏ ਤਾਂ ਪਿੰਡ ਆਕਲੀਆ ਦੇ ਗਿੱਲ ਜੱਟ 'ਬਾਬਾ ਸ਼ਹੀਦ' ਦੀ ਆਪਣੇ ਖੇਤਾਂ ਵਿੱਚ ਬਣੀ ਜਗ੍ਹਾ 'ਤੇ ਹੀ ਪੂਜਾ ਕਰਦੇ ਹਨ ਅਤੇ ਚੜ੍ਹਾਵੇ ਵਜੋਂ ਬਾਬਾ ਸ਼ਹੀਦ ਦੇ ਨਾਂ ਦੀ ਰੋਟੀ ਘਰ ਦੇ ਮੁਖੀ ਨੂੰ ਖਵਾਉਂਦੇ ਹਨ। ਇਸ ਤੋਂ ਇਲਾਵਾ ਬਾਬਾ ਸ਼ਹੀਦ ਦੇ ਨਾਂ ਦੇ ਕੱਪੜੇ ਵੀ ਮੁਖੀ ਹੀ ਪਹਿਨਦਾ ਹੈ। ਉਹ ਦਸਵੀਂ ਵਾਲ਼ੇ ਦਿਨ ਬਾਬੇ ਦੀ ਮਟੀ 'ਤੇ ਲੱਸੀ ਵੀ ਚੜ੍ਹਾਉਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਮਨੌਤ ਉਹਨਾਂ ਦੇ ਮਾਤਾ-ਪਿਤਾ ਤੋਂ ਵੀ ਪਹਿਲਾਂ ਤੋਂ ਚੱਲਦੀ ਆ ਰਹੀ ਹੈ। ਮੰਨ-ਮਨੌਤ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਪਸ਼ੂ-ਧਨ ਵਿੱਚ ਵਿਘਨ ਪੈਂਦਾ ਹੈ। ਮਿਸਾਲ ਵਜੋਂ ਮੱਝ ਜਾਂ ਗਾਂ ਦੁੱਧ ਦੇਣੋਂ ਹਟ ਜਾਂਦੀ ਹੈ।

ਇਸ ਤੋਂ ਇਲਾਵਾ ਪਿੰਡ ਭੋਡੀਪੁਰਾ ਦੇ ਗਿੱਲ ਵੀ ਜੱਟ ਸਿੱਖ ਹਨ, ਆਪਣੇ ਪੁਰਖਿਆਂ ਤੋਂ ਚੱਲੀ ਆ ਰਹੀ ਜੋ 'ਗੁਰਬਚਨ ਸਿੰਘ' ਨਾਮੀ ਵੱਡੇ-ਵਡੇਰੇ ਜਾਂ ਜਠੇਰੇ ਦੀ ਆਪਣੇ ਖੇਤਾਂ ਵਿੱਚ ਹੀ ਪੂਜਾ ਕਰਦੇ ਹਨ। ਉਹ ਦਸਵੀਂ ਵਾਲ਼ੇ ਦਿਨ ਆਪਣੇ ਜਠੇਰੇ ਦੀ ਮਿੱਟੀ ਕੱਢਦੇ ਹਨ ਅਤੇ ਦੇਗ, ਪ੍ਰਸ਼ਾਦ ਅਤੇ ਕੱਪੜੇ ਦਾ ਚੜ੍ਹਾਵਾ ਚੜ੍ਹਾਉਂਦੇ ਹਨ। ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਲਈ ਪਿੱਪਲ ਤੇ ਬੇਰੀ, ਜਿਸ ਹੇਠ ਜਠੇਰੇ ਦੀ ਜਗ੍ਹਾ ਬਣੀ ਹੋਈ ਹੈ, ਨੂੰ ਵੱਢਣ ਦੀ ਮਨਾਹੀ ਹੈ। ਅਜਿਹੀ ਮਨਾਹੀ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਆਪਣੇ ਜਠੇਰੇ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਗਲੇ ਪਿੰਡ ਜੰਡਾਂਵਾਲਾ ਦੇ ਗਿੱਲ ਗੋਤ ਨਾਲ਼ ਸੰਬੰਧਿਤ ਜੱਟ ਸਿੱਖ 'ਬਖਤੌਰ ਸਿੰਘ' ਅਤੇ 'ਖਜਾਨ ਸਿੰਘ' ਜੋ ਕਿ ਪਹਿਲਵਾਨ ਸਨ, ਦੀ ਆਪਣੇ ਵੱਡੇ-ਵਡੇਰੇ ਜਾਂ ਜਠੇਰੇ ਦੇ ਰੂਪ ਵਿੱਚ ਪੂਜਾ ਕਰਦੇ ਹਨ। ਉਹਨਾਂ ਦੀ ਪਿੰਡ ਵਿੱਚ ਬਣੀ ਜਗ੍ਹਾ 'ਤੇ ਜਾ ਕੇ ਦੀਵਾਲੀ ਵਾਲ਼ੇ ਦਿਨ ਮੱਥਾ ਟੇਕਦੇ ਹਨ ਅਤੇ ਚੜ੍ਹਾਵੇ ਵਜੋਂ 'ਪੰਜ ਕਾਪੜੀ' ਦਿੰਦੇ ਹਨ। ਪਿੰਡ ਢੇਲਵਾਂ ਦੇ ਗਿੱਲ ਆਧੁਨਿਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਦੇ ਹੋਏ ਕਿਸੇ ਜਠੇਰੇ ਦੀ ਪੂਜਾ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**52. ਘਾਰੂ –** ਬਠਿੰਡਾ ਜ਼ਿਲ੍ਹੇ ਦੀ ਹੱਦ ਅੰਦਰ ਪੈਂਦੇ ਪਿੰਡਾਂ ਨਿਉਰ, ਮਲੂਕਾ, ਭੋਡੀਪੁਰਾ ਵਿੱਚ ਮਿਲੇ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਇਸ ਗੋਤ ਦੇ ਪਿੰਡ ਨਿਉਰ ਦੇ ਘਾਰੂ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਅਤੇ ਭਗਤਾ

ਭਾਈ ਪਿੰਡ ਵਿਖੇ ਮਾਘ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਣ ਜਾਂਦੇ ਹਨ। ਚੜ੍ਹਾਵੇ ਵਜੋਂ ਬਾਬਾ ਸ਼ਹੀਦ ਨੂੰ ਦੇਗ ਭੇਟ ਕੀਤੀ ਜਾਂਦੀ ਹੈ ਅਤੇ ਇਸਦੇ ਇਵਜ਼ ਵਿੱਚ ਬਾਬਾ ਸ਼ਹੀਦ ਉਹਨਾਂ ਨੂੰ ਬਹੁਤ ਸਾਰੀਆਂ ਦਾਤਾਂ ਬਖਸ਼ਦਾ ਹੈ।

**53. ਚੌਹਾਨ –** ਆਪਣੇ ਖੋਜ-ਕਾਰਜ ਦੇ ਖੇਤਰੀ ਸਰਵੇਖਣ ਦੌਰਾਨ ਬਠਿੰਡਾ ਜ਼ਿਲ੍ਹੇ ਵਿੱਚ ਪਿੰਡ ਮਲੂਕਾ, ਕੋਠਾ ਗੁਰੂ ਕਾ, ਜਲਾਲ, ਗੁਰੂਸਰ, ਭਾਈ ਰੂਪਾ ਵਿਖੇ ਸਰਵੇ ਅਧੀਨ ਲਿਆਂਦੇ ਗਏ ਚੌਹਾਨ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਇਕੱਤਰ ਕਰਨ ਹਿੱਤ ਜਠੇਰੇ ਬਾਬਤ ਪੁੱਛਿਆ ਗਿਆ ਤਾਂ ਪਿੰਡ ਕੋਠਾ ਗੁਰੂ ਕਾ ਵਿੱਚ ਵਸਦੇ ਰਵਿਦਾਸੀਏ ਸਿੱਖਾਂ ਅਤੇ ਬੌਰੀਆ ਜਾਤੀ ਦੇ ਚੌਹਾਨਾਂ ਨੇ ਦੱਸਿਆ ਕਿ ਉਹ 'ਗੁਰਗੋ ਬਾਈ' ਦੀ ਪੂਜਾ ਕਰਦੇ ਹਨ ਜੋ ਕਿ ਇਹਨਾਂ ਦੇ ਕਹਿਣ ਅਨੁਸਾਰ ਇਹਨਾਂ ਦਾ ਪਿੱਤਰ ਹੈ। ਇਸ ਤੋਂ ਇਲਾਵਾ ਭਾਈ ਰੂਪਾ ਪਿੰਡ ਵਿੱਚ ਚੌਹਾਨ ਜੋ ਕਿ ਰਾਜਪੂਤ ਠਾਕੁਰ ਹਨ, ਆਪਣੇ ਪਿਤਾ-ਪੁਰਖੀ ਵੱਡੇ-ਵਡੇਰੇ 'ਸੋਹਨ ਲਾਲ' ਦੀ ਪਿੰਡ ਵਿੱਚ ਹੀ ਸਥਿਤ ਜਗ੍ਹਾ 'ਤੇ ਜਾ ਕੇ ਪੂਜਾ-ਅਰਾਧਨਾ ਕਰਦੇ ਹਨ ਅਤੇ ਚੜ੍ਹਾਵੇ ਵਜੋਂ ਸਫ਼ੈਦ ਰੰਗ ਦੇ ਕੱਪੜੇ, ਖੀਰ, ਪ੍ਰਸ਼ਾਦ, ਪਤਾਸੇ ਅਤੇ ਕੱਚੀ ਲੱਸੀ ਚੜ੍ਹਾਉਂਦੇ ਹਨ।

**54. ਚਹਿਲ –** ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜੀਦਾ, ਗੰਗਾ, ਕੋਠਾ ਗੁਰੂ ਕਾ, ਸਲਾਬਤਪੁਰਾ, ਖਿਆਲੀਵਾਲਾ ਵਿੱਚ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਪਿੰਡ ਖਿਆਲੀਵਾਲਾ ਦੇ ਚਹਿਲ ਜੱਟ ਸਿੱਖਾਂ ਨਾਲ਼ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਉਹ 'ਜੋਗੀ ਪੀਰ' ਨੂੰ ਮੰਨਦੇ ਹਨ ਜਿਸ ਦਾ ਸਥਾਨ ਜ਼ਿਲ੍ਹਾ ਮਾਨਸਾ ਦੇ ਪਿੰਡ ਕੈਂਚੀਆਂ ਵਿਖੇ ਸਥਿਤ ਹੈ। ਉਹ ਇਸ ਸਥਾਨ ਵਿਖੇ ਚੇਤ ਅਤੇ ਭਾਦੋਂ ਮਹੀਨੇ ਵਿੱਚ ਜਾ ਕੇ ਮਿੱਟੀ ਕੱਢਦੇ ਹਨ। ਜੋਗੀ ਪੀਰ ਨੂੰ ਖੁਸ਼ ਕਰਨ ਲਈ ਚਿਰਾਗ ਲਗਾਏ ਜਾਂਦੇ ਹਨ ਅਤੇ ਚੜ੍ਹਾਵੇ ਵਜੋਂ ਗੁੜ ਜ਼ਰੂਰੀ ਹੈ। ਇਸ ਤੋਂ ਇਲਾਵਾ ਦੇਗ ਦਾ ਪ੍ਰਸ਼ਾਦ ਵੀ ਚੜ੍ਹਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਉਹ ਜੋਗੀ ਪੀਰ ਦੀ ਮਨੌਤ ਨਹੀਂ ਕਰਦੇ ਹਨ ਤਾਂ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੀ ਸਿਹਤ, ਵਿਆਹ-ਸ਼ਾਦੀ, ਬੱਚਿਆਂ ਅਤੇ ਪਸ਼ੂਆਂ ਸੰਬੰਧੀ ਅਨੇਕ ਤਰ੍ਹਾਂ ਦੀਆਂ ਔਕੜਾਂ ਆਉਂਦੀਆਂ ਹਨ। ਪਿੰਡ ਖਿਆਲੀਵਾਲਾ ਦੇ ਚਹਿਲ ਗੋਤ ਦੇ ਲੋਕਾਂ ਤੋਂ ਇਲਾਵਾ ਖੇਤਰੀ ਸਰਵੇਖਣ ਅਧੀਨ ਲਿਆਂਦੇ ਬਾਕੀ ਸਭ ਪਿੰਡਾਂ ਜੀਦਾ, ਗੰਗਾ, ਕੋਠਾ ਗੁਰੂ ਕਾ, ਸਲਾਬਤਪੁਰਾ ਦੇ ਚਹਿਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**55. ਚੰਡਾਲੀਆ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਭਾਈ ਰੂਪਾ ਵਿੱਚ ਪਾਏ ਗਏ ਇਸ ਗੋਤ ਦੇ ਲੋਕ ਡੇਰਾ ਸੱਚਾ ਸੌਦਾ ਸਿਰਸਾ ਦੇ ਅਨੁਯਾਈ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**56. ਚੰਦੜ੍ਹ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਚੰਦੜ੍ਹ ਗੋਤ ਦੇ ਬੌਰੀਆ ਬਰਾਦਰੀ ਨਾਲ਼ ਸੰਬੰਧਿਤ ਲੋਕ 'ਭਗਤ ਰਵੀਦਾਸ' ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਚੰਦੜ੍ਹ ਗੋਤ ਦੇ ਜਠੇਰੇ ਸੰਬੰਧੀ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ, "ਬਾਬਾ ਚੰਦੜ ਪੀਰ ਦੀ ਯਾਦ ਵਿੱਚ ਮੁੱਦਕੀ ਤੋਂ ਥੋੜ੍ਹੀ ਦੂਰ ਪਿੰਡ ਚੰਦੜ੍ਹ ਵਿਖੇ 13 ਭਾਦੋਂ ਨੂੰ ਹਰ ਸਾਲ ਬਹੁਤ ਭਾਰੀ ਮੇਲਾ ਲਗਾਇਆ ਜਾਂਦਾ ਹੈ। ਇਸ ਮੇਲੇ ਵਿੱਚ ਚੰਦੜ੍ਹ ਭਾਈਚਾਰੇ ਦੇ ਲੋਕ ਦੂਰੋ-ਦੂਰੋਂ ਆਉਂਦੇ ਹਨ।" (86)

**57. ਚਾਨੀ –** ਖੇਤਰੀ ਖੋਜ-ਸਰਵੇਖਣ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਰੀਏਵਾਲਾ ਵਿੱਚ ਪਾਏ ਗਏ ਮਿਸਤਰੀ ਜਾਤੀ ਨਾਲ਼ ਸੰਬੰਧਿਤ ਗੋਤ ਚਾਨੀ ਨਾਲ਼ ਸੰਬੰਧਿਤ ਲੋਕਾਂ ਪਾਸੋਂ ਉਹਨਾਂ ਦੇ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਜਠੇਰੇ ਦੇ ਰੂਪ ਵਿੱਚ 'ਬਾਬਾ ਵਿਸ਼ਵਕਰਮਾ' ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ।

**58. ਚੋਪੜਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਖੱਤਰੀ ਬਰਾਦਰੀ ਨਾਲ਼ ਸੰਬੰਧਿਤ ਪਿੰਡ ਭਾਈ ਰੂਪਾ ਦੇ ਚੋਪੜਾ ਗੋਤ ਦੇ ਲੋਕਾਂ ਤੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ 'ਭੋਲੂ ਰਾਮ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹਨ ਜਿਸ ਦੀ ਜਗ੍ਹਾ ਉਹਨਾਂ ਦੇ ਪਿੰਡ ਵਿੱਚ ਹੀ ਬਣੀ ਹੋਈ ਹੈ। ਉਹ ਇਸ ਜਗ੍ਹਾ 'ਤੇ ਦੀਵਾਲੀ ਨੂੰ ਮੱਥਾ ਟੇਕਦੇ ਅਤੇ 'ਭੋਲੂ ਰਾਮ' ਦੇ ਨਾਂ ਦੀ ਪੰਜ ਕਾਪੜੀ ਦਿੰਦੇ ਅਤੇ ਰੋਟੀ, ਖੀਰ ਆਦਿ ਖਵਾਉਂਦੇ ਹਨ।

**59. ਚੀਮਾ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਦੇ ਜੱਟ ਸਿੱਖਾਂ ਵਿੱਚ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**60. ਚਲਾਣੇ –** ਅਰੋੜਾ ਬਰਾਦਰੀ ਦਾ ਗੋਤ ਚਲਾਣੇ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਵਿਖੇ ਪਾਇਆ ਗਿਆ। ਇਸ ਗੋਤ ਦੇ ਲੋਕਾਂ ਪਾਸੋਂ ਜਠੇਰੇ ਦੀ ਮੰਨ-ਮਨੌਤ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**61. ਛੋਹਲਕਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਮੂਲ ਰੂਪ ਵਿੱਚ ਬੌਰੀਆ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲੇ ਪਿੰਡ ਦੁੱਲੇਵਾਲਾ ਦੇ ਛੋਹਲਕਾ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਵੱਡੇ-ਵਡੇਰੇ ਦੀ ਮੰਨ-ਮਨੌਤ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹ ਉਹਨਾਂ ਦੇ ਆਪਣੇ ਪਿੰਡ ਵਿਖੇ ਹੀ 'ਬਾਬਾ ਗੁੱਗਾ ਜ਼ਾਹਰ ਪੀਰ' ਦੀ ਬਣੀ ਹੋਈ ਜਗ੍ਹਾ 'ਤੇ ਜਾਂਦੇ ਹਨ ਜਿੱਥੇ ਲੱਗਣ ਵਾਲ਼ੇ ਮੇਲੇ ਉੱਤੇ ਜਾ ਕੇ ਉਹ ਮੱਥਾ ਟੇਕਦੇ ਅਤੇ ਚਿੱਟੇ ਰੰਗ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ। ਇਹੀ ਉਹਨਾਂ ਦਾ ਪੂਜਣਯੋਗ ਦੇਵਤਾ ਹੈ।

**62. ਜੱਸੜ –** ਬਠਿੰਡਾ ਜ਼ਿਲ੍ਹੇ ਦੇ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਆਕਲੀਆ ਵਿੱਚ ਪਾਇਆ ਗਿਆ। ਇਹ ਗੋਤ ਰਵਿਦਾਸੀਆ ਬਰਾਦਰੀ ਨਾਲ਼ ਸੰਬੰਧਿਤ ਹੈ। ਇਸ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ। ਉਹਨਾਂ ਦੇ ਦੱਸਣ ਮੁਤਾਬਿਕ ਉਹ 'ਨਿਗਾਹੇ ਵਾਲ਼ੇ ਪੀਰ' ਨੂੰ ਮੰਨਦੇ ਹਨ।

**63. ਜੰਗਾਲੀਆ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭਾਈ ਰੂਪਾ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹ 'ਸ਼ਿਵ ਜੀ' ਦੇ ਭਗਤ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**64. ਜੈਚੰਦ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਵਿਖੇ ਪਾਏ ਜਾਣ ਵਾਲ਼ੇ ਮੂਲ ਰੂਪ ਵਿੱਚ ਪੰਡਤ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ 'ਮਾਤਾ ਸਤੀ' ਦੀ ਪੂਜਾ ਕਰਨ

ਲਈ ਪਿੰਡ ਕੁੱਸਾ ਮੀਨੀਆਂ ਵਿਖੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਾਤਾ ਸਤੀ ਦੀ ਮੰਨ-ਮਨੌਤ ਉਹਨਾਂ ਦੇ ਮਾਤਾ-ਪਿਤਾ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਉਹ ਮਾਤਾ ਸਤੀ ਦੇ ਮੰਦਰ ਵਿਖੇ ਜਾ ਕੇ ਮੱਥਾ ਟੇਕਦੇ ਅਤੇ ਲੱਡੂ, ਲਾਲ ਚੁੰਨੀ, ਦੁੱਧ ਆਦਿ ਚੜ੍ਹਾਵੇ ਵਜੋਂ ਮਾਤਾ ਨੂੰ ਭੇਟ ਕਰਦੇ ਹਨ।

**65. ਜਟਾਣਾ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੋਜ-ਸਰਵੇਖਣ ਦੌਰਾਨ ਪਿੰਡ ਹਮੀਰਗੜ੍ਹ ਵਿੱਚ ਪਾਏ ਗਏ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਬਤ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਬਾਬਾ ਫੂਲ' ਹੈ, ਜਿਸ ਨੂੰ ਉਹ ਉਹਨਾਂ ਦੇ ਮਾਤਾ-ਪਿਤਾ ਦੇ ਸਮਿਆਂ ਤੋਂ ਮੰਨਦੇ ਆ ਰਹੇ ਹਨ। ਚੜ੍ਹਾਵੇ ਵਜੋਂ ਦੀਵਾਲੀ 'ਤੇ ਕੇਸਰੀ ਰੰਗ ਦਾ ਕੱਪੜਾ, ਦੇਗ, ਪ੍ਰਸ਼ਾਦ ਬਾਬਾ ਫੂਲ ਨੂੰ ਚੜ੍ਹਾਇਆ ਜਾਂਦਾ ਅਤੇ ਮੱਥਾ ਟੇਕਿਆ ਜਾਂਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਇਹ ਵੀ ਦੱਸਿਆ ਕਿ 1 ਹਾੜ੍ਹ ਨੂੰ ਫੂਲ ਵਿਖੇ ਬਾਬਾ ਫੂਲ ਦੇ ਸੰਬੰਧ ਵਿੱਚ ਮੇਲਾ ਵੀ ਲੱਗਦਾ ਹੈ।

**66. ਜੋਸ਼ੀ –** ਬਠਿੰਡੇ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕਾਂਗੜ ਵਿੱਚ ਪਾਏ ਗਏ ਪੰਡਤ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਇਸ ਗੋਤ ਦੇ ਲੋਕ 'ਮਾਤਾ ਸਤੀ' ਦੀ ਪੂਜਾ ਕਰਨ ਲਈ ਪਿੰਡ ਹਠੂਰ ਵਿਖੇ ਜਾਂਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਭਾਦੋਂ ਦੀ ਮੱਸਿਆ ਨੂੰ ਮਾਤਾ ਸਤੀ ਦੇ ਮੰਦਰ 'ਤੇ ਮੱਥਾ ਟੇਕਣ ਲਈ ਉਹਨਾਂ ਵਾਸਤੇ ਸਵੇਰੇ 12 ਵਜੇ ਤੋਂ ਪਹਿਲਾਂ ਪਹੁੰਚਣਾ ਜ਼ਰੂਰੀ ਹੈ। ਚੜ੍ਹਾਵੇ ਦੇ ਤੌਰ 'ਤੇ ਉਹ ਲਾਲ ਚੁੰਨੀ, ਲੱਡੂ, ਪਤਾਸੇ ਆਦਿ ਮਾਤਾ ਨੂੰ ਚੜ੍ਹਾਉਂਦੇ ਹਨ।

**67. ਝੋਜਾ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਨਿਉਰ ਵਿੱਚ ਵਸਦੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**68. ਝੰਜੋਤਰਾ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਗੰਗਾ ਵਿੱਚ ਵਸਦੇ ਰਵਿਦਾਸੀਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਉਂਝ ਇਸ ਗੋਤ ਦੇ ਲੋਕਾਂ ਦੇ ਜਠੇਰੇ ਦਾ ਨਾਮ ਉਹਨਾਂ ਦੇ ਦੱਸਣ ਮੁਤਾਬਿਕ 'ਸਾਈਂ ਦਾਸ' ਹੈ।

**69. ਟੋਪਰਾ –** ਟੋਪਰਾ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਰਾਇਪੁਰ ਵਿਖੇ ਪਾਇਆ ਗਿਆ ਅਤੇ ਇਹ ਮਹਿਰੇ ਸਿੱਖਾਂ ਦਾ ਇੱਕ ਗੋਤ ਹੈ। ਇਸ ਗੋਤ ਦੇ ਲੋਕ ਆਪਣੇ ਵੱਡੇ-ਵਡੇਰੇ ਵਜੋਂ 'ਆਤਾ' ਨੂੰ ਮੰਨਦੇ ਹਨ ਜਿਸ ਦੀ ਮਾਨਤਾ ਕਰਨ ਲਈ ਉਹ ਆਪਣੇ ਪਿੰਡ ਵਿਖੇ ਹੀ ਬਣੇ ਹੋਏ ਸਥਾਨ 'ਤੇ ਜਾਂਦੇ ਹਨ। ਵਿਆਹ-ਸ਼ਾਦੀ ਜਾਂ ਦੀਵਾਲੀ ਮੌਕੇ ਇਸ ਜਠੇਰੇ ਦੇ ਨਾਮ ਦੀ ਮਿੱਟੀ ਕੱਢੀ ਜਾਂਦੀ ਹੈ ਅਤੇ ਮੱਥਾ ਟੇਕ ਕੇ ਪੰਜ ਕਾਪੜੀ ਦਿੱਤੀ ਜਾਂਦੀ ਹੈ।

**70. ਡਾਂਗਵਾਲੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜੀਦਾ ਵਿਖੇ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਬਾਜੀਗਰ ਬਰਾਦਰੀ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਅਗਿਆਤ ਜਠੇਰੇ ਦੀ ਮਾਨਤਾ ਲਈ ਅੱਠ ਹਾੜ੍ਹ ਨੂੰ ਪਿੰਡ ਜੰਡਾਂਵਾਲਾ ਵਿਖੇ ਮੱਥਾ ਟੇਕਣ ਲਈ ਜਾਂਦੇ ਹਨ।

**71. ਢੱਡੇ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਪਾਏ ਗਏ ਢੱਡੇ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਅਤੇ ਪੂਜਾ-ਵਿਧੀਆਂ ਸੰਬੰਧੀ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**72. ਢਿੱਲੋਂ –** ਜੱਟ ਸਿੱਖ ਜਾਤੀ ਨਾਲ਼ ਸੰਬੰਧਿਤ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਸਿਰੀਏਵਾਲਾ, ਬੁਰਜ ਥਰੋੜ, ਮਲੂਕਾ, ਜੰਡਾਂਵਾਲਾ, ਖੇਮੂਆਣਾ, ਜੀਦਾ, ਹਰਰਾਏਪੁਰ, ਹਰਰੰਗਪੁਰਾ (ਗੋਬਿੰਦਪੁਰਾ), ਰਾਜਗੜ੍ਹ, ਜਲਾਲ, ਕੋਠਾ ਗੁਰੂ ਕਾ ਦਿਆਲਪੁਰਾ ਭਾਈ ਕਾ, ਦੁੱਲੇਵਾਲਾ, ਭਾਈ ਰੂਪਾ, ਭਾਗੀਵਾਂਦਰ, ਚੱਠੇਵਾਲਾ, ਸੇਲਬਰਾ, ਸੁੱਖਾ ਸਿੰਘ ਵਾਲਾ ਵਿੱਚ ਪਾਇਆ ਗਿਆ।

ਜ਼ਿਲ੍ਹਾ ਬਠਿੰਡਾ ਦੇ ਮਲੂਕਾ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਜੱਟ ਆਪਣੇ ਪਿੰਡ ਵਿਚਲੇ ਖੇਤਾਂ ਵਿੱਚ ਹੀ ਬਣੀ ਪੁਰਖੇ ਦੀ ਮੜ੍ਹੀ (ਮਟੀ) ਦੀ ਪੂਜਾ ਕਰਦੇ ਹਨ। ਜਦ ਕਿ ਪਿੰਡ ਜੰਡਾਂਵਾਲਾ ਦੇ ਢਿੱਲੋਂ ਅਗਿਆਤ ਪੁਰਖੇ ਦੀ ਆਪੋ-ਆਪਣੇ ਘਰਾਂ ਵਿੱਚ ਬਣਾਈ ਮੜ੍ਹੀ (ਮਟੀ) ‘ਤੇ ਹੀ ਮੱਥਾ ਟੇਕਦੇ, ਪ੍ਰਸ਼ਾਦ ਵੰਡ ਕੇ ਖਾਂਦੇ ਅਤੇ ਦੀਵਾਲੀ ਮੌਕੇ ਪੰਜ ਕਾਪੜੀ ਦਿੰਦੇ ਹਨ। ਇਸ ਤੋਂ ਇਲਾਵਾ ਪਿੰਡ ਸੁੱਖਾ ਸਿੰਘ ਵਾਲਾ ਅਤੇ ਦੁੱਲੇਵਾਲਾ ਦੇ ਢਿੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ।

**73. ਤਾਇਲ –** ਮੂਲ ਰੂਪ ਵਿੱਚ ਵਿੱਚ ਹਿੰਦੂ ਬਰਾਦਰੀ ਦੇ ਗੋਤ ਤਾਇਲ ਦੀ ਨਿਸ਼ਾਨਦੇਹੀ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿਖੇ ਕੀਤੀ ਗਈ। ਇਸ ਪਿੰਡ ਦੇ ਤਾਇਲ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ। ਉਹਨਾਂ ਦੇ ਦੱਸਣ ਮੁਤਾਬਿਕ ਉਹ ਡੇਰਾ ਰਾਧਾ ਸੁਆਮੀ ਬਿਆਸ ਦੇ ਪੈਰੋਕਾਰ ਹਨ।

**74. ਤਸਕਰ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇ ਦੇ ਦੌਰਾਨ ਪਿੰਡ ਹਾਕਮ ਸਿੰਘ ਵਾਲਾ ਵਿਖੇ ਪਾਏ ਗਏ ਤਸਕਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ।

**75. ਤਾਗੜੀ –** ਖੱਤਰੀ ਬਰਾਦਰੀ ਨਾਲ਼ ਸੰਬੰਧਿਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਵਿਖੇ ਪਾਏ ਜਾਣ ਵਾਲ਼ੇ ਇਸ ਗੋਤ ਦੇ ਲੋਕ ਆਪਣੇ ਅਗਿਆਤ ਵੱਡੇ-ਵਡੇਰੇ ਨੂੰ ਪਿੰਡ ਵਿੱਚ ਹੀ ਬਣੀ ਹੋਈ ਜਗ੍ਹਾ ‘ਤੇ ਜਾ ਕੇ ਮੰਨਦੇ ਹਨ।

**76. ਤੰਗੜ –** ਮੂਲ ਰੂਪ ਵਿੱਚ ਮਜ਼ਬੀ ਸਿੱਖਾਂ ਦਾ ਗੋਤ ਤੰਗੜ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਹਰਰਾਏਪੁਰ ਅਤੇ ਹਮੀਰਗੜ੍ਹ ਵਿੱਚ ਪਾਇਆ ਗਿਆ। ਪਿੰਡ ਹਰਰਾਏਪੁਰ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**77. ਤੂਰ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਹਾਕਮ ਸਿੰਘ ਵਾਲਾ ਵਿਖੇ ਪਾਏ ਗਏ ਮੁਸਲਮਾਨ ਬਰਾਦਰੀ ਨਾਲ਼ ਸੰਬੰਧਿਤ ਤੂਰ ਗੋਤ ਦੇ ਮੁਸਲਮਾਨ ਕਿਸੇ ਜਠੇਰੇ ਨੂੰ ਨਹੀਂ ਮੰਨਦੇ। ਉਹ ਇੱਕ ਅੱਲ੍ਹਾ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ।

**78. ਥਿੰਗੜ –** ਥਿੰਗੜ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਉੱਘੇ ਪਿੰਡ ਭਗਤਾ ਭਾਈ ਵਿੱਚ ਪਾਇਆ ਗਿਆ। ਇਸ ਪਿੰਡ ਦੇ ਥਿੰਗੜ ਕਿਸੇ ਜਠੇਰੇ ਦੀ ਥਾਂ 'ਦੇਵੀ ਮਾਤਾ' ਦੇ ਉਪਾਸਕ ਹਨ।

**79. ਧਨੋਆ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਤਿੰਨ ਪਿੰਡਾਂ ਖਿਆਲੀਵਾਲਾ, ਕੋਠਾ ਗੁਰੂ ਕਾ ਅਤੇ ਗਿੱਦੜ ਵਿੱਚ ਪਾਇਆ ਗਿਆ ਇਹ ਗੋਤ ਮੂਲ ਰੂਪ ਵਿੱਚ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਗਿੱਦੜ ਦੇ ਧਨੋਆ ਗੋਤ ਦੇ ਲੋਕ ਪਿੰਡ ਮਹਿਰਾਜ ਵਿਖੇ ਬਣੀ ਅਗਿਆਤ ਜਠੇਰੇ ਦੀ ਮਟੀ ਨੂੰ ਪੂਜਦੇ ਹਨ। ਉਹ ਚੌਦੇਂ-ਮੱਸਿਆ ਨੂੰ ਮਟੀ 'ਤੇ ਲੱਸੀ ਚੜ੍ਹਾਉਂਦੇ ਅਤੇ ਜਠੇਰੇ ਦੇ ਨਾਂ ਦੀ ਪੰਜ ਕਾਪੜੀ ਦੇ ਕੇ ਪ੍ਰਸ਼ਾਦ ਵੰਡਦੇ ਹਨ।

**80. ਧੰਮੂ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੋਡੀਪੁਰਾ ਵਿੱਚ ਵਸਦੇ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਤੋਂ ਜਠੇਰਿਆਂ ਦੀ ਮੰਨ-ਮਨੌਤ ਬਾਰੇ ਪੁੱਛਣ 'ਤੇ ਪਤਾ ਲੱਗਾ ਕਿ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**81. ਧੀਮਾਨ –** ਧੀਮਾਨ ਰਾਮਗੜ੍ਹੀਆ ਬਰਾਦਰੀ ਦਾ ਗੋਤ ਹੈ, ਜੋ ਜ਼ਿਆਦਾਤਰ ਦੁਆਬੇ ਵਿੱਚ ਰਹਿੰਦੇ ਹਨ। ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਗਿੱਦੜ, ਕੋਠਾ ਗੁਰੂ ਕਾ, ਆਕਲੀਆ, ਸਲਾਬਤਪੁਰਾ, ਭਗਤਾ ਭਾਈ ਆਦਿ ਪਿੰਡਾਂ ਵਿੱਚ ਪਾਏ ਗਏ ਧੀਮਾਨ ਗੋਤ ਦੇ ਲੋਕ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**82. ਧਾਲੀਵਾਲ –** ਧਾਲੀਵਾਲ ਗੋਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਭਗਤਾ ਭਾਈ, ਸਿਰੀਏਵਾਲਾ, ਬੁਰਜ ਥਰੋੜ, ਖੇਮੂਆਣਾ, ਜੀਦਾ, ਅਮਰਗੜ੍ਹ, ਖਿਆਲੀਵਾਲਾ, ਗੋਬਿੰਦਪੁਰਾ, ਗੰਗਾ, ਹਮੀਰਗੜ੍ਹ, ਆਕਲੀਆ, ਜਲਾਲ, ਦਿਆਲਪੁਰਾ, ਕਾਂਗੜ, ਸਲਾਬਤਪੁਰਾ, ਕੋਠਾ ਗੁਰੂ ਕਾ, ਦੁੱਲੇਵਾਲਾ, ਭਾਈ ਰੂਪਾ,

ਸੇਲਬਰਾ ਅਤੇ ਰਾਜਗੜ੍ਹ ਵਿਖੇ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ *ਜੱਟਾਂ ਦਾ ਇਤਿਹਾਸ* ਪੁਸਤਕ ਵਿੱਚ ਧਾਲੀਵਾਲ ਗੋਤ ਦੇ ਜਠੇਰੇ ਬਾਰੇ ਦੱਸਦੇ ਹੋਏ ਲਿਖਦੇ ਹਨ:

> ਬਾਬਾ ਸਿੱਧ ਭੋਇੰ ਦਾ ਮੇਲਾ ਬਹੁਤ ਪ੍ਰਸਿੱਧ ਹੈ। ਹਾੜ੍ਹ ਮਹੀਨੇ ਦੀ ਤੇਰਸ ਨੂੰ ਮਾਨਸਾ ਦੇ ਨਜ਼ਦੀਕ ਪਿੰਡ ਕੋਟ ਲੱਲੂ ਵਿਖੇ ਸਿੱਧ ਭੋਇੰ ਦੇ ਸਥਾਨ 'ਤੇ ਧਾਲੀਵਾਲ ਭਾਈਚਾਰੇ ਦੇ ਲੋਕ ਦੂਰੋਂ-ਦੂਰੋਂ ਆਉਂਦੇ ਹਨ। ਤੇਰਸ ਵਾਲ਼ੇ ਦਿਨ ਬਜ਼ੁਰਗ ਧਾਲੀਵਾਲ ਲੋਕ ਆਪਣੀਆਂ ਨਵੀਆਂ ਨੂੰਹਾਂ ਨੂੰ ਇੱਥੇ ਮੱਥਾ ਟੇਕਣ ਲਈ ਲਿਆਉਂਦੇ ਹਨ। ਉਸ ਪਿੱਛੋਂ ਹੀ ਵਹੁਟੀ ਨੂੰ ਧਾਲੀਵਾਲ ਪਰਿਵਾਰ ਦਾ ਮੈਂਬਰ ਸਮਝਿਆ ਜਾਂਦਾ ਹੈ। ਇਸ ਪਵਿੱਤਰ ਮੌਕੇ 'ਤੇ ਧਾਲੀਵਾਲ ਆਪਣੀਆਂ ਸੁੱਖਾਂ ਸੁੱਖਦੇ ਹਨ, ਜੋ ਕਹਿੰਦੇ ਹਨ ਕਿ ਪੂਰੀਆਂ ਹੁੰਦੀਆਂ ਹਨ। (116)

ਜਠੇਰਿਆਂ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਪਿੰਡ ਸਲਾਬਤਪੁਰਾ ਵਿਖੇ ਧਾਲੀਵਾਲ ਜੱਟ ਸਿੱਖ ਪਿੰਡ ਕਾਂਗੜ ਵਿਖੇ ਬਣੀ ਹੋਈ 'ਬਾਬਾ ਮਹਿਲ ਮਿੱਠਾ' ਦੀ ਜਗ੍ਹਾ 'ਤੇ ਪੂਜਾ ਕਰਨ ਜਾਂਦੇ ਹਨ, ਜਿਸ ਨੂੰ ਕਿ ਉਹ ਆਪਣਾ ਵੱਡਾ-ਵਡੇਰਾ ਜਾਂ ਜਠੇਰਾ ਮੰਨਦੇ ਹਨ। ਵਿਸਾਖੀ ਨੂੰ ਇੱਥੇ ਬਾਬੇ ਦੀ ਯਾਦ ਵਿੱਚ ਮੇਲਾ ਵੀ ਲੱਗਦਾ ਹੈ, ਜਿੱਥੇ ਉਹ ਮਿੱਟੀ ਕੱਢਦੇ ਅਤੇ ਦੇਗ, ਦੁੱਧ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ।

ਸਿਰੀਏਵਾਲਾ ਪਿੰਡ ਦੇ ਧਾਲੀਵਾਲਾਂ ਨੇ ਪਿੰਡ ਲੱਲੂਆਣਾ ਤੋਂ ਮਿੱਟੀ ਲਿਆ ਕੇ ਆਪਣੇ ਪਿੰਡ ਵਿੱਚ ਹੀ ਆਪਣੇ ਜਠੇਰੇ ਦੀ ਜਗ੍ਹਾ ਬਣਾਈ ਹੋਈ ਹੈ। ਇਹਨਾਂ ਦੇ ਜਠੇਰੇ ਦਾ ਮੇਲਾ ਪੁੰਨਿਆ ਦੀ ਤੇਰਸ ਨੂੰ ਮਾਨਸਾ ਲਾਗੇ ਪਿੰਡ ਲੱਲੂਆਣਾ ਵਿਖੇ ਲੱਗਦਾ ਹੈ, ਜਿੱਥੇ ਉਹ ਮਿੱਟੀ ਕੱਢਦੇ ਹਨ।

ਅਗਲੇ ਪਿੰਡ ਅਮਰਗੜ੍ਹ ਦੇ ਧਾਲੀਵਾਲ ਬਲਾਹੜ ਵਿੰਝੂ ਪਿੰਡ ਵਿਖੇ ਜਾ ਕੇ 'ਸਿੱਧ ਤਿਲਕ ਰਾਉ' ਨੂੰ ਆਪਣਾ ਵੱਡਾ-ਵਡੇਰਾ ਕਲਪ ਕੇ ਉਸਦੀ ਪੂਜਾ ਕਰਦੇ ਹਨ ਅਤੇ ਚੜ੍ਹਾਵੇ ਵਜੋਂ ਦੁੱਧ, ਕਣਕ, ਗੁੜ ਅਤੇ ਪ੍ਰਸ਼ਾਦ ਆਦਿ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਦਸਵੀਂ 'ਤੇ ਮਿੱਟੀ ਵੀ ਕੱਢਦੇ ਹਨ।

ਇਸ ਤੋਂ ਇਲਾਵਾ ਆਕਲੀਆ ਪਿੰਡ ਦੇ ਧਾਲੀਵਾਲ ਕਿਸੇ ਜਠੇਰੇ ਨੂੰ ਨਾ ਮੰਨ ਕੇ 'ਮਲੇਰਕੋਟਲਾ ਵਾਲ਼ੇ ਪੀਰ' ਨੂੰ ਮੰਨਦੇ ਹਨ। ਪਿੰਡ ਦੁੱਲੇਵਾਲਾ ਦੇ ਵਸਨੀਕ ਧਾਲੀਵਾਲ ਪਿੰਡ ਵਿੱਚ ਹੀ ਬਣੇ 'ਬਾਬਾ ਮਨੀ ਸਿੰਘ' ਦੇ ਸਥਾਨ 'ਤੇ ਜਾ ਕੇ ਮੱਥਾ ਟੇਕਦੇ, ਖੁਸ਼ੀ ਸਮੇਂ ਰੁਮਾਲਾ ਚੜ੍ਹਾਉਂਦੇ ਅਤੇ ਦੇਗ ਵੰਡਦੇ ਹਨ। ਉਹਨਾਂ ਦਾ ਇਹ ਵੀ ਦੱਸਣਾ ਹੈ ਕਿ 6 ਜੂਨ ਤੋਂ 10 ਜੂਨ ਤੱਕ ਬਾਬਾ ਮਨੀ ਸਿੰਘ ਦੀ ਬਰਸੀ ਵੀ ਮਨਾਈ ਜਾਂਦੀ ਹੈ।

ਉਪਰੋਕਤ ਪਿੰਡਾਂ ਤੋਂ ਇਲਾਵਾ ਭਗਤਾ ਭਾਈ ਪਿੰਡ ਦੇ ਧਾਲੀਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਹੋਰ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ-ਅਰਚਨਾ ਕਰਨ ਤੋਂ ਇਨਕਾਰੀ ਹਨ।

**83. ਨਿੱਝਰ –** ਆਪਣੇ ਖੋਜ-ਕਾਰਜ ਨਾਲ਼ ਸੰਬੰਧਿਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਰਰੰਗਪੁਰਾ ਜਾਂ ਗੋਬਿੰਦਪੁਰਾ ਵਿੱਚ ਪਾਏ ਗਏ ਨਿੱਝਰ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਯਾਈ ਹੋਣ ਕਰਕੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**84. ਨੰਨ੍ਹੜੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਗੁਰੂਸਰ ਦੀ ਮਿਸਤਰੀ ਬਰਾਦਰੀ ਵਿੱਚ ਪਾਏ ਗਏ ਨੰਨ੍ਹੜੇ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ। ਉਹਨਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**85. ਨਾਮਸੋਤ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਜੀਦਾ ਵਿਖੇ ਪਾਏ ਗਏ ਬਾਜੀਗਰ ਜਾਤੀ ਨਾਲ਼ ਸੰਬੰਧਿਤ ਨਾਮਸੋਤ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**86. ਪਾਖਰ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਪਾਖਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**87. ਪਾਂਧੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸਿਰੀਏਵਾਲਾ ਵਿੱਚ ਵਸਦੇ ਪਾਂਧੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਪਾਂਧਾ ਰਾਮਗੜ੍ਹੀਆ ਬਰਾਦਰੀ ਦੇ ਕੰਬੋਜਾਂ ਨਾਲ਼ ਮਿਲਦੇ ਗੋਤਾਂ ਵਿੱਚੋਂ ਇੱਕ ਗੋਤ ਹੈ।" (200)

**88. ਪਨੇਸਰ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸਲਾਬਤਪੁਰਾ ਅਤੇ ਜਲਾਲ ਵਿੱਚ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਇੱਕ ਜੱਟਾਂ ਨਾਲ਼ ਮਿਲਦੇ ਗੋਤਾਂ ਵਿੱਚੋਂ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ।" (199)

ਪਿੰਡ ਜਲਾਲ ਦੇ ਕੁਝ ਪਨੇਸਰ ਡੇਰਾ ਸੱਚਾ ਸੌਦਾ ਸਿਰਸਾ ਦੇ ਅਨੁਯਾਈ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**89. ਪਨੈਚ –** ਪਿੰਡ ਨਿਉਰ ਦਾ ਇਹ ਇੱਕ ਜੱਟ ਗੋਤ ਹੈ। ਸੁਰਿੰਦਰ ਸਿੰਘ ਰਾਜਪੂਤ ਪਨੈਚ ਗੋਤ ਦੀਆਂ ਜਠੇਰਾ-ਪੂਜਾ ਦੀਆਂ ਰਸਮਾਂ ਬਾਰੇ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਇਹ ਜਠੇਰੇ ਅਤੇ ਜੰਡੀਆਂ ਦੋਹਾਂ ਦੀਆਂ ਰਸਮਾਂ ਪੂਰੀਆਂ ਕਰਦੇ ਹਨ। ਪਿੱਛੋਂ ਲਾੜਾ ਆਪਣੇ ਹੱਥੀਂ ਜੰਡੀ ਵੱਢਦਾ ਹੈ ਅਤੇ ਆਪਣੇ ਜਠੇਰੇ ਦੇ ਬਣੇ ਸਥਾਨ 'ਤੇ ਪੂਜਾ ਕਰਦਾ ਹੈ। ਪਰ ਵਾਪਸ ਆ ਕੇ ਸਜ-ਵਿਆਹਿਆ ਜੋੜਾ ਕੰਗਣਾ ਖੇਡਦਾ ਹੈ। ਗਾਂ ਜਾਂ ਮੱਝ ਦਾ ਪਹਿਲਾ ਦੁੱਧ ਵਰਤਣ ਤੋਂ ਪਹਿਲਾਂ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ।" (160)

ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਪਿੰਡ ਨਿਉਰ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**90. ਪਰਜਾਪੱਤ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਹਮੀਰਗੜ੍ਹ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਪਰਜਾਪੱਤ ਗੋਤ ਨਾਲ਼ ਸੰਬੰਧਿਤ ਲੋਕਾਂ ਨੂੰ ਜਠੇਰੇ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**91. ਬਹੁਟੀ –** ਮਿਸਤਰੀ ਬਰਾਦਰੀ ਦਾ ਗੋਤ ਬਹੁਟੀ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਮੀਰਗੜ੍ਹ ਵਿੱਚ ਪਾਇਆ ਗਿਆ। ਜਠੇਰੇ ਦੀ ਮੰਨ-ਮਨੌਤ ਬਾਰੇ ਬਹੁਟੀ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**92. ਬਹਿਣੀਵਾਲ –** ਬਹਿਣੀਵਾਲ ਗੋਤ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਮਲੂਕਾ ਅਤੇ ਕੋਠਾ ਗੁਰੂ ਕਾ ਵਿਖੇ ਮਿਲਿਆ। ਇਸ ਗੋਤ ਨਾਲ਼ ਸੰਬੰਧਿਤ ਜੱਟ ਸਿੱਖਾਂ ਦਾ ਕਹਿਣਾ ਹੈ ਕਿ ਉਹ ਆਪਣੇ ਪਿੰਡ ਵਿੱਚ ਹੀ ਬਣੀ ਅਗਿਆਤ ਜਠੇਰੇ ਦੀ ਜਗ੍ਹਾ ‘ਤੇ ਮੱਥਾ ਟੇਕਦੇ ਹਨ।

**93. ਬਾਗਰੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਜਲਾਲ ਵਿੱਚ ਪਾਏ ਗਏ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਬਾਗਰੀ ਗੋਤ ਦੇ ਲੋਕਾਂ ਨੂੰ ਜਠੇਰੇ ਦੀ ਮੰਨ-ਮਨੌਤ ਸੰਬੰਧੀ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**94. ਬਜਾਜ –** ਬਜਾਜ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਵਿਖੇ ਪਾਇਆ ਗਿਆ। ਇਸ ਪਿੰਡ ਦੇ ਬਜਾਜ ਗੋਤ ਦੇ ਹਿੰਦੂ ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰੇ ਦੀ ਮੰਨ-ਮਨੌਤ ਬਾਰੇ ਜਵਾਬ ਇਹ ਸੀ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**95. ਬਾਜਵਾ –** ਬਾਜਵਾ ਗੋਤ ਵੀ ਪੰਜਾਬ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਜੱਟ ਸਿੱਖ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**96. ਬੁੱਟਰ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਾਕਮ ਸਿੰਘ ਵਾਲਾ ਵਿੱਚ ਵਸਦੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਹਨਾਂ ਦਾ ਇਹ ਮੰਨਣਾ ਹੈ ਕਿ ਇਹਨਾਂ ਦੇ ਪੁਰਖੇ ਜਾਂ ਜਠੇਰੇ ਦਾ ਨਾਂ ‘ਬਾਬਾ ਹਰਰੰਗ ਦਾਸ’ ਹੈ, ਪਰ ਇਹ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**97. ਬਾਠ –** ਬਠਿੰਡਾ ਜ਼ਿਲ੍ਹੇ ਦੇ ਪਿੰਡ ਸੇਲਬਰਾ ਅਤੇ ਕੋਠਾ ਗੁਰੂ ਕਾ ਵਿੱਚ ਖੇਤਰੀ ਸਰਵੇਖਣ ਦੇ ਦੌਰਾਨ ਮੂਲ ਰੂਪ ਵਿੱਚ ਜੱਟ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਬਾਠ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਸੇਲਬਰਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**98. ਬੇਦੀ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਬੇਦੀ ਗੋਤ ਨਾਲ਼ ਸੰਬੰਧਿਤ ਖੱਤਰੀ ਲੋਕਾਂ ਨੇ ਜਠੇਰੇ ਬਾਰੇ ਪੁੱਛਣ ‘ਤੇ ਜੁਆਬ ਦਿੱਤਾ ਕਿ ਉਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ।

**99. ਬੰਦੇਸ਼ਾ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਵਸਦੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**100. ਬੰਬਰਾ –** ਮੂਲ ਰੂਪ ਵਿੱਚ ਤਰਖਾਣ (ਰਾਮਗੜ੍ਹੀਆ) ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ ਇਹ ਗੋਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਅਤੇ ਨਿਉਰ ਦੇ ਲੋਕਾਂ ਦਾ ਗੋਤ ਹੈ। ਪਿੰਡ ਦਿਆਲਪੁਰਾ ਦੇ ਬੰਬਰਾ ਗੋਤ ਦੇ ਲੋਕ ਦੇਵੀ ਮਾਤਾ ਦੀ ਉਪਾਸਨਾ ਕਰਨ ਲਈ ‘ਮਾਈਸਰਖ਼ਾਨੇ’ ਜਾਂਦੇ ਹਨ। ਉਹਨਾਂ ਨੇ ਅੱਗੇ ਦੱਸਿਆ ਕਿ ਵਿਆਹ-ਸ਼ਾਦੀ ਹੋਣ ‘ਤੇ ਉਹ ਮਾਈਸਰਖ਼ਾਨੇ ਵਿਖੇ ਜਾ ਕੇ ਗੰਢ-ਜੋੜਾ ਕਰਦੇ ਅਤੇ ਮਿੱਟੀ ਕੱਢਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਹਰ ਛਿਮਾਹੀ ‘ਤੇ ਦੇਵੀ ਮਾਤਾ ਨਾਲ਼ ਸੰਬੰਧਿਤ ਮੇਲਾ ਵੀ ਮਾਈਸਰਖ਼ਾਨਾ ਵਿਖੇ ਲੱਗਦਾ ਹੈ। ਪਿੰਡ ਨਿਉਰ ਦੇ ਬੰਬਰੇ ਵੀ ਮਾਈਸਰਖ਼ਾਨੇ ਵਿਖੇ ਦੇਵੀ-ਮਾਤਾ ਦੀ ਪੂਜਾ ਕਰਦੇ ਹਨ।

**101. ਬਰਾੜ –** ਆਪਣੇ ਖੋਜ-ਕਾਰਜ ਦੇ ਸੰਬੰਧ ਵਿੱਚ ਬਠਿੰਡਾ ਜ਼ਿਲ੍ਹੇ ਦਾ ਖੇਤਰੀ ਖੋਜ ਸਰਵੇਖਣ ਕਰਦਿਆਂ ਇਹ ਗੱਲ ਸਾਹਮਣੇ ਆਈ ਕਿ ਬਰਾੜ ਗੋਤ ਨਾਲ਼ ਸੰਬੰਧਿਤ ਲੋਕ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਕੋਠਾ ਗੁਰੂ ਕਾ, ਗਿੱਦੜ, ਰਾਜਗੜ੍ਹ, ਜਲਾਲ, ਸਲਾਬਤਪੁਰਾ, ਭਾਈ ਰੂਪਾ, ਸੇਲਬਰਾ ਅਤੇ ਭਾਗੀਵਾਂਦਰ ਵਿੱਚ ਵਸੇ ਹੋਏ ਹਨ। ਪਿੰਡ ਗਿੱਦੜ ਦੇ ਬਰਾੜ ਜੱਟ ਆਪਣੇ ਹੀ ਪਿੰਡ ਵਿੱਚ ਬਣੀਆਂ ‘ਬਾਬਾ ਬੁੱਢਣ ਸ਼ਾਹ’ ਦੀਆਂ ਮੜ੍ਹੀਆਂ (ਮਟੀਆਂ) ਦੀ ਪੂਜਾ ਕਰਦੇ ਹਨ ਅਤੇ ਚੌਦੇਂ-ਮੱਸਿਆ ‘ਤੇ ਲੱਸੀ ਅਤੇ ਦੇਗ ‘ਬਾਬਾ ਬੁੱਢਣ ਸ਼ਾਹ’ ਨੂੰ ਚੜ੍ਹਾਵੇ ਵਜੋਂ ਭੇਟ ਕਰਦੇ ਹਨ। ਉਹਨਾਂ ਦੇ ਦੱਸਣ ਮੁਤਾਬਿਕ ਚੇਤ ਦੇ ਮਹੀਨੇ ਪਿੰਡ ‘ਨਥਾਣਾ’ ਵਿਖੇ ਬਾਬਾ ਬੁੱਢਣ ਸ਼ਾਹ ਨਾਲ਼ ਸੰਬੰਧਿਤ ਮੇਲਾ ਵੀ ਲੱਗਦਾ ਹੈ।

**102. ਬਾਲੂ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਇਸ ਜ਼ਿਲ੍ਹੇ ਦੇ ਪਿੰਡ ਮਲੂਕਾ ਵਿਖੇ ਪਾਇਆ ਗਿਆ ਮਜ਼੍ਹਬੀ ਸਿੱਖ ਬਰਾਦਰੀ ਦਾ ਗੋਤ ਬਾਲੂ ਕਿਸੇ ਅਗਿਆਤ ਜਠੇਰੇ ਨੂੰ ਮੰਨਦਾ ਹੈ ਅਤੇ ਚੇਤ ਦੀ ਚੌਦੇਂ ਨੂੰ ਜਠੇਰੇ ਦੇ ਨਾਂ ਦੀ ਮਿੱਟੀ ਕੱਢਦਾ ਹੈ।

**103. ਬਿਲਾਸੀ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਦਿਆਲਪੁਰਾ ਭਾਈ ਕਾ ਵਿੱਚ ਪਾਏ ਗਏ ਬਿਲਾਸੀ ਗੋਤ ਦੇ ਲੋਕ 'ਨਿਗਾਹੇ ਵਾਲ਼ੇ ਪੀਰ' ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**104. ਬਾਵਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਭਗਤਾ ਭਾਈ, ਭੋਡੀਪੁਰਾ, ਕੋਠਾ ਗੁਰੂ ਕਾ ਵਿਖੇ ਵਸਦੇ ਬੈਰਾਗੀ ਜਾਤੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਇੱਕ ਪ੍ਰਮੁੱਖ ਗੋਤ ਬਾਵਾ ਹੈ। ਇਹਨਾਂ ਨੂੰ 'ਬੈਰਾਗੀ ਬਾਵਾ' ਵੀ ਕਿਹਾ ਜਾਂਦਾ ਹੈ। ਪਿੰਡ ਭਗਤਾ ਭਾਈ ਦੇ ਬਾਵਾ ਗੋਤ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦੱਸਿਆ ਕਿ ਉਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ।

**105. ਭਾਖਰ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਗੋਤ ਭਾਖਰ ਨਾਲ਼ ਸੰਬੰਧਿਤ ਪਿੰਡ ਕੋਠਾ ਗੁਰੂ ਕਾ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੀ ਹੋਈ ਮਟੀ 'ਤੇ ਚੇਤ ਮਹੀਨੇ ਦੀ ਚੌਦੇਂ ਨੂੰ ਮੱਥਾ ਟੇਕਦੇ ਤੇ ਦੀਵਾ ਜਗਾਉਂਦੇ ਹਨ।

**106. ਭੰਗੂ –** ਖੇਤਰੀ ਖੋਜ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਅਨੇਕਾਂ ਪਿੰਡਾਂ; ਜਿਵੇਂ ਕਿ ਜੰਡਾਂਵਾਲਾ, ਹਾਕਮ ਸਿੰਘ ਵਾਲਾ, ਹਮੀਰਗੜ੍ਹ, ਸੇਲਬਰਾ ਆਦਿ ਵਿੱਚ ਭੰਗੂ ਗੋਤ ਪਾਇਆ ਗਿਆ। ਪਿੰਡ ਹਾਕਮ ਸਿੰਘ ਵਾਲਾ ਦੇ ਭੰਗੂ ਜੱਟ ਸਿੱਖ ਪਿੰਡ ਰੌਂਤੇ ਵਿਖੇ 'ਸ਼ਹੀਦ ਬਾਬਾ ਨੌਧ' ਸਿੰਘ ਨਾਮੀ ਆਪਣੇ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਅਤੇ ਬਾਬੇ ਦੇ ਸਥਾਨ 'ਤੇ ਦੁੱਧ ਚੜ੍ਹਾਉਂਦੇ ਅਤੇ ਉਸ ਦੇ ਨਾਮ ਦੇ ਕੱਪੜੇ ਘਰ ਦੇ ਮੁਖੀ ਨੂੰ ਪਵਾਉਂਦੇ ਹਨ। ਇਸ ਤੋਂ ਇਲਾਵਾ ਪਿੰਡ ਸੇਲਬਰਾ ਦੇ ਰਾਜੇ ਸਿੱਖ 'ਬਾਬਾ ਸ਼ਹੀਦ' ਦੇ ਨਾਂ ਦੀ ਆਪਣੇ ਖੇਤਾਂ ਵਿੱਚ ਹੀ ਮਿੱਟੀ ਕੱਢਦੇ ਅਤੇ ਨਿਗਾਹੇ ਵਿਖੇ ਜਾ ਕੇ ਨਿਗਾਹੇ ਵਾਲ਼ੇ ਪੀਰ' ਦੀ ਦਰਗਾਹ ਉੱਤੇ ਹਰੇ ਰੰਗ ਦੀ ਚਾਦਰ ਚੜ੍ਹਾਉਂਦੇ, ਨਿਆਜ਼ ਵੰਡਦੇ ਤੇ ਚੌਂਕੀਆਂ ਭਰਦੇ ਹਨ।

**107. ਭੱਟੀ –** ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਬਠਿੰਡਾ ਜ਼ਿਲ੍ਹੇ ਦੇ ਜੰਡਾਂਵਾਲਾ, ਹਰਰਾਏਪੁਰ, ਖਿਆਲੀਵਾਲਾ, ਹਮੀਰਗੜ੍ਹ, ਜਲਾਲ, ਭਾਈ ਰੂਪਾ, ਕੋਠਾ ਗੁਰੂ ਕਾ ਆਦਿ ਪਿੰਡਾਂ ਵਿੱਚ ਵਸਦੇ ਹਨ ਜਿਨ੍ਹਾਂ ਵਿੱਚੋਂ ਪਿੰਡ ਖਿਆਲੀਵਾਲਾ ਅਤੇ ਭਗਤਾ ਭਾਈ ਦੇ ਭੱਟੀਆਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**108. ਭੰਡਾਰਾ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਵਿੱਚ ਵਸਦੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**109. ਭਨੋਂਤ –** ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਵਿੱਚ ਪਾਏ ਗਏ ਮੂਲ ਰੂਪ ਵਿੱਚ ਪੰਡਤ ਬਰਾਦਰੀ ਦੇ ਗੋਤ ਭਨੋਂਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੇ ਨਾਂ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ।

**110. ਭਰੀ –** ਜ਼ਿਲ੍ਹਾ ਬਠਿੰਡਾ ਦੀ ਹੱਦ ਅੰਦਰ ਆਉਂਦੇ ਪਿੰਡਾਂ ਮਲੂਕਾ, ਜੰਡਾਂਵਾਲਾ, ਜੀਦਾ, ਖਿਆਲੀਵਾਲਾ, ਕੋਠਾ ਗੁਰੂ ਕਾ ਵਿੱਚ ਪਾਏ ਗਏ ਭਰੀ ਗੋਤ ਨਾਲ਼ ਸੰਬੰਧਿਤ ਪਿੰਡ ਮਲੂਕਾ ਦੇ ਲੋਕ ਪਿੰਡ ਵਿੱਚ ਹੀ ਬਣੇ ਆਪਣੇ ਜਠੇਰਿਆਂ 'ਮੋਹਨ ਸਿੰਘ' ਅਤੇ 'ਗੁਲਾਬ ਸਿੰਘ' ਦੇ ਸਥਾਨਾਂ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ। ਉਹ ਜਠੇਰਿਆਂ ਦੇ ਸਥਾਨਾਂ ਉੱਪਰ ਲੱਸੀ ਅਤੇ ਦੇਗ ਚੜ੍ਹਾਉਂਦੇ ਅਤੇ ਦੀਵਾਲੀ ਮੌਕੇ ਵਡੇਰਿਆਂ ਦੇ ਨਾਂ ਦੀ ਰੋਟੀ ਖਵਾ ਕੇ, ਪੰਜ ਕਾਪੜੀ ਦਿੰਦੇ ਹਨ।

**111. ਭਰਾਈ –** ਆਪਣੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਜਲਾਲ ਵਿੱਚ ਪਾਏ ਗਏ ਮੁਸਲਮਾਨ ਬਰਾਦਰੀ ਨਾਲ ਸੰਬੰਧਿਤ ਗੋਤ ਭਰਾਈ ਨਾਲ਼ ਸੰਬੰਧ ਰੱਖਣ ਵਾਲ਼ੇ ਮੁਸਲਮਾਨ ਮਸਜਿਦ ਅੰਦਰ ਨਮਾਜ਼ ਅਦਾ ਕਰਦੇ ਅਤੇ ਖੁਦਾ ਵਿੱਚ ਵਿਸ਼ਵਾਸ ਰੱਖਦੇ ਹਨ। ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**112. ਭੱਲਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਭੱਲਾ ਗੋਤ ਪਿੰਡ ਕੋਠਾ ਗੁਰੂ ਕਾ ਵਿੱਚ ਪਾਇਆ ਗਿਆ ਅਤੇ ਇਸ ਪਿੰਡ ਦੇ ਭੱਲਾ ਗੋਤ ਨਾਲ਼ ਸੰਬੰਧਿਤ ਖੱਤਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**113. ਭੁੱਲਰ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਖੇਮੂਆਣਾ ਵਿੱਚ ਵਸਦੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕਾਂ ਨਾਲ਼ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਜ਼ਿਕਰਯੋਗ ਹੈ ਕਿ ਇਸ ਪਿੰਡ ਦੇ ਕੁਝ ਭੁੱਲਰ ਸਾਲ ਵਿੱਚ ਦੋ ਵਾਰ ਪਿੰਡ 'ਮਾੜੀ ਮਹਿਰਾਜ' ਵਿਖੇ ਆਪਣੇ ਅਗਿਆਤ ਜਠੇਰੇ ਨੂੰ ਮੰਨਣ ਲਈ ਜਾਂਦੇ ਹਨ।

**114. ਮਹਿਤਾ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਖੋਜ ਸਰਵੇਖਣ ਦੌਰਾਨ ਪਿੰਡ ਜਲਾਲ ਵਿਖੇ ਪਾਏ ਗਏ ਗੋਤ ਮਹਿਤਾ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਬਣੀ ਅਗਿਆਤ ਜਠੇਰੇ ਦੀ ਮਨੌਤ ਕਰਦੇ ਅਤੇ ਉਸ ਦੇ ਸਥਾਨ 'ਤੇ ਚੇਤ ਮਹੀਨੇ ਦੀ ਚੌਦੇਂ ਨੂੰ ਮਿੱਟੀ ਕੱਢਦੇ ਹਨ।

**115. ਮੁਖੀਜਾ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਾਕਮ ਸਿੰਘ ਵਾਲਾ ਵਿਖੇ ਪਾਇਆ ਗਿਆ ਗੋਤ ਮੁਖੀਜਾ ਹਿੰਦੂ ਧਰਮ ਦੀ ਅਰੋੜਾ ਬਰਾਦਰੀ ਨਾਲ਼ ਸੰਬੰਧਿਤ ਹੈ ਅਤੇ ਅਰੋੜੇ 'ਸ਼ਿਵ ਜੀ' ਦੇ ਪੁਜਾਰੀ ਹਨ। ਉਹਨਾਂ ਦੇ ਕਹਿਣ ਅਨੁਸਾਰ ਉਹਨਾਂ ਦਾ ਕੋਈ ਜਠੇਰਾ ਨਹੀਂ ਹੈ।

**116. ਮਗਜਲੇ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਜਲਾਲ ਵਿੱਚ ਪਾਏ ਗਏ ਮਗਜਲਾ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**117. ਮਾਘੜੇ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੁਰਜ ਥਰੋੜ ਵਿੱਚ ਵਸਦੇ ਰਵਿਦਾਸੀਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**118. ਮੱਟੂ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਪਿੰਡ ਨਿਉਰ ਅਤੇ ਹਮੀਰਗੜ੍ਹ ਵਿੱਚ ਪਾਏ ਗਏ ਗੋਤ ਮੱਟੂ ਨਾਲ਼ ਸੰਬੰਧਿਤ ਲੋਕਾਂ ਨੂੰ ਜਦ ਉਹਨਾਂ ਦੇ ਜਠੇਰੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਵਿੱਚੋਂ ਪਿੰਡ ਨਿਉਰ ਦੇ ਲੋਕਾਂ ਨੇ ਦੱਸਿਆ ਕਿ ਉਹ ਜਠੇਰੇ ਨੂੰ ਨਹੀ,ਂ ਸਗੋਂ 'ਲਾਲਾਂ ਵਾਲ਼ੇ ਪੀਰ' ਨੂੰ ਮੰਨਦੇ ਹਨ ਜਦ ਕਿ ਪਿੰਡ ਹਮੀਰਗੜ੍ਹ ਦੇ ਮੱਟੂ 'ਕੋਟਲੇ ਵਾਲ਼ੇ (ਮਲੇਰਕੋਟਲੇ ਵਾਲ਼ੇ) ਪੀਰ ਨੂੰ ਮੰਨਦੇ ਹਨ।

**119. ਮਠਾੜੂ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈ ਕਾ ਅਤੇ ਭਾਈ ਰੂਪਾ ਵਿਖੇ ਪਾਏ ਗਏ ਮੰਡੇਰ ਗੋਤ ਨਾਲ਼ ਸੰਬੰਧਿਤ ਮਿਸਤਰੀ ਜਾਤ ਦੇ ਲੋਕਾਂ ਵਿੱਚੋਂ ਪਿੰਡ ਭਾਈ ਰੂਪਾ ਦੇ ਮਿਸਤਰੀ ਜਾਤੀ ਨਾਲ਼ ਸੰਬੰਧਿਤ ਮਠਾੜੂ 'ਬਾਬਾ ਵਿਸ਼ਵਕਰਮਾ' ਨੂੰ ਆਪਣਾ ਵੱਡ-ਵਡੇਰਾ ਮੰਨ ਕੇ ਉਸ ਦੀ ਮੰਨ-ਮਨੌਤ ਕਰਦੇ ਹਨ।

**120. ਮੁੰਡਾ –** ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਗਿੱਦੜ ਵਿਖੇ ਰਹਿੰਦੇ ਮਿਸਤਰੀ ਜਾਤੀ ਨਾਲ਼ ਸੰਬੰਧਿਤ ਇੱਕ ਪ੍ਰਮੁੱਖ ਗੋਤ 'ਮੁੰਡਾ' ਦੇ ਲੋਕਾਂ ਨਾਲ਼ ਜਠੇਰਾ-ਪੂਜਾ ਵਿਸ਼ੇ 'ਤੇ ਗੱਲਬਾਤ ਕਰਦਿਆਂ ਪਤਾ ਚੱਲਿਆ ਕਿ ਇਹ ਲੋਕ ਆਪੋ-ਆਪਣੀ ਸ਼ਰਧਾ ਅਨੁਸਾਰ ਆਪਣੇ ਪਿੰਡ ਵਿਖੇ ਹੀ ਬਣੀਆਂ ਆਪਣੇ ਵੱਡੇ-ਵਡੇਰਿਆਂ ਦੀਆਂ ਮੜ੍ਹੀਆਂ (ਮਟੀਆਂ) ਦੀ ਪੂਜਾ ਕਰਨ ਜਾਂਦੇ ਹਨ ਅਤੇ ਦੀਵਾਲੀ, ਚੌਦੇਂ ਨੂੰ ਮੱਥਾ ਟੇਕ ਕੇ ਪੰਜ ਕਾਪੜੀ ਦਿੰਦੇ ਹਨ। ਇਸ ਤੋਂ ਇਲਾਵਾ ਮੇਲੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਚੇਤ ਮਹੀਨੇ ਦੀ ਚੌਦੇਂ ਨੂੰ ਪਿੰਡ ਨਥਾਣੇ ਵਿਖੇ ਮੇਲਾ ਵੀ ਲੱਗਦਾ ਹੈ।

**121. ਮੰਡੇਰ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਭਾਈ ਰੂਪਾ ਅਤੇ ਸਲਾਬਤਪੁਰਾ ਵਿਖੇ ਪਾਏ ਗਏ ਮੰਡੇਰ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਭਾਈ ਰੂਪਾ ਦੇ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ ਅਤੇ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

**122. ਮਿੱਤਲ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਪਿੰਡ ਜੀਦਾ ਵਿਖੇ ਪਾਏ ਗਏ ਹਿੰਦੂ ਧਰਮ ਦੀ ਬਾਣੀਆ ਬਰਾਦਰੀ ਨਾਲ਼ ਸੰਬੰਧਿਤ ਗੋਤ ਮਿੱਤਲ ਦੇ ਲੋਕ 'ਦੇਵੀ ਮਾਤਾ' ਨੂੰ ਮੰਨਦੇ ਹਨ।

**123. ਮਾਨ –** ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਪਿੰਡ ਬੁਰਜ ਥਰੋੜ, ਭਗਤਾ ਭਾਈ, ਮਲੂਕਾ, ਗਿੱਦੜ, ਜੰਡਾਂਵਾਲਾ, ਮੌੜ, ਖੇਮੂਆਣਾ, ਹਰਰਾਇਪੁਰ, ਕੋਠਾ ਗੁਰੂ ਕਾ, ਹਰਰੰਗਪੁਰਾ (ਗੋਬਿੰਦਪੁਰਾ), ਖਿਆਲੀਵਾਲਾ, ਢੇਲਵਾਂ, ਹਮੀਰਗੜ੍ਹ ਦੇ ਮਾਨ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਪਾਸੋਂ ਜਦ ਉਹਨਾਂ ਦੇ

ਜਠੇਰਿਆਂ ਬਾਬਤ ਪੁੱਛਿਆ ਗਿਆ ਤਾਂ ਪਿੰਡ ਮਲੂਕਾ ਅਤੇ ਖੇਮੂਆਣਾ ਦੇ ਮਾਨਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡਾਂ ਵਿੱਚ ਮਾਨ ਸਥਾਨਕ ਖੇਤਾਂ ਵਿੱਚ ਹੀ ਸ਼ਹੀਦਾਂ ਦੀ ਪੂਜਾ ਕਰਦੇ, ਮਟੀ 'ਤੇ ਕੱਚੀ ਲੱਸੀ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ।

ਇਸ ਤੋਂ ਇਲਾਵਾ ਪਿੰਡ ਗਿੱਦੜ ਵਿਖੇ ਮਾਨ ਗੋਤ ਨਾਲ਼ ਸੰਬੰਧਿਤ ਤਕਰੀਬਨ 40 ਘਰ ਹਨ ਜੋ ਕਿ 'ਬਾਬਾ ਬੁੱਢਣ' ਦੀ ਪਿੰਡ ਵਿੱਚ ਹੀ ਬਣੀ ਜਗ੍ਹਾ 'ਤੇ ਜਾ ਕੇ ਮੱਥਾ ਟੇਕਦੇ ਹਨ ਅਤੇ ਚਿੱਟਾ ਕੱਪੜਾ ਤੇ ਡੱਬੀਦਾਰ ਸਾਫ਼ਾ ਬਾਬੇ ਦੇ ਨਾਂ ਦਾ ਦਿੰਦੇ ਹਨ। ਪਿੰਡ ਹਮੀਰਗੜ੍ਹ ਦੇ ਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**124. ਮੁਰੂਵਾਲਾ –** ਮੁਰੂਵਾਲਾ ਗੋਤ ਸਪੇਰਾ ਬਰਾਦਰੀ ਦਾ ਹੈ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਭਾਈ ਰੂਪਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ ਬਲਕਿ 'ਅਜਮੇਰ ਸ਼ਰੀਫ' (ਰਾਜਸਥਾਨ) ਵਿਖੇ ਪੀਰ ਦੀ ਪੂਜਾ ਕਰਨ ਲਈ ਜਾਂਦੇ ਹਨ।

**125. ਮਲੂਕ –** ਮਲੂਕ ਗੋਤ ਮੁਸਲਿਮ ਧਰਮ ਨਾਲ਼ ਸੰਬੰਧਿਤ ਹੈ। ਬਠਿੰਡਾ ਜ਼ਿਲ੍ਹੇ ਨਾਲ਼ ਸੰਬੰਧਿਤ ਆਪਣੇ ਖੇਤਰੀ ਖੋਜ ਸਰਵੇਖਣ ਦੌਰਾਨ ਪਿੰਡ ਜਲਾਲ ਵਿੱਚ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਬਣੀ ਮਸਜਿਦ ਵਿਖੇ ਜਾ ਕੇ ਨਮਾਜ਼ ਅਦਾ ਕਰਦੇ ਅਤੇ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਹਨ।

**126. ਮਾਲੜੇ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਮਾਲੜੇ ਗੋਤ ਪਿੰਡ ਹਰਰੰਗਪੁਰਾ ਜਾਂ ਗੋਬਿੰਦਪੁਰਾ ਵਿੱਚ ਪਾਈ ਗਈ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇੱਕ ਗੋਤ ਹੈ ਅਤੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਡੇਰਾ ਭਿਆਣਾ ਸਾਹਿਬ ਵਿਖੇ 'ਬਾਬਾ ਭਗਤੂ' ਨੂੰ ਮੰਨਦੇ ਹਨ ਅਤੇ ਦੇਗ, ਪਤਾਸੇ ਚੜ੍ਹਾਵੇ ਦੇ ਤੌਰ 'ਤੇ ਚੜ੍ਹਾਉਂਦੇ ਹਨ। ਉਹਨਾਂ ਨੇ ਦੱਸਿਆ ਕਿ ਲੋਹੜੀ ਅਤੇ ਦੀਵਾਲੀ ਨੂੰ ਇੱਥੇ ਮੇਲਾ ਵੀ ਲੱਗਦਾ ਹੈ।

**127. ਮੌੜ –** ਬਠਿੰਡਾ ਜ਼ਿਲ੍ਹੇ ਦਾ ਇੱਕ ਹੋਰ ਪ੍ਰਮੁੱਖ ਗੋਤ ਮੌੜ ਹੈ ਜੋ ਕਿ ਖੇਤਰੀ ਸਰਵੇਖਣ ਦੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਦੋ ਪਿੰਡਾਂ ਭਗਤਾ ਭਾਈ ਅਤੇ ਹਾਕਮ ਸਿੰਘ ਵਾਲਾ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਹਨਾਂ ਪਿੰਡਾਂ ਵਿੱਚੋਂ ਪਿੰਡ ਭਗਤਾ ਭਾਈ ਦੇ ਮੌੜ ਆਪਣੇ ਪਿੰਡ ਵਿਖੇ ਬਣੇ 'ਭੂਤਾਂ ਵਾਲ਼ੇ ਖੂਹ' ਲਾਗੇ ਬਣੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਨਤਮਸਤਕ ਹੁੰਦੇ ਹਨ।

**128. ਰਹਿਤੀਏ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਹਾਕਮ ਸਿੰਘ ਵਾਲਾ ਵਿਖੇ ਮੁਸਲਮਾਨ ਬਰਾਦਰੀ ਨਾਲ਼ ਸੰਬੰਧਿਤ ਗੋਤ ਰਹਿਤੀਏ ਦੇ ਲੋਕ ਇੱਕ ਅੱਲ੍ਹਾ ਦੇ ਅਨੁਯਾਈ ਹਨ।

**129. ਰਚਲੀਵਾਲ –** ਆਪਣੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੀਦਾ ਵਿਖੇ ਪਾਏ ਗਏ ਗੋਤ ਰਚਲੀਵਾਲ ਨਾਲ਼ ਸੰਬੰਧਿਤ ਪਿੰਡ ਜੀਦਾ ਦੇ ਨਾਈ ਸਿੱਖ ਬਰਾਦਰੀ ਦੇ ਲੋਕਾਂ ਪਾਸੋਂ ਉਹਨਾਂ ਦੇ ਜਠੇਰੇ ਬਾਰੇ

ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ‘ਸੈਨ ਭਗਤ’ ਦੀ ਪੂਜਾ ਕਰਦੇ ਹਨ, ਜਿਸ ਦਾ ਸਥਾਨ ਪਿੰਡ ਵਿਖੇ ਹੀ ਬਣਿਆ ਹੋਇਆ ਹੈ।

130. **ਰਤਨ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਭਗਤਾ ਭਾਈ ਵਿਖੇ ਪਾਏ ਗਏ ਛੀਂਬਾ ਸਿੱਖ ਬਰਾਦਰੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੇ ਜਠੇਰੇ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਰਤਨ ਗੋਤ ਦੇ ਲੋਕ ਸੁਖਾਨੰਦ ਵਿਖੇ ਬਣੇ ਸਥਾਨ ‘ਤੇ ਆਪਣੇ ਜਠੇਰੇ ‘ਅਮਰ ਸਿੰਘ’ ਦੀ ਮੰਨ-ਮਨੌਤ ਕਰਨ ਲਈ ਜਾਂਦੇ ਹਨ। ਉਹਨਾਂ ਨੇ ਦੱਸਿਆ ਕਿ ਦੀਵਾਲੀ ਨੂੰ ਉਹ ਆਪਣੇ ਜਠੇਰੇ ‘ਅਮਰ ਸਿੰਘ’ ਦੇ ਨਾਂ ਦਾ ਦੀਵਾ ਜਗਾ ਕੇ ਮੱਥਾ ਟੇਕਦੇ ਅਤੇ ਲੱਡੂਆਂ ਦਾ ਪ੍ਰਸ਼ਾਦ ਵੰਡਦੇ ਹਨ।

131. **ਰਾਮਗੜ੍ਹੀਏ –** ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇਖਣ ਦੌਰਾਨ ਰਾਮਗੜ੍ਹੀਏ ਗੋਤ ਵੀ ਸੁਣਨ ਨੂੰ ਮਿਲਿਆ ਜੋ ਕਿ ਪਿੰਡ ਨਿਉਰ ਵਿੱਚ ਵਸਦੇ ਲੋਕਾਂ ਦਾ ਇੱਕ ਗੋਤ ਹੈ ਅਤੇ ਇਹ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

132. **ਲਖਨਪਾਲ –** ਜ਼ਿਲ੍ਹਾ ਬਠਿੰਡਾ ਦੇ ਆਪਣੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਗੋਤ ਲਖਨਪਾਲ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਆਪਣੇ ਪਿੰਡ ਵਿਖੇ ਹੀ ਆਪਣੇ ਖੇਤਾਂ ਵਿੱਚ ਬਣੀ ‘ਬਾਬਾ ਸ਼ਾਮ ਸਿੰਘ’ ਦੀ ਜਗ੍ਹਾ ‘ਤੇ ਪੂਜਾ ਕਰਦੇ ਹਨ। ਚੜ੍ਹਾਵੇ ਵਜੋਂ ਬਾਬੇ ਦੇ ਨਾਂ ਦੀ ਪੰਜ ਕਾਪੜੀ ਦਿੰਦੇ ਅਤੇ ਮੱਥਾ ਟੇਕ ਕੇ ਪ੍ਰਸ਼ਾਦ ਵੰਡਦੇ ਹਨ।

133. **ਲੱਧੜ –** ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਜੀਦਾ, ਗੰਗਾ, ਹਮੀਰਗੜ੍ਹ ਆਦਿ ਵਿਖੇ ਪਾਏ ਗਏ ਜੱਟ ਸਿੱਖ, ਮਜ਼੍ਹਬੀ ਸਿੱਖ ਅਤੇ ਜੋਗੀ ਨਾਥ (ਸਪੇਰੇ) ਬਰਾਦਰੀਆਂ ਨਾਲ਼ ਸੰਬੰਧਿਤ ਲੱਧੜ ਗੋਤ ਦੇ ਲੋਕਾਂ ਨਾਲ਼ ਜਠੇਰਿਆਂ ਬਾਰੇ ਗੱਲਬਾਤ ਕਰਨ ‘ਤੇ ਪਤਾ ਲੱਗਿਆ ਕਿ ਜੋਗੀ ਨਾਥ (ਸਪੇਰੇ) ਆਪਣੇ ਪਿੰਡ ਵਿੱਚ ਹੀ ਬਣੇ ਸਥਾਨ ‘ਤੇ ਆਪਣੇ ਵਡੇਰੇ ‘ਬੂਟਾ ਨਾਥ’ ਨੂੰ ਮੰਨਦੇ ਹਨ ਜਦ ਕਿ ਪਿੰਡ ਗੰਗਾ ਦੇ ਜੱਟ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

134. **ਲੱਲੜ੍ਹ –** ਬਠਿੰਡਾ ਜ਼ਿਲ੍ਹੇ ਦੇ ਆਪਣੇ ਖੇਤਰੀ ਖੋਜ ਸਰਵੇਖਣ ਦੌਰਾਨ ਪਿੰਡ ਆਕਲੀਆ ਅਤੇ ਜਲਾਲ ਵਿਖੇ ਪਾਏ ਗਏ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਗੋਤ ਲੱਲੜ੍ਹ ਦੇ ਲੋਕਾਂ ਨੇ ਆਪਣੇ ਜਠੇਰੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਦੀਵਾਲੀ ਨੂੰ ਪਿੰਡ ਰੌਂਤਾ ਵਿਖੇ ਬਣੇ ‘ਬਾਬਾ ਸ਼ਹੀਦ’ ਦੇ ਸਥਾਨ ‘ਤੇ ਉਸ ਦੀ ਮੰਨ-ਮਨੌਤ ਲਈ ਜਾਂਦੇ ਹਨ, ਜਿੱਥੇ ਜਾ ਕੇ ਉਹ ਬਾਬਾ ਸ਼ਹੀਦ ਨੂੰ ਮੱਥਾ ਟੇਕਦੇ ਅਤੇ ਦੇਗ ਵੰਡਦੇ ਹਨ।

135. **ਵੈਦ –** ਮਜ਼੍ਹਬੀ ਸਿੱਖ ਜਾਤੀ ਨਾਲ਼ ਸੰਬੰਧਿਤ ਗੋਤ ਵੈਦ ਦੀ ਨਿਸ਼ਾਨਦੇਹੀ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਖੇਮੂਆਣਾ ਵਿੱਚ ਕੀਤੀ ਗਈ ਅਤੇ ਇਸ ਗੋਤ ਨਾਲ਼ ਸੰਬੰਧਿਤ ਪਿੰਡ ਖੇਮੂਆਣਾ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**136. ਵਿਰਕ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਖਿਆਲੀਵਾਲਾ, ਜਲਾਲ ਅਤੇ ਕੋਠਾ ਗੁਰੂ ਕਾ ਵਿੱਚ ਸਰਵੇ ਅਧੀਨ ਲਿਆਂਦੇ ਗਏ ਗੋਤ ਵਿਰਕ ਨਾਲ਼ ਸੰਬੰਧਿਤ ਪਿੰਡ ਖਿਆਲੀਵਾਲਾ ਦੇ ਵਿਰਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਵਿਰਕ ਗੋਤ ਦੇ ਜਠੇਰੇ ਅਤੇ ਅਨੁਸ਼ਠਾਨ ਵਿਧੀਆਂ ਬਾਰੇ ਚਾਨਣਾ ਪਾਉਂਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਵਿਰਕਾਂ ਦੇ ਰਸਮ-ਰਿਵਾਜ਼ ਵੀ ਆਮ ਜੱਟਾਂ ਵਾਲ਼ੇ ਹੀ ਸਨ। ਵਿਆਹ ਵੇਲ਼ੇ ਜੰਡੀ ਵੱਢਣਾ, ਬੱਕਰੇ ਜਾਂ ਛੱਤਰੇ ਦੀ ਕੁਰਬਾਨੀ ਦੇਣਾ, ਸੀਰਨੀ ਤੇ ਮੰਡੇ ਦੇਣਾ ਆਦਿ ਸਨ। ਜਾਇਦਾਦ ਪਗੜੀ ਵੰਡ ਦੇ ਅਨੁਸਾਰ ਦਿੱਤੀ ਜਾਂਦੀ ਸੀ। ਧੀਆਂ ਨੂੰ ਜ਼ਮੀਨ ਨਹੀਂ ਦਿੱਤੀ ਜਾਂਦੀ ਸੀ। ਵਿਰਕਾਂ ਦਾ ਪਰੋਹਿਤ ਆਮ ਤੌਰ ‘ਤੇ ਮਿਰਾਸੀ ਹੀ ਹੁੰਦਾ ਸੀ। (166)

**137. ਵਾਲੀਆ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਠਾ ਗੁਰੂ ਕਾ ਵਿੱਚ ਪਾਏ ਗਏ ਵਾਲੀਆ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਨਹੀਂ ਕਰਦੇ।

**138. ਵੜਿੰਗ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਕਰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਵਿੱਚ ਵਸਦੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਇਸ ਗੋਤ ਦੇ ਲੋਕ ਕਿਸੇ ਵੀ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**141. ਸ਼ਰਮਾ –** ਬਠਿੰਡਾ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਭਗਤਾ ਭਾਈ ਅਤੇ ਮਲੂਕਾ ਵਿੱਚ ਵਸਦੇ ਸ਼ਰਮਾ ਗੋਤ ਦੇ ਲੋਕਾਂ ਵਿੱਚੋਂ ਪਿੰਡ ਮਲੂਕਾ ਦੇ ਸ਼ਰਮਾ ਆਪਣੇ ਖੇਤਾਂ ਵਿੱਚ ਬਣੀ ਹੋਈ ਅਗਿਆਤ ਜਠੇਰੇ ਦੀ ਮੜ੍ਹੀ ‘ਤੇ ਜਾ ਕੇ ਪੂਜਾ ਕਰਦੇ ਹਨ।

**140. ਸ਼ੇਰਗਿੱਲ** - ਸ਼ੇਰਗਿੱਲ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਗੋਤ ਹੈ। ਬਠਿੰਡਾ ਜ਼ਿਲ੍ਹਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਰਾਜਗੜ੍ਹ ਵਿੱਚ ਪਾਏ ਗਏ ਇਸ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

### 2.5 ਜਠੇਰਾ-ਪੂਜਾ ਸੰਬੰਧੀ ਲੋਕ ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ –

### ਪਰੰਪਰਾਗਤ ਦ੍ਰਿਸ਼ਟੀਕੋਣ:

ਅੱਜ ਅਸੀਂ ਭਾਵੇਂ ਇੱਕੀਵੀਂ ਸਦੀ ਵਿੱਚ ਪਹੁੰਚ ਗਏ ਹਾਂ, ਪਰ ਫਿਰ ਵੀ ਪੰਜਾਬੀ ਜਨ-ਜੀਵਨ ਵਿੱਚ ਲੋਕ-ਵਿਸ਼ਵਾਸਾਂ ਨੂੰ ਅਹਿਮ ਮਹੱਤਤਾ ਹਾਸਲ ਹੈ ਅਤੇ ਪੰਜਾਬੀ ਮਾਨਸਿਕਤਾ ਗਹਿਨ ਰੂਪ ਵਿੱਚ ਇਹਨਾਂ ਨਾਲ਼ ਜੁੜੀ ਹੋਈ ਹੈ। ਇਹ ਲੋਕ ਵਿਸ਼ਵਾਸ ਚਾਹੇ ਜਨਮ, ਵਿਆਹ ਅਤੇ ਮੌਤ ਨਾਲ਼ ਸੰਬੰਧਿਤ ਹੋਣ, ਚਾਹੇ ਜਠੇਰਾ-ਪੂਜਾ ਨਾਲ਼ ਜੁੜੇ ਹੋਣ ਸਾਡਾ ਲੋਕ-ਮਨ ਅੱਜ ਵੀ ਕਿਸੇ ਵਿਸ਼ਵਾਸ ਜਾਂ ਟੈਬੂ ਦੀ ਉਲੰਘਣਾ ਕਰਨ ਤੋਂ ਡਰਦਾ ਹੈ। ਜਠੇਰਾ-ਪੂਜਾ

ਪਿੱਛੇ ਕਾਰਜਸ਼ੀਲ ਵੱਖੋ-ਵੱਖਰੇ ਸਮਾਜਿਕ ਤੇ ਮਨੋਵਿਗਿਆਨਕ ਕਾਰਨਾਂ ਬਾਰੇ ਜਾਣਨਾ ਹੀ ਮੇਰੇ ਵਿਸ਼ੇ ਦਾ ਅਹਿਮ ਅੰਗ ਹੈ। ਅਸਲ ਗੱਲ ਇਹ ਹੈ ਕਿ ਸਾਡੇ ਵਿਹਾਰ ਵਿੱਚੋਂ ਲੋਕ-ਮਨ ਮਨਫ਼ੀ ਨਹੀਂ ਹੋ ਸਕਦਾ, ਕਿਸੇ ਨਾ ਕਿਸੇ ਪੱਧਰ 'ਤੇ ਇਹ ਕਾਰਜਸ਼ੀਲ ਹੀ ਰਹਿੰਦਾ ਹੈ। ਮਨੁੱਖੀ ਸਮਾਜ ਇੱਕ ਟੈਬੂ ਸਮਾਜ ਹੈ ਜਿਸ ਕਰਕੇ ਇਸ ਵਿੱਚ ਬਹੁਤ ਸਾਰੀਆਂ ਮਨਾਹੀਆਂ ਹੋਣ ਕਰਕੇ ਵਧੇਰੇ ਖੁੱਲ੍ਹਾਂ ਨਹੀਂ ਹਨ। ਇਸ ਲਈ ਖੇਤਰੀ ਕਾਰਜ ਦੌਰਾਨ ਵੱਖੋ-ਵੱਖ ਗੋਤਾਂ ਦੇ ਲੋਕਾਂ ਵੱਲੋਂ ਜਠੇਰਾ-ਪੂਜਾ ਸੰਬੰਧੀ ਪੇਸ਼ ਕੀਤੇ ਗਏ ਜ਼ਿਆਦਾਤਰ ਤੱਥ ਟੈਬੂ ਪ੍ਰਕਿਰਤੀ ਦੇ ਧਾਰਨੀ ਮਿਲੇ ਜਿਨ੍ਹਾਂ ਦੀ ਉਲੰਘਣਾ ਕਰਨ 'ਤੇ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ।

ਲੋਕਧਾਰਾ ਸਾਡੀ ਸਮਾਜਿਕ ਬਣਤਰ ਤੇ ਲੋਕ ਮਾਨਸਿਕਤਾ ਦਾ ਹੀ ਪ੍ਰਗਟਾਅ ਹੈ। ਲੋਕਧਾਰਾ ਲੋਕ-ਜੀਵਨ, ਲੋਕ-ਚਿਤ, ਲੋਕ-ਪਰੰਪਰਾ, ਲੋਕ ਕਲਾ, ਲੋਕ ਸਾਹਿਤ, ਲੋਕ ਵਿਸ਼ਵਾਸ ਤੇ ਸਭਿਆਚਾਰ ਨੂੰ ਸਮਝਣ ਦਾ ਉਹ ਵਸੀਲਾ ਹੈ, ਜਿਸ ਰਾਹੀਂ ਅਸੀਂ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਤੱਥਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਲੋਕਧਾਰਾ ਕਿਸੇ ਸਮਾਜ ਤੇ ਸਮਾਜ ਵਿੱਚ ਵਸਦੇ ਲੋਕਾਂ ਦੀ ਮਾਨਸਿਕਤਾ ਨਾਲ਼ ਸੰਬੰਧਿਤ ਹੁੰਦੀ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਵਿੱਚੋਂ ਸਮਾਜ ਅਤੇ ਉਸ ਸਮਾਜ ਦੀ ਮਾਨਸਿਕਤਾ ਝਲਕਦੀ ਨਜ਼ਰ ਆਉਂਦੀ ਹੈ। ਲੋਕਧਾਰਾਈ ਸਮੱਗਰੀ ਦੇ ਅਧਿਐਨ ਲਈ ਬਹੁਤ ਸਾਰੀਆਂ ਵਿਧੀਆਂ ਪ੍ਰਚੱਲਿਤ ਹਨ, ਜਿਨ੍ਹਾਂ ਵਿੱਚੋਂ ਚਿੰਨ੍ਹ ਵਿਗਿਆਨਕ, ਤੁਲਨਾਤਮਿਕ ਅਧਿਐਨ ਵਿਧੀ, ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਅਧਿਐਨ ਵਿਧੀਆਂ ਪ੍ਰਮੁੱਖ ਹਨ। ਇਹ ਸਾਰੀਆਂ ਵਿਧੀਆਂ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਲੋਕਧਾਰਾ ਦਾ ਅਧਿਐਨ ਕਰਦੀਆਂ ਹਨ। ਕੋਈ ਵੀ ਲੋਕਧਾਰਾ ਆਪਣੇ ਸਮਾਜ ਅਤੇ ਸਮਾਜ ਦੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦੀ ਹੈ। ਲੋਕਾਂ ਦੀ ਮਾਨਸਿਕਤਾ ਨੂੰ ਜਾਣਨ ਲਈ ਉਸ ਸਮਾਜ ਦੀ ਬਣਤਰ ਤੇ ਵਿਧਾਨ ਨੂੰ ਜਾਣਨਾ ਵੀ ਜ਼ਰੂਰੀ ਹੋ ਜਾਂਦਾ ਹੈ। ਜਠੇਰਾ-ਪੂਜਾ ਦਾ ਵਿਸ਼ਾ ਸਮਾਜ ਅਤੇ ਸਮਾਜ ਦੀ ਮਾਨਸਿਕਤਾ ਨਾਲ਼ ਸੰਬੰਧਿਤ ਵਿਸ਼ਾ ਹੈ। ਇਸ ਲਈ ਸਮਾਜ ਅਤੇ ਲੋਕਾਂ ਦੀ ਮਾਨਸਿਕਤਾ ਦਾ ਅਧਿਐਨ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਅਧਿਐਨ ਕਾਰਜ ਵਿੱਚ ਲੋਕ-ਮਾਨਸਿਕਤਾ ਨੂੰ ਜਾਣਨ ਲਈ ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ।

ਡਾ. ਰੁਪਿੰਦਰਜੀਤ ਗਿੱਲ ਨੇ ਆਪਣੀ ਪੁਸਤਕ *ਪੰਜਾਬੀ ਲੋਕ-ਵਿਸ਼ਵਾਸ* ਵਿੱਚ ਸੈਮੂਅਲ ਕੋਇਨਿੰਗ ਦੇ ਹਵਾਲੇ ਨਾਲ਼ ਸਮਾਜ ਨੂੰ ਪਰਿਭਾਸ਼ਿਤ ਕਰਦਿਆਂ ਹੋਇਆਂ ਲਿਖਿਆ ਹੈ, "ਸਮਾਜ ਲੋਕਾਂ ਦਾ ਉਹ ਸਮੂਹ ਹੈ, ਜੋ ਸਾਂਝੀਆਂ ਪਰੰਪਰਾਵਾਂ, ਰਿਵਾਜ਼ਾਂ ਅਤੇ ਜੀਵਨ ਦੇ ਢੰਗਾਂ ਜਾਂ ਫਿਰ ਸਾਂਝੀ ਸੰਸਕ੍ਰਿਤੀ ਦੁਆਰਾ ਇਕੱਠੇ ਰਹਿੰਦੇ ਹਨ ਅਤੇ ਇਸ ਸਮੂਹ ਦੇ ਮੈਂਬਰਾਂ ਵਿਚਕਾਰ ਇਸ ਦੇ ਮੈਂਬਰ ਹੋਣ ਦੀ ਚੇਤਨਾ ਵਿਦਮਾਨ ਹੁੰਦੀ ਹੈ।" (11)

ਮਨੋਵਿਗਿਆਨ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਦੇ ਨਾਲ਼ ਸੰਬੰਧਿਤ ਵਿਗਿਆਨ ਹੈ। ਜਿਉਂ-ਜਿਉਂ ਸਮਾਜ ਵਿਕਸਿਤ ਹੋ ਰਿਹਾ ਹੈ ਤੇ ਜੀਵਨ ਵਧੇਰੇ ਗੁੰਝਲਦਾਰ ਬਣ ਰਿਹਾ ਹੈ, ਤਿਉਂ-ਤਿਉਂ ਮਨੋਵਿਗਿਆਨ ਦੀ ਮਹੱਤਤਾ ਵੀ ਵਧ ਰਹੀ ਹੈ। ਡਾ. ਰੁਪਿੰਦਰਜੀਤ ਗਿੱਲ ਆਪਣੀ ਪੁਸਤਕ *ਪੰਜਾਬੀ ਲੋਕ-ਵਿਸ਼ਵਾਸ* ਵਿੱਚ ਮਨੋਵਿਗਿਆਨ ਸੰਬੰਧੀ ਲਿਖਦੇ ਹਨ, "ਆਸਟਰੀਆ ਦੇ ਡਾ. ਸਿਗਮੰਡ ਫ਼ਰਾਇਡ ਨੇ ਪਹਿਲੀ ਵਾਰ ਮਨੁੱਖੀ ਮਨ ਦੀਆਂ

ਤਹਿਆਂ ਦਾ ਜ਼ਿਕਰ ਕੀਤਾ ਅਤੇ ਅਮੂਰਤ ਅਚੇਤ ਮਨ ਦੇ ਵਿਗਿਆਨਕ ਸਿਧਾਂਤ ਨੂੰ ਸਾਡੇ ਸਾਹਮਣੇ ਲਿਆ ਕੇ ਰੱਖ ਦਿੱਤਾ: 1. ਚੇਤਨ (Conscious)

2. ਅਰਧ-ਚੇਤਨ (Sub-Conscious) 3. ਅਚੇਤਨ (Unconscious) ” (21)

ਪੰਜਾਬੀ ਸਮਾਜ ਵਿੱਚ ਜਠੇਰਿਆਂ ਦੀ ਪੂਜਾ ਇਸ ਕਰਕੇ ਕੀਤੀ ਜਾਂਦੀ ਹੈ ਕਿਉਂ ਕਿ ਸਾਡੇ ਸਮਾਜ ਵਿੱਚ ਵੱਡੇ-ਵਡੇਰਿਆਂ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਹੈ। ਪਿੱਤਰ ਰੂਹਾਂ ਦੀ ਨਾਰਾਜ਼ਗੀ ਕਈ ਕਰੋਪੀਆਂ ਦਾ ਕਾਰਨ ਬਣਦੀ ਹੈ। ਇਸ ਵਿਸ਼ਵਾਸ ਪਿੱਛੇ ਬਜ਼ੁਰਗਾਂ ਨੂੰ ਮਰਨ ਉਪਰੰਤ ਯਾਦ ਰੱਖਣ ਤੇ ਸਤਿਕਾਰਨ ਦਾ ਪੱਖ ਵੀ ਕਾਰਜਸ਼ੀਲ ਰਹਿੰਦਾ ਹੈ। ਇਹ ਸਾਡੇ ਨੈਤਿਕ ਪੱਖ ਨਾਲ਼ ਜੁੜਿਆ ਹੋਇਆ ਲੋਕ-ਵਿਸ਼ਵਾਸ ਹੈ।

ਵਿਸ਼ਵਾਸ ਕਰਨਾ ਮਨੁੱਖੀ ਸੁਭਾਉ ਦਾ ਸਹਿਜ ਅੰਗ ਹੈ। ਵਿਸ਼ਵਾਸ ਤੋਂ ਭਾਵ ਕਿਸੇ ਦਿਸਦੇ ਜਾਂ ਅਣਦਿਸਦੇ ਵਸਤ ਤੇ ਵਰਤਾਰੇ ਵਿੱਚ ਯਕੀਨ ਕਰਨਾ ਹੈ। ਪ੍ਰਕਿਰਤੀ ਅਤੇ ਵਿਸ਼ਵਾਸਾਂ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਕਿਸੇ ਘਟਨਾ ਦਾ ਸੰਬੰਧ ਜਦੋਂ ਸੁਭਾਵਿਕ ਰੂਪ ਵਿੱਚ ਕਿਸੇ ਹੋਰ ਘਟਨਾ ਨਾਲ਼ ਜੁੜ ਜਾਂਦਾ ਹੈ ਤਾਂ ਅਜਿਹੇ ਸੰਬੰਧਾਂ ਅਤੇ ਮਨੁੱਖੀ ਮਨ ਦੇ ਅਚੇਤ, ਸੁਚੇਤ, ਸੁਭਾਵਿਕ ਤੇ ਕਾਲਪਨਿਕ ਕਿਸਮ ਦੇ ਅਨੁਮਾਨਾਂ ਨੇ ਕਈ ਵਿਸ਼ਵਾਸ ਉਤਪੰਨ ਕੀਤੇ, ਜੋ ਸਮਾਂ ਬੀਤਣ ਦੇ ਨਾਲ਼-ਨਾਲ਼ ਲੋਕ-ਵਿਸ਼ਵਾਸਾਂ ਦਾ ਰੂਪ ਧਾਰਨ ਕਰ ਗਏ। ਆਦਿ ਕਾਲ ਤੋਂ ਹੀ ਮਨੁੱਖ ਪ੍ਰਕਿਰਤੀ ਨੂੰ ਆਪਣੇ ਹਿੱਤਾਂ ਅਨੁਕੂਲ ਵਰਤਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਅਤੇ ਉਹ ਪ੍ਰਕਿਰਤੀ ਵਿੱਚ ਵਾਪਰਦੀਆਂ ਘਟਨਾਵਾਂ ਦੇ ਕਾਰਨਾਂ ਅਤੇ ਕਾਰਜੀ ਸੰਬੰਧਾਂ ਨੂੰ ਤਾਰਕਿਕ ਆਧਾਰ ਉੱਪਰ ਸਮਝਣ ਦੀ ਬਜਾਇ ਕਈ ਕਿਸਮ ਦੇ ਭਰਮਿਕ ਤਰਕ ਉਸਾਰ ਲੈਂਦਾ ਰਿਹਾ ਹੈ। ਇਹਨਾਂ ਭਰਮ ਭਰੇ ਤਰਕਾਂ ਵਿੱਚੋਂ ਕਈ ਕਿਸਮ ਦੇ ਵਿਸ਼ਵਾਸ ਉਤਪੰਨ ਹੋਏ। ਇਹਨਾਂ ਵਿਸ਼ਵਾਸਾਂ ਦੇ ਵਰਗੀਕਰਨ ਦੇ ਅੰਤਰ ਹੀ ਜਠੇਰਾ-ਪੂਜਾ ਸੰਬੰਧੀ ਲੋਕ-ਵਿਸ਼ਵਾਸ ਵੀ ਆਉਂਦੇ ਹਨ। ਡਾ. ਰਾਏਜਸਬੀਰ ਸਿੰਘ ਲੋਕ ਮਾਨਸਿਕਤਾ ਨੂੰ ਬਿਆਨ ਕਰਦੇ ਹੋਏ ਆਪਣੀ ਪੁਸਤਕ *ਪੰਜਾਬ ਦੇ ਜੱਟਾਂ ਦੀਆਂ ਜਾਤਾਂ ਅਤੇ ਲੋਕਧਾਰਾ* ਵਿੱਚ ਲਿਖਦੇ ਹਨ:

> ਪਿੰਡ ਗਰਚਾ ਵਿੱਚ ਗਰਚਾ ਜੱਟ, ਪਿੰਡ ਵਿਚਲੀ ਇੱਕ ਥਾਂ ਅਧਿਆਨਾਂ ਦੀ ਜੋ ਇਸ ਦੇ ਵਡੇਰਿਆਂ ਵਿੱਚੋਂ ਵਿਰਕਤ ਸੰਤ ‘ਅਦੀ’ ਦੇ ਨਾਂ ਉੱਪਰ ਹੈ, ਪੂਜਾ ਹੁੰਦੀ ਹੈ। ਇਹ ਥਾਂ ਹੁਣ ਝਿੜੀ ਬਣ ਗਈ ਹੈ। ਇੱਥੋਂ ਬ੍ਰਾਹਮਣ ਤਾਂ ਬਾਲਣ ਕੱਟ ਸਕਦੇ ਹਨ ਪਰ ਜੱਟ ਬੀਮਾਰੀ ਜਾਂ ਤਬਾਹੀ ਦੇ ਸਰਾਪ ਤੋਂ ਡਰਦੇ ਅਜਿਹਾ ਨਹੀਂ ਕਰ ਸਕਦੇ। ਜਦੋਂ ਜਠੇਰਾ ਕਿਤੇ ਦੂਰ ਹੋਵੇ ਤਾਂ ਵਿਆਹਾਂ ਸਮੇਂ ਉਸ ਪਾਸੇ ਵੱਲ ਮੂੰਹ ਕਰ ਲੈਣਾ ਹੀ ਕਾਫ਼ੀ ਹੈ ਅਤੇ ਉਸ ਦੀ ਜ਼ਿਆਰਤ ਚਿਰਾਂ ਬਾਅਦ ਹੀ ਹੁੰਦੀ ਹੈ। (32)

ਸੋ ਉਪਰੋਕਤ ਦਲੀਲਾਂ ਨੂੰ ਵਾਚਦੇ ਹੋਏ ਜ਼ਿਲ੍ਹਾ ਬਠਿੰਡਾ ਦੇ ਵੱਖ-ਵੱਖ ਪਿੰਡਾਂ ਵਿਚਲੇ ਵੱਖੋ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਸਮਝਣ ਲਈ ਅਤੇ ਇਸ ਪੂਜਾ

ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਘੋਖਣ ਲਈ ਖੇਤਰੀ ਸਰਵੇਖਣ ਕਰਦਿਆਂ ਲੋਕ-ਮਨ ਦੀਆਂ ਅਨੇਕ ਤਹਿਆਂ ਉੱਘੜ ਕੇ ਸਾਹਮਣੇ ਆਈਆਂ, ਜਿਨ੍ਹਾਂ ਦਾ ਵਰਣਨ ਅਸੀਂ ਅੱਗੇ ਕਰਾਂਗੇ, ਪਰ ਉਸ ਤੋਂ ਪਹਿਲਾਂ ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਸਤਹੀ ਪੱਧਰ 'ਤੇ ਵੇਖਿਆਂ 'ਵਿਸ਼ਵਾਸ' ਅਤੇ 'ਲੋਕ-ਵਿਸ਼ਵਾਸ' ਸ਼ਬਦ ਸਮਅਰਥੀ ਸੰਬੋਧ ਹਨ, ਪਰ ਵਿਸ਼ਵਾਸ ਨੂੰ ਉਦੋਂ ਤੱਕ 'ਲੋਕ-ਵਿਸ਼ਵਾਸ' ਨਹੀਂ ਕਿਹਾ ਜਾ ਸਕਦਾ, ਜਦੋਂ ਤੱਕ ਇਸ ਨੂੰ ਲੋਕ-ਸਮੂਹ ਦੀ ਪ੍ਰਵਾਨਗੀ ਨਹੀਂ ਮਿਲ ਸਕਦੀ। ਮਨੁੱਖੀ ਮਨ ਦੇ ਵਿਅਕਤੀਗਤ ਪਾਸਾਰ ਨਾਲ਼ ਸੰਬੰਧਿਤ ਹੋਣ ਕਰਕੇ 'ਵਿਸ਼ਵਾਸ' ਦਾ ਅਰਥ ਖੇਤਰ ਵਿਅਕਤੀਗਤ ਨਿਸ਼ਚਿਆਂ ਦੇ ਅੰਤਰਗਤ ਵਿਚਰਦਾ ਹੈ। ਜਦ ਤੱਕ ਇਹ ਵਿਅਕਤੀਗਤ ਚੇਤਨਾ ਦਾ ਅੰਗ ਹੈ, ਤਦ ਤੱਕ ਇਸ ਲਈ ਲੋਕ-ਵਿਸ਼ਵਾਸ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਵਿਸ਼ਵਾਸ ਨੂੰ ਜਦੋਂ ਵੀ ਲੋਕ-ਸਮੂਹ ਆਪਣੀ ਚੇਤਨਾ ਦਾ ਅੰਗ ਬਣਾ ਲੈਂਦਾ ਹੈ ਤਾਂ ਇਹ ਲੋਕ-ਵਿਸ਼ਵਾਸ ਦਾ ਰੂਪ ਧਾਰਨ ਕਰ ਲੈਂਦਾ ਹੈ। ਸੋ ਇਸੇ ਵਿਚਾਰ ਦੇ ਅੰਤਰਗਤ ਜਠੇਰਾ-ਪੂਜਾ ਸੰਬੰਧੀ ਬਠਿੰਡਾ ਜ਼ਿਲ੍ਹਾ ਦੀ ਲੋਕ-ਮਾਨਸਿਕਤਾ ਜੋ ਵੀ ਵਿਸ਼ਵਾਸ ਬਣਾਈ ਬੈਠੀ ਹੈ, ਉਹ ਇਹਨਾਂ ਦੇ ਨਿੱਜੀ ਪੱਧਰ ਨਾਲ਼ ਸੰਬੰਧਿਤ ਹੋਣ ਕਾਰਨ ਨਿਰੋਲ ਵਿਅਕਤੀਗਤ ਨਿਸ਼ਚੇ ਹਨ, ਜੋ ਕਿ ਵਿਸ਼ਵਾਸ ਦੇ ਘੇਰੇ ਵਿੱਚ ਆਉਂਦੇ ਹਨ। ਇਹਨਾਂ ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:-

ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪਿੰਡ ਕੋਠਾ ਗੁਰੂ ਕਾ ਦੇ ਉੱਪਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਮਾਨਤਾ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਮੰਨ-ਮਨੌਤ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦਾ ਨੁਕਸਾਨ ਹੁੰਦਾ ਹੈ ਅਤੇ ਬਦਸ਼ਗਨੀ ਵੀ ਹੁੰਦੀ ਹੈ। ਖੁਸੀ ਦੇ ਮੌਕਿਆਂ 'ਤੇ ਵਿਘਨ ਪੈਂਦਾ ਹੈ। ਨਾਲ਼ ਹੀ ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਵੀ ਦ੍ਰਿੜ੍ਹ ਹੋ ਚੁੱਕੀ ਹੈ ਕਿ ਜਠੇਰੇ ਦੀ ਮੰਨ-ਮਨੌਤ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦੀ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਦੇ ਅਗਲੇ ਪਿੰਡ ਦੇ ਗੋਤਾਂ ਅਤੇ ਜਠੇਰੇ ਸੰਬੰਧੀ ਖੇਤਰੀ ਖੋਜ ਸਰਵੇਖਣ ਦੌਰਾਨ ਪਤਾ ਲਗਾਇਆ ਗਿਆ ਕਿ ਹਿੰਦੂ ਬਰਾਦਰੀ ਨਾਲ਼ ਸੰਬੰਧਿਤ ਗੋਤ ਉਪਵੇਜਾ ਦੇ ਲੋਕ ਆਪਣੇ ਜਠੇਰੇ 'ਜੰਡਵਾਲ਼ਾ ਬਾਬਾ' ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ। ਜਦ ਉਹਨਾਂ ਨੂੰ ਇਸ ਮਨੌਤ ਪਿੱਛੇ ਛਿਪੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਜੇਕਰ ਅਸੀਂ ਬਾਬਾ ਜੀ ਦੀ ਮੰਨ-ਮਨੌਤ ਨਾ ਕਰੀਏ ਜਾਂ ਕਦੇ ਭੁੱਲ ਹੋ ਜਾਵੇ ਤਾਂ ਘਰ ਵਿੱਚ ਅਨੇਕਾਂ ਔਕੜਾਂ ਆਉਂਦੀਆਂ ਹਨ ਜਦ ਕਿ ਮੰਨਣ ਨਾਲ਼ ਘਰ ਵਿੱਚ ਨੌਂ ਨਿਧਾਂ ਅਤੇ ਬਾਰਾਂ ਸਿੱਧਾਂ ਹੋ ਜਾਂਦੀਆਂ ਹਨ।

ਜ਼ਿਲ੍ਹਾ ਬਠਿੰਡਾ ਦੇ ਅਗਲੇ ਪਿੰਡ ਸਿਰੀਏਵਾਲਾ ਦੇ ਖੇਤਰੀ ਖੋਜ ਸਰਵੇਖਣ ਦੌਰਾਨ ਅਟਵਾਲ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ ਦੌਰਾਨ ਇਹ ਪਤਾ ਲੱਗਿਆ ਕਿ ਉਹਨਾਂ ਦੇ ਮਨ ਦੀ ਇਹ ਧਾਰਨਾ ਬਣ ਚੁੱਕੀ ਹੈ ਕਿ ਜੇਕਰ ਉਹ ਆਪਣੇ ਜਠੇਰੇ 'ਬਾਬਾ ਵੱਸਣ ਸਿੰਘ' ਦੀ ਮਨੌਤ ਨਹੀਂ ਕਰਦੇ ਤਾਂ ਉਹਨਾਂ ਦੇ ਪਸ਼ੂਆਂ ਦੇ ਥਣ ਖਰਾਬ ਹੋ ਜਾਂਦੇ ਹਨ ਭਾਵ ਦੁੱਧ ਦੇਣ ਵਾਲ਼ੇ ਪਸ਼ੂਆਂ ਦਾ ਨੁਕਸਾਨ ਹੁੰਦਾ ਹੈ। ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਬਾਬਾ ਇਸ ਮਨੌਤ ਦੇ ਬਦਲੇ ਉਹਨਾਂ ਦੀਆਂ ਸਾਰੀਆਂ ਸੁੱਖਾਂ ਪੂਰੀਆਂ ਕਰਦਾ ਹੈ।

ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਦੇ ਸੋਹੀ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ 'ਬਾਬਾ ਸ਼ਹੀਦ' ਨੂੰ ਆਪਣੇ ਜਠੇਰੇ ਵਜੋਂ ਮਾਨਤਾ ਦਿੰਦੇ ਹਨ ਕਿਉਂ ਕਿ ਉਹਨਾਂ ਦੇ ਮਾਤਾ-ਪਿਤਾ ਬਾਬਾ ਸ਼ਹੀਦ ਨੂੰ ਮੰਨਦੇ ਸਨ। ਉਹਨਾਂ ਦੇ ਮਨੌਤ ਨਾ ਕਰਨ 'ਤੇ ਉਹਨਾਂ ਨੂੰ ਘਰ ਵਿੱਚ ਬਦਸ਼ਗਨੀ ਹੋਣ ਦਾ ਡਰ ਹੈ। ਉਹਨਾਂ ਦਾ ਇਹ ਮੰਨਣਾ ਹੈ ਕਿ ਉਹਨਾਂ ਦੀ ਦੁਕਾਨ ਦੇ ਵਧੀਆ ਚੱਲਣ ਦਾ ਕਾਰਨ ਬਾਬਾ ਸ਼ਹੀਦ ਦੀ ਮਨੌਤ ਹੀ ਹੈ।

ਪਿੰਡ ਕੋਠਾ ਗੁਰੂ ਕਾ ਜ਼ਿਲ੍ਹਾ ਬਠਿੰਡਾ ਦੇ ਸੈਣੀ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਦ ਉਹਨਾਂ ਦੇ ਜਠੇਰੇ ਨੂੰ ਮੰਨਣ ਸੰਬੰਧੀ ਲੋਕ-ਮਾਨਸਿਕਤਾ ਦਾ ਪਤਾ ਲਗਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਉਹਨਾਂ ਦੇ ਲੋਕ-ਮਨ ਦਾ ਇਹ ਮੰਨਣਾ ਸੀ ਕਿ ਉਹ ਆਪਣੇ ਅਗਿਆਤ ਜਠੇਰੇ ਨੂੰ ਮੰਨਦੇ ਹਨ ਤਾਂ ਕਿ ਘਰ ਵਿੱਚ ਸੁੱਖ-ਸਾਂਦ ਰਹੇ ਤੇ ਕਿਸੇ ਕਿਸਮ ਦਾ ਵਿਘਨ ਨਾ ਪਵੇ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਦੀ ਮਨੌਤ ਕਰਕੇ ਹੀ ਉਹਨਾਂ ਦਾ ਕੰਮ-ਕਾਰ ਵਧੀਆ ਚੱਲ ਰਿਹਾ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਗੋਬਿੰਦਪੁਰਾ ਦੇ ਸਿੱਧੂ ਗੋਤ ਦੇ ਲੋਕਾਂ ਦਾ ਆਪਣੇ ਜਠੇਰੇ ਦੀ ਮਾਨਤਾ ਸੰਬੰਧੀ ਮੰਨਣਾ ਹੈ ਕਿ ਉਹ ਆਪਣੇ ਜਠੇਰੇ 'ਬਾਬਾ ਭਗਤੂ' ਨੂੰ ਆਪਣੇ ਵੱਡੇ-ਵਡੇਰਿਆਂ ਅਨੁਸਾਰ ਮਾਨਤਾ ਦਿੰਦੇ ਹਨ ਕਿਉਂ ਕਿ ਜਠੇਰੇ ਦੀ ਪੂਜਾ ਕਰਨ ਨਾਲ਼ ਉਹਨਾਂ ਨੂੰ ਕਿਸੇ ਕਿਸਮ ਦੀ ਤੋਟ ਨਹੀਂ ਆਉਂਦੀ।

ਪਿੰਡ ਹਾਕਮ ਸਿੰਘ ਵਾਲਾ ਦੇ ਜੱਟ ਸਿੱਖ ਬਰਾਦਰੀ ਦੇ ਸਿੱਧੂ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਖੇਤਾਂ ਵਿੱਚ ਬਣੀਆਂ ਮਟੀਆਂ 'ਤੇ ਖੇਤਾਂ ਵਿੱਚ ਹੀ ਆਪਣੇ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਹੈ ਕਿ ਇਸ ਮਨੌਤ ਬਦਲੇ ਉਹਨਾਂ ਨੂੰ ਸਭ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਇਸੇ ਤਰ੍ਹਾਂ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਗੋਬਿੰਦਪੁਰਾ ਦੇ ਸਿੱਧੂ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਦੀ ਮਾਨਤਾ ਸੰਬੰਧੀ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਇਹ ਦੱਸਿਆ ਕਿ ਉਹ ਆਪਣੇ ਪਿੰਡ ਵਿਖੇ ਹੀ ਖੇਤਾਂ ਵਿੱਚ ਬਣੀ ਜਗ੍ਹਾ 'ਤੇ ਅਗਿਆਤ ਜਠੇਰੇ ਦੀ ਮੰਨ-ਮਨੌਤ ਇਸ ਕਰਕੇ ਕਰਦੇ ਹਨ ਤਾਂ ਕਿ ਉਹਨਾਂ ਦੇ ਪਰਿਵਾਰ ਅਤੇ ਪਸ਼ੂ-ਡੰਗਰ ਵਿੱਚ ਖ਼ੈਰ-ਸੁੱਖ ਰਹੇ।

ਸਿੱਧੂ ਗੋਤ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਤਾ ਭਾਈ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਉਹਨਾਂ ਦੀ ਮਾਨਸਿਕਤਾ ਜਾਣਨ ਲਈ ਜਦ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੇ ਲੋਕ-ਮਨ ਦਾ ਇਹ ਮੰਨਣਾ ਸੀ ਕਿ ਉਹ ਬਾਬਾ ਸ਼ਹੀਦ ਦੀ ਪਿੰਡ ਚੰਦਭਾਨ ਵਿਖੇ ਜਾ ਕੇ ਮੰਨ-ਮਨੌਤ ਕਰਦੇ ਹਨ ਤਾਂ ਜੋ ਬਾਬਾ ਸ਼ਹੀਦ ਉਹਨਾਂ ਨੂੰ ਕਿਸੇ ਚੀਜ਼ ਦੀ ਤੋਟ ਨਾ ਆਉਣ ਦੇਵੇ।

ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਅਗਲੇ ਪਿੰਡ ਜਲਾਲ ਦੇ ਸਿੱਧੂ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲ਼ਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ 'ਮਾਈ ਸੈਰੋਂ' ਦੀ ਪੂਜਾ ਕਰਦੇ ਹਨ।

ਉਹਨਾਂ ਦਾ ਇਹ ਮੰਨਣਾ ਹੈ ਕਿ ਜੇਕਰ ਉਹ ਕਦੇ ਮਨੌਤ ਕਰਨੀ ਭੁੱਲ ਜਾਂਦੇ ਹਨ ਜਾਂ ਮਨੌਤ ਨਹੀਂ ਕਰਦੇ ਤਾਂ ਪਸ਼ੂਆਂ ਸੰਬੰਧੀ ਔਕੜ ਆਉਂਦੀ ਹੈ ਅਤੇ ਘਰ ਵਿੱਚ ਬਿਮਾਰੀ ਆ ਜਾਂਦੀ ਹੈ ਪਰ ਮਾਈ ਸੈਰੋਂ ਆਪਣੀ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਅਨੇਕ ਬਰਕਤਾਂ ਨਾਲ਼ ਨਿਵਾਜ਼ਦੀ ਹੈ।

ਖੇਤਰੀ ਖੋਜ ਸਰਵੇਖਣ ਦੇ ਅਗਲੇ ਪਿੰਡਾਂ ਹਰਰਾਇਪੁਰ, ਖਿਆਲੀਵਾਲਾ, ਜੀਦਾ ਤੇ ਕਲਿਆਣ ਦੇ ਸਿੱਧੂ ਬਰਾੜ ਗੋਤ ਦੇ ਲੋਕਾਂ ਪਾਸੋਂ, ਜੋ ਕਿ 'ਸਿੱਧ ਤਿਲਕ ਰਾਉ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹੋਏ ਉਸਦੀ ਮੰਨ-ਮਨੌਤ ਕਰਦੇ ਹਨ, ਜਠੇਰੇ ਨੂੰ ਮੰਨਣ ਦਾ ਕਾਰਨ ਪੁੱਛਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਸਿੱਧ ਤਿਲਕ ਰਾਉ ਨੂੰ ਮੰਨਣ ਨਾਲ਼ ਉਹਨਾਂ ਦਾ ਕਾਰੋਬਾਰ ਵਧੀਆ ਚੱਲਦਾ ਹੈ, ਘਰ ਵਿੱਚ ਸੁੱਖ-ਸ਼ਾਂਤੀ ਰਹਿੰਦੀ ਹੈ ਪਰ ਜੇਕਰ ਜਠੇਰੇ ਨੂੰ ਨਹੀਂ ਮੰਨਦੇ ਤਾਂ ਨੁਕਸਾਨ ਹੁੰਦਾ ਹੈ।

ਇਸ ਉਪਰੰਤ ਜ਼ਿਲ੍ਹਾ ਬਠਿੰਡਾ ਦੇ ਅਗਲੇ ਪਿੰਡ ਅਮਰਗੜ੍ਹ ਦੇ ਖੇਤਰੀ ਸਰਵੇਖਣ ਕਰਨ ਦੌਰਾਨ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਸਿੱਧੂ ਬਰਾੜ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਰੇ, ਉਸਦੀ ਮਨੌਤ ਦੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦੇ ਲੋਕ-ਮਨ ਨੇ ਇਹ ਭਾਵ ਪ੍ਰਗਟ ਕੀਤੇ ਕਿ ਉਹ 'ਬਾਬਾ ਸਿੱਧੂ' ਅਤੇ 'ਬਾਬਾ ਪੰਜੂ' ਨੂੰ ਮੰਨਦੇ ਹਨ ਅਤੇ ਇਸ ਪੂਜਾ/ਮੰਨ-ਮਨੌਤ ਬਦਲੇ ਉਹਨਾਂ ਨੂੰ ਰਿਜ਼ਕ ਦੀ ਕੋਈ ਕਮੀ ਨਹੀਂ ਰਹਿੰਦੀ ਪਰ ਜੇਕਰ ਉਹ ਨਾ ਮੰਨਣ ਤਾਂ ਜਠੇਰੇ ਦੇ ਕ੍ਰੋਧ ਕਾਰਨ ਉਹਨਾਂ ਦੇ ਪਸ਼ੂ ਖਰਾਬ ਹੁੰਦੇ ਹਨ।

ਪਿੰਡ ਹਰਰਾਇਪੁਰ ਦੇ ਸਿੱਧੂ ਬਰਾੜ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਆਪਣੇ ਜਠੇਰੇ ਮੁਖਤਿਆਰ ਸਿੰਘ (ਦਸਵੀਂ ਵਾਲ਼ਾ ਬਾਬਾ) ਨੂੰ ਮੰਨਣ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਜਠੇਰੇ ਦੀ ਮਨੌਤ ਪੁਰਾਣੇ ਸਮੇਂ (ਪੁਰਖਿਆਂ) ਤੋਂ ਕਰਦੇ ਆ ਰਹੇ ਹਨ ਅਤੇ ਮਨੌਤ ਨਾ ਕਰਨ 'ਤੇ ਘਰੇਲੂ ਦਿੱਕਤਾਂ ਆਉਂਦੀਆਂ ਹਨ, ਪਸ਼ੂਆਂ ਦਾ ਨੁਕਸਾਨ ਹੁੰਦਾ ਹੈ। ਬਰਕਤਾਂ ਬਾਰੇ ਪੁੱਛਣ 'ਤੇ ਉਹਨਾਂ ਦਾ ਇਹ ਮੰਨਣਾ ਸੀ ਕਿ ਬਾਬਾ ਜੀ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੇ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਜਲਾਲ ਦੇ ਸਿੱਧੂ ਬਰਾੜ ਜੋ ਕਿ 'ਬਾਬਾ ਸ਼ਹੀਦ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹਨ, ਦਾ ਮੰਨਣਾ ਹੈ ਕਿ ਬਾਬਾ ਸ਼ਹੀਦ ਉਹਨਾਂ ਨੂੰ ਅਨੇਕਾਂ ਬਰਕਤਾਂ ਦਿੰਦਾ ਹੈ ਅਤੇ ਜੇਕਰ ਉਹ ਉਸ ਦੀ ਮਨੌਤ ਨਹੀਂ ਕਰਦੇ ਤਾਂ ਅਚਾ (ਤਕਲੀਫ਼) ਆਉਂਦੀ ਹੈ।

ਇਸੇ ਤਰ੍ਹਾਂ ਪਿੰਡ ਆਕਲੀਆ ਦੇ ਗੋਤ ਸਿੱਧੂ ਬਰਾੜ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਦੇ ਖੇਤਾਂ ਵਿੱਚ ਹੀ ਮਨੌਤ ਕਰਦੇ ਹਨ। ਉਹਨਾਂ ਦੀ ਲੋਕ ਮਾਨਸਿਕਤਾ ਵਿੱਚ ਇਹ ਗੱਲ ਡੂੰਘੀ ਵਸੀ ਹੋਈ ਹੈ ਕਿ ਉਹਨਾਂ ਨੂੰ ਜੋ ਵੀ ਬਰਕਤਾਂ ਪ੍ਰਾਪਤ ਹਨ, ਉਹਨਾਂ ਪਿੱਛੇ ਉਹਨਾਂ ਦੁਆਰਾ ਕੀਤੀ ਜਾਣ ਵਾਲ਼ੀ ਜਠੇਰਾ-ਪੂਜਾ ਹੀ ਕਾਰਜਸ਼ੀਲ ਹੈ।

ਗੋਤ ਸਿੱਧੂ ਬਰਾੜ ਨਾਲ਼ ਹੀ ਸੰਬੰਧਿਤ ਪਿੰਡ ਹਮੀਰਗੜ੍ਹ ਦੇ ਲੋਕਾਂ ਦਾ ਇਹ ਮੰਨਣਾ ਹੈ ਕਿ ਉਹਨਾਂ ਦਾ ਜਠੇਰਾ ਬਾਬਾ ਸ਼ਹੀਦ' (ਬਾਬਾ ਚੜ੍ਹਤ ਸਿੰਘ) ਹੈ ਜਿਸਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਉਹ ਇਨਕਾਰੀ ਨਹੀਂ ਹੋ ਸਕਦੇ।

ਪਿੰਡ ਹਾਕਮ ਸਿੰਘ ਵਾਲਾ ਦੇ ਸਰਾਂ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਗੱਲ ਕਰੀਏ ਤਾਂ ਉਹਨਾਂ ਦਾ ਇਹ ਕਹਿਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਨੂੰ ਪੁਰਾਣੇ ਸਮਿਆਂ ਤੋਂ ਹੀ ਮੰਨਦੇ ਚੱਲੇ ਆ ਰਹੇ ਹਨ ਜਿਸ ਦੀ ਮਨੌਤ ਨਾਲ਼ ਉਹਨਾਂ ਨੂੰ ਦੁੱਧ, ਪੁੱਤ ਅਤੇ ਰਿਜ਼ਕ ਦੀ ਕਦੇ ਤੋਟ ਨਹੀਂ ਆਈ ਪਰ ਇਸਦੇ ਉਲਟ ਜਠੇਰੇ ਨੂੰ ਨਾ ਮੰਨਣ 'ਤੇ ਤਕਲੀਫ਼ ਆਉਂਦੀ ਹੈ।

ਜ਼ਿਲ੍ਹਾ ਬਠਿੰਡਾ ਦਾ ਖੇਤਰੀ ਸਰਵੇਖਣ ਕਰਦਿਆਂ ਜਦੋਂ ਪਿੰਡ ਹਰਰਾਏਪੁਰ ਦੇ ਸੋਲਕੀ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਪਿੱਛੇ ਛਿਪੀ ਮਾਨਸਿਕਤਾ ਨੂੰ ਟੋਹਣ ਦਾ ਯਤਨ ਕੀਤਾ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਕਿਉਂ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਹੀ ਬਾਬਾ ਸ਼ਹੀਦ ਨੂੰ ਜਠੇਰੇ ਵਜੋਂ ਮਾਨਤਾ ਦਿੱਤੀ ਜਾਂਦੀ ਆ ਰਹੀ ਹੈ।

ਪਿੰਡ ਕਾਂਗੜ ਜੋ ਕਿ ਜ਼ਿਲ੍ਹਾ ਬਠਿੰਡਾ ਅਧੀਨ ਹੀ ਖੋਜ-ਕਾਰਜ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਦੇ ਅੰਤਰਗਤ ਲਿਆਂਦਾ ਗਿਆ, ਦੇ ਗੋਤ ਹੂੰਝਣ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਅਗਿਆਤ ਜਠੇਰੇ ਨੂੰ ਮੰਨਦੇ ਹਨ, ਜਿਸ ਦੀ ਮਨੌਤ ਭੁੱਲਣ 'ਤੇ ਬਾਬਾ ਘਰ ਦਾ ਨੁਕਸਾਨ ਕਰਦਾ ਹੈ। ਇਸ ਮਨੌਤ ਬਦਲੇ ਬਾਬਾ ਉਹਨਾਂ ਨੂੰ ਅਨੇਕਾਂ ਬਰਕਤਾਂ ਬਖਸ਼ਦਾ ਹੈ।

ਪਿੰਡ ਮਲੂਕਾ ਜੋ ਕਿ ਜ਼ਿਲ੍ਹਾ ਬਠਿੰਡਾ ਦਾ ਇੱਕ ਪ੍ਰਸਿੱਧ ਪਿੰਡ ਹੈ, ਵਿੱਚ ਵਸਦੇ ਹਰੀ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ, ਜਠੇਰਾ-ਪੂਜਾ ਆਦਿ ਸੰਬੰਧੀ ਸੁਆਲ ਪੁੱਛੇ ਗਏ ਤਾਂ ਇਹਨਾਂ ਸੁਆਲਾਂ ਦੇ ਜੁਆਬ ਵਿੱਚ ਉਹਨਾਂ ਦਾ ਇਹ ਕਹਿਣਾ ਸੀ ਕਿ ਉਹ 'ਬਾਬਾ ਸੋਹਣ ਸਿੰਘ' ਨਾਮੀ ਜਠੇਰੇ ਨੂੰ ਮੰਨਦੇ ਹਨ। ਇੱਕ ਬਜ਼ੁਰਗ ਦੇ ਦੱਸਣ ਅਨੁਸਾਰ ਜਦ ਇੱਕ ਵਾਰ ਉਹਨਾਂ ਨੇ ਜਠੇਰੇ ਨੂੰ ਮੰਨਣਾ ਛੱਡ ਦਿੱਤਾ ਸੀ ਤਾਂ ਉਹਨਾਂ ਦੇ ਪੁੱਤਰ ਦੀ ਅਚਾਨਕ ਮੌਤ ਹੋ ਗਈ ਸੀ। ਉਹਨਾਂ ਦੇ ਲੋਕ-ਮਨ ਵਿੱਚ ਇਹ ਗੱਲ ਵਸ ਗਈ ਕਿ ਇਸ ਅਚਾਨਕ ਹੋਈ ਮੌਤ ਦਾ ਕੇਵਲ ਇੱਕੋ-ਇੱਕ ਕਾਰਨ ਉਹਨਾਂ ਦਾ ਜਠੇਰਾ-ਪੂਜਾ ਵੱਲੋਂ ਮੂੰਹ ਮੋੜਨਾ ਹੀ ਸੀ।

ਜ਼ਿਲ੍ਹਾ ਬਠਿੰਡਾ ਦਾ ਹੀ ਇੱਕ ਹੋਰ ਪ੍ਰਸਿੱਧ ਪਿੰਡ ਜਲਾਲ ਹੈ ਜਿੱਥੇ ਵਸਦੇ ਕਲੇਰ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਜਠੇਰਾ-ਪੂਜਾ ਪਿੱਛੇ ਆਪਣਾ ਇਹ ਮੱਤ ਪੇਸ਼ ਕੀਤਾ ਕਿ ਉਹ ਅਗਿਆਤ ਜਠੇਰੇ ਨੂੰ ਪੁਰਾਣੇ ਸਮਿਆਂ ਤੋਂ ਮੰਨਦੇ ਚਲੇ ਆ ਰਹੇ ਹਨ ਜਿਸ ਬਦਲੇ ਉਹਨਾਂ ਨੂੰ ਅਨੇਕਾਂ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਕੌਸ਼ਿਕ ਗੋਤ ਜੋ ਕਿ ਪਿੰਡ ਕਾਂਗੜ ਵਿਖੇ ਵਸਣ ਵਾਲ਼ੇ ਲੋਕਾਂ ਦਾ ਇੱਕ ਗੋਤ ਹੈ, ਉਹਨਾਂ ਦਾ ਅਗਿਆਤ ਜਠੇਰੇ ਨੂੰ ਮੰਨਣਾ ਜਾਂ ਪੂਜਣਾ ਉਹਨਾਂ ਦੇ ਕਹਿਣ ਅਨੁਸਾਰ ਪਿਤਾ-ਪੁਰਖੀ ਹੈ ਤੇ ਇਹ ਜਠੇਰਾ ਉਹਨਾਂ ਦੇ ਸਿਰ 'ਤੇ ਹਮੇਸ਼ਾ ਆਪਣਾ ਮਿਹਰ ਭਰਿਆ ਹੱਥ ਰੱਖਦਾ ਹੈ।

ਪਿੰਡ ਬੁਰਜ ਥਰੋੜ ਦੇ ਗੋਤ ਸੋਪਾਲ, ਪਿੰਡ ਆਕਲੀਆ ਦੇ ਧਾਲੀਵਾਲ ਗੋਤ ਅਤੇ ਪਿੰਡ ਹਮੀਰਗੜ੍ਹ ਦੇ ਮੱਟੂ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਅਤੇ ਮੰਨ-ਮਨੌਤ ਦੇ ਕਾਰਨ ਦੀ ਗੱਲ ਕਰੀਏ ਤਾਂ ਇਹਨਾਂ ਪਿੰਡਾਂ ਦੇ ਇਸ ਗੋਤ ਦੇ ਲੋਕ ਮਲੇਰਕੋਟਲੇ ਵਾਲ਼ੇ ਪੀਰ ਨੂੰ ਮੰਨਦੇ ਹਨ ਅਤੇ ਸੁੱਖਾਂ ਲਾਹੁਣ ਲਈ ਮਲੇਰਕੋਟਲੇ ਜਾਂਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਪੀਰ ਬੜੀ ਸਖਤੀ ਨਾਲ਼ ਆਪਣੀ ਮਾਨਤਾ ਕਰਵਾਉਂਦੇ ਹਨ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਦੇ ਖੋਸਾ ਰਣਧੀਰ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਤਾ ਲੱਗਿਆ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਮਨੌਤ ਲਈ ਪਿੰਡ ਖੋਸਾ ਰਣਧੀਰ ਵਿਖੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਨੌਤ ਸੰਬੰਧੀ ਕੋਈ ਭੁੱਲ ਹੋ ਜਾਣ 'ਤੇ ਬਦਸ਼ਗਨੀ ਹੁੰਦੀ ਹੈ ਜਦ ਕਿ ਮਨੌਤ ਕਰਨ ਨਾਲ਼ ਰਿਜ਼ਕ ਦੀ ਕਮੀ ਨਹੀਂ ਆਉਂਦੀ।

ਪਿੰਡ ਕੋਠਾ ਗੁਰੂ ਕਾ ਦੇ ਖਹਿਰਾ ਗੋਤ ਨਾਲ਼ ਸੰਬੰਧਿਤ ਲੋਕ ਜੋ ਕਿ 'ਬਾਬਾ ਮਾਲੋ ਜੀ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਤੇ ਉਸਦੀ ਪੂਜਾ-ਅਰਚਨਾ ਕਰਦੇ ਹਨ, ਪਾਸੋਂ ਮਨੌਤ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਕਿਹਾ ਕਿ ਘਰ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋਣ ਦੇ ਡਰੋਂ ਉਹ ਜਠੇਰੇ ਨੂੰ ਪੂਜਦੇ ਹਨ ਤਾਂ ਜੋ ਉਹ ਆਪਣਾ ਮਿਹਰ ਭਰਿਆ ਹੱਥ ਪਰਿਵਾਰ 'ਤੇ ਬਣਾਈ ਰੱਖੇ।

ਸਿਰੀਏਵਾਲਾ ਪਿੰਡ ਦੇ ਖਰੌੜ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜੋ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ, ਉਹਨਾਂ ਦੇ ਲੋਕ-ਮਨ ਦਾ ਇਹ ਕਹਿਣਾ ਹੈ ਕਿ ਇਹ ਜਠੇਰਾ-ਪੂਜਾ ਉਹਨਾਂ ਦੇ ਦਾਦੇ-ਪੜ੍ਹਦਾਦੇ ਦੇ ਸਮਿਆਂ ਤੋਂ ਚਲੀ ਆ ਰਹੀ ਹੈ ਅਤੇ ਘਰੇਲੂ ਸੁੱਖ-ਸ਼ਾਂਤੀ ਲਈ ਉਹ ਜਠੇਰੇ ਨੂੰ ਮੰਨਦੇ ਹਨ।

ਇਸੇ ਤਰ੍ਹਾਂ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਨੂੰ ਟੋਹਣ ਲਈ ਜਦ ਬਠਿੰਡਾ ਜ਼ਿਲ੍ਹੇ ਦੇ ਅਗਲੇ ਪਿੰਡ ਗੰਗਾ ਦੇ ਗਾਗੜੇ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਉਹਨਾਂ ਦੇ ਜਠੇਰੇ 'ਬਾਬਾ ਰਾਮਦੇਵ ਰਾਜਸ' ਦੀ ਜਠੇਰਾ-ਪੂਜਾ ਕਰਨ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਇਹ ਮੰਨਿਆ ਕਿ ਜਠੇਰੇ ਦੀ ਪੂਜਾ ਛੱਡਣ ਜਾਂ ਭੁੱਲਣ 'ਤੇ ਜਠੇਰਾ ਉਹਨਾਂ ਨੂੰ ਸਖ਼ਤ ਸਜਾ ਦਿੰਦਾ ਹੈ ਜਦ ਕਿ ਮਨੌਤ ਤੋਂ ਮਿਹਰਬਾਨ ਹੋ ਕੇ ਉਹ ਸਭ ਦਾਤਾਂ ਵੀ ਬਖਸ਼ਦਾ ਹੈ।

ਪਿੰਡ ਜੰਡਾਂਵਾਲਾ ਦੇ ਗਿੱਲ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਵੀ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਕਾਰਨ ਜਾਣਨ ਦਾ ਜਦੋਂ ਯਤਨ ਕੀਤਾ ਤਾਂ ਉਹਨਾਂ ਦਾ ਮੰਨਣਾ ਸੀ ਕਿ ਕਿ ਉਹ ਆਪਣੇ ਜਠੇਰਿਆਂ 'ਪਹਿਲਵਾਲ ਬਖਤੌਰ ਸਿੰਘ' ਅਤੇ 'ਖਜਾਨ ਸਿੰਘ' ਦੀ ਮੰਨ-ਮਨੌਤ ਕਰਦੇ ਹਨ ਕਿਉਂ ਕਿ ਉਹਨਾਂ ਦੇ ਦਾਦੇ-ਪੜ੍ਹਦਾਦੇ ਵੀ ਉਹਨਾਂ ਨੂੰ ਮੰਨਦੇ ਸਨ।

ਗਿੱਲ ਗੋਤ ਨਾਲ਼ ਹੀ ਸੰਬੰਧਿਤ ਪਿੰਡ ਭੋਡੀਪੁਰਾ ਦੇ ਲੋਕਾਂ ਦਾ ਆਪਣੀ ਜਠੇਰਾ-ਪੂਜਾ ਕਰਨ ਬਾਰੇ ਕਹਿਣਾ ਹੈ ਕਿ ਜੇਕਰ ਉਹ ਆਪਣੇ ਜਠੇਰੇ 'ਗੁਰਬਚਨ ਸਿੰਘ' ਦੀ ਮੰਨ-ਮਨੌਤ ਨਾ ਕਰਨ ਤਾਂ ਉਹਨਾਂ ਨੂੰ ਅਚਾ ਆਉਂਦੀ ਹੈ। ਉਹਨਾਂ ਨੇ ਖ਼ਾਸ ਤੌਰ 'ਤੇ ਇਹ ਦੱਸਿਆ ਕਿ ਉਹਨਾਂ ਲਈ ਪਿੱਪਲ ਤੇ ਬੇਰੀ, ਜਿੱਥੇ ਕਿ ਜਠੇਰੇ ਦੀ ਜਗ੍ਹਾ ਬਣੀ ਹੋਈ ਹੈ, ਉਸ ਨੂੰ ਵੱਢਣ ਦੀ ਮਨਾਹੀ ਹੈ। ਜੇਕਰ ਕਿਤੇ ਲੱਕੜ ਕੱਟ ਲਈ ਜਾਵੇ ਤਾਂ ਬਾਬਾ ਪੈਰ 'ਤੇ ਹੀ

ਤਜ਼ਰਬਾ ਦਿਖਾ ਦਿੰਦਾ ਹੈ। ਬਰਕਤਾਂ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਇਸ ਮਨੌਤ ਕਾਰਨ ਉਹਨਾਂ ਨੂੰ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਆਈ।

ਪਿੰਡ ਆਕਲੀਆ ਦੇ ਗਿੱਲ ਗੋਤ ਦੇ ਲੋਕ ਜੋ 'ਬਾਬਾ ਸ਼ਹੀਦ' ਨੂੰ ਆਪਣਾ ਵੱਡਾ-ਵਡੇਰਾ ਜਾਂ ਜਠੇਰਾ ਕਲਪ ਕੇ ਮੰਨਦੇ ਹਨ, ਦਾ ਕਹਿਣਾ ਹੈ ਕਿ ਜੇਕਰ ਕਿਤੇ ਬਾਬਾ ਸ਼ਹੀਦ ਨੂੰ ਚੜ੍ਹਾਵਾ ਚੜ੍ਹਾਉਣਾ ਭੁੱਲ ਜਾਣ ਜਾਂ ਮਨੌਤ ਵਿੱਚ ਕੋਈ ਗ਼ਲਤੀ ਹੋ ਜਾਵੇ ਤਾਂ ਉਹਨਾਂ ਦੇ ਦੁੱਧ ਦੇਣ ਵਾਲ਼ੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਅਤੇ ਪਰਿਵਾਰਕ ਮੈਂਬਰਾਂ ਦੇ ਸੱਟ-ਫ਼ੇਟ ਲੱਗਣ ਦਾ ਖ਼ਤਰਾ ਵੀ ਰਹਿੰਦਾ ਹੈ। ਜਠੇਰਾ ਮਨੌਤ ਬਦਲੇ ਖੁਸ਼ ਹੋ ਕੇ ਉਹਨਾਂ ਨੂੰ ਦੁੱਧ ਤੇ ਪੁੱਤਾਂ ਦੀਆਂ ਦਾਤਾਂ ਬਖਸ਼ਦਾ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਨਿਉਰ ਦੇ ਘਾਰੂ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੇ ਜਠੇਰੇ 'ਬਾਬਾ ਸ਼ਹੀਦ' ਦੀ ਮਨੌਤ ਦਾ ਕਾਰਨ ਇਹ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰੇ ਵੀ ਬਾਬਾ ਸ਼ਹੀਦ ਦੀ ਪੂਜਾ-ਅਰਚਨਾ ਕਰਦੇ ਸਨ ਜਿਸ ਕਰਕੇ ਉਹਨਾਂ ਦੇ ਘਰ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ ਹੈ।

ਪਿੰਡ ਕੋਠਾ ਗੁਰੂ ਕਾ ਦੇ ਚੌਹਾਨ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਪੂਜਣਯੋਗ ਜਠੇਰੇ ਦਾ ਨਾਮ ਤੇ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਗੁਰਗੋ ਬਾਈ' ਦੀ ਮਨੌਤ ਕਰਦੇ ਹਨ। ਨਾ ਮੰਨਣ 'ਤੇ ਉਹਨਾਂ ਦਾ ਨੁਕਸਾਨ ਹੁੰਦਾ ਹੈ ਅਤੇ ਮਨੌਤ ਕਰਨ ਨਾਲ਼ ਘਰ ਵਿੱਚ ਸੁੱਖ-ਸ਼ਾਂਤੀ ਰਹਿੰਦੀ ਹੈ।

ਬਠਿੰਡਾ ਜ਼ਿਲ੍ਹੇ ਦੇ ਉੱਘੇ ਪਿੰਡ ਭਾਈ ਰੂਪਾ ਦੇ ਚੌਹਾਨ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਜਠੇਰੇ 'ਸੋਹਨ ਲਾਲ' ਦੀ ਮੰਨ-ਮਨੌਤ ਕਰਦੇ ਹਨ। ਪਿਤਾ-ਪੁਰਖੀ ਇਸ ਜਠੇਰਾ-ਪੂਜਾ ਨਾਲ਼ ਉਹਨਾਂ ਨੂੰ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਜਦ ਕਿ ਮਨੌਤ ਵਿੱਚ ਕੋਈ ਕੁਤਾਹੀ ਹੋਣ 'ਤੇ ਬਾਬਾ ਸਜ਼ਾ ਵੀ ਦਿੰਦਾ ਹੈ।

ਇਸ ਉਪਰੰਤ ਅਗਲੇ ਪਿੰਡ ਖਿਆਲੀਵਾਲਾ ਦੇ ਪ੍ਰਸਿੱਧ ਗੋਤ ਚਹਿਲ ਨਾਲ਼ ਸੰਬੰਧਿਤ ਲੋਕਾਂ ਦਾ ਆਪਣੇ ਜਠੇਰੇ ਦੀ ਮੰਨ-ਮਨੌਤ ਸੰਬੰਧੀ ਕਹਿਣਾ ਹੇ ਕਿ ਉਹ ਆਪਣੇ ਜਠੇਰੇ 'ਜੋਗੀ ਪੀਰ' ਨੂੰ ਮੰਨਦੇ ਹਨ ਜਿਸਦਾ ਸਥਾਨ ਮਾਨਸਾ ਕੈਂਚੀਆਂ ਵਿਖੇ ਹੈ। ਜੋਗੀ ਪੀਰ ਦੀ ਮਨੌਤ ਸੰਬੰਧੀ ਭੁੱਲ ਹੋ ਜਾਣ 'ਤੇ ਵਿਆਹ-ਸ਼ਾਦੀ, ਬੱਚਿਆਂ ਅਤੇ ਪਸ਼ੂਆਂ ਸੰਬੰਧੀ ਅੜ੍ਹਚਣਾਂ ਆਉਂਦੀਆਂ ਹਨ।

ਪਿੰਡ ਭਾਈ ਰੂਪਾ ਦੇ ਚੋਪੜਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਜਠੇਰੇ 'ਭੋਲੂ ਰਾਮ' ਨੂੰ ਮੰਨਦੇ ਹਨ ਜਿਸ ਨੂੰ ਉਹਨਾਂ ਦੇ ਵੱਡੇ-ਵਡੇਰੇ ਪਹਿਲੇ ਸਮਿਆਂ ਤੋਂ ਹੀ ਮੰਨਦੇ ਚਲੇ ਆ ਰਹੇ ਹਨ। ਇਸ ਮਨੌਤ ਵਿੱਚ ਭੁੱਲ ਹੋ ਜਾਣ 'ਤੇ ਘਰ ਵਿੱਚ ਕੋਈ ਨਾ ਕੋਈ ਅੜ੍ਹਚਣ ਆਉਂਦੀ ਹੈ।

ਪਿੰਡ ਦੁੱਲੇਵਾਲਾ ਦੇ ਛੋਹਲਕਾ ਗੋਤ ਦੇ ਲੋਕ 'ਗੁੱਗਾ ਜ਼ਾਹਰ ਪੀਰ' ਦੀ ਮਨੌਤ ਕਰਦੇ ਹਨ ਅਤੇ ਇਹ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲਦੀ ਆ ਰਹੀ ਹੈ। ਉਹ ਆਪਣੀ ਪਰਿਵਾਰਿਕ ਸੁੱਖ-ਸ਼ਾਂਤੀ ਦਾ ਕਾਰਨ ਬਾਬਾ ਗੁੱਗਾ ਜ਼ਾਹਰ ਪੀਰ ਦੀ ਸੱਚੇ ਮਨੋਂ ਕੀਤੀ ਜਾ ਰਹੀ ਮਨੌਤ ਨੂੰ ਹੀ ਮੰਨਦੇ ਹਨ।

ਪਿੰਡ ਆਕਲੀਆ ਦੇ ਗੋਤ ਜੱਸੜ, ਪਿੰਡ ਦਿਆਲਪੁਰਾ ਭਾਈ ਕਾ ਦੇ ਬਿਲਾਸੀ ਗੋਤ ਅਤੇ ਪਿੰਡ ਨਿਉਰ ਦੇ ਮੱਟੂ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਬਲਕਿ 'ਪੀਰ ਨਿਗਾਹਾ' ਨੂੰ ਮੰਨਦੇ ਹਨ। ਉਹ ਅਗਿਆਤ ਜਠੇਰੇ ਦੀ ਮਾਨਤਾ ਲਈ ਅੱਠ ਹਾੜ੍ਹ ਨੂੰ ਪਿੰਡ ਜੰਡਾਂਵਾਲਾ ਵਿਖੇ ਮੱਥਾ ਟੇਕਣ ਲਈ ਜਾਂਦੇ ਹਨ ਅਤੇ ਉਸਦੇ ਸਥਾਨ 'ਤੇ ਹਰ ਖੁਸ਼ੀ ਮੌਕੇ ਚੜ੍ਹਾਵਾ ਚੜ੍ਹਾਉਂਦੇ ਹਨ।

ਇਸੇ ਤਰ੍ਹਾਂ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਇਕੱਤਰ ਕਰਨ ਹਿੱਤ ਅਗਲੇ ਪਿੰਡ ਕਾਂਗੜ ਦਾ ਖੇਤਰੀ ਸਰਵੇਖਣ ਕੀਤਾ ਗਿਆ ਜਿੱਥੇ ਵਸਦੇ ਜੈਚੰਦ ਗੋਤ (ਹਿੰਦੂ ਬਰਾਦਰੀ) ਦੇ ਲੋਕ 'ਮਾਤਾ ਸਤੀ' ਨੂੰ ਪੂਜਦੇ ਹਨ ਜਿਸ ਦਾ ਸਥਾਨ ਪਿੰਡ ਕੁੱਸਾ-ਮੀਨੀਆਂ ਵਿਖੇ ਹੈ। ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮੇਂ ਤੋਂ ਹੀ ਮਾਤਾ ਸਤੀ ਦੀ ਇਹ ਪੂਜਾ-ਪ੍ਰਕਿਰਿਆ ਚੱਲਦੀ ਆ ਰਹੀ ਹੈ।

ਪਿੰਡ ਹਮੀਰਗੜ੍ਹ ਦੇ ਜਟਾਣਾ ਗੋਤ ਨਾਲ਼ ਸੰਬੰਧਿਤ ਜੱਟ ਸਿੱਖ ਆਪਣੇ ਜਠੇਰੇ 'ਬਾਬਾ ਫੂਲ' ਦੀ ਮੰਨ-ਮਨੌਤ ਕਰਦੇ ਹਨ। ਜਦ ਉਹਨਾਂ ਨੂੰ ਇਸ ਮਨੌਤ ਪਿੱਛੇ ਛਿਪੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਦਾਦੇ-ਪੜ੍ਹਦਾਦੇ ਵੀ ਇਸ ਜਠੇਰੇ ਨੂੰ ਮੰਨਦੇ ਸਨ ਜਿਸ ਕਰਕੇ ਉਹਨਾਂ ਨੂੰ ਹੁਣ ਤੱਕ ਬਾਬੇ ਨੇ ਕਿਸੇ ਵੀ ਚੀਜ਼ ਦੀ ਥੁੜ੍ਹ ਨਹੀਂ ਆਉਣ ਦਿੱਤੀ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਦੇ ਵਸਨੀਕ ਜੋਸ਼ੀ ਗੋਤ ਨਾਲ਼ ਸੰਬੰਧਿਤ ਲੋਕ ਵੀ 'ਮਾਤਾ ਸਤੀ' ਦੀ ਪੂਜਾ ਕਰਨ ਲਈ ਉਸਦੇ ਸਥਾਨ ਪਿੰਡ ਹਠੂਰ ਵਿਖੇ ਜਾਂਦੇ ਹਨ। ਉਹਨਾਂ ਦੀ ਮਾਨਸਿਕਤਾ ਦਾ ਇਹ ਮੰਨਣਾ ਹੈ ਕਿ ਮਾਤਾ ਦੀ ਪੂਜਾ ਸੰਬੰਧੀ ਕਿਸੇ ਵੀ ਕਿਸਮ ਦੀ ਭੁੱਲ ਹੋ ਜਾਣ 'ਤੇ ਘਰ ਵਿੱਚ ਜਹਿਮਤ ਆਉਂਦੀ ਹੈ।

ਪਿੰਡ ਹਰਰਾਏਪੁਰ ਦੇ ਟੋਪਰਾ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੀ ਜਠੇਰਾ-ਪੂਜਾ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਆਤਾ' ਨਾਮੀ ਜਠੇਰੇ ਨੂੰ ਮੰਨਦੇ ਹਨ ਅਤੇ ਇਹ ਮਨੌਤ ਦਾਦੇ-ਪੜ੍ਹਦਾਦੇ ਦੇ ਸਮਿਆਂ ਤੋਂ ਚਲੀ ਆ ਰਹੀ ਹੈ। ਉਹਨਾਂ ਦੇ ਲੋਕ-ਮਨ ਦਾ ਇਹ ਵੀ ਮੰਨਣਾ ਹੈ ਕਿ ਜਠੇਰੇ ਦੀ ਇਸ ਮੰਨ-ਮਨੌਤ ਦੇ ਕਾਰਨ ਹੀ ਉਹਨਾਂ ਦਾ ਕਾਰੋਬਾਰ ਨਿਰਵਿਘਨ ਚੱਲ ਰਿਹਾ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਜੰਡਾਂਵਾਲਾ ਦੇ ਵਸਨੀਕ ਢਿੱਲੋਂ ਗੋਤ ਦੇ ਲੋਕਾਂ ਦੇ ਦੱਸਣ ਮੁਤਾਬਿਕ ਉਹ ਆਪਣੇ ਅਗਿਆਤ ਜਠੇਰੇ ਦੀ ਮਾਨਤਾ ਪੁਰਾਣੇ ਸਮਿਆਂ ਤੋਂ ਕਰਦੇ ਆ ਰਹੇ ਹਨ। ਇਸ ਮਾਨਤਾ ਨਾਲ਼ ਉਹਨਾਂ ਦੇ ਘਰ-ਪਰਿਵਾਰ ਵਿੱਚ ਸੁੱਖ-ਸ਼ਾਂਤੀ ਬਣੀ ਰਹਿੰਦੀ ਹੈ।

ਇਸ ਤੋਂ ਅੱਗੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ ਦਾ ਸਰਵੇ ਕੀਤਾ ਗਿਆ ਜਿੱਥੇ ਵਸਦੇ ਤਾਗੜੀ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਇਹ ਮੰਨਣਾ ਹੈ ਕਿ ਉਹ ਅਗਿਆਤ ਜਠੇਰੇ ਦੀ ਪੂਜਾ-ਅਰਾਧਨਾ ਇਸ ਕਰਕੇ ਕਰਦੇ ਹਨ ਤਾਂ ਕਿ ਘਰ-ਪਰਿਵਾਰ ਵਿੱਚ ਕੋਈ ਬਦਸ਼ਗਨੀ ਨਾ ਹੋਵੇ ਅਤੇ ਘਰ ਵਿੱਚ ਸਭ ਬਰਕਤਾਂ ਆਉਣ।

ਗਿੱਦੜ ਪਿੰਡ ਦੇ ਧਨੋਆ ਵੀ ਉੱਪਰ ਲਿਖੇ ਗੋਤ ਤਾਗੜੀ ਨਾਲ਼ ਸੰਬੰਧਿਤ ਲੋਕਾਂ ਵਾਂਗ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ ਜਿਸ ਨੂੰ ਉਹਨਾਂ ਦੇ ਵੱਡੇ-ਵਡੇਰੇ ਵੀ ਮੰਨਦੇ ਸਨ। ਇਸ ਮਨੌਤ ਨਾਲ਼ ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਨੂੰ ਅਣਗਿਣਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਪਿੰਡ ਸਲਾਬਤਪੁਰਾ ਦੇ ਧਾਲੀਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਬਾਰੇ ਗੱਲ ਕਰੀਏ ਤਾਂ ਉਹਨਾਂ ਦੇ ਦੱਸਣ ਮੁਤਾਬਿਕ ਉਹ 'ਬਾਬਾ ਮਿਹਰ ਮਿੱਠਾ' ਨਾਮੀ ਆਪਣੇ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜੋ ਕਿ ਉਹਨਾਂ ਦਾ ਪਿਤਾ-ਪੁਰਖੀ ਜਠੇਰਾ ਹੈ। ਉਹਨਾਂ ਦੇ ਲੋਕ-ਮਨ ਦਾ ਮੰਨਣਾ ਹੈ ਕਿ ਇਸ ਮਨੌਤ ਨਾਲ਼ ਬੇਅੰਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਉੱਪਰ ਅੰਕਿਤ ਗੋਤ ਧਾਲੀਵਾਲ ਨਾਲ਼ ਹੀ ਸੰਬੰਧਿਤ ਪਿੰਡ ਸਿਰੀਏਵਾਲਾ ਦੇ ਲੋਕਾਂ ਦੇ ਜਠੇਰੇ ਦੀ ਗੱਲ ਕਰੀਏ ਤਾਂ ਉਹ ਆਪਣੇ-ਆਪ ਨੂੰ ਆਪਣੇ ਜਠੇਰੇ 'ਬਾਬਾ ਲੱਲੂ' ਦੀ ਔਲਾਦ ਵਿੱਚੋਂ ਮੰਨਦੇ ਹਨ, ਜਿਸਦੀ ਮਨੌਤ ਵਜੋਂ ਉਹ ਮਿੱਟੀ ਕੱਢਦੇ ਹਨ ਜਿਸ ਨਾਲ਼ ਕਿ ਉਹਨਾਂ ਦਾ ਖੇਤੀਬਾੜੀ ਦਾ ਕੰਮ ਵਧੀਆ ਚੱਲਦਾ ਹੈ ਜਦ ਕਿ ਮਨੌਤ ਵਿੱਚ ਕਿਸੇ ਕਿਸਮ ਦੀ ਕੁਤਾਹੀ ਹੋ ਜਾਣ ਦੀ ਸੂਰਤ ਵਿੱਚ ਉਹਨਾਂ ਦੇ ਪਸ਼ੂ-ਧਨ ਦਾ ਨੁਕਸਾਨ ਹੁੰਦਾ ਹੈ।

ਪਿੰਡ ਅਮਰਗੜ੍ਹ ਦੇ ਧਾਲੀਵਾਲ 'ਬਾਬਾ ਸਿੱਧ ਤਿਲਕ ਰਾਉ' ਨੂੰ ਬਜ਼ੁਰਗਾਂ ਦੇ ਵੇਲ਼ੇ ਤੋਂ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਦੇ ਰੂਪ ਵਿੱਚ ਮੰਨਦੇ ਆ ਰਹੇ ਹਨ ਜਿਸਦੀ ਅਪਾਰ ਬਖਸ਼ਿਸ਼ ਸਦਕਾ ਉਹਨਾਂ ਦੇ ਘਰ ਕਿਸੇ ਚੀਜ਼ ਦੀ ਕਮੀਂ ਨਹੀਂ।

ਪਿੰਡ ਦੁੱਲੇਵਾਲਾ ਦੇ ਧਾਲੀਵਾਲ ਗੋਤ ਦੇ ਹੀ ਰਾਜਾ ਸਿੱਖ ਬਰਾਦਰੀ ਦੇ ਲੋਕ 'ਬਾਬਾ ਮਨੀ ਸਿੰਘ' ਨਾਮੀ ਜਠੇਰੇ ਨੂੰ ਮੱਥਾ ਟੇਕਦੇ ਅਤੇ ਚੜ੍ਹਾਵਾ ਚੜ੍ਹਾਉਂਦੇ ਹਨ। ਇਸ ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ ਨਾਲ਼ ਹੋਣ ਵਾਲ਼ੇ ਨੁਕਸਾਨ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਅਜਿਹੀ ਸੂਰਤ ਵਿੱਚ ਉਹਨਾਂ ਦਾ ਘਰੇਲੂ ਨੁਕਸਾਨ ਹੁੰਦਾ ਹੈ।

ਜ਼ਿਲ੍ਹਾ ਬਠਿੰਡਾ ਦੇ ਉੱਘੇ ਪਿੰਡ ਭਾਈ ਰੂਪਾ ਦੇ ਲੱਧੜ ਗੋਤ ਨਾਲ਼ ਸੰਬੰਧਿਤ ਲੋਕ 'ਬੂਟਾ ਨਾਥ' ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਅਤੇ ਮੱਥਾ ਟੇਕਦੇ ਹਨ ਜਿਸ ਦੀ ਬਖਸ਼ਿਸ਼ ਸਦਕਾ ਉਹਨਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਆਉਂਦੀ।

ਆਪਣੇ ਖੇਤਰੀ ਸਰਵੇ ਅਧੀਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਲੂਕਾ ਵਿਖੇ ਪਾਏ ਗਏ ਬਹਿਣੀਵਾਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਜਦ ਇਸ ਪੂਜਾ ਪਿੱਛੇ ਛੁਪੀ ਉਹਨਾਂ ਦੀ ਮਾਨਸਿਕਤਾ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਇੱਕ ਵਾਰ ਮਨੌਤ ਸੰਬੰਧੀ ਭੁੱਲ ਹੋ ਜਾਣ 'ਤੇ ਪਰਿਵਾਰਕ ਮੈਂਬਰ ਦੇ ਸੱਟ ਲੱਗ ਗਈ ਸੀ। ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਜਠੇਰਾ ਇਸ ਮਨੌਤ ਬਦਲੇ ਉਹਨਾਂ ਨੂੰ ਖੁਸ਼ ਹੋ ਕੇ ਅਨੇਕ ਦਾਤਾਂ ਦਿੰਦਾ ਹੈ ਅਤੇ ਕੰਮ-ਕਾਰ ਵਿੱਚ ਤਰੱਕੀ ਬਖਸ਼ਦਾ ਹੈ।

ਪਿੰਡ ਨਿਉਰ ਦੇ ਗੋਤ ਬੰਬਰਾ ਨਾਲ਼ ਸੰਬੰਧਿਤ ਤਰਖਾਣ ਬਰਾਦਰੀ ਦੇ ਲੋਕ ਜਠੇਰੇ ਨੂੰ ਨਹੀਂ ਮੰਨਦੇ, ਪਰ ਉਹ ਦੇਵੀ ਮਾਤਾ ਦੀ ਪੂਜਾ ਕਰਨ ਲਈ ਮਾਈਸਰਖ਼ਾਨੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਦੇਵੀ ਮਾਤਾ ਦੀ ਪੂਜਾ ਨਾਲ਼ ਉਹਨਾਂ ਨੂੰ ਬਹੁਤ ਸਾਰੀਆਂ ਬਰਕਤਾਂ ਪ੍ਰਾਪਤ ਹੋਈਆਂ ਹਨ।

ਬਠਿੰਡਾ ਜ਼ਿਲ੍ਹੇ ਦੇ ਅਗਲੇ ਪਿੰਡ ਗਿੱਦੜ ਦੇ ਬਰਾੜ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਵੱਲੋਂ ਕੀਤੀ ਜਾਂਦੀ ਜਠੇਰਾ-ਪੂਜਾ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿਖੇ ਬਣੀਆਂ 'ਬਾਬਾ ਬੁੱਢਣ ਜੀ' ਦੀਆਂ ਮਟੀਆਂ ਦੀ ਪੂਜਾ ਕਰਦੇ ਹਨ। ਉਹਨਾਂ ਦਾ ਇਹ ਕਹਿਣਾ ਹੈ ਕਿ ਮੰਨ-ਮਨੌਤ ਵਿੱਚ ਗ਼ਲਤੀ ਜਾਂ ਭੁੱਲ ਹੋ ਜਾਣ 'ਤੇ ਬਾਬਾ ਬਖਸ਼ ਦਿੰਦਾ ਹੈ।

ਜ਼ਿਲ੍ਹਾ ਬਠਿੰਡਾ ਦੇ ਪ੍ਰਸਿੱਧ ਪਿੰਡ ਮਲੂਕਾ ਵਿਖੇ ਵਸਦੇ ਬਾਲੂ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੀ ਜਠੇਰਾ-ਪੂਜਾ ਬਾਰੇ ਕਾਰਜਸ਼ੀਲ ਮਾਨਸਿਕਤਾ ਬਿਆਨ ਕਰਦਿਆਂ ਦੱਸਿਆ ਕਿ ਉਹ ਆਪਣੇ ਪਿੰਡ ਦੇ ਖੇਤਾਂ ਵਿੱਚ ਬਣੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ ਤਾਂ ਜੋ ਉਹਨਾਂ ਦਾ ਕੰਮ-ਕਾਰ ਵਧੀਆ ਚੱਲਦਾ ਰਹੇ। ਉਹਨਾਂ ਨੇ ਇਹ ਵੀ ਦੱਸਿਆ ਕਿ ਬਾਬਾ ਜੀ ਦੀ ਮਿਹਰ ਨਾਲ਼ ਉਹਨਾਂ ਦਾ ਕਾਰੋਬਾਰ ਬਹੁਤ ਵਧੀਆ ਚੱਲ ਰਿਹਾ ਹੈ।

ਪਿੰਡ ਕੋਠਾ ਗੁਰੂ ਕਾ ਦੇ ਭਾਖਰ ਗੋਤ ਦੇ ਲੋਕਾਂ ਦੁਆਰਾ ਮੰਨੇ ਜਾਂਦੇ ਅਗਿਆਤ ਜਠੇਰੇ ਦੀ ਮਨੌਤ ਦਾ ਕਾਰਨ ਉਹਨਾਂ ਦੀ ਆਪਣੀ ਜ਼ੁਬਾਨੀ ਇਹ ਹੈ ਕਿ ਉਹਨਾਂ ਦੇ ਮਾਤਾ-ਪਿਤਾ ਤੋਂ ਇਹ ਮਨੌਤ ਚਲਦੀ ਆ ਰਹੀ ਹੈ। ਪਹਿਲਾਂ ਮਨੌਤ ਛੱਡਣ 'ਤੇ ਉਹਨਾਂ ਦੇ ਪਸ਼ੂ ਮਰਨ ਲੱਗ ਗਏ ਸਨ। ਹੁਣ ਮਨੌਤ ਕਰਨ ਨਾਲ਼ ਸਭ ਕੁਝ ਠੀਕ ਚੱਲ ਰਿਹਾ ਹੈ।

ਪਿੰਡ ਸੇਲਬਰਾ ਵਿਖੇ ਵਸਦੇ ਭੰਗੂ ਗੋਤ ਦੇ ਲੋਕ 'ਬਾਬਾ ਸ਼ਹੀਦ' ਨੂੰ ਆਪਣੇ ਜਠੇਰੇ ਵਜੋਂ ਪੂਜਦੇ ਜਾਂ ਮੰਨਦੇ ਹਨ। ਜਦ ਉਹਨਾਂ ਪਾਸੋਂ ਇਸ ਮਨੌਤ ਦਾ ਕਾਰਨ ਜਾਣਨਾ ਚਾਹਿਆ ਤਾਂ ਉਹਨਾਂ ਦਾ ਇਹ ਕਹਿਣਾ ਸੀ ਕਿ ਉਹਨਾਂ ਦੇ ਦਾਦੇ-ਪੜ੍ਹਦਾਦੇ ਦੇ ਸਮਿਆਂ ਤੋਂ ਇਹ ਮਨੌਤ ਉਹਨਾਂ ਦੇ ਪਰਿਵਾਰ ਵਿੱਚ ਚੱਲਦੀ ਆ ਰਹੀ ਹੈ।

ਭੰਗੂ ਗੋਤ ਨਾਲ਼ ਹੀ ਸੰਬੰਧਿਤ ਪਿੰਡ ਹਾਕਮ ਸਿੰਘ ਵਾਲਾ ਦੇ ਵਸਨੀਕ 'ਸ਼ਹੀਦ ਬਾਬਾ ਨੌਧ ਸਿੰਘ' ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਹਨ। ਉਹਨਾਂ ਦਾ ਇਸ ਮਨੌਤ ਦੇ ਕਾਰਨ ਬਾਰੇ ਕਹਿਣਾ ਹੈ ਕਿ ਮਨੌਤ ਨਾ ਕਰਨ 'ਤੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਭਾਵ ਘਰ ਦੇ ਰਿਜ਼ਕ ਵਿੱਚ ਕਮੀ ਆਉਂਦੀ ਹੈ। ਇਸ ਮਨੌਤ ਦੇ ਕਰਕੇ ਬਾਬਾ ਸ਼ਹੀਦ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਵਿਖੇ ਵਸਦੇ ਹਿੰਦੂ ਸਿੱਖ ਬਰਾਦਰੀ ਦੇ ਗੋਤ ਭਨੌਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਪੂਰੀ ਸ਼ਰਧਾ ਨਾਲ਼ ਮੰਨ-ਮਨੌਤ ਕਰਦੇ ਹਨ ਤਾਂ ਜੋ ਉਹਨਾਂ ਦਾ ਮਾਲ-ਡੰਗਰ ਤੰਦਰੁਸਤ ਰਹੇ। ਉਹਨਾਂ ਦੇ ਲੋਕ-ਮਨ ਵਿੱਚੋਂ ਇਹ ਗੱਲ ਵੀ ਉੱਘੜ ਕੇ ਸਾਹਮਣੇ ਆਈ ਕਿ ਇਸ ਮਨੌਤ ਕਰਕੇ ਉਹਨਾਂ ਦੇ ਪਰਿਵਾਰ ਵਿੱਚ ਬਰਕਤਾਂ ਹੀ ਬਰਕਤਾਂ ਹਨ।

ਪਿੰਡ ਮਲੂਕਾ ਦੇ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਭਰੀ ਗੋਤ ਦੇ ਲੋਕਾਂ ਦਾ ਮੰਨਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਗੁਲਾਬ ਸਿੰਘ' ਹੈ ਜਿਸ ਦੀ ਸ਼ਰਧਾ ਸਹਿਤ ਮੰਨ-ਮਨੌਤ ਕਰਨ ਨਾਲ਼ ਉਹਨਾਂ ਦੇ ਪਰਿਵਾਰ ਵਿੱਚੋਂ ਜਹਿਮਤ (ਬਿਮਾਰੀ) ਖਤਮ ਹੋ ਗਈ ਹੈ। ਪਹਿਲਾਂ ਜਠੇਰੇ ਨੂੰ ਨਾ ਮੰਨਣ 'ਤੇ ਉਹਨਾਂ ਦੇ ਪਸ਼ੂ ਅਚਾਨਕ ਮਰ ਜਾਂਦੇ ਸਨ, ਜੋ ਹੁਣ ਬਿਲਕੁਲ ਤੰਦਰੁਸਤ ਰਹਿੰਦੇ ਹਨ ਅਤੇ ਹੁਣ ਘਰ ਵਿੱਚ ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਹਨ।

ਇਸ ਤੋਂ ਇਲਾਵਾ ਪਿੰਡ ਮਲੂਕਾ ਦੇ ਭਰੀ ਗੋਤ ਨਾਲ਼ ਹੀ ਸੰਬੰਧਿਤ ਕੁਝ ਲੋਕਾਂ ਦਾ ਮੰਨਣਾ ਹੈ ਕਿ ਉਹ ਆਪਣੇ ਵੱਖਰੇ ਜਠੇਰੇ 'ਮੋਹਨ ਸਿੰਘ' ਦੀ ਮੰਨ-ਮਨੌਤ ਕਰਦੇ ਹਨ ਜਿਸ ਦੀ ਮਨੌਤ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਹੈ। ਇਹਨਾਂ ਦਾ ਵੀ ਇਹੀ ਕਹਿਣਾ ਹੈ ਕਿ ਜਠੇਰੇ ਦੀ ਮਨੌਤ ਸੰਬੰਧੀ ਕੋਈ ਭੁੱਲ ਹੋ ਜਾਣ 'ਤੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਜਦ ਕਿ ਮਨੌਤ ਕਰਨ ਨਾਲ਼ ਬਰਕਤਾਂ ਵਿੱਚ ਕੋਈ ਕਮੀ ਨਹੀਂ ਆਉਂਦੀ।

ਆਪਣੇ ਖੇਤਰੀ ਖੋਜ ਸਰਵੇਖਣ ਦੀ ਲੜੀ ਨੂੰ ਅੱਗੇ ਤੋਰਦਿਆਂ ਜਦ ਪਿੰਡ ਜਲਾਲ ਦਾ ਦੌਰਾ ਕੀਤਾ ਗਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਇੱਥੇ ਵਸਦੇ ਮਹਿਤਾ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਜਠੇਰੇ ਦੇ ਨਾਂ ਦੀ ਮਿੱਟੀ ਕੱਢਣ ਨਾਲ਼ ਉਹਨਾਂ ਨੂੰ ਬਹੁਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਪਿੰਡ ਗਿੱਦੜ ਦੇ ਖੇਤਰੀ ਸਰਵੇਖਣ ਦੋਰਾਨ ਉੱਥੇ ਪਾਏ ਗਏ ਗੋਤ ਮੁੰਡੇ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਪੂਜਦੇ ਹਨ ਜਿਸ ਦੀ ਮਨੌਤ ਉਹਨਾਂ ਦੀ ਪੀੜ੍ਹੀ ਵਿੱਚ ਮੁੱਢੋਂ ਹੀ ਚੱਲੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਮਨੌਤ ਬਦਲੇ ਉਹਨਾਂ ਦਾ ਕੰਮ-ਧੰਦਾ ਤਰੱਕੀਆਂ ਵਿੱਚ ਜਾ ਰਿਹਾ ਹੈ।

ਪਿੰਡ ਭਾਈ ਰੂਪਾ ਦੇ ਮੁਰੂਵਾਲਾ ਗੋਤ ਦੇ ਲੋਕ 'ਅਜਮੇਰ ਸ਼ਰੀਫ' ਵਿਖੇ ਪੀਰ ਦੀ ਮਨੌਤ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਪੀਰ ਦੀ ਮਨੌਤ ਅਤੇ ਉਸ ਨੂੰ ਚੜ੍ਹਾਵਾ ਚੜ੍ਹਾਉਣ ਨਾਲ਼ ਹਰੇਕ ਔਕੜ ਦੂਰ ਹੁੰਦੀ ਹੈ।

ਇਸੇ ਤਰ੍ਹਾਂ ਅਗਲੇ ਪਿੰਡ ਗੋਬਿੰਦਪੁਰਾ ਦਾ ਖੇਤਰੀ ਸਰਵੇਖਣ ਕਰਦਿਆਂ ਮਾਲੜੇ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਉਹਨਾਂ ਵੱਲੋਂ ਕੀਤੀ ਜਾਂਦੀ ਜਠੇਰਾ-ਪੂਜਾ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਬਾਬਾ ਭਗਤੂ' ਨਾਮੀ ਆਪਣੇ ਜਠੇਰੇ ਨੂੰ ਮੰਨਦੇ ਹਨ ਅਤੇ ਇਸ ਬਦਲੇ ਸਭ ਖੁਸ਼ੀਆਂ ਤੇ ਬਰਕਤਾਂ ਉਹਨਾਂ ਨੂੰ ਹਾਸਿਲ ਹੁੰਦੀਆਂ ਹਨ।

ਅਗਲੇ ਪਿੰਡ ਜੀਦਾ ਦੇ ਰਚਲੀਵਾਲ ਗੋਤ ਨਾਲ਼ ਸੰਬੰਧਿਤ ਨਾਈ ਸਿੱਖ ਬਰਾਦਰੀ ਦੇ ਲੋਕਾਂ ਦੀ ਆਪਣੀ ਜਠੇਰਾ-ਪੂਜਾ ਸੰਬੰਧੀ ਇਹ ਧਾਰਨਾ ਹੈ ਕਿ 'ਸੈਨ ਭਗਤ ਜੀ' ਉਹਨਾਂ ਦੇ ਵੱਡੇ-ਵਡੇਰੇ ਹਨ, ਜਿਨ੍ਹਾਂ ਦੀ ਮੰਨ-ਮਨੌਤ ਉਹਨਾਂ ਦੇ ਪੁਰਖੇ ਕਰਦੇ ਸਨ। ਬਰਕਤਾਂ ਬਾਰੇ ਉਹਨਾਂ ਦਾ ਖਿਆਲ ਹੈ ਕਿ ਬਾਬਾ ਜੀ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੇ।

ਗੋਤਾਂ ਦੀ ਇਸ ਲੰਬੀ ਲੜੀ ਵਿੱਚ ਅੱਗੇ ਪਿੰਡ ਭਗਤਾ ਭਾਈ ਦੇ ਰਤਨ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਦ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਅਮਰ ਸਿੰਘ' ਨਾਮੀ ਜਠੇਰੇ ਨੂੰ ਮੰਨਦੇ ਹਨ, ਜੋ ਕਿ ਉਹਨਾਂ ਦੇ ਦੱਸਣ ਮੁਤਾਬਿਕ ਫ਼ੌਜ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ ਸਨ।

ਪਿੰਡ ਕੋਠਾ ਗੁਰੂ ਕਾ ਦੇ ਲਖਨਪਾਲ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਬਾਰੇ ਗੱਲ ਕਰਨ 'ਤੇ ਪਤਾ ਲੱਗਾ ਕਿ ਉਹ 'ਸ਼ਾਮ ਸਿੰਘ' ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਹਨ। ਇਸ ਜਠੇਰੇ ਦੀ ਮਨੌਤ ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਮਾਤਾ-ਪਿਤਾ ਦੇ ਵੇਲ਼ੇ ਤੋਂ ਹੀ ਹੁੰਦੀ ਆ ਰਹੀ ਹੈ ਅਤੇ ਮਨੌਤ ਸੰਬੰਧੀ ਕਿਸੇ ਕਿਸਮ ਦੀ ਭੁੱਲ ਹੋ ਜਾਣ 'ਤੇ ਉਹਨਾਂ ਦਾ ਦੱਸਣਾ ਹੈ ਕਿ ਬਾਬਾ ਸਜ਼ਾ ਵੀ ਦਿੰਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਬਾਬਾ ਖੁਸ਼ ਹੋ ਕੇ ਦਾਤਾਂ ਵੀ ਬੇਸ਼ੁਮਾਰ ਦਿੰਦਾ ਹੈ।

ਇਸ ਤੋਂ ਅੱਗੇ ਪਿੰਡ ਆਕਲੀਆ ਵਿਖੇ ਪਾਏ ਗਏ ਗੋਤ ਲੱਧੜ ਅਤੇ ਪਿੰਡ ਖੇਮੂਆਣਾ ਦੇ ਗੋਤ ਮਾਨ ਨਾਲ਼ ਸੰਬੰਧਿਤ ਲੋਕ ਜੋ 'ਬਾਬਾ ਸ਼ਹੀਦ' ਨੂੰ ਆਪਣੇ ਜਠੇਰੇ ਵਜੋਂ ਪੂਜਦੇ ਹਨ, ਪਾਸੋਂ ਜਠੇਰਾ-ਪੂਜਾ ਦਾ ਕਾਰਨ ਪੁੱਛੇ ਜਾਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਬਜ਼ੁਰਗਾਂ ਦੇ ਸਮਿਆਂ ਤੋਂ ਹੀ ਉਹਨਾਂ ਦੀ ਪੀੜ੍ਹੀ ਵਿੱਚ ਇਸ ਜਠੇਰੇ ਦੀ ਮਨੌਤ ਚਲਦੀ ਆ ਰਹੀ ਹੈ ਜੋ ਨਾ ਮੰਨਣ 'ਤੇ ਅੜਚਣ ਪਾਉਂਦਾ ਹੈ ਅਤੇ ਮਨੌਤ ਤੋਂ ਪ੍ਰਸੰਨ ਹੋ ਕੇ ਦਾਤਾਂ ਪ੍ਰਦਾਨ ਕਰਦਾ ਹੈ।

ਪਿੰਡ ਗਿੱਦੜ ਦੇ ਮਾਨ ਗੋਤ ਵਾਲੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਦੱਸਣਾ ਹੈ ਕਿ ਉਹ 'ਬਾਬਾ ਬੁੱਢਣ' ਨੂੰ ਆਪਣੇ ਜਠੇਰੇ ਵਜੋਂ ਪੂਜਦੇ ਹਨ। ਉਹਨਾਂ ਦੇ ਲੋਕ-ਮਨ ਦਾ ਇਹ ਵਿਸ਼ਵਾਸ ਹੈ ਕਿ ਉਹ ਬਾਬੇ ਦੀ ਜਗ੍ਹਾ ਤੋਂ ਲੱਕੜਾਂ ਨਹੀਂ ਕੱਟ ਸਕਦੇ। ਇੱਕ ਵਾਰ ਇੱਕ ਆਦਮੀ ਨੇ ਲੱਕੜਾਂ ਕੱਟ ਕੇ ਵੇਚ ਦਿੱਤੀਆਂ ਸਨ ਜਿਸ ਤੋਂ ਕੁਝ ਸਮਾਂ ਮਗਰੋਂ ਹੀ ਉਸ ਦੀ ਅਤੇ ਉਸ ਦੀ ਬੋਤੀ (ਊਠਣੀ) ਦੀ ਅਚਾਨਕ ਮੌਤ ਹੋ ਗਈ ਸੀ। ਉਂਝ ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਬਾਬਾ ਸੇਵਾ-ਭਾਵਨਾ ਤੋਂ ਤਰੁੱਠ ਕੇ ਬਹੁਤ ਸਾਰੀਆਂ ਬਰਕਤਾਂ ਵੀ ਬਖਸ਼ਦਾ ਹੈ।

ਇਸ ਤੋਂ ਇਲਾਵਾ ਪਿੰਡ ਸਿਰੀਏਵਾਲਾ, ਕੋਠਾ ਗੁਰੂ ਕਾ, ਖੇਮੂਆਣਾ ਅਤੇ ਕਾਂਗੜ ਦੇ ਸੰਧੂ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਰੇ ਵਿਸਥਾਰ ਸਹਿਤ ਪੁੱਛਿਆ ਗਿਆ ਤਾਂ ਉਹਨਾਂ ਦਾ ਇਹ ਕਹਿਣਾ ਸੀ ਕਿ ਉਹ 'ਕਾਲ਼ਾ ਮਹਿਰ' ਨੂੰ ਆਪਣੇ ਵੱਡੇ-ਵਡੇਰੇ ਜਾਂ ਜਠੇਰੇ ਵਜੋਂ ਮੰਨਦੇ ਹਨ ਅਤੇ ਚੜ੍ਹਾਵਾ ਚੜ੍ਹਾਉਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਬਾਬਾ ਭੁੱਲ ਹੋਣ 'ਤੇ ਸਖਤ ਸਜ਼ਾ ਦਿੰਦਾ ਹੈ ਅਤੇ ਮੌਕੇ 'ਤੇ ਹੀ ਤਜ਼ਰਬਾ ਦਿਖਾ

ਦਿੰਦਾ ਹੈ। ਫ਼ਾਇਦੇ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦਾ ਕੰਮ-ਕਾਰ ਮਨੌਤ ਕਰਨ ਕਰਕੇ ਬਹੁਤ ਵਧੀਆ ਚੱਲ ਰਿਹਾ ਹੈ।

ਪਿੰਡ ਹਰਰਾਏਪੁਰ ਦੇ ਸੰਧੂ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੇ ਜਠੇਰੇ ਬਾਰੇ ਦੱਸਦਿਆਂ ਕਿਹਾ ਕਿ ਉਹ ਆਪਣੇ ਜਠੇਰੇ ‘ਸਿੱਧ ਤਿਲਕ ਰਾਉ’ ਨੂੰ ਮੰਨਦੇ ਹਨ ਜਿਸ ਦੀ ਮਨੌਤ ਉਹਨਾਂ ਦੇ ਬਜ਼ੁਰਗਾਂ ਦੇ ਵੇਲ਼ਿਆਂ ਤੋਂ ਚੱਲਦੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਮਨੌਤ ਸੰਬੰਧੀ ਕਿਸੇ ਕਿਸਮ ਦੀ ਗ਼ਲਤੀ ਹੋ ਜਾਣ ‘ਤੇ ਘਰ ਵਿੱਚ ਕਰੋਪੀ ਵੀ ਆਉਂਦੀ ਹੈ।

**ਆਧੁਨਿਕ ਦ੍ਰਿਸ਼ਟੀਕੋਣ:**

ਖੋਜ-ਸਰਵੇਖਣ ਦੌਰਾਨ ਵੱਖ-ਵੱਖ ਗੋਤਾਂ ਦੇ ਜਠੇਰਾ-ਪੂਜਾ ਨਾਲ਼ ਸੰਬੰਧਿਤ ਇਕੱਤਰ ਕੀਤੇ ਗਏ ਤੱਥਾਂ ਵਿੱਚ ਪੁਰਾਤਨਤਾ ਅਤੇ ਆਧੁਨਿਕਤਾ ਦਾ ਸੁਮੇਲ ਨਜ਼ਰੀਂ ਆਇਆ ਕਿਉਂ ਕਿ ਨਵੀਂ ਪੀੜ੍ਹੀ ਵਿੱਚ ਤਕਨਾਲੋਜੀ ਦੇ ਪ੍ਰਸਾਰ ਕਾਰਨ ਪਰਿਵਰਤਨ ਵੇਖਣ ਨੂੰ ਮਿਲਿਆ। ਜਠੇਰਾ-ਪੂਜਾ ਸੰਬੰਧੀ ਉਹਨਾਂ ਦੀ ਮਾਨਸਿਕਤਾ ਆਪਣੇ ਬਜ਼ੁਰਗਾਂ ਦੇ ਮੁਕਾਬਲੇ ਬਦਲ ਰਹੀ ਹੈ। ਜੇਕਰ ਉਹ ਮੰਨ-ਮਨੌਤ ਕਰਦੇ ਵੀ ਹਨ ਤਾਂ ਇਹ ਮਾਨਸਿਕ ਸੰਤੁਸ਼ਟੀ ਨਾ ਹੋ ਕੇ ਕੇਵਲ ਇੱਕ ਖਾਨਾ-ਪੂਰਤੀ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਉਹ ਤਰਕ ਦੇ ਆਧਾਰ ‘ਤੇ ਗੱਲ ਕਰਦੇ ਹਨ। ਪਿੰਡ ਕੋਠਾ ਗੁਰੂ ਕਾ ਦੇ ਉਗਰਾਹਾ, ਸੋਢੀ, ਸੋਲਕੀ, ਖਟੜਾ ,ਖੱਤੀ, ਗੋਂਦਾਰਾ, ਚੀਮਾ, ਪਾਖਰ, ਬਾਜਵਾ, ਬੇਦੀ, ਬੰਦੇਸ਼ਾ, ਭੱਲੇ, ਵਾਲੀਆ ਤੇ ਵੜੈਂਚ, ਪਿੰਡ ਸਿਰੀਏਵਾਲਾ ਦੇ ਅੱਜੀ, ਸੋਨੀ, ਕਲਿਆਣੀ, ਕੌਲਧਾਰ, ਖੋਖਰ, ਚਾਨੀ ਤੇ ਪਾਂਧੇ, ਪਿੰਡ ਢੇਲਵਾਂ ਦੇ ਆਦੀਵਾਲ, ਗਿੱਲ ਤੇ ਸਿੱਧੂ, ਪਿੰਡ ਮਲੂਕਾ ਦੇ ਔਲਖ, ਪਿੰਡ ਖੇਮੂਆਣਾ ਦੇ ਸਹੋਤਾ, ਗਰੇਵਾਲ, ਭੁੱਲਰ ਤੇ ਵੈਦ, ਪਿੰਡ ਜੀਦਾ ਦੇ ਸੇਖੋਂ, ਚਲਾਣੇ, ਰਚਲੀਵਾਲ ਤੇ ਨਾਮਸੋਤ, ਪਿੰਡ ਹਮੀਰਗੜ੍ਹ ਦੇ ਸੱਗੂ, ਪਰਜਾਪੱਤ, ਬਹੁਟੀ ਤੇ ਮਾਨ, ਪਿੰਡ ਗੰਗਾ ਦੇ ਸੌਂਚ, ਝੰਜੋਤਰਾ ਤੇ ਲੱਧੜ, ਪਿੰਡ ਬੁਰਜ ਥਰੋੜ ਦੇ ਸਿੱਧੂ ਤੇ ਮਾਘੜੇ, ਪਿੰਡ ਭਗਤਾ ਭਾਈ ਅਤੇ ਭੋਡੀਪੁਰਾ ਦੇ ਸਿੱਧੂ, ਕੰਡਿਆਰਾ, ਧਾਲੀਵਾਲ, ਬਾਵਾ, ਭੱਟੀ, ਭੰਡਾਰਾ, ਮੌੜ ਤੇ ਵੜਿੰਗ, ਪਿੰਡ ਭੋਡੀਪੁਰਾ ਗੈਂਗੇ ਤੇ ਧੰਮੂ, ਪਿੰਡ ਜੰਡਾਂਵਾਲਾ ਤੇ ਗੁਰੂਸਰ ਦੇ ਸਿੱਧੂ ਬਰਾੜ, ਪਿੰਡ ਸਲਾਬਤਪੁਰਾ ਦੇ ਸਿੱਧੂ ਬਰਾੜ ਤੇ ਧੀਮਾਨ, ਪਿੰਡ ਖਿਆਲੀਵਾਲਾ ਦੇ ਸਰਾਂ, ਭੱਟੀ ਤੇ ਵਿਰਕ, ਪਿੰਡ ਜੰਡਾਂਵਾਲਾ ਦੇ ਸਿੱਧੂ ਬਰਾੜ ਤੇ ਸਰਾਵਾਂ, ਪਿੰਡ ਦਿਆਲਪੁਰਾ ਭਾਈ ਕਾ ਦੇ ਹੁੰਦਲ ਤੇ ਢੱਡੇ, ਪਿੰਡ ਸੁੱਖਾ ਸਿੰਘ ਵਾਲਾ, ਦੁੱਲੇਵਾਲਾ ਦੇ ਕੰਡਿਆਰਾ ਤੇ ਢਿੱਲੋਂ, ਪਿੰਡ ਨਿਉਰ ਦੇ ਝੋਜਾ, ਪਨੈਚ ਤੇ ਰਾਮਗੜ੍ਹੀਆ, ਪਿੰਡ ਹਰਰਾਏਪੁਰ ਦੇ ਤੰਗੜ ਤੇ ਆਦੀਵਾਲ, ਪਿੰਡ ਗੁਰੂਸਰ ਦੇ ਸਿੱਧੂ ਬਰਾੜ ਤੇ ਨੰਨ੍ਹੜੇ, ਪਿੰਡ ਜਲਾਲ ਦੇ ਬਾਗਰੀ ਤੇ ਮਗਜਲਾ, ਪਿੰਡ ਹਾਕਮ ਸਿੰਘ ਵਾਲਾ ਦੇ ਬੁੱਟਰ, ਪਿੰਡ ਸੇਲਬਰਾ ਦੇ ਬਾਠ, ਪਿੰਡ ਭਾਈ

ਰੂਪਾ ਦੇ ਮੰਡੇਰ ਤੇ ਮਠਾੜੂ, ਪਿੰਡ ਰਾਜਗੜ੍ਹ ਦੇ ਸ਼ੇਰਗਿੱਲ ਗੋਤ ਨਾਲ਼ ਸੰਬੰਧਿਤ ਲੋਕ ਪਰੰਪਰਾ ਨੂੰ ਤਿਆਗਦੇ ਹੋਏ ਕਿਸੇ ਜਠੇਰੇ ਦੀ ਪੂਜਾ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਇਸ ਦੇ ਨਾਲ਼ ਹੀ ਜਲਾਲ ਪਿੰਡ ਦੇ ਸਿੰਗਲਾ, ਕੋਠਾ ਗੁਰੂ ਕਾ ਦੇ ਗੋਇਲ ਤੇ ਗਰੋਵਰ, ਮਲੂਕਾ ਦੇ ਔਲਖ, ਗਰਗ, ਭਗਤਾ ਭਾਈ ਦੇ ਧਿੰਗੜ ਅਤੇ ਜੀਦਾ ਦੇ ਮਿੱਤਲ ਗੋਤ ਦੇ ਲੋਕ ਦੇਵੀ ਮਾਤਾ ਦੇ ਉਪਾਸਕ ਹਨ।

ਸੂਤਧਾਰ ਗੋਤ ਨਾਲ਼ ਸੰਬੰਧਿਤ ਪਿੰਡ ਸਲਾਬਤਪੁਰਾ, ਭਾਈ ਰੂਪਾ ਦੇ ਚੰਡਾਲੀਆ ਅਤੇ ਜਲਾਲ ਦੇ ਪਨੇਸਰ ਡੇਰਾ ਸੱਚਾ ਸੌਦਾ ਸਿਰਸਾ ਦੇ ਅਨੁਯਾਈ ਹਨ ਅਤੇ ਪਿੰਡ ਕੋਠਾ ਗੁਰੂ ਕਾ ਦੇ ਤਾਇਲ ਤੇ ਬਜਾਜ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ। ਜਲਾਲ ਪਿੰਡ ਦੇ ਕੰਬੋਜ ਤੇ ਭਰਾਈ, ਹਾਕਮ ਸਿੰਘ ਵਾਲਾ ਦੇ ਤੂਰ ਤੇ ਰਹਿਤੀਏ, ਕੋਠਾ ਗੁਰੂ ਕਾ ਦੇ ਮਲੂਕ ਇਸਲਾਮ ਧਰਮ ਨਾਲ਼ ਸੰਬੰਧਿਤ ਹੋਣ ਕਾਰਨ ਮਸਜਿਦ ਜਾਂਦੇ ਅਤੇ ਨਮਾਜ਼ ਅਦਾ ਕਰਦੇ ਹਨ।

ਪਿੰਡ ਭਾਈ ਰੂਪਾ ਦੇ ਜੰਗਾਲੀਆ ਅਤੇ ਹਾਕਮ ਸਿੰਘ ਵਾਲਾ ਦੇ ਮੁਖੀਜਾ ਗੋਤ ਦੇ ਲੋਕ ਸ਼ਿਵ ਜੀ ਦੇ ਭਗਤ ਹਨ।

ਜਦ ਕਿ ਇਹਨਾਂ ਸਭ ਤੋਂ ਅਲੱਗ ਪਿੰਡ ਜੀਦਾ ਦੇ ਕਾਮਰਾ ਅਤੇ ਪਿੰਡ ਹਾਕਮ ਸਿੰਘ ਵਾਲਾ ਦੇ ਤਸਕਰ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਕੱਟੜ ਕਾਮਰੇਡ ਹੋਣ ਕਾਰਨ ਕਿਸੇ ਵੀ ਧਰਮ ਜਾਂ ਪੂਜਾ-ਵਿਧੀ ਨੂੰ ਨਹੀਂ ਮੰਨਦੇ। ਪਿੰਡ ਕੋਠਾ ਗੁਰੂ ਕਾ ਦੇ ਚੰਦੜ੍ਹ ਗੋਤ ਦੇ ਲੋਕਾਂ ਬਾਰੇ ਗੱਲ ਕਰੀਏ ਤਾਂ ਉਹ 'ਭਗਤ ਰਵੀਦਾਸ' ਨੂੰ ਮੰਨਦੇ ਹਨ।

ਸੋ ਅੰਤ ਵਿੱਚ ਜ਼ਿਲ੍ਹਾ ਬਠਿੰਡਾ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਗੋਤਾਂ ਅਤੇ ਉਹਨਾਂ ਨਾਲ਼ ਸੰਬੰਧਿਤ ਜਠੇਰਿਆਂ, ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਬਾਰੇ ਅਧਿਐਨ ਕਰਨ ਉਪਰੰਤ ਨਿਸ਼ਕਰਸ਼ ਦੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਲੋਕ-ਮਨ ਦੀਆਂ ਮੁੱਢ ਕਦੀਮ ਤੋਂ ਬਣੀਆਂ ਧਾਰਨਾਵਾਂ ਅਤੇ ਪ੍ਰਵਿਰਤੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਸਾਰ ਨਾਲ਼ ਘੱਟ ਤਾਂ ਕੀਤਾ ਜਾ ਸਕਦਾ ਹੈ ਅਤੇ ਘੱਟ ਹੋ ਵੀ ਰਿਹਾ ਹੈ, ਪ੍ਰੰਤੂ ਬਿਲਕੁਲ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਪ੍ਰਵਿਰਤੀਆਂ ਅਤੇ ਧਾਰਨਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਲੋਕ-ਮਨ ਦੇ ਅੰਗ-ਸੰਗ ਹੀ ਰਹਿੰਦੀਆਂ ਹਨ। ਲੋਕ-ਮਨ ਵਿੱਚੋਂ ਇਹਨਾਂ ਨੂੰ ਪੂਰੀ ਤਰ੍ਹਾਂ ਮਨਫ਼ੀ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਪੰਜਾਬੀ ਲੋਕ ਪੱਛਮੀ ਸੱਭਿਅਤਾ ਦੀ ਨਵੀਨਤਾ ਨੂੰ ਅਪਨਾਉਣਾ ਤਾਂ ਚਾਹੁੰਦੇ ਹਨ ਪਰ ਨਾਲ਼ੋ-ਨਾਲ਼ ਆਪਣੀ ਰਵਾਇਤੀ ਪੁਰਾਤਨਤਾ ਨੂੰ ਵੀ ਉਹ ਤਿਆਗਣ ਲਈ ਤਿਆਰ ਨਹੀਂ ਹਨ। ਅਜੋਕੇ ਸਮੇਂ ਵਿੱਚ ਲੋਕ ਆਪਣੇ ਗੋਤ ਨਾਲ਼ ਸੰਬੰਧਿਤ ਜਠੇਰੇ ਨੂੰ ਮੰਨਣ ਦੇ ਮੁਕਾਬਲੇ ਧਰਮ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ। ਇਸ ਤੋਂ ਇਲਾਵਾ ਕੁਝ ਡੇਰਾਵਾਦ ਨਾਲ ਸੰਬੰਧਿਤ ਹਨ ਤਾਂ ਕੁਝ ਕਾਮਰੇਡ ਵਿਚਾਰਧਾਰਾ ਰੱਖਦੇ ਹਨ।

# ਅਧਿਆਇ-ਤੀਜਾ

## ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ

### 3.1 ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ: ਨਾਮਕਰਨ ਅਤੇ ਇਤਿਹਾਸਕ ਪਿਛੋਕੜ

ਸ਼੍ਰੀ ਅੰਮ੍ਰਿਤਸਰ ਸਾਹਿਬ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ ਇੱਕ ਜ਼ਿਲ੍ਹਾ ਹੈ। ਇਹ ਪੰਜਾਬ ਦਾ ਇੱਕ ਪ੍ਰਸਿੱਧ ਨਗਰ ਹੈ ਜੋ ਸਿੱਖਾਂ ਦੀਆਂ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਹੈ। ਸਿੱਖਾਂ ਵਿੱਚ ਅੰਮ੍ਰਿਤਸਰ ਦਾ ਉਹੋ ਦਰਜਾ ਹੈ ਜੋ ਮੁਸਲਮਾਨਾਂ ਵਿੱਚ ਮੱਕੇ ਦਾ। ਇਸ ਨਗਰ ਦੀ ਨੀਂਹ ਸਿੱਖਾਂ ਦੇ ਤੀਜੇ ਗੁਰੂ ਸ਼੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ਼੍ਰੀ ਗੁਰੂ ਰਾਮਦਾਸ ਜੀ ਨੇ ਜੂਨ 1564 ਈਸਵੀ ਵਿੱਚ ਰੱਖੀ ਅਤੇ ਤੁੰਗ, ਗੁੰਮਟਾਲਾ ਅਤੇ ਸੁਲਤਾਨਵਿੰਡ ਪਿੰਡਾਂ ਦੇ ਨੇੜੇ ਸੰਤੋਖਸਰ ਨਾਉਂ ਦਾ ਇੱਕ ਸਰੋਵਰ ਖੁਦਵਾਇਆ। ਦਸ ਸਾਲ ਮਗਰੋਂ 1574 ਈਸਵੀ ਵਿੱਚ ਗੁਰੂ ਰਾਮਦਾਸ ਜੀ ਨੇ, ਤੀਜੇ ਪਾਤਸ਼ਾਹ ਦੇ ਆਦੇਸ਼ ਉੱਤੇ ਇੱਕ ਪਿੰਡ ਬੰਨ੍ਹਿਆ ਜਿਸ ਦਾ ਨਾਉਂ 'ਗੁਰੂ ਕਾ ਚਕ' ਰੱਖਿਆ ਗਿਆ। ਨਾਲ਼ ਹੀ ਆਪਣੇ ਨਿਵਾਸ ਲਈ ਉਥੇ ਇੱਕ ਅਸਥਾਨ ਬਣਾਇਆ ਜੋ 'ਗੁਰੂ ਕੇ ਮਹਿਲ' ਨਾਲ਼ ਪ੍ਰਸਿੱਧ ਹੋਇਆ। ਤਿੰਨ ਸਾਲ ਮਗਰੋਂ ਇਸੇ ਥਾਂ ਉਪਰ ਦੁੱਖ ਭੰਜਨੀ ਬੇਰੀ ਦੇ ਨੇੜੇ ਇੱਕ ਸਰੋਵਰ ਖੁਦਵਾਇਆ ਗਿਆ, ਜਿਸ ਦਾ ਨਾਉਂ 'ਰਾਮਦਾਸ ਸਰੋਵਰ' ਰੱਖਿਆ ਗਿਆ। ਰਾਮਦਾਸ ਸਰੋਵਰ ਤੋਂ ਨਗਰ ਦਾ ਨਾਉਂ ਵੀ 'ਰਾਮਦਾਸਪੁਰਾ' ਪੈ ਗਿਆ। ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਰਾਮਦਾਸ ਸਰੋਵਰ ਦੀ ਮਹਿਮਾ ਦਾ ਵਰਣਨ ਹੈ:


ਰਾਮਦਾਸ ਸਰੋਵਰ ਨਾਤੇ
ਸਭ ਉਤਰੇ ਪਾਪ ਕਮਾਤੇ (ਸੋਰਠਿ ਮਹਲਾ 5)

ਇਸ ਤੋਂ ਬਾਅਦ ਇਸ ਸਰੋਵਰ ਦਾ ਨਾਂ ਅੰਮ੍ਰਿਤਸਰ ਰੱਖਿਆ ਗਿਆ, ਜਿਸ ਤੋਂ ਨਗਰ ਦਾ ਨਾਂ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ। ਆਦਿ ਗ੍ਰੰਥ ਵਿੱਚ ਸਲੋਕ, ਵਾਰਾਂ ਤੇ ਵਧੀਕ ਸਿਰਲੇਖ ਹੇਠ ਇੱਕ ਥਾਂ ਲਿਖਿਆ ਗਿਆ ਹੈ 'ਅੰਮ੍ਰਿਤਸਰ ਸਿਫ਼ਤੀ ਦਾ ਘਰ।' ਪਰ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਉਦੋਂ ਅੰਮ੍ਰਿਤਸਰ ਸ਼ਹਿਰ ਦੀ ਹੋਂਦ ਨਹੀਂ ਸੀ। ਰਾਮਦਾਸ ਸਰੋਵਰ ਨੂੰ ਪੂਰਾ ਕਰਨ ਅਤੇ ਪੱਕਾ ਬਣਾਉਣ ਦਾ ਕੰਮ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ਼ੁਰੂ ਹੋਇਆ। ਡਾ. ਵਣਜਾਰਾ ਬੇਦੀ *ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ* ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ, "ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਰਾਮਦਾਸ ਸਰੋਵਰ ਦਾ ਨਾਉਂ 'ਅੰਮ੍ਰਿਤਸਰ ਰੱਖਿਆ' ਅਤੇ 1588 ਈਸਵੀ ਵਿੱਚ ਇਸ ਪਾਵਨ ਸਰੋਵਰ ਦੇ ਵਿਚਕਾਰ 'ਹਰਿਮੰਦਰ' ਦੀ ਨੀਂਹ ਰੱਖੀ। ਉਸਦੀ ਇਮਾਰਤ ਪੂਰੀ ਕਰਕੇ 1604 ਈਸਵੀ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ।" (116)

ਇਸੇ ਨਗਰ ਵਿੱਚ ਸਿੱਖਾਂ ਦੇ ਪਾਵਨ ਪੰਜ ਤਖਤਾਂ ਵਿੱਚੋਂ ਇੱਕ ਤਖਤ 'ਸ਼੍ਰੀ ਅਕਾਲ ਤਖਤ ਸਾਹਿਬ' ਹੈ। ਗੁਰੂ ਅਰਜਨ ਦੇਵ ਜੀ ਨੇ ਹੀ ਇਸ ਨਗਰ ਵਿੱਚ ਸਭ ਪਾਸਿਆਂ ਤੋਂ ਕਿਰਤੀ ਤੇ ਵਪਾਰੀ ਬੁਲਾ ਕੇ ਨਗਰ ਨੂੰ ਪ੍ਰਫੁੱਲਿਤ ਕੀਤਾ। ਅੰਮ੍ਰਿਤਸਰ ਸਿੱਖਾਂ ਦਾ ਪਹਿਲਾ ਧਾਰਮਿਕ ਕੇਂਦਰ ਬਣਿਆ। ਸਿੱਖਾਂ ਦਾ ਪ੍ਰਧਾਨ ਨਗਰ ਹੋਣ ਕਰਕੇ, ਇਸ ਨਗਰ ਉੱਤੇ ਸਮੇਂ-ਸਮੇਂ ਮੁਸਲਮਾਨ ਹਾਕਮਾਂ ਵੱਲੋਂ ਬੜੇ ਅੱਤਿਆਚਾਰ ਕੀਤੇ ਗਏ। ਜ਼ਕਰੀਆ ਖਾਨ ਦੇ ਵੇਲੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਨੂੰ ਉਹਨਾਂ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹਾਦਤ ਤੋਂ ਬਾਅਦ ਅੰਮ੍ਰਿਤਸਰ ਦੇ ਆਲੇ-ਦੁਆਲੇ ਪਹਿਰਾ ਲਗਾ ਦਿੱਤਾ ਗਿਆ ਤੇ ਕਿਸੇ ਸਿੱਖ ਨੂੰ ਅੰਮ੍ਰਿਤਸਰ ਵਿੱਚ ਦਾਖਲ ਹੋਣ ਦੀ ਆਗਿਆ ਨਾ ਦਿੱਤੀ ਗਈ। ਪਰ ਫਿਰ ਵੀ ਸਿੱਖ ਆਪਣੀ ਜਾਨ ਤਲੀ 'ਤੇ ਰੱਖ ਕੇ ਅੰਮ੍ਰਿਤਸਰ ਆਉਂਦੇ ਤੇ ਸਰੋਵਰ ਵਿੱਚੋਂ ਇਸ਼ਨਾਨ ਕਰਕੇ ਤੇ ਸ਼ਕਤੀ ਪ੍ਰਾਪਤ ਕਰਕੇ ਪਲਾਂ ਵਿੱਚ ਹੀ ਜਾਂਦੇ ਰਹੇ। ਮਹਾਰਾਜਾ ਰਣਜੀਤ ਸਿੰਘ ਨੇ 1802 ਈਸਵੀ ਵਿੱਚ ਅੰਮ੍ਰਿਤਸਰ ਉੱਤੇ ਕਬਜ਼ਾ ਕੀਤਾ ਅਤੇ ਉਸਨੇ ਹਰਿਮੰਦਰ ਸਾਹਿਬ ਨੂੰ ਸੋਨੇ ਤੇ ਸੰਗਮਰਮਰ ਨਾਲ਼ ਸੁਸ਼ੋਭਿਤ ਕੀਤਾ। ਅੰਮ੍ਰਿਤਸਰ ਦੇ ਅਸਥਾਨ ਨਾਲ਼ ਬਹੁਤ ਸਾਰੀ ਲੋਕਧਾਰਾ ਵੀ ਸੰਬੰਧਿਤ ਹੈ। ਇਹ ਸਥਾਨ ਆਦਿ-ਜੁਗਾਦ ਤੋਂ ਹੀ ਪਵਿੱਤਰ-ਪੁਨੀਤ ਚੱਲਿਆ ਆ ਰਿਹਾ ਹੈ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੀ ਆਬਾਦੀ 2,490,656 ਹੈ। ਇਸ ਜ਼ਿਲ੍ਹੇ ਦੇ ਅੰਤਰਗਤ 739 ਪਿੰਡ ਅਤੇ 15 ਕਸਬੇ ਆਉਂਦੇ ਹਨ ਜੋ ਕਿ ਪੰਜਾਬ ਦੇ ਮਾਝਾ ਖੇਤਰ ਨਾਲ਼ ਸੰਬੰਧਿਤ ਹਨ। ਇਸ ਜ਼ਿਲ੍ਹੇ ਦੀ ਸਾਖਰਤਾ ਦਰ 84.19% ਹੈ। ਕੌਮਾਂਤਰੀ 'ਰਾਜਾਸਾਂਸੀ ਹਵਾਈ ਅੱਡਾ' ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਸਥਿਤ ਹੈ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਦੀਆਂ ਹੱਦਾਂ ਪਾਕਿਸਤਾਨ ਨਾਲ਼ ਲੱਗਦੀਆਂ ਹੋਣ ਕਰਕੇ ਇੱਥੇ 'ਵਾਹਗਾ ਬਾਰਡਰ' ਵੀ ਹੈ ਜੋ ਕਿ ਭਾਰਤ ਅਤੇ ਪਾਕਿਸਤਾਨ ਨੂੰ ਅਲੱਗ ਕਰਨ ਤੋਂ ਇਲਾਵਾ ਵਪਾਰ ਦਾ ਰਸਤਾ ਵੀ ਹੈ। ਗੁਰਦਾਸਪੁਰ, ਤਰਨਤਾਰਨ ਅਤੇ ਕਪੂਰਥਲਾ ਇਸ ਜ਼ਿਲ੍ਹੇ ਦੇ ਗੁਆਂਢੀ ਜ਼ਿਲ੍ਹੇ ਹਨ ਜਿਨ੍ਹਾਂ ਦੀਆਂ ਹੱਦਾਂ ਇਸ ਨਾਲ਼ ਲੱਗਦੀਆਂ ਹਨ।


ਇਸ ਤੋਂ ਇਲਾਵਾ ਸਾਕਾ 1919 ਦੀ ਗਵਾਹੀ ਭਰਦਾ 'ਜਲ੍ਹਿਆਂ ਵਾਲ਼ਾ ਬਾਗ' ਵੀ ਇਸੇ ਜ਼ਿਲ੍ਹੇ ਵਿੱਚ ਸਥਿਤ ਹੈ। ਉਪਰੋਕਤ ਸਥਾਨਾਂ ਤੋਂ ਇਲਾਵਾ 'ਮਹਾਰਾਜਾ ਰਣਜੀਤ ਸਿੰਘ ਮਿਊਜ਼ੀਅਮ', 'ਦੁਰਗਿਆਣਾ ਮੰਦਰ', 'ਸ਼੍ਰੀ ਰਾਮ ਤੀਰਥ ਆਸ਼ਰਮ', 'ਜਾਮਾ 'ਮਸਜਿਦ ਖ਼ੈਰ-ਉਦ-ਦੀਨ', 'ਕਿਲ੍ਹਾ ਗੋਬਿੰਦਗੜ੍ਹ', 'ਖਾਲਸਾ ਕਾਲਜ', ਗੁਰਦੁਆਰਾ ਛਿਹਰਟਾ ਸਾਹਿਬ', 'ਗੁਰਦੁਆਰਾ ਬਾਬਾ ਬੁੱਢਾ ਜੀ' ਅਤੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਇਸ ਜ਼ਿਲ੍ਹੇ ਦੇ ਵਿਸ਼ੇਸ਼ ਖਿੱਚ ਦੇ ਕੇਂਦਰ ਹਨ।


INDIA
PUNJAB
DISTRICT AMRITSAR
2011
KILOMETRES
5 0 5 10 15
C.D. BLOCKS
A - AJNALA
B - CHOGAWAN
C - HARSHE CHHINA
D - MAJITHA
E - JANDIALA
F - VERKA
G - ATTARI
H - TARSHIKA
I - RAYYA
PAKISTAN
DISTRICT GURDASPUR
DISTRICT TARN TARAN
DISTRICT KAPURTHALA
TO DERA BABA NANAK
TO FATEHGARH CHURIAN
TO BATALA
TO SHRI HAR GOBINDPUR
TO JALANDHAR
TO TARN TARAN
FROM BHIKHIWIND
FROM LAHORE
RIVER RAVI
RIVER BEAS
TAHSIL AJNALA
TAHSIL AMRITSAR-I
TAHSIL AMRITSAR-II
TAHSIL BABA BAKALA
RAMDAS (M.Cl.)
AJNALA (N.P.)
MAJITHA (M.Cl.)
RAJA SANSI (N.P.)
CHOGAWAN (C.T.)
KATHANIAN (C.T.)
NANGLI (C.T.)
MUDAL (C.T.)
AMRITSAR (M.CORP.)
AMRITSAR (C.B.)
JANDIALA (M.Cl.)
BABA BAKALA (C.T.)
BUDHA THEH (C.T.)
RAYYA (N.P.)
BALLAHARWAL
CHAMYARI
SHINDI SAIDAN
GHUKEYWALI
OTHIAN
HARSE CHHINA
SARANGRA
LOPOKE
MANANWALA
KOHALI
BOPARAI KALAN
ATTARI
ACHINT KOT
HOSHIAR NAGAR
VARPAL
SOHIAN KALAN
NAG
BHANGALI
CHAWINDA DEVI
TARSIKKA
JALAL
BUTTAR SIVIYA
DHARDEO
WADALA KALAN
SATHIALA
KHILCHIAN
BUTARI
PHERUMAN
BUNDALA
JANDIALA RURAL
GEHRI
NH 1
NH 15
SH 22
SH 25
BOUNDARY; INTERNATIONAL
" DISTRICT
" TAHSIL
" C.D.BLOCK
HEADQUARTERS; DISTRICT,TAHSIL,C.D. BLOCK
VILLAGES HAVING 5000 & ABOVE POPULATION WITH NAME
URBAN AREA WITH POPULATION SIZE : I,II,III,IV,V & VI
NATIONAL HIGHWAY
STATE HIGHWAY
IMPORTANT METTALED ROADS
RAILWAY LINE WITH STATION, BROAD GAUGE
RIVER
DEGREE COLLEGE
ENGINEERING COLLEGE
MEDICAL COLLEGE
HOSPITAL
DISTRICT AMRITSAR
CHANGE IN JURISDICTION
2001-2011
Km.10 0 10 Km.
DISTRICT AMRITSAR
I N D I A
DISTRICT TARN TARAN
NEWLY CREATED DISTRICT TARN TARAN HAS BEEN FORMED BY TRANSFERRING AREA FROM DISTRICT AMRITSAR
NUMBER OF C.D. BLOCKS.........9
NUMBER OF TOWNS ............ 15
NUMBER OF VILLAGES ............739
DISTRICT HEADQUARTERS IS ALSO TAHSIL AND C D BLOCK HEADQUARTERS.

## 3.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ,ਪੂਜਾ-ਵਿਧੀਆਂ,ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਸਮੇਂ ਨਿਮਨਲਿਖਤ ਪਿੰਡਾਂ ਦਾ ਖੇਤਰੀ ਸਰਵੇਖਣ ਕੀਤਾ ਗਿਆ:

ਜੋਗਾ ਸਿੰਘ ਵਾਲਾ,ਬੋਤਾ,ਰਟੌਲ,ਕੋਟਲੀ, ਗੁਰਵਾਲੀ, ਕਲੇਰ (ਰਾਮ ਤੀਰਥ), ਪਠਾਣੀਆਂ, ਰਾਮਪੁਰਾ ਬਾਵਿਆਂ ਕਾ,ਗੁਮਾਨਪੁਰਾ,ਭੈਣੀ,ਰਾਮੂਵਾਲ,ਥਾਂਦੇ ਖੁਰਦ,ਕੀਰਤਨਗੜ੍ਹ ਥਾਂਦੇ, ਬਿੜ੍ਹ,ਬਾਬਾ ਜੀਵਨ ਸਿੰਘ (ਫਤਾਹਪੁਰ), ਸੁਲਤਾਨਵਿੰਡ,ਸੇਹਾਗਣਾ,ਡਡੀਆਂ,ਬੱਲ ਕਲਾਂ, ਬਾਸਰਕੇ, ਭਕਨਾ ਕਲਾਂ, ਚੱਬਾ,ਚਾਟੀਵਿੰਡ,ਗੌਂਸਾਬਾਦ,ਇੱਬਣ ਖੁਰਦ,ਜਹਾਂਗੀਰ, ਝੀਤਾ ਕਲਾਂ,ਖਾਪਰ ਖੇੜੀ,ਖਾਸਾ,ਮਾਲੂਵਾਲ,ਮੰਡਿਆਲਾ,ਮੁੱਲਾ ਬਹਿਰਾਮ,ਮਹਿਮਾ, ਨੱਥੂਪੁਰਾ, ਮੂਧਲ,ਵਰਪਾਲ, ਸੋਹੀਆਂ ਖੁਰਦ,ਵਨ ਚਿੜੀ,ਚੱਕ ਮੁਕੰਦ ਧੌਲ ਕਲਾਂ,ਧੌਲ ਖੁਰਦ,ਬੋਪਾਰਾਏ।ਖੋਜ-ਕਾਰਜ ਨਾਲ਼ ਸੰਬੰਧਿਤ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਇਹਨਾਂ ਪਿੰਡਾਂ ਦੇ ਲੋਕਾਂ ਦੇ ਘਰਾਂ ਵਿੱਚ ਅਤੇ ਸੱਥਾਂ ਵਿੱਚ ਜਾ ਕੇ ਪ੍ਰਸ਼ਨੋਤਰੀਆਂ ਰਾਹੀਂ ਇਹ ਸਰਵੇਖਣ ਕੀਤਾ ਗਿਆ।ਇਸ ਸਰਵੇਖਣ ਕਰਨ ਉਪਰੰਤ ਲੋਕਾਂ ਨਾਲ ਗੱਲਬਾਤ ਕਰਨ ਉਪਰੰਤ ਵੱਖ-ਵੱਖ ਨਮੂਨੇ ਪ੍ਰਸ਼ਨੋਤਰੀਆਂ ਦੇ ਰੂਪ ਵਿੱਚ ਪ੍ਰਾਪਤ ਕੀਤੇ ਗਏ ਹਨ। ਇਹ ਨਮੂਨੇ ਖੋਜ-ਕਾਰਜ ਨੂੰ ਆਧਾਰ ਪ੍ਰਦਾਨ ਕਰਦੇ ਹਨ।




ਖੇਤਰੀ ਖੋਜ-ਕਾਰਜ ਦੌਰਾਨ ਵੱਖ-ਵੱਖ ਪਿੰਡਾਂ ਦੇ ਇਕੱਤਰ ਕੀਤੇ ਸੈਂਪਲਾਂ ਵਿੱਚੋਂ ਕੁਝ ਨਮੂਨੇ ਅੱਗੇ ਦਿੱਤੇ ਅਨੁਸਾਰ ਹਨ:

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਜਸਵੀਰ ਸਿੰਘ**

**ਪਿੰਡ ਦਾ ਨਾਂ: ਵਰਪਾਲ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਘੁਮਿਆਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਅਹੀਤਾਨ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ (ਵਰਪਾਲ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਮਠਿਆਈ, ਦੇਗ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਵਿਆਹ-ਸ਼ਾਦੀ ਮੌਕੇ ਉਚੇਚਾ ਜਾਂਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਆਹ-ਸ਼ਾਦੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਜੇਠ ਮਹੀਨੇ ਦੇ ਪਹਿਲੇ ਐਤਵਾਰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਜੱਗਬੀਰ ਸਿੰਘ**

**ਪਿੰਡ ਦਾ ਨਾਂ: ਧੌਲ ਕਲਾਂ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਢਿੱਲੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਬਲਦੇਵ ਸਿੰਘ**

**ਪਿੰਡ ਦਾ ਨਾਂ: ਰਾਮਪੁਰਾ ਬਾਵਿਆਂ ਕਾ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਆਦੀਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ।। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਚਰਨ ਸਿੰਘ**

**ਪਿੰਡ ਦਾ ਨਾਂ: ਖਾਸਾ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਔਲਖ |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11. ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਪੁਨੀਤ**

**ਪਿੰਡ ਦਾ ਨਾਂ: ਬਾਸਰਕੇ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਹਿੰਦੂ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਾਹਨੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਨਾਂ ਨਹੀਂ ਯਾਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਆਪਣੇ ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਘਰੇਲੂ ਨੁਕਸਾਨ ਹੁੰਦਾ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਹਿਲਾਂ ਤੋਂ ਮੰਨਦੇ ਆ ਰਹੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ ਕੋਈ ਵੀ ਜਿਵੇਂ ਫੁੱਲੀਆਂ, ਪਤਾਸੇ ਆਦਿ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਆਹ-ਸ਼ਾਦੀ ਜਾਂ ਖੁਸ਼ੀ ਦੇ ਮੌਕਿਆਂ ‘ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਦੁਕਾਨਦਾਰੀ ਵਧੀਆ ਚੱਲਦੀ ਹੈ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਅਰਵਿਨ ਸਿੰਘ**

**ਪਿੰਡ ਦਾ ਨਾਂ: ਕਲੇਰ (ਰਾਮਤੀਰਥ)** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਘੁਮਿਆਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੱਗੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਕਲੇਰ ਨਾਮੀ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਆਪਣੇ ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕਦੇ ਨਹੀਂ ਹੋਈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ ਮਨੌਤ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ, ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਪਾਠ ਰਖਵਾਉਂਦੇ ਹਨ ਅਤੇ ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਖੁਸ਼ੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਮਹੀਨੇ ਵਿੱਚ ਪਿੰਡ ਵਿਖੇ ਹੀ। |
| ਪ੍ਰ:12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਸਭ ਬਰਕਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਪ੍ਰਗਟ ਸਿੰਘ**

**ਪਿੰਡ ਦਾ ਨਾਂ: ਮਾਲੂਵਾਲ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਅ ਾਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਨਿਰਮਲਜੀਤ ਸਿੰਘ ਨੰਬਰਦਾਰ**

**ਪਿੰਡ ਦਾ ਨਾਂ: ਕੋਟਲੀ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਅਜੀਤ ਸਿੰਘ**

**ਪਿੰਡ ਦਾ ਨਾਂ: ਚਾਟੀਵਿੰਡ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਰਾਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਮਹਿਤਾਬ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਕਲੇਰ ਵਿਖੇ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਕੋਈ ਨਹੀਂ ਹੁੰਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਨੌਤ ਪਿਤਾ-ਪੁਰਖੀ ਚੱਲੀ ਆ ਰਹੀ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੀਲੇ ਰੰਗ ਦਾ ਕੱਪੜਾ ਤੇ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਲੱਡੂ, ਬਦਾਨਾ ਆਦਿ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਪਿੰਡ ਵਿੱਚ ਹੀ ਮੱਸਿਆ ਤੋਂ ਪੰਜ ਦਿਨ ਮਗਰੋਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਦੁੱਧ ਤੇ ਪੁੱਤ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਬਲਵਿੰਦਰ ਸਿੰਘ**

**ਪਿੰਡ ਦਾ ਨਾਂ: ਗੁਰਵਾਲੀ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਮਗੜ੍ਹੀਆ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਝਣ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਮਿਲਖਾ ਸਿੰਘ**

**ਪਿੰਡ ਦਾ ਨਾਂ: ਜੋਗਾ ਸਿੰਘ ਵਾਲਾ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਦੁਲਚੀ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡ-ਵਡੇਰੇ ਮੰਨਦੇ ਸਨ ਅਤੇ ਅਸੀਂ ਮੰਨਣ ਲੱਗ ਪਏ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਵੀ ਹੋਵੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਸ਼ਰਧਾ ਮੁਤਾਬਿਕ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਖੁਸ਼ੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਹਾਂ ਜੀ ਲੱਗਦਾ ਹੈ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਪ੍ਰਾਪਤ ਹੁੰਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸੁਖਜਿੰਦਰ ਸਿੰਘ**

**ਪਿੰਡ ਦਾ ਨਾਂ: ਬੋਪਾਰਾਏ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰਾ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕੁਹਾੜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਰਮਦਾਸ ਜੀ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ ਬਣੀ ਜਗ੍ਹਾ 'ਤੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ ਹੁੰਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਵੀ ਪ੍ਰਸ਼ਾਦ ਜਾਂ ਕੜਾਹ ਆਦਿ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੜਾਹ-ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਹੁਣ ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | 5 ਪੋਹ ਨੂੰ ਪਿੰਡ ਵਿੱਚ ਹੀ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਕਸ਼ਮੀਰ ਸਿੰਘ**

**ਪਿੰਡ ਦਾ ਨਾਂ: ਮਹਿਮਾ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਸਾਂਹਸੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਹੋਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਰਹਿਤ ਸ਼ਾਹ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਹਰੇ ਰੰਗ ਦਾ ਕੱਪੜਾ, ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਨਿਆਜ਼। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਅੱਸੂ ਦੇ ਨੌਰਾਤਿਆਂ ਵਿੱਚ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਵਰਿੰਦਰ ਸਿੰਘ**

**ਪਿੰਡ ਦਾ ਨਾਂ: ਬੱਲ ਕਲਾਂ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਘੁਮਿਆਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਹੋਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਪੀਰ ਬਾਬਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਵੇਸਣ ਦੇ ਲੱਡੂ, ਨਿਆਜ਼। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਕੋਈ ਨਹੀਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | 22 ਹਾੜ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਜੰਗੀਰ ਸਿੰਘ**

**ਪਿੰਡ ਦਾ ਨਾਂ: ਖਾਪਰ ਖੇੜੀ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਅਟਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਸ਼ਹਿਨਸ਼ਾਹ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਨਿਆਜ਼, ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਜਗ੍ਹਾ ‘ਤੇ ਚੌਂਕੀ ਭਰਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਲੱਗਦਾ ਹੈ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਪੂਰੀਆਂ ਬਰਕਤਾਂ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਕੁਲਦੀਪ ਸਿੰਘ**

**ਪਿੰਡ ਦਾ ਨਾਂ: ਮੰਡਿਆਲਾ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਬਲਜੀਤ ਸਿੰਘ**

**ਪਿੰਡ ਦਾ ਨਾਂ: ਭਕਨਾ ਕਲਾਂ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਜਗਤਾਰ ਸਿੰਘ**

**ਪਿੰਡ ਦਾ ਨਾਂ: ਮੁੱਲਾ ਬਹਿਰਾਮ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ ਸ਼ਮਸ਼ਾਨਘਾਟ ਦੇ ਨਾਲ਼। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ:7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ ਜਾਂ ਕਿਸੇ ਵੀ ਰੰਗ ਦਾ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਆਹ-ਸ਼ਾਦੀ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਸਾਲ ਵਿੱਚ ਇੱਕ ਵਾਰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸਰਦੂਲ ਸਿੰਘ**

**ਪਿੰਡ ਦਾ ਨਾਂ: ਥਾਂਦੇ ਖੁਰਦ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਹਰੀਆ ਜੀ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਤੋਂ ਬਾਹਰਵਾਰ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਾਦਰ ਜਾਂ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਫੁੱਲੀਆਂ, ਪ੍ਰਸ਼ਾਦ, ਮਠਿਆਈ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਹਾੜ ਦੇ ਮਹੀਨੇ ਵਿੱਚ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਮੰਗਲ ਸਿੰਘ**

**ਪਿੰਡ ਦਾ ਨਾਂ: ਗੁਮਾਨਪੁਰਾ** **ਮਿਤੀ: 14-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਸ਼ਾਹ ਮੁਰਾਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਘਰ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ, ਹਰੇ ਰੰਗ ਦਾ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਚੌਲਾਂ ਦੀ ਨਿਆਜ਼, ਚਾਦਰ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਸਾਲ ਵਿੱਚ ਇੱਕ ਵਾਰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਪਿੰਕਾ**

**ਪਿੰਡ ਦਾ ਨਾਂ: ਇੱਬਣ ਖੁਰਦ** **ਮਿਤੀ: 17–06–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਖੱਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੱਭਰਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਮਾਤਾ ਰਾਣੀ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਘਰ ਦੇ ਕੋਲ਼ ਹੀ (ਡੇਢ ਕਿਲੋਮੀਟਰ ਦੂਰ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਜਗਰਾਤੇ ਨਾਲ਼ ਸੰਬੰਧਿਤ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਨਾਰੀਅਲ, ਫਲ਼, ਘਿਉ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਜਗਰਾਤਾ ਕਰਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਸਾਉਣ ਮਹੀਨੇ ਵਿੱਚ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਅਵਤਾਰ ਸਿੰਘ**

**ਪਿੰਡ ਦਾ ਨਾਂ: ਮੂਧਲ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | - |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸੁਖਵਿੰਦਰ ਸਿੰਘ**

**ਪਿੰਡ ਦਾ ਨਾਂ: ਫਤਾਹਪੁਰ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸੱਚੀ ਦਾਹੜੀ ਵਾਲਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਦੇ ਬਾਹਰ ਚੜ੍ਹਦੇ ਪਾਸੇ ਵੱਲ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕਦੇ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੜਾਹ-ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੜਾਹ-ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | 28 ਜੂਨ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਪੂਰੀਆਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਰਾਜਬੀਰ ਸਿੰਘ**

**ਪਿੰਡ ਦਾ ਨਾਂ: ਵਨ ਚਿੜੀ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਗੁਰਮੁਖ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸਤਨਾਮ ਸਿੰਘ**

**ਪਿੰਡ ਦਾ ਨਾਂ: ਨੱਥੂਪੁਰਾ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਹਦੂਰੀ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਮਾਲੂਵਾਲ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ:7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ, ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਗੁੜ, ਚੂਰਮਾ, ਤੇਲ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਹਾੜ੍ਹ ਮਹੀਨੇ ਦੀ ਪੁੰਨਿਆ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਤੇਜਿੰਦਰ ਸਿੰਘ**

**ਪਿੰਡ ਦਾ ਨਾਂ: ਗੌਂਸਾਬਾਦ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰਾ |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕੁਹਾੜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮਜੀਠਾ |
| ਪ੍ਰ 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸ ੋ। | ਮਾਤਾ ਪਿਤਾ ਮੰਨਦੇ ਹਨ । |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ ਕੋਈ ਵੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਮੁਖਤਿਆਰ ਸਿੰਘ**

**ਪਿੰਡ ਦਾ ਨਾਂ: ਡਡੀਆ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕਰੋਨਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ; 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸੁਖਦੇਵ ਸਿੰਘ**

**ਪਿੰਡ ਦਾ ਨਾਂ: ਸੋਹੀਆਂ ਖੁਰਦ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰਾ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕਸ਼ਯਪ ਰਾਜਪੂਤ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਦਲਬੀਰ ਸਿੰਘ**

**ਪਿੰਡ ਦਾ ਨਾਂ: ਚੱਕ ਮੁਕੰਦ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਘੁਸਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਹਰਪਾਲ ਸਿੰਘ**

**ਪਿੰਡ ਦਾ ਨਾਂ: ਸੁਲਤਾਨਵਿੰਡ** **ਮਿਤੀ: 18-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਚੀਮਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਜਸਵੰਤ ਸਿੰਘ**

**ਪਿੰਡ ਦਾ ਨਾਂ: ਕੀਰਤਨਗੜ੍ਹ ਥਾਂਦੇ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਢਿੱਲੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਮਲੂਕ ਸਿੰਘ**

**ਪਿੰਡ ਦਾ ਨਾਂ: ਰਾਮੂਵਾਲ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਢਿੱਲੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਬਿੰਦਰ ਕੌਰ**

**ਪਿੰਡ ਦਾ ਨਾਂ: ਪਠਾਣੀਆਂ** **ਮਿਤੀ: 19-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਨਾਹਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5.ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕਦੇ ਨਹੀਂ। |
| ਪ੍ਰ: 6.ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡ-ਵਡੇਰੇ ਮੰਨਦੇ ਸਨ । |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ ਕੋਈ ਵੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ ਚੜ੍ਹਉਂਦੇ ਹਾਂ ਅਤੇ ਮੱਥਾ ਟੇਕਦੇ ਹਾਂ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਹਾੜ੍ਹ ਮਹੀਨੇ । |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਪੂਰੀਆਂ ਬਰਕਤਾਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਰਣਧੀਰ ਸਿੰਘ**

**ਪਿੰਡ ਦਾ ਨਾਂ: ਚੱਬਾ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਰੰਧਾਵਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਰਾਜ ਕੁਮਾਰ**

**ਪਿੰਡ ਦਾ ਨਾਂ: ਭੈਣੀ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਹਿੰਦੂ ਬਾਵਾ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਬਰੇਸੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਨਾਮ ਨਹੀਂ ਯਾਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਮਿੱਟੀ ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ । |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਪਰਮਿੰਦਰ ਸਿੰਘ**

**ਪਿੰਡ ਦਾ ਨਾਂ: ਰਟੌਲ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਰਟੌਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਤਰਲੋਕ ਸਿੰਘ**

**ਪਿੰਡ ਦਾ ਨਾਂ: ਜਹਾਂਗੀਰ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਮਗੜ੍ਹੀਆ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਪਨੇਸਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਚੰਦ ਪੀਰ ਨਾਥ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡ-ਵਡੇਰੇ ਮੰਨਦੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ, ਤੇਲ, ਨਿਆਜ਼। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ, ਦੀਵਾ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | 18 ਭਾਦੋਂ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਸੁਖਦੇਵ ਸਿੰਘ**

**ਪਿੰਡ ਦਾ ਨਾਂ: ਝੀਤਾ ਕਲਾਂ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਸ੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਨਵਦੀਪ ਸਿੰਘ**

**ਪਿੰਡ ਦਾ ਨਾਂ: ਬਿੜੂ** **ਮਿਤੀ: 20-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੇਖੋਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਬਲਜੀਤ ਸਿੰਘ**

**ਪਿੰਡ ਦਾ ਨਾਂ: ਸੇਹਾਗਣਾ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹ: ਸ਼੍ਰੀ ਅੰਮ੍ਰਿਤਸਰ ਸਾਹਿਬ** **ਸੂਚਕ ਦਾ ਨਾਂ: ਅਜਮੇਰ ਸਿੰਘ**

**ਪਿੰਡ ਦਾ ਨਾਂ: ਬੋਤਾ** **ਮਿਤੀ: 17-06-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਦਸੌਂਧਾ ਸਿੰਘ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

### 3.3 ਪ੍ਰਮੁੱਖ ਗੋਤ ਅਤੇ ਜਠੇਰੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ, ਪੂਜਾ-ਵਿਧੀਆਂ, ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਸਮੇਂ ਵੱਖ-ਵੱਖ ਪਿੰਡਾਂ ਦੇ ਖੇਤਰੀ ਸਰਵੇਖਣ ਦੌਰਾਨ ਕੁੱਲ 77 (ਸਤੱਤਰ) ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਇਹਨਾਂ ਪ੍ਰਮੁੱਖ ਗੋਤਾਂ ਬਾਰੇ ਅਤੇ ਇਹਨਾਂ ਦੇ ਜਠੇਰਿਆਂ ਜਾਂ ਵੱਡੇ-ਵਡੇਰਿਆਂ ਬਾਰੇ ਵਰਣਨ ਨਿਮਨ-ਲਿਖਤ ਅਨੁਸਾਰ ਹੈ:-

1. **ਅਹੀਤਾਨ –** ਅਹੀਤਾਨ ਗੋਤ ਪਿੰਡ ਵਰਪਾਲ ਦੀ ਪਰਜਾਪੱਤ (ਘੁਮਿਆਰ) ਬਰਾਦਰੀ ਵਿੱਚ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਪਰਜਾਪਤਿ (ਘੁਮਿਆਰ) ਬਰਾਦਰੀ ਦਾ ਗੋਤ ਹੈ। ਅਹੀਤਾਨ ਗੋਤ ਦੇ ਲੋਕ ਸੰਗਰੂਰ, ਗੁਰਦਾਸਪੁਰ, ਕਪੂਰਥਲੇ, ਮਲੇਰਕੋਟਲਾ ਵਿੱਚ ਮਿਲਦੇ ਹਨ। ਵੰਡ ਤੋਂ ਪਹਿਲਾਂ ਸਿਆਲਕੋਟ ਵਿੱਚ ਵੀ ਮਿਲਦੇ ਸਨ।" (255)

ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਵੇਖਣ ਵਿੱਚ ਆਇਆ ਕਿ ਪਿੰਡ ਵਰਪਾਲ ਦੇ ਅਹੀਤਾਨ ਗੋਤ ਦੇ ਲੋਕ ਪਿੰਡ ਵਰਪਾਲ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

2. **ਅਟਵਾਲ –** ਅਟਵਾਲ ਜੱਟਾਂ ਅਤੇ ਦਲਿਤਾਂ ਦਾ ਬਹੁਤ ਹੀ ਪ੍ਰਸਿੱਧ ਅਤੇ ਪ੍ਰਾਚੀਨ ਗੋਤ ਹੈ। ਗੋਤ ਤੋਂ ਇਲਾਵਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ 'ਅਟਵਾਲ' ਪਿੰਡਾਂ ਦੇ ਨਾਂ ਵੀ ਹਨ। ਖੋਜ-ਕਾਰਜ ਦੇ ਖੇਤਰੀ ਅਧਿਐਨ ਦੌਰਾਨ ਇਹ ਗੋਤ ਪਿੰਡ ਮੰਡਿਆਲਾ, ਖਾਪਰ ਖੇੜੀ, ਧੌਲ ਕਲਾਂ ਵਿੱਚ ਪਾਇਆ ਗਿਆ। ਪਿੰਡ ਖਾਪਰ ਖੇੜੀ ਅਤੇ ਧੌਲ ਕਲਾਂ ਵਿੱਚ ਇਹ ਗੋਤ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਜਠੇਰੇ-ਪੂਜਾ ਦੀ ਗੱਲ ਕਰੀਏ ਤਾਂ ਪਿੰਡ ਧੌਲ ਕਲਾਂ ਦੇ ਅਟਵਾਲ ਆਪਣੇ ਪਿੰਡ ਵਿੱਚ ਹੀ 'ਬਾਬਾ ਤੱਖੀਏ' ਦੀ ਪੂਜਾ ਕਰਦੇ ਹਨ। ਪਿੰਡ ਖਾਪਰ ਖੇੜੀ ਦੇ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕ 'ਪੀਰ ਬਾਬਾ ਸ਼ਹਿਨਸ਼ਾਹ' ਦੀ ਮਨੌਤ ਕਰਦੇ ਹਨ।

3. **ਆਦੀਵਾਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰਾਮਪੁਰਾ ਬਾਵੇ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਆਦੀਵਾਲ ਬਾਲਮੀਕੀ ਅਤੇ ਮਜ਼੍ਹਬੀ ਸਿੱਖ ਬਰਾਦਰੀ ਦਾ ਇੱਕ ਗੋਤ ਹੈ।" (240)

ਰਾਮਪੁਰਾ ਬਾਵੇ ਦੇ ਆਦੀਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

4. **ਔਲਖ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਖਾਸਾ ਵਿੱਚ ਪਾਇਆ ਗਿਆ। ਇੱਥੋਂ ਦੇ ਔਲਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ*

ਵਿੱਚ ਲਿਖਦੇ ਹਨ, "ਔਲਖਾਂ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਜ਼ਿਲ੍ਹਾ ਜਾਪਦਾ ਹੈ ਪਰ ਉਹ ਉੱਤਰੀ ਮਾਲਵੇ ਵਿੱਚ ਵੀ ਮਿਲਦੇ ਹਨ। ਮਾਝੇ ਅਤੇ ਰਾਵੀ ਦੇ ਪੱਛਮ ਵਿੱਚ ਤਾਂ ਉਹ ਪੂਰੀ ਤਰ੍ਹਾਂ ਵਸਦੇ ਹਨ। ਉਹ ਕਹਿੰਦੇ ਹਨ ਕਿ ਉਹ ਸੂਰਜ ਵੰਸ਼ੀ ਕੁਲ ਵਿੱਚੋਂ ਹਨ ਅਤੇ ਉਹਨਾਂ ਦਾ ਵਡੇਰਾ 'ਔਲਖ' ਮਾਝੇ ਵਿੱਚ ਰਹਿੰਦਾ ਸੀ।" (98)

ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਇਸ ਗੋਤ ਨੂੰ ਹੋਰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਜੱਟਾਂ ਦੇ ਇਸ ਗੋਤਰ ਦੇ ਲੋਕ ਜਿਆਦਾਤਰ ਅੰਮ੍ਰਿਤਸਰ ਜ਼ਿਲ੍ਹਾ ਖਾਸ ਕਰਕੇ ਰਾਵੀ ਦੇ ਪੱਛਮੀ ਹਿੱਸੇ ਵਿੱਚ ਵਸੇ ਹੋਏ ਹਨ। ਕੁਝ ਕੁ ਵਸੋਂ ਉੱਤਰੀ ਮਾਲਵੇ ਵਿੱਚ ਵੀ ਹੈ। ਇਹ ਗੋਤਰ 'ਸੂਰਜ ਵੰਸ਼ੀ' ਰਾਜਪੂਤਾਂ ਵਿਚੋਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਹਨਾਂ ਦਾ ਵਡੇਰਾ ਇੱਕ ਰਾਜਾ 'ਲੂਈਆ ਲੱਕ' ਸੀ ਜੋ ਚੰਦਰ ਵੰਸ਼ੀ ਬੰਸ ਵਿੱਚੋਂ ਸੀ। ਇਹ ਸੇਖੋਂ ਅਤੇ ਦੇਊ ਗੋਤਰਾਂ ਦੇ ਵਧੇਰੇ ਨੇੜੇ ਹਨ ਤੇ ਉਹਨਾਂ ਨਾਲ ਵਿਆਹ ਸੰਬੰਧ ਨਹੀਂ ਬਣਾਉਂਦੇ। ਇਹ ਗੋਤ ਜੱਟਾਂ, ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿੱਚ ਹੀ ਹੈ। (54)

**5. ਸਾਹਸੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਚੱਬਾ ਅਤੇ ਗੁਰਵਾਲੀ ਵਿੱਚ ਪਾਇਆ ਗਿਆ। ਭਾਈ ਕਾਹਨ ਸਿੰਘ ਨਾਭਾ ਦੇ *ਮਹਾਨ ਕੋਸ਼* ਅਨੁਸਾਰ:

> ਇਹ ਇੱਕ ਜੱਟ ਗੋਤਰ ਹੈ, ਵਿਦਵਾਨਾਂ ਨੇ ਇਸ ਦਾ ਮੂਲ ਸੰਸਕ੍ਰਿਤ ਸ਼ਬਦ 'ਸ਼ਾਹ ਜੀ' ਸਮਝਿਆ ਹੈ, ਜਿਸਦਾ ਅਰਥ ਹੈ: ਹਿੰਮਤੀ, ਹੱਠੀਆ ਤੇ ਬਲਵਾਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਇਸੇ ਗੋਤਰ ਦਾ ਸੀ। ਇਹ ਗੋਤਰ ਜਾਂ ਉਪਜਾਤੀ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਵੀ ਕਾਫੀ ਹੈ। ਰਾਜਾ ਸਾਂਸੀ ਨਗਰ ਇਹਨਾਂ ਜੱਟਾ ਨੇ ਹੀ ਵਸਾਇਆ ਹੈ। (176)

ਜਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੋਜ ਸਰਵੇਖਣ ਅਧੀਨ ਇਹਨਾਂ ਪਿੰਡਾਂ ਦੇ ਸਾਹਸੀ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਵਿਸ਼ੇ 'ਤੇ ਗੱਲਬਾਤ ਦੌਰਾਨ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**6. ਸਹੋਤਾ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਜਹਾਂਗੀਰ, ਮਹਿਮਾ, ਗੁਰਵਾਲੀ ਅਤੇ ਬੱਲ ਕਲਾਂ ਵਿੱਚ ਪਾਇਆ ਗਿਆ। ਬੱਲ ਕਲਾਂ ਪਿੰਡ ਵਿੱਚ ਸਹੋਤਾ ਘੁਮਿਆਰ ਬਰਾਦਰੀ ਦਾ ਗੋਤ ਹੈ ਜਦ ਕਿ ਪਿੰਡ ਮਹਿਮਾ ਦੇ ਸਹੋਤਾ ਗੋਤ ਦੇ ਲੋਕ ਸਾਂਹਸੀ ਅਤੇ ਮਜ਼੍ਹਬੀ ਸਿੱਖ ਬਰਾਦਰੀ ਸੰਬੰਧ ਰੱਖਦੇ ਹਨ। ਪਿੰਡ ਬੱਲ ਕਲਾਂ ਦੇ ਸਹੋਤਾ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਪੀਰ ਬਾਬਾ' ਦੀ ਮਨੌਤ ਕਰਦੇ ਹਨ। ਪਿੰਡ ਗੁਰਵਾਲੀ ਦੇ ਸਾਹਸੀ ਸਹੋਤੇ ਪਿੰਡ ਬੋੜੂ ਵਿਖੇ ਪੀਰ ਬਾਬਾ ਦੀ ਮਨੌਤ ਲਈ ਜਾਂਦੇ ਹਨ। ਪਿੰਡ ਮਹਿਮਾ ਦੇ ਸਹੋਤਾ 'ਪੀਰ ਰਹਿਤ ਸ਼ਾਹ' ਨੂੰ ਮੰਨਦੇ ਹਨ। ਗੋਤ ਤੋਂ ਇਲਾਵਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਹੋਤਾ ਪਿੰਡ ਵੀ ਹੈ।

**7. ਸਾਹਨੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਸਾਹਨੀ ਗੋਤ ਪਿੰਡ ਪਠਾਣੀਆਂ, ਬਾਸਰਕੇ ਅਤੇ ਭੈਣੀ ਵਿੱਚ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ*

*ਗੋਤ* ਅਨੁਸਾਰ, "ਬੁੰਜਾਹੀ ਖੱਤਰੀਆਂ ਦਾ ਸੂਰਜ ਵੰਸ਼ੀ ਗੋਤ ਹੈ। ਪ੍ਰਸਿੱਧ ਅਭਿਨੈਕਾਰ ਸਵ: ਬਲਰਾਜ ਸਾਹਨੀ ਇਸੇ ਗੋਤ ਦਾ ਸੀ। ਇਸ ਤੋਂ ਇਲਾਵਾ ਇਹ ਗੋਤ ਖੱਤਰੀਆਂ ਤੋਂ ਇਲਾਵਾ ਤੇਲੀਆਂ ਵਿੱਚ ਵੀ ਹੈ।" (167)

ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਿੰਡ ਬਾਸਰਕੇ ਦੇ ਸਾਹਨੀ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਦੀ ਮਨੌਤ ਕਰਦੇ ਹਨ।

**8. ਸੇਖੋਂ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਮੂਧੇਵਾਲੀ ਹਵੇਲੀਆਂ ਅਤੇ ਬਿੜ੍ਹੂ ਵਿੱਚ ਪਾਇਆ ਗਿਆ। ਮੂਧੇਵਾਲ ਹਵੇਲੀਆਂ ਅਤੇ ਬਿੜ੍ਹੂ ਦੋਹਾਂ ਪਿੰਡਾਂ ਦੇ ਸੇਖੋਂ ਗੋਤ ਨਾਲ਼ ਸੰਬੰਧਿਤ ਲੋਕ ਜਠੇਰੇ ਨੂੰ ਮੰਨਣ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**9. ਸੱਗੂ –** ਇਹ ਗੋਤ ਜੱਟਾਂ ਤੋਂ ਇਲਾਵਾ ਰਾਮਗੜ੍ਹੀਆ ਬਰਾਦਰੀ ਵਿੱਚ ਵੀ ਪਾਇਆ ਜਾਂਦਾ ਹੈ। ਡਾ. ਰਾਏਜਸਬੀਰ ਸਿੰਘ ਦੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਅਨੁਸਾਰ, "ਇਹ ਸ਼ਾਹਪੁਰ ਵਿਚਲਾ ਜੱਟ ਕਬੀਲਾ ਹੈ ਅਤੇ ਇਹ ਕਾਸ਼ਤਕਾਰ ਹਨ।" (66)

ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਰਾਮਤੀਰਥ ਦੇ ਲਾਗੇ ਕਲੇਰ ਪਿੰਡ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸੱਗੂ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਕਲੇਰ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ।

**10. ਸਿੱਧੂ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਟਲੀ, ਗੁਰਵਾਲੀ, ਚੱਕ ਮੁਕੰਦ, ਮਾਲੂਵਾਲ ਅਤੇ ਜਹਾਂਗੀਰ ਵਿੱਚ ਪਾਇਆ ਗਿਆ। ਗੁਰਮੀਤ ਸਿੰਘ ਆਪਣੀ ਪੁਸਤਕ *ਸਿੱਧੂ ਖਾਨਦਾਨ ਦਾ ਇਤਿਹਾਸ* ਵਿੱਚ ਸਿੱਧੂ ਗੋਤ ਸੰਬੰਧੀ ਲਿਖਦੇ ਹਨ:

> ਇਹ ਗੋਤ ਮਾਲਵੇ ਦਾ ਮਸ਼ਹੂਰ ਕਾਸ਼ਤਕਾਰ ਜੱਟ ਗੋਤ ਹੈ। ਇਹ ਕਬੀਲਾ ਬਾਦਸ਼ਾਹ ਬਾਬਰ ਦੇ ਜ਼ਮਾਨੇ ਤੋਂ ਲੈ ਕੇ ਹਿੰਦੁਸਤਾਨ ਵਿੱਚ ਲੋਕਤੰਤਰ ਕਾਇਮ ਹੋਣ ਤੱਕ ਮਾਲਵੇ ਵਿੱਚ ਰਾਜ ਕਰਦਾ ਰਿਹਾ ਹੈ। ਇਸ ਕਬੀਲੇ ਦੀਆਂ ਮਾਲਵੇ ਵਿੱਚ ਪਟਿਆਲਾ, ਨਾਭਾ, ਜੀਂਦ, ਕੈਥਲ, ਫ਼ਰੀਦਕੋਟ ਪੰਜ ਰਿਆਸਤਾਂ ਕਾਇਮ ਹੋਈਆਂ। ਖੀਵਾ ਰਾਓ ਦੇ ਘਰ ਸਿੱਧੂ ਰਾਉ ਦਾ ਜਨਮ ਹੋਇਆ। ਇਹ ਘਟਨਾ ਤਕਰੀਬਨ 1250 ਈ: ਦੇ ਲਗਭਗ ਵਾਪਰੀ। ਸਿੱਧੂ ਰਾਉ ਦੀ ਬੰਸ ਜੱਟ ਬਰਾਦਰੀ ਵਿੱਚ ਰਲ ਗਈ। ਸਿੱਧੂ ਦੇ ਨਾਮ ਤੋਂ ਸਿੱਧੂ ਗੋਤ ਚੱਲਿਆ। ਸਿੱਧੂ ਦਾ ਵਿਆਹ ਵੀ ਗਿੱਲਾਂ ਦੇ ਹੋਇਆ, ਜਿਸ ਵਿੱਚੋਂ ਸਿੱਧੂ ਦੇ ਵੀ ਪੁੱਤਰ ਹੋਏ। ਉਹਨਾਂ ਦੇ ਪੁੱਤਰ ਵੀ ਭੂਰੇ ਦੀ ਬੰਸ ਵਿੱਚੋਂ ਹਰੀਕੇ ਅਤੇ ਬਰਾੜ ਸਿੱਧੂ ਹਨ। ਭੂਰੇ ਦੇ ਪੁੱਤਰ ਤਿਲਕ ਰਾਉ ਨੇ ਸੰਤ ਸੁਭਾਉ ਕਾਰਨ ਵਿਆਹ ਨਹੀਂ ਕਰਵਾਇਆ ਜਿਸ ਨੂੰ ਭੱਟੀਆਂ ਨੇ ਬਠਿੰਡੇ ਤੇ ਮੁਕਤਸਰ ਦੇ ਵਿਚਕਾਰ ਅਬਲੂ ਪਿੰਡ ਵਿੱਚ ਕਤਲ ਕਰ ਦਿੱਤਾ ਸੀ। ਸਾਰੇ ਸਿੱਧੂ ਇਸ ਮਹਾਂਪੁਰਸ਼ ਦੀ ਮਾਨਤਾ ਕਰਦੇ ਹਨ। ਇਸ 'ਤਿਲਕ ਰਾਉ' ਦੀ ਥਾਂ ਇਸਤਰੀਆਂ ਮਿੱਟੀ ਕੱਢਣ ਹਰ ਸਾਲ ਆਉਂਦੀਆਂ ਹਨ। (27)

ਪੰਜਾਬ ਵਿੱਚ ਸਿੱਧੂ ਗੋਤ ਤੋਂ ਇਲਾਵਾ ਸਿੱਧੂ ਨਾਮ ਨਾਲ਼ ਸੰਬੰਧਿਤ ਪਿੰਡ ਸਿੱਧੂ ਹਰੀ ਸਿੰਘ, ਸਿੱਧੂ ਮੁਸਤਾਦੀ (ਜਲੰਧਰ), ਸਿੱਧੂ (ਫ਼ਿਰੋਜ਼ਪੁਰ), ਸਿੱਧੂਪੁਰ ਕਲਾਂ ਅਤੇ ਸਿੱਧੂਪੁਰ ਖੁਰਦ (ਫ਼ਤਹਿਗੜ ਸਾਹਿਬ),ਸਿੱਧੂਵਾਲ (ਪਟਿਆਲਾ), ਸਿੱਧਵਾਂ ਬੇਟ (ਕਪੂਰਥਲਾ ਅਤੇ ਲੁਧਿਆਣਾ), ਸਿੱਧਵਾਂ (ਗੁਰਦਾਸਪੁਰ), ਸਿੱਧਵਾਂ ਚੋਰ, ਸਿੱਧਵਾਂ ਜਮੀਤਾ (ਗੁਰਦਾਸਪੁਰ) ਸਿੱਧਵਾਂ (ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ ਅਤੇ ਫ਼ਤਹਿਗੜ ਸਾਹਿਬ) ਵਿੱਚ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਕੋਟਲੀ ਅਤੇ ਮਾਲੂਵਾਲ ਦੇ ਸਿੱਧੂ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਕੋਟਲੀ ਦੇ ਸਿੱਧੂਆਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਜਠੇਰੇ ਦਾ ਨਾਮ 'ਸੰਤਾ ਸਿੰਘ' ਹੈ, ਪ੍ਰੰਤੂ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ।

**11. ਸੰਧੂ –** ਇਸ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਜੋਗਾ ਸਿੰਘ ਵਾਲਾ, ਬੋਤਾ, ਵੱਲਚਿੜੀ, ਗੁਰਵਾਲੀ, ਵਡਾਲਾ, ਕਲੇਰ (ਰਾਮਤੀਰਥ), ਚੱਕ ਮੁਕੰਦ, ਭਕਨਾ ਕਲਾਂ, ਮਾਲੂਵਾਲ, ਨੱਥੂਪੁਰਾ, ਮੰਡਿਆਲਾ, ਰਾਮਪੁਰਾ ਬਾਵਿਆਂ ਕਾ, ਮੁੱਲਾ ਬਹਿਰਾਮ, ਗੁਮਾਨਪੁਰਾ, ਬਾਸਰਕੇ, ਖਾਪਰ ਖੇੜੀ, ਖਾਸਾ, ਥਾਂਦੇ (ਕੀਰਤਨਗੜ੍ਹ), ਫ਼ਤਾਹਪੁਰ, ਮੂਧਲ, ਜਹਾਂਗੀਰ, ਬੱਲ ਕਲਾਂ, ਸੁਲਤਾਨਵਿੰਡ, ਮਹਿਮਾ ਆਦਿ ਪਿੰਡਾਂ ਵਿੱਚ ਪਾਇਆ ਗਿਆ। ਪਿੰਡ ਬੋਤਾ ਦੇ ਸੰਧੂ ਦੱਸਦੇ ਹਨ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਦਸੌਂਧਾ ਸਿੰਘ' ਹੈ, ਪਰ ਉਹ ਇਸ ਦੀ ਮੰਨ-ਮਨੌਤ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਅਗਲੇ ਪਿੰਡ ਗੁਰਵਾਲੀ ਦੇ ਸੰਧੂ 'ਡੇਰਾ ਸਾਹਿਬ' ਵਿਖੇ ਜਾਂਦੇ ਹਨ ਅਤੇ ਜਠੇਰੇ ਦੀ ਮਨੌਤ ਨਹੀਂ ਕਰਦੇ। ਪਿੰਡ ਖਾਸਾ ਦੇ ਸੰਧੂਆਂ ਦੇ ਜਠੇਰੇ ਦੀ ਗੱਲ ਕਰੀਏ ਤਾਂ ਉਹ 'ਗੁਰਮੁਖ ਸਿੰਘ' ਨੂੰ ਮੰਨਦੇ ਹਨ ਜਦ ਕਿ ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਰਾਮਪੁਰਾ ਬਾਵਿਆਂ ਕਾ, ਭਕਨਾ ਕਲਾਂ, ਬਾਸਰਕੇ, ਮਹਿਮਾ, ਮੁੱਲਾ ਬਹਿਰਾਮ, ਬੱਲ ਕਲਾਂ, ਮੂਧਲ, ਨੱਥੂਪੁਰਾ, ਬੋਤਾ, ਕਲੇਰ, ਮਾਲੂਵਾਲ, ਵਡਾਲਾ ਅਤੇ ਮੰਡਿਆਲਾ ਦੇ ਸੰਧੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਆਪਣੇ ਪਿੰਡ ਵਿੱਚ ਹੀ ਸ਼ਮਸ਼ਾਨ ਘਾਟ ਕੋਲ਼ ਬਣੀ ਹੋਈ ਅਗਿਆਤ ਜਠੇਰੇ ਦੀ ਜਗ੍ਹਾ 'ਤੇ ਜਾ ਕੇ ਮੱਥਾ ਟੇਕਦੇ ਹਨ ਅਤੇ ਮਿੱਟੀ ਨਹੀਂ ਕੱਢਦੇ। ਪਿੰਡ ਥਾਂਦੇ ਖੁਰਦ ਦੇ ਸੰਧੂ ਗੋਤ ਦੇ ਲੋਕ 'ਬਾਬਾ ਹਰੀਆ' ਦੀ ਅਤੇ ਪਿੰਡ ਗੁਮਾਨਪੁਰਾ ਦੇ 'ਬਾਬਾ ਸ਼ਾਹ ਮੁਰਾਦ' ਦੀ ਮੰਨ-ਮਨੌਤ ਕਰਦੇ ਹਨ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸੰਧੂ 'ਮਸੀਹ' ਦੀ ਪੂਜਾ ਕਰਦੇ ਹਨ ਅਤੇ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬਾਸਰਕੇ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ।

**12. ਸਬਰਵਾਲ –** ਸਬਰਵਾਲ ਜਾਤ ਖੇਤਰੀ ਦਾ ਇੱਕ ਗੋਤ ਹੈ। ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਦੂਜੀ* ਅਨੁਸਾਰ, "ਖੱਤ੍ਰੀਆਂ ਦੀ ਇਕ ਗੋਤ; ਸਭਰਵਾਲ ਖੁਖਰੈਣਾ ਦੀ ਇਕ ਸ਼ਾਖ ਹਨ। ਇਹ ਅੱਠਾਂ ਗੋਤਾਂ ਤੋਂ ਬਾਹਰ ਵਿਆਹ ਨਹੀਂ ਕਰਦੇ।" (278)

ਕਿਰਪਾਲ ਸਿੰਘ ਦਰਦੀ ਵੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਵਣਜਾਰਾ ਬੇਦੀ ਦੇ ਵਿਚਾਰਾਂ ਦੀ ਹੀ ਪ੍ਰੋੜ੍ਹਤਾ ਕਰਦੇ ਹੋਏ ਲਿਖਦੇ ਹਨ, "ਇਹ ਖੁਖਰਾਣ ਸ਼੍ਰੇਣੀ ਦੀ ਖੱਤਰੀ ਜਾਤ ਦਾ ਗੋਤ ਹੈ। ਇਸ ਗੋਤ ਦੇ ਖੱਤਰੀ ਖੇਤੀ ਦਾ ਕੰਮ ਵੀ ਬਹੁਤ ਕਰਦੇ ਹਨ। ਇਹ ਗੋਤ ਦਲਿਤ ਜਾਤਾਂ ਵਿੱਚ ਵੀ ਹੈ ਅਤੇ ਇੱਕ ਰਾਮਗੜ੍ਹੀਆ ਗੋਤ ਵੀ ਹੈ।" (170)

ਇਹ ਗੋਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਇੱਬਣ ਖੁਰਦ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸਬਰਵਾਲ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਘਰ ਦੇ ਲਾਗੇ ਮਾਤਾ ਰਾਣੀ ਦੀ ਪੂਜਾ ਕਰਦੇ ਹਨ।

**13. ਸਰਾਂ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਚਾਟੀਵਿੰਡ ਪਿੰਡ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਹਨਾਂ ਵਿੱਚੋਂ ਕੁਝ ਸਰਾਂ ਗੋਤ ਦੇ ਲੋਕ ਆਪਣੇ ਜਠੇਰੇ 'ਮਹਿਤਾਬ' ਸਿੰਘ ਨੂੰ ਮੰਨਦੇ ਹਨ ਅਤੇ ਕੁਝ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**14. ਸਰਕਾਰੀਆ –** ਖੇਤਰੀ ਸਰਵੇਖਣ ਦੇ ਦੌਰਾਨ ਸਰਕਾਰੀਆ ਗੋਤ ਧੌਲ ਕਲਾਂ ਵਿਖੇ ਪਾਇਆ ਗਿਆ ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ। ਪਿੰਡ ਧੌਲ ਕਲਾਂ ਦੇ ਸਰਕਾਰੀਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**15. ਹੂੰਝਣ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗੁਰਵਾਲੀ ਵਿੱਚ ਪਾਇਆ ਗਿਆ। ਪਿੰਡ ਗੁਰਵਾਲੀ ਦੇ ਹੂੰਝਣ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਇਹ ਗੋਤ ਰਾਮਗੜ੍ਹੀਆ ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

**16. ਹੁੰਦਲ –** ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ, ਵਨ ਚਿੜੀ, ਨੱਥੂਪੁਰਾ, ਮਹਿਮਾ, ਝੀਤਾ ਕਲਾਂ, ਸੇਹਾਗਣਾ ਵਿੱਚ ਪਾਇਆ ਗਿਆ। ਇਹਨਾਂ ਪਿੰਡਾਂ ਵਿੱਚ ਚੋਖੀ ਗਿਣਤੀ ਵਿੱਚ ਇਹ ਗੋਤ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਸੰਬੰਧੀ ਲਿਖਦੇ ਹਨ:

> ਜੱਟਾਂ ਦੇ ਬਹੁਤੇ ਗੋਤ ਚੰਦਰ ਬੰਸ ਵਿੱਚੋਂ ਹਨ, ਸੂਰਜ ਬੰਸੀ ਜੱਟ ਘੱਟ ਹਨ। ਹੁੰਦਲ ਜੱਟਾਂ ਦਾ ਇੱਕ ਛੋਟਾ ਜਿਹਾ ਗੋਤਰ ਹੈ ਜੋ ਇਹ ਸੂਰਜ ਬੰਸ ਵਿੱਚੋਂ ਹਨ। ਇਹਨਾਂ ਦਾ ਵਡੇਰਾ 'ਸਰਬ' ਉੱਤਰ ਪ੍ਰਦੇਸ਼ ਦੇ ਅਯੁੱਧਿਆ ਦੇ ਇਲਾਕੇ ਤੋਂ ਚੱਲ ਕੇ ਮਾਲਵੇ ਵਿੱਚ ਆਇਆ ਸੀ। ਇਹ ਕਾਫੀ ਸਮੇਂ ਪਿੱਛੋਂ ਅੰਮ੍ਰਿਤਸਰ ਦੇ ਖੇਤਰ ਵਿੱਚ ਆ ਗਿਆ। ਇਸ ਗੋਤ ਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਾਫੀ ਪਿੰਡ ਹਨ ਜੋ ਬੁੰਡਾਲਾ ਦੇ ਆਸ-ਪਾਸ ਹਨ। ਪ੍ਰੋ. ਹਰਭਜਨ ਸਿੰਘ ਹੁੰਦਲ ਪ੍ਰਸਿੱਧ ਪ੍ਰਗਤੀਵਾਦੀ ਕਵੀ ਵੀ ਹੁੰਦਲ ਗੋਤ ਦੇ ਹੀ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਭਿੱਖੀਵਿੰਡ ਕੋਲ

> ਇੱਕ ਪਿੰਡ 'ਬਾਸਰਕੇ ਹੁੰਦਲ' ਹੈ। ਇਹ ਗੋਤ ਬਰਨਾਲੇ ਅਤੇ ਪਟਿਆਲੇ ਵਿੱਚ ਵੀ ਕਾਫੀ ਹੈ। 1947 ਈਸਵੀ ਤੋਂ ਮਗਰੋਂ ਭਾਰਤ ਦੇਸ਼ ਦੀ ਵੰਡ ਹੋਣ ਕਾਰਨ ਹੁੰਦਲ ਜੱਟ ਸਿੱਖ ਪੱਛਮੀ ਪੰਜਾਬ ਤੋਂ ਉੱਜੜ ਕੇ ਪੂਰਬੀ ਪੰਜਾਬ ਵਿੱਚ ਆਬਾਦ ਹੋਏ ਹਨ। ਹੁੰਦਲ ਜੱਟ ਆਰੀਆ ਹਨ। (56)

ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਅਨੁਸਾਰ:

> ਇਹ ਇੱਕ ਕਾਸ਼ਤਕਾਰ ਜੱਟ ਗੋਤ ਜਿਹੜਾ ਸ਼ੁੱਧ ਸੂਰਜ ਵੰਸ਼ੀ ਰਾਜਪੂਤ ਹੋਣ ਦਾ ਅਤੇ ਸ਼੍ਰੀ ਰਾਮ ਚੰਦ ਦੀ ਪੀੜ੍ਹੀ ਚੱਲਣ ਦਾ ਦਾਅਵਾ ਕਰਦਾ ਹੈ। ਹੁੰਦਲ ਜਿੱਥੋਂ ਇਹ ਨਾਂ ਪਿਆ, ਅਯੁੱਧਿਆ ਵਿੱਚ ਰਹਿੰਦਾ ਸੀ ਅਤੇ 'ਸਾਰ' ਨੂੰ ਜੋ ਉਸਦੀ ਪੰਜਵੀਂ ਪੀੜ੍ਹੀ ਵਿੱਚ ਸੀ, ਜਾਤੀ ਵਿੱਚੋਂ ਛੇਕ ਦਿੱਤਾ ਗਿਆ ਸੀ। ਆਪਣਾ ਟਿਕਾਣਾ ਛੱਡ ਕੇ ਪੰਜਾਬ ਵਿੱਚ ਅੰਮ੍ਰਿਤਸਰ ਵੱਲ ਆ ਗਿਆ ਅਤੇ ਇਸਦੀ ਸੰਤਾਨ ਨੇ ਪਿੱਛੋਂ ਪਤਨੀਆਂ ਲੈਣ ਲਈ ਵਿਆਹ ਜੱਟਾਂ ਵੱਲ ਕਰਵਾ ਲਏ ਅਤੇ ਖੇਤੀਬਾੜੀ ਦਾ ਧੰਦਾ ਅਪਣਾ ਲਿਆ ਸੀ। (118)

ਪਿੰਡ ਜੋਗਾ ਸਿੰਘ ਵਾਲਾ ਦੇ ਕੁਝ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਕੁਝ 'ਬਾਬਾ ਦੂਲਚੀ' ਨੂੰ ਮੰਨਦੇ ਹਨ। ਉਂਝ ਉਹਨਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਸ਼ੇਰ ਸਿੰਘ' ਹੈ, ਪਰ ਉਹ ਉਸਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬੋਤਾ ਦੇ ਹੁੰਦਲ ਗੋਤ ਦੇ ਲੋਕਾਂ ਦਾ ਵੀ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਹਰਨਾਮ ਸਿੰਘ' ਹੈ, ਪਰ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਪਿੰਡ ਫਤਾਹਪੁਰ ਦੇ ਹੁੰਦਲ 'ਬਾਬਾ ਸੱਚੀ ਦਾਹੜੀ ਵਾਲੇ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਪਿੰਡ ਝੀਤਾ ਕਲਾਂ ਅਤੇ ਸੇਹਾਗਣਾ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਮਹਿਮਾ ਪਿੰਡ ਦੇ ਹੁੰਦਲ 'ਸ਼ਹੀਦਾਂ ਦੀ ਜਗ੍ਹਾ' 'ਤੇ ਪੂਜਾ ਕਰਦੇ ਹਨ। ਵਨ ਚਿੜੀ ਪਿੰਡ ਦੇ ਹੁੰਦਲ ਗੋਤ ਦੇ ਲੋਕਾਂ ਦੀ ਗੱਲ ਕਰੀਏ ਤਾਂ ਉਹ ਆਪਣੇ ਜਠੇਰੇ 'ਗੁਰਮੁਖ ਸਿੰਘ' ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਨੱਥੂਪੁਰਾ ਦੇ ਹੁੰਦਲ 'ਬਾਬਾ ਹਦੂਰੀ' ਦੀ ਮੰਨ-ਮਨੌਤ ਲਈ ਪਿੰਡ ਮਾਲੂਵਾਲ ਵਿਖੇ ਜਾਂਦੇ ਹਨ।

**17. ਕੁਹਾਰ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਟਲੀ ਵਿੱਚ ਪਾਇਆ ਗਿਆ। ਪਿੰਡ ਕੋਟਲੀ ਦੇ ਕੁਹਾਰ 'ਰਾਧਾ ਸਿੰਘ' ਨੂੰ ਆਪਣਾ ਜਠੇਰਾ ਦੱਸਦੇ ਹਨ, ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨਮਿੱਤ ਕੋਈ ਮਿੱਟੀ ਨਹੀਂ ਕੱਢਦੇ।

**18. ਕੁਹਾੜ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗੁਮਾਨਪੁਰਾ, ਗੌਂਸਾਬਾਦ, ਮੂਧਲ ਅਤੇ ਬੋਪਾਰਾਏ ਵਿੱਚ ਪਾਇਆ ਗਿਆ। ਇਸ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਡਾ. ਰਾਏਜਸਬੀਰ ਸਿੰਘ ਨੇ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਲਿਖਿਆ ਹੈ, "ਕੋਹਾੜ ਅੰਮ੍ਰਿਤਸਰ ਵਿਚਲਾ ਕਾਸ਼ਤਕਾਰ ਕਬੀਲਾ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁਹਾੜ ਨਾਮਕ ਪਿੰਡ ਵੀ ਹੈ ਅਤੇ ਅੰਮ੍ਰਿਤਸਰ ਵਿੱਚ ਕੁਹਾੜ ਕਾ ਨਾਮੀ ਪਿੰਡ ਹੈ। ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਕੁਹਾੜ, ਜ਼ਿਲ੍ਹਾ ਜਲੰਧਰ ਵਿੱਚ ਕੁਹਾੜ ਕਲਾਂ ਅਤੇ ਕੁਹਾੜ ਖੁਰਦ ਪਿੰਡ ਹਨ।" (86)

ਇਹ ਗੋਤ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਜੱਟਾਂ ਦੇ ਨਾਲ਼-ਨਾਲ਼ ਮਹਿਰਾ ਸਿੱਖ ਬਰਾਦਰੀ ਵਿੱਚ ਵੀ ਪਾਇਆ ਜਾਂਦਾ ਹੈ। ਬੋਪਾਰਾਏ ਦੇ ਕੁਹਾੜ 'ਬਾਬਾ ਰਮਦਾਸ' ਨੂੰ ਜਠੇਰਾ ਮੰਨਦੇ ਹਨ। ਗੌਂਸਾਬਾਦ ਪਿੰਡ ਦੇ ਕੁਹਾੜ ਮਜੀਠੀਆ ਪਿੰਡ ਵਿਖੇ ਜਾ ਕੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**19. ਕੰਬੋਜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸੋਹੀਆਂ ਖੁਰਦ ਵਿੱਚ ਪਾਇਆ ਗਿਆ। ਪਿੰਡ ਸੋਹੀਆਂ ਖੁਰਦ ਦੇ ਕੰਬੋਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਖਾਨਦਾਨ ਖੇਤੀਬਾੜੀ ਕਰਨ ਵਿੱਚ ਬੜਾ ਮਾਹਿਰ ਮੰਨਿਆ ਜਾਂਦਾ ਹੈ। ਮਾਲਵੇ ਦੇ ਮਹਾਨ ਸ਼ਹੀਦ ਊਧਮ ਸਿੰਘ ਵੀ ਇਸੇ ਖਾਨਦਾਨ ਵਿੱਚੋਂ ਸਨ। ਵਿਸ਼ਵ ਪੰਜਾਬੀ ਕੋਸ਼ ਵਿੱਚ ਇਹਨਾਂ ਨੂੰ 'ਅਰਾਈਆਂ ਦੇ ਨੇੜੇ ਦੇ ਸੰਬੰਧੀ' ਲਿਖਿਆ ਗਿਆ ਹੈ ਕਿਉਂ ਕਿ ਅਰਾਈਂ ਵੀ ਸਬਜੀਆਂ ਪੈਦਾ ਕਰਨ ਵਾਲੀ ਜਾਤੀ ਹੈ। ਕੰਬੋਜਾਂ ਵਿੱਚ ਥਿੰਦ, ਧੰਜੂ, ਮੋਮੀ, ਕੌੜੇ, ਹਾਂਡੇ ਤੇ ਚਤਰਥ ਹਨ। ਥਿੰਦ ਗੋਤ ਕੰਬੋਜਾਂ ਅਤੇ ਜੱਟਾਂ ਦੋਹਾਂ ਵਿੱਚ ਪਾਇਆ ਜਾਂਦਾ ਹੈ। ਲੁਧਿਆਣੇ ਵਿੱਚ ਥਿੰਦਾਂ ਦੇ 20 ਪਿੰਡ ਹਨ। ਨਨਕਾਣਾ ਸਾਹਿਬ ਦੇ ਖੂਨੀ ਸਾਕੇ ਵਿੱਚ ਸ਼ਹੀਦ ਸਿੰਘਾਂ ਵਿੱਚ ਬਹੁਤੇ ਕੰਬੋਜ ਹੀ ਸਨ। ਅੰਮ੍ਰਿਤਸਰ ਵਿੱਚ ਹੇਅਰ ਕੰਬੋਅ ਨਾਮਕ ਇੱਕ ਪਿੰਡ ਵੀ ਹੈ। (79)

**20. ਕਰੋਨਾਲ –** ਕਰੋਨਾਲ ਗੋਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਡਡੀਆਂ ਵਿੱਚ ਪਾਇਆ ਗਿਆ। ਪਿੰਡ ਡਡੀਆਂ ਦੇ ਕਰੋਨਾਲ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**21. ਕਸ਼ਯਪ ਰਾਜਪੂਤ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਸੋਹੀਆਂ ਖੁਰਦ ਵਿੱਚ ਮਹਿਰਾ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸੋਹੀਆਂ ਖੁਰਦ ਦੇ ਕਸ਼ਯਪ ਰਾਜਪੂਤ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**22. ਗੁਜਰਾਲ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਫਤਾਹਪੁਰ ਵਿੱਚ ਅਰੋੜਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਫਤਾਹਪੁਰ ਦੇ ਗੁਜਰਾਲ ਸ਼੍ਰੀ ਗੁਰੂ ਗੰਥ ਸਾਹਿਬ ਜੀ ਨੂੰ ਮੰਨਦੇ ਹਨ। ਡਾ. ਰਾਏਜਸਬੀਰ ਸਿੰਘ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਇਸ ਗੋਤ ਬਾਰੇ ਲਿਖਦੇ ਹਨ:

> ਗੁਜਰਾਲ ਗੁਜਰਾਤ ਵਿਚਲਾ ਮੁਸਲਿਮ ਜੱਟ ਕਬੀਲਾ ਹੈ। ਇਹ ਉਸ ਮੁੰਡੇ ਤੋਂ ਹੋਇਆ ਜਿਸ ਨੂੰ ਗੁੱਜਰ ਮਤੇਰ ਮਾਂ ਨੇ ਦੁੱਧ ਚੁੰਘਾਇਆ। ਇਹ ਔਰੰਗਜੇਬ ਸਮੇਂ ਗੁਜਰਾਤ ਆ ਵਸੇ। ਇਹ ਗੋਤ ਹਿੰਦੂ ਅਰੋੜਾ ਬਰਾਦਰੀ ਵਿੱਚ ਵੀ ਪਾਇਆ ਜਾਂਦਾ ਹੈ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਵੀ ਇਸੇ ਗੋਤ ਦੇ ਸਨ। (96)

**23. ਗਿੱਲ –** ਇਹ ਜਗਤ ਪ੍ਰਸਿੱਧ ਗੋਤ ਹੈ। ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਬੋਤਾ, ਵਨ ਚਿੜੀ, ਗੁਰਵਾਲੀ, ਇੱਬਣ ਖੁਰਦ, ਚੱਕ ਮੁਕੰਦ, ਮਾਲੂਵਾਲ, ਖਾਪਰ ਖੇੜੀ, ਫਤਾਹਪੁਰ, ਬੱਲ ਕਲਾਂ, ਮਹਿਮਾ, ਸੁਲਤਾਨ ਵਿੰਡ, ਵਰਪਾਲ, ਚੱਬਾ ਵਿੱਚ ਇਹ ਗੋਤ ਪਾਇਆ ਗਿਆ। ਇਹ ਗੋਤ ਜੱਟਾਂ ਤੋਂ ਇਲਾਵਾ ਦਲਿਤ ਬਰਾਦਰੀਆਂ ਵਿੱਚ ਵੀ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਰਘੂਬੰਸੀ ਵਰਯਾਹ ਰਾਜਪੂਤਾਂ ਦੀ ਸ਼ਾਖ ਹਨ। ਜੱਟਾਂ ਅਤੇ ਰਾਜਪੂਤਾਂ ਦੇ ਕਈ ਗੋਤ ਰਘੂਬੰਸੀ ਹਨ। ਬਹੁਤੇ ਗਿੱਲ ਜੱਟ ਮਾਲਵੇ ਤੇ ਮਾਝੇ ਵਿੱਚ ਵੀ ਆਬਾਦ ਸਨ। ਦਰਿਆ ਸਤਲੁਜ ਅਤੇ ਬਿਆਸ ਦੇ ਨਾਲ਼-ਨਾਲ਼, ਫਿਰ ਪਹਾੜ ਦੇ ਨਾਲ਼-ਨਾਲ਼ ਦੂਰ ਸਿਆਲਕੋਟ ਤੱਕ ਗਿੱਲ ਗੋਤ ਦੇ ਲੋਕ ਵਸਦੇ ਹਨ। ਇਹ ਆਪਣਾ ਪਿੱਛਾ ਗੜ੍ਹ ਮਠੀਲਾ ਦੇ ਰਾਜਾ ਪ੍ਰਿਥੀਪਤ ਨਾਲ਼ ਜੋੜਦੇ ਹਨ। ਇਹ ਦੱਖਣ ਤੱਕ ਰਾਜਸਥਾਨ ਰਾਹੀਂ ਹੀ ਪੰਜਾਬ ਦੇ ਮਾਲਵਾ ਖੇਤਰ ਵਿੱਚ ਆਏ। ਗਿੱਲ ਜੱਟ ਸਿੱਖ ਕਾਫੀ ਹਨ। ਹਿੰਦੂ ਗਿੱਲ ਘੱਟ ਹਨ। ਇੱਕ ਹੋਰ ਰਵਾਇਤ ਅਨੁਸਾਰ ਰਘੂਬੰਸੀ ਰਾਜੇ ਪ੍ਰਿਥੀਪਤ ਦੇ ਕੋਈ ਔਲਾਦ ਨਹੀਂ ਸੀ। ਉਸਨੂੰ ਕਿਸੇ ਸਾਧੂ ਨੇ ਛੋਟੀ ਜਾਤ ਦੀ ਇਸਤਰੀ ਨਾਲ਼ ਵਿਆਹ ਕਰਨ ਲਈ ਆਖਿਆ। ਉਸਨੇ ਭੁੱਲਰ ਜੱਟੀ ਨਾਲ਼ ਵਿਆਹ ਕਰਵਾ ਲਿਆ। ਉਸ ਜੱਟੀ ਦੇ ਜੋ ਪੁੱਤਰ ਹੋਇਆ, ਉਸਨੂੰ ਰਾਜਪੂਤ ਰਾਣੀਆਂ ਨੇ ਜੰਗਲ ਵਿੱਚ ਸੁਟਵਾ ਦਿੱਤਾ। ਰੱਬ ਦੀ ਕਰਨੀ ਵੇਖੋ, ਉਸ ਜੰਗਲ ਵਿੱਚ ਦੂਜਾ ਰਾਜਾ ਸ਼ਿਕਾਰ ਖੇਡਣ ਗਿਆ ਤਾਂ ਰਾਜੇ ਨੂੰ ਇਹ ਬੱਚਾ ਮਿਲ ਗਿਆ। ਰਾਜੇ ਨੂੰ ਸਾਰੀ ਸਾਜਿਸ਼ ਦਾ ਪਤਾ ਲੱਗ ਗਿਆ। ਰਾਜਾ ਬੱਚਾ ਘਰ ਲੈ ਆਇਆ। ਜੰਗਲ ਦੀ ਗਿੱਲੀ ਥਾਂ ਵਿੱਚ ਮਿਲਣ ਕਰਕੇ ਰਾਜੇ ਨੇ ਬੱਚੇ ਦਾ ਨਾਮ ਗਿੱਲ ਰੱਖ ਦਿੱਤਾ। ਇਹ ਮਿਥਿਹਾਸਿਕ ਘਟਨਾ ਹੈ। ਗੁਰੂ ਹਰਗੋਬਿੰਦ ਜੀ ਦੇ ਸਮੇਂ ਬਹੁਤੇ ਗਿੱਲਾਂ ਨੇ ਸਿੱਖੀ ਧਾਰਨ ਕੀਤੀ। ਲੁਧਿਆਣੇ ਅਤੇ ਜਗਰਾਉਂ ਦੇ ਇਲਾਕੇ ਵਿੱਚ ਗਿੱਲਾਂ ਦੇ ਕਈ ਪਿੰਡ ਹਨ। ਗਿੱਲ ਆਪਣੇ ਵਡੇਰੇ ਰਾਜਾ ਪੀਰ ਦੀ ਚੇਤ ਚੌਦਸ ਨੂੰ ਮੋਗੇ ਦੇ ਇਲਾਕੇ ਵਿੱਚ ਰਾਜੇਆਣਾ ਮੱਠ 'ਤੇ ਮੰਨਤ ਕਰਦੇ ਹਨ। ਇੱਥੇ ਮੇਲਾ ਵੀ ਲੱਗਦਾ ਹੈ। ਸੰਗਰੂਰ ਅਤੇ ਰਿਆਸਤ ਜੀਂਦ ਦੇ ਗਿੱਲ ਆਪਣੇ ਜਠੇਰੇ ਸੂਰਤ ਰਾਮ ਦੀ ਪਟਿਆਲੇ ਦੇ ਖੇਤਰ ਬਾਜੇ ਵਾਲੇ ਪੂਜਾ ਕਰਦੇ ਹਨ। 1881 ਈਸਵੀ ਦੀ ਜਨਸੰਖਿਆ ਅਨੁਸਾਰ ਸਾਂਝੇ ਪੰਜਾਬ ਵਿੱਚ ਗਿੱਲਾਂ ਦੀ ਗਿਣਤੀ 124172 ਸੀ। ਪੰਜਾਬੀ ਦਾ ਮਹਾਨ ਲੇਖਕ ਜਸਵੰਤ ਸਿੰਘ ਕੰਵਲ ਵੀ ਗਿੱਲ ਜੱਟ ਸੀ। ਬਾਬੂ ਰਜਬ ਅਲੀ ਜੋ ਕਿ ਪ੍ਰਸਿੱਧ ਕਿੱਸਾਕਾਰ ਸਨ, ਵਰਯਾਹ ਰਾਜਪੂਤ ਸਨ ਤੇ ਇਹ ਵੀ ਗਿੱਲਾਂ ਨਾਲ਼ ਸੰਬੰਧਤ ਸਨ।(71)

ਪਿੰਡ ਫਤਾਹਪੁਰ, ਵਰਪਾਲ ਖੁਰਦ, ਮਹਿਮਾ, ਵਨ ਚਿੜੀ ਦੇ ਗਿੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਬੋਤਾ ਦੇ ਗਿੱਲ ਸ਼ਾਹਪੀਰ, ਵਰਪਾਲ ਖੁਰਦ ਦੇ ਕੁਝ ਗਿੱਲ ਗੋਤ ਦੇ ਲੋਕ ਵੱਸਣ ਸਿੰਘ ਨੂੰ, ਕੁਝ ਬਾਬਾ ਬੱਗਾ ਨੂੰ ਮੰਨਦੇ ਹਨ ਅਤੇ ਇਸ ਪਿੰਡ ਦੇ ਕੁਝ ਗਿੱਲ ਬੁੱਢੇਆਣਾ ਮਿੱਟੀ ਕੱਢਣ ਜਾਂਦੇ ਹਨ। ਪਿੰਡ ਇੱਬਣ ਖੁਰਦ ਦੇ

'ਬਾਬਾ ਬਾਲਕ ਨਾਥ' ਨੂੰ ਮੰਨਦੇ ਹਨ ਜਿਸਦਾ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਹੈ। ਇੱਥੇ ਉਹ ਮੱਥਾ ਟੇਕਣ ਜਾਂਦੇ ਅਤੇ ਮੁਰਾਦਾਂ ਦੀ ਪੂਰਤੀ ਲਈ ਮੰਨਤਾਂ ਮੰਗਦੇ ਹਨ।

ਪੰਜਾਬ ਵਿੱਚ ਗਿੱਲ ਨਾਮਕ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ, ਸ਼੍ਰੀ ਅੰਮ੍ਰਿਤਸਰ ਸਾਹਿਬ, ਫਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਹਨ। ਗੁਰਦਾਸਪੁਰ ਜ਼ਿਲ੍ਹੇ ਵਿੱਚ ਗਿੱਲ ਬੋਬੇ ਪਿੰਡ ਵੀ ਹੈ। ਗਿੱਲ ਕਲਾਂ (ਬਠਿੰਡਾ), ਗਿੱਲ ਖੁਰਦ (ਬਠਿੰਡਾ), ਗਿੱਲ ਕਲੇਰ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲ ਵਾਲੀ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲ ਵੜੈਚ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲਾਂ ਵਾਲਾ (ਫਿਰੋਜ਼ਪੁਰ), ਗਿੱਲਾਂ ਵਾਲੀ (ਗੁਰਦਾਸਪੁਰ) ਆਦਿ ਪਿੰਡ ਗਿੱਲ ਗੋਤ ਨਾਲ਼ ਸੰਬੰਧਿਤ ਹਨ।

**24. ਘੁਸਰ –** ਇਹ ਗੋਤ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਚੱਬਾ, ਚੱਕ ਮੁਕੰਦ, ਫਤਾਹਪੁਰ, ਭਕਨਾ, ਚਾਟੀਵਿੰਡ ਵਿੱਚ ਪਾਇਆ ਗਿਆ। ਪਿੰਡ ਚੱਬਾ, ਚੱਕ ਮੁਕੰਦ ਦੇ ਘੁਸਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਭਕਨਾ ਦੇ ਘੁਸਰ 'ਮਸੀਹ' ਨੂੰ ਮੰਨਦੇ ਹਨ ਅਤੇ ਪਿੰਡ ਚਾਟੀਵਿੰਡ ਦੇ ਘੁਸਰ 'ਬਾਬਾ ਰੇਖੜ' ਅਤੇ 'ਪੀਰ ਬਾਬਾ' ਨੂੰ ਮੰਨਦੇ ਹਨ।ਪਿੰਡ ਫਤਾਹਪੁਰ ਦੇ ਘੁਸਰ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਉਹਨਾਂ ਦੇ ਲੋਕ-ਮਨ ਨੂੰ ਟੋਹਣ 'ਤੇ ਉਹਨਾਂ ਨੇ ਦੱਸਿਆ ਕਿ ਪਿੰਡ ਵਿੱਚ ਗੁੱਗਾ ਪੀਰ ਦੀ ਜਗ੍ਹਾ ਨਿਕਲਣ ਕਰਕੇ ਉਹਨਾਂ ਦੀ ਪੀਰ ਗੁੱਗਾ ਪ੍ਰਤੀ ਸ਼ਰਧਾ ਵਧੀ ਜਿਸਦੇ ਨਤੀਜੇ ਵਜੋਂ ਸ਼ਰਧਾ ਵੱਸ ਹੋ ਕੇ ਉਹਨਾਂ ਨੇ ਗੁੱਗਾ ਪੀਰ ਦੀ ਮਨੌਤ ਕਰਨੀ ਸ਼ੁਰੂ ਕਰ ਦਿੱਤੀ।

**25. ਘੁੱਸੜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਫਤਾਹਪੁਰ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਇਸ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**26. ਘੋਗੇ –** ਖੋਜ ਕਾਰਜ ਦੇ ਅੰਤਰਗਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਡਡੀਆਂ ਵਿੱਚ ਪਾਇਆ ਗਿਆ। ਪਿੰਡ ਡਡੀਆਂ ਦੇ ਘੋਗੇ, ਜੋ ਕਿ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ, ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ। ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**27. ਚੌਹਾਨ –** ਇਹ ਗੋਤ ਰਾਜਪੂਤਾਂ, ਜੱਟਾਂ, ਸੁਨਿਆਰਿਆਂ, ਮਹਿਤਮਾ ਅਤੇ ਅਨੇਕਾਂ ਦਲਿਤ ਜਾਤਾਂ ਵਿੱਚ ਵੀ ਮਿਲਦਾ ਹੈ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ, "ਚੌਹਾਨ ਅਗਨੀਕੁਲ ਜਾਤਾਂ ਵਿੱਚੋਂ ਇੱਕ ਹੈ ਅਤੇ ਸਭ ਤੋਂ ਪ੍ਰਸਿੱਧ ਸ਼ਾਹੀ ਖਾਨਦਾਨਾਂ ਵਿੱਚੋਂ ਇੱਕ ਹੈ। ਟੌਡ ਇਹਨਾਂ ਨੂੰ ਸਾਰੇ ਰਾਜਪੂਤਾਂ ਵਿੱਚੋਂ ਸਭ ਤੋਂ ਬਹਾਦਰ ਕਬੀਲਾ ਗਿਣਦਾ ਹੈ ਅਤੇ ਹਿੰਦੁਸਤਾਨ ਦਾ ਆਖਰੀ ਹਿੰਦੂ ਬਾਦਸ਼ਾਹ ਵੀ ਇਹਨਾਂ ਵਿੱਚੋਂ ਹੀ ਹੋਇਆ ਹੈ।" (108)

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਚੱਕ ਮੁਕੰਦ ਦੀ ਜੱਟ ਬਰਾਦਰੀ ਵਿੱਚ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**28. ਚਾਹਲ –** ਖੋਜ ਕਾਰਜ ਦੇ ਅੰਤਰਗਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਚਾਹਲ ਗੋਤ ਪਿੰਡ ਮਾਲੂਵਾਲ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਇਸ ਪਿੰਡ ਦੇ ਚਾਹਲ ਗੋਤ ਵਾਲ਼ੇ ਲੋਕਾਂ ਨੇ ਉੱਤਰ ਵਿੱਚ ਕਿਹਾ ਕਿ ਉਹ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਇਸ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਲਿਖਦੇ ਹਨ:

> ਚਾਹਲ ਸੂਬੇ ਦੇ ਵੱਡੇ ਜੱਟ ਕਬੀਲਿਆਂ ਵਿੱਚੋਂ ਇੱਕ ਹੈ। ਉਨ੍ਹਾਂ ਦੀ ਬਹੁ-ਸੰਖਿਆ ਪਟਿਆਲੇ ਦੇ ਇਲਾਕੇ ਵਿੱਚ ਮਿਲਦੀ ਹੈ ਪਰ ਅੰਬਾਲਾ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਹਾੜਾਂ ਦੇ ਹੇਠਾਂ ਪੱਛਮ ਤੱਕ ਜਿਵੇਂ ਕਿ ਗੁਜਰਾਂਵਾਲਾ ਤੇ ਸਿਆਲਕੋਟ ਵਿੱਚ ਵੀ ਬਹੁਗਿਣਤੀ ਵਿੱਚ ਮਿਲਦੇ ਹਨ। ਉਹ ਕਹਿੰਦੇ ਹਨ ਕਿ ਸੂਰਜਵੰਸ਼ੀ ਰਾਜਾ ਅਗਰਸੈਨ ਦੇ ਚਾਰ ਪੁੱਤਰ ਚਾਹਿਲ, ਛੀਨਾ, ਚੀਮਾ ਅਤੇ ਸ਼ਾਹੀ ਸਨ। ਉਹਨਾਂ ਤੋਂ ਚਾਰ ਜੱਟ ਕਬੀਲਿਆਂ ਦਾ ਆਰੰਭ ਹੋਇਆ। (71)

**29. ਚੇਤ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਗੋਤ ਬੈਰਾਗੀ ਬਰਾਦਰੀ ਦਾ ਹੈ ਜੋ ਕਿ ਪਿੰਡ ਰਾਮਤੀਰਥ ਵਿਖੇ ਪਾਇਆ ਗਿਆ। ਚੇਤ ਗੋਤ ਦੇ ਬੈਰਾਗੀ ਬਰਾਦਰੀ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ 'ਬਾਬਾ ਬਾਲਮੀਕ' ਨੂੰ ਮੰਨਦੇ ਹਨ।

**30. ਚੀਮਾ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸੁਲਤਾਨ ਵਿੰਡ ਵਿੱਚ ਪਾਇਆ ਗਿਆ। ਇਸ ਪਿੰਡ ਦੇ ਚੀਮਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**31. ਛਪਰੀਬਨ੍ਹ –** ਛਪਰੀਬਨ੍ਹ ਮੂਲ ਰੂਪ ਵਿੱਚ ਮਜ਼੍ਹਬੀ ਸਿੱਖ ਬਰਾਦਰੀ ਦਾ ਗੋਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਛਪਰੀਬਨ੍ਹ ਜਾਂ ਛਪਰੀਆ ਬਾਲਮੀਕ/ਮਜ਼੍ਹਬੀ ਸਿੱਖ ਬਰਾਦਰੀ ਦੇ ਗੋਤਾਂ ਵਿੱਚੋਂ ਇੱਕ ਹੈ।" (241)

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਰਾਮਪੁਰਾ ਬਾਵਿਆਂ ਕਾ, ਭਕਨਾ ਅਤੇ ਖਾਸਾ ਪਿੰਡਾਂ ਵਿੱਚ ਕੇਵਲ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਹੀ ਪਾਇਆ ਗਿਆ। ਪਿੰਡ ਭਕਨਾ ਦੇ ਛਪਰੀਬਨ੍ਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਛਪਰੀਬਨ੍ਹ ਆਪਣੇ ਪਿੰਡ ਵਿੱਚ ਹੀ ਮਾਤਾ ਰਾਣੀ ਦੀ ਪੂਜਾ-ਆਰਾਧਨਾ ਕਰਦੇ ਹਨ, ਜਦ ਕਿ ਖਾਸਾ ਪਿੰਡ ਦੇ ਕੁਝ ਛਪਰੀਬਨ੍ਹ ਪਿੰਡ ਬੋਪਾਰਾਏ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ।

**32. ਛੜਾ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਬੱਲ ਕਲਾਂ ਪਿੰਡ ਵਿੱਚ ਹੀ ਪਾਇਆ ਗਿਆ। ਇਸ ਪਿੰਡ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**33. ਜੈਲਦਾਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਜੈਲਦਾਰ ਗੋਤ ਪਿੰਡ ਸੋਹੀਆਂ ਖੁਰਦ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸੋਹੀਆਂ ਖੁਰਦ ਦੇ ਜੈਲਦਾਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**34. ਝੰਡੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਡਡੀਆਂ ਵਿੱਚ ਪਾਇਆ ਗਿਆ ਜੋ ਕਿ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਡਡੀਆਂ ਪਿੰਡ ਦੇ ਝੰਡੇ ਗੋਤ ਵਾਲ਼ੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**35. ਡੇਨ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਡੇਨ ਗੋਤ ਰਾਮਤੀਰਥ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਜਾਂ ਪੂਜਦੇ ਸਗੋਂ 'ਬਾਬਾ ਬਾਲਮੀਕ' ਦੀ ਮਨੌਤ ਕਰਦੇ ਹਨ।

**36. ਢਿੱਲੋਂ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਢਿੱਲੋਂ ਗੋਤ ਪਿੰਡ ਧੌਲ ਕਲਾਂ, ਮੁੱਲਾ ਬਹਿਰਾਮ, ਬਾਸਰਕੇ, ਰਾਮੂਵਾਲ, ਖਾਪਰ ਖੇੜੀ, ਥਾਂਦੇ, ਥਾਂਦੇ ਖੁਰਦ, ਫਤਾਹਪੁਰ, ਮੂਧਲ, ਜਹਾਂਗੀਰ, ਸੁਲਤਾਨਵਿੰਡ, ਗੁਮਾਨਪੁਰਾ ਵਿੱਚ ਜੱਟ, ਸਾਹਸੀ ਅਤੇ ਮਹਿਰਾ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਢਿੱਲੋਂ ਗੋਤ ਸੰਬੰਧੀ ਲਿਖਦੇ ਹਨ:

> ਇਹ ਸਰੋਆ ਰਾਜਪੂਤਾਂ ਵਿੱਚੋਂ ਹਨ। ਅੱਠਵੀਂ ਸਦੀ ਵਿੱਚ ਤੂਰਾਂ ਨੇ ਸਾਹ ਸਰੋਆ ਦੀ ਬੰਸ ਦੇ ਲੋਕਾਂ ਢਿੱਲੋਂ, ਸੰਘੇ, ਮੱਲ੍ਹੀ, ਦੋਸਾਂਝ ਤੇ ਢੀਂਡਸੇ ਭਾਈਚਾਰੇ ਦੇ ਲੋਕਾਂ ਤੋਂ ਦਿੱਲੀ ਖੋਹੀ ਸੀ। ਇਹ ਦਿੱਲੀ ਦਾ ਖੇਤਰ ਛੱਡਕੇ ਰਾਜਸਥਾਨ ਵੱਲ ਆ ਗਏ। ਫਿਰ ਕੁਝ ਸਮੇਂ ਮਗਰੋਂ ਇਸ ਭਾਈਚਾਰੇ ਦੇ ਲੋਕ ਸਿਰਸੇ ਦੇ ਬਾਂਗਰ ਇਲਾਕੇ ਵਿੱਚ ਆ ਗਏ। ਇਸ ਤਰ੍ਹਾਂ ਇਸ ਭਾਈਚਾਰੇ ਦੇ ਲੋਕ ਸਿਰਸੇ ਤੇ ਬਠਿੰਡੇ ਦੇ ਬਾਂਗਰ ਦੇ ਇਲਾਕੇ ਤੋਂ ਸਾਰੇ ਪੰਜਾਬ ਵਿੱਚ ਮਿਲ ਗਏ। ਢਿੱਲੋਂ ਮਾਲਵਾ ਦੇ ਲੋਕ ਮੋਗੇ ਖੇਤਰ ਵਿੱਚ ਕਾਫੀ ਵੱਸਦੇ ਹਨ। ਬੀ. ਐੱਸ. ਦਾਹੀਆ ਢਿੱਲੋਂ ਗੋਤ ਦੇ ਜੱਟਾਂ ਨੂੰ ਭਾਰਤ ਦਾ ਇੱਕ ਕਬੀਲਾ ਮੰਨਦਾ ਹੈ। ਇਹ ਸਿਕੰਦਰ ਦੇ ਸਮੇਂ ਵੀ ਭਾਰਤ ਵਿੱਚ ਵੱਸਦੇ ਸਨ। ਢਿੱਲੋਂ ਗੋਤ ਦੇ ਲੋਕ ਛੀਂਬੇ ਆਦਿ ਪਿਛੜੀਆਂ ਸ਼੍ਰੇਣੀਆਂ ਵਿੱਚ ਵੀ ਹਨ। ਜਿਹੜੇ ਢਿੱਲੋਂ ਜੱਟਾਂ ਨੇ ਪਿਛੜੀਆਂ ਸ਼੍ਰੇਣੀਆਂ ਨਾਲ਼ ਰਿਸ਼ਤੇਦਾਰੀਆਂ ਪਾ ਲਈਆਂ, ਪਿਛੜੀਆਂ ਸ਼੍ਰੇਣੀਆਂ ਵਾਲੇ ਕੰਮ ਕਰਨ ਲੱਗ ਪਏ, ਉਹ ਪਿਛੜੀਆਂ ਸ਼੍ਰੇਣੀਆਂ ਨਾਲ਼ ਰਲ ਮਿਲ ਗਏ। ਗੋਤ ਨਹੀਂ ਬਦਲਿਆ ਜਾਤੀ ਜਰੂਰ ਬਦਲ ਗਈ, ਸਿਆਲਕੋਟ ਵਿੱਚ ਢਿੱਲੋਂ ਬਰਾਦਰੀ ਦਾ ਜਠੇਰਾ ਦਾਹੁਦ ਸ਼ਾਹ ਸੀ। (97)

ਜ਼ਿਲ੍ਹਾ ਫਰੀਦਕੋਟ ਵਿੱਚ ਢਿੱਲਵਾਂ ਕਲਾਂ ਅਤੇ ਢਿੱਲਵਾਂ ਖੁਰਦ ਨਾਮਕ ਪਿੰਡ ਹਨ। ਢਿੱਲਵਾਂ ਪਿੰਡ ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵੀ ਹੈ। ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਢਿੱਲਵਾਂ ਨਾਕਾ ਵੀ ਇਸੇ ਗੋਤ ਨਾਲ਼ ਜੁੜਦੇ ਹਨ।

ਪਿੰਡ ਧੌਲ ਕਲਾਂ, ਖਾਪਰ ਖੇੜੀ, ਥਾਂਦੇ ਖੁਰਦ, ਰਾਮੂਵਾਲ, ਮੂਧਲ ਦੇ ਢਿੱਲੋਂ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਖਾਪਰ ਖੇੜੀ ਦੇ ਕੁਝ ਢਿੱਲੋਂ 'ਬਾਬਾ ਵਡਾਲੀ ਪੀਰ' ਨੂੰ ਮੰਨਦੇ ਹਨ ਅਤੇ ਉਸਦੀ ਜਗ੍ਹਾ 'ਤੇ ਹਰੇ ਰੰਗ ਦਾ ਕੱਪੜਾ ਅਤੇ ਮਿੱਠੇ ਚੌਲ, ਮਠਿਆਈ ਆਦਿ ਚੜ੍ਹਾਉਂਦੇ ਹਨ। ਇਹਨਾਂ ਪਿੰਡਾਂ ਵਿੱਚੋਂ ਹੀ ਪਿੰਡ ਗੁਮਾਨਪੁਰਾ ਦੇ ਢਿੱਲੋਂ 'ਬਾਬਾ ਦੁੰਦੂਰਾਮ' ਅਤੇ 'ਬਾਬਾ ਸ਼ਾਹਦਾਨਾ' ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮੰਨ-ਮਨੌਤ ਕਰਦੇ ਹਨ।

**37. ਤੋਤੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਤੋਤੇ ਗੋਤ ਪਿੰਡ ਬੱਲ ਕਲਾਂ ਵਿਖੇ ਪਾਇਆ ਗਿਆ। ਜਦ ਇਸ ਪਿੰਡ ਦੇ ਤੋਤੇ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**38. ਤੀਂਦੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਤੀਂਦੇ ਗੋਤ ਪਿੰਡ ਧੌਲ ਕਲਾਂ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਇਸ ਪਿੰਡ ਦੇ ਤੀਂਦੇ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ 'ਬਾਬਾ ਕਰੀਰ' ਨੂੰ ਮੰਨਦੇ ਹਨ।

**39. ਧੀਂਗੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਧੀਂਗੇ ਗੋਤ ਪਿੰਡ ਜੋਗਾ ਸਿੰਘ ਵਾਲਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਇਸ ਪਿੰਡ ਦੇ ਧੀਂਗੇ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਹਾਦਰ ਸਿੰਘ' ਹੈ, ਪਰ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**40. ਨਾਹਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਨਾਹਰ ਗੋਤ ਪਿੰਡ ਪਠਾਣੀਆਂ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿਖੇ ਹੀ ਮੰਨ-ਮਨੌਤ ਕਰਦੇ ਸਨ, ਪਰ ਹੁਣ ਨਹੀਂ ਕਰਦੇ ਅਤੇ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਨਾਹਰ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਇਹ ਇੱਕ ਬਾਲਮੀਕੀ, ਮਜ਼੍ਹਬੀ ਸਿੱਖ ਗੋਤ ਹੈ।" (241)

**41. ਪੁਸੇਂ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪੁਸੇਂ ਗੋਤ ਪਿੰਡ ਚੱਬਾ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ 'ਬਾਬਾ ਨਾਗਾ' ਨੂੰ ਮੰਨਦੇ ਹਨ।

**42. ਪਠਾਣ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਚੱਕ ਮੁਕੰਦ ਵਿੱਚ ਪਾਇਆ ਗਿਆ। ਚੱਕ ਮੁਕੰਦ ਦੇ ਪਠਾਣ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਇਹਨਾਂ ਵਿੱਚੋਂ ਕੁਝ 'ਬਾਬਾ ਬਾਲਮੀਕ' ਨੂੰ ਮੰਨਦੇ ਹਨ ਅਤੇ ਕੁਝ 'ਬਾਬਾ ਲਾਲ ਸ਼ਾਹ' ਨੂੰ ਮੰਨਦੇ ਹਨ। ਗਿਆਨੀ ਸੁਰਿੰਦਰ

ਸਿੰਘ ਰਾਜਪੂਤ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਇਸ ਗੋਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ:

> ਇਹ ਕਬੀਲਾ ਨੂਰਪੁਰ ਦਾ ਰਾਜਵੰਸ਼ ਹੈ ਅਤੇ ਕਾਂਗੜੇ ਨਾਲ਼ ਸੰਬੰਧਿਤ ਹੈ। ਕਹਿੰਦੇ ਹਨ ਕਿ ਇਨ੍ਹਾਂ ਨੇ ਇਹ ਨਾਮ ਪਠਾਨਕੋਟ ਤੋਂ ਲਿਆ ਹੈ। ਇਹ ਹਿੰਦੁਸਤਾਨ ਵੱਲੋਂ ਕਿਤੇ ਨੇੜਿਉਂ ਹੀ ਇੱਧਰ ਆਏ ਹਨ। ਉਨ੍ਹਾਂ ਨੇ ਪਹਿਲਾਂ ਗੁਰਦਾਸਪੁਰ ਉੱਤੇ ਕਬਜ਼ਾ ਕੀਤਾ। ਇਹ ਪਹਿਲੀ ਜਾਗੀਰ ਹੈ। ਹਾਲਾਂ ਕਿ ਇਸ ਘਟਨਾ ਤੋਂ ਜਾਪਦਾ ਹੈ ਕਿ ਉਨ੍ਹਾਂ ਨੇ ਪਠਾਨਕੋਟ ਕਸਬੇ ਨੂੰ ਇਹੀ ਨਾਂਅ ਦਿੱਤਾ। ਇਹੋ-ਜਿਹੀ ਇੱਕ ਰਿਵਾਇਤ ਵੀ ਮਿਲਦੀ ਹੈ, ਪਰ ਠੀਕ ਨਹੀਂ ਲੱਗਦੀ। ਰਿਵਾਇਤ ਅਨੁਸਾਰ ਪਠਾਣੀਆਂ ਰਾਜਪੂਤਾਂ ਨੇ ਸਿਰਫ ਪੰਜ-ਛੇ ਸਦੀਆਂ ਪਹਿਲਾਂ ਪਠਾਨਕੋਟ ‘ਤੇ ਕਬਜ਼ਾ ਕੀਤਾ। ਮੁੱਖ ਰੂਪ ਵਿੱਚ ਇਹ ਹੁਸ਼ਿਆਰਪੁਰ ਤੇ ਕਾਂਗੜੇ ਦੇ ਇਲਾਕੇ ਵਿੱਚ ਮਿਲਦੇ ਹਨ। ਉਹ ਦਾਅਵਾ ਕਰਦੇ ਹਨ ਕਿ ਉਹ ਕਟੋਚ ਵਰਗੀ ਜਾਤੀ ਦੇ ਹਨ। (113)

**43. ਪੰਨੂ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗੁਰਵਾਲੀ ਅਤੇ ਪਿੰਡ ਫਤਾਹਪੁਰ ਵਿਖੇ ਪਾਇਆ ਗਿਆ। ਪਿੰਡ ਗੁਰਵਾਲੀ ਦੇ ਪੰਨੂ ਕਿਸੇ ਜਠੇਰੇ ਨੂੰ ਪੂਜਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਦੇ ਅਨੁਸਾਰ:

> ਪੰਨੂ ਸੂਰਜਵੰਸ਼ੀ ਰਾਜਪੂਤ ਹੋਣ ਦਾ ਦਾਅਵਾ ਕਰਦੇ ਹਨ। ਉਹ ਆਮ ਤੌਰ ‘ਤੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਮਿਲਦੇ ਹਨ। ਪਰ ਸਿਆਲਕੋਟ ਵਿੱਚ ਉਨ੍ਹਾਂ ਦੇ ਪੰਜ ਪਿੰਡ ਆਪਣੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਵਡਾਰੂ ਗਜ਼ਨੀ ਤੋਂ ਆਇਆ ਜਦੋਂ ਕਿ ਇੱਕ ਹੋਰ ਕਹਾਣੀ ਅਨੁਸਾਰ ਹਿੰਦੁਸਤਾਨ ਤੋਂ ਆਇਆ ਸੀ। (66)

ਇਸ ਦੇ ਨਾਲ਼ ਹੀ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਰੂਪਨਗਰ (ਪੁਰਾਣਾ ਨਾਂ ਰੋਪੜ) ਵਿੱਚ ‘ਪੰਨੂਆਂ’ ਨਾਂ ਦਾ ਇੱਕ ਪਿੰਡ ਵੀ ਹੈ। ਇਸ ਤੋਂ ਇਲਾਵਾ ਸ਼੍ਰੀ ਅੰਮ੍ਰਿਤਸਰ ਸਾਹਿਬ, ਹੁਸ਼ਿਆਰਪੁਰ ਅਤੇ ਸੰਗਰੂਰ ਵਿੱਚ ‘ਪਨਵਾਂ’ ਨਾਮਕ ਪਿੰਡ ਵੀ ਹਨ।

**44. ਪਨੇਸਰ –** ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਜਹਾਂਗੀਰ ਵਿੱਚ ਰਾਮਗੜ੍ਹੀਆ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਜਹਾਂਗੀਰ ਦੇ ਪਨੇਸਰ ਆਪਣੇ ਪਿੰਡ ਵਿੱਚ ਹੀ ‘ਚੰਦ ਪੀਰ ਨਾਥ’ ਨੂੰ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਵਜੋਂ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, “ਇਹ ਇੱਕ ਜੱਟਾਂ ਨਾਲ਼ ਮਿਲਦੇ ਗੋਤਾਂ ਵਿੱਚੋਂ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ।” (199)

**45. ਪਰਜਾਪੱਤ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਰਜਾਪੱਤ ਗੋਤ ਪਿੰਡ ਰਾਮੂਵਾਲ, ਝੀਤਾ ਕਲਾਂ ਅਤੇ ਸੁਲਤਾਨਵਿੰਡ ਦੀ ਘੁਮਿਆਰ ਬਰਾਦਰੀ ਵਿੱਚ ਪਾਇਆ ਗਿਆ। ਕਈ ਇਲਾਕਿਆਂ ਵਿੱਚ ਘੁਮਿਆਰ ਬਰਾਦਰੀ ਨੂੰ ਪਰਜਾਪੱਤ ਵੀ ਕਿਹਾ ਜਾਂਦਾ ਹੈ। ਪਿੰਡ ਝੀਤਾ ਕਲਾਂ ਦੇ ਪਰਜਾਪੱਤ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਰਾਮਪੁਰਾ ਵਿਖੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਸੁਲਤਾਨਵਿੰਡ ਦੇ ਪਰਜਾਪੱਤ 'ਬਾਬਾ ਮੁਸੱਦਾ' ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ ਅਤੇ ਪਿੰਡ ਰਾਮੂਵਾਲ ਦੇ ਪਰਜਾਪੱਤ 'ਦੇਵੀ ਮਾਤਾ' ਦੀ ਪੂਜਾ ਕਰਦੇ ਹਨ।

**46. ਫੁੱਲ ਭੁਰਜੀ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੀਰਤਨਗੜ੍ਹ ਥਾਂਦੇ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਫੁੱਲ ਭੁਰਜੀ ਗੋਤ ਪਾਇਆ ਗਿਆ। ਇਹ ਗੋਤ ਆਮ ਤੌਰ 'ਤੇ ਘੱਟ ਮਿਲਦਾ ਹੈ। ਪਿੰਡ ਕੀਰਤਨਗੜ੍ਹ ਥਾਂਦੇ ਦੇ ਉਪਰੋਕਤ ਫੁੱਲ ਭੁਰਜੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**47. ਬਹਾਲ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਬਹਾਲ ਗੋਤ ਪਿੰਡ ਕੋਟਲੀ ਦੀ ਕੁਹਾਰ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬਹਾਲ ਗੋਤ ਦੇ ਲੋਕਾਂ ਦਾ ਜਠੇਰਾ 'ਰਾਧਾ ਸਿੰਘ' ਹੈ, ਪ੍ਰੰਤੂ ਗੁਰਮਤਿ ਦੇ ਪ੍ਰਭਾਵ ਹੇਠ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**48. ਬੋਪਾਰਾਏ –** ਖੇਤਰੀ ਸਰਵੇਖਣ ਦੇ ਦੌਰਾਨ ਬੋਪਾਰਾਏ ਗੋਤ ਪਿੰਡ ਬੋਪਾਰਾਏ ਅਤੇ ਨਿੱਕੇ ਥਾਂਦੇ (ਕੀਰਤਨਗੜ੍ਹ) ਵਿੱਚ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਸੰਬੰਧੀ ਲਿਖਦੇ ਹਨ:

> ਇਹ ਪਵਾਰਾਂ ਦਾ ਉਪ ਗੋਤ ਹੈ। ਬੋਪਾਰਾਏ ਗੋਤ ਦਾ ਮੋਢੀ ਬੋਪਾਰਾਏ ਜਰਗ ਦੇ ਰਾਜੇ ਜੱਗਦੇਉ ਪੱਵਾਰ ਦੀ ਬੰਸ ਵਿੱਚੋਂ ਸੀ। ਜੱਗਦੇਵ ਪੱਵਾਰ 12ਵੀਂ ਸਦੀ ਦੇ ਆਰੰਭ ਵਿੱਚ ਧਾਰਾ ਨਗਰੀ ਮੱਧ ਪ੍ਰਦੇਸ਼ ਤੋਂ ਚੱਲ ਕੇ ਰਸਤੇ ਵਿੱਚ ਗਜ਼ਨਵੀਆਂ ਦਾ ਟਾਕਰਾ ਕਰਦਾ ਹੋਇਆ ਪੰਜਾਬ ਦੇ ਮਾਲਵਾ ਖੇਤਰ ਹੱਠੂਰ ਤੇ ਲੁਧਿਆਣੇ 'ਤੇ ਕਬਜ਼ਾ ਕਰਕੇ ਜਰਗ ਵਿੱਚ ਆਬਾਦ ਹੋ ਗਿਆ। ਬੋਪਾਰਾਏ ਦੇ ਛੱਪਾਰਾਏ ਨੇ ਆਪਣੇ ਨਾਮ 'ਤੇ 1140 ਈਸਵੀ ਵਿੱਚ ਛਪਾਰ ਵਸਾ ਕੇ ਆਬਾਦ ਕੀਤਾ। ਹਰ ਸਾਲ ਛਪਾਰ ਦਾ ਮੇਲਾ 24 ਅਤੇ 25 ਸਤੰਬਰ ਨੂੰ ਲੱਗਦਾ ਹੈ। ਛਪਾਰ ਨਗਰ ਵਿੱਚ ਵੀ ਬੋਪਾਰਾਏ ਗੋਤ ਦੇ ਲੋਕ ਰਹਿੰਦੇ ਹਨ। ਨਕੋਦਰ ਦੇ ਇਲਾਕੇ ਵਿੱਚ ਵੀ ਇੱਕ ਪਿੰਡ ਦਾ ਨਾਮ ਬੋਪਾਰਾਏ ਹੈ। ਇਹ ਬੋਪਾਰਾਏ ਭਾਈਚਾਰੇ ਦਾ ਪ੍ਰਸਿੱਧ ਪਿੰਡ ਹੈ। ਬੋਪਾਰਾਏ ਗੋਤ ਦੇ ਜੱਟ ਦਿਉਲਾਂ ਤੇ ਸੇਖਵਾਂ ਨੂੰ ਆਪਣੇ ਭਾਈਚਾਰੇ ਵਿੱਚੋਂ ਸਮਝਦੇ ਹਨ। (134)

ਪਿੰਡ ਕੀਰਤਨਗੜ੍ਹ ਦੇ ਬੋਪਾਰਾਏ ਅਤੇ ਪਿੰਡ ਬੋਪਾਰਾਏ ਦੇ ਕੁਝ ਬੋਪਾਰਾਏ ਜੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਬੋਪਾਰਾਏ ਦੇ ਕੁਝ ਬੋਪਾਰਾਏ ਗੋਤ ਨਾਲ਼ ਸੰਬੰਧਿਤ ਲੋਕ 'ਬਾਬਾ ਰਮਦਾਸ' ਨੂੰ ਜਠੇਰੇ ਵਜੋਂ ਮੰਨਦੇ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਵਿੱਚ ਬੋਪਾਰਾਏ ਨਾਮਕ ਪਿੰਡ ਵੀ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਬੋਪਾਰਾਏ ਬਾਜ ਸਿੰਘ ਅਤੇ ਬੋਪਾਰਾਏ ਕਲਾਂ ਪਿੰਡ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਲੁਧਿਆਣਾ ਵਿੱਚ ਵੀ ਬੋਪਾਰਾਏ ਕਲਾਂ ਨਾਮ ਦਾ ਪਿੰਡ ਹੈ।

**49. ਬੰਬਰਾ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਵਰਪਾਲ ਅਤੇ ਬਾਸਰਕੇ ਵਿੱਚ ਪਾਇਆ ਗਿਆ। ਪਿੰਡ ਵਰਪਾਲ ਵਿਖੇ ਬੰਬਰਾ ਗੋਤ ਦੇ ਲੋਕ ਲੁਹਾਰ ਜਾਤੀ ਨਾਲ਼ ਸੰਬੰਧ ਰੱਖਦੇ ਹਨ ਅਤੇ 'ਕੁੱਲੀ ਵਾਲ਼ਾ ਬਾਬਾ' ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਇਸ ਗੋਤ ਸੰਬੰਧੀ ਲਿਖਦੇ ਹਨ, "ਇਹ ਗੋਤ ਰਾਮਗੜ੍ਹੀਆ ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

**50. ਬਰੇਸੀ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਭੈਣੀ ਵਿਖੇ ਹਿੰਦੂ ਜਾਤੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਭੈਣੀ ਦੇ ਬਰੇਸੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਬਣੇ ਸਥਾਨ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ।

**51. ਬਾਵਾ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਜਹਾਂਗੀਰ ਵਿੱਚ ਪਾਇਆ ਗਿਆ। ਇਸ ਪਿੰਡ ਦੇ ਬਾਵਾ ਗੋਤ ਨਾਲ਼ ਸੰਬੰਧਿਤ ਲੋਕ 'ਚੰਦ ਪੀਰ ਨਾਥ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਇੱਕ ਟਾਂਕ ਕਸ਼ੱਤਰੀ (ਛੀਂਬਾ) ਬਰਾਦਰੀ ਦਾ ਗੋਤ ਹੈ। ਇਸ ਤੋਂ ਇਲਾਵਾ ਇਹ ਭੱਲੇ ਖੱਤਰੀਆਂ ਦੀ ਅੱਲ ਹੈ।" (233)

**52. ਬੱਲ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸੋਹੀਆਂ ਖੁਰਦ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ ਜੋ ਕਿ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਬੱਲ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ:

> ਇਹ ਜੱਟਾਂ ਦਾ ਇੱਕ ਪ੍ਰਾਚੀਨ ਅਤੇ ਸ਼ਕਤੀਸ਼ਾਲੀ ਕਬੀਲਾ ਸੀ। ਬੱਲ ਜੱਟ ਪ੍ਰਹਲਾਦ ਭਗਤ ਦੇ ਪੋਤੇ ਬੱਲ ਦੀ ਬੰਸ ਵਿੱਚੋਂ ਹਨ। ਕਰਨਲ ਟਾਡ ਨੇ ਇਸ ਬੰਸ ਨੂੰ ਵੀ 36 ਰਾਜ ਬੰਸਾਂ ਵਿੱਚੋਂ ਗਿਣਿਆ ਹੈ। ਇਸ ਬੰਸ ਦੇ ਕਈ ਰਾਜੇ ਹੋਏ। ਕੁਝ ਬੱਲ ਜੱਟ ਮੁਸਲਮਾਨ ਬਣ ਗਏ। ਉਨ੍ਹਾਂ ਨੂੰ ਬਲੋਚ ਕਿਹਾ ਜਾਂਦਾ ਹੈ। ਬੱਲ ਗੋਤ ਦੇ ਹਿੰਦੂ ਜਾਟ ਅੰਬਾਲਾ, ਕਰਨਾਲ ਅਤੇ

> ਹਿਸਾਰ ਵਿੱਚ ਵੀ ਕਾਫੀ ਆਬਾਦ ਸਨ। ਬੱਲਾਂ ਦਾ ਵਡੇਰਾ ਬਾਇਆਬਲ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਤੋਂ ਆਪਣੇ ਪਰਮਾਰ ਭਾਈਚਾਰੇ ਨਾਲ਼ ਪੰਜਾਬ ਵਿੱਚ ਆਇਆ। (128)

ਬੱਲ ਗੋਤ ਲੁਧਿਆਣਾ ਤੋਂ ਅੱਗੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਤੇ ਕਪੂਰਥਲਾ ਖੇਤਰਾਂ ਵਿੱਚ ਕਾਫੀ ਗਿਣਤੀ ਵਿੱਚ ਆਬਾਦ ਹਨ। ਦੁਆਬੇ ਵਿੱਚ ਭੋਗਪੁਰ ਦੇ ਪਾਸ 'ਬੱਲਾਂ' ਪਿੰਡ ਬੱਲ ਜੱਟਾਂ ਦਾ ਹੀ ਹੈ। ਰੋਪੜ ਦੇ ਇਲਾਕੇ ਵਿੱਚ ਵੀ ਬੱਲਾਂ ਦੇ ਕੁਝ ਪਿੰਡ ਹਨ। ਅੰਮ੍ਰਿਤਸਰ ਦੇ ਅਜਨਾਲੇ ਖੇਤਰ ਵਿੱਚ ਵੀ ਬੱਲਾਂ ਦਾ ਪ੍ਰਸਿੱਧ ਪਿੰਡ 'ਬੱਲ' ਹੈ। ਬੱਲ ਗੋਤ ਦਲਿਤ ਜਾਤੀਆਂ ਵਿੱਚ ਵੀ ਹਨ। ਬੱਲ ਜੱਟਾਂ ਦਾ ਜਗਤ ਪ੍ਰਸਿੱਧ ਗੋਤ ਹੈ। ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸੋਹੀਆਂ ਖੁਰਦ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਬੱਲ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਵਿੱਚ ਬੱਲ ਬਾਵਾ, ਬੱਲ ਕਲਾਂ, ਬੱਲ ਖੁਰਦ, ਬੱਲ ਸਰਾਇ ਅਤੇ ਬੱਲ ਨਾਮਕ ਪਿੰਡ ਵੀ ਹਨ। ਜਲੰਧਰ ਵਿੱਚ ਬੱਲ, ਬੱਲ ਹੁਕਮੀ, ਬੱਲ ਨੌਂ ਅਤੇ ਬੱਲ ਕੋਹਨਾ ਨਾਮੀ ਪਿੰਡ ਵੀ ਹਨ। ਰੋਪੜ (ਆਧੁਨਿਕ ਨਾਂ ਰੂਪਨਗਰ) ਵਿੱਚ ਬੱਲ ਮੰਧਾ ਅਤੇ ਪਟਿਆਲਾ ਵਿੱਚ ਬੱਲ ਮਾਜਰਾ ਵੀ ਇਸੇ ਗੋਤ ਦੀ ਪ੍ਰਤੀਨਿੱਧਤਾ ਕਰਦੇ ਹਨ।

**53. ਬੀੜੂ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗੁਰਵਾਲੀ, ਝੀਤਾ ਕਲਾਂ, ਕੀਰਤਨਗੜ੍ਹ ਥਾਂਦੇ ਵਿਖੇ ਸਾਂਹਸੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਝੀਤਾ ਕਲਾਂ ਦੇ ਬੀੜੂ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਵਰਪਾਲ ਪਿੰਡ ਨੇੜੇ ਗੋਹਲਵੜ੍ਹ ਵਿਖੇ ਜਾਂਦੇ ਹਨ ਜਦ ਕਿ ਪਿੰਡ ਕੀਰਤਨਗੜ੍ਹ ਥਾਂਦੇ ਦੇ ਬੀੜੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਗੁਰਵਾਲੀ ਦੇ ਬੀੜੂ 'ਬਾਬਾ ਬੋੜੂ' ਦੀ ਮੰਨ-ਮਨੌਤ ਕਰਨ ਲਈ ਪਿੰਡ ਬੋੜੂ ਵਿਖੇ ਜਾਂਦੇ ਹਨ।

**54. ਬੂੜ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਖਾਪਰ ਖੇੜੀ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬੂੜ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**55. ਭੱਟੀ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਜਹਾਂਗੀਰ ਵਿੱਚ ਪਾਇਆ ਗਿਆ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਭੱਟੀ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ, "ਪੰਜਾਬ ਤੋਂ ਰਾਜਪੂਤਾਨਾ ਤੱਕ ਭੱਟੀ ਸ਼ਬਦ ਪ੍ਰਾਚੀਨ ਯਾਦਵਾਂ ਦੇ ਸ਼ਾਹੀ ਪਰਿਵਾਰ ਦੀ ਮੌਜੂਦਾ ਸਮੇਂ ਦੀ ਆਮ ਤੌਰ 'ਤੇ ਪਦਵੀ ਹੈ। ਇਹ ਸ਼੍ਰੀ ਕ੍ਰਿਸ਼ਨ ਤੋਂ ਨਿਕਲੇ ਹਨ। ਭੱਟੀ ਕਬੀਲਾ ਅੱਜ-ਕੱਲ੍ਹ ਬਹੁ-ਗਿਣਤੀ ਅਤੇ ਵਿਸਥਾਰ ਨਾਲ਼ ਪੰਜਾਬ ਵਿੱਚ ਮਿਲਦਾ ਹੈ।" (129)

ਭੱਟੀ ਗੋਤ ਜੱਟ ਸਿੱਖ ਬਰਾਦਰੀ ਦੇ ਨਾਲ਼-ਨਾਲ਼ ਦਲਿਤ ਜਾਤੀਆਂ ਵਿੱਚ ਵੀ ਪਾਇਆ ਜਾਂਦਾ ਹੈ। ਪਿੰਡ ਜਹਾਂਗੀਰ ਦੇ ਕੁਝ ਭੱਟੀ ਆਪਣੇ ਜਠੇਰੇ 'ਚੰਦ ਪੀਰ ਨਾਥ' ਦੀ ਪੂਜਾ ਆਪਣੇ ਪਿੰਡ ਵਿੱਚ ਹੀ ਕਰਦੇ ਹਨ। ਇਸੇ ਪਿੰਡ ਜਹਾਂਗੀਰ ਦੇ ਕੁਝ ਭੱਟੀ 'ਬਾਬਾ ਜ਼ਾਹਰਾ- ਪੀਰ' ਦੀ ਮਨੌਤ ਕਰਦੇ ਹਨ ਜਦ ਕਿ ਪਿੰਡ ਜਹਾਂਗੀਰ ਦੇ ਹੀ ਕੁਝ ਭੱਟੀ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**56. ਭੁਰਜੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਇੱਬਣ ਖੁਰਦ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਭੁਰਜੀ ਗੋਤ ਪਾਇਆ ਗਿਆ। ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**57. ਭਾਰਦਵਾਜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਭਾਰਦਵਾਜ ਗੋਤ ਰਾਮਤੀਰਥ ਦੀ ਬ੍ਰਾਹਮਣ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਦੇ ਦੌਰਾਨ ਪਤਾ ਲੱਗਿਆ ਕਿ ਰਾਮਤੀਰਥ ਦੇ ਭਾਰਦਵਾਜ ਚਾਟੀਵਿੰਡ ਕੋਲ਼ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਬ੍ਰਾਹਮਣ ਗੋਤ ਵੀ ਭਾਰਦਵਾਜ ਹੈ। ਇਹ ਗੋਤ ਰਾਮਗੜ੍ਹੀਆ ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਗੋਤ ਹੈ।" (266)

**58. ਭੁੱਲਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਭੁੱਲਰ ਗੋਤ ਬਾਸਰਕੇ ਅਤੇ ਕੀਰਤਨਗੜ੍ਹ ਥਾਂਦੇ ਪਿੰਡਾਂ ਵਿੱਚ ਪਾਇਆ ਗਿਆ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਇਸ ਗੋਤ ਸੰਬੰਧੀ ਵੇਰਵਾ ਦਿੰਦੇ ਹੋਏ ਲਿਖਦੇ ਹਨ:

> ਭੁੱਲਰ, ਮਾਨ ਅਤੇ ਹੇਅਰ ਆਪਣੇ-ਆਪ ਨੂੰ ਸ਼ੁੱਧ ਤੇ ਅਸਲ ਜੱਟ ਕਹਿੰਦੇ ਹਨ। ਇਹ ਕਹਿੰਦੇ ਹਨ ਕਿ ਮਹਾਂਦੇਵ (ਸ਼ਿਵ ਭਗਵਾਨ) ਜਿਸ ਦੀ ਉਪਾਧੀ 'ਭੋਲਾ ਮਹਾਂਦੇਵ' ਹੈ, ਉਹ ਉਸ ਦੀਆਂ ਜਟਾਂ ਤੋਂ ਪੈਦਾ ਹੋਏ ਹਨ। ਉਹ ਆਮ ਤੌਰ 'ਤੇ ਢਾਈ ਗੋਤਰੇ ਮੰਨੇ ਜਾਂਦੇ ਹਨ, ਕਿਉਂ ਕਿ ਜੱਟਾਂ ਵਿੱਚ ਅੱਧੇ ਹੀ ਹੇਅਰ ਗਿਣੇ ਜਾਂਦੇ ਹਨ, ਪਰ ਮਾਨਾਂ ਦੇ ਜੱਟ ਕਬੀਲਿਆਂ ਦੇ ਕੁਝ ਪਰਿਵਾਰਾਂ ਦਾ ਸਿਆਸੀ ਰੂਪ ਵਿੱਚ ਉਭਾਰ ਹੋਣ ਕਰਕੇ ਸਾਰੇ ਮਾਨ, ਭੁੱਲਰ ਅਤੇ ਹੇਅਰ ਰਾਜਪੂਤ ਗੋਤਰ ਹੀ ਹਨ। ਪਹਿਲਾਂ ਕਸ਼ੱਤਰੀ ਹੀ ਸਨ ਅਤੇ ਰਾਜਪੂਤਾਨੇ ਵੱਲੋਂ ਪੰਜਾਬ ਵਿੱਚ ਆਏ ਸਨ। ਜਾਪਦਾ ਹੈ ਕਿ ਭੁੱਲਰਾਂ ਦਾ ਮੁੱਖ ਟਿਕਾਣਾ ਲਾਹੌਰ ਅਤੇ ਫ਼ਿਰੋਜ਼ਪੁਰ ਹੈ। ਇਹ ਮਾਝੇ ਤੇ ਮਾਲਵੇ ਦੇ ਘੇਰੇ ਤੱਕ ਸੀਮਤ ਹੈ। (63)

ਪਿੰਡ ਕੀਰਤਨਗੜ੍ਹ ਥਾਂਦੇ ਦੇ ਭੁੱਲਰ ਗੋਤ ਦੇ ਲੋਕ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਜਲੰਧਰ, ਮੋਗਾ, ਮੁਕਤਸਰ ਵਿੱਚ ਭੁੱਲਰ ਨਾਮਕ ਪਿੰਡ ਵੀ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਭੁੱਲਰ ਹਾਂਸ ਅਤੇ ਸੰਗਰੂਰ ਵਿੱਚ ਭੁੱਲਰਾਂ ਨਾਮਕ ਪਿੰਡ ਹੈ।

**59. ਮਹਿਰਾ–** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਮਹਿਰਾ ਗੋਤ ਪਿੰਡ ਜੋਗਾ ਸਿੰਘ ਵਾਲਾ ਦੀ ਮਹਿਰਾ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਦ ਇਸ ਪਿੰਡ ਦੇ ਮਹਿਰਾ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਉਹਨਾਂ ਦੇ ਜਠੇਰੇ ਦੀ ਮਨੌਤ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਮਹਿੰਦਰ ਸਿੰਘ' ਹੈ, ਪਰ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਮਹਿਰਾ ਇੱਕ ਖੱਤਰੀ ਗੋਤ ਵੀ ਹੈ। ਇਸ ਤੋਂ ਇਲਾਵਾ ਇਹ ਇੱਕ ਸੁਨਿਆਰਾ ਬਰਾਦਰੀ ਦਾ ਵੀ ਗੋਤ ਹੈ।" (253)

**60. ਮਾਹਰਵਾਲੀਏ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗੁਮਾਨਪੁਰਾ ਦੀ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਇਆ ਗਿਆ ਜੋ ਕਿਸੇ ਜਠੇਰੇ ਦੀ ਮਨੌਤ ਕਰਨ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**61. ਮਾਹਲਾ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸੁਲਤਾਨਵਿੰਡ, ਇੱਬਣ ਖੁਰਦ ਅਤੇ ਜੋਗਾ ਸਿੰਘ ਵਾਲਾ ਵਿਖੇ ਪਾਇਆ ਗਿਆ। ਇਹ ਗੋਤ ਇਹਨਾਂ ਪਿੰਡਾਂ ਵਿੱਚ ਜੱਟ ਸਿੱਖ, ਸਾਂਹਸੀ ਅਤੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਮਾਹਲਾ ਗੋਤ ਸੰਬੰਧੀ ਲਿਖਦੇ ਹਨ, "ਇਹ ਇੱਕ ਜੱਟ ਗੋਤ, ਅਹੀਰ ਗੋਤ ਹੈ।" (86)

ਜਠੇਰੇ ਦੇ ਸੰਦਰਭ ਤੋਂ ਗੱਲ਼ ਕਰੀਏ ਤਾਂ ਪਿੰਡ ਸੁਲਤਾਨਵਿੰਡ ਦੇ ਕੁਝ ਮਾਹਲਾ ਗੋਤ ਵਾਲ਼ੇ ਲੋਕ 'ਬਾਬਾ ਮੁਸੱਲਾ' ਦੀ ਮਨੌਤ ਕਰਦੇ ਹਨ ਜਦ ਕਿ ਸੁਲਤਾਨਵਿੰਡ ਦੇ ਮਾਹਲਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਬਾਕੀ ਲੋਕ ਅਤੇ ਪਿੰਡ ਇੱਬਣ ਖੁਰਦ ਦੇ ਮਾਹਲਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**62. ਮੱਟੂ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਮੱਟੂ ਗੋਤ ਪਿੰਡ ਖਾਪਰ ਖੇੜੀ, ਮੂਧਲ, ਮੰਡਿਆਲਾ, ਪਠਾਣੀਆਂ, ਗੁਮਾਨਪੁਰਾ, ਗੌਂਸਾਬਾਦ ਵਿਖੇ ਪਾਇਆ ਗਿਆ। ਇਹ ਗੋਤ ਇਹਨਾਂ ਪਿੰਡਾਂ ਦੀਆਂ ਜੱਟ ਸਿੱਖ ਅਤੇ ਮਜ਼੍ਹਬੀ ਸਿੱਖ ਬਰਾਦਰੀਆਂ ਨਾਲ਼ ਸੰਬੰਧਿਤ ਪਾਇਆ ਗਿਆ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਮੱਟੂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਾਇਆ ਜਾਣ ਵਾਲਾ ਇੱਕ ਜੱਟ ਕਾਸ਼ਤਕਾਰ ਕਬੀਲਾ ਹੈ।" (90)

ਜਠੇਰੇ ਬਾਰੇ ਪੁੱਛਣ 'ਤੇ ਪਿੰਡ ਮੂਧਲ ਦੇ ਮੱਟੂ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ 'ਪੀਰ ਲੱਖਾਂ ਦਾ ਦਾਤਾ' ਨੂੰ ਮੰਨਦੇ ਹਨ। ਪਿੰਡ ਗੁਮਾਨਪੁਰਾ ਦੇ ਮੱਟੂ ਆਪਣੇ 'ਕੇਦੂ ਰਾਮ' ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਮੰਡਿਆਲਾ ਦੇ ਮੱਟੂ 'ਬਾਬਾ ਬੇਪਰਵਾਹ' ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਖਾਪਰ ਖੇੜੀ ਦੇ ਮੱਟੂ ਕਿਸੇ ਜਠੇਰੇ ਦੀ ਜਗ੍ਹਾ 'ਗੁੱਗਾ ਪੀਰ' ਦੀ ਮਨੌਤ

ਕਰਦੇ ਹਨ। ਇਸ ਦੇ ਨਾਲ਼ ਹੀ ਪਠਾਣੀਆਂ ਪਿੰਡ ਦੇ ਮੱਟੂ ਗੋਤ ਵਾਲ਼ੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**63. ਮਾਨ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਮਾਨ ਗੋਤ ਪਿੰਡ ਭਕਨਾ ਕਲਾਂ ਦੀ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ, ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਮਾਨ ਗੋਤ ਬਾਰੇ ਲਿਖਦੇ ਹਨ:

> ਇਸ ਬੰਸ ਦਾ ਵਡੇਰਾ ਮਾਨਪਾਲ ਸੀ। ਇਸ ਨੂੰ ਮਾਨਾ ਵੀ ਕਿਹਾ ਜਾਂਦਾ ਸੀ। ਸ਼ੱਕ ਜਾਤੀ ਦੇ ਕੁਝ ਲੋਕ ਈਸਾ ਤੋਂ 160 ਵਰ੍ਹੇ ਪਹਿਲਾਂ ਟੈਕਸਲਾ, ਮਥਰਾ ਤੇ ਸਰਾਸ਼ਟਰ ਵਿੱਚ ਮੱਧ ਏਸ਼ੀਆ ਦੇ ਕੈਸਪੀਅਨ ਸਾਗਰ ਦੇ ਖੇਤਰਾਂ ਤੋਂ ਆ ਕੇ ਹੀ ਵਸੇ ਸਨ। ਮਾਨ ਜਗਤ ਪ੍ਰਸਿੱਧ ਗੋਤ ਹੈ। ਸ਼ੁਰੂ ਵਿੱਚ ਜੱਟ ਕਬੀਲੇ ਸੂਰਜ, ਚੰਦ ਤੇ ਸ਼ਿਵ ਦੀ ਮਾਨਤਾ ਕਰਦੇ ਸਨ। ਇਸ ਕਾਰਨ ਹੀ ਮਾਨ, ਭੁੱਲਰ ਤੇ ਹੇਰਾਂ ਨੂੰ ਸ਼ਿਵ ਗੋਤਰੀ ਜੱਟ ਕਿਹਾ ਜਾਂਦਾ ਹੈ। ਬੀ. ਐਸ. ਦਾਹੀਆ ਅਨੁਸਾਰ, 'ਇਸ ਬੰਸ ਦੇ ਦੋ ਰਾਜੇ ਵਰਨਮਾਨ ਤੇ ਰੁਧਰ ਮਾਨ ਹੋਏ ਹਨ। ਮਹਾਂਰਾਸ਼ਟਰ ਦੇ ਗੋਆ ਅਤੇ ਕੋਂਕਣ ਖੇਤਰਾਂ ਵਿੱਚ ਮਾਨ ਰਾਜਿਆਂ ਦੇ ਸਿੱਕੇ ਮਿਲੇ ਹਨ। ਇਹ ਗੋਤ ਜੱਟ ਅਤੇ ਹੋਰ ਬਰਾਦਰੀਆਂ ਜਿਵੇਂ ਤਰਖਾਣ ਆਦਿ ਵਿੱਚ ਵੀ ਪਾਇਆ ਜਾਂਦਾ ਹੈ। (147)

ਇਸ ਗੋਤ ਦੇ ਨਾਮ ਨਾਲ਼ ਸੰਬੰਧਿਤ ਪਿੰਡ ਮਾਨ ਜ਼ਿਲ੍ਹਾ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ ਵਿੱਚ ਹਨ। ਮਾਨ ਕੌਰ ਸਿੰਘ, ਮਾਨ ਨੰਗਲ, ਮਾਨ ਸੰਢਵਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ, ਮਾਨ ਮਾਜਰਾ ਜ਼ਿਲ੍ਹਾ ਸੰਗਰੂਰ ਵਿੱਚ, ਮਾਨ ਖੇੜਾ ਜ਼ਿਲ੍ਹਾ ਮਾਨਸਾ ਵਿਚਲੇ ਪਿੰਡ ਹਨ।

**64. ਮੌਰੀਆ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਵਰਪਾਲ ਵਿਖੇ ਰਵੀਦਾਸ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਵਰਪਾਲ ਦੇ ਮੌਰੀਆਂ ਨੇ ਆਪਣੇ ਜਠੇਰੇ ਦਾ ਨਾਂ 'ਕਾਲ਼ੂ ਰਾਮ' ਦੱਸਿਆ, ਪਰ ਉਹਨਾਂ ਨੇ ਇਹ ਵੀ ਕਿਹਾ ਕਿ ਉਹ 'ਗੁਰੂ ਰਵੀਦਾਸ' ਦੀ ਮੰਨ-ਮਨੌਤ ਕਰਦੇ ਹਨ।

**65. ਰਾਜਪੂਤ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਸੋਹੀਆਂ ਖੁਰਦ ਵਿਖੇ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਰਾਜਪੂਤ ਗੋਤ ਨਾਲ਼ ਸੰਬੰਧਿਤ ਪਿੰਡ ਸੋਹੀਆਂ ਖੁਰਦ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**66. ਰਟੌਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਕੋਟਲੀ, ਗੁਰਵਾਲੀ ਅਤੇ ਰਟੌਲ ਪਿੰਡਾਂ ਦੀਆਂ ਜੱਟ ਸਿੱਖ ਬਰਾਦਰੀਆਂ ਵਿੱਚ ਪਾਇਆ ਗਿਆ। ਸੇਵਾ ਸਿੰਘ ਕੌੜਾ ਆਪਣੀ

ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਰਟੌਲ ਗੋਤ ਸੰਬੰਧੀ ਹਵਾਲਾ ਦਿੰਦੇ ਹੋਏ ਲਿਖਦੇ ਹਨ, "ਇਹ ਇੱਕ ਜੱਟ ਗੋਤਰ ਹੈ ਜਿਹੜਾ ਜ਼ਿਲ੍ਹਾ ਲੁਧਿਆਣਾ ਵਿੱਚ ਆਮ ਮਿਲਦਾ ਹੈ। ਇਹ ਵਿਆਹਾਂ ਸਮੇਂ ਜੰਡ ਦਾ ਰੁੱਖ ਵੱਢਦੇ ਹਨ। ਰਟੌਲ ਕੁਲ ਵਿੱਚ ਭਾਈ ਮਹਾਂ ਸਿੰਘ ਪੈਦਾ ਹੋਇਆ, ਜੋ ਕਾਫੀ ਸਮਾਂ ਦਸ਼ਮੇਸ਼ ਪਿਤਾ ਨਾਲ਼ ਰਿਹਾ।" (110)

ਪਿੰਡ ਕੋਟਲੀ ਦੇ ਰਟੌਲ ਗੋਤ ਦੇ ਕੁਝ ਲੋਕ ਦੱਸਦੇ ਹਨ ਕਿ ਉਹਨਾਂ ਦਾ ਜਠੇਰਾ 'ਸੂਬਾ ਸਿੰਘ' ਹੈ ਜਿਸ ਦੀ ਉਹ ਮੰਨ-ਮਨੌਤ ਕਰਦੇ ਹਨ ਪਰ ਗੁਰਵਾਲੀ ਅਤੇ ਰਟੌਲ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਰਟੌਲ ਨਾਮੀ ਪਿੰਡ ਵੀ ਇਸੇ ਗੋਤ ਦੀ ਪ੍ਰਤੀਨਿੱਧਤਾ ਕਰਦਾ ਹੈ।

**67. ਰਾਧੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਰਾਧੇ ਗੋਤ ਪਿੰਡ ਬੋਪਾਰਾਏ ਵਿਖੇ ਪਾਇਆ ਗਿਆ। ਇਸ ਪਿੰਡ ਦੇ ਰਾਧੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**68. ਰੰਧਾਵਾ –** ਖੋਜ ਸਰਵੇਖਣ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਪਿੰਡ ਇੱਬਣ ਖੁਰਦ, ਭਕਨਾ ਕਲਾਂ, ਚੱਬਾ ਅਤੇ ਰਾਮੂਵਾਲ ਵਿੱਚ ਪਾਇਆ ਗਿਆ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਨੇ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਇਸ ਗੋਤ ਸੰਬੰਧੀ ਵੇਰਵੇ ਦਿੰਦੇ ਹੋਏ ਲਿਖਿਆ ਹੈ:

> ਰੰਧਾਵਾ ਇੱਕ ਬਹੁਤ ਵੱਡਾ ਤੇ ਦੂਰ-ਦੂਰ ਤੱਕ ਫੈਲਿਆ ਹੋਇਆ ਕਬੀਲਾ ਹੈ ਜਿਸ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਜਾਪਦਾ ਹੈ ਪਰ ਉਹ ਵਿਸ਼ੇਸ਼ ਸੰਖਿਆ ਵਿੱਚ ਲਾਹੌਰ, ਜਲੰਧਰ, ਹੁਸ਼ਿਆਰਪੁਰ ਅਤੇ ਪਟਿਆਲੇ ਵਿੱਚ ਵੀ ਮਿਲਦੇ ਹਨ। ਉਨ੍ਹਾਂ ਦਾ ਮੋਢੀ ਰੰਧਾਵਾ ਇੱਕ ਯੱਦੂ ਜਾਂ ਭੱਟੀ ਰਾਜਪੂਤ ਸੀ ਜੋ ਕਿ ਸੱਤ ਸਦੀਆਂ ਪਹਿਲਾਂ ਬੀਕਾਨੇਰ ਵਿੱਚ ਰਹਿੰਦਾ ਸੀ ਅਤੇ ਉਸ ਤੋਂ ਪੰਜਵੀਂ ਪੀੜ੍ਹੀ ਹੇਠਾਂ ਉਸਦਾ ਇੱਕ ਵੰਸ਼ਜ ਕੁਜ਼ਲ ਬਟਾਲੇ ਵੱਲ ਆਇਆ ਸੀ ਜਿਸ ਸ਼ਹਿਰ ਨੂੰ ਕੁਝ ਸਮਾਂ ਪਹਿਲਾਂ ਹੀ ਇੱਕ ਹੋਰ ਭੱਟੀ ਰਾਜਪੂਤ ਰਾਮਦੇਊ ਨੇ ਆਬਾਦ ਕੀਤਾ ਸੀ। (72)

ਪਿੰਡ ਚੱਬਾ ਵਿੱਚ ਰੰਧਾਵਾ ਗੋਤ ਜੱਟ ਸਿੱਖਾਂ ਦਾ ਗੋਤ ਹੈ ਜਦ ਕਿ ਇੱਬਣ ਖੁਰਦ ਅਤੇ ਰਾਮੂਵਾਲ ਵਿੱਚ ਇਹੀ ਗੋਤ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ। ਚੱਬਾ ਅਤੇ ਇੱਬਣ ਖੁਰਦ ਪਿੰਡਾਂ ਦੇ ਰੰਧਾਵਾ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਦ ਕਿ ਰਾਮੂਵਾਲ ਦੇ ਰੰਧਾਵੇ ਆਪਣੇ ਪਿੰਡ ਵਿੱਚ ਹੀ 'ਜਠੇਰੀ ਮਾਤਾ' ਦੀ ਪੂਜਾ ਕਰਦੇ ਹਨ।

ਗੋਤ ਤੋਂ ਇਲਾਵਾ ਰੰਧਾਵਾ ਨਾਂ ਦੇ ਪਿੰਡਾਂ ਦੀ ਗੱਲ ਕਰੀਏ ਤਾਂ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, ਜਲੰਧਰ, ਹੁਸ਼ਿਆਰਪੁਰ ਅਤੇ ਫਤਿਹਗੜ੍ਹ ਸਾਹਿਬ ਵਿੱਚ ਰੰਧਾਵਾ ਨਾਂ ਦੇ ਪਿੰਡ ਵੀ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਰੰਧਾਵਾ ਬਰੇਟਾ ਅਤੇ ਜ਼ਿਲ੍ਹਾ ਜਲੰਧਰ ਵਿੱਚ ਰੰਧਾਵਾ ਮਸੰਦ ਨਾਮੀ ਪਿੰਡ ਹਨ।

**69. ਰਾਮਗੜ੍ਹੀਆ –** ਇਹ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਰਾਮਗੜ੍ਹੀਆ ਗੋਤ ਪਿੰਡ ਚੱਬਾ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਿੰਡ ਚੱਬਾ ਦੇ ਰਾਮਗੜ੍ਹੀਆ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**70. ਲੁਹਾਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਲੁਹਾਰ ਗੋਤ ਪਿੰਡ ਰਾਮੂਵਾਲ ਅਤੇ ਬਾਸਰਕੇ ਵਿਖੇ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਲੋਹੇ ਦਾ ਕੰਮ ਕਰਨ ਵਾਲ਼ੇ ਨੂੰ ਲੋਹਾਰ ਕਿਹਾ ਜਾਂਦਾ ਹੈ। ਪਹਿਲਾਂ-ਪਹਿਲ ਇਹ ਜਾਤਾਂ ਕੱਚੀਆਂ ਸਨ ਤੇ ਆਦਮੀ ਦੀ ਜਾਤ ਉਸਦੇ ਕੰਮ ਤੋਂ ਹੀ ਗਿਣੀ ਜਾਂਦੀ ਸੀ।
>
> ਵਾਰਸ ਸ਼ਾਹ ਮੀਆਂ ਕੰਮ ਥੀਂ ਜਾਤ ਹੁੰਦੀ,
>
> ਲੋਹਾ ਘੜਨ ਥੀਂ ਕਹਿਣ ਲੋਹਾਰ ਉਸਨੂੰ।
>
> ਪਿੱਛੋਂ ਇਹ ਜਾਤਾਂ ਪੱਕੀਆਂ ਹੋ ਗਈਆਂ। ਲੋਹੇ ਦਾ ਕੰਮ ਕਰਨ ਵਾਲ਼ੇ ਲੋਹਾਰ ਅਤੇ ਲੱਕੜ ਦਾ ਕੰਮ ਕਰਨ ਵਾਲ਼ੇ ਤਰਖਾਣ ਬਣ ਗਏ। ਇਹਨਾਂ ਦੀ ਵੱਡੀ ਗਿਣਤੀ ਪਹਾੜਾਂ ਅਤੇ ਪਹਾੜਾਂ ਦੇ ਨਾਲ਼ ਲੱਗਦੇ ਜ਼ਿਲ੍ਹਿਆਂ ਵਿੱਚ ਹੈ। ਇਸ ਜਾਤੀ ਵਿੱਚੋਂ ਗੁੱਜਰ ਨਾਂ ਦਾ ਵਿਅਕਤੀ ਗੁਰੂ ਘਰ ਦਾ ਅਨਿਨ ਸੇਵਕ ਸੀ। ਭਾਈ ਗੁਰਦਾਸ ਜੀ ਨੇ ਗਿਆਰ੍ਹਵੀਂ ਵਾਰ ਦੀ ਚੌਦਵੀਂ ਪਉੜੀ ਵਿੱਚ ਜ਼ਿਕਰ ਕੀਤਾ ਹੈ:
>
> ਗੁਜਰ ਜਾਤਿ ਲੋਹਾਰ ਹੈ,
>
> ਗੁਰ ਸਿੱਖੀ ਗੁਰ ਸਿਖ ਸੁਣਾਵੇ।
>
> ਇਸ ਤੋਂ ਇਲਾਵਾ ਗਾਇਕਾਂ ਵਿੱਚੋਂ ਪਾਕਿਸਤਾਨੀ ਗਵੱਈਆ 'ਆਲਮ ਲੋਹਾਰ' ਸੰਸਾਰ ਪ੍ਰਸਿੱਧ ਹੈ। ਇਸ ਜਾਤੀ ਦੇ ਵਸਾਏ ਪਿੰਡਾਂ ਵਿੱਚੋਂ ਅੰਮ੍ਰਿਤਸਰ ਵਿੱਚ ਇੱਕ ਪਿੰਡ ਲੋਹਾਰਕਾ ਅਤੇ ਦੂਸਰਾ ਪਿੰਡ ਲੋਹਾਰ ਵਾਲ਼ਾ ਹੈ। ਜ਼ਿਲ੍ਹਾ ਜਲੰਧਰ ਵਿੱਚ ਵੀ ਲਾਂਬੜਾਂ ਕੋਲ਼ ਲੋਹਾਰਾਂ ਪਿੰਡ ਹੈ। (228)

**71. ਲੱਧੜ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਲੱਧੜ ਗੋਤ ਪਿੰਡ ਗੁਰਵਾਲੀ, ਮੰਡਿਆਲਾ, ਫਤਾਹਪੁਰ, ਮੂਧਲ, ਧੌਲ ਕਲਾਂ ਅਤੇ ਜਹਾਂਗੀਰ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲੱਧੜ ਗੋਤ ਸੰਬੰਧੀ ਲਿਖਦੇ ਹਨ, "ਲੱਧਰ ਜਾਂ ਲੱਧੜ ਇੱਕ ਜੱਟ ਗੋਤ, ਜੋ ਸਿਆਲਕੋਟ ਵਿੱਚ ਮਿਲਦਾ ਹੈ। ਇਸ ਨਾਂ ਹੇਠ ਹੀ ਚੱਲਣ ਦਾ ਉਹ ਦਾਅਵਾ ਕਰਦਾ ਹੈ। ਕਿੱਲਸ, ਜੋ ਇੱਕ ਰਾਜਪੂਤ ਸੀ ਅਤੇ ਇਸੇ ਜ਼ਿਲ੍ਹੇ ਵਿੱਚ ਸਥਾਪਿਤ ਹੋ ਗਿਆ ਸੀ, ਤੋਂ ਇਸ ਵੰਸ ਦਾ ਨਿਕਾਸ ਕੀਤਾ।" (181)

ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਿੰਡ ਮੰਡਿਆਲਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ 'ਬਾਬਾ ਬੇਪਰਵਾਹ' ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਧੌਲ ਕਲਾਂ, ਮੂਧਲ ਅਤੇ ਜਹਾਂਗੀਰ ਦੇ ਲੱਧੜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**72. ਲੰਬੜ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਕੇਵਲ ਬੱਲ ਕਲਾਂ ਪਿੰਡ ਵਿੱਚ ਹੀ ਪਾਇਆ ਗਿਆ। ਜਠੇਰਾ-ਪੂਜਾ ਤੋਂ ਇਨਕਾਰੀ ਇਸ ਗੋਤ ਨਾਲ਼ ਸੰਬੰਧਿਤ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**73. ਲੋਲੇ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਰਟੌਲ ਦੀ ਪਰਜਾਪੱਤ (ਘੁਮਿਆਰ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਟੌਲ ਦੇ ਲੋਲੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਗੋਤ ਮੂਲ ਰੂਪ ਵਿੱਚ ਪਰਜਾਪਤਿ (ਘੁਮਿਆਰ) ਬਰਾਦਰੀ ਦਾ ਹੈ।" (256)

**74. ਵਤਸ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਵਤਸ ਗੋਤ ਪਿੰਡ ਫਤਾਹਪੁਰ ਵਿੱਚ ਬ੍ਰਾਹਮਣ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਤਸ ਗੋਤ ਨਾਲ਼ ਸੰਬੰਧਿਤ ਲੋਕ 'ਸੋਹਨ ਲਾਲ' ਨਾਮੀ ਜਠੇਰੇ ਦੀ ਸਠਿਆਲਾ (ਨੇੜੇ ਬਾਬਾ ਬਕਾਲਾ) ਵਿਖੇ ਮਨੌਤ ਕਰਨ ਲਈ ਜਾਂਦੇ ਹਨ।

**75. ਵਾਲੀਆ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਵਾਲੀਆ ਗੋਤ ਪਿੰਡ ਗੁਮਾਨਪੁਰਾ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**76. ਵੜੈਚ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਚੱਬਾ ਅਤੇ ਮੰਡਿਆਲਾ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਚੱਬਾ ਦੇ ਵੜੈਚ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ। ਗੋਤ ਤੋਂ ਇਲਾਵਾ ਖੋਜ ਅਧਿਐਨ ਨਾਲ਼ ਸੰਬੰਧਿਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਦਾਸਪੁਰ ਜ਼ਿਲ੍ਹੇ ਅੰਦਰ ਵੜੈਚ ਨਾਮ ਦੇ ਪਿੰਡ ਵੀ ਹਨ।

**77. ਸ਼ੇਰਗਿੱਲ –** ਸ਼ੇਰਗਿੱਲ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਇੱਕ ਗੋਤ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਟਲੀ, ਗੁਰਵਾਲੀ, ਵਡਾਲਾ, ਜੰਡਿਆਲਾ, ਕੀਰਤਨਗੜ੍ਹ ਥਾਂਦੇ, ਰਾਮਪੁਰਾ ਬਾਵਿਆਂ ਕਾ, ਮਹਿਮਾ ਵਿੱਚ ਪਾਇਆ ਗਿਆ। ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡਾਂ ਵਡਾਲਾ, ਕੋਟਲੀ, ਰਾਮਪੁਰਾ ਬਾਵਿਆਂ ਕਾ, ਕੀਰਤਨਗੜ੍ਹ ਥਾਂਦੇ, ਜੰਡਿਆਲਾ ਪਿੰਡਾਂ ਵਿੱਚ ਇਹ ਗੋਤ ਦਲਿਤ ਬਰਾਦਰੀਆਂ ਵਿੱਚ ਵੀ ਹੈ। ਪਿੰਡ ਵਡਾਲਾ ਦੇ ਸ਼ੇਰਗਿੱਲ ਅਤੇ ਕੋਟਲੀ ਦੇ ਕੁਝ ਸ਼ੇਰਗਿੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸੇ ਤਰ੍ਹਾਂ ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸ਼ੇਰਗਿੱਲ 'ਬਾਬਾ ਲਾਭ ਸਿੰਘ' ਨੂੰ ਅਤੇ ਕੁਝ 'ਬਾਬਾ ਤੱਖੀਏ ਸ਼ਾਹ' ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਕੋਟਲੀ ਦੇ ਵੜੈਚ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਾਬਾ ਫੌਜਾ ਸਿੰਘ' ਹੈ, ਪ੍ਰੰਤੂ ਉਹ 'ਦੇਵੀ ਮਾਤਾ' ਨੂੰ ਮੰਨਦੇ ਹਨ। ਪਿੰਡ ਕੀਰਤਨਗੜ੍ਹ ਥਾਂਦੇ ਦੇ ਸ਼ੇਰਗਿੱਲ' ਮਸੀਹ' ਨੂੰ ਅਤੇ ਜੰਡਿਆਲਾ ਦੇ 'ਬਾਬਾ ਬੇਪਰਵਾਹ' ਨੂੰ ਮੰਨਦੇ ਹਨ।

### 3.4 ਪੂਜਾ-ਵਿਧਾਨ ਅਤੇ ਅਨੁਸ਼ਠਾਨ ਵਿਧੀਆਂ:

ਲੋਕ-ਧਰਮ ਵਿੱਚ ਪੂਜਾ-ਵਿਧਾਨ ਅਤੇ ਅਨੁਸ਼ਠਾਨ ਵਿਧੀਆਂ ਦੀ ਖਾਸ ਮਹੱਤਤਾ ਹੈ। ਜੇਕਰ ਜਠੇਰਾ-ਪੂਜਾ ਦੀ ਗੱਲ ਕਰੀਏ ਤਾਂ ਜਠੇਰਾ-ਪੂਜਾ ਵਿੱਚ ਵੀ ਰਹੁ-ਰੀਤਾਂ ਅਤੇ ਪੂਜਾ-ਵਿਧੀਆਂ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦਾ ਖੇਤਰੀ ਸਰਵੇਖਣ ਕਰਦਿਆਂ ਵੱਖ-ਵੱਖ ਗੋਤਾਂ ਦੇ ਲੋਕਾਂ ਨਾਲ਼ ਜਦ ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਸੰਬੰਧੀ ਜਾਣਕਾਰੀ ਹਾਸਿਲ ਕਰਨ ਹਿੱਤ ਗੱਲਬਾਤ ਕੀਤੀ ਗਈ ਤਾਂ ਉਹਨਾਂ ਲੋਕਾਂ ਦੁਆਰਾ ਜਠੇਰਾ-ਪੂਜਾ ਸਮੇਂ ਆਪਣੇ-ਆਪਣੇ ਜਠੇਰੇ ਨੂੰ ਪੂਜਣ ਲਈ ਕੀਤੀਆਂ ਜਾਣ ਵਾਲ਼ੀਆਂ ਹੇਠ ਲਿਖੀਆਂ ਪੂਜਾ-ਵਿਧੀਆਂ ਸਾਹਮਣੇ ਆਈਆਂ:-

**1. ਅਹੀਤਾਨ –** ਅਹੀਤਾਨ ਗੋਤ ਪਿੰਡ ਵਰਪਾਲ ਦੀ ਪਰਜਾਪੱਤ (ਘੁਮਿਆਰ) ਬਰਾਦਰੀ ਵਿੱਚ ਪਾਇਆ ਗਿਆ। ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਵੇਖਣ ਵਿੱਚ ਆਇਆ ਕਿ ਪਿੰਡ ਵਰਪਾਲ ਦੇ ਅਹੀਤਾਨ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਜਠੇਰੇ ਦੀ ਪੂਜਾ-ਵਿਧੀ ਬਾਰੇ ਦੱਸਦਿਆਂ ਉਹਨਾਂ ਕਿਹਾ ਕਿ ਉਹ ਜਠੇਰੇ ਦੇ ਸਥਾਨ 'ਤੇ ਮੱਥਾ ਟੇਕਦੇ ਸਮੇਂ ਕੜਾਹ-ਪ੍ਰਸ਼ਾਦ ਦੀ ਦੇਗ ਅਤੇ ਮਠਿਆਈ ਚੜ੍ਹਾਵੇ ਵਜੋਂ ਜਠੇਰੇ ਨੂੰ ਚੜ੍ਹਾਉਂਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਵਿਆਹ ਤੋਂ ਬਾਅਦ ਲਾੜਾ-ਲਾੜੀ ਵੀ ਸਭ ਤੋਂ ਪਹਿਲਾਂ ਇਸ ਸਥਾਨ 'ਤੇ ਆ ਕੇ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਉਹਨਾਂ ਇਹ ਵੀ ਦੱਸਿਆ ਕਿ ਜੇਠ ਮਹੀਨੇ ਦੇ ਪਹਿਲੇ ਐਤਵਾਰ ਨੂੰ ਪਿੰਡ ਵਿੱਚ ਜਠੇਰੇ ਨਾਲ਼ ਸੰਬੰਧਿਤ ਮੇਲਾ ਵੀ ਲੱਗਦਾ ਹੈ।

**2. ਅਟਵਾਲ –** ਸ਼੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਧੌਲ ਕਲਾਂ ਵਿਖੇ ਪਾਏ ਗਏ ਗੋਤ ਅਟਵਾਲ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹ 'ਬਾਬਾ ਤੱਖੀਏ' ਨੂੰ ਮੰਨਦੇ ਹਨ ਜਿਸਦੀ ਜਗ੍ਹਾ ਪਿੰਡ ਵਿੱਚ ਹੀ ਬਣੀ ਹੋਈ ਹੈ। ਇਸ ਸਥਾਨ 'ਤੇ ਉਹ ਗੁੜ ਵਾਲ਼ੀ ਦੇਗ ਚੜ੍ਹਾਉਂਦੇ ਹਨ ਅਤੇ ਜੇਠ ਦੇ ਮਹੀਨੇ ਇੱਥੇ ਬਾਬੇ ਨਾਲ਼ ਸੰਬੰਧਿਤ ਮੇਲਾ ਵੀ ਲੱਗਦਾ ਹੈ। ਇਸ ਤੋਂ ਇਲਾਵਾ ਪਿੰਡ ਖਾਪਰ ਖੇੜੀ ਦੇ ਅਟਵਾਲ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਉਹ 'ਬਾਬਾ ਸ਼ਹਿਨਸ਼ਾਹ ਸਰਕਾਰ ਪੀਰਾਂ ਵਾਲ਼ਾ' ਨੂੰ ਮੰਨਦੇ ਹਨ।

**3. ਆਦੀਵਾਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਰਾਮਪੁਰਾ ਬਾਵਿਆਂ ਕਾ ਦੇ ਮਜ਼੍ਹਬੀ ਸਿੱਖ ਬਰਾਦਰੀ ਦੇ ਆਦੀਵਾਲ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੌਰਾਨ ਪਤਾ ਲੱਗਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਨਹੀਂ ਕਰਦੇ।

**4. ਔਲਖ –** ਖੋਜ-ਪ੍ਰਬੰਧ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਦੇ ਦੌਰਾਨ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਖਾਸਾ ਵਿਖੇ ਪਾਏ ਗਏ ਔਲਖ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**5. ਸਾਹਸੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਚੱਬਾ ਅਤੇ ਗੁਰਵਾਲੀ ਵਿੱਚ ਪਾਏ ਗਏ ਗੋਤ ਸਾਹਸੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਨਾਲ਼ ਜਦ ਉਹਨਾਂ ਦੁਆਰਾ ਕੀਤੀ ਜਾਣ ਵਾਲ਼ੀ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਇਹਨਾਂ ਪਿੰਡਾਂ ਦੇ ਸਾਹਸੀ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**6. ਸਹੋਤਾ –** ਖੇਤਰੀ ਸਰਵੇਖਣ ਕਰਦਿਆਂ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਏ ਜਾਂਦੇ ਪਿੰਡਾਂ ਮਹਿਮਾ, ਬੱਲ ਕਲਾਂ, ਜਹਾਂਗੀਰ, ਗੁਰਵਾਲੀ ਵਿੱਚ ਉਲੀਕੇ ਗਏ ਮਜ਼੍ਹਬੀ ਸਿੱਖ, ਸਾਂਹਸੀ ਅਤੇ ਘੁਮਿਆਰ ਜਾਤੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਮਹਿਮਾ ਦੇ ਸਹੋਤਾ ਗੋਤ ਦੇ ਲੋਕਾਂ ਦੇ ਕਹਿਣ ਮੁਤਾਬਿਕ ਉਹ 'ਪੀਰ ਰਹਿਤ ਸ਼ਾਹ' ਨੂੰ ਮੰਨਦੇ ਹਨ ਅਤੇ ਅੱਸੂ ਦੇ ਨੌਰਾਤਿਆਂ ਵਿੱਚ ਪੀਰ ਦੀ ਜਗ੍ਹਾ 'ਤੇ ਮੇਲਾ ਵੀ ਲੱਗਦਾ ਹੈ। ਪਿੰਡ ਬੱਲ ਕਲਾਂ ਦੇ ਸਹੋਤਾ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਪੀਰ ਬਾਬਾ' ਦੀ ਮਨੌਤ ਕਰਦੇ ਹਨ ਅਤੇ ਚੌਲਾਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ। ਪਿੰਡ ਬੱਲ ਕਲਾਂ ਵਿਖੇ ਪੀਰ ਨਾਲ਼ ਸੰਬੰਧਿਤ ਮੇਲਾ ਵੀ ਹਾੜ੍ਹ ਮਹੀਨੇ ਵਿੱਚ ਲੱਗਦਾ ਹੈ। ਪਿੰਡ ਗੁਰਵਾਲੀ ਦੇ ਸਾਹਸੀ ਸਹੋਤੇ ਪਿੰਡ ਬੋੜੂ ਵਿਖੇ 'ਪੀਰ ਬਾਬਾ' ਦੀ ਮਨੌਤ ਲਈ ਜਾਂਦੇ ਹਨ।

**7. ਸਾਹਨੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਪਠਾਣੀਆਂ, ਬਾਸਰਕੇ ਅਤੇ ਭੈਣੀ ਵਿੱਚ ਪਾਏ ਗਏ ਸਾਹਨੀ ਗੋਤ ਨਾਲ਼ ਸੰਬੰਧਿਤ ਲੋਕਾਂ ਤੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਿੰਡ ਬਾਸਰਕੇ ਦੇ ਸਾਹਨੀ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**8. ਸੇਖੋਂ –** ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਮੂਧੇਵਾਲ ਹਵੇਲੀਆਂ ਅਤੇ ਬਿੜੂ ਵਿੱਚ ਪਾਏ ਗਏ ਸੇਖੋਂ ਗੋਤ ਨਾਲ਼ ਸੰਬੰਧਿਤ ਲੋਕ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**9. ਸੱਗੂ –** ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਸੱਗੂ ਗੋਤ ਰਾਮਤੀਰਥ ਦੇ ਲਾਗੇ ਪਿੰਡ ਕਲੇਰ ਵਿੱਚ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ 'ਕਲੇਰ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ। ਪੂਜਾ-ਵਿਧੀ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਜਠੇਰੇ ਦੇ ਸਥਾਨ ਉੱਪਰ ਮੱਥਾ ਟੇਕਦੇ ਹਨ ਅਤੇ ਪੂਜਾ-ਵਿਧੀ ਦੇ ਰੂਪ ਵਿੱਚ ਸਾਲਾਨਾ ਮੇਲੇ 'ਤੇ ਸ਼੍ਰੀ ਅਖੰਡ ਪਾਠ ਸਾਹਿਬ ਕਰਵਾਉਂਦੇ ਹਨ।

**10. ਸਿੱਧੂ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਟਲੀ, ਗੁਰਵਾਲੀ, ਚੱਕ ਮੁਕੰਦ, ਮਾਲੂਵਾਲ ਅਤੇ ਜਹਾਂਗੀਰ ਵਿੱਚ ਪਾਏ ਗਏ ਸਿੱਧੂ ਗੋਤ ਦੇ ਲੋਕਾਂ ਵਿੱਚੋਂ ਪਿੰਡ ਕੋਟਲੀ ਅਤੇ ਮਾਲੂਵਾਲ ਦੇ ਸਿੱਧੂ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਸਿੱਧੂ ਗੋਤ ਦੇ ਲੋਕਾਂ ਦੇ ਜਠੇਰਾ ਪੂਜਾ-ਪ੍ਰਬੰਧ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਸਿੱਧੂ ਜੱਟਾਂ ਦਾ ਸਿੱਧ, 'ਤਿਲਕਾਰਾ ਸਿੱਧ' ਹੈ ਅਤੇ ਹਰ ਮਹੀਨੇ 14ਵੀਂ ਵਦੀ (ਨ੍ਹੇਰਾ ਪੱਖ) ਨੂੰ ਗਊ ਦਾ ਪਹਿਲਾ ਦੁੱਧ ਉਸਨੂੰ ਭੇਟ ਕੀਤਾ ਜਾਂਦਾ ਹੈ। ਇਸੇ ਦਿਨ ਕੁਵਾਰੀਆਂ ਕੁੜੀਆਂ ਨੂੰ ਵੀ ਖਾਣਾ ਖਵਾਉਂਦੇ ਹਨ। ਉਹ ਉਨ੍ਹਾਂ ਦਾ ਜਠੇਰਾ ਸਮਝਿਆ ਜਾਂਦਾ ਹੈ ਅਤੇ ਉਸ ਦੀ ਸਮਾਧ ਫ਼ਿਰੋਜ਼ਪੁਰ ਦੇ ਮਹਿਰਾਜ਼ ਦੇ ਸਥਾਨ 'ਤੇ ਹੈ। ਵਿਆਹ ਦੇ ਸਮੇਂ ਉਹ ਆਪਣੇ ਭਾਈਚਾਰੇ ਵਿੱਚ ਸਵਾ ਚਾਰ ਮਣ ਵਜ਼ਨ ਦਾ ਰੋਟ ਵੰਡਦੇ ਹਨ। ਸ੍ਰ. ਕਰਮ ਸਿੰਘ ਅਤੇ ਸ੍ਰ. ਧਰਮ ਸਿੰਘ ਪਹਿਲੇ ਸਿੱਧੂ ਸਨ ਜੋ ਸਿੱਖ ਧਰਮ ਵੱਲ ਮੁੜੇ। (110)

**11. ਸੰਧੂ –** ਸੰਧੂ ਖਾਨਦਾਨ ਦੇ ਲੋਕ ਆਪਣੀ ਸ਼ਰਧਾ ਅਨੁਸਾਰ ਬਾਬਾ ਜੀ ਦੀ ਮੱਠ 'ਤੇ ਸ਼ਰਾਬ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ ਅਤੇ ਦੋਸਤਾਂ-ਮਿੱਤਰਾਂ ਨੂੰ ਵੰਡਦੇ ਹਨ। ਸਾਰੇ ਸੰਧੂ ਬਾਬੇ ਦੀ ਪੂਜਾ ਕਰਦੇ ਹਨ। ਇਸ ਮੇਲੇ ਵਿੱਚ ਸੰਧੂ ਪਰਿਵਾਰ ਦੇ ਨਵ-ਵਿਆਹੇ ਜੋੜੇ ਵਿਆਹ ਤੋਂ ਮਗਰੋਂ ਮੇਲੇ ਵਿੱਚ ਗੰਢ ਜੋੜਾ ਕਰਕੇ ਬਾਬੇ ਦੇ ਨਾਮ 'ਤੇ ਮਿੱਟੀ ਕੱਢਦੇ ਹਨ ਅਤੇ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਮੱਟ 'ਤੇ ਚੜ੍ਹਾਉਂਦੇ ਹਨ। ਹੁਣ ਮੇਲੇ ਵਿੱਚ ਖੇਡਾਂ ਤੇ ਸਭਿਆਚਾਰਕ ਪ੍ਰੋਗਰਾਮ ਵੀ ਹੁੰਦੇ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਸੰਧੂ ਕਾਲ਼ਾ ਮੇਹਿਰ ਜਾਂ ਕਾਲ਼ਾ ਪੀਰ ਦੀ ਪੂਜਾ ਕਰਦੇ ਹਨ। ਇਹ ਸੰਧੂ ਬੰਸ ਦਾ ਵੱਡਾ-ਵਡੇਰਾ ਹੈ ਅਤੇ ਇਸਦੀ ਅਸਲੀ ਸਮਾਧ ਸਿਆਲਕੋਟ ਦੇ ਜ਼ਿਲ੍ਹੇ ਵਿੱਚ ਥਾਣਾ ਸਤਰ ਜੋ ਕਿ ਇਸ ਦੀ ਉਤਪਤੀ ਦਾ ਸਥਾਨ ਆਖਿਆ ਜਾਂਦਾ ਹੈ, ਵਿੱਚ ਬਣੀ ਹੋਈ ਹੈ। ਇੱਕ ਹੋਰ ਰਵਾਇਤ ਅਨੁਸਾਰ ਕਾਲਾ ਮੇਹਰ ਮਾਲਵੇ ਦੇ ਸਨੇਰ ਤੋਂ ਉੱਠ ਕੇ ਮਾਝੇ ਵਿੱਚ ਸਿਰਹਾਲੀ ਚਲਾ ਗਿਆ।

ਸੰਧੂ ਤਕਰੀਬਨ ਸਾਰੇ ਪੰਜਾਬ ਵਿੱਚ ਹੀ ਫੈਲੇ ਹੋਏ ਹਨ। ਚੇਤਰ ਸੁਦੀ ਪਹਿਲੀ ਬਿਕਰਮੀ ਸੰਮਤ ਦੇ ਸ਼ੁਰੂ ਵਿੱਚ ਮਾਲਵੇ ਦੇ ਖੇਤਰ ਫਰੀਦਕੋਟ ਤੋਂ 6 ਕਿਲੋਮੀਟਰ ਦੂਰ ਪਿੰਡ ਸਿੱਖਾਂ ਵਾਲਾ ਬੀੜ ਵਿੱਚ ਸੰਧੂਆਂ ਦਾ ਭਾਰੀ ਮੇਲਾ ਲੱਗਦਾ ਹੈ। ਇਸ ਮੇਲੇ ਦਾ ਸੰਬੰਧ ਭਾਈਚਾਰੇ ਦੇ ਵੱਡ-ਵਡੇਰੇ ਬਾਬਾ ਕਾਲਾ ਮੇਹਿਰ ਨਾਲ਼ ਹੈ। ਇਸ ਮੇਲੇ ਵਿੱਚ ਸੰਧੂ ਭਾਈਚਾਰੇ ਨਾਲ਼ ਸੰਬੰਧਿਤ ਹਜ਼ਾਰਾਂ ਸ਼ਰਧਾਲੂ ਪੰਜਾਬ, ਹਰਿਆਣਾ, ਰਾਜਸਤਾਨ ਤੇ ਉੱਤਰ ਪ੍ਰਦੇਸ਼ ਤੋਂ ਆ ਕੇ ਮੱਥਾ ਟੇਕਦੇ ਹਨ ਅਤੇ ਆਪਣੀਆਂ ਮਨੋਕਾਮਨਾਵਾਂ ਲਈ ਮੰਨਤਾਂ ਮੰਨੀਆਂ ਜਾਂਦੀਆਂ ਹਨ। (38)

ਸੁਰਿੰਦਰ ਸਿੰਘ ਰਾਜਪੂਤ ਨੇ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਸੰਧੂ ਗੋਤ ਦੇ ਜਠੇਰੇ ਕਾਲ਼ਾ ਮਿਹਰ ਸੰਬੰਧੀ ਲਿਖਿਆ ਹੈ:

ਕਾਲ਼ਾ ਮਿਹਰ ਦੀ ਔਲਾਦ ਪੂਜਾ ਸਮੇਂ ਬ੍ਰਾਹਮਣ ਨੂੰ ਕੰਮ ਨਹੀਂ ਦਿੰਦੀ, ਕਿਉਂ ਕਿ ਉਸ ਦੀ ਜਾਤ ਦੇ ਇੱਕ ਬੰਦੇ ਨੇ ਮੇਹਿਰ ਕਾਲ਼ੇ ਨੂੰ ਧੋਖੇ ਨਾਲ਼ ਮਾਰ ਦਿੱਤਾ ਸੀ ਅਤੇ ਪਹਿਲਾਂ ਸਿੰਧੂ ਬ੍ਰਾਹਮਣ ਤੋਂ ਬਿਨਾਂ ਕੋਈ ਕੰਮ ਨਹੀਂ ਸਨ ਕਰ ਸਕਦੇ। ਕੁਝ ਸਾਲ ਪਹਿਲਾਂ ਸਿੰਧੂ ਸੜੀਆਂ ਇੱਟਾਂ ਨਹੀਂ ਸਨ ਵਰਤਦੇ, ਕਿਉਂ ਕਿ ਕਾਲ਼ਾ ਮਿਹਰ ਦੀ ਸਮਾਧ ਇਨ੍ਹਾਂ ਇੱਟਾਂ ਤੋਂ ਹੀ ਬਣਾਈ ਗਈ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਕਾਲ਼ਾ ਮਿਹਰ ਨੂੰ ਰਾਤ ਨੂੰ ਅੰਧਰਾਤਾ ਹੋ ਜਾਂਦਾ ਸੀ, ਇਸ ਲਈ ਉਹ ਖੁੱਲ੍ਹੀਆਂ ਅੱਖਾਂ ਨਾਲ਼ ਹੀ ਸੌਂ ਗਿਆ ਅਤੇ ਇਸੇ ਔਗੁਣ ਕਾਰਨ ਭੱਟੀਆਂ ਨਾਲ਼ ਲੜਨ ਲਈ ਮੁੜ ਆਇਆ ਸੀ। ਉਦੋਂ ਤੋਂ ਹੀ ਸਿੰਧੂ ਕਾਣੀ ਨੀਂਦ ਸੌਂਦੇ ਹਨ ਅਤੇ ਕਿਸੇ ਹੱਦ ਤੱਕ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਦੇ ਹਨ। ਹੇਠਾਂ ਪ੍ਰਚੱਲਿਤ ਸਤਰਾਂ ਦਿੱਤੀਆਂ ਜਾਂਦੀਆਂ ਹਨ:

ਮੇਰੇ ਮੜ੍ਹ ਤੇ ਬਾਹਮਣ ਜੇ ਚੜ੍ਹੇ, ਸਿਰ ਵੱਢ ਕਰੋ ਅਜ਼ਾਦ,

ਮੇਰਾ ਤੇ ਬਾਹਮਣ ਦਾ ਵੈਰ ਹੈ, ਜਿਉਂ ਦੀਵਾ ਤੇ ਝੱਖੜ ਬਾਦ।

ਇੱਟ ਮਨੀ, ਨੀਲ ਨਹੀਂ ਪਹਿਨਣਾ, ਉਸ ਸਿੰਧੂ ਦੀ ਚਲੇਗੀ ਮੋਹਰ ਛਾਪ,

ਮੇਰਾ ਮਨਸਿਆ ਪੂਜਿਆ ਦੇਣਾ ਮਿਰਾਸੀ ਨੂੰ, ਖਾਣ-ਪੀਣ ਕਰਨ ਬਲਾਸ।

ਕਾਲ਼ਾ ਮਿਹਰ ਗਿਆ ਹਰ ਭਾਤ। (114)

ਖੇਤਰੀ ਖੋਜ ਸਰਵੇਖਣ ਦੌਰਾਨ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਬੋਤਾ ਦੇ ਸੰਧੂਆਂ ਨੂੰ ਜਠੇਰਾ-ਪੂਜਾ ਬਾਰੇ ਪੁੱਛਣ'ਤੇ ਉਹ ਦੱਸਦੇ ਹਨ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਦਸੌਂਧਾ ਸਿੰਘ' ਹੈ, ਪਰ ਉਹ ਇਸ ਦੀ ਮੰਨ-ਮਨੌਤ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਅਗਲੇ ਪਿੰਡ ਗੁਰਵਾਲੀ ਦੇ ਸੰਧੂ 'ਡੇਰਾ ਸਾਹਿਬ' ਵਿਖੇ ਜਾਂਦੇ ਹਨ ਅਤੇ ਜਠੇਰੇ ਦੀ ਮਨੌਤ ਨਹੀਂ ਕਰਦੇ। ਪਿੰਡ ਖਾਸਾ ਦੇ ਸੰਧੂਆਂ ਦੇ ਜਠੇਰੇ ਦੀ ਗੱਲ ਕਰੀਏ ਤਾਂ

ਉਹ 'ਗੁਰਮੁਖ ਸਿੰਘ' ਨੂੰ ਮੰਨਦੇ ਹਨ, ਕਿਉਂ ਕਿ ਉਹਨਾਂ ਦੇ ਵੱਡੇ-ਵਡੇਰੇ ਵੀ ਗੁਰਮੁਖ ਸਿੰਘ ਦੀ ਮੰਨ-ਮਨੌਤ ਕਰਦੇ ਸਨ। ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਰਾਮਪੁਰਾ ਬਾਵਿਆਂ ਕਾ, ਭਕਨਾ ਕਲਾਂ, ਬਾਸਰਕੇ, ਮਹਿਮਾ, ਮੂਧਲ, ਨੱਥੂਪੁਰਾ, ਮੁੱਲਾ ਬਹਿਰਾਮ, ਬੱਲ ਕਲਾਂ, ਕਲੇਰ, ਬੋਤਾ, ਮਾਲੂਵਾਲ, ਵਡਾਲਾ ਅਤੇ ਮੰਡਿਆਲਾ ਦੇ ਸੰਧੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਥਾਂਦੇ ਖੁਰਦ ਦੇ ਸੰਧੂ ਗੋਤ ਦੇ ਲੋਕ 'ਬਾਬਾ ਹਰੀਆ' ਨੂੰ (ਜਠੇਰਾ ਨਹੀਂ), ਗੁਮਾਨਪੁਰਾ ਦੇ 'ਪੀਰ ਸ਼ਾਹ ਮੁਰਾਦ' ਦੀ ਮੰਨ-ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਬਾਸਰਕੇ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸੰਧੂ 'ਮਸੀਹ' ਦੀ ਪੂਜਾ ਕਰਦੇ ਹਨ ਅਤੇ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜਿਸਦਾ ਸਥਾਨ ਉਹਨਾਂ ਦੇ ਆਪਣੇ ਪਿੰਡ ਵਿੱਚ ਹੀ ਸ਼ਮਸ਼ਾਨ ਘਾਟ ਲਾਗੇ ਬਣਿਆ ਹੋਇਆ ਹੈ। ਇੱਥੇ ਉਹ ਜਠੇਰੇ ਦੇ ਨਾਂ ਦੀ ਮਿੱਟੀ ਕੱਢਣ ਦੀ ਬਜਾਇ ਉਸਦੇ ਸਥਾਨ 'ਤੇ ਮੱਥਾ ਹੀ ਟੇਕਦੇ ਹਨ।

**12. ਸਬਰਵਾਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਇੱਬਣ ਖੁਰਦ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸਬਰਵਾਲ ਗੋਤ ਦੇ ਲੋਕ ਆਪਣੇ ਘਰ ਦੇ ਲਾਗੇ ਮਾਤਾ ਰਾਣੀ ਦੀ ਪੂਜਾ ਕਰਦੇ ਹਨ। ਚੜ੍ਹਾਵੇ ਵਜੋਂ ਮਾਤਾ ਰਾਣੀ ਨੂੰ ਸ਼ਿੰਗਾਰ ਦਾ ਸਮਾਨ ਭੇਂਟ ਕਰਕੇ ਮੱਥਾ ਟੇਕਦੇ ਹਨ।

**13. ਸਰਾਂ –** ਖੇਤਰੀ ਸਰਵੇਖਣ ਕਰਦਿਆਂ ਸਰਾਂ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਚਾਟੀਵਿੰਡ ਪਿੰਡ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਹਨਾਂ ਵਿੱਚੋਂ ਕੁਝ ਸਰਾਂ ਗੋਤ ਦੇ ਲੋਕ ਆਪਣੇ ਜਠੇਰੇ 'ਮਹਿਤਾਬ' ਸਿੰਘ ਨੂੰ ਮੰਨਦੇ ਹਨ ਜਿਸਦੀ ਜਗ੍ਹਾ ਉਹਨਾਂ ਦੇ ਆਪਣੇ ਪਿੰਡ ਵਿੱਚ ਹੀ ਬਣੀ ਹੋਈ ਹੈ। ਜਠੇਰੇ ਦੇ ਪੂਜਾ-ਵਿਧਾਨ ਬਾਰੇ ਉਹਨਾਂ ਦਾ ਦੱਸਣਾ ਹੈ ਕਿ ਉਹ ਮੱਸਿਆ ਤੋਂ ਪੰਜ ਦਿਨ ਮਗਰੋਂ ਸਾਲ ਵਿੱਚ ਇੱਕ ਵਾਰ ਜਠੇਰੇ ਦੇ ਸਥਾਨ 'ਤੇ ਲੱਗਣ ਵਾਲ਼ੇ ਮੇਲੇ ਵਿੱਚ ਸ਼ਮੂਲੀਅਤ ਕਰਦੇ ਹਨ ਅਤੇ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਜਠੇਰਾ-ਪੂਜਾ ਤੋਂ ਇਲਾਵਾ ਇਸੇ ਪਿੰਡ ਦੇ ਕੁਝ ਸਰਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**14. ਸਰਕਾਰੀਆ –** ਖੇਤਰੀ ਸਰਵੇਖਣ ਦੇ ਦੌਰਾਨ ਧੌਲ ਕਲਾਂ ਵਿਖੇ ਉਲੀਕੇ ਗਏ ਗੋਤ ਸਰਕਾਰੀਆ ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ, ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**15. ਹੁੰਝਣ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ ਵਿੱਚ ਪਾਏ ਗਏ ਹੁੰਝਣ ਗੋਤ ਦੇ ਲੋਕਾਂ ਨੂੰ ਜਦ ਉਹਨਾਂ ਦੇ ਜਠੇਰੇ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**16. ਹੁੰਦਲ –** ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ, ਵਨ ਚਿੜੀ, ਨੱਥੂਪੁਰਾ, ਮਹਿਮਾ, ਝੀਤਾ ਕਲਾਂ ਵਿੱਚ ਪਾਏ ਗਏ ਗੋਤ ਹੁੰਦਲ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਜੋਗਾ ਸਿੰਘ ਵਾਲਾ ਦੇ ਕੁਝ ਹੁੰਦਲ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਕੁਝ 'ਬਾਬਾ ਦੁਲਚੀ' ਨੂੰ ਮੰਨਦੇ ਹਨ। ਬਾਬਾ ਦੁਲਚੀ ਦੇ ਸਥਾਨ 'ਤੇ ਲੱਗਣ ਵਾਲ਼ੇ ਮੇਲੇ ਦੌਰਾਨ ਉਹ ਸ਼ਰਧਾ ਮੁਤਾਬਿਕ ਚੜ੍ਹਾਵਾ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ। ਉਂਝ ਉਹਨਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਸ਼ੇਰ ਸਿੰਘ' ਹੈ, ਪਰ ਉਹ ਉਸਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬੋਤਾ ਦੇ ਹੁੰਦਲ ਗੋਤ ਦੇ ਲੋਕਾਂ ਦਾ ਵੀ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਹਰਨਾਮ ਸਿੰਘ' ਹੈ, ਪਰ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਪਿੰਡ ਫਤਾਹਪੁਰ ਦੇ ਹੁੰਦਲ 'ਬਾਬਾ ਸੱਚੀ ਦਾਹੜੀ ਵਾਲੇ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਮਨੌਤ ਸਮੇਂ ਜੂਨ ਮਹੀਨੇ ਵਿੱਚ ਲੱਗਣ ਵਾਲ਼ੇ ਮੇਲੇ ਦੌਰਾਨ ਉਹ ਕੜਾਹ-ਪ੍ਰਸ਼ਾਦ ਦੀ ਦੇਗ ਬਾਬਾ ਜੀ ਨੂੰ ਭੇਟ ਕਰਦੇ ਹਨ। ਪਿੰਡ ਝੀਤਾ ਕਲਾਂ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਮਹਿਮਾ ਪਿੰਡ ਦੇ ਹੁੰਦਲ 'ਸ਼ਹੀਦਾਂ ਦੀ ਜਗ੍ਹਾ' 'ਤੇ ਪੂਜਾ ਕਰਦੇ ਹਨ। ਉਹ ਆਪਣੇ ਪਿੰਡ ਵਿਖੇ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਸ਼ਹੀਦਾਂ ਨੂੰ ਮੱਥਾ ਟੇਕਦੇ, ਕਿਸੇ ਵੀ ਰੰਗ ਦਾ ਕੱਪੜਾ ਚੜ੍ਹਾਉਂਦੇ ਅਤੇ ਕੜਾਹ-ਪ੍ਰਸ਼ਾਦ ਦੀ ਦੇਗ ਵੰਡਦੇ ਹਨ। ਵਨ ਚਿੜੀ ਪਿੰਡ ਦੇ ਹੁੰਦਲ ਗੋਤ ਦੇ ਲੋਕਾਂ ਦੀ ਗੱਲ ਕਰੀਏ ਤਾਂ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਗੁਰਮੁਖ ਸਿੰਘ' ਹੈ, ਪ੍ਰੰਤੂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਜਦ ਕਿ ਪਿੰਡ ਨੱਥੂਪੁਰਾ ਦੇ ਹੁੰਦਲ 'ਬਾਬਾ ਹਦੂਰੀ' ਦੀ ਮੰਨ-ਮਨੌਤ ਲਈ ਪਿੰਡ ਮਾਲੂਵਾਲ ਵਿਖੇ ਜਾਂਦੇ ਹਨ। ਚੜ੍ਹਾਵੇ ਵਜੋਂ ਗੁੜ, ਚੂਰਮਾ, ਕੜਾਹ-ਪ੍ਰਸ਼ਾਦ, ਕੱਪੜਾ ਆਦਿ ਚੜ੍ਹਾਉਂਦੇ ਹਨ ਅਤੇ ਹਾੜ੍ਹ ਮਹੀਨੇ ਦੀ ਪੁੰਨਿਆ ਨੂੰ ਲੱਗਣ ਵਾਲ਼ੇ ਮੇਲੇ 'ਤੇ ਮੱਥਾ ਟੇਕਣ ਜਾਂਦੇ ਹਨ।

**17. ਕੁਹਾਰ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਟਲੀ ਵਿੱਚ ਪਾਏ ਗਏ ਗੋਤ ਕੁਹਾਰ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਬਾਰੇ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਉਹ 'ਰਾਧਾ ਸਿੰਘ' ਨੂੰ ਆਪਣਾ ਜਠੇਰਾ ਦੱਸਦੇ ਹਨ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨਮਿੱਤ ਕੋਈ ਮਿੱਟੀ ਨਹੀਂ ਕੱਢਦੇ।

**18. ਕੁਹਾੜ –** ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਮਾਨਪੁਰਾ, ਗੌਂਸਾਬਾਦ, ਮੂਧਲ ਅਤੇ ਬੋਪਾਰਾਏ ਵਿੱਚ ਪਾਏ ਗਏ ਗੋਤ ਕੁਹਾੜ ਨਾਲ਼ ਸੰਬੰਧਿਤ ਪਿੰਡ ਬੋਪਾਰਾਏ ਦੇ ਕੁਹਾੜ ਗੋਤ ਦੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹਨਾਂ ਦਾ ਜਠੇਰਾ 'ਬਾਬਾ ਰਮਦਾਸ' ਹੈ ਜਿਸ ਦਾ ਸਥਾਨ ਪਿੰਡ ਵਿਖੇ ਹੀ ਬਣਿਆ ਹੋਇਆ ਹੈ ਜਿੱਥੇ ਕਿ ਦੇਸੀ ਮਹੀਨੇ 5 ਪੋਹ ਨੂੰ ਮੇਲਾ ਲੱਗਦਾ ਹੈ। ਇੱਥੇ ਉਹ ਕੜਾਹ-ਪ੍ਰਸ਼ਾਦ ਅਤੇ ਮਠਿਆਈ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ ਜਦ ਕਿ ਗੌਂਸਾਬਾਦ ਪਿੰਡ ਦੇ ਕੁਹਾੜ ਮਜੀਠੀਆ ਪਿੰਡ ਵਿਖੇ ਜਾ ਕੇ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ।

**19. ਕੰਬੋਜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਸੋਹੀਆਂ ਖੁਰਦ ਵਿੱਚ ਪਾਏ ਗਏ ਕੰਬੋਜ ਗੋਤ ਨਾਲ਼ ਸੰਬੰਧਿਤ ਲੋਕਾਂ ਨੂੰ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**20. ਕਰੋਨਾਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਡਡੀਆਂ ਵਿੱਚ ਪਾਏ ਗਏ ਕਰੋਨਾਲ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**21. ਕਸ਼ਯਪ ਰਾਜਪੂਤ –** ਖੇਤਰੀ ਸਰਵੇਖਣ ਦੇ ਦੌਰਾਨ ਕਸ਼ਯਪ ਰਾਜਪੂਤ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਸੋਹੀਆਂ ਖੁਰਦ ਵਿੱਚ ਮਹਿਰਾ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਕਸ਼ਯਪ ਰਾਜਪੂਤਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**22. ਗੁਜਰਾਲ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਫਤਾਹਪੁਰ ਵਿੱਚ ਅਰੋੜਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਪਿੰਡ ਫਤਾਹਪੁਰ ਦੇ ਗੁਜਰਾਲ ਗੋਤ ਦੇ ਲੋਕਾਂ ਦਾ ਕਹਿਣਾ ਸੀ ਕਿ ਉਹ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**23. ਗਿੱਲ –** ਗਿੱਲ ਗੋਤ ਦੇ ਜਠੇਰੇ ਅਤੇ ਚੜ੍ਹਾਵੇ ਸੰਬੰਧੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ:

> ਮੋਗਾ ਤਹਿਸੀਲ ਦੇ ਰਾਜਿਆਨਾ (ਸੰਭਾਵਤ ਰਾਜੇਆਣਾ) ਦੇ ਸਥਾਨ 'ਤੇ, ਜਿੱਥੇ ਰਾਜਿਆਨਾ ਦਾ ਮੰਦਰ ਹੈ, ਗਿੱਲ ਚੇਤਰ ਦੀ ਚੌਦੇਂ ਨੂੰ, ਆਪਣੇ ਪੂਰਵਜ਼ 'ਰਾਜਿਆਨਾ' ਨੂੰ ਪੂਜਦੇ ਹਨ। ਜਾਪਦਾ ਹੈ ਕਿ ਇਹ ਇਸ ਨੂੰ 'ਰਾਜਾ ਪੀਰ' ਵੀ ਕਹਿੰਦੇ ਹਨ ਅਤੇ ਇਸ ਨਾਂ ਨੂੰ ਵੈਰਾਸੀ ਗਿੱਲਾਂ ਵੱਲੋਂ ਖਾਸ ਤੌਰ 'ਤੇ ਪਸੰਦ ਕੀਤਾ ਜਾਂਦਾ ਹੈ। ਜੀਂਦ ਵਿੱਚ ਇਨ੍ਹਾਂ ਦਾ ਜਠੇਰਾ 'ਸੂਰਤ ਰਾਮ' ਹੈ, ਜਿਸ ਦੀ ਸਮਾਧ ਪਟਿਆਲ਼ੇ ਵਿੱਚ ਬਾਜੇਵਾਲ਼ਾ ਦੇ ਸਥਾਨ 'ਤੇ ਹੈ ਅਤੇ ਚੜ੍ਹਾਵੇ ਵਜੋਂ ਬੱਕਰਾ ਤੇ ਗੁੜ ਭੇਟ ਕੀਤੇ ਜਾਂਦੇ ਹਨ, ਜੋ ਮਿਰਾਸੀਆਂ ਵੱਲੋਂ ਲਏ ਜਾਂਦੇ ਹਨ। ਫ਼ਿਰੋਜ਼ਪੁਰ ਦੇ ਖੇਤਰ ਵਿੱਚ ਕਾਫੀ ਗਿੱਲ 'ਸਖੀ ਸਰਵਰ' ਦੇ ਸੇਵਕ ਹਨ। ਵਿਆਹ-ਸ਼ਾਦੀ ਵੇਲੇ ਜੰਡੀ ਵੱਢਣ ਤੇ ਛੱਪੜ ਤੋਂ ਮਿੱਟੀ ਕੱਢਣ ਆਦਿ ਦੀਆਂ ਰਸਮਾਂ ਵੀ ਕਰਦੇ ਹਨ। (130)

ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡਾਂ ਬੋਤਾ, ਵਨ ਚਿੜੀ, ਗੁਰਵਾਲੀ, ਇੱਬਣ ਖੁਰਦ, ਚੱਕ ਮੁਕੰਦ, ਮਾਲੂਵਾਲ, ਖਾਪਰ ਖੇੜੀ, ਫਤਾਹਪੁਰ, ਬੱਲ ਕਲਾਂ, ਮਹਿਮਾ, ਸੁਲਤਾਨ ਵਿੰਡ, ਵਰਪਾਲ, ਚੱਬਾ ਵਿੱਚ ਪਾਏ ਗਏ ਗੋਤ ਗਿੱਲ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਫਤਾਹਪੁਰ, ਵਰਪਾਲ ਖੁਰਦ, ਮਹਿਮਾ, ਵਨ ਚਿੜੀ ਦੇ ਗਿੱਲ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਬੋਤਾ ਦੇ

ਗਿੱਲ 'ਸ਼ਾਹਪੀਰ' ਨੂੰ ਮੰਨਦੇ ਹਨ। ਮਨੌਤ ਵਜੋਂ ਉਹ ਚਿਰਾਗ ਲਾਉਂਦੇ ਅਤੇ ਗੁੜ ਵਾਲ਼ੇ ਚੌਲ ਚੜ੍ਹਾਉਂਦੇ ਹਨ। ਸ਼ਾਹਪੀਰ ਦੇ ਸਥਾਨ 'ਤੇ ਹਾੜ ਮਹੀਨੇ ਵਿੱਚ ਮੇਲਾ ਵੀ ਲੱਗਦਾ ਹੈ। ਵਰਪਾਲ ਦੇ ਕੁਝ ਗਿੱਲ ਗੋਤ ਦੇ ਲੋਕ 'ਵੱਸਣ ਸਿੰਘ' ਨੂੰ ਮੰਨਦੇ ਹਨ। ਚੜ੍ਹਾਵੇ ਵਜੋਂ ਬਾਬੇ ਦੇ ਨਾਂ ਦੀ ਪੰਜ ਕਾਪੜੀ, ਸਫੈਦ ਰੰਗ ਦਾ ਕੱਪੜਾ ਅਤੇ ਸੰਤਰੀ ਰੰਗ ਦੀ ਪੱਗ, ਕੜਾਹ ਆਦਿ ਭੇਟ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਵਰਪਾਲ ਦੇ ਕੁਝ ਗਿੱਲ 'ਬਾਬਾ ਬੱਗਾ' ਨੂੰ ਮੰਨਦੇ ਹਨ। ਪਿੰਡ ਦੇ ਨਜ਼ਦੀਕ ਹੀ ਬਣੀ ਬਾਬੇ ਦੀ ਜਗ੍ਹਾ 'ਤੇ ਮੱਥਾ ਟੇਕਦੇ ਹਨ ਜਿੱਥੇ ਕਿ ਫੱਗਣ ਮਹੀਨੇ ਦੀ ਮੱਸਿਆ ਨੂੰ ਮੇਲਾ ਵੀ ਲੱਗਦਾ ਹੈ। ਇਸੇ ਪਿੰਡ ਦੇ ਕੁਝ ਗਿੱਲ ਆਪਣੇ ਪਿੰਡ ਤੋਂ 2 ਕਿਲੋਮੀਟਰ ਦੂਰ ਪਿੰਡ ਬੁੱਢੇਆਣਾ ਵਿਖੇ ਮੱਥਾ ਟੇਕਣ ਜਾਂਦੇ ਹਨ। ਪਿੰਡ ਫਤਾਹਪੁਰ ਦੇ ਗਿੱਲ 'ਮਾਤਾ ਦੇਵਾ ਜੀ' ਨੂੰ ਮੰਨਦੇ ਹਨ ਅਤੇ ਸ਼ਿੰਗਾਰ ਦਾ ਸਮਾਨ ਭੇਂਟ ਕਰਦੇ ਹਨ ਜਦ ਕਿ ਅਤੇ ਕੁਝ 'ਪੀਰਾਂ' ਦੀ ਮੰਨ-ਮਨੌਤ ਲਈ ਫਗਵਾੜੇ ਜਾਂਦੇ ਹਨ। ਸੁਲਤਾਨਵਿੰਡ ਪਿੰਡ ਦੇ ਗਿੱਲ 'ਪੀਰ ਬਾਬਾ ਮੁਸੱਲਾ' ਨੂੰ ਮੰਨਦੇ ਹਨ ਅਤੇ ਚੜ੍ਹਾਵੇ ਵਜੋਂ ਨਿਆਜ਼ ਅਤੇ ਕੱਪੜਾ ਚੜ੍ਹਾਉਂਦੇ ਹਨ ਅਤੇ ਆਪਣੇ ਪਿੰਡ ਵਿੱਚ ਹੀ 2 ਜੂਨ ਨੂੰ ਲੱਗਣ ਵਾਲ਼ੇ ਮੇਲੇ ਵਿੱਚ ਸ਼ਾਮਿਲ ਹੁੰਦੇ ਹਨ। ਪਿੰਡ ਮਾਲੂਵਾਲ ਦੇ 'ਬਾਬਾ ਹਦੂਰੀ' ਨੂੰ ਆਪਣੇ ਪਿੰਡ ਵਿੱਚ ਹੀ ਆਪਣਾ-ਜਠੇਰਾ ਮੰਨਦੇ ਹੋਏ ਪੂਜਦੇ ਹਨ ਅਤੇ ਕੁਝ ਗਿੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਇੱਬਣ ਖੁਰਦ ਦੇ ਗਿੱਲ 'ਬਾਬਾ ਬਾਲਕ ਨਾਥ' ਨੂੰ ਮੰਨਦੇ ਹਨ ਜਿਸਦਾ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਹੈ। ਇੱਥੇ ਉਹ ਮੱਥਾ ਟੇਕਣ ਜਾਂਦੇ ਅਤੇ ਮੁਰਾਦਾਂ ਦੀ ਪੂਰਤੀ ਲਈ ਮੰਨਤਾਂ ਮੰਗਦੇ ਹਨ।

**24. ਘੁਸਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਚੱਬਾ, ਚੱਕ ਮੁਕੰਦ, ਫਤਾਹਪੁਰ, ਭਕਨਾ, ਚਾਟੀਵਿੰਡ ਵਿੱਚ ਪਾਏ ਗਏ ਗੋਤ ਘੁਸਰ ਵਿੱਚੋਂ ਪਿੰਡ ਚੱਬਾ, ਚੱਕ ਮੁਕੰਦ ਦੇ ਘੁਸਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਭਕਨਾ ਦੇ ਘੁਸਰ 'ਮਸੀਹ' ਨੂੰ ਮੰਨਦੇ ਹਨ ਅਤੇ ਪਿੰਡ ਚਾਟੀਵਿੰਡ ਦੇ ਘੁਸਰ 'ਬਾਬਾ ਰੇਖੜ' ਅਤੇ 'ਪੀਰ ਬਾਬਾ' ਨੂੰ ਮੰਨਦੇ ਹਨ। ਪਿੰਡ ਚਾਟੀਵਿੰਡ ਦੇ ਘੁਸਰ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਆਪਣੇ ਪਿੰਡ ਵਿੱਚ ਹੀ ਚੇਤ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ 'ਬਾਬਾ ਰੇਖੜ' ਨੂੰ ਮੱਥਾ ਟੇਕਦੇ ਹਨ ਅਤੇ ਲੰਗਰ ਭੇਟ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਫਤਾਹਪੁਰ ਦੇ ਘੁਸਰ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਉਹਨਾਂ ਦੇ ਲੋਕ-ਮਨ ਨੂੰ ਟੋਹਣ 'ਤੇ ਉਹਨਾਂ ਨੇ ਦੱਸਿਆ ਕਿ ਪਿੰਡ ਵਿੱਚ ਗੁੱਗਾ ਪੀਰ ਦੀ ਜਗ੍ਹਾ ਨਿਕਲਣ ਕਰਕੇ ਉਹਨਾਂ ਦੀ ਪੀਰ ਗੁੱਗਾ ਪ੍ਰਤੀ ਸ਼ਰਧਾ ਵਧੀ ਜਿਸਦੇ ਨਤੀਜੇ ਵਜੋਂ ਸ਼ਰਧਾ ਵੱਸ ਹੋ ਕੇ ਉਹਨਾਂ ਨੇ ਗੁੱਗਾ ਪੀਰ ਦੀ ਮਨੌਤ ਕਰਨੀ ਸ਼ੁਰੂ ਕਰ ਦਿੱਤੀ। ਪੀਰ ਦੀ ਦਰਗਾਹ 'ਤੇ ਉਹ ਹਰੇ ਰੰਗ ਦੀ ਚਾਦਰ ਚੜ੍ਹਾਉਂਦੇ ਅਤੇ 28 ਭਾਦੋਂ ਨੂੰ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਪੀਰ ਨੂੰ ਸਿਜਦਾ ਕਰਦੇ ਹਨ।

**25. ਘੁੱਸੜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਫਤਾਹਪੁਰ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਇਸ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**26. ਘੋਗੇ –** ਖੋਜ ਕਾਰਜ ਦੇ ਅੰਤਰਗਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਡਡੀਆਂ ਵਿੱਚ ਪਾਏ ਗਏ ਘੋਗੇ ਗੋਤ ਦੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ। ਉਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**27. ਚੌਹਾਨ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਚੱਕ ਮੁਕੰਦ ਦੀ ਜੱਟ ਬਰਾਦਰੀ ਵਿੱਚ ਪਾਏ ਗਏ ਗੋਤ ਚੌਹਾਨ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ।

**28. ਚਾਹਲ –** ਖੋਜ-ਕਾਰਜ ਦੇ ਅੰਤਰਗਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਮਾਲੂਵਾਲ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਚਾਹਲ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਚਾਹਲ ਗੋਤ ਵਾਲ਼ੇ ਲੋਕ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਅਨੁਸਾਰ:

> ਜੋਗੀ ਪੀਰ ਚਾਹਿਲਾਂ ਦਾ ਜਠੇਰਾ ਸੀ ਅਤੇ ਇਹ ਉਸ ਦੀ ਪਵਿੱਤਰ ਯਾਦ ਅਤੇ ਸਤਿਕਾਰ ਵਿੱਚ ਅੱਸੂ ਦੇ ਚੌਥੇ ਨਰਾਤੇ ਨੂੰ ਮੇਲਾ ਲਾਉਂਦੇ ਹਨ। ਇਹ ਸਥਾਨ ਰੁੱਖਾਂ ਦੇ ਝੁੰਡਾਂ ਵਿੱਚ ਹੈ ਅਤੇ ਗਾਂ ਦਾ ਦੁੱਧ, ਫਸਲ ਦਾ ਪਹਿਲਾ ਅਨਾਜ ਅਤੇ ਫਲ਼ ਪੀਰ ਦੀ ਭੇਟਾ ਕੀਤੇ ਬਿਨਾ ਇਹ ਵਰਤਦੇ ਨਹੀਂ ਹਨ। ਇਸ ਨੂੰ ਪੀਰ ਕਿਹਾ ਜਾਂਦਾ ਹੈ। ਪੂਜਾ ਦੇ ਢੰਗ ਨੂੰ ਸ਼ੈਵ ਦੇ ਮੂਲ ਚਿੰਨ੍ਹ ਨੂੰ ਵਰਤਣ ਕਾਰਨ ਇਸ ਨੂੰ ਜੋਗੀ ਕਿਹਾ ਜਾਂਦਾ ਹੈ। (138)

**29. ਚੇਤ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਰਾਮਤੀਰਥ ਵਿਖੇ ਬੈਰਾਗੀ ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਵਿੱਚ ਪਾਏ ਗਏ ਚੇਤ ਗੋਤ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ 'ਬਾਬਾ ਬਾਲਮੀਕ' ਨੂੰ ਮੰਨਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਬਾਬਾ ਬਾਲਮੀਕ ਦੀ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਹੈ ਅਤੇ ਉਹ ਚੜ੍ਹਾਵੇ ਵਜੋਂ ਪ੍ਰਸ਼ਾਦ ਚੜ੍ਹਾ ਕੇ ਬਾਬਾ ਬਾਲਮੀਕ ਨੂੰ ਮੱਥਾ ਟੇਕਦੇ ਹਨ।

**30. ਚੀਮਾ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸੁਲਤਾਨਵਿੰਡ ਵਿਖੇ ਪਾਏ ਗਏ ਗੋਤ ਚੀਮਾ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**31. ਛਪਰੀਬਨ੍ਹ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਰਾਮਪੁਰਾ ਬਾਵਿਆਂ ਕਾ, ਭਕਨਾ ਅਤੇ ਖਾਸਾ ਪਿੰਡਾਂ ਵਿੱਚ ਪਾਏ ਗਏ ਗੋਤ ਛਪਰੀਬਨ੍ਹ ਵਿੱਚੋਂ ਪਿੰਡ ਭਕਨਾ ਦੇ ਛਪਰੀਬਨ੍ਹ ਗੋਤ ਵਾਲ਼ੇ ਲੋਕਾਂ ਪਾਸੋਂ ਜਠੇਰਾ-ਪੂਜਾ ਬਾਬਤ ਪੁੱਛਣ 'ਤੇ ਉਹਨਾਂ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਛਪਰੀਬਨ੍ਹ ਆਪਣੇ ਪਿੰਡ ਵਿੱਚ ਹੀ 'ਮਾਤਾ ਰਾਣੀ' ਦੀ ਪੂਜਾ-ਅਰਾਧਨਾ ਕਰਦੇ ਹਨ ਅਤੇ ਮਾਤਾ ਨੂੰ ਚੁੰਨੀ ਭੇਟ ਕਰਦੇ ਹਨ ਜਦ ਕਿ ਖਾਸਾ ਪਿੰਡ ਦੇ ਕੁਝ

ਛਪਰੀਬਨ੍ਹ ਪਿੰਡ ਬੋਪਾਰਾਏ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਜਿੱਥੇ ਉਹ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਦੇ ਹਨ।

**32. ਛੜਾ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਬੱਲ ਕਲਾਂ ਪਿੰਡ ਵਿੱਚ ਪਾਏ ਗਏ ਛੜਾ ਗੋਤ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**33. ਜੈਲਦਾਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸੋਹੀਆਂ ਖੁਰਦ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਜੈਲਦਾਰ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਬਾਬਤ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**34. ਝੰਡੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਡਡੀਆਂ ਵਿੱਚ ਪਾਏ ਗਏ ਝੰਡੇ ਗੋਤ ਨਾਲ਼ ਸੰਬੰਧਿਤ ਰਾਏ ਸਿੱਖ ਬਰਾਦਰੀ ਦੇ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਕਿ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**35. ਡੇਨ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਰਾਮਤੀਰਥ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਡੇਨ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਜਾਂ ਪੂਜਦੇ ਸਗੋਂ 'ਬਾਬਾ ਬਾਲਮੀਕ' ਦੀ ਮਨੌਤ ਕਰਦੇ ਹਨ। ਅੱਸੂ ਜਾਂ ਕੱਤਕ ਦੇ ਮਹੀਨੇ ਬਾਬਾ ਬਾਲਮੀਕ ਦੇ ਸਥਾਨ 'ਤੇ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਉਹ ਮੱਥਾ ਟੇਕਦੇ ਅਤੇ ਫੁੱਲੀਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ।

**36. ਢਿੱਲੋਂ –** ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਢਿੱਲੋਂ ਗੋਤ ਦੇ ਜਠੇਰੇ ਸੰਬੰਧੀ ਲਿਖਦੇ ਹਨ:

> ਲੁਧਿਆਣੇ ਖੇਤਰ ਵਿੱਚ ਇੱਕ ਪਿੰਡ ਦਾ ਨਾਂ ਢਿੱਲੋਂ ਹੈ। ਉੱਥੇ ਇਹਨਾਂ ਨੇ ਆਪਣੇ ਜਠੇਰੇ ਬਾਬਾ ਜੀ ਦਾ ਮੱਠ ਬਣਾਇਆ ਹੈ। ਇਸ ਥਾਂ ਦਿਵਾਲੀ 'ਤੇ ਆਪਣੇ ਜਠੇਰੇ ਦੀ ਪੂਜਾ ਕੀਤੀ ਜਾਂਦੀ ਹੈ। ਪੁੱਤਰ ਦੇ ਜਨਮ ਤੇ ਵਿਆਹ ਦੀ ਖੁਸ਼ੀ ਵਿੱਚ ਗੁੜ ਆਦਿ ਚੜ੍ਹਾਵਾ ਦਿੱਤਾ ਜਾਂਦਾ ਹੈ। ਇਹ ਸਾਰੀ ਪੂਜਾ ਬ੍ਰਾਹਮਣ ਨੂੰ ਦਿੱਤੀ ਜਾਂਦੀ ਹੈ। ਸਿਆਲਕੋਟ ਦੇ ਖੇਤਰ ਵਿੱਚ ਢਿੱਲੋਂ ਬਰਾਦਰੀ ਦਾ ਜਠੇਰਾ 'ਦਾਹੂਦ ਸ਼ਾਹ' ਸੀ। ਵਿਆਹਾਂ ਮੌਕੇ ਇਸ ਦੀ ਮਾਨਤਾ ਕੀਤੀ ਜਾਂਦੀ ਸੀ। (98)

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਧੌਲ ਕਲਾਂ, ਮੁੱਲਾ ਬਹਿਰਾਮ, ਬਾਸਰਕੇ, ਰਾਮੂਵਾਲ, ਖਾਪਰ ਖੇੜੀ, ਕੀਰਤਨਗੜ੍ਹ ਥਾਂਦੇ, ਥਾਂਦੇ ਖੁਰਦ, ਫਤਾਹਪੁਰ, ਮੂਧਲ, ਜਹਾਂਗੀਰ, ਗੁਮਾਨਪੁਰਾ ਵਿੱਚ ਪਾਏ ਗਏ ਗੋਤ ਢਿੱਲੋਂ ਵਿੱਚੋਂ ਪਿੰਡ ਧੌਲ ਕਲਾਂ, ਖਾਪਰ ਖੇੜੀ, ਥਾਂਦੇ ਖੁਰਦ, ਰਾਮੂਵਾਲ, ਮੂਧਲ ਦੇ ਢਿੱਲੋਂ ਦੇ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ

ਨੂੰ ਮੰਨਦੇ ਹਨ। ਪਿੰਡ ਖਾਪਰ ਖੇੜੀ ਦੇ ਕੁਝ ਢਿੱਲੋਂ 'ਪੀਰ ਬਾਬਾ ਵਡਾਲੀ' ਨੂੰ ਮੰਨਦੇ ਹਨ ਅਤੇ ਉਸਦੀ ਜਗ੍ਹਾ 'ਤੇ ਹਰੇ ਰੰਗ ਦਾ ਕੱਪੜਾ ਅਤੇ ਮਿੱਠੇ ਚੌਲ, ਮਠਿਆਈ ਆਦਿ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਉਹ ਵਿਆਹ-ਸ਼ਾਦੀ ਮੌਕੇ ਇਸ ਜਗ੍ਹਾ ਤੇ ਨਵੀਂ ਵਿਆਹੀ ਜੋੜੀ ਦਾ ਮੱਥਾ ਵੀ ਟਿਕਾਉਂਦੇ ਹਨ। ਇਹਨਾਂ ਪਿੰਡਾਂ ਵਿੱਚੋਂ ਹੀ ਪਿੰਡ ਗੁਮਾਨਪੁਰਾ ਦੇ ਢਿੱਲੋਂ 'ਬਾਬਾ ਦੁੰਦੂਰਾਮ' ਅਤੇ 'ਬਾਬਾ ਸ਼ਾਹਦਾਨਾ' ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮੰਨ-ਮਨੌਤ ਕਰਦੇ ਹਨ। ਚੜ੍ਹਾਵੇ ਵਜੋਂ ਉਹ ਪੰਜੀਰੀ, ਨਿਆਜ਼ ਆਦਿ ਚੜ੍ਹਾਉਂਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਰੱਖੜ ਪੁੰਨਿਆ ਤੋਂ 9 ਦਿਨ ਮਗਰੋਂ ਬਾਬਾ ਦੁੰਦੂਰਾਮ ਦੇ ਸਥਾਨ 'ਤੇ ਮੇਲਾ ਲੱਗਦਾ ਹੈ ਅਤੇ ਅੱਸੂ ਮਹੀਨੇ ਦੇ ਸਰਾਧਾਂ ਵਿੱਚ ਬਾਬਾ ਸ਼ਾਹਦਾਨਾ ਦੇ ਸਥਾਨ 'ਤੇ।

ਜ਼ਿਲ੍ਹਾ ਫਰੀਦਕੋਟ ਵਿੱਚ ਢਿੱਲਵਾਂ ਕਲਾਂ ਅਤੇ ਢਿੱਲਵਾਂ ਖੁਰਦ ਨਾਮਕ ਪਿੰਡ ਹਨ। ਢਿੱਲਵਾਂ ਪਿੰਡ ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵੀ ਹੈ। ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਢਿੱਲਵਾਂ ਨਾਕਾ ਵੀ ਇਸੇ ਗੋਤ ਨਾਲ਼ ਜੁੜਦੇ ਹਨ।

**37. ਤੋਤੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਬੱਲ ਕਲਾਂ ਵਿਖੇ ਪਾਏ ਗਏ ਗੋਤ ਤੋਤੇ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**38. ਤੀਂਦੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਧੌਲ ਕਲਾਂ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਤੀਂਦੇ ਦੇ ਲੋਕਾਂ ਕੋਲ਼ੋਂ ਜਠੇਰੇ ਬਾਰੇ ਪੁੱਛਣ 'ਤੇ ਇਸ ਪਿੰਡ ਦੇ ਤੀਂਦੇ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ 'ਬਾਬਾ ਕਰੀਰ' ਨੂੰ ਮੰਨਦੇ ਹਨ ਜਿਸ ਦਾ ਸਥਾਨ ਉਹਨਾਂ ਦੇ ਆਪਣੇ ਪਿੰਡ ਵਿੱਚ ਹੀ ਨਹਿਰ ਤੋਂ ਪਾਰ ਬਣਿਆ ਹੋਇਆ ਹੈ। ਇੱਥੇ ਉਹ ਮੱਥਾ ਟੇਕਦੇ ਅਤੇ ਵਿਆਹ-ਸ਼ਾਦੀ ਸਮੇਂ ਜਾ ਕੇ ਮਠਿਆਈ, ਪ੍ਰਸ਼ਾਦ, ਫੁੱਲੀਆਂ ਆਦਿ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**39. ਧੀਂਗੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜੋਗਾ ਸਿੰਘ ਵਾਲਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਧੀਂਗੇ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਹਾਦਰ ਸਿੰਘ' ਹੈ, ਪਰ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**40. ਨਾਹਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਪਠਾਣੀਆਂ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਨਾਹਰ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿਖੇ ਹੀ ਮੰਨ-ਮਨੌਤ ਕਰਦੇ ਸਨ, ਪਰ ਹੁਣ ਨਹੀਂ ਕਰਦੇ ਅਤੇ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**41. ਪੁਸੇਂ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਚੱਬਾ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਪੁਸੇਂ ਦੇ ਲੋਕਾਂ ਕੋਲ਼ੋਂ ਜਠੇਰਾ-ਪੂਜਾ ਬਾਬਤ ਪੁੱਛਣ 'ਤੇ ਉਹਨਾਂ ਨੇ

ਦੱਸਿਆ ਕਿ ਉਹ 'ਬਾਬਾ ਨਾਗਾ' ਨੂੰ ਮੰਨਦੇ ਹਨ। ਪਹਿਲਾਂ ਉਹ ਬਾਬੇ ਦੇ ਸਥਾਨ 'ਤੇ ਲੱਗਣ ਵਾਲ਼ੇ ਮੇਲੇ ਉੱਪਰ ਮਿੱਟੀ ਕੱਢਦੇ ਸਨ ਪਰ ਹੁਣ ਨਹੀਂ।

**42. ਪਠਾਣ –** ਖੇਤਰੀ ਸਰਵੇਖਣ ਦੇ ਦੌਰਾਨ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਚੱਕ ਮੁਕੰਦ ਵਿੱਚ ਪਾਏ ਗਏ ਗੋਤ ਪਠਾਣ ਨਾਲ਼ ਚੱਕ ਸੰਬੰਧਿਤ ਮਜ਼੍ਹਬੀ ਸਿੱਖ ਬਰਾਦਰੀ ਦੇ ਲੋਕਾਂ ਵਿੱਚੋਂ ਕੁਝ 'ਬਾਬਾ ਬਾਲਮੀਕ' ਨੂੰ ਮੰਨਦੇ ਹਨ ਅਤੇ ਕੁਝ 'ਬਾਬਾ ਲਾਲ ਸ਼ਾਹ' ਨੂੰ ਮੰਨਦੇ ਹਨ।

**43. ਪੰਨੂ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ ਅਤੇ ਫਤਾਹਪੁਰ ਵਿਖੇ ਪਾਏ ਗਏ ਗੋਤ ਪੰਨੂ ਵਿੱਚੋਂ ਪਿੰਡ ਗੁਰਵਾਲੀ ਦੇ ਪੰਨੂ ਕਿਸੇ ਜਠੇਰੇ ਨੰ ਪੂਜਣ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**44. ਪਨੇਸਰ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਜਹਾਂਗੀਰ ਵਿੱਚ ਪਾਏ ਗਏ ਰਾਮਗੜ੍ਹੀਆ ਬਰਾਦਰੀ ਨਾਲ਼ ਸੰਬੰਧਿਤ ਗੋਤ ਪਨੇਸਰ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਚੰਦ ਪੀਰ ਨਾਥ' ਨੂੰ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਵਜੋਂ ਮੰਨਦੇ ਹਨ। ਚੜ੍ਹਾਵੇ ਵਜੋਂ ਤੇਲ, ਨਿਆਜ਼ ਅਤੇ ਚਿਰਾਗ ਜਗਾਇਆ ਜਾਂਦਾ ਹੈ।

**45. ਪਰਜਾਪੱਤ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਰਾਮੂਵਾਲ, ਝੀਤਾ ਕਲਾਂ ਅਤੇ ਸੁਲਤਾਨਵਿੰਡ ਦੀ ਘੁਮਿਆਰ ਬਰਾਦਰੀ ਵਿੱਚ ਪਾਏ ਗਏ ਗੋਤ ਪਰਜਾਪੱਤ ਵਿੱਚੋਂ ਪਿੰਡ ਰਾਮੂਵਾਲ ਅਤੇ ਝੀਤਾ ਕਲਾਂ ਦੇ ਪਰਜਾਪੱਤ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਅਤੇ ਵਿਆਹ-ਸ਼ਾਦੀ ਮੌਕੇ ਰਾਮਪੁਰਾ ਵਿਖੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਸੁਲਤਾਨਵਿੰਡ ਦੇ ਪਰਜਾਪੱਤ 'ਬਾਬਾ ਮੁਸੱਦਾ' ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਚੜ੍ਹਾਵੇ ਵਜੋਂ ਕੱਪੜਾ, ਨਿਆਜ਼ ਆਦਿ ਚੜ੍ਹਾਉਂਦੇ ਹਨ। ਪਿੰਡ ਰਾਮੂਵਾਲ ਦੇ ਪਰਜਾਪੱਤ 'ਦੇਵੀ ਮਾਤਾ' ਦੀ ਪੂਜਾ ਕਰਦੇ ਹਨ।

**46. ਫੁੱਲ ਭੁਰਜੀ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੀਰਤਨਗੜ੍ਹ ਥਾਂਦੇ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਪਾਏ ਗਏ ਗੋਤ ਫੁੱਲ ਭੁਰਜੀ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**47. ਬਹਾਲ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਕੋਟਲੀ ਦੀ ਕੁਹਾਰ ਬਰਾਦਰੀ ਵਿੱਚ ਉਲੀਕੇ ਗਏ ਗੋਤ ਬਹਾਲ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬਹਾਲ ਗੋਤ ਦੇ ਲੋਕਾਂ ਦਾ ਜਠੇਰਾ 'ਰਾਧਾ ਸਿੰਘ' ਹੈ, ਪ੍ਰੰਤੂ ਗੁਰਮਤਿ ਦੇ ਪ੍ਰਭਾਵ ਹੇਠ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**48. ਬੋਪਾਰਾਏ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਬੋਪਾਰਾਏ ਅਤੇ ਕੀਰਤਨਗੜ੍ਹ ਥਾਂਦੇ ਵਿੱਚ ਪਾਏ ਗਏ ਗੋਤ ਬੋਪਾਰਾਏ ਵਿੱਚੋਂ ਪਿੰਡ ਬੋਪਾਰਾਏ ਦੇ ਜੱਟ ਸਿੱਖਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛੇ ਜਾਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬੋਪਾਰਾਏ ਦੇ ਬੋਪਾਰਾਏ ਗੋਤ ਨਾਲ਼ ਸੰਬੰਧਿਤ ਕੁਝ ਲੋਕ 'ਬਾਬਾ ਰਮਦਾਸ' ਦੀ ਜਠੇਰੇ ਵਜੋਂ ਮਨੌਤ ਕਰਦੇ ਹਨ।

**49. ਬੰਬਰਾ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਵਰਪਾਲ ਅਤੇ ਬਾਸਰਕੇ ਵਿੱਚ ਮਿਲੇ ਗੋਤ ਬੰਬਰਾ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਵਰਪਾਲ ਵਿਖੇ ਲੁਹਾਰ ਜਾਤੀ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਤਾ ਚੱਲਿਆ ਕਿ ਉਹ 'ਕੁੱਲੀ ਵਾਲ਼ਾ ਬਾਬਾ' ਨੂੰ ਮੰਨਦੇ ਹਨ ਜਿਸਦਾ ਸਥਾਨ ਉਹਨਾਂ ਦੇ ਪਿੰਡ ਤੋਂ ਲਗਭਗ ਇੱਕ-ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਜਾ ਕੇ ਉਹ ਮੱਥਾ ਟੇਕਦੇ ਅਤੇ ਹਰ ਸਾਲ 2 ਜੇਠ ਨੂੰ ਪਿੰਡ ਵਿਖੇ ਲੱਗਣ ਵਾਲ਼ੇ ਮੇਲੇ ਵਿੱਚ ਸ਼ਾਮਿਲ ਹੁੰਦੇ ਹਨ।

**50. ਬਰੇਸੀ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਭੈਣੀ ਵਿਖੇ ਪਾਇਆ ਗਿਆ ਗੋਤ ਬਰੇਸੀ ਹਿੰਦੂ ਜਾਤੀ ਨਾਲ਼ ਸੰਬੰਧਿਤ ਹੈ। ਇਸ ਪਿੰਡ ਦੇ ਬਰੇਸੀ ਗੋਤ ਵਾਲ਼ੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਭੈਣੀ ਦੇ ਬਰੇਸੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਬਣੇ ਸਥਾਨ 'ਤੇ ਜਾ ਕੇ ਮੰਨ-ਮਨੌਤ ਕਰਦੇ ਅਤੇ ਮੱਥਾ ਟੇਕਦੇ ਹਨ।

**51. ਬਾਵਾ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜਹਾਂਗੀਰ ਵਿੱਚ ਪਾਏ ਗਏ ਗੋਤ ਬਾਵਾ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ 'ਚੰਦ ਪੀਰ ਨਾਥ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਇਸ ਦੇ ਸਥਾਨ 'ਤੇ ਉਹ ਮੱਥਾ ਟੇਕਦੇ ਅਤੇ ਚੜ੍ਹਾਵੇ ਵਜੋਂ ਮਠਿਆਈ (ਲੱਡੂ), ਨਿਆਜ਼ ਆਦਿ ਚੜ੍ਹਾਉਂਦੇ ਹਨ।

**52. ਬੱਲ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸੋਹੀਆਂ ਖੁਰਦ ਵਿਖੇ ਪਾਇਆ ਗਿਆ ਗੋਤ ਬੱਲ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ ਜਿਨ੍ਹਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**53. ਬੀੜੂ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ, ਝੀਤਾ ਕਲਾਂ ਅਤੇ ਕੀਰਤਨਗੜ੍ਹ ਥਾਂਦੇ ਵਿਖੇ ਸਾਂਹਸੀ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਬੀੜੂ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਝੀਤਾ ਕਲਾਂ ਦੇ ਬੀੜੂ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਪਿੰਡ ਵਰਪਾਲ ਦੇ ਨੇੜੇ ਗੋਹਲਵੜ੍ਹ ਵਿਖੇ ਜਾਂਦੇ ਹਨ ਜਿੱਥੇ ਕਿ ਬਾਬੇ ਦਾ ਸਥਾਨ ਸਥਿਤ ਹੈ। ਚੜ੍ਹਾਵੇ ਵਜੋਂ ਮਠਿਆਈ, ਪਤਾਸੇ ਆਦਿ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਪਿੰਡ ਗੁਰਵਾਲੀ ਦੇ ਬੀੜੂ 'ਬਾਬਾ ਬੋੜੂ' ਦੀ ਮਨੌਤ ਲਈ ਬੋੜੂ ਪਿੰਡ ਵਿਖੇ ਜਾਂਦੇ ਹਨ ਅਤੇ ਫੁੱਲੀਆਂ, ਕੜਾਹ-

ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਬਾਬੇ ਨਾਲ਼ ਸੰਬੰਧਿਤ ਮੇਲਾ ਪਿੰਡ ਬੂੜ ਸਾਹਿਬ ਵਿਖੇ 10 ਸਾਉਣ ਨੂੰ ਲੱਗਦਾ ਹੈ ਜਿੱਥੇ ਜਾ ਕੇ ਉਹ ਮੱਥਾ ਟੇਕਦੇ ਹਨ। ਜਦ ਕਿ ਪਿੰਡ ਕੀਰਤਨਗੜ੍ਹ ਥਾਂਦੇ ਦੇ ਬੀੜੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**54. ਬੂੜ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਖਾਪਰ ਖੇੜੀ ਵਿਖੇ ਪਾਏ ਗਏ ਗੋਤ ਬੀੜੂ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬੂੜ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**55. ਭੱਟੀ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜਹਾਂਗੀਰ ਵਿੱਚ ਉਲੀਕੇ ਗਏ ਗੋਤ ਭੱਟੀ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ ‘ਤੇ ਪਤਾ ਚੱਲਿਆ ਕਿ ਪਿੰਡ ਜਹਾਂਗੀਰ ਦੇ ਕੁਝ ਭੱਟੀ ਆਪਣੇ ਜਠੇਰੇ ‘ਚੰਦ ਪੀਰ ਨਾਥ’ ਦੀ ਪੂਜਾ ਆਪਣੇ ਪਿੰਡ ਵਿੱਚ ਹੀ ਕਰਦੇ ਹਨ ਅਤੇ ਪੀਰ ਨੂੰ ਖੁਸ਼ ਕਰਨ ਲਈ ਚਿਰਾਗ ਲਗਾਉਂਦੇ, ਹਰੀ ਚਾਦਰ ਚੜ੍ਹਾਉਂਦੇ ਅਤੇ ਨਿਆਜ਼ ਭੇਟ ਕਰਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ 18 ਭਾਦੋਂ ਨੂੰ ਪੀਰ ਨਾਲ਼ ਸੰਬੰਧਿਤ ਮੇਲਾ ਵੀ ਲੱਗਦਾ ਹੈ ਜਿੱਥੇ ਜਾ ਕੇ ਉਹ ਮੱਥਾ ਟੇਕਦੇ ਹਨ। ਇਸੇ ਪਿੰਡ ਜਹਾਂਗੀਰ ਦੇ ਕੁਝ ਭੱਟੀ ‘ਬਾਬਾ ਜ਼ਾਹਰਾ-ਪੀਰ’ ਦੀ ਮਨੌਤ ਕਰਦੇ ਹਨ ਅਤੇ ਨਿਆਜ਼, ਚਾਦਰ ਆਦਿ ਚੜ੍ਹਾਵੇ ਵਜੋਂ ਪੀਰ ਨੂੰ ਭੇਟ ਕਰਕੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਪਿੰਡ ਜਹਾਂਗੀਰ ਦੇ ਹੀ ਕੁਝ ਭੱਟੀ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**56. ਭੁਰਜੀ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਇੱਬਣ ਖੁਰਦ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਪਾਏ ਗਏ ਭੁਰਜੀ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**57. ਭਾਰਦਵਾਜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਭਾਰਦਵਾਜ ਗੋਤ ਰਾਮਤੀਰਥ ਦੀ ਬ੍ਰਾਹਮਣ ਬਰਾਦਰੀ ਵਿੱਚ ਪਾਇਆ ਗਿਆ ਜਿਨ੍ਹਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ ‘ਤੇ ਗੱਲਬਾਤ ਦੇ ਦੌਰਾਨ ਪਤਾ ਲੱਗਿਆ ਕਿ ਰਾਮਤੀਰਥ ਦੇ ਭਾਰਦਵਾਜ ਮਹਿਤਾ ਰੋਡ ‘ਤੇ ਸਥਿਤ ਪਿੰਡ ਚਾਟੀਵਿੰਡ ਕੋਲ਼ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਕਿਸੇ ਵੀ ਰੰਗ ਦਾ ਕੱਪੜਾ, ਖੀਰ, ਚੌਲ, ਕੜਾਹ-ਪ੍ਰਸ਼ਾਦ ਦੀ ਦੇਗ ਭੇਟ ਕੀਤੀ ਜਾਂਦੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਇਸ ਸਥਾਨ ‘ਤੇ ਜੁਲਾਈ ਮਹੀਨੇ ਵਿੱਚ ਜਠੇਰੇ ਦੀ ਯਾਦ ਵਿੱਚ ਮੇਲਾ ਵੀ ਲੱਗਦਾ ਹੈ।

**58. ਭੁੱਲਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਭੁੱਲਰ ਗੋਤ ਬਾਸਰਕੇ ਅਤੇ ਕੀਰਤਨਗੜ੍ਹ ਥਾਂਦੇ ਪਿੰਡਾਂ ਵਿੱਚ ਪਾਇਆ ਗਿਆ ਜਿਨ੍ਹਾਂ ਵਿੱਚੋਂ ਪਿੰਡ ਕੀਰਤਨਗੜ੍ਹ ਥਾਂਦੇ ਦੇ ਭੁੱਲਰ ਗੋਤ ਦੇ ਲੋਕ ਦੱਸਦੇ ਹਨ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ। ਜੁਲਾਈ-ਅਗਸਤ ਮਹੀਨੇ ਵਿੱਚ ਜਠੇਰੇ ਨਾਲ਼ ਸੰਬੰਧਿਤ ਮੇਲਾ ਵੀ ਲਗਾਇਆ ਜਾਂਦਾ ਹੈ ਜਿੱਥੇ ਚੜ੍ਹਾਵੇ ਵਜੋਂ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾਈ ਜਾਂਦੀ ਹੈ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਭੁੱਲਰ ਗੋਤ ਦੇ ਜਠੇਰੇ ਬਾਰੇ ਲਿਖਦੇ ਹਨ:

> ਜੀਂਦ ਦੇ ਜਾਟ ਭੁੱਲਰਾਂ ਦਾ ਜਠੇਰਾ 'ਕਾਲੰਜਰ' ਹੈ, ਜਿਸ ਦੀ ਸਮਾਧ 'ਮਾੜੀ' ਵਿੱਚ ਹੈ ਅਤੇ ਹਰ ਮਹੀਨੇ ਦੀ 14 ਵਦੀ (ਪੂਰਨਮਾਸ਼ੀ ਤੋਂ ਇੱਕ ਦਿਨ ਪਹਿਲਾਂ) ਨੂੰ ਏਥੇ ਦੁੱਧ ਅਰਪਿਆ ਜਾਂਦਾ ਹੈ। ਸਿਆਲਕੋਟ ਵਿੱਚ ਭੁੱਲਰਾਂ ਦਾ ਜਠੇਰਾ 'ਭੌਰਾ' ਹੈ ਜਿਸ ਦੀ ਵਿਆਹਾਂ ਸਮੇਂ ਪੂਜਾ ਹੁੰਦੀ ਹੈ। (177)

**59. ਮਹਿਰਾ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜੋਗਾ ਸਿੰਘ ਵਾਲਾ ਦੀ ਮਹਿਰਾ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਮਹਿਰਾ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਦੀ ਮਨੌਤ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਮਹਿੰਦਰ ਸਿੰਘ' ਹੈ, ਪਰ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**60. ਮਾਹਰਵਾਲੀਏ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਮਾਨਪੁਰਾ ਦੀ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਮਾਹਰਵਾਲੀਏ ਦੇ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਦੱਸਣਾ ਹੈ ਕਿ ਉਹ ਜਠੇਰੇ ਦੀ ਮਨੌਤ ਕਰਨ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**61. ਮਾਹਲਾ –** ਮਾਹਲਾ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸੁਲਤਾਨਵਿੰਡ, ਇੱਬਣ ਖੁਰਦ ਅਤੇ ਜੋਗਾ ਸਿੰਘ ਵਾਲਾ ਵਿਖੇ ਪਾਇਆ ਗਿਆ। ਗੋਤ ਮਾਹਲਾ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਪਿੰਡ ਸੁਲਤਾਨਵਿੰਡ ਦੇ ਕੁਝ ਮਾਹਲਾ ਗੋਤ ਵਾਲ਼ੇ ਲੋਕ 'ਬਾਬਾ ਮੁਸੱਲਾ' ਦੀ ਮਨੌਤ ਕਰਦੇ ਹਨ ਜਿਸ ਨਾਲ਼ ਸੰਬੰਧਿਤ ਮੇਲਾ ਜੂਨ ਮਹੀਨੇ ਵਿੱਚ ਲੱਗਦਾ ਹੈ। ਜਦ ਕਿ ਸੁਲਤਾਨਵਿੰਡ ਦੇ ਮਾਹਲਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਬਾਕੀ ਲੋਕ ਅਤੇ ਪਿੰਡ ਇੱਬਣ ਖੁਰਦ ਦੇ ਮਾਹਲਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**62. ਮੱਟੂ –** ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਖਾਪਰ ਖੇੜੀ, ਮੂਧਲ, ਮੰਡਿਆਲਾ, ਪਠਾਣੀਆਂ, ਗੁਮਾਨਪੁਰਾ, ਗੌਂਸਾਬਾਦ ਵਿਖੇ ਪਾਏ ਗਏ ਗੋਤ ਮੱਟੂ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਪਿੰਡ ਮੂਧਲ ਦੇ ਮੱਟੂ 'ਲੱਖਾਂ ਦਾ ਦਾਤਾ ਪੀਰ' ਨੂੰ ਮੰਨਦੇ ਹਨ। ਪਿੰਡ ਗੁਮਾਨਪੁਰਾ ਦੇ ਮੱਟੂ 'ਕੇਦੂ ਰਾਮ' ਨਾਮੀ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਪੰਜੀਰੀ ਦਾ ਪ੍ਰਸ਼ਾਦ ਚੜ੍ਹਾਵੇ

ਵਜੋਂ ਚੜ੍ਹਾਉਂਦੇ ਹਨ ਅਤੇ ਜਠੇਰੇ ਨਾਲ਼ ਸੰਬੰਧਿਤ ਮੇਲਾ ਜੋ ਰੱਖੜ ਪੁੰਨਿਆ ਤੋਂ 9 ਦਿਨ ਮਗਰੋਂ ਲੱਗਦਾ ਹੈ, ਵਿੱਚ ਸ਼ਾਮਿਲ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡ ਮੰਡਿਆਲਾ ਦੇ ਮੱਟੂ 'ਬਾਬਾ ਬੇਪਰਵਾਹ' ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਅਤੇ ਹਾੜ ਮਹੀਨੇ ਵਿੱਚ ਲੱਗਣ ਵਾਲ਼ੇ ਮੇਲੇ 'ਤੇ ਤੇਲ, ਪ੍ਰਸ਼ਾਦ ਆਦਿ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਪਿੰਡ ਖਾਪਰ ਖੇੜੀ ਦੇ ਮੱਟੂ ਕਿਸੇ ਜਠੇਰੇ ਦੀ ਜਗ੍ਹਾ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਇਸ ਦੇ ਨਾਲ਼ ਹੀ ਪਠਾਣੀਆਂ ਪਿੰਡ ਦੇ ਮੱਟੂ ਗੋਤ ਵਾਲੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**63. ਮਾਨ –** ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਮਾਨ ਗੋਤ ਦੇ ਜਠੇਰੇ ਸੰਬੰਧੀ ਲਿਖਦੇ ਹਨ, "ਪੁਰਾਣੀ ਜੀਂਦ ਅਤੇ ਸੰਗਰੂਰ ਰਿਆਸਤ ਵਿੱਚ ਇਹਨਾਂ ਦੇ ਜਠੇਰੇ 'ਬਾਬੇ ਬੋਲਾ' ਦਾ ਚਉ ਵਿੱਚ ਸਥਾਨ ਹੈ। ਉਸ ਦੀ ਦਿਵਾਲੀ ਅਤੇ ਵਿਆਹ-ਸ਼ਾਦੀ ਸਮੇਂ ਖਾਸ ਮਾਨਤਾ ਕੀਤੀ ਜਾਂਦੀ ਹੈ।" (149)

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਮਾਨ ਗੋਤ ਪਿੰਡ ਭਕਨਾ ਕਲਾਂ ਦੀ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ, ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ।

**64. ਮੌਰੀਆ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਵਰਪਾਲ ਵਿਖੇ ਰਵਿਦਾਸ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਮੌਰੀਆ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੇ ਜਠੇਰੇ ਦਾ ਨਾਂ 'ਕਾਲੂ ਰਾਮ' ਦੱਸਿਆ ਅਤੇ ਉਹਨਾਂ ਇਹ ਵੀ ਕਿਹਾ ਕਿ ਉਹ 'ਗੁਰੂ ਰਵੀਦਾਸ' ਨੂੰ ਹੀ ਮੰਨਦੇ ਹਨ ਜਿਸਦਾ ਸਥਾਨ ਰਾਜਸਥਾਨ ਵਿਖੇ ਸਥਿਤ ਹੈ ਜਿੱਥੇ ਉਹ ਫੁੱਲੀਆਂ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ।

**65. ਰਾਜਪੂਤ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸੋਹੀਆਂ ਖੁਰਦ ਵਿਖੇ ਪਾਏ ਗਏ ਰਾਜਪੂਤ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਬਾਰੇ ਪੁੱਛਣ 'ਤੇ ਸੋਹੀਆਂ ਖੁਰਦ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**66. ਰਟੌਲ –** ਸੁਰਿੰਦਰ ਸਿੰਘ ਰਾਜਪੂਤ ਰਟੌਲ ਗੋਤ ਦੇ ਜਠੇਰਾ ਪੂਜਾ-ਵਿਧਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ:

> ਰਟੌਲ ਵਿਆਹ ਸਮੇਂ ਜੰਡੀ ਦਾ ਰੁੱਖ ਵੱਢਦੇ ਹਨ ਅਤੇ ਇਸ ਉਦੇਸ਼ ਅਨੁਸਾਰ ਇਸ ਰੁੱਖ ਨੂੰ ਜਿਹੜਾ ਵੱਢਦਾ ਹੈ, ਉਸ ਨੂੰ ਕੱਪੜੇ ਆਦਿ ਦਿੰਦੇ ਹਨ। ਬਰਾਤ ਦੀ ਵਾਪਸੀ ਸਮੇਂ ਉਹ ਕੰਗਣਾ ਜੋ ਸੁਪਾਰੀ ਉੱਤੇ ਡੋਰੀ ਨਾਲ਼ ਲਪੇਟਿਆ ਹੁੰਦਾ ਹੈ, ਜਿਸ ਨਾਲ਼ ਲੋਹੇ ਦਾ ਛੱਲਾ, ਮੁਜੀਠ ਦਾ ਟੁਕੜਾ ਬੰਨ੍ਹਿਆ ਹੁੰਦਾ ਹੈ ਅਤੇ ਲਾਲ ਕੱਪੜਾ ਅਤੇ ਚੌਲਾਂ ਦੇ ਦਾਣੇ ਵੀ ਨਾਲ਼ ਬੰਨ੍ਹੇ

ਹੁੰਦੇ ਹਨ, ਦੇ ਨਾਲ਼ ਗਾਨੇ ਦੀ ਖੇਡ ਖੇਡਦੇ ਹਨ। ਇਹ ਕੰਗਣਾ ਵਿਆਹ ਤੋਂ ਪਹਿਲਾਂ ਬਰਾਤ ਤੁਰਨ ਤੋਂ ਵੀ ਪਹਿਲਾਂ ਬ੍ਰਾਹਮਣ ਵੱਲੋਂ ਲਾੜੇ ਦੇ ਹੱਥ 'ਤੇ ਘੁੱਟ ਕੇ ਬੰਨ੍ਹਿਆ ਜਾਂਦਾ ਹੈ ਅਤੇ ਇਸ ਕੰਮ ਲਈ ਬ੍ਰਾਹਮਣ ਨੂੰ ਇੱਕ ਰੁਪਈਆ ਦਿੱਤਾ ਜਾਂਦਾ ਹੈ। ਬਾਅਦ ਵਿੱਚ ਇੱਕ ਬ੍ਰਾਹਮਣੀ ਵੱਲੋਂ ਪਾਣੀ ਦੀ ਭਰੀ ਪਰਾਤ ਵਿੱਚ ਇਹ ਕੰਗਣਾ ਸੱਤ ਵਾਰ ਸੁੱਟਿਆ ਜਾਂਦਾ ਹੈ। ਜੇ ਮੁੰਡਾ ਪਹਿਲਾਂ ਕੱਢ ਲਵੇ ਤਾਂ ਮੁੰਡਾ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ ਅਤੇ ਜੇ ਕੁੜੀ ਇਸ ਨੂੰ ਪਹਿਲਾਂ ਲੱਭ ਲਵੇ ਤਾਂ ਮੁੰਡੇ ਤੋਂ ਪਹਿਲਾਂ ਮੁੰਡੇ ਦੇ ਮਾਪੇ ਬੜੇ ਸ਼ਰਮਿੰਦੇ ਹੁੰਦੇ ਹਨ। (179)

ਇਸ ਤੋਂ ਇਲਾਵਾ ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਰਟੌਲ ਗੋਤ ਸੰਬੰਧੀ ਹਵਾਲਾ ਦਿੰਦੇ ਹੋਏ ਲਿਖਦੇ ਹਨ, "ਇਹ ਇੱਕ ਜੱਟ ਗੋਤਰ ਹੈ ਜਿਹੜਾ ਜ਼ਿਲ੍ਹਾ ਲੁਧਿਆਣਾ ਵਿੱਚ ਆਮ ਮਿਲਦਾ ਹੈ। ਇਹ ਵਿਆਹਾਂ ਸਮੇਂ ਜੰਡ ਦਾ ਰੁੱਖ ਵੱਢਦੇ ਹਨ। ਰਟੌਲ ਕੁਲ ਵਿੱਚ ਭਾਈ ਮਹਾਂ ਸਿੰਘ ਪੈਦਾ ਹੋਇਆ, ਜੋ ਕਾਫੀ ਸਮਾਂ ਦਸ਼ਮੇਸ਼ ਪਿਤਾ ਨਾਲ਼ ਰਿਹਾ।" (110)

ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਕੋਟਲੀ, ਗੁਰਵਾਲੀ ਅਤੇ ਰਟੌਲ ਪਿੰਡਾਂ ਦੀਆਂ ਜੱਟ ਸਿੱਖ ਬਰਾਦਰੀਆਂ ਵਿੱਚ ਪਾਇਆ ਗਿਆ। ਪਿੰਡ ਕੋਟਲੀ ਦੇ ਰਟੌਲ ਗੋਤ ਦੇ ਕੁਝ ਲੋਕ ਦੱਸਦੇ ਹਨ ਕਿ ਉਹਨਾਂ ਦਾ ਜਠੇਰਾ 'ਸੂਬਾ ਸਿੰਘ' ਹੈ ਪਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਰਟੌਲ ਦੇ ਰਟੌਲ ਗੋਤ ਨਾਲ਼ ਸੰਬੰਧ ਰੱਖਣ ਵਾਲੇ ਲੋਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ।

**67. ਰਾਧੇ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਬੋਪਾਰਾਏ ਵਿਖੇ ਉਲੀਕੇ ਗਏ ਗੋਤ ਰਾਧੇ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**68. ਰੰਧਾਵਾ –** ਖੋਜ ਸਰਵੇਖਣ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਪਿੰਡ ਇੱਬਣ ਖੁਰਦ, ਭਕਨਾ ਕਲਾਂ, ਚੱਬਾ ਅਤੇ ਰਾਮੂਵਾਲ ਵਿੱਚ ਪਾਇਆ ਗਿਆ। ਜਠੇਰੇ ਬਾਰੇ ਪੁੱਛਣ 'ਤੇ ਇਹ ਗੱਲ ਸਾਹਮਣੇ ਆਈ ਕਿ ਚੱਬਾ ਅਤੇ ਇੱਬਣ ਖੁਰਦ ਪਿੰਡਾਂ ਦੇ ਰੰਧਾਵਾ ਗੋਤ ਵਾਲ਼ੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਦ ਕਿ ਰਾਮੂਵਾਲ ਦੇ ਰੰਧਾਵੇ ਆਪਣੇ ਪਿੰਡ ਵਿੱਚ ਹੀ 'ਜਠੇਰੀ ਮਾਤਾ' ਦੀ ਪੂਜਾ ਕਰਦੇ ਹਨ। ਉਹ ਚੜ੍ਹਾਵੇ ਵਜੋਂ ਆਪਣੇ ਪਿੰਡ ਵਿੱਚ ਹੀ ਬਣੇ ਮਾਤਾ ਦੇ ਮੰਦਿਰ ਤੇ ਜਾ ਕੇ ਨਾਰੀਅਲ ਭੇਟ ਕਰਕੇ ਮੱਥਾ ਟੇਕਦੇ ਹਨ।

**69. ਰਾਮਗੜ੍ਹੀਆ –** ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਚੱਬਾ ਵਿਖੇ ਪਾਏ ਗਏ ਰਾਮਗੜ੍ਹੀਆ ਗੋਤ ਦੇ ਲੋਕਾਂ ਤੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਿੰਡ ਚੱਬਾ ਦੇ ਰਾਮਗੜ੍ਹੀਆ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਮਨੌਤ ਕਰਨ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**70. ਲੁਹਾਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਲੁਹਾਰ ਗੋਤ ਪਿੰਡ ਰਾਮੂਵਾਲ ਅਤੇ ਬਾਸਰਕੇ ਵਿਖੇ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**71. ਲੱਧੜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ, ਮੰਡਿਆਲਾ, ਫਤਾਹਪੁਰ, ਮੂਧਲ, ਧੌਲ ਕਲਾਂ ਅਤੇ ਜਹਾਂਗੀਰ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਲੱਧੜ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਿੰਡ ਮੰਡਿਆਲਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ ‘ਬਾਬਾ ਬੇਪਰਵਾਹ’ ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਧੌਲ ਕਲਾਂ, ਮੂਧਲ ਅਤੇ ਜਹਾਂਗੀਰ ਦੇ ਲੱਧੜ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**72. ਲੰਬੜ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਕੇਵਲ ਬੱਲ ਕਲਾਂ ਪਿੰਡ ਵਿੱਚ ਹੀ ਪਾਇਆ ਗਿਆ। ਜਠੇਰਾ-ਪੂਜਾ ਤੋਂ ਇਨਕਾਰੀ ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**73. ਲੋਲੇ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਪਿੰਡ ਰਟੌਲ ਦੀ ਪਰਜਾਪੱਤ (ਘੁਮਿਆਰ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਟੌਲ ਦੇ ਲੋਲੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**74. ਵਤਸ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਫਤਾਹਪੁਰ ਵਿਖੇ ਬ੍ਰਾਹਮਣ ਬਰਾਦਰੀ ਨਾਲ਼ ਸੰਬੰਧਿਤ ਵਤਸ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ ‘ਤੇ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਤਸ ਗੋਤ ਨਾਲ਼ ਸੰਬੰਧਿਤ ਲੋਕ ‘ਸੋਹਨ ਲਾਲ’ ਨਾਮੀ ਜਠੇਰੇ ਦੀ ਸਠਿਆਲਾ (ਨੇੜੇ ਬਾਬਾ ਬਕਾਲਾ) ਵਿਖੇ ਮਨੌਤ ਕਰਨ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਲਾਲ ਰੰਗ ਦਾ ਕੱਪੜਾ, ਚਾਵਲ ਚੜ੍ਹਾ ਕੇ ਆਰਤੀ ਉਤਾਰਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਨਾਲ਼ ਸੰਬੰਧਿਤ 5 ਅੱਸੂ ਨੂੰ ਸਠਿਆਲਾ ਵਿਖੇ ਮੇਲਾ ਵੀ ਲੱਗਦਾ ਹੈ।

**75. ਵਾਲੀਆ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਵਾਲੀਆ ਗੋਤ ਪਿੰਡ ਗੁਮਾਨਪੁਰਾ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ ‘ਤੇ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**76. ਵੜੈਚ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਪਿੰਡ ਚੱਬਾ ਅਤੇ ਮੰਡਿਆਲਾ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਵੜੈਚ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੌਰਾਨ

ਪਤਾ ਚੱਲਿਆ ਕਿ ਪਿੰਡ ਚੱਬਾ ਦੇ ਵੜੈਚ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**77. ਸ਼ੇਰਗਿੱਲ –** ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਕੋਟਲੀ, ਗੁਰਵਾਲੀ, ਵਡਾਲਾ, ਜੰਡਿਆਲਾ, ਕੀਰਤਨਗੜ੍ਹ ਥਾਂਦੇ, ਰਾਮਪੁਰਾ ਬਾਵਿਆਂ ਕਾ, ਮਹਿਮਾ ਵਿੱਚ ਪਾਇਆ ਗਿਆ। ਪਿੰਡ ਵਡਾਲਾ ਦੇ ਸ਼ੇਰਗਿੱਲ ਅਤੇ ਕੋਟਲੀ ਦੇ ਕੁਝ ਸ਼ੇਰਗਿੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸੇ ਤਰ੍ਹਾਂ ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸ਼ੇਰਗਿੱਲ ਆਪਣੇ ਪਿੰਡ ਵਿੱਚ ਹੀ 'ਬਾਬਾ ਲਾਭ ਸਿੰਘ' ਨੂੰ ਜਠੇਰੇ ਵਜੋਂ ਪੂਜਦੇ ਹਨ ਅਤੇ ਮੱਥਾ ਟੇਕਦੇ ਹਨ ਜਦ ਕਿ ਇਸੇ ਪਿੰਡ ਦੇ ਕੁਝ ਸ਼ੇਰਗਿੱਲ 'ਬਾਬਾ ਤੱਖੀਏ ਸ਼ਾਹ' ਨੂੰ ਮੰਨਦੇ ਹਨ। ਚੜ੍ਹਾਵੇ ਵਜੋਂ ਗੁੜ ਵਾਲ਼ੇ ਚੌਲ ਅਤੇ ਤੇਲ ਚੜ੍ਹਾਉਂਦੇ ਹਨ। ਪਿੰਡ ਕੋਟਲੀ ਦੇ ਸ਼ੇਰਗਿੱਲ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਾਬਾ ਫੌਜਾ ਸਿੰਘ' ਹੈ, ਪ੍ਰੰਤੂ ਉਹ 'ਦੇਵੀ ਮਾਤਾ' ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਕੀਰਤਨਗੜ੍ਹ ਥਾਂਦੇ ਦੇ ਸ਼ੇਰਗਿੱਲ 'ਮਸੀਹ' ਨੂੰ ਅਤੇ ਜੰਡਿਆਲਾ ਦੇ 'ਬਾਬਾ ਬੇਪਰਵਾਹ' ਨੂੰ ਮੰਨਦੇ ਹਨ ਅਤੇ ਚੜ੍ਹਾਵੇ ਵਜੋਂ ਤੇਲ, ਪ੍ਰਸ਼ਾਦ ਚੜ੍ਹਾਉਂਦੇ ਹਨ।

### 3.5 ਜਠੇਰਾ-ਪੂਜਾ ਸੰਬੰਧੀ ਲੋਕ ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ

**ਪਰੰਪਰਾਗਤ ਦ੍ਰਿਸ਼ਟੀਕੋਣ:**

ਅੱਜ ਅਸੀਂ ਭਾਵੇਂ ਇੱਕੀਵੀਂ ਸਦੀ ਵਿੱਚ ਪਹੁੰਚ ਗਏ ਹਾਂ, ਪਰ ਫਿਰ ਵੀ ਪੰਜਾਬੀ ਜਨ-ਜੀਵਨ ਵਿੱਚ ਲੋਕ-ਵਿਸ਼ਵਾਸਾਂ ਨੂੰ ਅਹਿਮ ਮਹੱਤਤਾ ਹਾਸਲ ਹੈ ਅਤੇ ਪੰਜਾਬੀ ਮਾਨਸਿਕਤਾ ਗਹਿਨ ਰੂਪ ਵਿੱਚ ਇਹਨਾਂ ਨਾਲ਼ ਜੁੜੀ ਹੋਈ ਹੈ। ਇਹ ਲੋਕ ਵਿਸ਼ਵਾਸ ਚਾਹੇ ਜਨਮ, ਵਿਆਹ ਅਤੇ ਮੌਤ ਨਾਲ਼ ਸੰਬੰਧਿਤ ਹੋਣ, ਚਾਹੇ ਜਠੇਰਾ-ਪੂਜਾ ਨਾਲ਼ ਜੁੜੇ ਹੋਣ, ਸਾਡਾ ਲੋਕ-ਮਨ ਅੱਜ ਵੀ ਟੈਬੂ ਦੀ ਉਲੰਘਣਾ ਕਰਨ ਤੋਂ ਡਰਦਾ ਹੈ। ਜਠੇਰਾ-ਪੂਜਾ ਪਿੱਛੇ ਕਿਹੜੇ-ਕਿਹੜੇ ਸਮਾਜਿਕ ਤੇ ਮਨੋਵਿਗਿਆਨਕ ਕਾਰਨ ਹਨ, ਇਹ ਜਾਣਨਾ ਹੀ ਮੇਰੇ ਵਿਸ਼ੇ ਦਾ ਅਹਿਮ ਅੰਗ ਹੈ। ਅਸਲ ਗੱਲ ਇਹ ਹੈ ਕਿ ਸਾਡੇ ਲੋਕ-ਮਨ ਵਿੱਚੋਂ ਮਨਫ਼ੀ ਨਹੀਂ ਹੋ ਸਕਦਾ, ਕਿਸੇ ਨਾ ਕਿਸੇ ਪੱਧਰ 'ਤੇ ਇਹ ਕਾਰਜਸ਼ੀਲ ਹੀ ਰਹਿੰਦਾ ਹੈ। ਪੰਜਾਬੀ ਸਮਾਜ ਇੱਕ ਟੈਬੂ ਸਮਾਜ ਹੈ, ਜਿਸ ਵਿੱਚ ਬਹੁਤ ਸਾਰੀਆਂ ਮਨਾਹੀਆਂ ਹੋਣ ਕਰਕੇ ਵਧੇਰੇ ਖੁੱਲਾਂ ਨਹੀਂ ਹਨ। ਇਸ ਲਈ ਖੇਤਰੀ ਕਾਰਜ ਦੌਰਾਨ ਜਠੇਰਾ-ਪੂਜਾ ਸੰਬੰਧੀ ਵੱਖੋ-ਵੱਖ ਗੋਤਾਂ ਦੇ ਲੋਕਾਂ ਵੱਲੋਂ ਪੇਸ਼ ਕੀਤੇ ਗਏ ਬਹੁਤ ਸਾਰੇ ਤੱਥ ਟੈਬੂ ਪ੍ਰਕਿਰਤੀ ਦੇ ਧਾਰਨੀ ਮਿਲੇ ਜਿਨ੍ਹਾਂ ਦੀ ਉਲੰਘਣਾ ਕਰਨ 'ਤੇ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ।

ਲੋਕਧਾਰਾ ਸਾਡੀ ਸਮਾਜਿਕ ਬਣਤਰ ਤੇ ਲੋਕ ਮਾਨਸਿਕਤਾ ਦਾ ਹੀ ਪ੍ਰਗਟਾਅ ਹੈ। ਲੋਕਧਾਰਾ ਲੋਕ-ਜੀਵਨ, ਲੋਕ-ਚਿਤ, ਲੋਕ-ਪਰੰਪਰਾ, ਲੋਕ ਕਲਾ, ਲੋਕ ਸਾਹਿਤ, ਲੋਕ ਵਿਸ਼ਵਾਸ ਤੇ ਸਭਿਆਚਾਰ ਨੂੰ ਸਮਝਣ ਦਾ ਉਹ ਵਸੀਲਾ ਹੈ, ਜਿਸ ਰਾਹੀਂ ਅਸੀਂ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਤੱਥਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਲੋਕਧਾਰਾ ਕਿਸੇ ਸਮਾਜ ਤੇ ਸਮਾਜ ਵਿੱਚ ਵਸਦੇ ਲੋਕਾਂ ਦੀ ਮਾਨਸਿਕਤਾ ਨਾਲ਼ ਸੰਬੰਧਿਤ ਹੁੰਦੀ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਵਿੱਚੋਂ ਸਮਾਜ ਅਤੇ ਉਸ ਸਮਾਜ ਦੀ ਮਾਨਸਿਕਤਾ ਝਲਕਦੀ ਨਜ਼ਰ ਆਉਂਦੀ ਹੈ। ਲੋਕਧਾਰਾਈ ਸਮੱਗਰੀ ਦੇ ਅਧਿਐਨ ਲਈ ਬਹੁਤ ਸਾਰੀਆਂ ਵਿਧੀਆਂ ਪ੍ਰਚੱਲਿਤ ਹਨ, ਜਿਨ੍ਹਾਂ ਵਿੱਚੋਂ ਚਿੰਨ੍ਹ ਵਿਗਿਆਨਕ, ਤੁਲਨਾਤਮਕ ਅਧਿਐਨ ਵਿਧੀ, ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਅਧਿਐਨ ਵਿਧੀਆਂ ਪ੍ਰਮੁੱਖ ਹਨ। ਇਹ ਸਾਰੀਆਂ ਵਿਧੀਆਂ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਲੋਕਧਾਰਾ ਦਾ ਅਧਿਐਨ ਕਰਦੀਆਂ ਹਨ। ਕੋਈ ਵੀ ਲੋਕਧਾਰਾ ਆਪਣੇ ਸਮਾਜ ਅਤੇ ਸਮਾਜ ਦੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦੀ ਹੈ। ਲੋਕਾਂ ਦੀ ਮਾਨਸਿਕਤਾ ਨੂੰ ਜਾਣਨ ਲਈ ਉਸ ਸਮਾਜ ਦੀ ਬਣਤਰ ਤੇ ਵਿਧਾਨ ਨੂੰ ਜਾਣਨਾ ਵੀ ਜ਼ਰੂਰੀ ਹੋ ਜਾਂਦਾ ਹੈ। ਜਠੇਰਾ-ਪੂਜਾ ਦਾ ਵਿਸ਼ਾ ਸਮਾਜ ਅਤੇ ਸਮਾਜ ਦੀ ਮਾਨਸਿਕਤਾ ਨਾਲ਼ ਸੰਬੰਧਿਤ ਵਿਸ਼ਾ ਹੈ। ਇਸ ਲਈ ਸਾਡੇ ਲਈ ਸਮਾਜ ਅਤੇ ਲੋਕਾਂ ਦੀ ਮਾਨਸਿਕਤਾ ਦਾ ਅਧਿਐਨ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਅਧਿਐਨ ਕਾਰਜ ਵਿੱਚ ਲੋਕ-ਮਾਨਸਿਕਤਾ ਨੂੰ ਜਾਣਨ ਲਈ ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ।

ਮਨੋਵਿਗਿਆਨ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਦੇ ਨਾਲ਼ ਸੰਬੰਧਿਤ ਵਿਗਿਆਨ ਹੈ। ਜਿਉਂ-ਜਿਉਂ ਸਮਾਜ ਵਿਕਸਿਤ ਹੋ ਰਿਹਾ ਹੈ ਤੇ ਜੀਵਨ ਵਧੇਰੇ ਗੁੰਝਲਦਾਰ ਬਣ ਰਿਹਾ ਹੈ, ਤਿਉਂ-ਤਿਉਂ ਮਨੋਵਿਗਿਆਨ ਦੀ ਮਹੱਤਤਾ ਵੀ ਵਧ ਰਹੀ ਹੈ। ਪੰਜਾਬੀ ਸਮਾਜ ਵਿੱਚ ਜਠੇਰਿਆਂ ਦੀ ਪੂਜਾ ਇਸ ਕਰਕੇ ਕੀਤੀ ਜਾਂਦੀ ਹੈ ਕਿਉਂ ਕਿ ਸਾਡੇ ਸਮਾਜ ਵਿੱਚ ਵੱਡੇ-ਵਡੇਰਿਆਂ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਹੈ। ਪਿੱਤਰ ਰੂਹਾਂ ਦੀ ਨਾਰਾਜ਼ਗੀ ਕਈ ਕਰੋਪੀਆਂ ਦਾ ਕਾਰਨ ਬਣਦੀ ਹੈ। ਇਸ ਵਿਸ਼ਵਾਸ ਪਿੱਛੇ ਬਜ਼ੁਰਗਾਂ ਨੂੰ ਮਰਨ ਉਪਰੰਤ ਯਾਦ ਰੱਖਣ ਤੇ ਸਤਿਕਾਰਨ ਦਾ ਪੱਖ ਵੀ ਕਾਰਜਸ਼ੀਲ ਰਹਿੰਦਾ ਹੈ। ਇਹ ਸਾਡੇ ਨੈਤਿਕ ਪੱਖ ਨਾਲ਼ ਜੁੜਿਆ ਹੋਇਆ ਲੋਕ-ਵਿਸ਼ਵਾਸ ਹੈ।

ਸੋ ਉਪਰੋਕਤ ਦਲੀਲਾਂ ਨੂੰ ਵਾਚਦੇ ਹੋਏ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿਚਲੇ ਵੱਖੋ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਸਮਝਣ ਲਈ ਅਤੇ ਇਸ ਪੂਜਾ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਘੋਖਣ ਲਈ ਖੇਤਰੀ ਸਰਵੇਖਣ ਕਰਦਿਆਂ ਲੋਕ-ਮਨ ਦੀਆਂ ਅਨੇਕ ਤਹਿਆਂ ਉੱਘੜ ਕੇ ਸਾਹਮਣੇ ਆਈਆਂ। ਲੋਕ-ਮਨ ਦੇ ਮਨੋਵਿਗਿਆਨਕ ਅਧਿਐਨ ਦੇ ਅੰਤਰਗਤ ਜਠੇਰਾ-ਪੂਜਾ ਸੰਬੰਧੀ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹਾ ਦੀ ਲੋਕ-ਮਾਨਸਿਕਤਾ ਜੋ ਵੀ ਵਿਸ਼ਵਾਸ ਬਣਾਈ ਬੈਠੀ ਹੈ, ਉਹ ਇਹਨਾਂ ਦੇ ਨਿੱਜੀ ਪੱਧਰ ਨਾਲ਼ ਸੰਬੰਧਿਤ ਹੋਣ ਕਾਰਨ ਨਿਰੋਲ ਵਿਅਕਤੀਗਤ ਨਿਸ਼ਚੇ ਹਨ, ਜੋ ਕਿ ਵਿਸ਼ਵਾਸ ਦੇ ਘੇਰੇ ਵਿੱਚ ਆਉਂਦੇ ਹਨ। ਇਹਨਾਂ ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:-

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪਿੰਡ ਵਰਪਾਲ ਦੇ ਅਹੀਤਾਨ ਗੋਤ ਦੇ ਲੋਕ, ਜੋ ਕਿ ਅਗਿਆਤ ਜਠੇਰੇ ਨੂੰ ਮੰਨਦੇ ਹਨ,ਲੋਕ-ਮਨ ਦੀ ਆਪਣੀ ਇਸ ਜਠੇਰਾ-ਪੂਜਾ ਬਾਰੇ ਇਹ ਧਾਰਨਾ ਹੈ ਕਿ ਉਹ ਜਠੇਰੇ ਨੂੰ ਇਸ ਕਰਕੇ ਪੂਜਦੇ ਹਨ ਕਿਉਂ ਕਿ ਇਹ ਪਰੰਪਰਾ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਕਿਤੇ ਜਠੇਰੇ ਦੀ ਮੰਨ-ਮਨੌਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਕੋਈ ਬਦਸ਼ਗਨੀ ਨਹੀਂ ਹੋਈ। ਨਾਲ਼ ਹੀ ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਵੀ ਦ੍ਰਿੜ੍ਹ ਹੋ ਚੁੱਕੀ ਹੈ ਕਿ ਜਠੇਰੇ ਦੀ ਮੰਨ-ਮਨੌਤ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦੀ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਅਗਲੇ ਪਿੰਡ ਧੌਲ ਕਲਾਂ ਦੇ ਖੇਤਰੀ ਸਰਵੇਖਣ ਦੌਰਾਨ ਪਤਾ ਲੱਗਿਆ ਕਿ ਇਸ ਪਿੰਡ ਵਿਖੇ ਰਹਿੰਦੇ ਗੋਤ ਅਟਵਾਲ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ 'ਬਾਬਾ ਤੱਖੀਏ' ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਪਿੰਡ ਵਿੱਚ ਹੀ ਬਣੀ ਹੋਈ ਹੈ। ਜਦ ਉਹਨਾਂ ਨੂੰ ਇਸ ਮਨੌਤ ਪਿੱਛੇ ਛਿਪੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਇਸ ਮਨੌਤ ਦੇ ਸ਼ੁਰੂ ਹੋਣ ਬਾਰੇ ਦੱਸਿਆ। ਉਹਨਾਂ ਦੇ ਲੋਕ-ਮਨ ਦਾ ਮੰਨਣਾ ਹੈ ਕਿ ਬਾਬਾ ਤੱਖੀਆ ਉਹਨਾਂ ਨੂੰ ਇਸ ਮਨੌਤ ਬਦਲੇ ਮਿਹਰਬਾਨ ਹੋ ਕੇ ਅਨੇਕ ਦਾਤਾਂ ਨਾਲ਼ ਨਿਵਾਜ਼ਦਾ ਹੈ।

ਇਸੇ ਤਰ੍ਹਾਂ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਅਗਲੇ ਪਿੰਡ ਖਾਪਰ ਖੇੜੀ ਦੇ ਅਟਵਾਲ਼ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਇਹ ਕਹਿਣਾ ਹੈ ਕਿ 'ਪੀਰ ਬਾਬਾ ਸ਼ਹਿਨਸ਼ਾਹ' ਦੀ ਮਨੌਤ ਉਹਨਾਂ ਨੂੰ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੀ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਬੱਲ ਕਲਾਂ, ਮਹਿਮਾ ਤੇ ਗੁਰਵਾਲੀ ਦੇ ਸਹੋਤਾ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਉਹਨਾਂ ਨੇ ਦੱਸਿਆ ਕਿ ਪਿੰਡ ਬੱਲ ਕਲਾਂ ਅਤੇ ਗੁਰਵਾਲੀ ਦੇ ਸਹੋਤਾ 'ਪੀਰ ਬਾਬਾ' ਨੂੰ ਅਤੇ ਮਹਿਮਾ ਦੇ 'ਪੀਰ ਰਹਿਤ ਸ਼ਾਹ' ਨੂੰ ਇਸ ਕਰਕੇ ਮੰਨਦੇ ਹਨ, ਕਿਉਂ ਕਿ ਪੀਰ ਇਸ ਮਨੌਤ ਦੇ ਬਦਲੇ ਉਹਨਾਂ ਦੀਆਂ ਸਾਰੀਆਂ ਸੁੱਖਾਂ ਪੂਰੀਆਂ ਕਰਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਪਠਾਣੀਆਂ, ਬਾਸਰਕੇ ਅਤੇ ਭੈਣੀ ਵਿੱਚ ਪਾਏ ਗਏ ਸਾਹਨੀ ਗੋਤ ਨਾਲ਼ ਸੰਬੰਧਿਤ ਲੋਕਾਂ ਤੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਿੰਡ ਬਾਸਰਕੇ ਦੇ ਸਾਹਨੀ ਗੋਤ ਵਾਲ਼ੇ ਲੋਕਾਂ ਨੇ ਆਪਣੀ ਮਾਨਸਿਕਤਾ ਬਿਆਨ ਕਰਦਿਆਂ ਦੱਸਿਆ ਅਗਿਆਤ ਵੱਡ-ਵਡੇਰੇ ਜਾਂ ਜਠੇਰੇ ਦੀ ਪੂਜਾ ਕਰਦੇ ਹਨ। ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਦ੍ਰਿੜ ਹੋ ਚੁੱਕੀ ਹੈ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਇਸ ਮਨੌਤ ਵਿੱਚ ਕਿਧਰੇ ਕੋਈ ਭੁੱਲ ਹੋ ਜਾਵੇ ਤਾਂ ਘਰ ਵਿੱਚ ਜਾਂ ਕੰਮ-ਕਾਰ ਵਿੱਚ ਵਿਘਨ ਪੈਂਦਾ ਹੈ।

ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਰਾਮਤੀਰਥ ਦੇ ਲਾਗੇ ਪਿੰਡ ਕਲੇਰ ਵਿੱਚ ਪਾਏ ਗਏ ਗੋਤ ਸੱਗੂ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ 'ਕਲੇਰ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ। ਇਸ ਮਨੌਤ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਹੀ ਕਲੇਰ ਜਠੇਰੇ ਦੀ ਮੰਨ-ਮਨੌਤ ਚੱਲਦੀ ਆ ਰਹੀ ਹੈ। ਉਹਨਾਂ ਨੇ ਕਿਹਾ ਕਿ ਇਸ ਮਨੌਤ ਦੇ ਕਰਕੇ ਹੀ ਉਹਨਾਂ ਦੇ ਘਰ-ਪਰਿਵਾਰ ਵਿੱਚ ਸੁੱਖ-ਸ਼ਾਂਤੀ ਅਤੇ ਬਰਕਤਾਂ ਹਨ। ਉਹਨਾਂ ਨੇ ਇਹ ਵੀ ਬਿਆਨ ਕੀਤਾ ਕਿ ਮਨੌਤ ਵਿੱਚ ਭੁੱਲ ਹੋ ਜਾਣ ਦੀ ਸੂਰਤ ਵਿੱਚ ਬਾਬਾ ਕੋਈ ਨੁਕਸਾਨ ਨਹੀਂ ਕਰਦਾ, ਬਲਕਿ ਬਖਸ਼ ਦਿੰਦਾ ਹੈ।

ਖੇਤਰੀ ਸਰਵੇਖਣ ਦੌਰਾਨ ਪਿੰਡ ਖਾਸਾ ਦੇ ਸੰਧੂਆਂ ਤੋਂ ਉਹਨਾਂ ਦੇ ਜਠੇਰੇ ਬਾਰੇ ਪੁੱਛਣ 'ਤੇ ਪਤਾ ਲੱਗਿਆ ਕਿ ਉਹ 'ਗੁਰਮੁਖ ਸਿੰਘ' ਨੂੰ ਮੰਨਦੇ ਹਨ, ਕਿਉਂ ਕਿ ਉਹਨਾਂ ਦੇ ਵੱਡੇ-ਵਡੇਰੇ ਵੀ ਜਠੇਰੇ ਦੀ ਮੰਨ-ਮਨੌਤ ਕਰਦੇ ਸਨ। ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ 'ਤੇ ਉਹਨਾਂ ਨੇ ਦੱਸਿਆ ਕਿ ਕਦੇ ਕੋਈ ਨੁਕਸਾਨ ਨਹੀਂ ਹੋਇਆ, ਬਲਕਿ ਮਨੌਤ ਕਰਕੇ ਘਰ ਵਿੱਚ ਬਰਕਤਾਂ ਦੀ ਕੋਈ ਤੋਟ ਨਹੀਂ।

ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਜੋ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲਦੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਘਰ ਵਿੱਚ ਜਠੇਰੇ ਦੀ ਮਨੌਤ ਕਰਕੇ ਨੌਂ-ਨਿੱਧਾਂ ਤੇ ਬਾਰਾਂ ਸਿੱਧਾਂ ਹਨ।

ਪਿੰਡ ਥਾਂਦੇ ਖੁਰਦ ਦੇ ਸੰਧੂ ਗੋਤ ਦੇ ਲੋਕ 'ਬਾਬਾ ਹਰੀਆ' ਨੂੰ (ਜਠੇਰਾ ਨਹੀਂ) ਮੰਨਦੇ ਹਨ। ਜਿਹੜਾ ਇਸ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਜਦ ਕਿ ਪਿੰਡ ਗੁਮਾਨਪੁਰਾ ਦੇ ਸੰਧੂ 'ਪੀਰ ਸ਼ਾਹ ਮੁਰਾਦ' ਦੀ ਮੰਨ-ਮਨੌਤ ਕਰਦੇ ਹਨ ਹਨ, ਕਿਉਂ ਕਿ ਇਸ ਮਨੌਤ ਦੇ ਇਵਜ਼ ਵਿੱਚ ਪੀਰ ਉਹਨਾਂ ਨੂੰ ਅਨੇਕਾਂ ਬਰਕਤਾਂ ਦਿੰਦਾ ਹੈ।

ਇਸ ਤੋਂ ਇਲਾਵਾ ਪਿੰਡ ਬਾਸਰਕੇ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ ਜਿਸਦਾ ਸਥਾਨ ਉਹਨਾਂ ਦੇ ਪਿੰਡ ਤੋਂ 2 ਕਿਲੋਮੀਟਰ ਬਾਹਰ ਸਥਿਤ ਹੈ। ਉਹਨਾਂ ਦੀ ਲੋਕ-ਮਾਨਸਿਕਤਾ ਦਾ ਇਹ ਮੰਨਣਾ ਹੈ ਕਿ ਅੱਜ ਉਹਨਾਂ ਦੇ ਘਰ ਵਿੱਚ ਜੋ ਵੀ ਰਿਜ਼ਕ, ਇਤਫ਼ਾਕ ਅਤੇ ਬਰਕਤਾਂ ਹਨ, ਉਹਨਾਂ ਸਭਨਾਂ ਦਾ ਕਾਰਨ ਜਠੇਰੇ ਦੀ ਸੱਚੇ ਮਨੋਂ ਕੀਤੀ ਮਨੌਤ ਕਰਕੇ ਹੀ ਹੈ।

ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜਿਸਦਾ ਸਥਾਨ ਉਹਨਾਂ ਦੇ ਆਪਣੇ ਪਿੰਡ ਵਿੱਚ ਹੀ ਸ਼ਮਸ਼ਾਨ ਘਾਟ ਲਾਗੇ ਬਣਿਆ ਹੋਇਆ ਹੈ। ਇੱਥੇ ਉਹ ਜਠੇਰੇ ਦੇ ਨਾਂ ਦੀ ਮਿੱਟੀ ਕੱਢਣ ਦੀ ਬਜਾਇ ਉਸਦੇ ਸਥਾਨ 'ਤੇ ਮੱਥਾ ਹੀ ਟੇਕਦੇ ਹਨ ਅਤੇ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸ-ਬੇਨਤੀ ਕਰਨ ਦੇ ਨਾਲ਼ ਮਿਲੀਆਂ ਦਾਤਾਂ ਬਦਲੇ ਜਠੇਰੇ ਦਾ ਸ਼ੁਕਰਾਨਾ ਕਰਦੇ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਇੱਬਣ ਖੁਰਦ ਵਿੱਚ ਪਾਏ ਗਏ ਸਬਰਵਾਲ ਗੋਤ ਦੇ ਲੋਕ ਆਪਣੇ ਘਰ ਦੇ ਲਾਗੇ 'ਮਾਤਾ ਰਾਣੀ' ਦੀ ਪੂਜਾ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਾਤਾ ਰਾਣੀ ਦੀ ਪੂਜਾ ਉਹਨਾਂ ਦੀਆਂ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਹੈ ਅਤੇ ਮਾਤਾ ਮਿਹਰਬਾਨ ਹੋ ਕੇ ਉਹਨਾਂ ਨੂੰ ਸਭ ਦਾਤਾਂ ਬਖਸ਼ਦੀ ਹੈ।

ਖੇਤਰੀ ਸਰਵੇਖਣ ਕਰਦਿਆਂ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਚਾਟੀਵਿੰਡ ਪਿੰਡ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਸਰਾਂ ਦੇ ਕੁਝ ਲੋਕ ਆਪਣੇ ਜਠੇਰੇ 'ਮਹਿਤਾਬ' ਸਿੰਘ ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਉਹਨਾਂ ਦੇ ਆਪਣੇ ਪਿੰਡ ਵਿੱਚ ਹੀ ਬਣੀ ਹੋਈ ਹੈ। ਉਹਨਾਂ ਦੀ ਲੋਕ-ਮਾਨਸਿਕਤਾ ਦਾ ਇਹ ਮੰਨਣਾ ਹੈ ਕਿ ਜਠੇਰਾ ਇਸ ਪੂਜਾ ਬਦਲੇ ਉਹਨਾਂ ਨੂੰ ਬਹੁਤ ਸਾਰੀਆਂ ਬਰਕਤਾਂ ਬਖਸ਼ਦਾ ਹੈ ਜਿਸਦੀ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਹੈ।

ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ, ਵਨ ਚਿੜੀ, ਨੱਥੂਪੁਰਾ, ਮਹਿਮਾ, ਝੀਤਾ ਕਲਾਂ ਵਿੱਚ ਪਾਏ ਗਏ ਗੋਤ ਹੁੰਦਲ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਜੋਗਾ ਸਿੰਘ ਵਾਲਾ ਦੇ ਕੁਝ ਹੁੰਦਲ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ 'ਬਾਬਾ ਦੁਲਚੀ' ਨੂੰ ਮੰਨਦੇ ਹਨ। ਬਾਬਾ ਦੁਲਚੀ ਦੇ ਸਥਾਨ 'ਤੇ ਲੱਗਣ ਵਾਲ਼ੇ ਮੇਲੇ ਦੌਰਾਨ ਉਹ ਸ਼ਰਧਾ ਮੁਤਾਬਿਕ ਚੜ੍ਹਾਵਾ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਬਾਬਾ ਦੁਲਚੀ ਦੀ ਮਨੌਤ ਉਹਨਾਂ ਦੀਆਂ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਹੈ ਅਤੇ ਇਸ ਮਨੌਤ ਕਰਕੇ ਉਹਨਾਂ ਨੂੰ ਕਦੇ ਕਿਸੇ ਚੀਜ਼ ਦੀ ਥੁੜ੍ਹ ਨਹੀਂ ਆਈ।

ਪਿੰਡ ਫਤਾਹਪੁਰ ਦੇ ਹੁੰਦਲ 'ਬਾਬਾ ਸੱਚੀ ਦਾਹੜੀ ਵਾਲੇ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਮਨੌਤ ਸਮੇਂ ਜੂਨ ਮਹੀਨੇ ਵਿੱਚ ਲੱਗਣ ਵਾਲ਼ੇ ਮੇਲੇ ਦੌਰਾਨ ਉਹ ਕੜਾਹ-ਪ੍ਰਸ਼ਾਦ ਦੀ ਦੇਗ ਬਾਬਾ ਜੀ ਨੂੰ ਭੇਟ ਕਰਦੇ ਹਨ ਅਤੇ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸ ਕਰਦੇ ਹਨ।

ਮਹਿਮਾ ਪਿੰਡ ਦੇ ਹੁੰਦਲ ਗੋਤ ਵਾਲ਼ੇ ਲੋਕ 'ਸ਼ਹੀਦਾਂ ਦੀ ਜਗ੍ਹਾ' ਦੀ ਮਨੌਤ ਕਰਦੇ ਹਨ। ਉਹ ਆਪਣੇ ਪਿੰਡ ਵਿਖੇ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਸ਼ਹੀਦਾਂ ਨੂੰ ਮੱਥਾ ਟੇਕਦੇ, ਕਿਸੇ ਵੀ ਰੰਗ ਦਾ ਕੱਪੜਾ ਚੜ੍ਹਾਉਂਦੇ ਅਤੇ ਕੜਾਹ-ਪ੍ਰਸ਼ਾਦ ਦੀ ਦੇਗ ਵੰਡਦੇ ਹਨ। ਉਹਨਾਂ ਦੀ ਲੋਕ-ਮਾਨਸਿਕਤਾ ਅਨੁਸਾਰ ਇਸ ਮਨੌਤ ਕਰਕੇ ਉਹਨਾਂ ਦੇ ਘਰ ਦੁੱਧ ਅਤੇ ਪੁੱਤ ਦੀਆਂ ਬਰਕਤਾਂ ਰਹਿੰਦੀਆਂ ਹਨ।

ਪਿੰਡ ਨੱਥੂਪੁਰਾ ਦੇ ਹੁੰਦਲ 'ਬਾਬਾ ਹਦੂਰੀ' ਦੀ ਮੰਨ-ਮਨੌਤ ਲਈ ਪਿੰਡ ਮਾਲੂਵਾਲ ਵਿਖੇ ਜਾਂਦੇ ਹਨ। ਚੜ੍ਹਾਵੇ ਵਜੋਂ ਗੁੜ, ਚੂਰਮਾ, ਕੜਾਹ-ਪ੍ਰਸ਼ਾਦ, ਕੱਪੜਾ ਆਦਿ ਚੜ੍ਹਾਉਂਦੇ ਹਨ ਅਤੇ ਹਾੜ੍ਹ ਮਹੀਨੇ ਦੀ ਪੁੰਨਿਆ ਨੂੰ ਲੱਗਣ ਵਾਲ਼ੇ ਮੇਲੇ 'ਤੇ ਮੱਥਾ ਟੇਕਣ ਜਾਂਦੇ ਹਨ। ਇੱਥੇ ਉਹ ਪ੍ਰਾਪਤ ਬਰਕਤਾਂ ਲਈ ਨਤਮਸਤਕ ਹੁੰਦੇ ਅਤੇ ਮੁਰਾਦਾਂ ਮੰਗਦੇ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਮਾਨਪੁਰਾ, ਗੌਂਸਾਬਾਦ, ਮੂਧਲ ਅਤੇ ਬੋਪਾਰਾਏ ਵਿੱਚ ਪਾਏ ਗਏ ਗੋਤ ਕੁਹਾੜ ਨਾਲ਼ ਸੰਬੰਧਿਤ ਪਿੰਡ ਬੋਪਾਰਾਏ ਦੇ ਕੁਹਾੜ ਗੋਤ ਦੇ ਲੋਕਾਂ ਤੋਂ ਜਦ ਜਠੇਰਾ-ਪੂਜਾ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਸੀ ਕਿ ਉਹਨਾਂ ਦਾ ਜਠੇਰਾ 'ਬਾਬਾ ਰਮਦਾਸ' ਹੈ ਜਿਸ ਦਾ ਸਥਾਨ ਪਿੰਡ ਵਿਖੇ ਹੀ ਬਣਿਆ ਹੋਇਆ ਹੈ ਜਿੱਥੇ ਕਿ ਦੇਸੀ ਮਹੀਨੇ 5 ਪੋਹ ਨੂੰ ਮੇਲਾ ਲੱਗਦਾ ਹੈ। ਉਹਨਾਂ ਦੇ ਵੱਡੇ-ਵਡੇਰਿਆਂ ਨੇ ਵੀ ਇਸ ਮਨੌਤ ਕਰਕੇ ਅਨੇਕਾਂ ਬਰਕਤਾਂ ਪ੍ਰਾਪਤ ਕੀਤੀਆਂ। ਅਗਲੇ ਪਿੰਡ ਗੌਂਸਾਬਾਦ ਪਿੰਡ ਦੇ ਕੁਹਾੜ ਮਜੀਠੀਆ ਪਿੰਡ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ। ਉਹਨਾਂ ਤੋਂ ਜਦ ਇਸ ਮਨੌਤ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਅਨੁਸਾਰ ਉਹਨਾਂ ਦੇ ਵੱਡੇ-

ਵਡੇਰਿਆਂ ਦੇ ਸਮੇਂ ਤੋਂ ਹੀ ਇਸ ਮਨੌਤ ਦੀ ਪਰੰਪਰਾ ਚੱਲਦੀ ਆ ਰਹੀ ਹੈ ਜਿਸ ਕਰਕੇ ਉਹਨਾਂ ਨੂੰ ਸਮਿਆਂ ਕਦੇ ਵੀ ਰਿਜ਼ਕ ਦੀ ਕਮੀ ਨਹੀਂ ਆਈ।

ਪਿੰਡ ਬੋਤਾ ਦੇ ਗਿੱਲ 'ਸ਼ਾਹ ਪੀਰ' ਦੀ ਆਪਣੇ ਵੱਡੇ-ਵਡੇਰਿਆਂ ਦੇ ਤੋਂ ਚੱਲੀ ਆ ਰਹੀ ਪਰੰਪਰਾ ਅਨੁਸਾਰ ਮਨੌਤ ਕਰਦੇ ਹਨ।

ਪਿੰਡ ਵਰਪਾਲ ਖੁਰਦ ਦੇ ਕੁਝ ਗਿੱਲ ਗੋਤ ਦੇ ਕੁਝ ਲੋਕ 'ਵਸਣ ਸਿੰਘ' ਨੂੰ, ਕੁਝ 'ਬਾਬਾ ਬੱਗਾ' ਨੂੰ ਮੰਨਦੇ ਹਨ ਜਿਸਦਾ ਪੂਜਾ-ਸਥਲ ਪਿੰਡ ਵਿੱਚ ਹੀ ਬਣਿਆ ਹੋਇਆ ਹੈ। ਇੱਥੇ ਉਹ ਫੱਗਣ ਮਹੀਨੇ ਦੀ ਮੱਸਿਆ ਨੂੰ ਲੱਗਣ ਵਾਲ਼ੇ ਮੇਲੇ ਵਿੱਚ ਸ਼ਾਮਿਲ ਹੁੰਦੇ ਅਤੇ ਮੁਰਾਦਾਂ ਦੀ ਪੂਰਤੀ ਲਈ ਅਰਦਾਸ ਕਰਦੇ ਹਨ। ਇਸੇ ਪਿੰਡ ਵਰਪਾਲ ਖੁਰਦ ਦੇ ਕੁਝ ਗਿੱਲ ਬੁੱਢੇਆਣਾ ਮੱਥਾ ਟੇਕਣ ਜਾਂਦੇ ਹਨ। ਉਹਨਾਂ ਦੀ ਲੋਕ-ਮਾਨਸਿਕਤਾ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਹੀ ਇਸ ਮਨੌਤ ਨੂੰ ਸ਼ਰਧਾ ਮੁਤਾਬਿਕ ਮੰਨਦੀ ਆ ਰਹੀ ਹੈ।

ਪਿੰਡ ਫਤਾਹਪੁਰ ਦੇ ਕੁਝ ਗਿੱਲ 'ਮਾਤਾ ਦੇਵਾ ਜੀ' ਨੂੰ ਮੰਨਦੇ ਹਨ। ਉਹਨਾਂ ਦੇ ਲੋਕ-ਮਨ ਦਾ ਇਹ ਮੰਨਣਾ ਹੈ ਕਿ ਉਹਨਾਂ ਦੇ ਘਰ ਪੁੱਤਰ ਦੀ ਦਾਤ ਮਾਤਾ ਦੇਵਾ ਜੀ ਨੇ ਹੀ ਬਖਸ਼ੀ ਹੈ ਜਿਸ ਪ੍ਰਤੀ ਉਹ ਅਥਾਹ ਸ਼ਰਧਾ ਰੱਖਦੇ ਹਨ। ਇਸ ਤੋਂ ਇਲਾਵਾ ਪਿੰਡ ਫਤਾਹਪੁਰ ਦੇ ਹੀ ਕੁਝ ਗਿੱਲ 'ਪੀਰਾਂ' ਦੀ ਮੰਨ-ਮਨੌਤ ਲਈ ਫਗਵਾੜੇ ਜਾਂਦੇ ਹਨ।

ਸੁਲਤਾਨ ਵਿੰਡ ਦੇ ਗਿੱਲ 'ਪੀਰ ਬਾਬਾ ਮੁਸੱਲਾ' ਦੀ ਆਪਣੇ ਪਿੰਡ ਵਿੱਚ ਹੀ ਵੱਡੇ-ਵਡੇਰਿਆਂ ਦੇ ਵੇਲ਼ਿਆਂ ਤੋਂ ਚੱਲੀ ਆ ਰਹੀ ਰਵਾਇਤ ਅਨੁਸਾਰ ਮਨੌਤ ਕਰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਪੀਰ ਉਹਨਾਂ ਨੂੰ ਬੇਅੰਤ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਪਿੰਡ ਮਾਲੂਵਾਲ ਦੇ ਕੁਝ ਗਿੱਲ 'ਬਾਬਾ ਹਦੂਰੀ' ਨੂੰ ਆਪਣਾ ਜਠੇਰਾ ਮੰਨਦੇ ਹੋਏ ਪੂਜਦੇ ਹਨ। ਪਿੰਡ ਇੱਬਣ ਖੁਰਦ ਦੇ ਗਿੱਲ 'ਬਾਬਾ ਬਾਲਕ ਨਾਥ' ਨੂੰ ਮੰਨਦੇ ਹਨ ਜਿਸਦਾ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਹੈ। ਇੱਥੇ ਉਹ ਮੱਥਾ ਟੇਕਣ ਜਾਂਦੇ ਅਤੇ ਮੁਰਾਦਾਂ ਦੀ ਪੂਰਤੀ ਲਈ ਮੰਨਤਾਂ ਮੰਗਦੇ ਹਨ। ਉਹਨਾਂ ਦਾ ਲੋਕ-ਮਨ ਕਿਸੇ ਅਣਹੋਣੀ ਦੇ ਡਰੋਂ ਬਾਬਾ ਬਾਲਕ ਨਾਥ ਨੂੰ ਸ਼ਰਧਾ ਸਹਿਤ ਮੰਨਦਾ ਹੈ ਤਾਂ ਜੋ ਘਰ ਪਰਿਵਾਰ ਵਿੱਚ ਸੁਖ-ਸ਼ਾਂਤੀ ਰਹੇ।

ਪਿੰਡ ਚਾਟੀਵਿੰਡ ਦੇ ਘੁਸਰ ਗੋਤ ਦੇ ਲੋਕ 'ਬਾਬਾ ਰੇਖੜ' ਅਤੇ 'ਪੀਰ ਬਾਬਾ' ਨੂੰ ਮੰਨਦੇ ਹਨ। ਪਿੰਡ ਚਾਟੀਵਿੰਡ ਦੇ ਘੁਸਰ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਆਪਣੇ ਪਿੰਡ ਵਿੱਚ ਹੀ ਚੇਤ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਬਾਬਾ ਰੇਖੜ ਨੂੰ ਮੱਥਾ ਟੇਕਦੇ ਹਨ ਅਤੇ ਲੰਗਰ ਭੇਟ ਕਰਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਚੱਲੀ ਆ ਰਹੀ ਪਰੰਪਰਾ ਨੂੰ ਦੱਸਿਆ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਮਨੌਤ ਕਰਕੇ ਉਹਨਾਂ ਦੇ ਘਰ ਵਿੱਚ ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਹਨ।

ਪਿੰਡ ਫਤਾਹਪੁਰ ਦੇ ਘੁਸਰ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਉਹਨਾਂ ਦੇ ਲੋਕ-ਮਨ ਨੂੰ ਟੋਹਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਗੁੱਗਾ ਪੀਰ ਦੀ ਜਗ੍ਹਾ ਨਿਕਲਣ ਕਰਕੇ ਉਹਨਾਂ ਦੀ ਪੀਰ ਗੁੱਗਾ ਪ੍ਰਤੀ

ਸ਼ਰਧਾ ਵਧੀ ਜਿਸਦੇ ਨਤੀਜੇ ਵਜੋਂ ਸ਼ਰਧਾ ਵੱਸ ਹੋ ਕੇ ਉਹਨਾਂ ਨੇ ਗੁੱਗਾ ਪੀਰ ਦੀ ਮਨੌਤ ਕਰਨੀ ਸ਼ੁਰੂ ਕਰ ਦਿੱਤੀ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਰਾਮਤੀਰਥ ਵਿਖੇ ਪਾਏ ਗਏ ਗੋਤ ਚੇਤ ਦੇ ਬੈਰਾਗੀ ਬਰਾਦਰੀ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ 'ਬਾਬਾ ਬਾਲਮੀਕ' ਨੂੰ ਮੰਨਦੇ ਹਨ। ਮਨੌਤ ਦਾ ਕਾਰਨ ਪੁੱਛਣ 'ਤੇ ਉਹਨਾਂ ਦਾ ਇਹ ਕਹਿਣਾ ਸੀ ਕਿ ਬਾਬਾ ਬਾਲਮੀਕ ਦੀ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਹੈ ਜਿਸ ਨਾਲ਼ ਉਹਨਾਂ ਦੇ ਘਰ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ ਆਉਂਦੀ।

ਪਿੰਡ ਰਾਮਪੁਰਾ ਬਾਵਿਆਂ ਕਾ ਦੇ ਛਪਰੀਬਨ੍ਹ ਆਪਣੇ ਪਿੰਡ ਵਿੱਚ ਹੀ ਮਾਤਾ ਰਾਣੀ ਦੀ ਪੂਜਾ-ਆਰਾਧਨਾ ਕਰਦੇ ਹਨ, ਜਦ ਕਿ ਖਾਸਾ ਪਿੰਡ ਦੇ ਕੁਝ ਛਪਰੀਬਨ੍ਹ ਪਿੰਡ ਬੋਪਾਰਾਏ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਜਿੱਥੋਂ ਉਹਨਾਂ ਨੂੰ ਸਭ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਡਡੀਆਂ ਵਿੱਚ ਪਾਏ ਗਏ ਗੋਤ ਝੰਡੇ ਜੋ ਕਿ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ, ਵਾਲ਼ੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਇਹ ਮਨੌਤ ਹੁੰਦੀ ਆ ਰਹੀ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਰਾਮਤੀਰਥ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਡੇਨ ਨਾਲ਼ ਸੰਬੰਧਿਤ ਲੋਕ-ਮਨ ਤੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਜਾਂ ਪੂਜਦੇ ਸਗੋਂ 'ਬਾਬਾ ਬਾਲਮੀਕ' ਦੀ ਮਨੌਤ ਕਰਦੇ ਹਨ। ਉਹਨਾਂ ਦੇ ਲੋਕ-ਮਨ ਦਾ ਕਹਿਣਾ ਹੈ ਕਿ ਬਾਬਾ ਬਾਲਮੀਕ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਦਾਤਾਂ ਨਾਲ਼ ਨਿਵਾਜ਼ਦਾ ਹੈ।

ਪਿੰਡ ਖਾਪਰ ਖੇੜੀ ਦੇ ਕੁਝ ਢਿੱਲੋਂ 'ਬਾਬਾ ਵਡਾਲੀ ਪੀਰ' ਨੂੰ ਮੰਨਦੇ ਹਨ ਅਤੇ ਆਪਣੇ ਪਿੰਡ ਦੇ ਨੇੜੇ ਹੀ ਬਣੀ ਉਸਦੀ ਜਗ੍ਹਾ 'ਤੇ ਹਰੇ ਰੰਗ ਦਾ ਕੱਪੜਾ ਅਤੇ ਮਿੱਠੇ ਚੌਲ, ਮਠਿਆਈ ਆਦਿ ਚੜ੍ਹਾਉਂਦੇ ਹਨ। ਖੁਸ਼ੀ ਮੌਕੇ ਉਹ ਪੀਰ ਨੂੰ ਸਿਜਦਾ ਕਰਨ ਜਾਂਦੇ ਹਨ ਜੋ ਉਹਨਾਂ ਨੂੰ ਦਾਤਾਂ ਬਖਸ਼ਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਅਗਲੇ ਪਿੰਡ ਗੁਮਾਨਪੁਰਾ ਦੇ ਢਿੱਲੋਂ 'ਬਾਬਾ ਦੂੰਦੂਰਾਮ' ਅਤੇ 'ਬਾਬਾ ਸ਼ਾਹਦਾਨਾ' ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮੰਨ-ਮਨੌਤ ਕਰਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਮਨੌਤ ਦੀ ਚੱਲੀ ਆ ਰਹੀ ਪਰੰਪਰਾ ਨੂੰ ਦੱਸਿਆ ਜਿਸ ਦੀ ਬਦੌਲਤ ਉਹਨਾਂ ਨੂੰ ਬਾਬਾ ਅਨੇਕਾਂ ਦਾਤਾਂ ਬਖਸ਼ਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਧੌਲ ਕਲਾਂ ਵਿਖੇ ਮਜ਼ਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਤੀਂਦੇ ਗੋਤ ਦੇ ਲੋਕਾਂ ਦੇ ਲੋਕ-ਮਨ ਤੋਂ ਜਠੇਰੇ ਬਾਰੇ ਪੁੱਛਣ 'ਤੇ ਇਸ ਪਿੰਡ ਦੇ ਤੀਂਦੇ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹ 'ਬਾਬਾ ਕਰੀਰ' ਨੂੰ ਮੰਨਦੇ ਹਨ ਜਿਸਦਾ ਸਥਾਨ ਉਹਨਾਂ ਦੇ ਆਪਣੇ ਪਿੰਡ

ਵਿੱਚ ਹੀ ਨਹਿਰ ਤੋਂ ਪਾਰ ਬਣਿਆ ਹੋਇਆ ਹੈ। ਇਸ ਮਨੌਤ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਇਹ ਮਨੌਤ ਚੱਲਦੀ ਆ ਰਹੀ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਚੱਬਾ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਪੁਸੇਂ ਗੋਤ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ 'ਬਾਬਾ ਨਾਗਾ' ਨੂੰ ਮੰਨਦੇ ਹਨ ਜਿਸਦਾ ਸਥਾਨ ਉਹਨਾਂ ਦੇ ਪਿੰਡ ਤੋਂ ਡੇਢ ਕਿਲੋਮੀਟਰ ਬਾਹਰ ਬਣਿਆ ਹੋਇਆ ਹੈ।ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ ਬਾਰੇ ਪੁੱਛਣ 'ਤੇ ਉਹਨਾਂ ਦੇ ਲੋਕ-ਮਨ ਨੇ ਇਹ ਗਵਾਹੀ ਭਰੀ ਕਿ ਇੱਕ ਵਾਰ ਮਨੌਤ ਵਿੱਚ ਭੁੱਲ ਹੋ ਜਾਣ 'ਤੇ ਉਹਨਾਂ ਦੇ ਪਰਿਵਾਰ ਵਿੱਚ ਬਹੁਤ ਭਾਰੀ ਜਹਿਮਤ ਆ ਗਈ ਸੀ। ਘਰੇਲੂ ਅੜਚਣਾਂ ਦੇ ਵਧਣ ਕਰਕੇ ਉਹਨਾਂ ਨੇ ਫ਼ਿਰ ਤੋਂ ਮਨੌਤ ਸ਼ੁਰੂ ਕੀਤੀ ਤਾਂ ਹੁਣ ਉਹਨਾਂ ਦੇ ਘਰ-ਪਰਿਵਾਰ ਉੱਪਰ ਬਾਬਾ ਨਾਗਾ ਦੀ ਪੂਰੀ ਕਿਰਪਾ ਹੈ।

ਖੇਤਰੀ ਸਰਵੇਖਣ ਦੇ ਦੌਰਾਨ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਚੱਕ ਮੁਕੰਦ ਵਿੱਚ ਪਾਏ ਗਏ ਪਠਾਣ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਇਹਨਾਂ ਵਿੱਚੋਂ ਕੁਝ 'ਬਾਬਾ ਬਾਲਮੀਕ' ਨੂੰ ਮੰਨਦੇ ਹਨ ਅਤੇ ਕੁਝ 'ਬਾਬਾ ਲਾਲ ਸ਼ਾਹ' ਨੂੰ ਮੰਨਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਚੱਲਦੀ ਆ ਰਹੀ ਪਰੰਪਰਾ ਨੂੰ ਦੱਸਿਆ ਜਿਸ ਦੀ ਪਾਲਣਾ ਕਰਨਾ ਉਹਨਾਂ ਦੀ ਲੋਕ-ਮਾਨਸਿਕਤਾ ਅਨੁਸਾਰ ਉਹਨਾਂ ਲਈ ਲਾਭਦਾਇਕ ਵੀ ਹੈ ਅਤੇ ਜ਼ਰੂਰੀ ਵੀ।

ਖੇਤਰੀ ਸਰਵੇਖਣ ਦੌਰਾਨ ਪਿੰਡ ਜਹਾਂਗੀਰ ਵਿੱਚ ਰਾਮਗੜ੍ਹੀਆ ਬਰਾਦਰੀ ਵਿੱਚ ਪਾਏ ਗਏ ਗੋਤ ਪਨੇਸਰ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ 'ਚੰਦ ਪੀਰ ਨਾਥ' ਨੂੰ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਵਜੋਂ ਮੰਨਦੇ ਹਨ। ਜਦ ਉਹਨਾਂ ਨੂੰ ਇਸ ਮਨੌਤ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰੇ ਵੀ ਪੀਰ ਨੂੰ ਮੰਨਦੇ ਸਨ ਜਿਸ ਕਰਕੇ ਉਹਨਾਂ ਦੇ ਘਰ-ਪਰਿਵਾਰ ਵਿੱਚ ਸੁੱਖ-ਸ਼ਾਂਤੀ ਅਤੇ ਬਰਕਤਾਂ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਝੀਤਾ ਕਲਾਂ ਦੇ ਪਰਜਾਪੱਤ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਰਾਮਪੁਰਾ ਵਿਖੇ ਜਾਂਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਚੱਲਦੀ ਆ ਰਹੀ ਪਰੰਪਰਾ ਨੂੰ ਦੱਸਿਆ ਜਿਸ ਦੀ ਪਾਲਣਾ ਨਾਲ਼ ਉਹਨਾਂ ਨੂੰ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।

ਇਸ ਤੋਂ ਇਲਾਵਾ ਪਿੰਡ ਸੁਲਤਾਨਵਿੰਡ ਦੇ ਪਰਜਾਪੱਤ 'ਬਾਬਾ ਮੁਸੱਦਾ' ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਮਨੌਤ ਪਿੱਛੇ ਕਾਰਨ ਉਹਨਾਂ ਨੇ ਆਪਣੀਆਂ ਆਸਾਂ-ਮੁਰਾਦਾਂ ਦੇ ਪੂਰੀਆਂ ਹੋਣ ਨੂੰ ਦੱਸਿਆ।

ਇਸ ਤੋਂ ਇਲਾਵਾ ਪਿੰਡ ਰਾਮੂਵਾਲ ਦੇ ਪਰਜਾਪੱਤ 'ਦੇਵੀ ਮਾਤਾ' ਦੀ ਪੂਜਾ ਕਰਦੇ ਹਨ ਜੋ ਕਿ ਉਹਨਾਂ ਦੇ ਕਹਿਣ ਅਨੁਸਾਰ ਪੁਰਾਤਨ ਸਮਿਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਹੈ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਬੋਪਾਰਾਏ ਵਿਖੇ ਪਾਏ ਗਏ ਗੋਤ ਬੋਪਾਰਾਏ ਨਾਲ਼ ਸੰਬੰਧਿਤ ਲੋਕ-ਮਨ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਉਹ 'ਬਾਬਾ ਰਮਦਾਸ' ਨੂੰ ਆਪਣਾ ਜਠੇਰਾ ਮੰਨ ਕੇ ਉਸਦੀ ਮੰਨ-ਮਨੌਤ ਕਰਦੇ ਹਨ। ਉਹਨਾਂ ਨੇ ਇਹ ਵੀ ਮੰਨਿਆ ਕਿ ਇਸ ਮਨੌਤ ਕਰਕੇ ਹੀ ਉਹਨਾਂ ਦੇ ਘਰ ਵਿੱਚ ਸਭ ਬਰਕਤਾਂ ਹਨ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਵਰਪਾਲ ਅਤੇ ਬਾਸਰਕੇ ਵਿੱਚ ਮਿਲੇ ਗੋਤ ਬੰਬਰਾ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਵਰਪਾਲ ਵਿਖੇ ਲੁਹਾਰ ਜਾਤੀ ਨਾਲ਼ ਸੰਬੰਧਿਤ ਬੰਬਰਾ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਤਾ ਚੱਲਿਆ ਕਿ ਉਹ 'ਕੁੱਲੀ ਵਾਲ਼ਾ ਬਾਬਾ' ਨੂੰ ਮੰਨਦੇ ਹਨ ਜਿਸਦਾ ਸਥਾਨ ਉਹਨਾਂ ਦੇ ਪਿੰਡ ਤੋਂ ਲਗਭਗ ਇੱਕ-ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਜਾ ਕੇ ਉਹ ਮੱਥਾ ਟੇਕਦੇ ਅਤੇ ਹਰ ਸਾਲ 2 ਜੇਠ ਨੂੰ ਪਿੰਡ ਵਿਖੇ ਲੱਗਣ ਵਾਲ਼ੇ ਮੇਲੇ ਵਿੱਚ ਸ਼ਾਮਿਲ ਹੁੰਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਮੂੰਹ ਮੰਗੀਆਂ ਮੁਰਾਦਾਂ ਪੂਰਾ ਹੋਣਾ ਦੱਸਿਆ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਭੈਣੀ ਵਿਖੇ ਪਾਇਆ ਗਿਆ ਗੋਤ ਬਰੇਸੀ ਹਿੰਦੂ ਜਾਤੀ ਨਾਲ਼ ਸੰਬੰਧਿਤ ਹੈ। ਇਸ ਪਿੰਡ ਦੇ ਬਰੇਸੀ ਗੋਤ ਵਾਲ਼ੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਭੈਣੀ ਦੇ ਬਰੇਸੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਬਣੇ ਸਥਾਨ 'ਤੇ ਜਾ ਕੇ ਮੰਨ-ਮਨੌਤ ਕਰਦੇ ਅਤੇ ਮੱਥਾ ਟੇਕਦੇ ਹਨ। ਉਹਨਾਂ ਦੀ ਲੋਕ-ਮਾਨਸਿਕਤਾ ਦਾ ਇਹ ਮੰਨਣਾ ਹੈ ਕਿ ਇੰਝ ਕਰਨ ਨਾਲ਼ ਉਹਨਾਂ ਦੇ ਘਰ ਸਭ ਪ੍ਰਕਾਰ ਦੀਆਂ ਖੁਸ਼ੀਆਂ ਅਤੇ ਬਰਕਤਾਂ ਨਿਰਵਿਘਨ ਆਉਂਦੀਆਂ ਹਨ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜਹਾਂਗੀਰ ਵਿੱਚ ਪਾਏ ਗਏ ਗੋਤ ਬਾਵਾ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ 'ਚੰਦ ਪੀਰ ਨਾਥ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਇਸ ਦੇ ਸਥਾਨ 'ਤੇ ਉਹ ਮੱਥਾ ਟੇਕਦੇ ਅਤੇ ਚੜ੍ਹਾਵੇ ਵਜੋਂ ਮਠਿਆਈ (ਲੱਡੂ), ਨਿਆਜ਼ ਆਦਿ ਚੜ੍ਹਾਉਂਦੇ ਹਨ ਜੋ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲਦਾ ਆ ਰਿਹਾ ਹੈ। ਉਹਨਾਂ ਦੀ ਲੋਕ ਮਾਨਸਿਕਤਾ ਅਨੁਸਾਰ ਉਹਨਾਂ ਨੂੰ ਚੰਦ ਪੀਰ ਨਾਥ ਮਨੌਤ ਤੋਂ ਖੁਸ਼ ਹੋ ਕੇ ਦੁੱਧ ਅਤੇ ਪੁੱਤ ਦੀ ਦਾਤ ਬਖਸ਼ਿਸ਼ ਕਰਦਾ ਹੈ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ, ਝੀਤਾ ਕਲਾਂ ਅਤੇ ਕੀਰਤਨਗੜ੍ਹ ਥਾਂਦੇ ਵਿਖੇ ਸਾਂਹਸੀ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਬੀੜੂ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਝੀਤਾ ਕਲਾਂ ਦੇ ਬੀੜੂ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਪਿੰਡ ਵਰਪਾਲ ਦੇ ਨੇੜੇ ਗੋਹਲਵੜ੍ਹ ਵਿਖੇ ਜਾਂਦੇ ਹਨ ਜਿੱਥੇ ਕਿ ਬਾਬੇ ਦਾ ਸਥਾਨ ਸਥਿਤ ਹੈ। ਚੜ੍ਹਾਵੇ ਵਜੋਂ ਮਠਿਆਈ, ਪਤਾਸੇ ਆਦਿ ਚੜ੍ਹਾਉਂਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ

ਵੱਡੇ-ਵਡੇਰਿਆਂ ਤੋਂ ਮਨੌਤ ਦੀ ਚੱਲਦੀ ਆ ਰਹੀ ਪਰੰਪਰਾ ਨੂੰ ਦੱਸਿਆ। ਉਹਨਾਂ ਦੇ ਕਹਿਣ ਮੁਤਾਬਿਕ ਉਹ ਹਰੇਕ ਖੁਸ਼ੀ ਮੌਕੇ ਬਾਬੇ ਦੇ ਸਥਾਨ 'ਤੇ ਜਾ ਕੇ ਮੱਥਾ ਟੇਕਦੇ ਹਨ।

ਇਸ ਤੋਂ ਇਲਾਵਾ ਪਿੰਡ ਗੁਰਵਾਲੀ ਦੇ ਬੀੜੂ 'ਬਾਬਾ ਬੋੜੂ' ਦੀ ਮਨੌਤ ਲਈ ਬੋੜੂ ਪਿੰਡ ਵਿਖੇ ਜਾਂਦੇ ਹਨ ਅਤੇ ਫੁੱਲੀਆਂ, ਕੜਾਹ-ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਬਾਬੇ ਨਾਲ਼ ਸੰਬੰਧਿਤ ਮੇਲਾ ਪਿੰਡ ਬੂੜ ਸਾਹਿਬ ਵਿਖੇ 10 ਸਾਉਣ ਨੂੰ ਲੱਗਦਾ ਹੈ, ਜਿੱਥੇ ਜਾ ਕੇ ਉਹ ਮੱਥਾ ਟੇਕਦੇ ਹਨ। ਉਹਨਾਂ ਦੇ ਲੋਕ-ਮਨ ਦਾ ਕਹਿਣਾ ਹੈ ਕਿ ਬਾਬਾ ਇਸ ਮਨੌਤ ਦੇ ਇਵਜ਼ ਵਿੱਚ ਉਹਨਾਂ ਨੂੰ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜਹਾਂਗੀਰ ਵਿੱਚ ਉਲੀਕੇ ਗਏ ਗੋਤ ਭੱਟੀ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਤਾ ਚੱਲਿਆ ਕਿ ਪਿੰਡ ਜਹਾਂਗੀਰ ਦੇ ਕੁਝ ਭੱਟੀ ਆਪਣੇ ਜਠੇਰੇ 'ਚੰਦ ਪੀਰ ਨਾਥ' ਦੀ ਪੂਜਾ ਆਪਣੇ ਪਿੰਡ ਵਿੱਚ ਹੀ ਕਰਦੇ ਹਨ ਅਤੇ ਪੀਰ ਨੂੰ ਖੁਸ਼ ਕਰਨ ਲਈ ਚਿਰਾਗ ਲਗਾਉਂਦੇ, ਹਰੀ ਚਾਦਰ ਚੜ੍ਹਾਉਂਦੇ ਅਤੇ ਨਿਆਜ਼ ਭੇਟ ਕਰਦੇ ਹਨ। ਇਸ ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਦੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਅਤੇ ਪੀਰ ਪ੍ਰਤੀ ਆਪਣੀ ਸ਼ਰਧਾ ਨੂੰ ਦੱਸਿਆ। ਇਸੇ ਪਿੰਡ ਜਹਾਂਗੀਰ ਦੇ ਕੁਝ ਭੱਟੀ 'ਬਾਬਾ ਜ਼ਾਹਰਾ-ਪੀਰ' ਦੀ ਮਨੌਤ ਕਰਦੇ ਹਨ ਅਤੇ ਨਿਆਜ਼, ਚਾਦਰ ਆਦਿ ਚੜ੍ਹਾਵੇ ਵਜੋਂ ਪੀਰ ਨੂੰ ਭੇਟ ਕਰਕੇ ਮੱਥਾ ਟੇਕਦੇ ਹਨ। ਉਹਨਾਂ ਦੇ ਕਹਿਣ ਅਨੁਸਾਰ ਪੀਰ ਮਨੌਤ ਤੋਂ ਖੁਸ਼ ਹੋ ਕੇ ਉਹਨਾਂ 'ਤੇ ਮਿਹਰਬਾਨ ਹੁੰਦਾ ਹੈ ਅਤੇ ਬੇਅੰਤ ਬਖਸ਼ਿਸ਼ਾਂ ਪ੍ਰਦਾਨ ਕਰਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਭਾਰਦਵਾਜ ਗੋਤ ਰਾਮਤੀਰਥ ਦੀ ਬ੍ਰਾਹਮਣ ਬਰਾਦਰੀ ਵਿੱਚ ਪਾਇਆ ਗਿਆ ਜਿਨ੍ਹਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਦੇ ਦੌਰਾਨ ਪਤਾ ਲੱਗਿਆ ਕਿ ਰਾਮਤੀਰਥ ਦੇ ਭਾਰਦਵਾਜ ਮਹਿਤਾ ਰੋਡ 'ਤੇ ਸਥਿਤ ਪਿੰਡ ਚਾਟੀਵਿੰਡ ਕੋਲ਼ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਕਿਸੇ ਵੀ ਰੰਗ ਦਾ ਕੱਪੜਾ, ਖੀਰ, ਚੌਲ, ਕੜਾਹ-ਪ੍ਰਸ਼ਾਦ ਦੀ ਦੇਗ ਭੇਟ ਕੀਤੀ ਜਾਂਦੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਇਸ ਸਥਾਨ 'ਤੇ ਜੁਲਾਈ ਮਹੀਨੇ ਵਿੱਚ ਜਠੇਰੇ ਦੀ ਯਾਦ ਵਿੱਚ ਮੇਲਾ ਵੀ ਲੱਗਦਾ ਹੈ। ਉਹਨਾਂ ਨੇ ਦੱਸਿਆ ਕਿ ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ 'ਤੇ ਬਦਸ਼ਗਨੀ ਹੁੰਦੀ ਹੈ ਜਦ ਕਿ ਇਸ ਦੇ ਉਲਟ ਮਨੌਤ ਤੋਂ ਖੁਸ਼ ਹੋ ਕੇ ਜਠੇਰਾ ਉਹਨਾਂ ਨੂੰ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਕੀਰਤਨਗੜ੍ਹ ਥਾਂਦੇ ਦੇ ਭੁੱਲਰ ਗੋਤ ਦੇ ਲੋਕ ਦੱਸਦੇ ਹਨ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ। ਜੁਲਾਈ-ਅਗਸਤ ਮਹੀਨੇ ਵਿੱਚ ਜਠੇਰੇ ਨਾਲ਼ ਸੰਬੰਧਿਤ ਮੇਲਾ ਵੀ ਲਗਾਇਆ ਜਾਂਦਾ ਹੈ ਜਿੱਥੇ ਚੜ੍ਹਾਵੇ ਵਜੋਂ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾਈ ਜਾਂਦੀ ਹੈ। ਜਠੇਰੇ ਦੀ ਮਨੌਤ ਦਾ ਕਾਰਨ ਉਹਨਾਂ ਦੇ ਲੋਕ-ਮਨ ਨੇ ਇਹ ਦੱਸਿਆ ਕਿ ਉਹਨਾਂ ਦੇ ਵੱਡੇ-

ਵਡੇਰੇ ਵੀ ਮੰਨਦੇ ਸਨ। ਮਨੌਤ ਵਿੱਚ ਕੋਈ ਭੁੱਲ ਹੋ ਜਾਣ 'ਤੇ ਉਹਨਾਂ ਨੇ ਦੱਸਿਆ ਕਿ ਘਰੇਲੂ ਅੜਚਨਾਂ ਆਉਂਦੀਆਂ ਹਨ ਜਦ ਕਿ ਮਨੌਤ ਕਰਕੇ ਸੁਖ-ਸ਼ਾਂਤੀ ਅਤੇ ਬਰਕਤਾਂ ਮਿਲਦੀਆਂ ਹਨ।

ਮਾਹਲਾ ਗੋਤ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਸੁਲਤਾਨਵਿੰਡ, ਇੱਬਣ ਖੁਰਦ ਅਤੇ ਜੋਗਾ ਸਿੰਘ ਵਾਲਾ ਵਿਖੇ ਪਾਇਆ ਗਿਆ। ਗੋਤ ਮਾਹਲਾ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਪਿੰਡ ਸੁਲਤਾਨਵਿੰਡ ਦੇ ਕੁਝ ਮਾਹਲਾ ਗੋਤ ਵਾਲ਼ੇ ਜੱਟ ਸਿੱਖ 'ਬਾਬਾ ਮੁਸੱਲਾ' ਦੀ ਮਨੌਤ ਕਰਦੇ ਹਨ ਅਤੇ ਜੂਨ ਮਹੀਨੇ ਵਿੱਚ ਲੱਗਣ ਵਾਲ਼ੇ ਮੇਲੇ ਉੱਤੇ ਜਾ ਕੇ ਮੱਥਾ ਟੇਕਦੇ ਹਨ।

ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਖਾਪਰ ਖੇੜੀ, ਮੂਧਲ, ਮੰਡਿਆਲਾ, ਪਠਾਣੀਆਂ, ਗੁਮਾਨਪੁਰਾ, ਗੌਂਸਾਬਾਦ ਵਿਖੇ ਪਾਏ ਗਏ ਗੋਤ ਮੱਟੂ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਪਿੰਡ ਮੂਧਲ ਦੇ ਮੱਟੂ ਗੋਤ ਦੇ ਲੋਕਾਂ ਨੇ ਦੱਸਿਆ ਕਿ ਉਹ 'ਲੱਖਾਂ ਦਾ ਦਾਤਾ ਪੀਰ' ਨੂੰ ਮੰਨਦੇ ਹਨ ਜਿਸਦਾ ਸਥਾਨ ਉਹਨਾਂ ਦੇ ਆਪਣੇ ਘਰ ਵਿੱਚ ਹੀ ਬਣਿਆ ਹੋਇਆ ਹੈ ਅਤੇ ਪੀਰ ਦੀ ਅਪਾਰ ਕਿਰਪਾ ਕਰਕੇ ਉਹਨਾਂ ਨੂੰ ਅਣਗਿਣਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਪਿੰਡ ਗੁਮਾਨਪੁਰਾ ਦੇ ਮੱਟੂ 'ਕੇਦੂ ਰਾਮ' ਨਾਮੀ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਪੰਜੀਰੀ ਦਾ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ ਅਤੇ ਜਠੇਰੇ ਨਾਲ਼ ਸੰਬੰਧਿਤ ਮੇਲਾ ਜੋ ਰੱਖੜ ਪੁੰਨਿਆ ਤੋਂ 9 ਦਿਨ ਮਗਰੋਂ ਲੱਗਦਾ ਹੈ, ਵਿੱਚ ਸ਼ਾਮਿਲ ਹੁੰਦੇ ਹਨ। ਉਹਨਾਂ ਦੀ ਲੋਕ-ਮਾਨਸਿਕਤਾ ਉਹਨਾਂ ਦੇ ਵੱਡੇ-ਵਡੇਰਿਆਂ ਤੋਂ ਚੱਲਦੀ ਆ ਰਹੀ ਮਨੌਤ ਦੀ ਪਰੰਪਰਾ ਤੋਂ ਮੁਨਕਰ ਨਹੀਂ ਹੋ ਸਕਦਾ ਜਿਸ ਕਰਕੇ ਉਹਨਾਂ ਨੂੰ ਜਠੇਰੇ ਦੀ ਅਪਾਰ ਕਿਰਪਾ ਸਦਕਾ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਇਸ ਤੋਂ ਇਲਾਵਾ ਪਿੰਡ ਮੰਡਿਆਲਾ ਦੇ ਮੱਟੂ 'ਬਾਬਾ ਬੇਪਰਵਾਹ' ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਅਤੇ ਹਾੜ ਮਹੀਨੇ ਵਿੱਚ ਲੱਗਣ ਵਾਲ਼ੇ ਮੇਲੇ 'ਤੇ ਤੇਲ, ਪ੍ਰਸ਼ਾਦ ਆਦਿ ਚੜ੍ਹਾਉਂਦੇ ਹਨ। ਮਨੌਤ ਦਾ ਕਾਰਨ ਉਹਨਾਂ ਨੇ ਆਪਣੇ ਵੱਡੇ-ਵਡੇਰਿਆਂ ਤੋਂ ਚੱਲੀ ਆ ਰਹੀ ਪਰੰਪਰਾ ਨੂੰ ਦੱਸਿਆ। ਉਹਨਾਂ ਦਾ ਲੋਕ-ਮਨ ਬਾਬਾ ਬੇਪਰਵਾਹ ਤੋਂ ਮਿਲਣ ਵਾਲ਼ੀਆਂ ਦਾਤਾਂ ਕਰਕੇ ਉਸ ਪ੍ਰਤੀ ਅਥਾਹ ਸ਼ਰਧਾ ਰੱਖਦਾ ਹੈ।

ਪਿੰਡ ਖਾਪਰ ਖੇੜੀ ਦੇ ਮੱਟੂ ਕਿਸੇ ਜਠੇਰੇ ਦੀ ਜਗ੍ਹਾ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ ਜਿਸ ਬਦਲੇ ਗੁੱਗਾ ਪੀਰ ਉਹਨਾਂ ਨੂੰ ਬੇਅੰਤ ਬਰਕਤਾਂ ਬਖਸ਼ਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਵਰਪਾਲ ਵਿਖੇ ਰਵਿਦਾਸ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਮੌਰੀਆ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੇ ਜਠੇਰੇ ਦਾ ਨਾਂ 'ਕਾਲ਼ੂ ਰਾਮ' ਦੱਸਿਆ ਅਤੇ ਉਹਨਾਂ ਇਹ ਵੀ ਕਿਹਾ ਕਿ ਉਹ 'ਗੁਰੂ ਰਵੀਦਾਸ' ਨੂੰ ਹੀ ਮੰਨਦੇ ਹਨ ਜਿਸਦਾ ਸਥਾਨ ਰਾਜਸਥਾਨ ਵਿਖੇ ਸਥਿਤ ਹੈ, ਜਿੱਥੇ ਉਹ ਫੁੱਲੀਆਂ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ

ਹਨ। ਇਸ ਮਨੌਤ ਕਰਕੇ ਉਹਨਾਂ ਦੇ ਲੋਕ-ਮਨ ਦਾ ਕਹਿਣਾ ਹੈ ਕਿ ਉਹਨਾਂ ਦੇ ਘਰ-ਪਰਿਵਾਰ ਵਿੱਚ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਆਉਂਦੀ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਰਾਮੂਵਾਲ ਦੇ ਰੰਧਾਵੇ ਆਪਣੇ ਪਿੰਡ ਵਿੱਚ ਹੀ 'ਜਠੇਰੀ ਮਾਤਾ' ਦੀ ਪੂਜਾ ਕਰਦੇ ਹਨ। ਉਹ ਚੜ੍ਹਾਵੇ ਵਜੋਂ ਆਪਣੇ ਪਿੰਡ ਵਿੱਚ ਹੀ ਬਣੇ ਮਾਤਾ ਦੇ ਮੰਦਿਰ ਤੇ ਜਾ ਕੇ ਨਾਰੀਅਲ ਭੇਟ ਕਰਕੇ ਮੱਥਾ ਟੇਕਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਾਤਾ ਦੀ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਵੇਲ਼ਿਆਂ ਤੋਂ ਚੱਲਦੀ ਆ ਰਹੀ ਹੈ। ਜਠੇਰੀ ਮਾਤਾ ਇਸ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਦਾਤਾਂ ਬਖਸ਼ਦੀ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ, ਮੰਡਿਆਲਾ, ਫਤਾਹਪੁਰ, ਮੂਧਲ, ਧੌਲ ਕਲਾਂ ਅਤੇ ਜਹਾਂਗੀਰ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਲੱਧੜ ਨਾਲ਼ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਿੰਡ ਮੰਡਿਆਲਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ 'ਬਾਬਾ ਬੇਪਰਵਾਹ' ਦੀ ਮੰਨ-ਮਨੌਤ ਕਰਦੇ ਹਨ ਜਿਸਦੀ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਵੇਲ਼ਿਆਂ ਤੋਂ ਚੱਲਦੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਮਨੌਤ ਕਰਕੇ ਉਹਨਾਂ ਦੇ ਘਰ-ਪਰਿਵਾਰ ਵਿੱਚ ਸਭ ਪ੍ਰਕਾਰ ਦੀਆਂ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਫਤਾਹਪੁਰ ਵਿਖੇ ਬ੍ਰਾਹਮਣ ਬਰਾਦਰੀ ਨਾਲ਼ ਸੰਬੰਧਿਤ ਵਤਸ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਤਸ ਗੋਤ ਨਾਲ਼ ਸੰਬੰਧਿਤ ਲੋਕ 'ਸੋਹਨ ਲਾਲ' ਨਾਮੀ ਜਠੇਰੇ ਦੀ ਸਠਿਆਲਾ (ਨੇੜੇ ਬਾਬਾ ਬਕਾਲਾ) ਵਿਖੇ ਮਨੌਤ ਕਰਨ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਲਾਲ ਰੰਗ ਦਾ ਕੱਪੜਾ, ਚਾਵਲ ਚੜ੍ਹਾ ਕੇ ਆਰਤੀ ਉਤਾਰਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਨਾਲ਼ ਸੰਬੰਧਿਤ 5 ਅੱਸੂ ਨੂੰ ਸਠਿਆਲਾ ਵਿਖੇ ਮੇਲਾ ਵੀ ਲੱਗਦਾ ਹੈ। ਵੱਡੇ-ਵਡੇਰਿਆਂ ਦੇ ਵੇਲ਼ਿਆਂ ਤੋਂ ਚੱਲਦੀ ਆ ਰਹੀ ਇਸ ਮਨੌਤ ਨੂੰ ਅੱਗੇ ਤੋਰਨਾ ਉਹਨਾਂ ਦੇ ਲੋਕ-ਮਨ ਅਨੁਸਾਰ ਉਹਨਾਂ ਦਾ ਫਰਜ਼ ਹੈ ਜਿਸ ਕਰਕੇ ਉਹਨਾਂ ਨੂੰ ਕਦੇ ਕਿਸੇ ਚੀਜ਼ ਦੀ ਤੋਟ ਨਹੀਂ ਆਈ।

ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਪਤਾ ਲੱਗਿਆ ਕਿ ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸ਼ੇਰਗਿੱਲ ਆਪਣੇ ਪਿੰਡ ਵਿੱਚ ਹੀ 'ਬਾਬਾ ਲਾਭ ਸਿੰਘ' ਨੂੰ ਜਠੇਰੇ ਵਜੋਂ ਪੂਜਦੇ ਅਤੇ ਮੱਥਾ ਟੇਕਦੇ ਹਨ। ਉਹਨਾਂ ਦਾ ਲੋਕ-ਮਨ ਬਦਸ਼ਗਨੀ ਹੋਣ ਦੇ ਡਰੋਂ ਜਠੇਰੇ ਦੀ ਮਨੌਤ ਕਰਦਾ ਆ ਰਿਹਾ ਹੈ। ਸਭ ਪ੍ਰਕਾਰ ਦੀਆਂ ਬਰਕਤਾਂ ਬਖਸ਼ਣ ਕਰਕੇ ਜਠੇਰਾ ਉਹਨਾਂ ਲਈ ਪੂਜਨੀਕ ਸਥਾਨ ਰੱਖਦਾ ਹੈ। ਜਦ ਕਿ ਇਸੇ ਪਿੰਡ ਦੇ ਕੁਝ ਸ਼ੇਰਗਿੱਲ 'ਬਾਬਾ ਤੱਖੀਏ ਸ਼ਾਹ' ਨੂੰ ਮੰਨਦੇ ਹਨ। ਚੜ੍ਹਾਵੇ ਵਜੋਂ ਗੁੜ ਵਾਲ਼ੇ ਚੌਲ ਅਤੇ ਤੇਲ ਚੜ੍ਹਾਉਂਦੇ ਹਨ। ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲਦੀ ਆ ਰਹੀ ਇਸ ਮਨੌਤ ਕਰਕੇ ਉਹਨਾਂ ਦੇ ਕਹਿਣ ਅਨੁਸਾਰ ਉਹਨਾਂ ਨੂੰ ਬੇਅੰਤ ਬਰਕਤਾਂ ਪ੍ਰਾਪਤ ਹੋਈਆਂ ਹਨ।

ਪਿੰਡ ਕੋਟਲੀ ਦੇ ਸ਼ੇਰਗਿੱਲ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਾਬਾ ਫੌਜਾ ਸਿੰਘ' ਹੈ, ਪ੍ਰੰਤੂ ਉਹ 'ਦੇਵੀ ਮਾਤਾ' ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਕੀਰਤਨਗੜ੍ਹ ਥਾਂਦੇ ਦੇ ਸ਼ੇਰਗਿੱਲ 'ਮਸੀਹ' ਨੂੰ ਅਤੇ ਜੰਡਿਆਲਾ ਦੇ 'ਬਾਬਾ ਬੇਪਰਵਾਹ' ਨੂੰ ਮੰਨਦੇ ਹਨ ਅਤੇ ਚੜ੍ਹਾਵੇ ਵਜੋਂ ਤੇਲ, ਪ੍ਰਸ਼ਾਦ ਚੜ੍ਹਾਉਂਦੇ ਹਨ। ਉਹਨਾਂ ਦੇ ਕਹਿਣ ਮੁਤਾਬਿਕ ਮਨੌਤ ਉਹਨਾਂ ਦੇ ਵੱਡੇ-ਵਡੇਰਿਆਂ ਦੇ ਵੇਲ਼ਿਆਂ ਤੋਂ ਚੱਲਦੀ ਆ ਰਹੀ ਹੈ ਜਿਸ ਵਿੱਚ ਉਹਨਾਂ ਦੀ ਅਥਾਹ ਸ਼ਰਧਾ ਹੈ।

ਸਮੁੱਚੇ ਤੌਰ 'ਤੇ ਪਰੰਪਰਾਗਤ ਦ੍ਰਿਸ਼ਟੀਕੋਣ ਤੋਂ ਲੋਕ ਮਾਨਸਿਕਤਾ ਦਾ ਅਧਿਐਨ ਕਰਦਿਆ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਗੋਤਾਂ ਵਿੱਚ ਇੱਕੋ ਗੋਤ ਹੁੰਦਿਆਂ ਵੀ ਉਹਨਾਂ ਦੇ ਜਠੇਰੇ ਵੱਖ-ਵੱਖ ਹਨ; ਜਿਵੇਂ ਸ਼ੇਰਗਿੱਲ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਅਲੱਗ-ਅਲੱਗ ਜਠੇਰਿਆਂ ਨੂੰ ਮੰਨਦੇ ਹਨ ਜਦ ਕਿ ਕੁਝ ਗੋਤ ਅਲੱਗ-ਅਲੱਗ ਹੋਣ ਦੇ ਬਾਵਜੂਦ ਵੀ ਉਹਨਾਂ ਵਖੋ-ਵੱਖਰੇ ਗੋਤਾਂ ਦੇ ਜਠੇਰੇ ਇੱਕ ਹੀ ਹਨ। ਉਦਾਹਰਣ ਵਜੋਂ 'ਬਾਬਾ ਹਦੂਰੀ' ਨਾਮੀ ਜਠੇਰੇ ਨੂੰ ਗਿੱਲ ਗੋਤ ਦੇ ਲੋਕ ਵੀ ਮੰਨਦੇ ਹਨ ਅਤੇ ਹੁੰਦਲ ਗੋਤ ਦੇ ਲੋਕ ਵੀ।

**ਆਧੁਨਿਕ ਦ੍ਰਿਸ਼ਟੀਕੋਣ:**

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਰਾਮਪੁਰਾ ਬਾਵਿਆਂ ਕਾ ਵਿਖੇ ਪਾਏ ਗਏ ਮਜ਼੍ਹਬੀ ਸਿੱਖ ਬਰਾਦਰੀ ਦੇ ਆਦੀਵਾਲ ਗੋਤ ਦੇ ਲੋਕ, ਪਿੰਡ ਖਾਸਾ ਵਿੱਚ ਪਾਏ ਗਏ ਔਲਖ ਗੋਤ ਦੇ ਲੋਕ, ਪਿੰਡ ਮੂਧੇਵਾਲੀ ਹਵੇਲੀਆਂ ਅਤੇ ਬਿੜ੍ਹ ਵਿੱਚ ਪਾਏ ਗਏ ਸੇਖੋਂ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਕੋਟਲੀ, ਗੁਰਵਾਲੀ, ਚੱਕ ਮੁਕੰਦ, ਮਾਲੂਵਾਲ ਅਤੇ ਜਹਾਂਗੀਰ ਵਿੱਚ ਪਾਏ ਗਏ ਗੋਤ ਸਿੱਧੂ ਨਾਲ਼ ਸੰਬੰਧਿਤ ਪਿੰਡ ਕੋਟਲੀ ਅਤੇ ਮਾਲੂਵਾਲ ਦੇ ਸਿੱਧੂ, ਪਿੰਡ ਰਾਮਪੁਰਾ ਬਾਵਿਆਂ ਕਾ, ਭਕਨਾ ਕਲਾਂ, ਬਾਸਰਕੇ, ਮਹਿਮਾ, ਮੂਧਲ, ਨੱਥੂਪੁਰਾ, ਮੁੱਲਾ ਬਹਿਰਾਮ, ਬੱਲ ਕਲਾਂ, ਕਲੇਰ, ਮਾਲੂਵਾਲ, ਵਡਾਲਾ ਅਤੇ ਮੰਡਿਆਲਾ ਦੇ ਸੰਧੂ, ਪਿੰਡ ਚਾਟੀਵਿੰਡ ਦੇ ਕੁਝ ਸਰਾਂ, ਧੌਲ ਕਲਾਂ ਵਿਖੇ ਵਿਖੇ ਉਲੀਕੇ ਗਏ ਗੋਤ ਸਰਕਾਰੀਆ, ਪਿੰਡ ਗੁਰਵਾਲੀ ਵਿੱਚ ਪਾਏ ਗਏ ਹੁੰਝਣ ਗੋਤ, ਪਿੰਡ ਬੋਪਾਰਾਏ ਦੇ ਕੁਝ ਕੁਹਾੜ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਸੋਹੀਆਂ ਖੁਰਦ ਵਿੱਚ ਪਾਏ ਗਏ ਕੰਬੋਜ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਸੋਹੀਆਂ ਖੁਰਦ ਵਿੱਚ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਕਸ਼ਯਪ ਰਾਜਪੂਤ ਦੇ ਲੋਕ, ਪਿੰਡ ਡਡੀਆਂ ਵਿੱਚ ਪਾਏ ਗਏ ਕਰੋਨਾਲ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਫਤਾਹਪੁਰ ਦੇ ਗੁਜਰਾਲ ਗੋਤ ਦੇ ਲੋਕ, ਪਿੰਡ ਫਤਾਹਪੁਰ ਦੇ ਘੁੱਸੜ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਡਡੀਆਂ ਵਿੱਚ ਪਾਏ ਗਏ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਘੋਗੇ ਗੋਤ ਦੇ ਲੋਕ, ਪਿੰਡ ਚੱਕ ਮੁਕੰਦ ਦੀ ਜੱਟ ਬਰਾਦਰੀ ਵਿੱਚ ਪਾਏ ਗਏ ਗੋਤ ਚੌਹਾਨ ਨਾਲ਼ ਸੰਬੰਧਿਤ ਲੋਕ, ਪਿੰਡ ਮਾਲੂਵਾਲ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਚਾਹਲ ਦੇ ਲੋਕ, ਪਿੰਡ ਸੋਹੀਆਂ ਖੁਰਦ ਵਿਖੇ ਪਾਇਆ ਗਿਆ ਗੋਤ ਬੱਲ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਲੋਕ, ਪਿੰਡ ਸੋਹੀਆਂ ਖੁਰਦ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਜੈਲਦਾਰ ਨਾਲ਼ ਸੰਬੰਧਿਤ ਲੋਕ, ਪਿੰਡ ਕੀਰਤਨਗੜ੍ਹ ਥਾਂਦੇ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਪਾਏ ਗਏ ਗੋਤ ਫੁੱਲ ਭੁਰਜੀ ਨਾਲ਼ ਸੰਬੰਧਿਤ ਲੋਕ, ਪਿੰਡ ਬੋਪਾਰਾਏ ਅਤੇ ਕੀਰਤਨਗੜ੍ਹ ਥਾਂਦੇ ਵਿੱਚ ਪਾਏ ਗਏ ਗੋਤ ਬੋਪਾਰਾਏ ਦੇ ਜੱਟ ਸਿੱਖ, ਪਿੰਡ ਬੱਲ ਕਲਾਂ ਦੇ

ਤੋਤੇ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਜਹਾਂਗੀਰ ਵਿੱਚ ਉਲੀਕੇ ਗਏ ਗੋਤ ਭੱਟੀ ਨਾਲ਼ ਸੰਬੰਧਿਤ ਲੋਕ, ਪਿੰਡ ਸੁਲਤਾਨਵਿੰਡ ਵਿਖੇ ਪਾਏ ਗਏ ਗੋਤ ਚੀਮਾ ਨਾਲ਼ ਸੰਬੰਧਿਤ ਲੋਕ, ਪਿੰਡ ਬੱਲ ਕਲਾਂ ਵਿੱਚ ਪਾਏ ਗਏ ਗੋਤ ਛੜਾ ਨਾਲ਼ ਸੰਬੰਧਿਤ ਲੋਕ, ਪਿੰਡ ਧੌਲ ਕਲਾਂ, ਖਾਪਰ ਖੇੜੀ, ਥਾਂਦੇ ਖੁਰਦ, ਰਾਮੂਵਾਲ, ਮੂਧਲ ਦੇ ਢਿੱਲੋਂ, ਪਿੰਡ ਸੋਹੀਆਂ ਖੁਰਦ ਵਿਖੇ ਪਾਏ ਗਏ ਰਾਜਪੂਤ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਖਾਪਰ ਖੇੜੀ ਵਿਖੇ ਪਾਏ ਗਏ ਗੋਤ ਬੂੜ ਨਾਲ਼ ਸੰਬੰਧਿਤ ਲੋਕ, ਪਿੰਡ ਇੱਬਣ ਖੁਰਦ ਦੀ ਰਾਮਗੜ੍ਹੀਆ ਬਰਾਦਰੀ ਵਿੱਚ ਪਾਏ ਗਏ ਭੁਰਜੀ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਸੁਲਤਾਨਵਿੰਡ ਦੇ ਮਾਹਲਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਕੁਝ ਲੋਕ ਅਤੇ ਪਿੰਡ ਇੱਬਣ ਖੁਰਦ ਦੇ ਮਾਹਲਾ, ਪਿੰਡ ਬੋਪਾਰਾਏ ਵਿਖੇ ਉਲੀਕੇ ਗਏ ਗੋਤ ਰਾਧੇ ਨਾਲ਼ ਸੰਬੰਧਿਤ ਲੋਕ, ਪਿੰਡ ਭਕਨਾ ਕਲਾਂ ਦੀ ਤਰਖਾਣ ਬਰਾਦਰੀ ਵਿੱਚ ਪਾਏ ਗਏ ਮਾਨ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਗੁਮਾਨਪੁਰਾ ਦੀ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਮਾਹਰਵਾਲੀਏ ਦੇ ਲੋਕ, ਪਿੰਡ ਧੌਲ ਕਲਾਂ, ਮੂਧਲ ਅਤੇ ਜਹਾਂਗੀਰ ਵਿਖੇ ਪਾਏ ਗਏ ਗੋਤ ਲੱਧੜ ਦੇ ਲੋਕ, ਪਿੰਡ ਚੱਬਾ ਦੇ ਰਾਮਗੜ੍ਹੀਆ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਰਾਮੂਵਾਲ ਅਤੇ ਬਾਸਰਕੇ ਦੇ ਲੁਹਾਰ ਗੋਤ ਦੇ ਲੋਕ, ਬੱਲ ਕਲਾਂ ਪਿੰਡ ਦੇ ਲੰਬੜ ਗੋਤ ਨਾਲ਼ ਸੰਬੰਧਿਤ ਲੋਕ, ਪਿੰਡ ਵਡਾਲਾ ਦੇ ਸ਼ੇਰਗਿੱਲ ਅਤੇ ਕੋਟਲੀ ਦੇ ਕੁਝ ਸ਼ੇਰਗਿੱਲ, ਪਿੰਡਾਂ ਬੋਤਾ, ਵਨ ਚਿੜੀ, ਗੁਰਵਾਲੀ, ਇੱਬਣ ਖੁਰਦ, ਚੱਕ ਮੁਕੰਦ, ਮਾਲੂਵਾਲ, ਖਾਪਰ ਖੇੜੀ, ਫਤਾਹਪੁਰ, ਬੱਲ ਕਲਾਂ, ਮਹਿਮਾ, ਸੁਲਤਾਨ ਵਿੰਡ, ਵਰਪਾਲ, ਚੱਬਾ ਵਿੱਚ ਪਾਏ ਗਏ ਗੋਤ ਗਿੱਲ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਬੋਤਾ, ਚੱਬਾ, ਮਾਲੂਵਾਲ, ਇੱਬਣ ਖੁਰਦ, ਵਰਪਾਲ ਖੁਰਦ, ਮਹਿਮਾ, ਵਨ ਚਿੜੀ ਦੇ ਗਿੱਲ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਨਹੀਂ ਕਰਦੇ।

ਇਸ ਤੋਂ ਇਲਾਵਾ ਪਿੰਡ ਬੋਤਾ ਦੇ ਸੰਧੂਆਂ ਨੂੰ ਜਠੇਰਾ-ਪੂਜਾ ਬਾਰੇ ਪੁੱਛਣ'ਤੇ ਉਹ ਦੱਸਦੇ ਹਨ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਦਸੌਂਧਾ ਸਿੰਘ' ਹੈ, ਪਰ ਉਹ ਇਸ ਦੀ ਮੰਨ-ਮਨੌਤ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਅਗਲੇ ਪਿੰਡ ਗੁਰਵਾਲੀ ਦੇ ਸੰਧੂ 'ਡੇਹਰਾ ਸਾਹਿਬ' ਵਿਖੇ ਜਾਂਦੇ ਹਨ ਅਤੇ ਜਠੇਰੇ ਦੀ ਮਨੌਤ ਨਹੀਂ ਕਰਦੇ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸੰਧੂ 'ਮਸੀਹ' ਦੀ ਪੂਜਾ ਕਰਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਤੋਂ ਉਹਨਾਂ ਸਭਨਾਂ ਦਾ ਲੋਕ-ਮਨ ਮੁਨਕਰ ਹੈ।

ਪਿੰਡ ਜੋਗਾ ਸਿੰਘ ਵਾਲਾ, ਵਨ ਚਿੜੀ, ਨੱਥੂਪੁਰਾ, ਮਹਿਮਾ, ਝੀਤਾ ਕਲਾਂ, ਸੇਹਾਗਣਾ ਵਿੱਚ ਪਾਏ ਗਏ ਗੋਤ ਹੁੰਦਲ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਜੋਗਾ ਸਿੰਘ ਵਾਲਾ ਦੇ ਕੁਝ ਹੁੰਦਲ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਬੋਤਾ ਦੇ ਹੁੰਦਲ ਗੋਤ ਦੇ ਲੋਕਾਂ ਦਾ ਵੀ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਹਰਨਾਮ ਸਿੰਘ' ਹੈ, ਪਰ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਪਿੰਡ ਝੀਤਾ ਕਲਾਂ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਵਨ ਚਿੜੀ ਪਿੰਡ ਦੇ ਹੁੰਦਲ ਗੋਤ ਦੇ ਲੋਕਾਂ ਦੀ ਗੱਲ ਕਰੀਏ ਤਾਂ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਗੁਰਮੁਖ ਸਿੰਘ' ਹੈ, ਪ੍ਰੰਤੂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਪਿੰਡ ਕੋਟਲੀ ਵਿੱਚ ਪਾਏ ਗਏ ਗੋਤ ਕੁਹਾਰ ਨਾਲ਼ ਸੰਬੰਧਿਤ ਲੋਕਾਂ ਦੇ ਲੋਕ-ਮਨ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਉਹਨਾਂ ਦਾ ਜਠੇਰਾ 'ਰਾਧਾ ਸਿੰਘ' ਹੈ ਪਰ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨਮਿੱਤ ਕੋਈ ਮਿੱਟੀ ਨਹੀਂ ਕੱਢਦੇ।

ਪਿੰਡ ਚੱਬਾ, ਚੱਕ ਮੁਕੰਦ, ਫਤਾਹਪੁਰ, ਭਕਨਾ, ਚਾਟੀਵਿੰਡ ਵਿੱਚ ਪਾਏ ਗਏ ਗੋਤ ਘੁਸਰ ਵਿੱਚੋਂ ਪਿੰਡ ਚੱਬਾ, ਚੱਕ ਮੁਕੰਦ ਦੇ ਘੁਸਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਭਕਨਾ ਦੇ ਘੁਸਰ 'ਯਿਸੂ ਮਸੀਹ' ਨੂੰ ਮੰਨਦੇ ਹਨ।

ਰਾਮਪੁਰਾ ਬਾਵਿਆਂ ਕਾ, ਭਕਨਾ ਅਤੇ ਖਾਸਾ ਪਿੰਡਾਂ ਵਿੱਚ ਪਾਏ ਗਏ ਗੋਤ ਛਪਰੀਬਨ੍ਹ ਵਿੱਚੋਂ ਪਿੰਡ ਭਕਨਾ ਕਲਾਂ ਦੇ ਛਪਰੀਬਨ੍ਹ ਗੋਤ ਵਾਲ਼ੇ ਲੋਕਾਂ ਪਾਸੋਂ ਜਠੇਰਾ-ਪੂਜਾ ਬਾਬਤ ਪੁੱਛਣ 'ਤੇ ਉਹਨਾਂ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਪਿੰਡ ਜੋਗਾ ਸਿੰਘ ਵਾਲਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਧੀਂਗੇ ਦੇ ਲੋਕਾਂ ਦੇ ਲੋਕ-ਮਨ ਤੋਂ ਜਠੇਰੇ ਬਾਰੇ ਪੁੱਛਣ 'ਤੇ ਇਸ ਪਿੰਡ ਦੇ ਧੀਂਗੇ ਗੋਤ ਵਾਲ਼ੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਹਾਦਰ ਸਿੰਘ' ਹੈ, ਪਰ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਪਠਾਣੀਆਂ ਪਿੰਡ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਉਲੀਕੇ ਗਏ ਨਾਹਰ ਗੋਤ ਦੇ ਲੋਕਾਂ ਕੋਲ਼ੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿਖੇ ਹੀ ਮੰਨ-ਮਨੌਤ ਕਰਦੇ ਸਨ, ਪਰ ਹੁਣ ਨਹੀਂ ਕਰਦੇ ਅਤੇ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਗੁਰਵਾਲੀ ਅਤੇ ਪਿੰਡ ਫਤਾਹਪੁਰ ਵਿਖੇ ਪਾਏ ਗਏ ਗੋਤ ਪੰਨੂ ਨਾਲ਼ ਸੰਬੰਧਿਤ ਪਿੰਡ ਗੁਰਵਾਲੀ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਜਠੇਰੇ ਨੰ ਪੂਜਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ।

ਪਿੰਡ ਕੋਟਲੀ ਦੀ ਕੁਹਾਰ ਬਰਾਦਰੀ ਵਿੱਚ ਉਲੀਕੇ ਗਏ ਗੋਤ ਬਹਾਲ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬਹਾਲ ਗੋਤ ਦੇ ਲੋਕਾਂ ਦਾ ਜਠੇਰਾ 'ਰਾਧਾ ਸਿੰਘ' ਹੈ, ਪ੍ਰੰਤੂ ਗੁਰਮਤਿ ਦੇ ਪ੍ਰਭਾਵ ਹੇਠ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਗੁਰਵਾਲੀ, ਝੀਤਾ ਕਲਾਂ ਅਤੇ ਕੀਰਤਨਗੜ੍ਹ ਥਾਂਦੇ ਪਿੰਡਾਂ ਵਿਖੇ ਸਾਂਹਸੀ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਬੀੜੂ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਕੀਰਤਨਗੜ੍ਹ ਥਾਂਦੇ ਦੇ ਬੀੜੂ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਜੋਗਾ ਸਿੰਘ ਵਾਲਾ ਦੀ ਮਹਿਰਾ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਮਹਿਰਾ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਦੀ

ਮਨੌਤ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਮਹਿੰਦਰ ਸਿੰਘ' ਹੈ, ਪਰ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਪਠਾਣੀਆਂ ਪਿੰਡ ਦੇ ਮੱਟੂ ਗੋਤ ਵਾਲੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਪਿੰਡ ਗੌਂਸਾਬਾਦ ਦੇ ਮੱਟੂ 'ਬਾਬਾ ਬੁੱਢਾ ਜੀ' ਨੂੰ ਮੰਨਦੇ ਹਨ ਜਿਸ ਨਾਲ਼ ਸੰਬੰਧਿਤ ਸਾਉਣ ਮਹੀਨੇ ਵਿੱਚ ਮੇਲਾ ਵੀ ਲੱਗਦਾ ਹੈ।

ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਸਰਵੇਖਣ ਦੇ ਦੌਰਾਨ ਰਟੌਲ ਗੋਤ ਕੋਟਲੀ, ਗੁਰਵਾਲੀ ਅਤੇ ਰਟੌਲ ਪਿੰਡਾਂ ਦੀਆਂ ਜੱਟ ਸਿੱਖ ਬਰਾਦਰੀਆਂ ਵਿੱਚ ਪਾਇਆ ਗਿਆ। ਪਿੰਡ ਕੋਟਲੀ ਦੇ ਰਟੌਲ ਗੋਤ ਦੇ ਕੁਝ ਲੋਕ ਦੱਸਦੇ ਹਨ ਕਿ ਉਹਨਾਂ ਦਾ ਜਠੇਰਾ 'ਸੂਬਾ ਸਿੰਘ' ਹੈ ਪਰ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਰਟੌਲ ਦੇ ਰਟੌਲ ਗੋਤ ਨਾਲ਼ ਸੰਬੰਧ ਰੱਖਣ ਵਾਲੇ ਲੋਕ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ।

ਰੰਧਾਵਾ ਗੋਤ ਪਿੰਡ ਇੱਬਣ ਖੁਰਦ, ਭਕਨਾ ਕਲਾਂ, ਚੱਬਾ ਅਤੇ ਰਾਮੂਵਾਲ ਵਿੱਚ ਪਾਇਆ ਗਿਆ ਅਤੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਇਹ ਗੱਲ ਸਾਹਮਣੇ ਆਈ ਕਿ ਚੱਬਾ ਅਤੇ ਇੱਬਣ ਖੁਰਦ ਪਿੰਡਾਂ ਦੇ ਰੰਧਾਵਾ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

ਲੋਲੇ ਗੋਤ ਪਿੰਡ ਰਟੌਲ ਦੀ ਪਰਜਾਪੱਤ (ਘੁਮਿਆਰ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਟੌਲ ਦੇ ਲੋਲੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

ਵਾਲੀਆ ਗੋਤ ਪਿੰਡ ਗੁਮਾਨਪੁਰਾ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਪਿੰਡ ਚੱਬਾ ਅਤੇ ਮੰਡਿਆਲਾ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਗੋਤ ਵੜੈਚ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੌਰਾਨ ਪਤਾ ਚੱਲਿਆ ਕਿ ਪਿੰਡ ਚੱਬਾ ਦੇ ਵੜੈਂਚ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

ਸੋ ਅੰਤ ਵਿੱਚ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੇਤਰੀ ਖੋਜ-ਅਧਿਐਨ ਦੇ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਗੋਤਾਂ ਅਤੇ ਉਹਨਾਂ ਨਾਲ਼ ਸੰਬੰਧਿਤ ਜਠੇਰਿਆਂ, ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਬਾਰੇ ਅਧਿਐਨ ਕਰਨ ਉਪਰੰਤ ਨਿਸ਼ਕਰਸ਼ ਦੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਲੋਕ-ਮਨ ਦੀਆਂ

ਮੁੱਢ ਕਦੀਮ ਤੋਂ ਬਣੀਆਂ ਧਾਰਨਾਵਾਂ ਅਤੇ ਪ੍ਰਵਿਰਤੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਸਾਰ ਨਾਲ਼ ਘੱਟ ਤਾਂ ਕੀਤਾ ਜਾ ਸਕਦਾ ਹੈ ਅਤੇ ਘੱਟ ਹੋ ਵੀ ਰਿਹਾ ਹੈ, ਪ੍ਰੰਤੂ ਬਿਲਕੁਲ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਪ੍ਰਵਿਰਤੀਆਂ ਅਤੇ ਧਾਰਨਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਲੋਕ-ਮਨ ਦੇ ਅੰਗ-ਸੰਗ ਹੀ ਰਹਿੰਦੀਆਂ ਹਨ। ਲੋਕ-ਮਨ ਵਿੱਚੋਂ ਇਹਨਾਂ ਨੂੰ ਪੂਰੀ ਤਰ੍ਹਾਂ ਮਨਫ਼ੀ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਪੰਜਾਬੀ ਲੋਕ ਪੱਛਮੀ ਸੱਭਿਅਤਾ ਦੀ ਨਵੀਨਤਾ ਨੂੰ ਅਪਨਾਉਣਾ ਤਾਂ ਚਾਹੁੰਦੇ ਹਨ ਪਰ ਨਾਲ਼ੋ-ਨਾਲ਼ ਆਪਣੀ ਰਵਾਇਤੀ ਪੁਰਾਤਨਤਾ ਨੂੰ ਵੀ ਉਹ ਤਿਆਗਣ ਲਈ ਤਿਆਰ ਨਹੀਂ ਹਨ। ਉਪਰੋਕਤ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਜੋ ਅਹਿਮ ਗੱਲ ਸਾਹਮਣੇ ਆਈ ਉਹ ਇਹ ਹੈ ਕਿ ਗੁਰੂ ਰਾਮਦਾਸ ਜੀ ਦੀ ਚਰਨ ਛੋਹ ਪ੍ਰਾਪਤ ਇਸ ਜ਼ਿਲ੍ਹੇ ਦੇ ਲੋਕਾਂ ਉੱਪਰ ਧਰਮ ਦਾ ਪ੍ਰਭਾਵ ਅਧਿਕ ਹੋਣ ਕਾਰਨ ਇੱਥੇ ਜਠੇਰਾ-ਪੂਜਾ ਬਹੁਤ ਘੱਟ ਹੈ ਜਾਂ ਘੱਟ ਰਹੀ ਹੈ। ਇਸ ਤੋਂ ਇਲਾਵਾ ਉੱਚ-ਸਿੱਖਿਆ ਦੇ ਪ੍ਰਸਾਰ ਲਈ ਇੱਥੇ ਸਥਿਤ ਗਰੂ ਨਾਨਕ ਦੇਵ ਯੂਨੀਵਰਸਿਟੀ ਵੀ ਭੂਮਿਕਾ ਨਿਭਾ ਰਹੀ ਹੈ। ਪੂਜਾ-ਵਿਧਾਨ ਵਿੱਚ ਵੀ ਤਬਦੀਲੀ ਵੇਖਣ ਵਿੱਚ ਆਈ। ਜੋ ਲੋਕ ਪਹਿਲਾਂ ਜਠੇਰੇ ਨਮਿੱਤ ਮਿੱਟੀ ਕੱਢਦੇ ਸਨ, ਉਹ ਇਸ ਪੂਜਾ-ਵਿਧਾਨ ਨੂੰ ਤਿਆਗ ਕੇ ਕੇਵਲ ਮੱਥਾ ਟੇਕਣ ਲੱਗ ਗਏ ਹਨ। ਇਸ ਤੋਂ ਇਲਾਵਾ ਸਿੱਖੀ ਦੇ ਕੇਂਦਰ ਇਸ ਜ਼ਿਲ੍ਹੇ ਅੰਦਰ ਕਾਫੀ ਇਤਿਹਾਸਿਕ ਗੁਰਦੁਆਰਾ ਸਾਹਿਬ ਹੋਣ ਕਾਰਨ ਇੱਥੋਂ ਦੇ ਲੋਕਾਂ ਉੱਪਰ ਜ਼ਿਲ੍ਹਾ ਬਠਿੰਡਾ ਦੇ ਮੁਕਾਬਲੇ ਗੁਰਮਤਿ ਦਾ ਪ੍ਰਭਾਵ ਅਧਿਕ ਪ੍ਰਬਲ ਹੈ। ਅਜੋਕੇ ਸਮੇਂ ਵਿੱਚ ਲੋਕ ਆਪਣੇ ਗੋਤ ਨਾਲ਼ ਸੰਬੰਧਿਤ ਜਠੇਰੇ ਨੂੰ ਮੰਨਣ ਦੇ ਮੁਕਾਬਲੇ ਧਰਮ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ। ਆਧੁਨਿਕ ਤਕਨਾਲੋਜੀ ਦੇ ਪ੍ਰਸਾਰ ਕਾਰਨ ਨੌਜਵਾਨ ਪੀੜ੍ਹੀ ਵਿੱਚ ਜਠੇਰਾ-ਪੂਜਾ ਪ੍ਰਤੀ ਰੁਝਾਨ ਘਟ ਰਿਹਾ ਹੈ। ਜੇਕਰ ਇਹ ਰੁਝਾਨ ਦੇਖਣ ਨੂੰ ਮਿਲਿਆ ਤਾਂ ਉਹ ਜ਼ਿਆਦਾਤਰ ਪੁਰਾਤਨ ਪੀੜ੍ਹੀ ਭਾਵ ਬਜ਼ੁਰਗਾਂ ਵਿੱਚ ਹੀ ਪਾਇਆ ਗਿਆ।

# ਅਧਿਆਇ-ਚੌਥਾ

## ਜ਼ਿਲ੍ਹਾ ਜਲੰਧਰ ਦੀਆਂ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ: ਸਮਾਜਿਕ ਅਤੇ ਮਨੋਵਿਗਿਆਨਕ ਪੱਖ

### 4.1 ਜ਼ਿਲ੍ਹਾ ਜਲੰਧਰ: ਨਾਮਕਰਨ ਅਤੇ ਇਤਿਹਾਸਕ ਪਿਛੋਕੜ

ਦੁਆਬਾ ਖੇਤਰ ਦਾ ਪ੍ਰਮੁੱਖ ਜ਼ਿਲ੍ਹਾ ਜਲੰਧਰ ਹੈ ਅਤੇ ਇਹ ਪੰਜਾਬ ਦੇ ਪ੍ਰਮੁੱਖ ਜ਼ਿਲ੍ਹਿਆਂ ਵਿੱਚੋਂ ਇੱਕ ਹੈ। ਇਹ ਪੰਜਾਬ ਦਾ ਪੁਰਾਣਾ ਜ਼ਿਲ੍ਹਾ ਹੈ ਜੋ ਕਿ 2624 ਵਰਗ ਕਿਲੋਮੀਟਰ ਦੇ ਘੇਰੇ ਵਿੱਚ ਫੈਲਿਆ ਹੋਇਆ ਹੈ। 2011 ਦੀ ਜਨਗਣਨਾ ਅਨੁਸਾਰ ਇਸ ਜ਼ਿਲ੍ਹੇ ਦੀ ਵਸੋਂ 2,193,590 ਹੈ। ਇਹ ਜ਼ਿਲ੍ਹਾ ਆਪਣੇ ਅੰਦਰ 941 ਪਿੰਡਾਂ ਅਤੇ 21 ਕਸਬਿਆਂ ਨੂੰ ਸਮੋਈ ਬੈਠਾ ਹੈ। ਇਸਦੀ ਸਾਖਰਤਾ ਦਰ 82.5% ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਜ਼ਿਲ੍ਹਾ ਲੁਧਿਆਣਾ, ਮੋਗਾ, ਕਪੂਰਥਲਾ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਨਾਲ਼ ਲੱਗਦੀਆਂ ਹਨ। ਮੁੱਖ ਉਤਪਾਦਾਂ ਦੀ ਗੱਲ ਕਰੀਏ ਤਾਂ ਚਮੜਾ ਉਤਪਾਦ, ਖੇਡ ਅਤੇ ਹੈਂਡ ਟੂਲਜ਼ ਇੱਥੋਂ ਦੇ ਮੁੱਖ ਉਤਪਾਦ ਹਨ। ਇਸ ਤੋਂ ਇਲਾਵਾ ਲਗਭਗ 11 ਏਕੜ ਦੇ ਰਕਬੇ ਵਿੱਚ ਫੈਲਿਆ ਹੋਇਆ ਅਮਿਊਜ਼ਮੈਂਟ ਪਾਰਕ 'ਵੰਡਰ ਲੈਂਡ ਥੀਮ ਪਾਰਕ' ਜਲੰਧਰ ਜ਼ਿਲ੍ਹੇ ਦੀ ਸ਼ਾਨ ਹੈ। ਇਤਿਹਾਸਕ ਸੰਦਰਭ ਤੋਂ ਵੀ ਜ਼ਿਲ੍ਹਾ ਜਲੰਧਰ ਆਪਣੀ ਵਿਸ਼ੇਸ਼ ਪਹਿਚਾਣ ਸਿਰਜਦਾ ਹੈ।

ਇੱਥੇ ਬਾਬਾ ਸੋਢਲ ਦਾ ਮੰਦਰ, 800 ਸਾਲ ਪੁਰਾਣਾ ਈਮਾਮ ਨਸੀਰ ਮਕਬਰਾ, 400 ਸਾਲ ਪੁਰਾਣੀ ਜਾਮਾ ਮਸਜਿਦ, ਤੁਲਸੀ ਮੰਦਰ, ਸ਼ਿਵ ਮੰਦਰ ਆਦਿ ਅਨੇਕਾਂ ਸਥਾਨ ਇਸ ਜ਼ਿਲ੍ਹੇ ਅੰਦਰ ਖਿੱਚ ਦੇ ਕੇਂਦਰ ਹਨ। ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸਮਰਪਿਤ 'ਦੇਸ਼ ਭਗਤ ਯਾਦਗਾਰ ਹਾਲ' ਵੀ ਜਲੰਧਰ ਵਿਖੇ ਹੀ ਸਥਿਤ ਹੈ। ਇਸ ਤੋਂ ਇਲਾਵਾ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲ਼ੇ ਸ਼ਹੀਦਾਂ ਲਈ ਇੱਥੋਂ ਨੇੜਲੇ ਸ਼ਹਿਰ ਕਰਤਾਰਪੁਰ ਵਿਖੇ 'ਜੰਗ-ਏ-ਆਜ਼ਾਦੀ' ਨਾਮੀ ਯਾਦਗਾਰ ਬਣੀ ਹੋਈ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ-ਕੋਸ਼* ਵਿੱਚ ਜਲੰਧਰ ਦੇ ਕਈ ਅਰਥ ਦਿੱਤੇ ਹਨ; ਜਿਵੇਂ 1. ਇੱਕ ਰਿਖੀ, 2. ਇੱਕ ਦੈਂਤ, 3. ਗੋਰਖ ਨਾਥ ਦਾ ਇੱਕ ਚੇਲਾ ਜਲੰਧਰ ਨਾਥ ਆਦਿ। 'ਪਦਮ ਪੁਰਾਣ' ਵਿੱਚ ਇੱਕ ਕਥਾ ਹੈ ਕਿ ਜਲੰਧਰ ਨੂੰ ਸਮੁੰਦਰ ਨੇ ਆਪਣਾ ਪੁੱਤਰ ਜਾਣ ਕੇ ਰਹਿਣ ਲਈ ਇਹ ਦੇਸ਼ ਦਿੱਤਾ, ਜਿਸ ਤੋਂ ਜਲੰਧਰ ਸੰਗਿਆ ਹੋਈ। ਪਹਿਲਾਂ ਇਹ ਸਮੁੰਦਰ ਜਲ ਨਾਲ਼ ਢਕਿਆ ਹੋਇਆ ਸੀ। ਪਰ ਸਾਡੀ ਜਾਚੇ ਨੀਵੇਂ ਥਾਂ ਹੋਣ ਕਰਕੇ ਇੱਥੇ ਪਾਣੀ ਚਾਰ-ਚੁਫੇਰੇ ਇਕੱਠਾ ਹੋਇਆ ਰਹਿੰਦਾ ਸੀ ਅਤੇ ਲੋਕ ਇਸ ਸ਼ਹਿਰ ਨੂੰ 'ਜਲ ਅੰਦਰ' ਕਹਿਣ ਲੱਗ ਪਏ। ਜਲ+ਅੰਦਰ ਤੋਂ ਜਲੰਧਰ ਸੰਗਿਆ ਹੋ ਗਈ। ਇਸੇ ਕਰਕੇ ਹੀ ਅੰਗਰੇਜ਼ੀ ਦੇ ਸ਼ਬਦ-ਜੋੜਾਂ ਵਿੱਚ ਫ਼ਰਕ ਪਾ ਦਿੱਤਾ ਗਿਆ ਹੈ, Jullundur ਦੀ ਥਾਂ Jalandhar ਲਿਖਿਆ ਜਾਂਦਾ ਹੈ। (513)

ਇਹ ਸ਼ਹਿਰ ਪੰਜਾਬ ਦਾ ਦਿਲ ਹੈ। ਰੇਡੀਉ ਸਟੇਸ਼ਨ, ਦੂਰਦਰਸ਼ਨ ਕੇਂਦਰ ਜਲੰਧਰ ਅਤੇ ਪ੍ਰੈਸ ਇਸ ਸ਼ਹਿਰ ਨੂੰ ਅਹਿਮ ਬਣਾਉਂਦੇ ਹਨ। ਇਸ ਸ਼ਹਿਰ ਵਿੱਚ 'ਦੇਵੀ ਤਲਾਬ ਮੰਦਰ' ਵੀ ਹੈ। 'ਹਰਵੱਲਬ ਸੰਗੀਤ ਸੰਮੇਲਨ' ਜੋ ਕਿ ਜਲੰਧਰ ਵਿੱਚ ਹਰ ਸਾਲ ਦਸੰਬਰ ਮਹੀਨੇ ਵਿੱਚ ਕਰਵਾਇਆ ਜਾਂਦਾ ਹੈ। 'ਹਾਕੀ ਦਾ ਘਰ' ਅਖਵਾਉਣ ਵਾਲ਼ਾ ਪਿੰਡ 'ਸੰਸਾਰਪੁਰ' ਵੀ ਇਸ ਜ਼ਿਲ੍ਹੇ ਵਿੱਚ ਹੀ ਹੈ। 'ਸਾਇੰਸ ਸਿਟੀ' ਇਸ ਜ਼ਿਲ੍ਹੇ ਦੀ ਸ਼ਾਨ ਹੈ।


ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਜਲੰਧਰ ਸ਼ਹਿਰ ਦੇ ਨਾਮਕਰਨ ਅਤੇ ਇਤਿਹਾਸਕ ਪਿਛੋਕੜ ਉੱਪਰ ਚਾਨਣਾ ਪਾਉਂਦੇ ਹੋਏ *ਲੋਕਧਾਰਾ ਵਿਸ਼ਵ ਕੋਸ਼, ਜਿਲਦ ਛੇਵੀਂ* ਵਿੱਚ ਲਿਖਦੇ ਹਨ:

> ਇੱਕ ਦੈਂਤ ਜਿਸ ਦੇ ਨਾਉਂ 'ਤੇ ਹੀ ਜਲੰਧਰ ਨਗਰ ਵਸਿਆ। ਪਦਮ ਪੁਰਾਣ ਅਨੁਸਾਰ ਜਲੰਧਰ ਦੈਂਤ, ਸਾਗਰ ਦੇ ਵੀਰਜ ਤੋਂ, ਗੰਗਾ ਮਾਤਾ ਦੀ ਕੁੱਖੋਂ ਪੈਦਾ ਹੋਇਆ। ਜਦੋਂ ਜਲੰਧਰ ਜੰਮਿਆ ਤਾਂ ਧਰਤੀ ਜ਼ੋਰ ਨਾਲ਼ ਕੰਬੀ ਤੇ ਵਿਰਲਾਪ ਕਰਨ ਲੱਗੀ ਅਤੇ ਤਿੰਨਾਂ ਲੋਕਾਂ ਵਿੱਚ ਤਰਥਲੀ ਮਚ ਗਈ। ਸ਼ੋਰ ਸੁਣ ਕੇ ਬ੍ਰਹਮਾ ਦੀ ਲਿਵ ਟੁੱਟ ਗਈ। ਉਹ ਹੰਸ ਉੱਤੇ ਸਵਾਰ ਹੋ ਕੇ ਸਾਗਰ ਕੋਲ ਪੁੱਜੇ ਤੇ ਪੁਛਿਆ ਕਿ ਉਹ ਇਤਨਾ ਭਿਆਨਕ ਸ਼ੋਰ ਕਿਉਂ ਪੈਦਾ ਕਰ ਰਿਹਾ ਹੈ। ਸਾਗਰ ਨੇ ਦਸਿਆ ਕਿ ਇਹ ਸ਼ੋਰ ਮੇਰਾ ਨਹੀਂ, ਮੇਰੇ ਬਲਵਾਨ ਲੜਕੇ ਦਾ ਹੈ, ਜੋ ਖੂਬ ਗਰਜ ਰਿਹਾ ਹੈ। ਬ੍ਰਹਮਾ ਨੇ ਜਦੋਂ ਸਾਗਰ ਦੇ ਪੁੱਤਰ ਵਲ ਵੇਖਿਆ ਤਾਂ ਬਾਲਕ ਨੇ ਬ੍ਰਹਮਾ ਦੀ ਦਾੜ੍ਹੀ ਆਪਣੀ ਮੁਠ ਵਿਚ ਪੱਕੀ ਫੜ ਲਈ। ਬ੍ਰਹਮਾ ਨੇ ਛੁਡਾਣ ਦਾ ਯਤਨ ਕੀਤਾ, ਪਰ ਨਿਸਫਲ। ਸਾਗਰ ਨੇ ਬਾਲਕ ਨੂੰ ਬ੍ਰਹਮਾ ਦੀ ਦਾੜ੍ਹੀ ਛਡ ਦੇਣ ਦਾ ਆਦੇਸ਼ ਦਿਤਾ। ਬ੍ਰਹਮਾ ਨੇ ਬਾਲਕ ਦੀ ਅਪਾਰ ਸ਼ਕਤੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਬੱਚੇ ਦੀ ਪਕੜ ਅਸਪਾਤ ਵਾਂਗ ਮਜਬੂਤ ਹੈ। ਸੋ ਇਸ ਦਾ ਨਾਂਉਂ ਜਲੰਧਰ ਰਖਿਆ ਜਾਵੇ। ਨਾਲ ਹੀ ਬ੍ਰਹਮਾ ਨੇ ਵਰ ਬਖਸ਼ਿਆ ਕਿ ਜਲੰਧਰ ਦੀ ਕੀਰਤੀ ਤਿੰਨਾਂ ਲੋਕਾਂ ਵਿਚ ਫੈਲੇਗੀ ਤੇ ਦੇਵਤੇ ਵੀ ਉਸ ਉੱਤੇ ਵਿਜੇ ਪ੍ਰਾਪਤ ਨਹੀਂ ਕਰ ਸਕਣਗੇ। ਜਲੰਧਰ ਬਾਰੇ ਕਈ ਸਥਾਨਕ ਕਥਾਵਾਂ ਵੀ ਪ੍ਰਚਲਿਤ ਹਨ। ਇਕ ਕਥਾ ਅਨੁਸਾਰ ਜਲੰਧਰ ਦੈਂਤ ਇਸ ਦੁਆਬੇ ਨੂੰ ਵਸਣ ਨਹੀਂ ਸੀ ਦੇਂਦਾ। ਅਖੀਰ ਵਿਸ਼ਨੂੰ ਨੇ ਜਲੰਧਰ ਨੂੰ ਮਾਰ ਕੇ, ਉਸ ਦੀ ਪਿਠ ਉਤੇ ਇਹ ਦੁਆਬਾ ਵਸਾਇਆ। ਇਹ ਧਾਰਨਾ ਹੈ ਕਿ ਬੈਜਨਾਥ ਦੇ ਉਤਰ-ਪੂਰਬ ਵਲ ਪੰਜ ਮੀਲਾਂ ਦੀ ਵਿੱਥ ਉਤੇ ਸਨਸੇਲ ਵਿਖੇ ਮੁਕਤੇਸ਼ਵਰ ਮੰਦਰ ਵਾਲੀ ਥਾਂ ਹੇਠਾਂ ਜਲੰਧਰ ਦੈਂਤ ਦਾ ਸਿਰ ਸਥਿਤ ਹੈ। ਇਕ ਹੋਰ ਰਵਾਇਤ ਅਨੁਸਾਰ ਲਾਹੌਰ ਦੇ ਵਸਾਣ ਤੋਂ ਪਹਿਲਾਂ ਰਾਮਚੰਦਰ ਦੇ ਪੁੱਤਰ ਲਵ ਦੀ ਰਾਜਧਾਨੀ ਜਲੰਧਰ ਸੀ। ਜਲੰਧਰ ਦੇ ਅਰਥ ਜਲ ਦੇ ਅੰਦਰ ਜਾਂ ਹੇਠ ਦੇ ਹਨ। ਕਦੇ ਜਲੰਧਰ ਤੇ ਇਸ ਦੇ ਆਸ-ਪਾਸ ਦਾ ਸਾਰਾ ਇਲਾਕਾ ਸਮੁੰਦਰ ਹੁੰਦਾ ਸੀ। ਜਲੰਧਰ ਦਾ ਇਕ ਪੁਰਾਣਾ ਨਾਂ 'ਤ੍ਰਿਗਰਤਾ'

ਵੀ ਹੈ। ਚੀਨੀ ਯਾਤ੍ਰੀ ਹਿਊਨ ਸਾਂਗ ਆਪਣੀਆਂ ਲਿਖਤਾਂ ਵਿਚ ਜਲੰਧਰ ਦਾ ਜ਼ਿਕਰ ਕਰਦਾ ਹੈ। (1385)

ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿੱਚ ਲਿਖਦੇ ਹਨ, "ਦੁਆਬੇ ਦਾ ਇੱਕ ਸ਼ਹਿਰ, ਜੋ ਜ਼ਿਲ੍ਹੇ ਦਾ ਪ੍ਰਧਾਨ ਨਗਰ ਹੈ, ਪਦਮ ਪੁਰਾਣ ਵਿੱਚ ਕਥਾ ਹੈ ਕਿ ਜਲੰਧਰ ਨੂੰ ਸਮੁੰਦਰ ਨੇ ਆਪਣਾ ਪੁਤ੍ਰ ਜਾਣ ਕੇ ਰਹਿਣ ਲਈ ਇਹ ਦੇਸ਼ ਦਿੱਤਾ ਜਿਸ ਤੋਂ ਜਲੰਧਰ ਸੰਗਿਆ ਹੋਈ। ਪਹਿਲਾਂ ਇਹ ਸਮੁੰਦਰ ਦੇ ਜਲ ਨਾਲ਼ ਢਕਿਆ ਹੋਇਆ ਸੀ।" (1692)


ਉਪਰੋਕਤ ਦੀ ਲੋਅ ਵਿੱਚ ਸਪੱਸ਼ਟ ਹੈ ਕਿ ਜ਼ਿਲ੍ਹਾ ਜਲੰਧਰ ਜੋ ਕਿ ਦੁਆਬਾ ਖੇਤਰ ਵਿਖੇ ਸਥਿਤ ਹੈ। ਇਹ ਆਪਣੀਆਂ ਸਭਿਆਚਾਰਕ ਗਤੀਵਿਧੀਆਂ ਦੇ ਨਾਲ਼-ਨਾਲ਼ ਪੰਜਾਬੀਆਂ ਦੀਆਂ ਵੱਖ-ਵੱਖ ਯਾਦਗਾਰਾਂ ਸਮੋਈ ਬੈਠਾ ਹੈ। ਵੱਖ-ਵੱਖ ਵਿਦਵਾਨਾਂ ਦੇ ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਇਸ ਦੇ ਨਾਮਕਰਨ ਬਾਰੇ ਸਪੱਸ਼ਟੀਕਰਨ ਦਿੰਦੇ ਹਨ। ਇਹ ਜ਼ਿਲ੍ਹਾ ਪੰਜਾਬ ਵਿੱਚ ਆਪਣੀ ਵੱਖਰੀ ਪਛਾਣ ਸਿਰਜਦਾ ਹੈ।


INDIA
PUNJAB
DISTRICT JALANDHAR
2011
KILOMETRES
5 0 5 10 15 20
C.D. BLOCKS
A - BHOGPUR
B - ADAMPUR
C - JALANDHAR ( WEST)
D - LOHIAN KHAS
E - SHAHKOT
F - NAKODAR
G - JALANDHAR (EAST)
H - RURKA KALAN
I - NURMAHAL
J - PHILLAUR
DISTRICT HOSHIARPUR
DISTRICT KAPURTHALA
DISTRICT FIROZPUR
DISTRICT MOGA
DISTRICT LUDHIANA
DISTRICT S.B.S. NAGAR
TAHSIL JALANDHAR II
TAHSIL JALANDHAR I
TAHSIL SHAHKOT
TAHSIL NAKODAR
TAHSIL PHILLAUR
TO DASUA
TO HOSHIARPUR
FROM AMRITSAR
FROM KAPURTHALA
FROM SULTANPUR LODHI
TO PHAGWARA
TO NAWANSHAHR
FROM FIROZPUR
FROM MOGA
FROM JAGRAON
TO LUDHIANA
RIVER SATLUJ
BHOGPUR (N.P.)
KARTARPUR (M.Cl.)
SARAI KHAS (C.T.)
ALAWALPUR (M.Cl.)
ADAMPUR (M.Cl.)
JALANDHAR (M.CORP.)
JALANDHAR (CANTT)
DHIN (C.T.)
SANSARPUR (C.T.)
NAKODAR (M.Cl.)
LOHIAN KHAS (N.P.)
SHAHKOT (N.P.)
GORAYA (M.Cl.)
NURMAHAL (M.Cl.)
PHILLAUR (M.Cl.)
APRA (C.T.)
MEHATPUR
BOUNDARY; DISTRICT
" TAHSIL
" C.D.BLOCK
HEADQUARTERS; DISTRICT/TAHSIL/C.D. BLOCK
VILLAGES HAVING 5000 & ABOVE POPULATION WITH NAME
BILGA
URBAN AREA WITH POPULATION SIZE : I, II,III,IV,V & VI
NATIONAL HIGHWAY
NH 1
IMPORTANT METALLED ROADS
RAILWAY LINE WITH STATION ,BROAD GAUGE
RS
RIVER
DEGREE COLLEGE
ENGINEERING COLLEGE
MEDICAL COLLEGE
HOSPITAL
NUMBER OF C.D. BLOCKS 10
NUMBER OF TOWNS 21
NUMBER OF VILLAGES 941
DISTRICT HEADQUARTERS IS ALSO TAHSIL AND C.D. BLOCK HEADQUARTERS.

### 4.2 ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਨਮੂਨੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ, ਪੂਜਾ-ਵਿਧੀਆਂ, ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਸਮੇਂ ਨਿਮਨਲਿਖਤ ਪਿੰਡਾਂ ਦਾ ਖੇਤਰੀ ਸਰਵੇਖਣ ਕੀਤਾ ਗਿਆ:

ਮੱਲ੍ਹੀਵਾਲ, ਮਹਿਮੂਵਾਲ ਯੂਸਫ਼ਪੁਰ, ਰੂਪੇਵਾਲ, ਨਾਹਲ, ਨਿਹਾਲੂਵਾਲ, ਸੀਚੇਵਾਲ, ਚੱਕ ਚੇਲਾ, ਤਲਵੰਡੀ ਮਾਧੋ, ਮਾਹਲਾ, ਸੋਹਲ ਖਾਲਸਾ, ਸੋਹਲ ਜੰਗੀਰ, ਰਾਈਵਾਲ ਦੋਨਾ, ਜਾਫਰਾਪੁਰ, ਬਿੱਲੀ ਚਾਓ, ਬਿੱਲੀ ਬੜੈਂਚ, ਕੋਟਲਾ ਹੇਅਰਾਂ, ਪੰਧੇਰ, ਈਦਾ, ਬੱਲ ਨੌਂ, ਬੱਲ ਕੋਹਨਾ, ਗਿੱਲ, ਸਿਹਾਰੀਵਾਲ, ਕਾਂਗਣਾਂ, ਖਾਨਪੁਰ ਰਾਜਪੂਤਾਂ, ਮੂਲੇਵਾਲ ਖਹਿਰਾ, ਮੂਲੇਵਾਲ ਅਰਾਈਆਂ, ਮੂਲੇਵਾਲ ਬ੍ਰਾਹਮਣਾਂ, ਕੋਟਲੀ ਗਾਜਰਾਂ, ਚੱਕ ਬਾਹਮਣੀਆਂ ਖੁਰਦ, ਰਾਮੇ ਜਾਂ ਟੀਂਡੀਵਾਲ, ਪੱਤੋ ਕਲਾਂ, ਪੱਤੋ ਖੁਰਦ, ਸੰਗਤਪੁਰਾ, ਕਿਲੀ, ਕੋਹਾੜ ਖੁਰਦ, ਤਲਵੰਡੀ ਬੂਟਿਆਂ, ਰਾਜੇਵਾਲ, ਮਿਆਣੀ, ਪਿੱਪਲੀ, ਇਸਮਾਇਲਪੁਰ, ਪੂੰਨੀਆਂ, ਮੰਡ ਪੂੰਨੀਆਂ, ਗੋਬਿੰਦ ਨਗਰ ਮਲਸੀਹਾਂ, ਨਵਾਂ ਕਿਲ੍ਹਾ, ਬਿੱਲੀ ਚੁਹਾਰਮੀ, ਬਿੱਲੀ ਭੁੱਲਰ, ਆਲੇਵਾਲੀ, ਨਵਾਂ ਪਿੰਡ ਜੱਟਾਂ, ਪੰਡੋਰੀ ਖਾਸ, ਖੁਰਸ਼ੈਦਪੁਰ ਪੰਡੋਰੀ, ਲਈਏਵਾਲ, ਸ਼ਰਕਪੁਰ, ਸ਼ੰਕਰ।




ਖੇਤਰੀ ਖੋਜ-ਕਾਰਜ ਦੌਰਾਨ ਵੱਖ-ਵੱਖ ਪਿੰਡਾਂ ਦੇ ਇਕੱਤਰ ਕੀਤੇ ਕੁਝ ਨਮੂਨਿਆਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:-

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਛਿੰਦਰਪਾਲ ਸਿੰਘ**

**ਪਿੰਡ ਦਾ ਨਾਂ: ਬਿੱਲੀ ਚੁਹਾਰਮੀ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਅਟਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਘੁੜ੍ਹਕੀ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਘਰੇਲੂ ਅੜਚਨਾਂ ਅਤੇ ਨੁਕਸਾਨ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਹਿਲਾਂ ਤੋਂ ਮੰਨਦੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਿੱਟੇ ਰੰਗ ਦੇ ਚੌਲ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੇਗ-ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਜਦੋਂ ਸਮਾਂ ਮਿਲੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਵਿਸਾਖੀ ਮੌਕੇ ਘੁੜ੍ਹਕੀ ਵਿਖੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੰਮ ਵਧੀਆ ਚੱਲ ਰਿਹਾ ਹੈ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਯੋਗੇਸ਼ ਕੁਮਾਰ**

**ਪਿੰਡ ਦਾ ਨਾਂ: ਨਵਾਂ ਕਿਲ੍ਹਾ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਅਰੋੜਾ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਖੁਰਾਣਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਜੰਮੂ ਕੋਲ਼ ਹੈ, ਪਰ ਜਠੇਰੇ ਨੂੰ ਨਹੀਂ ਮੰਨਦੇ। ਚਿੰਤਪੁਰਨੀ ਮਾਤਾ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਨਿਰਮਲ ਸਿੰਘ**

**ਪਿੰਡ ਦਾ ਨਾਂ: ਬੱਲ ਨੌਂ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਹੋਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਭਾਨ ਲੰਙਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸ਼ੰਕਰ ਪਿੰਡ ਵਿੱਚ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਹੁੰਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ।। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੀਲ਼ੇ ਰੰਗ ਦਾ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਬਦਾਨਾ, ਲੱਡੂ, ਮਿੱਠੇ ਚੌਲ਼ ਆਦਿ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਵਿਆਹ-ਸ਼ਾਦੀ ਮੌਕੇ ਉਚੇਚਾ ਜਾਂਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਫੱਗਣ-ਚੇਤ ਵਿੱਚ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਹਾੜ ਮਹੀਨੇ ਵਿੱਚ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਦੁੱਧ-ਪੁੱਤ ਦੀਆਂ ਬਰਕਤਾਂ ਪ੍ਰਾਪਤ ਹੁੰਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਅਵਤਾਰ ਸਿੰਘ**

**ਪਿੰਡ ਦਾ ਨਾਂ: ਬੱਲ ਕੋਹਨਾ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਪਰਜਾਪੱਤ ਜਾਂ ਘੁਮਿਆਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੋਹਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਨੱਥੇਵਾਲ (ਜ਼ਿਲ੍ਹਾ ਜਲੰਧਰ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨੁਕਸਾਨ ਹੁੰਦਾ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਸ਼ਰਧਾ ਹੈ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਿੱਟੇ ਰੰਗ ਦਾ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਖੀਰ, ਪਤਾਸੇ, ਦੁੱਧ ਆਦਿ ਕੁਝ ਵੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਚੌਦੇਂ ਤੋਂ ਇੱਕ ਦਿਨ ਪਹਿਲਾਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਦੀ ਚੌਦੇਂ ਤੋਂ ਇੱਕ ਦਿਨ ਪਹਿਲਾਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਦੁੱਧ, ਪੁੱਤ ਅਤੇ ਰਿਜ਼ਕ ਦੀਆਂ ਦਾਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਮਿੰਟੂ**

**ਪਿੰਡ ਦਾ ਨਾਂ: ਪਿੱਪਲੀ** **ਮਿਤੀ: 12–10–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਏ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੌਣੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਪਰਮਜੀਤ ਸਿੰਘ ਸੰਧੂ**

**ਪਿੰਡ ਦਾ ਨਾਂ: ਤਲਵੰਡੀ ਮਾਧੋ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਕਾਲ਼ਾ ਮਹਿਰ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਘਰੇਲੂ ਅੜ੍ਹਚਨਾਂ ਆਉਂਦੀਆਂ ਹਨ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ:7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੁੱਧ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ (ਸ਼ਰਾਬ ਨਹੀਂ ਚੜ੍ਹਦੀ)। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਵਿਆਹ-ਸ਼ਾਦੀ ਮੌਕੇ ਉਚੇਚਾ ਜਾਂਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਮਹੀਨੇ ਦੀ ਚੌਦੇਂ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਮਹੀਨੇ ਦੀ ਚੌਦੇਂ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਰਿਜ਼ਕ-ਇਤਫਾਕ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਦਵਿੰਦਰ ਕੌਰ**

**ਪਿੰਡ ਦਾ ਨਾਂ: ਮੱਲ੍ਹੀਵਾਲ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਨਾਈ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੱਧਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਕੁਲਵੀਰ ਸਿੰਘ**

**ਪਿੰਡ ਦਾ ਨਾਂ: ਕੋਟਲੀ ਹੇਅਰਾਂ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੇਅਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ (ਕੋਟਲੀ ਹੇਅਰਾਂ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਪਸ਼ੂ ਬਿਮਾਰ ਹੋ ਜਾਂਦੇ ਹਨ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੰਜ ਕਾਪੜੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੋਈ ਵੀ ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਵਿਆਹ-ਸ਼ਾਦੀ ਮੌਕੇ ਉਚੇਚਾ ਜਾਂਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਮਹੀਨੇ ਦੀ ਚੌਦੇਂ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਦੁੱਧ, ਪੁੱਤ ਤੇ ਰਿਜ਼ਕ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗੁਰਪ੍ਰੀਤ ਸਿੰਘ**

**ਪਿੰਡ ਦਾ ਨਾਂ: ਬਿੱਲੀ ਭੁੱਲਰ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਿਸਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਚਾਨੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਸਵੰਤ ਸਿੰਘ**

**ਪਿੰਡ ਦਾ ਨਾਂ: ਪੂੰਨੀਆਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਮਗੜੀਆ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਨੰਨ੍ਹੜੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਮਨਪ੍ਰੀਤ ਸਿੰਘ**

**ਪਿੰਡ ਦਾ ਨਾਂ: ਆਲੇਵਾਲੀ** **ਮਿਤੀ: 13–10–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੰਸ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਤਲਵੰਡੀ ਸੰਘੇੜਾ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਨਹੀਂ ਹੁੰਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਜੋ ਮਰਜੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੋਈ ਵੀ ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਚੌਦੇਂ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਚੌਦੇਂ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਸਭ ਬਰਕਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਸਤਨਾਮ ਸਿੰਘ**

**ਪਿੰਡ ਦਾ ਨਾਂ: ਬੱਲ ਕੋਹਨਾ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰਾ ਸਿੱਖ । |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹਥੜੀਏ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਬਦਸ਼ਗਨੀ ਨਹੀਂ ਵਾਪਰਦੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ।। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਿੱਟੇ ਤੇ ਹਰੇ ਰੰਗ ਦਾ ਕੱਪੜਾ।। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪੀਲ਼ੇ ਰੰਗ ਦਾ ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ ਅਤੇ ਚਿਰਾਗ ਲਗਾਉਂਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਸਾਖੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਜੇਠ ਮਹੀਨੇ ਦੀ ਮੱਸਿਆ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਰਿਜ਼ਕ, ਇਤਫ਼ਾਕ।। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਨਵਦੀਪ ਸਿੰਘ**

**ਪਿੰਡ ਦਾ ਨਾਂ: ਸੋਹਲ ਖਾਲਸਾ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਚੌਹਾਨ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਰਜਿੰਦਰ ਕੁਮਾਰ ਗੱਗਾ**

**ਪਿੰਡ ਦਾ ਨਾਂ: ਸ਼ੰਕਰ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਬਾਲਮੀਕ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਗਿੱਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ (ਸ਼ੰਕਰ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਘਰ-ਪਰਿਵਾਰ ਵਿੱਚ ਨੁਕਸਾਨ ਹੁੰਦਾ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਸ਼ੁਰੂ ਤੋਂ ਹੀ ਮੰਨਦੇ ਆ ਰਹੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਭਗਵੇਂ ਰੰਗ ਦਾ ਕੱਪੜਾ ਅਤੇ ਪੀਲ਼ਾ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪੰਜੀਰੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਸਾਖੀ 'ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਵਿਸਾਖੀ 'ਤੇ। । |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਸਭ ਬਰਕਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਰੌਸ਼ਨ**

**ਪਿੰਡ ਦਾ ਨਾਂ: ਕਾਂਗਣਾਂ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਘਾਰੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਬੁੰਡਾਲਾ ਲਾਗੇ ਪਿੰਡ ਹੈ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਘਰ ਵਿੱਚ ਬਿਮਾਰੀ ਆਈ ਹੈ। |
| ਪ੍ਰ:6.ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਿਤਾ-ਪੁਰਖੀ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕਿਸੇ ਵੀ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ ਅਤੇ ਲੱਡੂ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਨ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਅੱਸੂ ਦੀ ਸੰਗਰਾਂਦ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਅੱਸੂ ਦੀ ਸੰਗਰਾਂਦ ਨੂੰ । |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬੇਅੰਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਅਵਤਾਰ ਸਿੰਘ**

**ਪਿੰਡ ਦਾ ਨਾਂ: ਮਾਹਲਾ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੋਹਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ:4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਰਵੀ**

**ਪਿੰਡ ਦਾ ਨਾਂ: ਖਾਨਪੁਰ ਰਾਜਪੂਤਾਂ** **ਮਿਤੀ: 12–10–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਜਤੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਅਜੇ**

**ਪਿੰਡ ਦਾ ਨਾਂ: ਖੁਰਸ਼ੈਦਪੁਰ ਪੰਡੋਰੀ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਬਾਲਮੀਕ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਹੋਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਬੋਹੜਾਂ ਵਾਲੇ ਦੀ ਜਗ੍ਹਾ 'ਤੇ ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਹੋਈ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਜੋਗੀਆ ਰੰਗ ਦਾ ਕੱਪੜਾ, ਝੰਡਾ, ਚੂਰਮਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਚੂਰਮਾ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਮਾਰਚ ਮਹੀਨੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਚੌਦੇਂ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਅਕਾਸ਼ਦੀਪ ਸਿੰਘ**

**ਪਿੰਡ ਦਾ ਨਾਂ: ਗੋਬਿੰਦ ਨਗਰ ਮਲਸੀਹਾਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਹੋਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਕਪੂਰਥਲੇ ਲਾਗੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੰਜੀਰੀ, ਲੱਡੂ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪੰਜੀਰੀ, ਲੱਡੂ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਦੀ ਮੱਸਿਆ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਸਭ ਬਰਕਤਾਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬਲਦੇਵ ਸਿੰਘ**

**ਪਿੰਡ ਦਾ ਨਾਂ: ਮੰਡ ਪੂੰਨੀਆਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਪੂੰਨੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਮਨਜੀਤ ਕੌਰ**

**ਪਿੰਡ ਦਾ ਨਾਂ: ਸੋਹਲ ਜੰਗੀਰ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੋਹਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮਹਿਤਪੁਰ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਅਚਾ ਆਉਂਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਵੇਸਣ ਦਾ ਕੜਾਹ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਵੇਸਣ ਦਾ ਕੜਾਹ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕ ਕੇ ਪ੍ਰਸ਼ਾਦ ਚੜ੍ਹਾਉਂਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤੇ (ਯਾਦ) ਨਹੀਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਪਿੰਡ ਵਾਲ਼ੇ ਇਸ ਮੇਲੇ (12-10-2019) ਤੋਂ ਪਹਿਲਾਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਲਾਭ ਹੁੰਦਾ ਹੈ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬਸੰਤ ਸਿੰਘ**

**ਪਿੰਡ ਦਾ ਨਾਂ: ਸੀਚੇਵਾਲ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੱਭਰਵਾਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਲਹਿੰਬਰ ਸਿੰਘ**

**ਪਿੰਡ ਦਾ ਨਾਂ: ਬਿੱਲੀ ਚਾਉ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਿੱਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸਥਾਨਕ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਵੀ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਚੌਦੇਂ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਚੌਦੇਂ ਨੂੰ ਪਿੰਡ ਵਿੱਚ ਹੀ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਹੁਤ ਸਾਰੀਆਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗੁਰਮੁਖ ਸਿੰਘ**

**ਪਿੰਡ ਦਾ ਨਾਂ: ਪੰਡੋਰੀ ਖਾਸ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗੁਰਵਿੰਦਰ ਸਿੰਘ**

**ਪਿੰਡ ਦਾ ਨਾਂ: ਚੱਕ ਬਾਹਮਣੀਆਂ ਖੁਰਦ** **ਮਿਤੀ: 13–10–2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸੰਧੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਨਿਰਮਲ ਸਿੰਘ**

**ਪਿੰਡ ਦਾ ਨਾਂ: ਕੋਹਾੜ ਖੁਰਦ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਿਸਤਰੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਰਹੰਸ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਸਪਾਲ ਸਿੰਘ**

**ਪਿੰਡ ਦਾ ਨਾਂ: ਮੂਲੇਵਾਲ ਬ੍ਰਾਹਮਣਾਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਰਾਂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਨੌਰੰਗਾਬਾਦ (ਮਾਝਾ)। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ ਤੇ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਯਾਦ ਨਹੀਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਯਾਦ ਨਹੀਂ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਰਾਜੂ**

**ਪਿੰਡ ਦਾ ਨਾਂ: ਮਿਆਣੀ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਏ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਸਵਨਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਸਪ੍ਰੀਤ ਸਿੰਘ**

**ਪਿੰਡ ਦਾ ਨਾਂ: ਰਾਜੇਵਾਲ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੇਅਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ।। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਚੱਕ ਵਿੰਡ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਦੀ ਮੱਸਿਆ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬਲਵਿੰਦਰ ਸਿੰਘ**

**ਪਿੰਡ ਦਾ ਨਾਂ: ਰਾਮੇ (ਟੀਂਡੀਵਾਲ)** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਏ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹਕਵੰਨ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਡੇਰਾ ਬਿਆਸ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬੂਟਾ ਸਿੰਘ**

**ਪਿੰਡ ਦਾ ਨਾਂ: ਇਸਮਾਇਲਪੁਰ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਏ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕਚੂਰੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਸਵੰਤ ਸਿੰਘ**

**ਪਿੰਡ ਦਾ ਨਾਂ: ਗਿੱਲ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਝੀਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕੈਂਥ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਮੱਲੀਆਂ ਪਿੰਡ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕੋਈ ਨਹੀਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਲਾਲ ਰੰਗ ਦਾ ਕੱਪੜਾ ਤੇ ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9. ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਭਾਦੋਂ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਭਾਦੋਂ ਦੀ ਮੱਸਿਆ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਬੇਸ਼ੁਮਾਰ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਸਪਾਲ ਸਿੰਘ**

**ਪਿੰਡ ਦਾ ਨਾਂ: ਮੂਲੇਵਾਲ ਖਹਿਰਾ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਖਹਿਰਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼ਹੀਦ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਦਾਦੇ-ਪੜਦਾਦੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਪੰਜ ਕਾਪੜੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਮਹੀਨੇ ਵਿੱਚ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਹੁਤ ਸਾਰੀਆਂ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗੁਰਮੇਲ ਸਿੰਘ**

**ਪਿੰਡ ਦਾ ਨਾਂ: ਪੱਤੋ ਕਲਾਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਗਿੱਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਈਦਾ ਖੀਵਾ ਪਿੰਡ ਵਿਖੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਹੁੰਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਸ਼ਰਧਾ ਵੀ ਹੈ ਅਤੇ ਦਾਦੇ-ਪੜਦਾਦੇ ਵੀ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ-ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੋਈ ਵੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਦੀ ਮੱਸਿਆ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਬਹੁਤ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗਿਆਨ ਸਿੰਘ**

**ਪਿੰਡ ਦਾ ਨਾਂ: ਸੰਗਤਪੁਰਾ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਘਾਰੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਨੂਰ ਮਹਿਲ ਕੋਲ਼। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਬਦਸ਼ਗਨੀ ਹੋਈ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡ-ਵਡੇਰੇ ਮੰਨਦੇ ਆ ਰਹੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਵੀ ਰੰਗ ਦਾ ਕੱਪੜਾ, ਦੇਗ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੇਗ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢ ਕੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਅੱਸੂ ਦੀ ਸੰਗਰਾਂਦ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਹਰਦੀਪ ਸਿੰਘ**

**ਪਿੰਡ ਦਾ ਨਾਂ: ਬਿੱਲੀ ਬੜੈਂਚ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਾਮਗੜ੍ਹੀਆ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਝੀਤਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਗਿੱਲ ਪਿੰਡ ਵਿੱਚ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨੁਕਸਾਨ ਹੋਇਆ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਪਹਿਲਾਂ ਤੋਂ ਹੀ ਮੰਨਦੇ ਆ ਰਹੇ ਹਾਂ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਚਿੱਟੇ ਰੰਗ ਦਾ ਕੱਪੜਾ, ਦੇਗ-ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਚਿੱਟੇ ਰੰਗ ਦਾ ਕੱਪੜਾ, ਦੇਗ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਤੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ‘ਤੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਹੁਤ ਸਾਰੀਆਂ ਬਰਕਤਾਂ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਪਰਮਜੀਤ ਸਿੰਘ**

**ਪਿੰਡ ਦਾ ਨਾਂ: ਚੱਕ ਚੇਲਾ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਹਿਰੇ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਟਾਂਕ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਹੁਸ਼ਿਆਰਪੁਰ ਦੇ ਲਾਗੇ ,ਸ਼ਾਮਚੁਰਾਸੀ ਕੋਲ਼। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਹੀਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਹਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਜੋ ਮਰਜੀ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ ਅਤੇ ਮਿੱਟੀ ਕੱਢਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਇਸ ਵਾਰ 13 ਅਕਤੂਬਰ 2019 ਦਿਨ ਐਤਵਾਰ ਕੱਢੀ ਸੀ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਸ਼ਾਮਚੁਰਾਸੀ ਕੋਲ਼। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਹਰਵਿੰਦਰ ਸਿੰਘ**

**ਪਿੰਡ ਦਾ ਨਾਂ: ਕੋਟਲੀ ਗਾਜਰਾਂ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਕੰਬੋਜ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਟੁਰਨਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਠੱਠੇ-ਟਿੱਬੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ, ਪਸ਼ੂ ਦੁੱਧ ਨਹੀਂ ਦਿੰਦੇ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ -ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਵੀ ਪ੍ਰਸ਼ਾਦ ਜਾਂ ਕੱਪੜਾ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਨਹੀਂ ਕੱਢਦੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। ਦੁੱਧ, ਪੁੱਤ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਤੇਜਿੰਦਰ ਸਿੰਘ**

**ਪਿੰਡ ਦਾ ਨਾਂ: ਸ਼ਰਕਪੁਰ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਤੱਖਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਬਾਬਾ ਪਰਤਾਪੂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਸ਼ੰਕਰ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨੁਕਸਾਨ ਹੁੰਦਾ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੱਡੇ-ਵਡੇਰੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੜਾਹ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੜਾਹ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਤੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ਤੋਂ ਅਗਲੇ ਦਿਨ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਦੀਵਾਲੀ ਤੋਂ ਅਗਲੇ ਦਿਨ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ, ਕੋਈ ਘਾਟ ਨਹੀਂ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬੂਟਾ ਰਾਮ**

**ਪਿੰਡ ਦਾ ਨਾਂ: ਈਦਾ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਬਾਲਮੀਕ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਤੇਜੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਰਸੂਲਪੁਰ, ਉੱਗੀ ਲਾਗੇ। |
| ਪ੍ਰ:5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਕਦੇ-ਕਦਾਈਂ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਵੈਸੇ ਹੀ ਸ਼ਰਧਾ ਕਾਰਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਲੱਡੂ, ਪੰਜੀਰੀ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਲੱਡੂ, ਪੰਜੀਰੀ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਅਤੇ ਮਿੱਟੀ ਕੱਢਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ ਅਤੇ ਲੋਹੜੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮਾਘੀ 'ਤੇ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਰਕਤਾਂ ਬੇਸ਼ੁਮਾਰ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਅਮਨਦੀਪ ਸਿੰਘ**

**ਪਿੰਡ ਦਾ ਨਾਂ: ਨਿਹਾਲੂਵਾਲ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਨੱਡੇ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਦਾਦੇ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਲੱਡੂ, ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਪ੍ਰਸ਼ਾਦ, ਪਤਾਸੇ, ਲੱਡੂ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਯਾਦ ਨਹੀਂ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਤੇਗਾ ਸਿੰਘ**

**ਪਿੰਡ ਦਾ ਨਾਂ: ਰਾਈਵਾਲ ਦੋਨਾ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਲੁਹਾਰ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਪਨੇਸਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰੇ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਗਿੱਲ, ਖਾਨਪੁਰ ਲਾਗੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੜਾਹ-ਪ੍ਰਸ਼ਾਦ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਕੜਾਹ-ਪ੍ਰਸ਼ਾਦ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਤੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਚੇਤ ਚੌਦੇਂ ਨੂੰ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਚੇਤ ਚੌਦੇਂ ਨੂੰ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਹਾਂ ਜੀ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬਲਜੀਤ ਸਿੰਘ**

**ਪਿੰਡ ਦਾ ਨਾਂ: ਨਾਹਲ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਤਰਖਾਣ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਭੂਈ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਲਾਲੀ**

**ਪਿੰਡ ਦਾ ਨਾਂ: ਸਿਹਾਰੀਵਾਲ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਗਿੱਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਰਾਜੂ**

**ਪਿੰਡ ਦਾ ਨਾਂ: ਰੂਪੇਵਾਲ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਅਧਰਮੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਕੌਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਬਲਵਿੰਦਰ ਸਿੰਘ**

**ਪਿੰਡ ਦਾ ਨਾਂ: ਪੱਤੋ ਖੁਰਦ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਹੁੰਦਲ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਨਿਰਮਲ ਸਿੰਘ**

**ਪਿੰਡ ਦਾ ਨਾਂ: ਜਾਫਰਾਪੁਰ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਬਾਲਮੀਕ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਬਾਲੂ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਗਗਨਦੀਪ**

**ਪਿੰਡ ਦਾ ਨਾਂ: ਤਲਵੰਡੀ ਬੂਟਿਆਂ** **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਅਧਰਮੀ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਭਾਰਦਵਾਜ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9. ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਲਹਿੰਬਰ ਸਿੰਘ**

**ਪਿੰਡ ਦਾ ਨਾਂ: ਨਵਾਂ ਪਿੰਡ ਜੱਟਾਂ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਬਾਲਮੀਕ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਭੰਗਾਣੀਏ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਵਿੱਚ ਹੀ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਨਾ ਮੰਨਣ 'ਤੇ ਬਦਸ਼ਗਨੀ ਹੁੰਦੀ ਹੈ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨ-ਮਨੌਤ ਕਰਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਦੇਗ-ਪਤਾਸੇ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੇਗ-ਪਤਾਸੇ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮੱਥਾ ਟੇਕਦੇ ਅਤੇ ਮਿੱਟੀ ਵੀ ਕੱਢਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਵਿਆਹ-ਸ਼ਾਦੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਬਹੁਤ ਸਾਰੀਆਂ ਬਰਕਤਾਂ ਮਿਲਦੀਆਂ ਹਨ। |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਮੁਖਤਿਆਰ ਸਿੰਘ**

**ਪਿੰਡ ਦਾ ਨਾਂ: ਕਿਲੀ** **ਮਿਤੀ: 14-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਰਵਿਦਾਸੀਏ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਭੱਟੀ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਨਵਦੀਪ ਸਿੰਘ**

**ਪਿੰਡ ਦਾ ਨਾਂ: ਲਈਏਵਾਲ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਤੂਰ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

## ਪ੍ਰਸ਼ਨੋਤਰੀ

**ਜ਼ਿਲ੍ਹਾ: ਜਲੰਧਰ** | **ਸੂਚਕ ਦਾ ਨਾਂ: ਕਰਤਾਰ ਸਿੰਘ**

**ਪਿੰਡ ਦਾ ਨਾਂ: ਮੂਲੇਵਾਲ ਅਰਾਈਆਂ** | **ਮਿਤੀ: 12-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਕੰਬੋਜ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਟੂਰਨਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਜਗੀਰ ਸਿੰਘ**

**ਪਿੰਡ ਦਾ ਨਾਂ: ਪੰਧੇਰ** **ਮਿਤੀ: 11-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਮਜ਼੍ਹਬੀ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਵਾਲੀਆ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਅਗਿਆਤ ਜਠੇਰਾ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | ਪਿੰਡ ਟੁੱਟ ਵਿਖੇ ਨਕੋਦਰ ਲਾਗੇ। |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | ਹਾਂ ਜੀ। |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | ਮਾਤਾ-ਪਿਤਾ ਮੰਨਦੇ ਸਨ। |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | ਕੋਈ ਖਾਸ ਪ੍ਰਸ਼ਾਦ ਨਹੀਂ। |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | ਦੇਗ, ਪ੍ਰਸ਼ਾਦ, ਪਤਾਸੇ। |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | ਮਿੱਟੀ ਕੱਢਦੇ ਅਤੇ ਮੱਥਾ ਟੇਕਦੇ ਹਾਂ। |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | ਦੀਵਾਲੀ , ਲੋਹੜੀ ਮੌਕੇ। |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | ਮੇਲਾ ਨਹੀਂ ਲੱਗਦਾ। |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | ਕੰਮ ਵਧੀਆ ਚੱਲਦਾ ਹੈ। |

**ਪ੍ਰਸ਼ਨੋਤਰੀ**

**ਜ਼ਿਲ੍ਹਾ: ਜਲੰਧਰ** **ਸੂਚਕ ਦਾ ਨਾਂ: ਹਰਵਿੰਦਰ ਸਿੰਘ**

**ਪਿੰਡ ਦਾ ਨਾਂ: ਮਹਿਮੂਵਾਲ ਯੂਸਫਪੁਰ** **ਮਿਤੀ: 13-10-2019**

| | |
|---|---|
| ਪ੍ਰ: 1 ਤੁਸੀਂ ਕਿਸ ਜਾਤ ਨਾਲ਼ ਸੰਬੰਧ ਰੱਖਦੇ ਹੋ? | ਜੱਟ ਸਿੱਖ। |
| ਪ੍ਰ: 2 ਤੁਹਾਡਾ ਗੋਤ ਕੀ ਹੈ? | ਪੱਡਾ। |
| ਪ੍ਰ: 3 ਤੁਹਾਡੇ ਗੋਤ ਨਾਲ਼ ਸੰਬੰਧਿਤ ਜਠੇਰੇ ਜਾਂ ਵੱਡੇ-ਵਡੇਰੇ ਦਾ ਨਾਂ ਕੀ ਹੈ? | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। |
| ਪ੍ਰ: 4 ਤੁਹਾਡੇ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਿਸ ਜਗ੍ਹਾ ਹੁੰਦੀ ਹੈ? | - |
| ਪ੍ਰ: 5 ਕਦੇ ਮਨੌਤ ਭੁੱਲਣ ਕਰਕੇ ਕੋਈ ਬਦਸ਼ਗਨੀ ਹੋਈ ਹੈ? | - |
| ਪ੍ਰ: 6 ਤੁਸੀਂ ਆਪਣੇ ਵਡੇਰਿਆਂ ਨੂੰ ਕਿਉਂ ਮੰਨਦੇ ਹੋ? ਕਾਰਨ ਦੱਸੋ। | - |
| ਪ੍ਰ: 7 ਜਠੇਰੇ ਦੀ ਪੂਜਾ ਸਮੇਂ ਕਿਸ ਰੰਗ ਦਾ ਕੱਪੜਾ ਜਾਂ ਪ੍ਰਸ਼ਾਦ ਚੜ੍ਹਦਾ ਹੈ? | - |
| ਪ੍ਰ: 8 ਜਠੇਰਿਆਂ ਦੀ ਪੂਜਾ ਸਮੇਂ ਕਿਸ ਤਰ੍ਹਾਂ ਦਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ? | - |
| ਪ੍ਰ: 9 ਤੁਹਾਡੇ ਜਠੇਰਿਆਂ ਦੀ ਪੂਜਾ-ਵਿਧੀ ਕੀ ਹੈ? | - |
| ਪ੍ਰ: 10 ਤੁਸੀਂ ਜਠੇਰੇ ਦੀ ਮਿੱਟੀ ਕਦੋਂ ਜਾਂ ਕਿਸ ਮੌਕੇ ਕੱਢਦੇ ਹੋ? | - |
| ਪ੍ਰ: 11 ਤੁਹਾਡੇ ਜਠੇਰਿਆਂ ਨਾਲ਼ ਸੰਬੰਧਿਤ ਮੇਲਾ ਕਦੋਂ ਅਤੇ ਕਿੱਥੇ ਲੱਗਦਾ ਹੈ? | - |
| ਪ੍ਰ: 12 ਜਠੇਰਿਆਂ ਦੀ ਪੂਜਾ ਨਾਲ਼ ਕੀ-ਕੀ ਬਰਕਤਾਂ ਪ੍ਰਾਪਤ ਹੋਈਆਂ ਮੰਨਦੇ ਹੋ? | - |

### 4.3 ਪ੍ਰਮੁੱਖ ਗੋਤ ਅਤੇ ਜਠੇਰੇ:

ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਪ੍ਰਮੁੱਖ ਗੋਤਾਂ, ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ, ਉਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ, ਪੂਜਾ-ਵਿਧੀਆਂ, ਮੰਨ-ਮਨੌਤ ਦੇ ਢੰਗਾਂ, ਲੋਕ-ਮਾਨਸਿਕਤਾ ਦਾ ਅਧਿਐਨ ਕਰਨ ਲਈ ਖੋਜ-ਸਮੱਗਰੀ ਇਕੱਤਰ ਕਰਨ ਹਿੱਤ ਕੁੱਲ 143 (ਇੱਕ ਸੌ ਤਰਤਾਲੀ) ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਇਹਨਾਂ ਪ੍ਰਮੁੱਖ ਗੋਤਾਂ ਬਾਰੇ ਅਤੇ ਇਹਨਾਂ ਦੇ ਜਠੇਰਿਆਂ ਜਾਂ ਵੱਡੇ-ਵਡੇਰਿਆਂ ਬਾਰੇ ਵਰਣਨ ਨਿਮਨ-ਲਿਖਤ ਅਨੁਸਾਰ ਹੈ:-

**1. ਉੱਪਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਉੱਪਲ ਗੋਤ ਪਿੰਡ ਨਵਾਂ ਪਿੰਡ ਜੱਟਾਂ ਵਿਖੇ ਵਸਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਉੱਪਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**2. ਅਟਵਾਲ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਵਿਖੇ ਪਾਇਆ ਗਿਆ। ਇਸ ਪਿੰਡ ਦੇ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਪਿੰਡ ਘੁੜ੍ਕੀ ਵਿਖੇ ਜਾਂਦੇ ਹਨ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਖੇਤੀਬਾੜੀ ਕਰਨ ਵਾਲਾ ਜੱਟ ਕਬੀਲਾ ਹੈ, ਜੋ ਵਧੇਰੇ ਕਰਕੇ ਮੁਲਤਾਨ ਤਹਿਸੀਲ ਦੇ ਦੱਖਣ ਵਿੱਚ ਵਸਿਆ ਹੋਇਆ ਹੈ। ਮੁਗਲ ਰਾਜ ਸਮੇਂ ਇਹ ਜੰਮੂ ਤੋਂ ਉੱਠ ਕੇ ਇਥੇ ਆਬਾਦ ਹੋਏ ਹਨ। ਪੰਜਾਬ ਵਿੱਚ ਅਟਵਾਲ ਗੋਤ ਦੇ ਕਈ ਪਿੰਡ ਹਨ ਜਿਵੇਂ ਇੱਕ ਅਟਵਾਲ ਨੂਰ ਮਹਿਲ ਦੇ ਕੋਲ਼ ਹੈ। 1881 ਈਸਵੀ ਦੀ ਜਨਸੰਖਿਆ ਅਨੁਸਾਰ ਸਾਂਝੇ ਪੰਜਾਬ ਵਿੱਚ ਅਟਵਾਲਾਂ ਦੀ ਗਿਣਤੀ 23405 ਸੀ। ਅਟਵਾਲ ਜੱਟਾਂ ਅਤੇ ਦਲਿਤਾਂ ਦਾ ਬਹੁਤ ਹੀ ਪ੍ਰਸਿੱਧ ਅਤੇ ਪ੍ਰਾਚੀਨ ਗੋਤ ਹੈ। ਗੋਤ ਤੋਂ ਇਲਾਵਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ 'ਅਟਵਾਲ' ਪਿੰਡਾਂ ਦੇ ਨਾਂ ਵੀ ਹਨ। (51)

**3. ਅਰੋੜਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਅਰੋੜਾ ਗੋਤ ਪਿੰਡ ਗਿੱਲ ਅਤੇ ਸ਼ੰਕਰ ਵਿਖੇ ਪਾਇਆ ਗਿਆ। ਪਿੰਡ ਗਿੱਲ ਵਿਖੇ ਇਸ ਗੋਤ ਨਾਲ਼ ਸੰਬੰਧਿਤ ਲੋਕ ਹਿੰਦੂ ਹਨ ਜਦ ਕਿ ਪਿੰਡ ਸ਼ੰਕਰ ਵਿਖੇ ਅਰੋੜਾ ਸਿੱਖ ਹਨ। ਪਿੰਡ ਸ਼ੰਕਰ ਦੇ ਅਰੋੜਾ ਗੋਤ ਵਾਲ਼ੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ ਪਹਿਲੀ-ਦੂਜੀ* ਵਿੱਚ ਲਿਖਦੇ ਹਨ:

> ਹਿੰਦੂਆਂ ਦੀ ਇਕ ਉਪ-ਜਾਤੀ। ਕਈ ਵਰਣ-ਸ਼ਾਸਤ੍ਰੀ ਅਰੋੜਿਆਂ ਨੂੰ ਖਤ੍ਰੀਆਂ ਦੀ ਇੱਕ ਸ਼ਾਖ ਮੰਨਦੇ ਹਨ, ਪਰ ਕਈ ਵੈਸ਼ ਜਾਤੀ ਦੀ। ਅਰੋੜਿਆਂ ਦਾ ਦਾਅਵਾ ਹੈ ਕਿ ਉਹ ਖਤ੍ਰੀਆਂ

ਦੀ ਹੀ ਇਕ ਸ਼ਾਖ ਹਨ। ਅਰੋੜਿਆਂ ਦੀਆਂ ਬਹੁਤ ਸਾਰੀਆਂ ਗੋਤਾਂ ਦੇ ਨਾਉਂ ਪਸ਼ੂਆਂ, ਜਨੌਰਾਂ ਤੇ ਫੁੱਲਾਂ-ਬੂਟਿਆਂ ਦੇ ਨਾਂਵਾਂ ਉਤੇ ਰੱਖੇ ਗਏ ਹਨ। ਮੱਕੜ, ਨਾਗਪਾਲ, ਕੱਕੜ, ਹੰਸ, ਆਦਿ ਪਸ਼ੂਆਂ ਦੇ ਨਾਂ ਉਤੇ ਅਤੇ ਚਾਵਲਾ, ਕਸਤੂਰੀਆ, ਘਈ ਆਦਿ ਪਦਾਰਥਾਂ ਦੇ। ਇਹ ਕਦੇ ਨਾ ਕਦੇ ਉਨ੍ਹਾਂ ਦੇ ਟੋਟਿਮ ਸਨ। ਗਲਾਸਰੀ ਅਨੁਸਾਰ ਭਾਵੇਂ ਅਰੋੜੇ ਬਹੁਤੀ ਮਜ਼ਬੂਤ ਕਾਇਆ ਨਹੀਂ ਰੱਖਦੇ, ਪਰ ਉਹ ਚੁਸਤ, ਉੱਦਮੀ, ਮਿਹਨਤੀ ਵੀ ਹਨ। ਅਰੋੜਿਆਂ ਦੇ ਇਸੇ ਪੱਖ ਨੂੰ ਹੇਠਲੇ ਅਖਾਣ ਵਿਚ ਸਲਾਹਿਆ ਗਿਆ ਹੈ:

ਲੱਕ ਬੱਧਾ 'ਰੋੜਿਆਂ ਤੇ ਮੁੰਨਾ ਕੋਹ ਲਾਹੌਰ। (133)

**4. ਔਲਖ –** ਖੇਤਰੀ ਸਰਵੇਖਣ ਦੌਰਾਨ ਔਲਖ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਔਲਖਾਂ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਜ਼ਿਲ੍ਹਾ ਜਾਪਦਾ ਹੈ ਪਰ ਉਹ ਉੱਤਰੀ ਮਾਲਵੇ ਵਿੱਚ ਵੀ ਮਿਲਦੇ ਹਨ। ਮਾਝੇ ਅਤੇ ਰਾਵੀ ਦੇ ਪੱਛਮ ਵਿੱਚ ਤਾਂ ਉਹ ਪੂਰੀ ਤਰ੍ਹਾਂ ਵਸਦੇ ਹਨ। ਉਹ ਕਹਿੰਦੇ ਹਨ ਕਿ ਉਹ ਸੂਰਜ ਵੰਸ਼ੀ ਕੁਲ ਵਿੱਚੋਂ ਹਨ ਅਤੇ ਉਹਨਾਂ ਦਾ ਵਡੇਰਾ 'ਔਲਖ' ਮਾਝੇ ਵਿੱਚ ਰਹਿੰਦਾ ਸੀ।" (98)

ਜ਼ਿਲ੍ਹਾ ਫ਼ਿਰੋਜ਼ਪੁਰ, ਫ਼ਰੀਦਕੋਟ, ਗੁਰਦਾਸਪੁਰ, ਮੁਕਤਸਰ ਅਤੇ ਰੂਪਨਗਰ ਵਿੱਚ 'ਔਲਖ' ਨਾਮੀ ਪਿੰਡ ਵੀ ਹਨ।

**5. ਸਹੋਤੇ –** ਇਹ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿੱਚ ਹਰੀਜਨ ਅਤੇ ਬਾਲਮੀਕ ਬਰਾਦਰੀ ਵਿੱਚ ਪਾਇਆ ਗਿਆ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ, ਚੱਕ ਚੇਲਾ, ਬਿੱਲੀ ਚਾਓ, ਪੰਧੇਰ, ਸ਼ਰਕਪੁਰ, ਈਦਾ, ਬੱਲ ਨੌਂ, ਰਾਜੇਵਾਲ, ਸ਼ੰਕਰ, ਕੋਹਾੜ ਖੁਰਦ, ਖੁਰਸ਼ੈਦਪੁਰ ਪੰਡੋਰੀ, ਆਲੇਵਾਲੀ, ਗੋਬਿੰਦ ਨਗਰ, ਮਲਸੀਹਾਂ, ਤਲਵੰਡੀ ਬੂਟਿਆਂ ਵਿੱਚ ਪਾਇਆ ਗਿਆ। ਪਿੰਡ ਸ਼ੰਕਰ ਵਿੱਚ ਮੇਨ ਰੋਡ ਦੇ ਨੇੜੇ ਸਹੋਤਾ ਗੋਤ ਦੇ ਜਠੇਰਿਆਂ ਦੀ ਸ਼ਾਨਦਾਰ ਜਗ੍ਹਾ ਹੈ। ਪਿੰਡ ਬੱਲ ਨੌਂ ਦੇ ਸਹੋਤੇ ਪਿੰਡ ਸ਼ੰਕਰ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਅਤੇ ਇਹ ਚੇਤ ਮਹੀਨੇ ਮਿੱਟੀ ਵੀ ਕੱਢਦੇ ਹਨ। ਖੁਰਸ਼ੈਦਪੁਰ ਪੰਡੋਰੀ ਪਿੰਡ ਦੇ ਸਹੋਤੇ 'ਬਾਬਾ ਬੋਹੜਾਂ ਵਾਲਾ' ਨਾਮੀ ਆਪਣੇ ਜਠੇਰੇ ਦੀ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਗੋਬਿੰਦ ਨਗਰ ਮਲਸੀਹਾਂ ਪਿੰਡ ਦੇ ਸਹੋਤੇ ਅਗਿਆਤ ਜਠੇਰੇ ਦੀ ਪੂਜਾ ਕਪੂਰਥਲਾ ਲਾਗੇ ਪਿੰਡ ਵਿੱਚ ਚੇਤ ਦੀ ਮੱਸਿਆ ਨੂੰ ਕਰਦੇ ਹਨ। ਤਲਵੰਡੀ ਬੂਟਿਆਂ ਪਿੰਡ ਦੇ ਸਹੋਤੇ ਨੂਰ ਮਹਿਲ ਕੋਲ਼ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ। ਚੱਕ ਚੇਲਾ ਦੇ ਸਹੋਤੇ ਆਧੁਨਿਕ ਸੋਚ ਦੇ ਧਾਰਨੀ ਹਨ ਅਤੇ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਗੋਤ ਤੋਂ ਇਲਾਵਾ ਸਹੋਤਾ ਪਿੰਡ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ।

**6. ਸੋਹਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸੋਹਲ ਗੋਤ ਪਿੰਡ ਬੱਲ ਕੋਹਨਾ, ਗਿੱਲ, ਮਿਆਣੀ, ਸੋਹਲ ਜੰਗੀਰ ਤੇ ਮਾਹਲਾ ਵਿਖੇ ਪਾਇਆ ਗਿਆ ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਸੋਹਲ ਗੋਤ ਬਾਰੇ ਚਾਨਣਾ ਪਾਉਂਦੇ ਹੋਏ ਲਿਖਦੇ ਹਨ:

> ਇਹ ਪੰਵਾਰ ਰਾਜਪੂਤਾਂ ਵਿੱਚੋਂ ਹਨ। ਇਹ ਜੱਗਦੇਉ ਪੰਵਾਰ ਨੂੰ ਆਪਣਾ ਵੱਡੇਰਾ ਮੰਨਦੇ ਹਨ। ਜੱਗਦੇਉ ਬੰਸੀ ਮਹਾਜ਼ (Mahaj) ਦੇ ਪੰਜ ਪੁੱਤਰ ਸੋਹਲ, ਦੇਵਲ, ਦਿਉ, ਔਲਖ ਤੇ ਕੋਮ ਸਨ। ਸੋਹਲ ਦੇ ਨਾਮ 'ਤੇ ਇਸ ਦੀ ਬੰਸ ਦੇ ਲੋਕਾਂ ਦਾ ਨਾਮ ਸੋਹਲ ਪੈ ਗਿਆ। ਇਸ ਤਰ੍ਹਾਂ ਪੰਵਾਰ ਬੰਸ ਵਿੱਚੋਂ ਸੋਹਲ ਇੱਕ ਨਵਾਂ ਉਪਗੋਤ ਪ੍ਰਚੱਲਿਤ ਹੋ ਗਿਆ। ਇਨ੍ਹਾਂ ਦਾ ਮੁੱਢ ਲੁਧਿਆਣਾ ਜ਼ਿਲ੍ਹਾ ਹੀ ਹੈ। ਜੱਗਦੇਉ ਜਰਗ ਵਿੱਚ ਆਪਣਾ ਕਿਲ੍ਹਾ ਬਣਾ ਕੇ ਰਹਿੰਦਾ ਸੀ। ਉਹ ਮਹਾਂਬਲੀ ਤੇ ਮਹਾਨ ਸਿੱਧ ਸੀ। ਉਸ ਦੀ ਬੰਸ ਦੇ ਸਾਰੇ ਲੋਕ ਜਰਗ ਦੇ ਖੇਤਰ ਵਿੱਚ ਹੀ ਰਹਿੰਦੇ ਸਨ। ਆਰੰਭ ਵਿੱਚ ਸੋਹਲ ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਪਿੰਡਾਂ ਵਿੱਚ ਦਰਿਆ ਸਤਲੁਜ ਦੇ ਖੇਤਰਾਂ ਵਿੱਚ ਆਬਾਦ ਹੋਏ ਸਨ। ਫਿਰ ਕੁਝ ਸੋਹਲ ਜਲੰਧਰ, ਹੁਸ਼ਿਆਰਪੁਰ ਤੇ ਅੰਬਾਲਾ ਵੱਲ ਚਲੇ ਗਏ। ਮਾਝੇ ਵਿੱਚ ਵੀ ਸੋਹਲ ਗੋਤ ਦੇ ਜੱਟ ਕਾਫੀ ਹਨ। ਸੋਹਲ ਕਬੀਲੇ ਦੇ ਕੁਝ ਲੋਕ ਮਾਝੇ ਤੋਂ ਅੱਗੇ ਸਿਆਲਕੋਟ, ਗੁਜਰਾਂਵਾਲਾ, ਮੁਲਤਾਨ ਤੇ ਸਿੰਧ ਤੱਕ ਵੀ ਚਲੇ ਗਏ ਸਨ। ਪੰਜਾਬ ਵਿੱਚ ਸੋਹਲ ਨਾਮ ਦੇ ਕਈ ਪਿੰਡ ਹਨ। ਬਠਿੰਡਾ, ਪਟਿਆਲਾ, ਨਾਭਾ ਤੇ ਕਪੂਰਥਲਾ ਦੇ ਰਿਆਸਤੀ ਇਲਾਕੇ ਵਿੱਚ ਹੀ ਸੋਹਲ ਭਾਈਚਾਰੇ ਦੇ ਲੋਕ ਕਈ ਪਿੰਡਾਂ ਵਿੱਚ ਵਸਦੇ ਹਨ। ਦਲਿਤ ਜਾਤੀਆਂ ਵਿੱਚ ਵੀ ਸੋਹਲ ਗੋਤ ਦੇ ਲੋਕ ਕਾਫੀ ਹਨ। ਸੋਹਲ ਗੋਤ ਦੇ ਲੋਕ ਤਰਖਾਣ ਵੀ ਹੁੰਦੇ ਹਨ। ਪੰਜਾਬ ਵਿੱਚ ਸੋਹਲ ਜੱਟਾਂ ਦੀ ਗਿਣਤੀ ਬਹੁਤ ਘੱਟ ਹੈ। ਸਾਂਝੇ ਪੰਜਾਬ ਵਿੱਚ ਕਾਫੀ ਸੋਹਲ ਗੋਤ ਦੇ ਜੱਟ ਮੁਸਲਮਾਨ ਬਣ ਗਏ ਸਨ। ਪੰਜਾਬ ਤੇ ਸਿੰਧ ਵਿੱਚ ਸੋਹਲ ਭਾਈਚਾਰੇ ਦੇ ਲੋਕ ਕਾਫੀ ਹਨ। ਸਾਂਦਲ ਬਾਰ ਵਿੱਚ ਸੋਹਲ ਪਿੰਡ ਸੋਹਲ ਗੋਤ ਦਾ ਬਹੁਤ ਹੀ ਉੱਘਾ ਪਿੰਡ ਸੀ। (53)

ਇਹ ਗੋਤ ਜੱਟ ਸਿੱਖ ਅਤੇ ਪਰਜਾਪੱਤ ਬਰਾਦਰੀ ਵਿੱਚ ਦੇਖਣ ਵਿੱਚ ਆਇਆ। ਪਿੰਡ ਬੱਲ ਕੋਹਨਾ ਦੇ ਸੋਹਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਪਿੰਡ ਨੱਥੇਵਾਲ ਜ਼ਿਲ੍ਹਾ ਜਲੰਧਰ ਵਿਖੇ ਜਾਂਦੇ ਹਨ। ਇਸ ਤੋਂ ਇਲਾਵਾ ਸੋਹਲ ਜੰਗੀਰ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਮਹਿਤਪੁਰ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਜਦ ਕਿ ਮਾਹਲਾ ਪਿੰਡ ਦੇ ਸੋਹਲ ਸ਼੍ਰੀ ਗੁਰੂ ਗ੍ਰੰਥ ਸਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**7. ਸੈਂਹਬੀ –** ਸੈਂਹਬੀ ਵੀ ਰਾਮਗੜ੍ਹੀਆ (ਤਰਖਾਣ) ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ, ਰੂਪੇਵਾਲ, ਤਲਵੰਡੀ ਮਾਧੋ ਅਤੇ ਬੱਲ ਕੋਹਨਾ ਵਿਖੇ ਪਾਇਆ ਗਿਆ। ਖੇਤਰੀ ਸਰਵੇਖਣ ਦੇ ਦੌਰਾਨ ਵੀ ਇਹ ਗੋਤ ਰਾਮਗੜ੍ਹੀਆ ਬਰਾਦਰੀ ਵਿੱਚ ਹੀ

ਪਾਇਆ ਗਿਆ। ਪਿੰਡ ਮੱਲ੍ਹੀਵਾਲ ਦੇ ਸੈਂਹਬੀ ਲੱਲ੍ਹੀਆਂ ਪਿੰਡ ਵਿਖੇ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਤਲਵੰਡੀ ਮਾਧੋ ਪਿੰਡ ਦੇ ਸੈਂਹਬੀ ਜਲੰਧਰ-ਮੋਗਾ ਰੋਡ 'ਤੇ ਸਥਿਤ ਸ਼ਾਹਕੋਟ ਵਿਖੇ ਜਠੇਰਿਆਂ ਦੀ ਜਗ੍ਹਾ 'ਤੇ ਮਿੱਟੀ ਕੱਢਣ ਲਈ ਜਾਂਦੇ ਹਨ। ਜ਼ਿਕਰਯੋਗ ਹੈ ਕਿ ਸ਼ਾਹਕੋਟ ਵਿਖੇ ਇਸ ਗੋਤ ਦੇ ਜਠੇਰਿਆਂ ਦੀ ਬਹੁਤ ਹੀ ਸ਼ਾਨਦਾਰ ਜਗ੍ਹਾ ਬਣੀ ਹੋਈ ਹੈ।



**ਜਠੇਰਾ-ਪੂਜਾ ਸਥਾਨ: ਗੋਤ ਸੈਂਹਬੀ**

**8. ਸੋਗੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸ਼ੰਕਰ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸੋਗੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**9. ਸੌਣੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸੌਣੇ ਗੋਤ ਪਿੰਡ ਰਾਜੇਵਾਲ ਅਤੇ ਪਿੱਪਲੀ ਵਿਖੇ ਪਾਇਆ ਗਿਆ। ਇਹ ਗੋਤ ਰਾਏ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਾਜੇਵਾਲਾ ਤੇ ਪਿੱਪਲੀ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**10. ਸੱਭਰਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸ਼ੰਕਰ ਅਤੇ ਸੀਚੇਵਾਲ ਵਿਖੇ ਪਾਇਆ ਗਿਆ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਦੂਜੀ* ਅਨੁਸਾਰ, "ਖੱਤ੍ਰੀਆਂ ਦੀ ਇਕ ਗੋਤ; ਸਭਰਵਾਲ ਖੁਖਰੈਣਾ ਦੀ ਇਕ ਸ਼ਾਖ ਹਨ। ਇਹ ਅੱਠਾਂ ਗੋਤਾਂ ਤੋਂ ਬਾਹਰ ਵਿਆਹ ਨਹੀਂ ਕਰਦੇ।" (27)

ਕਿਰਪਾਲ ਸਿੰਘ ਦਰਦੀ ਵੀ ਡਾ. ਵਣਜਾਰਾ ਬੇਦੀ ਦੇ ਵਿਚਾਰਾਂ ਦੀ ਹੀ ਪ੍ਰੋੜ੍ਹਤਾ ਕਰਦੇ ਹੋਏ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਇਹ ਖੁਖਰਾਣ ਸ਼੍ਰੇਣੀ ਦੀ ਖੱਤਰੀ ਜਾਤ ਦਾ ਗੋਤ ਹੈ। ਇਸ ਗੋਤ ਦੇ ਖੱਤਰੀ ਖੇਤੀ ਦਾ ਕੰਮ ਵੀ ਬਹੁਤ ਕਰਦੇ ਹਨ। ਇਹ ਗੋਤ ਦਲਿਤ ਜਾਤਾਂ ਵਿੱਚ ਵੀ ਹੈ ਅਤੇ ਇੱਕ ਰਾਮਗੜ੍ਹੀਆ ਗੋਤ ਵੀ ਹੈ।" (170)

ਇਹ ਗੋਤ ਪਿੰਡ ਸੀਚੇਵਾਲ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਪ੍ਰਸਿੱਧ ਸਮਾਜ-ਸੇਵੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਸਮੁੱਚੇ ਪਿੰਡ ਉੱਪਰ ਗੁਰਮਤਿ ਪ੍ਰਭਾਵ ਹੋਣ ਕਾਰਨ ਸਾਰਾ ਹੀ ਪਿੰਡ ਕਿਸੇ ਜਠੇਰੇ ਨੂੰ ਮੰਨਣ ਦਾ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਯਾਈ ਹੈ। ਇਸ ਤੋਂ ਇਲਾਵਾ ਪਿੰਡ ਸ਼ੰਕਰ ਦੇ ਸੱਭਰਵਾਲ ਜੋ ਕਿ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਹਨ, ਉਹ ਪਿੰਡ ਭੋਡੇ ਸਪਰਾਏ ਨੇੜੇ ਜੰਡਿਆਲੀ ਵਿਖੇ 'ਝੰਡਾ ਪੀਰ' ਦੀ ਮੰਨ-ਮਨੌਤ ਕਰਨ ਹਿੱਤ ਜਾਂਦੇ ਹਨ।

**11. ਸਿੱਧੂ –** ਪੰਜਾਬ ਵਿੱਚ ਸਿੱਧੂ ਗੋਤ ਨਾਮ ਨਾਲ਼ ਸੰਬੰਧਿਤ ਪਿੰਡ ਸਿੱਧੂ ਹਰੀ ਸਿੰਘ, ਸਿੱਧੂ ਮੁਸਤਾਦੀ (ਜਲੰਧਰ), ਸਿੱਧੂ (ਫ਼ਿਰੋਜ਼ਪੁਰ), ਸਿੱਧੂਪੁਰ ਕਲਾਂ ਅਤੇ ਸਿੱਧੂਪੁਰ ਖੁਰਦ (ਫਤਹਿਗੜ) , ਸਿੱਧੂਵਾਲ (ਪਟਿਆਲਾ), ਸਿੱਧਵਾਂ ਬੇਟ (ਕਪੂਰਥਲਾ ਅਤੇ ਲੁਧਿਆਣਾ), ਸਿੱਧਵਾਂ (ਗੁਰਦਾਸਪੁਰ), ਸਿੱਧੂਵਾਲ (ਪਟਿਆਲਾ), ਸਿੱਧਵਾਂ ਚੋਰ , ਸਿੱਧਵਾਂ ਜਮੀਤਾ (ਗੁਰਦਾਸਪੁਰ) ਸਿੱਧਵਾਂ ਪਿੰਡ (ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ ਅਤੇ ਫਤਹਿਗੜ੍ਹ ਸਾਹਿਬ) ਵਿੱਚ ਹਨ। ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਨਾਹਲ, ਬਿੱਲੀ ਚਾਓ, ਬੱਲ ਕੋਹਨਾ, ਕੋਹਾੜ ਖੁਰਦ, ਤਲਵੰਡੀ ਬੂਟਿਆਂ, ਬਿੱਲੀ ਚੁਹਾਰਮੀ, ਸ਼ੰਕਰ ਅਤੇ ਗੋਬਿੰਦ ਨਗਰ ਮਲਸੀਹਾਂ ਵਿੱਚ ਪਾਇਆ ਗਿਆ। ਨਾਹਲ, ਬੱਲ ਕੋਹਨਾ, ਤਲਵੰਡੀ ਬੂਟਿਆਂ ਤੇ ਕੋਹਾੜ ਖੁਰਦ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਅਤੇ ਪਿੰਡ ਬਿੱਲੀ ਚੁਹਾਰਮੀ ਦੇ ਸਿੱਧੂ ਬਾਲਮੀਕ ਅਤੇ ਬਾਜ਼ੀਗਰ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰੇ ਦੀ ਮਨੌਤ ਦੀ ਗੱਲ ਕਰੀਏ ਤਾਂ ਪਿੰਡ ਬਿੱਲੀ ਚਾਓ ਦੇ ਸਿੱਧੂ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ।

**12. ਸੰਧੂ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦਾ ਅਧਿਐਨ ਕਰਦਿਆਂ ਸੰਧੂ ਗੋਤ ਪਿੰਡ ਨਾਹਲ, ਨਿਹਾਲੂਵਾਲ, ਤਲਵੰਡੀ ਮਾਧੋ, ਜਾਫਰਾਪੁਰ, ਖੁਰਸ਼ੈਦਪੁਰ ਪੰਡੋਰੀ, ਬਿੱਲੀ ਚਾਓ, ਈਦਾ, ਸ਼ੰਕਰ, ਮੂਲੇਵਾਲ ਖਹਿਰਾ, ਮੂਲੇਵਾਲ ਅਰਾਈਆਂ, ਚੱਕ ਬਾਹਮਣੀਆਂ ਖੁਰਦ, ਪੱਤੋ ਕਲਾਂ, ਪੱਤੋ ਖੁਰਦ, ਬਿੱਲੀ ਭੁੱਲਰ, ਨਵਾਂ ਪਿੰਡ ਜੱਟਾਂ, ਸ਼ਰਕਪੁਰ, ਮਿਆਣੀ, ਪਿੱਪਲੀ, ਪੰਡੋਰੀ ਖਾਸ, ਸਿਹਾਰੀਵਾਲ ਵਿਚ ਪਾਇਆ ਗਿਆ। ਇਹ ਗੋਤ ਖੇਤਰੀ ਸਰਵੇ ਦੌਰਾਨ ਜੱਟ ਸਿੱਖ ਅਤੇ ਦਲਿਤ ਸ਼੍ਰੇਣੀਆਂ ਵਿੱਚ ਪਾਇਆ ਗਿਆ। ਪਿੰਡ ਮੂਲੇਵਾਲ ਖਹਿਰਾ ਦੇ ਸੰਧੂ ਜੱਟ 'ਬਾਬਾ ਕਾਲਾ ਮਹਿਰ' ਦੀ ਪੂਜਾ ਕਰਦੇ ਹਨ। ਪਿੰਡ ਸ਼ੰਕਰ ਵਿੱਚ ਵਸਦੇ ਸੰਧੂ ਗੋਤ ਦੇ ਜਠੇਰਿਆਂ ਦੀ ਜਗ੍ਹਾ ਮੇਨ ਰੋਡ ਉੱਪਰ ਬਣੀ ਹੋਈ ਹੈ ਅਤੇ ਇਸ ਪਿੰਡ ਦੇ ਸੰਧੂ 'ਕਾਲ਼ਾ ਮਹਿਰ' ਦੀ ਮਨੌਤ ਕਰਦੇ ਹਨ। ਪਿੰਡ ਤਲਵੰਡੀ ਮਾਧੋ ਦੇ ਸੰਧੂ ਵੀ ਆਪਣੇ ਪਿੰਡ ਵਿੱਚ ਹੀ ਬਣੀ ਕਾਲ਼ਾ ਮਹਿਰ ਦੀ ਜਗ੍ਹਾ 'ਤੇ ਜਾ ਕੇ ਮੱਥਾ ਟੇਕਦੇ

ਹਨ। ਇਸ ਤੋਂ ਇਲਾਵਾ ਪਿੰਡ ਪੱਤੋ ਕਲਾਂ, ਪੰਡੋਰੀ ਖਾਸ, ਚੱਕ ਬਾਹਮਣੀਆਂ ਖੁਰਦ ਦੇ ਸੰਧੂ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਜ਼ਿਲ੍ਹਾ ਜਲੰਧਰ ਵਿੱਚ ਸੰਧਮਾਂ, ਕਪੂਰਥਲਾ ਵਿੱਚ ਸੰਧੂ ਚੱਬਾ, ਸੰਗਰੂਰ ਵਿੱਚ ਸੰਧੂ ਕਲਾਂ, ਬਠਿੰਡਾ ਵਿੱਚ ਸੰਧੂ ਖੁਰਦ ,ਰੋਪੜ ਵਿੱਚ ਸੰਧੂਆਂ, ਫ਼ਰੀਦਕੋਟ, ਗੁਰਦਾਸਪੁਰ ਅਤੇ ਨਵਾਂ ਸ਼ਹਿਰ ਵਿੱਚ ਸੰਧਵਾਂ ਪਿੰਡ ਵੀ ਇਸੇ ਗੋਤ ਨਾਲ਼ ਸੰਬੰਧਤ ਹਨ।

**13. ਸੱਧਰ –** ਸੱਧਰ ਗੋਤ ਨਾਈ ਸਿੱਖ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਮੱਲ੍ਹੀਵਾਲ ਵਿਖੇ ਪਾਇਆ ਗਿਆ। ਪਿੰਡ ਮੱਲ੍ਹੀਵਾਲ ਦੇ ਸੱਧਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**14. ਸਰਹੰਸ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸਰਹੰਸ ਗੋਤ ਪਿੰਡ ਕੋਹਾੜ ਖੁਰਦ ਵਿਖੇ ਮਿਸਤਰੀ ਜਾਤੀ (ਰਾਮਗੜ੍ਹੀਏ) ਵਿੱਚ ਪਾਇਆ ਗਿਆ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**15. ਸਰਾਂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸਰਾਂ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸਰਾਂ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਨੌਰੰਗਾਬਾਦ (ਮਾਝਾ) ਵਿਖੇ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ।

**16. ਸਰਾਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਚੱਕ ਚੇਲਾ ਵਿਖੇ ਪਾਇਆ ਗਿਆ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਸਰਾਏ ਆਮ ਕਰਕੇ ਮਾਲਵੇ ਦੇ ਜ਼ਿਲ੍ਹਿਆਂ ਲੁਧਿਆਣਾ ਤੇ ਫਰੀਦਕੋਟ ਵਿਚ ਵਸੇ ਹਨ। ਪਰ ਦਰਿਆ ਨੂੰ ਪਾਰ ਕਰ ਆਏ ਹਨ ਅਤੇ ਉੱਤਰ-ਪੱਛਮ ਦੇ ਉਪਜਾਊ ਜ਼ਿਲ੍ਹਿਆਂ ਵਿਚ ਅਬਾਦ ਹੋ ਗਏ ਹਨ। ਪ੍ਰੰਤੂ ਇਕ ਹੋਰ ਰਵਾਇਤ ਮੁਤਾਬਕ, ਇਹ ਚੰਦਰ ਵੰਸ਼ੀ ਰਾਜਾ ਸਲਵਾਨ ਦੀ ਔਲਾਦ ਵਿਚੋਂ ਹਨ, ਜਿਸਦੇ ਦੋ ਪੁੱਤਰ ਬਸਰਾ ਤੇ ਸਰਾਂ ਸਨ, ਜਿਹੜੇ ਇਹਨਾਂ ਦੋ ਜੱਟ ਜਾਤਾਂ ਦੇ ਵੱਡੇ-ਵਡੇਰੇ ਹੋਏ ਹਨ। ਇਹ ਮਾਲਵਾ ਦੇ ਲੁਧਿਆਣਾ, ਫ਼ਿਰੋਜ਼ਪੁਰ ਤੇ ਪਟਿਆਲਾ ਵਿਚ ਰਹਿੰਦੇ ਹਨ। ਪੰਜਾਬ ਵਿਚ ਇਸ ਗੋਤਰ ਦੇ ਵਸਾਏ ਕਈ ਪਿੰਡ ਹਨ। ਫਰੀਦਕੋਟ ਵਿੱਚ ਬਹਿਬਲ ਪਿੰਡ ਤੋਂ ਇਕ ਕੋਹ ਪੱਛਮ ਵੱਲ ਸਰਾਏ ਪਿੰਡ ਹੈ, ਜਿਥੇ ਦਸਮੇਸ਼ ਜੀ ਬਿਰਾਜੇ ਸਨ। ਗੁਰਦੁਵਾਰੇ ਦਾ ਨਾਉਂ ਗੁਰੂ ਸਰ ਹੈ। ਜ਼ਿਲ੍ਹਾ ਨਵਾਂ ਸ਼ਹਿਰ ਵਿਚ ਇਕ ਪਿੰਡ ਸਰੋਆ, ਗੜ ਸ਼ੰਕਰ ਲਾਗੇ ਤੇ ਇਕ ਪਿੰਡ ਸਰਾਵਾਂ ਜ਼ਿਲਾ ਮੁਕਤਸਰ ਵਿਚ ਮਲੋਟ ਕੋਲ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਰਈਆ ਬਲਾਕ ਵਿਚ ਇੱਕ ਪਿੰਡ ਬੱਲ ਸਰਾਏ ਹੈ, ਜਿਥੇ ਅੱਧੇ ਜੱਟ ਬੱਲ ਗੋਤਰ ਦੇ ਤੇ ਅੱਧੇ ਸਰਾਏ ਗੋਤਰ ਦੇ ਹਨ। (56)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਚੱਕ ਚੇਲਾ ਵਿਖੇ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸਰਾਏ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**17. ਸਰਾਰੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਜੇਵਾਲ ਤੇ ਪਿੱਪਲੀ ਵਿਖੇ ਪਾਇਆ ਗਿਆ। ਇਹ ਗੋਤ ਰਾਏ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਾਜੇਵਾਲ ਤੇ ਪਿੱਪਲੀ ਦੇ ਸਰਾਰੀ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**18. ਸਵਨਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮਿਆਣੀ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**19. ਹੇਅਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਜੇਵਾਲ, ਮਿਆਣੀ ਅਤੇ ਕੋਟਲੀ ਹੇਅਰਾਂ ਵਿਖੇ ਪਾਇਆ ਗਿਆ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਅਸਲੀ ਜੱਟ ਹਨ। ਇਹ ਆਪਣੇ-ਆਪ ਨੂੰ ਰਾਜਪੂਤਾਂ ਵਿੱਚੋਂ ਨਹੀਂ ਮੰਨਦੇ। ਕਿਸੇ ਸਮੇਂ ਪੰਜਾਬ ਦੀ ਧਰਤੀ ਦੇ ਮਾਲਕ ਮਾਨ, ਭੁੱਲਰ ਅਤੇ ਹੇਅਰ ਹੀ ਸਨ। ਸੰਤ ਵਿਸਾਖਾ ਸਿੰਘ ਆਪਣੀ ਕਿਤਾਬ 'ਮਾਲਵਾ ਇਤਿਹਾਸ' ਵਿੱਚ ਹੇਅਰਾਂ ਨੂੰ ਸ਼ੱਕ ਬੰਸ ਵਿੱਚੋਂ ਹੀ ਮੰਨਦਾ ਹੈ। ਉਹਨਾਂ ਨੇ ਲਿਖਿਆ ਹੈ ਕਿ 150 ਵਰਸ ਈਸਵੀ ਪੂਰਬ ਬਾਖਤਰ ਵਾਲਿਆਂ ਵਿੱਚੋਂ ਮਾਨਿੰਦਰ ਨੇ ਮਾਲਵੇ ਨੂੰ ਆਪਣੇ ਅਧਿਕਾਰ ਵਿੱਚ ਕਰ ਲਿਆ ਅਤੇ ਮਥਰਾ ਨੂੰ ਜਿੱਤਦਾ ਹੋਇਆ ਕਨੌਜ ਦੇ ਰਾਜਾ ਪੁਸ਼ਿਆ ਮਿੱਤਰ ਨਾਲ ਜਾ ਭਿੜਿਆ ਪਰ ਉਸ ਤੋਂ ਬੁਰੀ ਤਰ੍ਹਾਂ ਹਾਰ ਖਾ ਕੇ ਮੁੜ ਮਥਰਾ ਵਿੱਚ ਆ ਕੇ ਮਰ ਗਿਆ।ਏਸ ਦੇ ਸਮੇਂ ਥੋਹੜੇ ਜਿਹੇ ਚਿਰ ਤੱਕ ਮਾਲਵੇ ਦੇ ਗਣ ਯੂਨਾਨੀ ਰਾਜ ਹੇਠ ਸਾਂਝੀਵਾਲਤਾ ਦੇ ਰੂਪ ਵਿੱਚ ਰਹੇ। ਏਸ ਰਾਜੇ ਦੇ ਨਾਲ਼ ਆਏ ਮਾਨ, ਭੁੱਲਰ, ਹੇਅਰ, ਥਿੰਦ, ਖਰਲ, ਸਿਆਲ, ਅਤਲੇ-ਤਤਲੇ ਆਦਿ ਜੱਟ ਬਹੁਤ ਸਾਰੀ ਗਿਣਤੀ ਵਿੱਚ ਆ ਕੇ ਇੱਥੇ ਵਸ ਗਏ। ਇਹ ਪਸ਼ੂ ਪਾਲਕ ਸਨ। ਪਸ਼ੂਆਂ ਦੀਆਂ ਹੇੜਾਂ ਰੱਖਣ ਕਾਰਨ ਇਸ ਦਾ ਨਾਮ ਹ੍ਹੇਰ ਪ੍ਰਚਲਿਤ ਹੋ ਗਿਆ। ਇਹਨਾਂ ਦਾ ਮੋਢੀ ਪੋਰਾਵਾਲ ਸੀ। ਇਸ ਕਰਕੇ ਹੇਰਾਂ ਨੂੰ ਪੋਰਾਵਾਲ ਕਿਹਾ ਜਾਂਦਾ ਹੈ। ਹੁਣ ਵੀ ਮਾਨ, ਭੁੱਲਰ ਤੇ ਹੇਅਰ ਆਪਣੇ-ਆਪ ਨੂੰ ਅਸਲੀ ਜੱਟ ਸਮਝਦੇ ਹਨ ਤੇ ਇਹਨਾਂ ਤਿੰਨਾਂ ਦਾ ਗੋਤ ਢਾਈ ਗੋਤ ਹੀ ਸਮਝਿਆ ਜਾਂਦਾ ਹੈ। ਹੇਅਰ ਜਲੰਧਰ ਤੋਂ ਉੱਠ ਕੇ ਮਾਲਵੇ ਤੇ ਮਾਝੇ ਵਿੱਚ ਕਾਫੀ ਗਿਣਤੀ ਵਿੱਚ ਆ ਗਏ।

> ਪਹਿਲਾਂ ਸਭ ਤੋਂ ਵੱਧ ਹੇਅਰ ਦੁਆਬੇ ਵਿੱਚ ਹੀ ਆਬਾਦ ਸਨ। ਜਲੰਧਰ ਤੇ ਹੁਸ਼ਿਆਰਪੁਰ ਵਿੱਚ ਦੂਰ-ਦੂਰ ਤੱਕ ਫੈਲੇ ਹੋਏ ਸਨ। ਅੰਮ੍ਰਿਤਸਰ ਵਿੱਚ ਇੱਕ ਪਿੰਡ 'ਹੇਅਰ' ਹੈ। ਗੁਰਦਾਸਪੁਰ ਵਿੱਚ ਵੀ ਕਾਫੀ ਹੇਅਰ ਹਨ। ਲੁਧਿਆਣਾ ਵਿੱਚ ਵੀ ਇੱਕ ਪਿੰਡ ਦਾ ਨਾਮ 'ਹੇਅਰਾਂ' ਹੈ। (54)

ਜਲੰਧਰ ਜ਼ਿਲ੍ਹੇ ਦੇ ਪਿੰਡ ਮਿਆਣੀ ਦੇ ਹੇਅਰ ਗੋਤ ਦੇ ਲੋਕ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਪਿੰਡ ਕੋਟਲੀ ਹੇਅਰਾਂ ਦੇ ਹੇਅਰ ਆਪਣੇ ਪਿੰਡ ਵਿੱਚ ਹੀ ਸਿਵਿਆਂ (ਸ਼ਮਸ਼ਾਨਘਾਟ) ਦੇ ਲਾਗੇ ਚੇਤ ਮਹੀਨੇ ਦੀ ਚੌਦੇਂ ਨੂੰ ਆਪਣੇ ਅਗਿਆਤ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਹਨ ਜਦ ਕਿ ਪਿੰਡ ਰਾਜੇਵਾਲ ਦੇ ਹੇਅਰ ਚੱਕਵਿੰਡ ਪਿੰਡ ਵਿਖੇ ਮੱਸਿਆ ਨੂੰ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਮਿਆਣੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**20. ਹੰਸ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸ਼ੰਕਰ, ਆਲੇਵਾਲੀ ਤੇ ਖੁਰਸ਼ੈਦਪੁਰ ਪੰਡੋਰੀ ਵਿਖੇ ਮਜ਼ਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਆਲੇਵਾਲੀ ਦੇ ਹੰਸ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਪਿੰਡ ਤਲਵੰਡੀ ਸੰਘੇੜਾ ਵਿਖੇ ਚੇਤ-ਚੌਦੇਂ ਨੂੰ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਹੰਸ ਤਲਵੰਡੀ ਸਾਦਕਪੁਰ ਜਾ ਕੇ ਅਗਿਆਤ ਜਠੇਰੇ ਦੀ ਚੇਤ-ਚੌਦੇਂ ਨੂੰ ਮਿੱਟੀ ਕੱਢਦੇ ਹਨ।

**21. ਹਕਵੰਨ –** ਇਹ ਗੋਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਚੱਕ ਬਾਹਮਣੀਆਂ ਖੁਰਦ, ਰਾਮੇ, ਰਾਜੇਵਾਲ ਅਤੇ ਪਿੱਪਲੀ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਰਾਜੇਵਾਲ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ ਜਦ ਕਿ ਪਿੰਡ ਰਾਮੇ ਦੇ ਹਕਵੰਨ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**22. ਹੁੰਦਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਹੁੰਦਲ ਗੋਤ ਪਿੰਡ ਪੱਤੋ ਖੁਰਦ ਅਤੇ ਬੱਲ ਕੋਹਨਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਪੱਤੋ ਖੁਰਦ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਹੁੰਦਲ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਇਹ ਇੱਕ ਕਾਸ਼ਤਕਾਰ ਜੱਟ ਗੋਤ ਜਿਹੜਾ ਸ਼ੁੱਧ ਸੂਰਜ ਵੰਸ਼ੀ ਰਾਜਪੂਤ ਹੋਣ ਦਾ ਅਤੇ ਸ਼੍ਰੀ ਰਾਮ ਚੰਦਰ ਦੀ ਪੀੜ੍ਹੀ ਚੱਲਣ ਦਾ ਦਾਅਵਾ ਕਰਦਾ ਹੈ। ਹੁੰਦਲ ਜਿੱਥੋਂ ਇਹ ਨਾਂ ਪਿਆ, ਅਯੁੱਧਿਆ ਵਿੱਚ ਰਹਿੰਦਾ ਸੀ ਅਤੇ 'ਸਾਰ' ਨੂੰ ਜੋ ਉਸਦੀ ਪੰਜਵੀਂ ਪੀੜ੍ਹੀ ਵਿੱਚ ਸੀ, ਜਾਤੀ ਵਿੱਚੋਂ ਛੇਕ ਦਿੱਤਾ ਗਿਆ ਸੀ। ਆਪਣਾ ਟਿਕਾਣਾ ਛੱਡ ਕੇ ਪੰਜਾਬ ਵਿੱਚ ਅੰਮ੍ਰਿਤਸਰ ਵੱਲ ਆ

ਗਿਆ ਅਤੇ ਇਸਦੀ ਸੰਤਾਨ ਨੇ ਪਿੱਛੋਂ ਪਤਨੀਆਂ ਲੈਣ ਲਈ ਵਿਆਹ ਜੱਟਾਂ ਵੱਲ ਕਰਵਾ ਲਏ ਅਤੇ ਖੇਤੀਬਾੜੀ ਦਾ ਧੰਦਾ ਅਪਣਾ ਲਿਆ ਸੀ। (119)

**23. ਹਥੜੀਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਕੋਹਨਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ।

**24. ਕੰਗ –** ਇਹ ਇੱਕ ਪ੍ਰਮੁੱਖ ਗੋਤ ਹੈ। ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਹੈ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਬਹੁਤੇ ਜੱਟ ਕਬੀਲੇ ਮੱਧ ਏਸ਼ੀਆ ਦੇ ਕੈਸਪੀਅਨ ਸਾਗਰ, ਅਰਾਲ ਸਾਗਰ, ਸਾਇਰ ਦਰਿਆ, ਅਮੂ ਦਰਿਆ ਆਦਿ ਖੇਤਰਾਂ ਵਿੱਚ ਈਸਾ ਤੋਂ ਕਈ ਸੌ ਸਾਲ ਪਹਿਲਾਂ ਹੀ ਆਬਾਦ ਸਨ। ਇਹ ਪਸ਼ੂ ਪਾਲਦੇ ਤੇ ਖੇਤੀ ਕਰਦੇ ਸਨ। ਕੰਗ ਵੀ ਜੱਟਾਂ ਦਾ ਇੱਕ ਬਹੁਤ ਹੀ ਪੁਰਾਣਾ ਕਬੀਲਾ ਹੈ। ਇਹ ਮੱਧ ਏਸ਼ੀਆ ਦੇ 'ਦਰਿਆ ਸਾਇਰ ਤੇ ਅਰਾਲ ਸਾਗਰ' ਖੇਤਰ ਤੋਂ ਆਪਣੇ ਪਸ਼ੂ ਚਾਰਦੇ ਤੇ ਘੋੜਿਆਂ ਉੱਪਰ ਸਵਾਰ ਹੋ ਕੇ ਈਸਵੀ ਸਦੀ ਤੋਂ ਅੱਠ ਸੌ ਸਾਲ ਪਹਿਲਾਂ ਕਈ ਦੇਸ਼ਾਂ ਵਿੱਚ ਘੁੰਮਦੇ ਹੋਏ ਬਲਖ ਤੋਂ ਭਾਰਤ ਵਿੱਚ ਆਏ। ਮਹਾਂਭਾਰਤ ਦੇ ਸਮੇਂ ਕੰਗ ਭਾਰਤ ਵਿੱਚ ਆ ਚੁੱਕੇ ਸਨ। ਪਾਣਨੀ ਦੇ ਸਮੇਂ ਵੀ ਕੰਗ, ਮੱਲ੍ਹੀ, ਬਿਰਕ ਤੇ ਦਾਹੇ ਆਦਿ ਕਈ ਜੱਟ ਕਬੀਲੇ ਪੰਜਾਬ ਵਿੱਚ ਵਸਦੇ ਸਨ। ਇਨ੍ਹਾਂ ਕਬੀਲਿਆਂ ਨੇ ਹੀ ਸਿਕੰਦਰ ਮਹਾਨ ਦਾ ਮੁਕਾਬਲਾ ਕੀਤਾ ਸੀ। ਹੂਣਾਂ ਦੇ ਸਮੇਂ ਹਮਲਿਆਂ ਤੋਂ ਤੰਗ ਆ ਕੇ ਪੰਜਾਬ ਦੇ ਕੁਝ ਕਬੀਲੇ ਮੱਧ ਭਾਰਤ ਵੱਲ ਚਲੇ ਗਏ ਸਨ। ਮੁਸਲਮਾਨਾਂ ਦੇ ਹਮਲਿਆਂ ਕਾਰਨ ਇਹ ਕਬੀਲੇ ਫਿਰ ਹੌਲੀ-ਹੌਲੀ ਪੰਜਾਬ ਵਿੱਚ ਵਾਪਿਸ ਆ ਗਏ ਸਨ। ਕੰਗ 'ਸਾਕਾਬੰਸ' ਵਿੱਚੋਂ ਹਨ। ਸੰਸਕ੍ਰਿਤ ਗ੍ਰੰਥਾਂ ਵਿੱਚ ਕੰਗਾਂ ਨੂੰ ਕੰਕ ਲਿਖਿਆ ਹੈ। ਕੰਗ ਗੋਤ ਦਾ ਮੋਢੀ ਕੰਗ ਸੀ। ਕੰਗ ਜੱਟ ਆਪਣਾ ਸਬੰਧ ਸ਼੍ਰੀ ਰਾਮਚੰਦਰ ਦੀ ਬੰਸ ਦੇ ਯੋਗੇ ਨਾਲ਼ ਜੋੜਦੇ ਹਨ। ਜੋਗਰੇ ਨੂੰ ਆਪਣਾ ਵੱਡੇਰਾ ਮੰਨਦੇ ਹਨ। ਨੱਤ ਤੇ ਰਾਏ ਜੱਟ ਵੀ ਜੋਗਰੇ ਦੀ ਬੰਸ ਵਿੱਚੋਂ ਹੀ ਹਨ। ਮਾਝੇ ਵਿੱਚ ਵੀ ਕੰਗ ਕਾਫੀ ਹਨ। ਤਰਨਤਾਰਨ ਵਿੱਚ ਵੀ ਇੱਕ ਕੰਗ ਪਿੰਡ ਹੈ। ਖੱਡੂਰ ਸਾਹਿਬ ਪਿੰਡ ਵਿੱਚ ਵੀ ਕੁਝ ਕੰਗ ਹਨ। ਕੰਗ ਤੇ ਖਹਿਰੇ ਆਪਸ ਵਿੱਚ ਰਿਸ਼ਤਾ ਨਹੀਂ ਕਰਦੇ ਕਿਉਂ ਕਿ ਖਹਿਰਿਆਂ ਦੀ ਕੰਗਾਂ ਨਾਲ ਕਾਫੀ ਸਮਾਂ ਦੁਸ਼ਮਣੀ ਰਹੀ। ਕੰਗ ਬਾਬੇ ਮਲ੍ਹੇ ਦੀ ਪੂਜਾ ਕਰਦੇ ਹਨ। ਪੂਜਾ ਦਾ ਚੜ੍ਹਾਵਾ ਮਿਰਾਸੀ ਨੂੰ ਦਿੰਦੇ ਹਨ। 1881 ਈਸਵੀ ਵਿੱਚ ਸਾਂਝੇ ਪੰਜਾਬ ਵਿੱਚ ਕੰਗ ਜੱਟਾਂ ਦੀ ਗਿਣਤੀ 24781 ਸੀ। ਪੰਜਵੇਂ ਗੁਰੂ ਅਰਜਨ ਦੇਵ ਦਾ ਭਗਤ ਤੇ ਸੇਵਕ ਭਾਈ ਬੰਨੋ ਕੰਗ ਗੋਤ ਦਾ ਜੱਟ ਸੀ। ਹੁਣ ਪੰਜਾਬ ਵਿੱਚ ਸਾਰੇ ਕੰਗ ਜੱਟ ਸਿੱਖ ਹੀ ਹਨ ਤੇ ਸਾਰੇ ਪੰਜਾਬ ਵਿੱਚ ਵਸਦੇ ਹਨ। (58)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮਹਿਮੂਵਾਲ ਯੁਸਫ਼ਪੁਰ, ਨਾਹਲ, ਮੂਲੇਵਾਲ ਬ੍ਰਾਹਮਣਾਂ, ਬਿੱਲੀ ਚੁਹਾਰਮੀ, ਆਲੇਵਾਲੀ ਵਿੱਚ ਪਾਇਆ ਗਿਆ। ਇਹ ਗੋਤ ਕੇਵਲ ਜੱਟ ਸਿੱਖ ਬਰਾਦਰੀ ਵਿੱਚ ਹੀ ਪਾਇਆ ਗਿਆ। ਮੂਲੇਵਾਲ ਬ੍ਰਾਹਮਣਾਂ ਦੇ ਜੱਟ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**25. ਕਚੂਰੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਜੇਵਾਲ, ਪਿੱਪਲੀ, ਇਸਮਾਇਲਪੁਰ, ਚੱਕ ਬਾਹਮਣੀਆਂ ਖੁਰਦ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਇਸਮਾਇਲਪੁਰ ਦੇ ਇਸ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ। ਇਹਨਾਂ ਚਾਰੇ ਪਿੰਡਾਂ ਦੇ ਕਚੂਰੇ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**26. ਕੰਡਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਵਿਖੇ ਪਾਇਆ ਗਿਆ ਜੋ ਕਿ ਸੁਨਿਆਰਾ ਜਾਤੀ ਨਾਲ਼ ਸੰਬੰਧਿਤ ਹੈ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**27. ਕੈਂਥ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਵਿਖੇ ਝੀਰ ਬਰਾਦਰੀ ਨਾਲ਼ ਅਤੇ ਪਿੰਡ ਪੰਡੋਰੀ ਖਾਸ ਵਿਖੇ ਅਰੋੜਾ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਪਿੰਡ ਗਿੱਲ ਦੇ ਝੀਰ ਬਰਾਦਰੀ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਪਿੰਡ ਮੱਲ੍ਹੀਆਂ ਵਿਖੇ ਭਾਦੋਂ ਦੀ ਮੱਸਿਆ ਨੂੰ ਮਿੱਟੀ ਕੱਢਣ ਜਾਂਦੇ ਹਨ।

**28. ਕੰਬੋਅ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਅਤੇ ਰਾਮੇ ਵਿੱਚ ਪਾਇਆ ਗਿਆ। ਇਹਨਾਂ ਦੋਹਾਂ ਪਿੰਡਾਂ ਦੇ ਕੰਬੋਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਤੋਂ ਇਨਕਾਰੀ ਹਨ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਖਾਨਦਾਨ ਖੇਤੀਬਾੜੀ ਕਰਨ ਵਿੱਚ ਬੜਾ ਮਾਹਿਰ ਮੰਨਿਆ ਜਾਂਦਾ ਹੈ। ਮਾਲਵੇ ਦੇ ਮਹਾਨ ਸ਼ਹੀਦ ਊਧਮ ਸਿੰਘ ਵੀ ਇਸੇ ਖਾਨਦਾਨ ਵਿੱਚੋਂ ਸਨ। ਵਿਸ਼ਵ ਪੰਜਾਬੀ ਕੋਸ਼ ਵਿੱਚ ਇਹਨਾਂ ਨੂੰ 'ਅਰਾਈਆਂ ਦੇ ਨੇੜੇ ਦੇ ਸੰਬੰਧੀ' ਲਿਖਿਆ ਗਿਆ ਹੈ ਕਿਉਂਕਿ ਅਰਾਈਂ ਵੀ ਸਬਜੀਆਂ ਪੈਦਾ ਕਰਨ ਵਾਲੀ ਜਾਤੀ ਹੈ। ਕੰਬੋਜਾਂ ਵਿੱਚ ਥਿੰਦ, ਧੰਜੂ, ਮੋਮੀ, ਕੌੜੇ, ਹਾਂਡੇ ਤੇ ਚਤਰਥ ਹਨ। ਥਿੰਦ ਗੋਤ ਕੰਬੋਜਾਂ ਅਤੇ ਜੱਟਾਂ ਦੋਹਾਂ ਵਿੱਚ ਪਾਇਆ ਜਾਂਦਾ ਹੈ। ਲੁਧਿਆਣੇ ਵਿੱਚ ਥਿੰਦਾਂ ਦੇ 20 ਪਿੰਡ ਹਨ। ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਸ਼ਹੀਦ ਸਿੰਘਾਂ ਵਿੱਚ ਬਹੁਤੇ ਕੰਬੋਜ ਹੀ ਸਨ। ਅੰਮ੍ਰਿਤਸਰ ਵਿੱਚ ਹੇਅਰ ਕੰਬੋਅ ਨਾਮਕ ਇੱਕ ਪਿੰਡ ਵੀ ਹੈ। (79)

ਇਸ ਗੋਤ ਬਾਰੇ ਪੰਜਾਬੀ ਦੇ ਸਰਵੋਤਮ ਕਿੱਸਾਕਾਰ ਵਾਰਸ ਸ਼ਾਹ ਦੀਆਂ ਇਹ ਸਤਰਾਂ ਅਖਾਣ ਬਣ ਚੁੱਕੀਆਂ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:

ਕੁੱਕੜ, ਕਾਂ, ਕੰਬੋਅ ਕਬੀਲਾ ਪਾਲਦਾ।

29. **ਕਰੀਰ** – ਕਰੀਰ ਵੀ ਪੰਜਾਬ ਵਿਖੇ ਪਾਏ ਜਾਂਦੇ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰੂਪੇਵਾਲ ਦੀ ਛੀਂਬਾ (ਟਾਂਕ ਕਸ਼ੱਤਰੀ) ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

30. **ਕੌਲ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਆਲੇਵਾਲੀ ਵਿਖੇ ਅਧਰਮੀ ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

31. **ਕੱਲੇ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਨਾਹਲ ਵਿਖੇ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

32. **ਕਾਲੀਏ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਅਤੇ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ ਜੋ ਕਿ ਜਾਤੀ ਵਜੋਂ ਪੰਡਤ ਹਨ। ਪਿੰਡ ਗਿੱਲ ਦੇ ਕਾਲੀਏ ਪਿੰਡ ਚੀਮਾ ਬਾਠ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਦੀਵਾਲੀ ਵਾਲ਼ੇ ਦਿਨ ਆਪਣੇ ਵਡੇਰੇ ਜਾਂ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

33. **ਕਲਿਆਣੀ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਕਾਂਗਣਾਂ ਅਤੇ ਆਲੇਵਾਲੀ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਕਾਂਗਣਾਂ ਦੇ ਕਲਿਆਣੀ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

34. **ਕਲਸੀ** – ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਪੂੰਨੀਆਂ ਅਤੇ ਤਲਵੰਡੀ ਮਾਧੋ ਵਿਖੇ ਪਾਇਆ ਗਿਆ ਜੋ ਕਿ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਤਲਵੰਡੀ ਮਾਧੋ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**35. ਕੌਲਧਾਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਅਤੇ ਨਵਾਂ ਪਿੰਡ ਜੱਟਾਂ ਵਿਖੇ ਪਾਇਆ ਗਿਆ ਜੋ ਕਿ ਅਧਰਮੀ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਇਹਨਾਂ ਦੋਹਾਂ ਪਿੰਡਾਂ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**36. ਕਲੇਰ –** ਜ਼ਿਲ੍ਹਾ ਲੁਧਿਆਣਾ ਵਿੱਚ ਅਮਰਗੜ੍ਹ ਕਲੇਰ ਪਿੰਡ ਕਲੇਰ ਜੱਟਾਂ ਦਾ ਬਹੁਤ ਹੀ ਪ੍ਰਸਿੱਧ ਪਿੰਡ ਹੈ। ਲੁਧਿਆਣੇ ਦੇ ਨਜ਼ਦੀਕ ਹੀ ਕਲੇਰਾਂ ਪਿੰਡ ਵਿੱਚ ਕਲੇਰਾਂ ਵਾਲੇ ਸੰਤਾਂ ਦਾ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਹੈ। ਦੂਰ-ਦੂਰ ਤੋਂ ਲੋਕ ਇਸ ਗੁਰਦੁਆਰੇ ਦੇ ਦਰਸ਼ਨਾਂ ਲਈ ਆਉਂਦੇ ਹਨ। ਮਾਝੇ ਵਿੱਚ ਧਾਰੀਵਾਲ ਕਲੇਰ ਪਿੰਡ ਜੱਟਾਂ ਦਾ ਪ੍ਰਸਿੱਧ ਪਿੰਡ ਹੈ। ਦੁਆਬੇ ਵਿੱਚ ਬੰਗਾ ਦੇ ਪਾਸ ਢਾਹ ਕਲੇਰਾਂ, ਫਰੀਦਕੋਟ ਵਿੱਚ ਕਲੇਰ ਅਤੇ ਸੰਗਰੂਰ ਵਿੱਚ ਕਾਂਜਲਾ ਵੀ ਕਲੇਰ ਜੱਟਾਂ ਦੇ ਉੱਘੇ ਪਿੰਡ ਹਨ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਕਲੇਰ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਐਚ. ਏ. ਰੋਜ਼ ਆਪਣੀ ਖੋਜ ਭਰਪੂਰ ਪੁਸਤਕ ਵਿੱਚ ਇਨ੍ਹਾਂ ਨੂੰ ਚੌਹਾਣ ਬੰਸ ਵਿੱਚੋਂ ਹੀ ਦੱਸਦਾ ਹੈ। ਕਲੇਰਾਂ ਦਾ ਪਿਛੋਕੜ ਮਾਲਵਾ ਹੀ ਹੈ। ਇਹ ਮਾਲਵੇ ਤੋਂ ਹੀ ਮਾਝੇ ਤੇ ਦੁਆਬੇ ਵੱਲ ਗਏ। ਲੁਧਿਆਣੇ ਜ਼ਿਲੇ ਵਿੱਚ ਇਸ ਗੋਤ ਦੇ ਲੋਕ ਵਿਆਹ ਸ਼ਾਦੀ ਸਮੇਂ ਆਪਣੇ ਜਠੇਰੇ ਦੀ ਉਸ ਮੱਠ ‘ਤੇ ਪੂਜਾ ਕਰਦੇ ਹਨ। ਕਿਸੇ ਸਮੇਂ ਕਲੇਰ ਜੱਟ ਸਖੀ ਸਰਵਰ ਦੇ ਹੀ ਸੇਵਕ ਸਨ। ਇਹ ਲੋਕ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਪਹਿਲਾਂ ਕੁਆਰੀਆਂ ਕੁੜੀਆਂ ਨੂੰ ਪਿਆ ਕੇ ਫਿਰ ਆਪ ਵਰਤਦੇ ਸਨ। ਸਿੱਖੀ ਦੇ ਪ੍ਰਭਾਵ ਕਾਰਨ ਕਲੇਰ ਜੱਟਾਂ ਨੇ ਪੁਰਾਣੀਆਂ ਰਸਮਾਂ ਘਟਾ ਦਿੱਤੀਆਂ ਹਨ ਅਤੇ ਸੱਖੀ ਸਰਵਰ ਵਿੱਚ ਸ਼ਰਧਾ ਵੀ ਛੱਡ ਦਿੱਤੀ ਹੈ। ਹਰਿਆਣੇ ਵਿੱਚ ਕਲੇਰ ਗੋਤ ਦੇ ਜੱਟ ਟੋਹਾਣਾ ਤਹਿਸੀਲ ਦੇ ਪ੍ਰਸਿੱਧ ਪਿੰਡ ਤਲਵਾੜਾ ਵਿੱਚ ਵੀ ਆਬਾਦ ਹਨ। ਜੀਂਦ ਖੇਤਰ ਵਿੱਚ ਵੀ ਕੁਝ ਕਲੇਰ ਜੱਟ ਵਸਦੇ ਹਨ। ਜੀਂਦ ਵਿੱਚ ਭੱਮਾਵਾੜੀ ਵਿੱਚ ਇਸ ਗੋਤ ਦੇ ਸਿੱਧ ਦੀਦਾਰ ਸਿੰਘ ਦੀ ਸਮਾਧ ਹੈ ਜਿੱਥੇ ਮਾਘ ਵਦੀ ਪਹਿਲੀ ਨੂੰ ਇਸਦੀ ਪੂਜਾ ਕੀਤੀ ਜਾਂਦੀ ਹੈ। ਕਲੇਰ ਗੋਤ ਦਾ ਮੋਢੀ ਕੇਹਰ ਸੀ। ਇਸ ਨੂੰ ਕਲੇਰ ਵੀ ਕਹਿੰਦੇ ਸਨ। ਇਸ ਗੋਤ ਦੇ ਵਡੇਰੇ ਦਾਰਾ ਤੇ ਸੰਤੂ ਜਹਾਂਗੀਰ ਬਾਦਸ਼ਾਹ ਦੇ ਸਮੇਂ ਸਿਆਲਕੋਟ ਵਲ ਚਲੇ ਗਏ। ਕੁਝ ਕਲੇਰ ਮਿੰਟਗੁਮਰੀ ਵਿੱਚ ਵੀ ਆਬਾਦ ਹੋ ਗਏ। ਕੁਝ ਸਮੇਂ ਮਗਰੋਂ ਸੱਖੀ ਸਰਵਰ ਦੇ ਪ੍ਰਭਾਵ ਕਾਰਨ ਮਿੰਟਗੁਮਰੀ ਇਲਾਕੇ ਦੇ ਕਲੇਰ ਮੁਸਲਮਾਨ ਬਣ ਗਏ। ਪੂਰਬੀ ਪੰਜਾਬ ਦੇ ਸਾਰੇ ਕਲੇਰ ਜੱਟ ਸਿੱਖ ਹੀ ਹਨ। (62)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਨੌਂ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**37. ਕੁਲਾਰ –** ਪੰਜਾਬ ਵਿੱਚ ਕੁਲਾਰ ਨਾਮ ਦੇ ਕਈ ਪਿੰਡ ਆਬਾਦ ਹਨ। ਮੁਕਤਸਰ ਦੇ ਇਲਾਕੇ ਵਿੱਚ ਮਹਿਣਾ ਤੇ ਮਿੱਡੂ ਖੇੜਾ ਇਨ੍ਹਾਂ ਦੇ ਪ੍ਰਸਿੱਧ ਪਿੰਡ ਹਨ। ਅਬੋਹਰ ਵਿੱਚ ਵੀ ਇੱਕ ਕੁਲਾਰ ਨਾਮ ਦਾ ਪਿੰਡ ਹੈ। ਲੁਧਿਆਣੇ ਵਿੱਚ ਵੀ ਇੱਕ ਪਿੰਡ ਦਾ ਨਾਮ ਕੁਲਾਰ ਹੈ। ਲੁਧਿਆਣੇ ਦੇ ਕਈ ਪਿੰਡਾਂ ਵਿੱਚ ਕੁਲਾਰਾਂ ਦੇ ਘਰ ਹਨ। ਲੁਧਿਆਣੇ ਤੋਂ ਅੱਗੇ ਕੁਝ ਕੁਲਾਰ ਜੱਟ ਅੰਮ੍ਰਿਤਸਰ ਤੇ ਗੁਰਦਾਸਪੁਰ ਵਿੱਚ ਵੀ ਚਲੇ ਗਏ ਸਨ। ਕੁਲਾਰ ਜੱਟ ਰੋਪੜ ਖੇਤਰ ਵਿੱਚ ਵੀ ਹਨ। ਜਲੰਧਰ ਵਿੱਚ ਸੰਸਾਰਪੁਰ ਕੁਲਾਰ ਜੱਟਾਂ ਦਾ ਦੁਆਬੇ ਵਿੱਚ ਬਹੁਤ ਹੀ ਪ੍ਰਸਿੱਧ ਪਿੰਡ ਹੈ। ਕੁਲਾਰਾਂ ਪਿੰਡ ਰੋਪੜ ਵਿੱਚ ਵੀ ਹੈ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਭੱਟੀ ਰਾਜਪੂਤਾਂ ਵਿੱਚੋਂ ਹਨ। ਭੱਟੀ ਆਪਣਾ ਪਿਛੋਕੜ ਪੰਜਾਬ, ਜੈਸਲਮੇਰ ਤੇ ਅਫ਼ਗਾਨਸਤਾਨ ਦਾ ਗਜ਼ਨੀ ਖੇਤਰ ਦੱਸਦੇ ਹਨ। ਭੱਟੀ ਦੇ ਦੋ ਪੁੱਤਰ ਮਾਸੂਰ ਰਾਉ ਤੇ ਮੰਗਲ ਰਾਉ ਹੋਏ। ਸਾਰਨ ਜੱਟ ਮਾਸੂਰ ਰਾਉ ਦੀ ਬੰਸ ਵਿੱਚੋਂ ਹਨ। ਮੰਗਲ ਰਾਉ ਦੀ ਬੰਸ ਵਿੱਚੋਂ ਕੁਲਾਰ ਜੱਟ ਹਨ। ਮੰਗਲ ਰਾਉ ਇੱਕ ਬੜਾ ਹੀ ਬਲਵਾਨ ਤੇ ਨਿਡਰ ਯੋਧਾ ਸੀ। ਉਸ ਦਾ ਸਰਸੇ ਵਿੱਚ ਇੱਕ ਕਿਲ੍ਹਾ ਸੀ ਜੋ ਹੁਣ ਵੀ ਖਸਤਾ ਹਾਲਤ ਵਿੱਚ ਖੜ੍ਹਾ ਹੈ। ਕਿਸੇ ਕਾਰਨ ਮੰਗਲ ਰਾਉ ਨੂੰ ਆਪਣੀ ਜਾਨ ਬਚਾ ਕੇ ਆਪਣੇ ਹੀ ਰਾਜ ਵਿੱਚੋਂ ਭੱਜਣਾ ਪਿਆ ਸੀ। ਉਹ ਆਪਣੇ ਲੜਕੇ ਇੱਕ ਬਾਣੀਏ ਮਿੱਤਰ ਪਾਸ ਛੱਡ ਗਿਆ ਸੀ। ਉਸ ਦੇ ਪੁੱਤਰਾਂ ਨੇ ਵੱਡੇ ਹੋ ਕੇ ਜੱਟ ਬਰਾਦਰੀ ਵਿੱਚ ਵਿਆਹ ਕਰਾਏ। ਉਸ ਦੇ ਪੁੱਤਰਾਂ- ਕਲੋਰੀਆ ਦੇ ਨਾਮ 'ਤੇ ਕੁਲਾਰ, ਮੰਡਾ ਦੇ ਨਾਮ 'ਤੇ ਮੰਡ ਤੇ ਸਿਉਰਾ ਦੇ ਨਾਮ 'ਤੇ ਸਿਉਰਾਨ ਨਵੇਂ ਗੋਤ ਪ੍ਰਚੱਲਿਤ ਹੋ ਗਏ ਸਨ। ਸੰਗਰੂਰ (ਜੀਂਦ) ਵਿੱਚ ਕੁਲਾਰਾਂ ਦੇ ਸਿੱਧ ਦੀ ਕੁਲਾਰ ਖਾਸ ਵਿੱਚ ਸਮਾਧ ਹੈ। ਪੰਜਾਬ ਦੇ ਸਾਰੇ ਹੀ ਕੁਲਾਰ ਸਿੱਖ ਹਨ। ਕੁਲਾਰਾਂ ਨੂੰ ਕੋਲਾਰ ਵੀ ਕਿਹਾ ਜਾਂਦਾ ਹੈ। (59)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਕੁਲਾਰ ਗੋਤ ਪਿੰਡ ਬਿੱਲੀ ਚਾਓ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**38. ਕੌੜਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਕੌੜਾ ਗੋਤ ਪਿੰਡ ਸ਼ੰਕਰ ਵਿਖੇ ਖੱਤਰੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਬਾਰੇ ਲਿਖਿਆ ਹੈ:

> ਇਹ ਜੱਟਾਂ ਦਾ ਇੱਕ ਪ੍ਰਾਚੀਨ ਤੇ ਖਾੜਕੂ ਕਬੀਲਾ ਹੈ। ਇਹ ਆਪਣਾ ਸੰਬੰਧ ਖਰਲ ਜੱਟਾਂ ਨਾਲ ਜੋੜਦੇ ਹਨ। ਪੱਛਮੀ ਪੰਜਾਬ ਦੇ ਸ਼ਾਹਪੁਰ ਤੇ ਮਿੰਟਗੁਮਰੀ ਖੇਤਰਾਂ ਵਿੱਚ ਬਹੁਤੇ ਕੌੜੇ ਜੱਟ

ਮੁਸਲਮਾਨ ਹਨ।ਕੌੜੇ ਵੀ ਮੱਧ ਏਸ਼ੀਆ ਤੋਂ ਆਏ ਹੋਏ ਆਰੀਆ ਬੰਸੀ ਹਨ। ਪੰਜਾਬ ਵਿੱਚ ਇਹ ਮਾਨਾਂ, ਭੁੱਲਰਾਂ, ਹੇਅਰਾਂ ਤੇ ਖਰਲਾਂ ਆਦਿ ਜੱਟ ਉਪ ਜਾਤੀਆਂ ਨਾਲ ਹੀ ਆਏ ਹਨ। ਭੁੱਲਰ, ਹੇੜੀ, ਮਾੜੀ ਅਤੇ ਬੁਗਰਾਂ ਆਦਿ ਭੁੱਲਰਾਂ ਤੇ ਕੌੜਿਆਂ ਦੇ ਉੱਘੇ ਪਿੰਡ ਹਨ। ਪੂਰਬੀ ਪੰਜਾਬ ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਕੌੜੇ ਜੱਟ ਸਾਰੇ ਹੀ ਸਿੱਖ ਬਣ ਗਏ ਸਨ। ਸੱਤਵੀਂ ਸਦੀ ਮਗਰੋਂ ਜੱਟ ਸੂਰਮੇ ਰਾਜਪੂਤਾਂ ਅਤੇ ਕਸ਼ੱਤਰੀਆਂ ਵਿੱਚ ਪਰਿਵਰਤਿਤ ਹੋ ਗਏ। ਪੰਜਾਬ ਵਿੱਚ ਕੌੜੇ ਜੱਟਾਂ, ਖੱਤਰੀਆਂ ਅਤੇ ਕੰਬੋਆਂ ਦੀ ਗਿਣਤੀ ਬਹੁਤ ਹੀ ਘੱਟ ਹੈ। ਇਹ ਇੱਕ ਛੋਟਾ ਗੋਤ ਹੀ ਹੈ। ਖੱਤਰੀ ਕੌੜੇ ਵਿਦਵਾਨ ਤੇ ਵਪਾਰੀ ਹਨ, ਕੰਬੋਜ ਕੌੜੇ ਵਧੀਆ ਕਿਸਾਨ ਹਨ। (60)

**39. ਕੇਸ਼ਵ ਰਾਜਪੂਤ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਨੌਂ ਅਤੇ ਕੋਟਲੀ ਹੇਅਰਾਂ ਵਿਖੇ ਕੁਹਾਰ ਜਾਤ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਕੋਟਲੀ ਹੇਅਰਾਂ ਦੇ ਇਸ ਗੋਤ ਨਾਲ਼ ਸੰਬੰਧਿਤ ਸਾਰੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਪਿੰਡ ਬੱਲ ਨੌਂ ਦੇ ਕੁਝ ਕੇਸ਼ਵ ਰਾਜਪੂਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤ ਕੁਝ ਸ਼ਹੀਦਾਂ ਦੀ ਮੰਨ-ਮਨੌਤ ਲਈ ਪਿੰਡ ਬੱਲ ਕੋਹਨਾ ਵਿਖੇ ਜਾਂਦੇ ਹਨ।

**40. ਖਹਿਰਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮੂਲੇਵਾਲ ਖਹਿਰਾ ਵਿਖੇ ਪਾਇਆ ਗਿਆ। ਇਸ ਪਿੰਡ ਦੀ ਕੁੱਲ ਵਸੋਂ ਵਿੱਚੋਂ ਲਗਭਗ 98% ਲੋਕ ਖਹਿਰਾ ਗੋਤ ਦੇ ਹਨ ਅਤੇ ਇਹ ਲੋਕ ਆਪਣੇ ਪਿੰਡ ਵਿੱਚ ਹੀ ਸ਼ਹੀਦਾਂ ਦੀ ਮਿੱਟੀ ਕੱਢਦੇ ਹਨ। ਚੜ੍ਹਾਵੇ ਵਜੋਂ ਸ਼ਹੀਦਾਂ ਦੇ ਨਾਂ ਦੀ ਪੰਜ ਕਾਪੜੀ ਅਤੇ ਚੇਤ ਮਹੀਨੇ ਨੂੰ ਸ਼ਹੀਦਾਂ ਦੇ ਨਾਂ ਦੀ ਮਿੱਟੀ ਕੱਢਦੇ ਹਨ।

**41. ਖਿੰਡਾ –** ਇਹ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ, ਖਾਨਪੁਰ ਰਾਜਪੂਤਾਂ, ਮੂਲੇਵਾਲ ਬ੍ਰਾਹਮਣਾਂ, ਕੋਟਲੀ ਗਾਜਰਾਂ, ਇਸਮਾਇਲਪੁਰ ਵਿਖੇ ਪਾਇਆ ਗਿਆ। ਪਿੰਡ ਮੱਲ੍ਹੀਵਾਲ ਤੇ ਮੂਲੇਵਾਲ ਬ੍ਰਾਹਮਣਾਂ ਦੇ ਖਿੰਡਾ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**42. ਖੁੱਤਣ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਵਿਖੇ ਅਧਰਮੀ ਜਾਤ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**43. ਖੰਨਾ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਖੰਨਾ ਗੋਤ ਪਿੰਡ ਤਲਵੰਡੀ ਮਾਧੋ ਵਿਖੇ ਪਾਇਆ ਗਿਆ ਜੋ ਕਿ ਖੱਤਰੀ ਜਾਤੀ ਨਾਲ਼ ਸੰਬੰਧਿਤ ਹੈ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਖੰਨਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਤਲਵੰਡੀ ਮਾਧੋ ਵਿੱਚ ਹੀ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਅਤੇ ਚੇਤ-ਚੌਦੇਂ ਨੂੰ ਜਠੇਰੇ ਦੀ ਜਗ੍ਹਾ 'ਤੇ ਲੱਗਣ ਵਾਲ਼ੇ ਮੇਲੇ 'ਤੇ ਜਾ ਕੇ ਮੱਥਾ ਟੇਕਦੇ ਹਨ।

**44. ਖੁਰਾਣਾ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਖੁਰਾਣਾ ਗੋਤ ਪਿੰਡ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ ਜੋ ਕਿ ਅਰੋੜਾ ਜਾਤੀ ਨਾਲ਼ ਸੰਬੰਧਿਤ ਹੈ। ਪਿੰਡ ਨਵਾਂ ਕਿਲ੍ਹਾ ਦੇ ਖੁਰਾਣਾ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਸਥਾਨ ਜੰਮੂ ਕੋਲ਼ ਹੈ, ਪਰ ਉਹ ਜਠੇਰੇ ਦੀ ਥਾਂ ਮਾਤਾ ਚਿੰਤਪੁਰਨੀ ਦੇ ਪੁਜਾਰੀ ਹਨ।

**45. ਗਾਧਰੇ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਈਵਾਲ ਦੋਨਾ ਵਿਖੇ ਮਹਿਰਾ ਸਿੱਖ ਜਾਤੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਰਾਈਵਾਲ ਦੋਨਾ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**46. ਗਰੇਵਾਲ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਜਾਫਰਾਪੁਰ, ਸ਼ੰਕਰ ਅਤੇ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ। ਪਿੰਡ ਜਾਫਰਾਪੁਰ, ਸ਼ੰਕਰ ਅਤੇ ਨਵਾਂ ਕਿਲ੍ਹਾ ਦੇ ਗਰੇਵਾਲ ਗੋਤ ਦੇ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**47. ਗਿੱਲ** – ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗਿੱਲ, ਬਿੱਲੀ ਭੁੱਲਰ (ਤਿੰਨ ਮੁੱਖ ਗੋਤਾਂ ਵਿੱਚੋਂ ਇੱਕ), ਤਲਵੰਡੀ ਬੂਟਿਆਂ, ਇਸਮਾਇਲਪੁਰ, ਮਿਆਣੀ, ਰਾਜੇਵਾਲ, ਚੱਕ ਬਾਹਮਣੀਆਂ ਖੁਰਦ, ਪੂੰਨੀਆਂ, ਮੱਲ੍ਹੀਵਾਲ, ਰੂਪੇਵਾਲ, ਮੂਲੇਵਾਲ ਬ੍ਰਾਹਮਣਾਂ, ਸੀਚੇਵਾਲ, ਚੱਕ ਚੇਲਾ, ਤਲਵੰਡੀ ਮਾਧੋ, ਰਾਈਵਾਲ ਦੋਨਾ, ਮੂਲੇਵਾਲ ਅਰਾਈਆਂ, ਈਦਾ, ਸ਼ੰਕਰ, ਬੱਲ ਨੌਂ, ਬੱਲ ਕੋਹਨਾ, ਪੱਤੋ ਕਲਾਂ, ਸਿਹਾਰੀਵਾਲ, ਕਾਂਗਣਾ, ਮੂਲੇਵਾਲ ਖਹਿਰਾ, ਕੋਹਾੜ, ਪਿੱਪਲੀ, ਗੋਬਿੰਦ ਨਗਰ, ਮਲਸੀਹਾਂ, ਮਹਿਮੂਵਾਲ ਯੂਸਫ਼ਪੁਰ, ਨਾਹਲ ਆਦਿ ਪਿੰਡਾਂ ਵਿੱਚ ਪਾਇਆ ਗਿਆ। ਜ਼ਿਲ੍ਹਾ ਜਲੰਧਰ ਦੇ ਵਿੱਚ ਇਹ ਗੋਤ ਜੱਟਾਂ, ਬਾਲਮੀਕ ਅਤੇ ਹਰੀਜਨ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸਿਹਾਰੀਵਾਲ ਦੇ ਕੁਝ ਗਿੱਲ ਮਿੱਟੀ ਕੱਢਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਸ਼ੰਕਰ ਦੇ ਬਾਲਮੀਕ ਗਿੱਲ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਵਿਸਾਖੀ ਮੌਕੇ ਪੂਜਾ ਕਰਦੇ ਹਨ। ਚੜ੍ਹਾਵੇ ਵਜੋਂ ਪੰਜੀਰੀ ਜਾਂ ਪ੍ਰਸ਼ਾਦ ਚੜ੍ਹਾਉਂਦੇ ਹਨ।



**ਜਠੇਰਾ-ਪੂਜਾ ਸਥਾਨ: ਗੋਤ ਗਿੱਲ**

ਪਿੰਡ ਆਲੇਵਾਲੀ ਪਿੰਡ ਦੇ ਗਿੱਲ ਪਿੰਡ ਪੂੰਨੀਆਂ ਰੇੜ੍ਹਵਾਂ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਪੂਜਾ ਕਰਨ ਜਾਂਦੇ ਹਨ ਅਤੇ ਚੇਤ ਚੌਦੇਂ ਨੂੰ ਲੱਗਣ ਵਾਲ਼ੇ ਮੇਲੇ 'ਤੇ ਪੰਜੀਰੀ ਅਤੇ ਲੱਡੂ ਚੜ੍ਹਾ ਕੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਗੋਬਿੰਦ ਨਗਰ ਮਲਸੀਹਾਂ ਤੇ ਪਿੰਡ ਮੱਲ੍ਹੀਵਾਲ ਦੇ ਗਿੱਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਚੇਤ ਦੀ ਮੱਸਿਆ ਨੂੰ ਪਿੰਡ ਚਿੱਟੀ ਉੱਗੀ ਵਿਖੇ ਜਾਂਦੇ ਹਨ। ਚੜ੍ਹਾਵੇ ਵਜੋਂ ਕਿਸੇ ਵੀ ਰੰਗ ਦਾ ਕੱਪੜਾ ਅਤੇ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਦੇ ਅਤੇ ਚੌਂਕੀ ਭਰਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਦੇ ਸਥਾਨ 'ਤੇ ਸਾਉਣ ਦੇ ਮਹੀਨੇ ਵਿੱਚ ਮੇਲਾ ਵੀ ਲੱਗਦਾ ਹੈ। ਪਿੰਡ ਰੂਪੇਵਾਲ ਦੇ ਗਿੱਲ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਪੱਤੋਂ ਕਲਾਂ ਦੇ ਗਿੱਲ ਵੀ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਈਦੇ ਖੀਵੇ ਪਿੰਡ ਵਿਖੇ ਜਾਂਦੇ ਹਨ। ਜਠੇਰੇ ਦੇ ਸਥਾਨ 'ਤੇ ਚੇਤ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਦੇ ਹਨ। ਇਹਨਾਂ ਪਿੰਡਾਂ ਤੋਂ ਇਲਾਵਾ ਕੁਹਾੜ ਖੁਰਦ ਪਿੰਡ ਦੇ ਗਿੱਲ ਅਗਿਆਤ ਜਠੇਰੇ ਦੀ ਪੂਜਾ ਪਿੰਡ ਪੂੰਨੀਆਂ ਵਿਖੇ ਚੇਤ ਦੀ ਮੱਸਿਆ ਨੂੰ ਕਰਦੇ ਹਨ।

**48. ਘੁੱਸਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਈਦਾ ਵਿਖੇ ਪਾਇਆ ਗਿਆ। ਇਹ ਗੋਤ ਬਾਲਮੀਕ ਬਰਾਦਰੀ ਨਾਲ਼ ਸੰਬੰਧਤ ਹੈ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਈਦਾ ਦੇ ਘੁੱਸਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**49. ਘੋਗੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਮੇ ਵਿਖੇ ਪਾਇਆ ਗਿਆ। ਇਹ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਤ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਪਿੰਡ ਰਾਮੇ ਦੇ ਘੋਗੇ ਗੋਤ ਵਾਲ਼ੇ ਕੁਝ ਲੋਕ ਡੇਰਾ ਰਾਧਾ ਸੁਆਮੀ ਬਿਆਸ ਵਾਲਿਆਂ ਦੇ ਅਨੁਯਾਈ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ। ਇਸ ਤੋਂ ਇਲਾਵਾ ਇਸ ਪਿੰਡ ਦੇ ਕੁਝ ਘੋਗੇ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**50. ਘਾਰੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸਿਹਾਰੀਵਾਲ, ਕਾਂਗਣਾਂ, ਲਈਏਵਾਲ, ਗੋਬਿੰਦ ਨਗਰ ਮਲਸੀਹਾਂ, ਰਾਜੇਵਾਲ, ਸੰਗਤਪੁਰਾ, ਪਿੱਪਲੀ, ਤਲਵੰਡੀ ਬੂਟਿਆਂ ਵਿਖੇ ਪਾਇਆ ਗਿਆ। ਇਹ ਗੋਤ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਪਿੰਡ ਕਾਂਗਣਾਂ ਦੇ ਘਾਰੂ ਗੋਤ ਦੇ ਲੋਕ ਬੁੰਡਾਲੇ ਲਾਗੇ ਇੱਕ ਪਿੰਡ ਵਿਖੇ ਅੱਸੂ ਦੀ ਸੰਗਰਾਂਦ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਪਿੰਡ ਸੰਗਤਪੁਰਾ ਦੇ ਇਸ ਗੋਤ ਨਾਲ਼ ਸੰਬੰਧਤ ਲੋਕ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਨੂਰ ਮਹਿਲ ਕੋਲ਼ ਜਾਂਦੇ ਹਨ।

**51. ਚੌਹਾਨ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੋਹਲ ਖਾਲਸਾ, ਰਾਈਵਾਲ ਦੋਨਾ, ਸ਼ੰਕਰ ਵਿਖੇ ਪਾਇਆ ਗਿਆ। ਇਹ ਗੋਤ ਬਾਲਮੀਕ ਅਤੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਰਾਈਵਾਲ ਦੋਨਾ ਅਤੇ ਸੋਹਲ ਖਾਲਸਾ ਦੇ ਚੌਹਾਨ ਗੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**52. ਚੱਠਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਚੱਠਾ ਗੋਤ ਜ਼ਿਲ੍ਹਾ ਜਲੰਧਰ ਦੇ ਸੀਚੇਵਾਲ ਪਿੰਡ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਸੀਚੇਵਾਲ ਦੇ ਚੱਠੇ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ ਛੇਵੀਂ* ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਜੱਟਾਂ ਦੀ ਇਕ ਗੋਤ, ਜੋ ਧਰਮ ਵਲੋਂ ਮੁਸਲਮਾਨ ਹਨ। ਇਨ੍ਹਾਂ ਦੀ ਬਹੁਤੀ ਵਸੋਂ ਗੁਜਰਾਂਵਾਲਾ ਜ਼ਿਲੇ ਦੇ ਹਾਫਿਜ਼ਾਬਾਦ ਅਤੇ ਵਜ਼ੀਰਾਬਾਦ ਪਰਗਣਿਆਂ ਵਿਚ ਹੈ। ਚੱਠੇ ਆਪਣਾ ਪਿੱਛਾ ਦਿੱਲੀ ਦੇ ਚੌਹਾਨ ਰਾਜਪੂਤਾਂ ਨਾਲ ਜੋੜਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਵਡਿਕਾ 'ਚੱਟਾ' ਦਿੱਲੀ ਦੇ ਚੌਹਾਨ ਰਾਜੇ ਪ੍ਰਿਥਵੀ ਰਾਏ ਦਾ ਪੋਤਰਾ ਅਤੇ ਚੀਮਿਆਂ ਦੇ ਵਡਿਕੇ ਦਾ ਭਰਾ ਸੀ। ਸ਼ੁਕਰਚਕੀਆ ਮਿਸਲ ਦੇ ਵੇਲੇ ਇਹ ਕਬੀਲਾ ਕਾਫੀ ਸ਼ਕਤੀਸ਼ਾਲੀ ਸੀ। ਮਿਸਲ ਨੂੰ ਕਈ ਵਾਰ ਇਸ ਕਬੀਲੇ ਨਾਲ਼ ਲੋਹਾ ਲੈਣਾ ਪਿਆ। ਅਖੀਰ ਮਹਾਰਾਜਾ ਰਣਜੀਤ ਸਿੰਘ ਨੇ

> ਇਸ ਕਬੀਲੇ ਉੱਤੇ ਵਿਜੈ ਪਾਈ। ਮਹਾਰਾਜਾ ਰਣਜੀਤ ਸਿੰਘ ਨਾਲ਼ ਚੱਠਿਆਂ ਦੇ ਯੁੱਧ ਦਾ ਵਰਨਣ 'ਚੱਠਿਆਂ ਦੀ ਵਾਰ' ਵਿਚ ਮਿਲਦਾ ਹੈ। (1298-99)

ਇਸ ਤੋਂ ਇਲਾਵਾ ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ, "ਇਸ ਬੰਸ ਦੇ ਲੋਕ ਜੱਟ ਅਤੇ ਪਠਾਣ ਹੁੰਦੇ ਹਨ। ਇਹ ਆਪਣਾ ਸੰਬੰਧ ਚੌਹਾਨਾਂ ਨਾਲ ਜੋੜਦੇ ਹਨ। ਇਸ ਗੋਤ ਦਾ ਮੋਢੀ ਚੱਠਾ ਸੀ ਜੋ ਪ੍ਰਿਥਵੀ ਰਾਜ ਚੌਹਾਨ ਦਾ ਪੋਤਾ ਸੀ।" (82)

**53. ਚਤਰੱਥ –** ਇਹ ਗੋਤ ਮੂਲ ਰੂਪ ਵਿੱਚ ਕੰਬੋਅ ਜਾਂ ਕੰਬੋਜ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਖਾਨਪੁਰ ਰਾਜਪੂਤਾਂ, ਪੱਤੋ ਕਲਾਂ ਅਤੇ ਨਵਾਂ ਕਿਲ੍ਹਾ ਪਿੰਡਾਂ ਵਿਖੇ ਪਾਇਆ ਗਿਆ ਜੋ ਕਿ ਕੰਬੋਅ ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਪੱਤੋ ਕਲਾਂ ਦੇ ਚਤਰੱਥ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ ਅਤੇ ਇਹ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**54. ਚੰਦੀ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ:

> ਇਹ ਚੰਦੀ ਪੋਤਰਾ, ਵਤਸ ਬ੍ਰਾਹਮਣਾਂ ਦੇ ਜੇਤਲੀ ਗੋਤ ਦਾ ਉਪ-ਗੋਤ ਹੈ। ਇਸ ਮੂਲ ਦੇ ਕੰਬੋਜ ਬ੍ਰਾਹਮਣ ਮੂਲ ਦਦੇ ਹਨ। ਇਸ ਗੋਤ ਦੇ ਲੋਕ ਅੰਮ੍ਰਿਤਸਰ, ਜਲੰਧਰ, ਕਪੂਰਥਲਾ ਅਤੇ ਪਟਿਆਲਾ ਜ਼ਿਲ੍ਹਿਆਂ 'ਚ ਮਿਲਦੇ ਹਨ। ਕਿਧਰੇ-ਕਿਧਰੇ ਹੋਰ ਥਾਈਂ ਵੀ ਇਹਨਾਂ ਦੀ ਵਸੋਂ ਮਿਲਦੀ ਹੈ। ਕੰਬੋਜ ਦੇਸ਼ ਦੀ ਉਪਜ ਵਿੱਚ ਚਾਂਦੀ ਵੀ ਸ਼ਾਮਿਲ ਸੀ, ਕਿਉਂਕਿ ਬਦਖਸ਼ਾਂ ਚਾਂਦੀ ਦੀਆਂ ਖਾਨਾਂ ਲਈ ਪ੍ਰਸਿੱਧ ਹੈ। ਜਿਹੜੇ ਕੰਬੋਜ ਚਾਂਦੀ ਦਾ ਵਪਾਰ ਕਰਦੇ ਤੇ ਖਾਨਾਂ ਦੇ ਮਾਲਕ ਹੋਣਗੇ ਉਹ ਚਾਂਦੀ ਜਾਂ ਚੰਦੀ ਅਖਵਾਏ। (112)

ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ, ਰਾਜੇਵਾਲ, ਖਾਨਪੁਰ ਰਾਜਪੂਤਾਂ, ਨਵਾਂ ਕਿਲ੍ਹਾ ਅਤੇ ਪੱਤੋ ਖੁਰਦ ਵਿੱਚ ਪਾਇਆ ਗਿਆ। ਪਿੰਡ ਰੂਪੇਵਾਲ ਦੇ ਚੰਦੀ ਗੋਤ ਦੇ ਜ਼ਿਆਦਾਤਰ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**55. ਚੰਦੜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ। ਇਹ ਗੋਤ ਅਧਰਮੀ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਨਵਾਂ ਕਿਲ੍ਹਾ ਦੇ ਚੰਦੜ ਗੋਤ ਦੇ ਲੋਕਾਂ ਦੇ ਕਹਿਣ ਮੁਤਾਬਿਕ ਇਹਨਾਂ ਦਾ ਜਠੇਰਾ ਤਾਜਪੁਰ ਜਾਂ ਭਗਵਾਨਪੁਰ ਨੇੜੇ ਵੰਡਰਲੈਂਡ ਵਿਖੇ ਹੈ ਜਿੱਥੇ ਕਿ ਇਹ ਵਿਸਾਖੀ ਉੱਪਰ ਜਾਂ ਦਸਵੇਂ ਸਰਾਧ ਵਾਲ਼ੇ ਦਿਨ ਮਿੱਟੀ ਕੱਢਣ ਜਾਂਦੇ ਹਨ।

**56. ਚਾਨੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਨਵਾਂ ਕਿਲ੍ਹਾ, ਬਿੱਲੀ ਭੁੱਲਰ ਅਤੇ ਸ਼ੰਕਰ ਪਿੰਡਾਂ ਵਿਖੇ ਪਾਇਆ ਗਿਆ। ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਬਿੱਲੀ ਭੁੱਲਰ ਵਿਖੇ ਚਾਨੀ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**57. ਚਾਵਲਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਵਿਖੇ ਪਾਇਆ ਗਿਆ। ਇਹ ਗੋਤ ਨਾਈ ਸਿੱਖ ਜਾਤੀ ਨਾਲ਼ ਸੰਬੰਧਤ ਪਾਇਆ ਗਿਆ। ਪਿੰਡ ਤਲਵੰਡੀ ਮਾਧੋ ਦੇ ਚਾਵਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**58. ਜੋਸਨ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ, ਮੂਲੇਵਾਲ ਅਰਾਈਆਂ, ਪੱਤੋ ਖੁਰਦ, ਪੂੰਨੀਆਂ, ਨਵਾਂ ਕਿਲਾ, ਆਲੇਵਾਲੀ ਅਤੇ ਮਿਆਣੀ ਵਿੱਚ ਪਾਇਆ ਗਿਆ। ਮਿਆਣੀ ਪਿੰਡ ਦੇ ਜੋਸਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**59. ਜੱਸਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਨਾਹਲ, ਗਿੱਲ ਅਤੇ ਪੰਡੋਰੀ ਖਾਸ ਵਿਖੇ ਪਾਇਆ ਗਿਆ। ਇਹ ਗੋਤ ਮੂਲ ਰੂਪ ਵਿੱਚ ਛੀਂਬੇ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਪੰਡੋਰੀ ਖਾਸ ਦੇ ਜੱਸਲ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**60. ਜੌਹਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕੋਹਾੜ ਖੁਰਦ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਇਸ ਪਿੰਡ ਦੇ ਜੌਹਲ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**61. ਜੱਜ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ ਅਤੇ ਆਲੇਵਾਲੀ ਵਿੱਚ ਪਾਇਆ ਗਿਆ। ਰੂਪੇਵਾਲ ਪਿੰਡ ਦੇ ਜੱਜ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**62. ਜੰਡ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਗਿੱਲ ਵਿਖੇ ਪਾਇਆ ਗਿਆ। ਇਹ ਗੋਤ ਮੁਸਲਿਮ ਧਰਮ ਨਾਲ਼ ਸੰਬੰਧਤ ਹੈ। ਪਿੰਡ ਗਿੱਲ ਵਿਖੇ ਜੰਡ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਹਨ।

**63. ਜਤੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਖਾਨਪੁਰ ਰਾਜਪੂਤਾਂ ਵਿਖੇ ਪਾਇਆ ਗਿਆ। ਖਾਨਪੁਰ ਰਾਜਪੂਤਾਂ ਪਿੰਡ ਦੇ ਜਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**64. ਜੁਤਲਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਵਿਖੇ ਪਾਇਆ ਗਿਆ। ਇਹ ਗੋਤ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਇਸ ਪਿੰਡ ਦੇ ਜੁਤਲਾ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਕਿਸੇ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**65. ਜੰਮੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਕੋਟਲੀ ਗਾਜਰਾਂ, ਚੱਕ ਬਾਹਮਣੀਆਂ ਖੁਰਦ ਅਤੇ ਪੱਤੋ ਕਲਾਂ ਦੀ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਚੱਕ ਬਾਹਮਣੀਆਂ ਖੁਰਦ ਅਤੇ ਪੱਤੋ ਕਲਾਂ ਦੇ ਜੰਮੂ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਲਿਖਦੇ ਹਨ:

> ਇਹ ਗੋਤਰ ਰਾਜਪੂਤਾਂ ਤੇ ਕੰਬੋਆਂ ਦੋਹਾਂ ਵਿਚਕਾਰ ਮਿਲਦਾ ਹੈ। ਜੰਮੂ-ਕਸ਼ਮੀਰ ਵਿਚ ਜੰਮੂ ਸ਼ਹਿਰ ਇਹਨਾਂ ਰਾਜਪੂਤਾਂ ਨੇ ਹੀ ਵਸਾਇਆ ਹੈ। ਕਹਿੰਦੇ ਹਨ ਕਿ ਇਹਨਾਂ ਦਾ ਵੱਡਾ-ਵਡੇਰਾ 'ਜੰਮੂ' ਅਯੁਧਿਆ ਤੋਂ ਆਇਆ ਸੀ। ਇਸ ਨੇ ਜੰਮੂ ਦਾ ਇਲਾਕਾ ਜਿੱਤਿਆ ਅਤੇ ਉਥੇ ਆਪਣੇ ਨਾਮ ਤੇ ਜੰਮੂ ਸ਼ਹਿਰ ਵਸਾਇਆ। ਇਹ ਸੂਰਜਵੰਸ਼ੀ ਰਾਜਪੂਤਾਂ ਦੇ ਉਤਰਾਧਿਕਾਰੀ ਮੰਨੇ ਜਾਂਦੇ ਹਨ। ਕੁਝ ਦਾ ਵਿਚਾਰ ਹੈ ਕਿ ਇਸ ਜਿੱਤ ਤੋਂ ਪਹਿਲਾਂ ਜੰਮੂ ਸਿਆਲਕੋਟ ਆਇਆ ਸੀ, ਕੁਝ ਕਹਿੰਦੇ ਹਨ ਕਿ ਇਹ ਪਹਿਲਾਂ ਕਸ਼ਮੀਰ ਆਇਆ ਫਿਰ ਸਿਆਲਕੋਟ ਗਿਆ। ਕੰਬੋਆਂ ਵਿਚ ਇਸ ਗੋਤਰ ਦੇ ਲੋਕ ਸਿੱਖ ਅਤੇ ਮੁਸਲਮਾਨਾਂ ਦੋਹਾਂ ਧਰਮਾਂ ਵਿਚ ਹੀ ਮਿਲਦੇ ਹਨ। (122)

**66. ਜਵੰਦਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਤਲਵੰਡੀ ਮਾਧੋ ਦੇ ਜਵੰਦੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਜੈਸਲਮੇਰ ਦੇ ਰਾਜੇ ਜੈਸਲ ਦੇ ਭਰਾ ਦੁਸਲ ਦੀ ਬੰਸ ਵਿੱਚੋਂ ਹਨ। ਇਹ ਜੈਸਲਮੇਰ ਦੇ ਭੱਟੀ ਰਾਜਪੂਤ ਸਨ। ਇਹ ਬਾਰ੍ਹਵੀਂ ਸਦੀ ਦੇ ਅੰਤ ਵਿੱਚ ਬਠਿੰਡੇ, ਮਾਨਸਾ ਅਤੇ ਸੰਗਰੂਰ ਦੇ ਖੇਤਰ ਵਿੱਚ ਆਏ ਸਨ। ਜਵੰਦੇ ਗੋਤ ਦੇ ਮੋਢੀ ਦਾ ਨਾਮ ਜਵੰਦਾ ਹੀ ਸੀ। ਇਬੱਟਸਨ ਨੇ ਵੀ ਜਵੰਦੇ ਨੂੰ ਭੱਟੀ ਖਾਨਦਾਨ ਵਿੱਚੋਂ ਹੀ ਦੱਸਿਆ ਹੈ। ਜਵੰਦੇ ਪਹਿਲਾਂ ਪਹਿਲ ਮਾਧੋਦਾਸ

ਬੈਰਾਗੀ ਦੇ ਸਿੱਖ ਹਨ। ਇੱਕ ਜਵੰਦਾ ਪਿੰਡ ਅੰਮ੍ਰਿਤਸਰ ਵਿੱਚ ਹੈ। ਮੁਸਲਮਾਨ ਸ਼ੇਖਾਂ ਦੇ ਉਜਾੜੇ ਹੋਏ ਜਵੰਦੇ ਜੱਟ ਕੁਝ ਸਹਾਰਨਪੁਰ ਵੱਲ ਚਲੇ ਗਏ ਕੁਝ ਮਾਲਵੇ ਵਿੱਚ ਮਾਨਸਾ, ਬਠਿੰਡਾ, ਮੁਕਤਸਰ, ਫਰੀਦਕੋਟ ਤੇ ਲਧਿਆਣੇ ਵੱਲ ਚਲੇ ਗਏ। ਸਹਾਰਨਪੁਰ ਤੇ ਮਾਲਵੇ ਦੇ ਜਵੰਦੇ ਹੁਣ ਸਾਰੇ ਸਿੱਖ ਬਣ ਗਏ ਹਨ। ਹੁਣ ਬਹੁਤੇ ਜਵੰਦੇ ਸੰਗਰੂਰ ਦੇ ਖੇਤਰ ਸੁਨਾਮ, ਬਰਨਾਲਾ ਤੇ ਮਲੇਰਕੋਟਲਾ ਵਿਚ ਆਬਾਦ ਹਨ। ਇਸ ਖੇਤਰ ਵਿਚ ਜਵੰਦਾ ਤੇ ਪਿੰਡੀ ਜਵੰਦੇ ਇਨ੍ਹਾਂ ਦੇ ਉੱਘੇ ਪਿੰਡ ਹਨ। ਜਵੰਦਾ ਗੋਤ ਦੇ ਲੋਕ ਬਹੁਤੇ ਮਾਲਵੇ ਵਿੱਚ ਹਨ। ਮਾਝੇ ਦੁਆਬੇ ਵਿੱਚ ਬਹੁਤ ਹੀ ਘੱਟ ਹਨ। ਇਹ ਸਾਰੇ ਜੱਟ ਸਿੱਖ ਹੀ ਹਨ। ਮਾਲਵੇ ਦਾ ਸੁੱਚਾ ਸੂਰਮਾ ਸਮਾਉਂ ਪਿੰਡ ਦਾ ਜਵੰਦਾ ਜੱਟ ਸੀ। (92-93)

**67. ਝੀਤਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ, ਸੋਹਲ ਖਾਲਸਾ, ਬਿੱਲੀ ਵੜੈਂਚ, ਸ਼ੰਕਰ ਦੀ ਤਰਖਾਣ (ਰਾਮਗੜ੍ਹੀਏ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਬਿੱਲੀ ਵੜੈਂਚ ਦੇ ਝੀਤਾ ਗੋਤ ਦੇ ਲੋਕ ਗਿੱਲ ਪਿੰਡ ਵਿਖੇ ਆਪਣੇ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਵਜੋਂ ਮਿੱਟੀ ਕੱਢਣ ਲਈ ਜਾਂਦੇ ਹਨ।

**68. ਝੀਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਪੱਤੋ ਕਲਾਂ ਵਿਖੇ ਪਾਇਆ ਗਿਆ। ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਝੀਰ ਗੋਤ ਦੇ ਲੋਕ ਪੈਂਚ ਬਰਾਦਰੀ ਨਾਲ਼ ਸੰਬੰਧਤ ਹਨ ਅਤੇ ਆਪਣੇ ਪਿੰਡ ਵਿਖੇ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**69. ਟਾਂਕ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਅਤੇ ਚੱਕ ਚੇਲਾ ਵਿਖੇ ਪਾਇਆ ਗਿਆ। ਪਿੰਡ ਕਾਂਗਣਾਂ ਦੇ ਟਾਂਕ ਝੀਰ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਇਹ ਦੁਸਹਿਰੇ ਤੋਂ ਅਗਲੇ ਦਿਨ ਆਪਣੇ ਅਗਿਆਤ ਜਠੇਰੇ ਦੀ ਹੁਸ਼ਿਆਰਪੁਰ ਮਿੱਟੀ ਕੱਢਣ ਲਈ ਜਾਂਦੇ ਹਨ। ਇਸ ਤੋਂ ਇਲਾਵਾ ਚੱਕ ਚੇਲਾ ਪਿੰਡ ਦੇ ਟਾਂਕ ਗੋਤ ਦੇ ਲੋਕ ਮਹਿਰਾ ਸਿੱਖ ਬਰਾਦਰੀ ਦੇ ਹਨ ਅਤੇ ਇਹ ਹੁਸ਼ਿਆਰਪੁਰ ਲਾਗੇ ਸ਼ਾਮ ਚੁਰਾਸੀ ਕੋਲ਼ ਮਿੱਟੀ ਕੱਢਣ ਲਈ ਜਾਂਦੇ ਹਨ।

**70. ਟੰਡਨ –** ਇਹ ਮੂਲ ਰੂਪ ਵਿੱਚ ਖੱਤਰੀ ਜਾਤੀ ਦਾ ਗੋਤ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਪੰਜਵੀਂ* ਅਨੁਸਾਰ, "ਖਤ੍ਰੀਆਂ ਦੀ ਇਕ ਗੋਤ; ਟੰਡਨ ਸ਼ਬਦ ਸੰਸਕ੍ਰਿਤ ਦੇ ਮਾਰਤੰਡ ਦਾ ਵਿਗਾੜ ਹੈ, ਇਸ ਦੇ ਅਰਥ ਸੂਰਜ ਦੇ ਹਨ।ਪਰ ਇਸ ਜਾਤੀ ਦਾ ਵਿਚਾਰ ਹੈ ਕਿ ਟੰਡਨ ਸ਼ਬਦ 'ਤਣ' ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਅਕੜ ਕੇ ਖੜੇ ਹੋਣਾ'। ਟੰਡਨ ਅਗਨੀ ਵੰਸ਼ੀ ਖਤ੍ਰੀ ਹਨ। ਇਨ੍ਹਾਂ ਵਿਚ ਆਮ ਖਤ੍ਰੀਆਂ ਵਾਲੀਆਂ ਰੀਤਾਂ ਹੀ ਪ੍ਰਚੱਲਿਤ ਹਨ। (1435-36)

ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਦੇ ਪਰੋਹਿਤਾਂ ਨਾਲ਼ ਸੰਬੰਧਿਤ ਹੈ। ਇਹ 'ਬਾਬਾ ਕਟਾਰੂ' ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹਨ ਅਤੇ ਪਿੰਡ ਸ਼ੰਕਰ

ਵਿਖੇ ਮਿੱਟੀ ਕੱਢਣ ਲਈ ਜਾਂਦੇ ਹਨ। ਇਸ ਗੋਤ ਦੇ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਰਾਜਾ ਅਕਬਰ ਦੇ 'ਨੌਂ ਰਤਨਾਂ' ਵਿੱਚੋਂ 'ਟੋਡਰ ਮੱਲ' ਵੀ ਟੰਡਨ ਸੀ। ਹੁਣ ਮੁਨੀ ਲਾਲ ਟੰਡਨ ਪਿੰਡ ਸ਼ੰਕਰ ਵਿਖੇ ਬਣੀ ਇਹਨਾਂ ਦੇ ਜਠੇਰੇ ਦੀ ਸ਼ਾਨਦਾਰ ਜਗ੍ਹਾ ਦੇ ਚੇਅਰਮੈਨ ਹਨ।




**ਜਠੇਰਾ-ਪੂਜਾ ਸਥਾਨ: ਗੋਤ ਟੰਡਨ**

**71. ਟੁਰਨਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਪੱਤੋ ਖੁਰਦ, ਕਿਲੀ, ਖਾਨਪੁਰ ਰਾਜਪੂਤਾਂ, ਕੋਟਲੀ ਗਾਜਰਾਂ ਅਤੇ ਮੂਲੇਵਾਲ ਅਰਾਈਆਂ ਵਿਖੇ ਪਾਇਆ ਗਿਆ। ਇਹ ਕੰਬੋਅ ਜਾਂ ਕੰਬੋਜ ਬਰਾਦਰੀ ਦਾ ਗੋਤ ਹੈ। ਪਿੰਡ ਕੋਟਲੀ ਗਾਜਰਾਂ ਦੇ ਟੁਰਨਾ ਗੋਤ ਦੇ ਲੋਕ ਪਿੰਡ ਠੱਠੇ ਟਿੱਬੀ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਖਾਨਪੁਰ ਰਾਜਪੂਤਾਂ ਅਤੇ ਮੂਲੇਵਾਲ ਅਰਾਈਆਂ ਦੇ ਟੁਰਨਾ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**72. ਡਡਵਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਲਈਏਵਾਲ ਦੀ ਰਾਜਪੂਤ ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਦੀ ਜਿਲਦ ਛੇਵੀਂ* ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ, "ਰਾਜਪੂਤਾਂ ਦੀ ਇਕ ਗੋਤ, ਜੋ ਹੁਸ਼ਿਆਰਪੁਰ ਦੇ ਜ਼ਿਲੇ ਵਿੱਚ ਕਾਫੀ ਮਾਤਰਾ ਵਿੱਚ ਵਸੀ ਹੋਈ ਹੈ।" (1457)

**73. ਢੀਂਡਸਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਢੀਂਡਸੇ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਅੱਠਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਤੂਰਾਂ ਨੇ ਸ਼ਾਹ ਸਰੋਆ ਦੀ ਬੰਸ ਦੇ ਲੋਕਾਂ ਢਿਲੋਂ, ਢੀਂਡਸੇ, ਸੰਘੇ ਤੇ ਮੱਲ੍ਹੀਆਂ ਤੋਂ ਦਿੱਲੀ ਦਾ ਰਾਜ ਖੋਹ ਲਿਆ ਸੀ। ਇਸ ਕਬੀਲੇ ਦੇ ਲੋਕ ਫਿਰ ਰਾਜਸਤਾਨ ਵੱਲ ਚਲੇ ਗਏ ਸਨ। ਉੱਥੇ ਸਰੋਹੀ ਨਗਰ ਵਸਾਇਆ। ਸਰੋਹੀਆਂ ਦਾ ਰਾਜਸਤਾਨ ਵਿੱਚ ਕਾਫੀ ਜ਼ੋਰ ਰਿਹਾ। ਇਹ ਲੋਕ ਸੋਲ੍ਹਵੀਂ ਸਦੀ ਦੇ ਅੰਤ ਵਿੱਚ ਪੰਜਾਬ ਦੇ ਫ਼ਿਰੋਜ਼ਪੁਰ ਖੇਤਰ ਵਿੱਚ ਆਏ ਸਨ। ਸ਼ਾਹ ਸਰੋਆ ਦੇ ਪੁੱਤਰਾਂ ਢਿਲੋਂ, ਢੀਂਡਸੇ, ਦੋਸਾਂਝ, ਸੰਘੇ ਤੇ ਮੱਲ੍ਹੀ ਦੇ ਨਾਮ ਤੇ ਜੱਟਾਂ ਦੇ ਪੰਜ ਨਵੇਂ ਗੋਤ ਪ੍ਰਚੱਲਿਤ ਹੋਏ। ਢੀਂਡਸਾ ਗੋਤ ਦਾ ਮੋਢੀ ਢੀਂਡਸੇ ਸੀ। ਢੀਂਡਸੇ ਗੋਤ ਦੇ ਲੋਕਾਂ ਨੇ ਫ਼ਿਰੋਜ਼ਪੁਰ ਖੇਤਰ ਵਿੱਚ ਮੋੜ੍ਹੀ ਗੱਡ ਕੇ ਨਵਾਂ ਪਿੰਡ ਢੀਂਡਸੇ ਆਬਾਦ ਕੀਤਾ। ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਇੱਕ ਢੀਂਡਸਾ ਪਿੰਡ ਹੈ। ਇਹ ਲੋਕ ਘੱਟ ਗਿਣਤੀ ਵਿੱਚ ਹੀ ਹਨ। ਜੀਂਦ ਅਥਵਾ ਸੰਗਰੂਰ ਖੇਤਰ ਵਿੱਚ ਢੀਂਡਸਾ ਦਾ ਸਿੱਧ ਬਾਬਾ ਹਰਨਾਮ ਦਾਸ ਵੈਰਾਗੀ 17ਵੀਂ ਸਦੀ ਵਿੱਚ ਹੋਇਆ ਹੈ। ਇਸ ਦੀ ਕਰਨਾਲ ਦੇ ਜ਼ਿਲ੍ਹੇ ਵਿੱਚ ਖਰਿਆਲ ਵਿੱਚ ਸਮਾਧ ਹੈ ਜਿਸਦੀ ਢੀਂਡਸੇ ਮਾਨਤਾ ਕਰਦੇ ਹਨ। ਸਿਆਲਕੋਟ ਦੇ ਖੇਤਰ ਵਿੱਚ ਇੱਕ ਸੱਤੀ ਦੀ ਸਮਾਧ ਦੀ ਪੂਜਾ ਕਰਦੇ ਸਨ। 1881 ਈਸਵੀ ਦੀ ਜਨਸੰਖਿਆ ਅਨੁਸਾਰ ਸਾਂਝੇ ਪੰਜਾਬ ਵਿੱਚ ਢੀਂਡਸੇ ਜੱਟਾਂ ਦੀ ਕੁੱਲ ਗਿਣਤੀ 14881 ਸੀ। (95)

**74. ਢਿੱਲੋਂ–** ਜ਼ਿਲ੍ਹਾ ਫਰੀਦਕੋਟ ਵਿੱਚ ਢਿਲਵਾਂ ਕਲਾਂ ਅਤੇ ਢਿੱਲਵਾਂ ਖੁਰਦ ਨਾਮਕ ਪਿੰਡ ਹਨ। ਢਿੱਲਵਾਂ ਪਿੰਡ ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵੀ ਹੈ। ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਢਿੱਲਵਾਂ ਨਾਕਾ ਵੀ ਇਸੇ ਗੋਤ ਨਾਲ ਜੁੜਦੇ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

ਇਹ ਸਰੋਆ ਰਾਜਪੂਤਾਂ ਵਿੱਚੋਂ ਹਨ। ਅੱਠਵੀਂ ਸਦੀ ਵਿੱਚ ਤੂਰਾਂ ਨੇ ਸਾਹ ਸਰੋਆ ਦੀ ਬੰਸ ਦੇ ਲੋਕਾਂ ਢਿੱਲੋਂ, ਸੰਘੇ, ਮੱਲ੍ਹੀ, ਦੋਸਾਂਝ ਤੇ ਢੀਂਡਸੇ ਭਾਈਚਾਰੇ ਦੇ ਲੋਕਾਂ ਤੋਂ ਦਿੱਲੀ ਖੋਹੀ ਸੀ। ਇਹ ਦਿੱਲੀ ਦਾ ਖੇਤਰ ਛੱਡਕੇ ਰਾਜਸਥਾਨ ਵੱਲ ਆ ਗਏ। ਫਿਰ ਕੁਝ ਸਮੇਂ ਮਗਰੋਂ ਇਸ ਭਾਈਚਾਰੇ ਦੇ ਲੋਕ ਸਿਰਸੇ ਦੇ ਬਾਂਗਰ ਇਲਾਕੇ ਵਿੱਚ ਆ ਗਏ। ਇਸ ਤਰ੍ਹਾਂ ਇਸ ਭਾਈਚਾਰੇ ਦੇ ਲੋਕ ਸਿਰਸੇ ਤੇ ਬਠਿੰਡੇ ਦੇ ਬਾਂਗਰ ਦੇ ਇਲਾਕੇ ਤੋਂ ਸਾਰੇ ਪੰਜਾਬ ਵਿੱਚ ਮਿਲ ਗਏ। ਢਿੱਲੋਂ ਮਾਲਵਾ ਦੇ ਲੋਕ ਮੋਗੇ ਖੇਤਰ ਵਿੱਚ ਕਾਫੀ ਵੱਸਦੇ ਹਨ। ਬੀ. ਐੱਸ. ਦਾਹੀਆ ਢਿੱਲੋਂ ਗੋਤ ਦੇ ਜੱਟਾਂ ਨੂੰ ਭਾਰਤ ਦਾ ਇੱਕ ਕਬੀਲਾ ਮੰਨਦਾ ਹੈ। ਇਹ ਸਿਕੰਦਰ ਦੇ ਸਮੇਂ ਵੀ ਭਾਰਤ ਵਿੱਚ ਵੱਸਦੇ ਸਨ। ਢਿੱਲੋਂ ਗੋਤ ਦੇ ਲੋਕ ਛੀਂਬੇ ਆਦਿ ਪਿਛੜੀਆਂ ਸ਼੍ਰੇਣੀਆਂ ਵਿੱਚ ਵੀ ਹਨ। ਜਿਹੜੇ ਢਿੱਲੋਂ ਜੱਟਾਂ ਨੇ ਪਿਛੜੀਆਂ ਸ਼੍ਰੇਣੀਆਂ ਨਾਲ਼ ਰਿਸ਼ਤੇਦਾਰੀਆਂ ਪਾ ਲਈਆਂ, ਪਿਛੜੀਆਂ ਸ਼੍ਰੇਣੀਆਂ ਵਾਲੇ ਕੰਮ ਕਰਨ ਲੱਗ ਪਏ, ਉਹ ਪਿਛੜੀਆਂ ਸ਼੍ਰੇਣੀਆਂ ਨਾਲ਼ ਰਲ ਮਿਲ ਗਏ। ਗੋਤ ਨਹੀਂ ਬਦਲਿਆ ਜਾਤੀ ਜ਼ਰੂਰ ਬਦਲ ਗਈ, ਸਿਆਲਕੋਟ ਵਿੱਚ ਢਿੱਲੋਂ ਬਰਾਦਰੀ ਦਾ ਜਠੇਰਾ ਦਾਹੁਦ ਸ਼ਾਹ ਸੀ। (97)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਢਿੱਲੋਂ ਗੋਤ ਪਿੰਡ ਰੂਪੇਵਾਲ, ਜਾਫਰਾਪੁਰ, ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਦੇ ਢਿੱਲੋਂ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**75. ਤੱਖਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਰਕਪੁਰ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਤੱਖਰ ਗੋਤ ਦੇ ਲੋਕ 'ਬਾਬਾ ਪਰਤਾਪੂ' ਨਾਮੀ ਆਪਣੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਲਈ ਦੀਵਾਲੀ ਤੋਂ ਅਗਲੇ ਦਿਨ ਪਿੰਡ ਸ਼ੰਕਰ ਵਿਖੇ ਜਾਂਦੇ ਹਨ।

**76. ਤੇਜੀ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਈਦਾ, ਬੱਲ ਨੌਂ ਅਤੇ ਖੁਰਸ਼ੈਦਪੁਰ ਪੰਡੋਰੀ ਵਿਖੇ ਪਾਇਆ ਗਿਆ। ਇਹ ਗੋਤ ਮਜ਼੍ਹਬੀ ਸਿੱਖ ਅਤੇ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਈਦਾ ਦੇ ਤੇਜੀ ਗੋਤ ਦੇ ਕੁਝ ਲੋਕ ਰਸੂਲਪੁਰ ਉੱਗੀ ਦੇ ਲਾਗੇ ਅਗਿਆਤ ਜਠੇਰੇ ਦੀ ਲੋਹੜੀ ਅਤੇ ਦੀਵਾਲੀ ਮੌਕੇ ਮਿੱਟੀ ਕੱਢਣ ਲਈ ਜਾਂਦੇ ਹਨ ਅਤੇ ਕੁਝ ਤਲਵੰਡੀ ਸਾਦਕਪੁਰ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ।

**77. ਤੂਰ–** ਲੁਧਿਆਣੇ ਦੇ ਇਲਾਕੇ ਵਿੱਚ ਤੂਰ ਜੱਟਾਂ ਦੇ ਕਾਫੀ ਪਿੰਡ ਹਨ। ਜਲੰਧਰ ਵਿੱਚ ਇੱਕ ਪਿੰਡ ਦਾ ਨਾਮ ਵੀ ਤੂਰ ਹੈ। ਗੁਰਦਾਸਪੁਰ ਵਿੱਚ ਵੀ ਤੂਰ ਨਾਮ ਦਾ ਇੱਕ ਉੱਘਾ ਪਿੰਡ ਹੈ। ਪੰਜਾਬ ਵਿੱਚ ਤੂਰ ਨਾਮ ਦੇ ਕਈ ਪਿੰਡ ਹਨ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

ਬਿੱਕਰਮਾਦਿਤ ਦੀ ਬੰਸ ਵਿੱਚੋਂ ਤੰਵਰ ਖਾਨਦਾਨ ਨੇ ਕਨੌਜ ਤੇ ਕਬਜ਼ਾ ਕਰਕੇ ਆਪਣਾ ਰਾਜ ਕਾਇਮ ਕਰ ਲਿਆ। ਇਸ ਖਾਨਦਾਨ ਦੇ ਰਾਜਾ ਅਨੰਗਪਾਲ ਨੇ 792 ਈਸਵੀ ਵਿੱਚ ਦਿੱਲੀ ਨੂੰ ਨਵੇਂ ਸਿਰੇ ਨੌਂਵੀਂ ਵਾਰ ਵਸਾ ਕੇ ਲਾਲ ਕੋਟ ਨਾਮ ਦਾ ਪ੍ਰਸਿੱਧ ਕਿਲ੍ਹਾ ਬਣਾਇਆ। ਇਸ ਬੰਸ ਦੇ 20 ਰਾਜੇ ਹੋਏ। ਇਨ੍ਹਾਂ ਨੇ ਦਿੱਲੀ ਤੋਂ ਸਤਲੁਜ ਤੱਕ ਸਾਢੇ 3 ਸੌ ਸਾਲ (350) ਰਾਜ ਕੀਤਾ। ਤੰਵਰ ਬੰਸ ਦਾ ਆਖਰੀ ਰਾਜਾ ਅਨੰਗਪਾਲ ਦੂਜਾ ਅਥਵਾ ਅਗਨੀਪਾਲ ਸੀ। ਅਨੰਗਪਾਲ ਦੇ ਦੋਹਤੇ ਪ੍ਰਿਥਵੀ ਰਾਜ ਨੇ ਤੂਰਾਂ ਦੇ ਇਸ ਰਾਜ ਤੇ ਆਪਣਾ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਵੀ ਪ੍ਰਿਥਵੀ ਰਾਜ ਚੌਹਾਨ ਦੇ ਤਾਏ ਵਿਗ੍ਰਹਿ ਰਾਜਾ ਚੌਹਾਨ ਨੇ ਤੰਵਰਾਂ ਤੋਂ 1163 ਈਸਵੀ ਵਿੱਚ ਦਿੱਲੀ ਖੋਹ ਕੇ ਉਸ ਉੱਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਸੀ। ਤੰਵਰ ਭਾਈਚਾਰੇ ਦੇ ਲੋਕ ਚੌਹਾਨਾਂ ਨਾਲ਼ ਨਾਰਾਜ਼ ਹੋ ਕੇ ਹਰਿਆਣਾ, ਰਾਜਸਤਾਨ ਤੇ ਪੰਜਾਬ ਵਿੱਚ ਆ ਕੇ ਇਨ੍ਹਾਂ ਖੇਤਰਾਂ ਵਿੱਚ ਹੀ ਆਬਾਦ ਹੋ ਗਏ। ਇੱਕ ਹੋਰ ਰਵਾਇਤ ਅਨੁਸਾਰ ਤੰਵਰ ਜਾਂ ਤੂਰ ਭਾਈਚਾਰੇ ਦੇ ਲੋਕ ਰਾਜਾ ਜਨਮੇਜਾ (ਅਰਜਨ ਦੇ ਪੜ੍ਹਪੋਤਰੇ) ਦੀ ਸੰਤਾਨ ਹਨ। ਕਰਨਲ ਟਾਡ ਨੇ ਆਪਣੀ ਪੁਸਤਕ ਵਿੱਚ ਰਾਜਸਤਾਨ ਖੇਤਰ ਵਿੱਚ ਤੰਵਰਾਂ ਦੇ 82 ਉਪਗੋਤ ਲਿਖੇ ਹਨ। ਜੱਟਾਂ ਤੇ ਰਾਜਪੂਤਾਂ ਦੇ 36 ਸ਼ਾਹੀ ਗੋਤ ਹਨ। ਤੰਵਰ ਵੀ ਸ਼ਾਹੀ ਗੋਤ ਹੈ। ਤੂਰ, ਤੰਵਰ ਤੇ ਤੋਮਰ ਇਕੋ ਹੀ ਗੋਤ ਹੈ। ਤੂਰ ਜੱਟ ਹੀ ਹਨ। ਤੰਵਰ ਰਾਜਪੂਤ ਵੀ ਹਨ ਅਤੇ ਜੱਟ ਵੀ ਹਨ। ਤੰਵਰ ਜੱਟ ਆਪਣਾ ਗੋਤ ਤੂਰ ਲਿਖਦੇ ਹਨ। (100)

ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਲਈਏਵਾਲ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਲਈਏਵਾਲ ਦੇ ਤੂਰ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**78. ਦਹੀਆ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਬਿੱਲੀ ਚੁਹਾਰਮੀ ਦੇ ਦਹੀਆ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**79. ਦਾਦਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਦਾਦਰ ਗੋਤ ਪਿੰਡ ਸੋਹਲ ਖਾਲਸਾ ਵਿਖੇ ਪਾਇਆ ਗਿਆ ਜੋ ਕਿ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਇਸ ਪਿੰਡ ਦੇ ਦਾਦਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਜਾਂ ਵਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**80. ਦਾਦੜੀਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਦਾਦੜੀਆ ਗੋਤ ਪਿੰਡ ਗਿੱਲ, ਸਿਹਾਰੀਵਾਲ, ਆਲੇਵਾਲੀ ਅਤੇ ਸ਼ੰਕਰ ਵਿਖੇ ਪਾਇਆ ਗਿਆ ਜੋ ਕਿ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਆਲੇਵਾਲੀ ਦੇ ਦਾਦੜੀਆ ਗੋਤ ਦੇ ਲੋਕ ਆਪਣੇ-ਆਪ ਨੂੰ 'ਮੰਝ ਦਾਦੜੀਆ' ਕਹਾਉਂਦੇ ਹਨ ਅਤੇ ਹਾੜ੍ਹ ਮਹੀਨੇ ਪਿੰਡ ਸ਼ੇਰਪੁਰ ਵਿਖੇ ਜਾ ਕੇ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਗਿੱਲ ਪਿੰਡ ਦੇ ਦਾਦੜੀਏ 4 ਹਾੜ੍ਹ ਨੂੰ ਕਿਸੇ ਅਗਿਆਤ ਜਠੇਰੇ ਦੇ ਨਾਂ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ।

**81. ਧੰਜੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧੰਜੂ ਗੋਤ ਪਿੰਡ ਪਿੱਪਲੀ ਵਿਖੇ ਪਾਇਆ ਗਿਆ ਜੋ ਕਿ ਕੰਬੋਜ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਇਸ ਪਿੰਡ ਦੇ ਧੰਜੂ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਜਾਂ ਵਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਧੰਜੂ ਇੱਕ ਖੇਤੀ ਦਾ ਧੰਦਾ ਕਰਦਾ ਕੰਬੋਜ ਗੋਤ, ਇੱਕ ਜੱਟ ਗੋਤ ਧੰਜ, ਜੋ ਪੂੰਨੀਆਂ ਦਾ ਉਪ-ਗੋਤ ਹੈ। ਇੱਕ ਅਰਾਈਂ ਗੋਤ ਵੀ ਮਿਲਦਾ ਹੈ। ਬੰਗਾਲ ਵਿੱਚ ਕੰਬੋਜਾਂ ਦਾ ਰਾਜ ਰਿਹਾ ਹੈ ਜਿੱਥੇ ਵਤਸ ਗੋਤ ਦਾ ਇੱਕ ਉਪ-ਗੋਤ 'ਧੰਨਜਯ' ਹੈ, ਇਹ ਕੰਬੋਜ ਬ੍ਰਾਹਮਣ ਸਨ। ਸੋ ਇਹ ਧੰਨਜਯ ਸ਼ਬਦ ਧੰਜੂ ਹੈ। ਇਹ ਕੰਬੋਜ ਵੀ ਬ੍ਰਾਹਮਣ ਮੂਲ ਦੇ ਲੱਗਦੇ ਹਨ।" (113)

**82. ਧਨੋਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਨੋਆ ਗੋਤ ਪਿੰਡ ਸੰਗਤਪੁਰਾ ਅਤੇ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਨਵਾਂ ਕਿਲ੍ਹਾ ਦੇ ਧਨੋਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਸੇਵਾ ਸਿੰਘ ਕੌੜਾ ਇਸ ਗੋਤ ਸੰਬੰਧੀ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਲਿਖਦੇ ਹਨ, "ਖੇਤੀ ਕਰਨ ਵਾਲੀ ਇਹ ਜੱਟ ਜਾਤੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਵਧੇਰੇ ਮਿਲਦੀ ਹੈ। ਧਨੋਏ ਜੱਟਾਂ ਦਾ ਵਸਾਇਆ ਹੋਇਆ ਪਿੰਡ ਧਨੋਏ ਭਾਰਤ-ਪਾਕਿਸਤਾਨ ਸਰਹੱਦ 'ਤੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਅਟਾਰੀ ਦੇ ਕੋਲ਼ ਹੈ।" (137)

**83. ਧਾਪ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਾਪ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ ਗਿਆ ਜੋ ਕਿ ਕ੍ਰਮਵਾਰ ਬਾਲਮੀਕ ਅਤੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਧਾਪ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**84. ਧਾਵ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਾਵ ਗੋਤ ਪਿੰਡ ਈਦਾ ਵਿਖੇ ਪਾਇਆ ਗਿਆ ਜੋ ਕਿ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਇਸ ਪਿੰਡ ਦੇ ਧਾਵ ਗੋਤ ਨਾਲ਼ ਸੰਬੰਧਿਤ ਲੋਕ ਚੇਤ ਚੌਦੇਂ ਨੂੰ ਪਰਤਾਪਪੁਰਾ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ।

**85. ਧਾਲੀਵਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੰਗਤਪੁਰਾ, ਨਾਹਲ, ਸੀਚੇਵਾਲ, ਨਵਾਂ ਕਿਲ੍ਹਾ ਤੇ ਨਵਾਂ ਪਿੰਡ ਜੱਟਾਂ ਵਿਖੇ ਜੱਟ ਸਿੱਖ ਅਤੇ ਬਾਲਮੀਕ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਨਵਾਂ ਕਿਲ੍ਹਾ ਦੇ ਧਾਲੀਵਾਲ ਧੰਦਲ (ਕਪੂਰਥਲਾ) ਵਿਖੇ ਜੇਠ ਮਹੀਨੇ ਦੀ ਸੰਗਰਾਂਦ ਨੂੰ 'ਬਾਬਾ ਚਾਹਮ' ਦੀ ਜਠੇਰੇ ਵਜੋਂ ਮਿੱਟੀ ਕੱਢਣ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਸੀਚੇਵਾਲ ਅਤੇ ਸੰਗਤਪੁਰਾ ਦੇ ਧਾਲੀਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਤੋਂ ਇਨਕਾਰੀ ਹਨ।

**86. ਥਿੰਦ –** ਖੋਜ ਨਾਲ ਸੰਬੰਧਿਤ ਖੇਤਰੀ ਸਰਵੇਖਣ ਦੌਰਾਨ ਥਿੰਦ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮੱਲ੍ਹੀਵਾਲ, ਖਾਨਪੁਰ ਰਾਜਪੂਤਾਂ, ਪੱਤੋ ਕਲਾਂ, ਕੋਹਾੜ ਖੁਰਦ, ਮਿਆਣੀ, ਗੋਬਿੰਦ ਨਗਰ ਮਲਸੀਹਾਂ, ਪਿੱਪਲੀ, ਕੋਟਲੀ ਗਾਜਰਾਂ, ਬਿੱਲੀ ਭੁੱਲਰ, ਲਈਏਵਾਲ, ਰੂਪੇਵਾਲ, ਮੂਲੇਵਾਲ ਅਰਾਈਆਂ ਵਿਖੇ ਪਾਇਆ ਗਿਆ। ਇਹ ਗੋਤ ਖੇਤਰੀ ਸਰਵੇਖਣ ਕਰਦਿਆਂ ਕੰਬੋਅ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਪੱਤੋ ਕਲਾਂ ਦੇ ਥਿੰਦ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ ਹੈ। ਪਿੰਡ ਪਿੱਪਲੀ, ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਦੇ ਥਿੰਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਕੋਟਲੀ ਗਾਜਰਾਂ ਦੇ ਥਿੰਦ ਅਗਿਆਤ ਜਠੇਰੇ ਦੀ ਮਨੌਤ ਲਈ ਪਿੰਡ ਠੱਠੇ ਟਿੱਬੀ ਵਿਖੇ ਜਾਂਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਥਿੰਦ ਕਬੀਲੇ ਦੇ ਲੋਕ 150 ਈਸਵੀ ਪੂਰਬ ਹੋਰ ਕਬੀਲਿਆਂ ਨਾਲ ਰਲਕੇ ਮੱਧ ਏਸ਼ੀਆ ਦੇ ਸ਼ੱਕਸਤਾਨ ਤੋਂ ਆਏ ਹਨ। ਇਸ ਬੰਸ ਦਾ ਵਡੇਰਾ ਥਿੰਦ ਰਾਏ ਸੀ। ਇਹ ਲੋਕ ਲੋਧੀਆਂ ਨਾਲ ਦੁਸ਼ਮਣੀ ਕਾਰਨ ਦਿੱਲੀ ਦਾ ਖੇਤਰ ਛੱਡਕੇ ਚੌਧਵੀਂ ਸਦੀ ਦੇ ਅੰਤ ਵਿੱਚ ਪੰਜਾਬ ਦੇ ਮਾਲਵੇ ਖੇਤਰ ਵਿੱਚ ਸਤਲੁਜ ਦਰਿਆ ਦੇ ਕਿਨਾਰੇ ਲੁਧਿਆਣੇ ਦੇ ਖੇਤਰ ਵਿੱਚ ਆ ਕੇ ਆਬਾਦ ਹੋਏ ਸਨ। ਥਿੰਦ ਵੀ ਜੱਟਾਂ ਦਾ ਇੱਕ ਪੁਰਾਣਾ ਕਬੀਲਾ ਹੈ। ਐੱਚ. ਏ. ਰੋਜ ਨੇ ਇਹਨਾਂ ਬਾਰੇ ਲਿਖਿਆ ਹੈ ਕਿ ਇਹ ਬਹੁਤੇ ਲੁਧਿਆਣਾ ਦੇ ਖੇਤਰ ਵਿੱਚ ਹਨ। ਇਨ੍ਹਾਂ ਦੇ ਵਡੇਰੇ ਬਿੱਛੂ ਦੀ ਇਸੇ ਇਲਾਕੇ ਵਿੱਚ ਸ਼ਹਿਣਾ ਵਿੱਚ ਸਮਾਧ ਹੈ। ਇਥੋਂ ਇੱਟਾਂ ਲਿਜਾਕੇ ਥਿੰਦਾਂ ਨੇ ਆਪਣੇ ਵਡੇਰੇ ਦੀ ਆਪਣੇ-ਆਪਣੇ ਪਿੰਡ ਵਿੱਚ ਸਮਾਧ ਬਣਾ ਲਈ ਹੈ। ਵਿਆਹ-ਸ਼ਾਦੀ ਵੇਲੇ ਸਮਾਧ ਦੀ ਪੂਜਾ ਕੀਤੀ ਜਾਂਦੀ ਹੈ। ਪੂਜਾ ਦਾ ਚੜ੍ਹਾਵਾ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। ਨਵੀਂ ਸੂਈ ਹੋਈ ਗਊ ਜਾਂ ਮੱਝ ਦਾ ਦੁੱਧ ਪਹਿਲਾਂ ਆਪਣੇ ਵਡੇਰੇ ਦੀ ਮਾਨਤਾ ਲਈ ਸਮਾਧ ਤੇ ਚੜ੍ਹਾਇਆ ਜਾਂਦਾ ਹੈ। ਬ੍ਰਾਹਮਣ ਨੂੰ ਵੀ ਦੁੱਧ ਪਿਆਇਆ ਜਾਂਦਾ ਹੈ। ਪਹਿਲੀ ਮੱਸਿਆ ਨੂੰ ਘਿਉ ਦਾ ਚੜ੍ਹਾਵਾ ਵੀ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। ਸਿੱਖੀ ਦੇ ਪ੍ਰਭਾਵ ਕਾਰਨ ਥਿੰਦਾਂ ਨੇ ਹੁਣ ਇਹ

ਪੁਰਾਣੀਆਂ ਰਸਮਾਂ ਛੱਡ ਦਿੱਤੀਆਂ ਹਨ। ਥਿੰਦ ਗੋਤ ਦੇ ਜੱਟ ਮਾਲਵੇ ਵਿੱਚ ਕਾਫੀ ਹਨ ਪਰ ਮਾਝੇ ਅਤੇ ਦੁਆਬੇ ਵਿੱਚ ਬਹੁਤ ਘੱਟ ਹਨ। ਥਿੰਦ ਗੋਤ ਦੇ ਕੰਬੋਜ ਦੁਆਬੇ ਵਿੱਚ ਬਹੁਤ ਹਨ। ਬਹੁਤੇ ਥਿੰਦ ਕੰਬੋਜ ਮੁਸਲਮਾਨ ਬਣ ਗਏ ਸਨ। ਥਿੰਦ ਜੱਟ ਮੁਸਲਮਾਨ ਬਹੁਤ ਹੀ ਘੱਟ ਬਣੇ ਸਨ। ਕੁਝ ਕੰਬੋਜ ਹਿੰਦੂ ਅਤੇ ਸਿੱਖ ਵੀ ਸਨ। ਥਿੰਦ ਜੱਟ ਵੀ ਹੁੰਦੇ ਹਨ। ਕੰਬੋਜ ਅਤੇ ਦਲਿਤ ਜਾਤੀਆਂ ਵਿੱਚ ਵੀ ਥਿੰਦ ਗੋਤ ਦੇ ਕਾਫੀ ਲੋਕ ਹਨ। ਜੱਟਾਂ ਵਿੱਚ ਕਰੇਵੇ ਦੀ ਰਸਮ ਕਾਫੀ ਪ੍ਰਚੱਲਿਤ ਸੀ। ਪੰਜਾਬ ਵਿੱਚ ਥਿੰਦ ਗੋਤ ਦੇ ਜੱਟਾਂ ਦੀ ਗਿਣਤੀ ਬਹੁਤ ਘੱਟ ਹੈ। ਥਿੰਦ ਗੋਤ ਦੇ ਕੰਬੋਜ ਬਹੁਤ ਹਨ। ਅਸਲ ਵਿੱਚ ਥਿੰਦ ਜੱਟਾਂ ਦਾ ਹੀ ਗੋਤ ਹੈ। ਕੰਬੋਜ ਭਾਈਚਾਰੇ ਵਿੱਚ ਰਿਸ਼ਤੇਦਾਰੀਆਂ ਪਾ ਕੇ ਕੁਝ ਜੱਟਾਂ ਦੀ ਬੰਸ ਕੰਬੋਜ ਬਰਾਦਰੀ ਵਿੱਚ ਰਲ ਗਈ। (101–102)

**87. ਥਾਪਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚਾਓ, ਚੱਕ ਬਾਹਮਣੀਆਂ ਖੁਰਦ, ਪੰਡੋਰੀ ਖਾਸ, ਖੁਰਸ਼ੈਦਪੁਰ ਪੰਡੋਰੀ, ਸ਼ੰਕਰ ਅਤੇ ਤਲਵੰਡੀ ਬੂਟਿਆਂ ਵਿਖੇ ਮਜ਼੍ਹਬੀ ਸਿੱਖ ਅਤੇ ਬਾਲਮੀਕ ਬਰਾਦਰੀ ਵਿੱਚ ਪਾਇਆ ਗਿਆ। ਇਹਨਾਂ ਪਿੰਡਾਂ ਵਿੱਚੋਂ ਪੰਡੋਰੀ ਖਾਸ ਦੇ ਥਾਪਰ ਆਪਣੇ ਪਿੰਡ ਵਿਖੇ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਪਿੰਡ ਚੱਕ ਬਾਹਮਣੀਆਂ ਖੁਰਦ ਦੇ ਥਾਪਰ ਅਗਿਆਤ ਜਠੇਰੇ ਦੀ ਮਨੌਤ ਲਈ ਪਰਤਾਪਪੁਰ ਵਿਖੇ ਜਾਂਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, “ਇਹ ਗੋਤ ਖੱਤਰੀਆਂ ਦਾ ਵੀ ਹੈ। ਪ੍ਰੰਤੂ ਇਹ ਰਵਿਦਾਸੀਏ/ਰਾਮਦਾਸੀਏ/ਮੋਚੀ ਵਿੱਚ ਵੀ ਪਾਇਆ ਜਾਂਦਾ ਹੈ।” (247)

**88. ਨਾਹਰ –** ਖੇਤਰੀ ਖੋਜ ਸਰਵੇਖਣ ਦੌਰਾਨ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਮੱਲ੍ਹੀਵਾਲ, ਬਿੱਲੀ ਭੁੱਲਰ, ਸ਼ੰਕਰ, ਚੱਕ ਚੇਲਾ, ਬਿੱਲੀ ਵੜੈਚ, ਈਦਾ ਵਿੱਚ ਨਾਹਰ ਗੋਤ ਪਾਇਆ ਗਿਆ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, “ਇਹ ਇੱਕ ਬਾਲਮੀਕੀ, ਮਜ਼੍ਹਬੀ ਸਿੱਖ ਗੋਤ ਹੈ।” (241)

ਖੇਤਰੀ ਸਰਵੇਖਣ ਦੌਰਾਨ ਇਹ ਗੋਤ ਬਾਲਮੀਕ ਅਤੇ ਹਰੀਜਨਾਂ ਵਿੱਚ ਪਾਇਆ ਗਿਆ। ਪਿੰਡ ਸ਼ੰਕਰ ਵਿੱਚ ਟੈਂਕੀ ਕੋਲ਼ ਨਾਹਰਾਂ ਦੇ ਜਠੇਰਿਆਂ ਦੀ ਜਗ੍ਹਾ ਬਣੀ ਹੋਈ ਹੈ। ਪਿੰਡ ਆਲੇਵਾਲੀ ਦੇ ਨਾਹਰ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਵਿਸਾਖੀ ਮੌਕੇ ਪਿੰਡ ਸ਼ੰਕਰ ਵਿਖੇ ਜਾ ਕੇ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਪਿੰਡ ਚੱਕ ਚੇਲਾ ਦੇ ਨਾਹਰ ਕਿਸੇ ਜਠੇਰੇ ਨੂੰ ਨਾ ਮੰਨ ਕੇ ‘ਬਾਬਾ ਬਾਲਮੀਕ’ ਨੂੰ ਮੰਨਦੇ ਹਨ।



**ਜਠੇਰੇ: ਗੋਤ ਨਾਹਰ (ਪਿੰਡ ਸ਼ੰਕਰ)**

**89. ਨਾਹਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਾਹਲ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਨੌਂ ਵਿਖੇ ਪਾਇਆ ਗਿਆ। ਪਿੰਡ ਬੱਲ ਨੌਂ ਦੇ ਨਾਹਲ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮਾਨਤਾ ਨਹੀਂ ਕਰਦੇ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ। ਗੋਤ ਤੋਂ ਇਲਾਵਾ ਜ਼ਿਲ੍ਹਾ ਜਲੰਧਰ ਵਿੱਚ 'ਨਾਹਲ' ਨਾਮੀ ਪਿੰਡ ਵੀ ਹੈ ਪਰ ਇਸ ਪਿੰਡ ਵਿੱਚ ਨਾਹਲ ਗੋਤ ਨਹੀਂ ਪਾਇਆ ਗਿਆ।

**90. ਨਿੱਝਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਾਹਲ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਾਹਲ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਪਿੰਡ ਦੇ ਨਿੱਝਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ। ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਅਨੁਸਾਰ, "ਨਿੱਝਰ ਜਾਂ ਨਿਜਰ ਜੱਟਾਂ ਦਾ ਇਕ ਗੋਤ, ਜਿਸ ਦਾ ਮੂਲ ਸਚਮੁਚ ਹੀ ਸੁਨਿਆਰ ਭਾਈਚਾਰੇ ਨਾਲ਼ ਸਾਂਝਾ ਹੈ।" (159)

ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਇਹ ਮੱਧ ਏਸ਼ੀਆ ਤੋਂ ਆਇਆ ਹੋਇਆ ਜੱਟਾਂ ਦਾ ਬਹੁਤ ਹੀ ਪੁਰਾਣਾ ਕਬੀਲਾ ਹੈ। ਨਿੱਜਰ ਗੋਤ ਨਾਲ਼ ਰਲਦੇ-ਮਿਲਦੇ ਗੋਤ ਦੇ ਲੋਕ ਮੱਧ ਏਸ਼ੀਆ ਵਿੱਚ ਹੁਣ ਵੀ ਹਨ। ਨਿੱਜਰ ਜੱਟ ਜਮਨਾ ਦੇ ਪੂਰਬ ਵਲੋਂ ਦੁਆਬੇ ਵਿੱਚ ਆਏ। ਇਹ ਵੀ ਭੱਟੀ ਰਾਜਪੂਤਾਂ ਵਿੱਚੋਂ ਹਨ। ਪੰਜਾਬ ਵਿੱਚ ਬਹੁਤੇ ਨਿੱਜਰ ਗੋਤ ਦੇ ਲੋਕ ਦੁਆਬੇ ਦੇ ਜਲੰਧਰ ਤੇ ਕਪੂਰਥਲਾ ਆਦਿ ਖੇਤਰਾਂ ਵਿੱਚ ਆਬਾਦ ਹਨ। ਪੰਜਾਬ ਵਿੱਚ ਨਿੱਜਰ ਨਾਮ ਦੇ ਕਈ ਪਿੰਡ ਹਨ। ਜਲੰਧਰ ਜ਼ਿਲ੍ਹੇ ਵਿੱਚ ਵੀ ਇੱਕ ਪਿੰਡ ਦਾ ਨਾਮ ਨਿੱਜਰ ਹੈ।

ਨਿੱਜਰ ਤੇ ਨਿੱਝਰ ਇੱਕੋ ਗੋਤ ਹੈ। ਇੱਕ ਨਿੱਜਰਾਂ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਵੀ ਹੈ। ਬਹੁਤੇ ਨਿੱਜਰ ਜੱਟ ਹਨ। ਕੁਝ ਸੁਨਿਆਰੇ ਤੇ ਖੱਤਰੀ ਵੀ ਹਨ। ਪੂਰਬੀ ਪੰਜਾਬ ਵਿੱਚ ਸਾਰੇ ਨਿੱਜਰ ਜੱਟ ਸਿੱਖ ਹੀ ਹਨ। ਨਿੱਜਰ ਗੋਤ ਦੇ ਜੱਟ ਬਹੁਤ ਹੀ ਮਿਹਨਤੀ, ਸੰਜਮੀ ਤੇ ਸਿਆਣੇ ਹਨ। (120)

**91. ਨੱਢੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਿਹਾਲੂਵਾਲ ਵਿਖੇ ਪਾਇਆ ਗਿਆ। ਇਸ ਪਿੰਡ ਦੇ ਨੱਢੇ ਆਪਣੇ ਪਿੰਡ ਵਿੱਚ ਹੀ ਕਿਸੇ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ।

**92. ਨੰਨ੍ਹੜੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨੰਨ੍ਹੜੇ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੂੰਨੀਆਂ ਵਿਖੇ ਪਾਇਆ ਗਿਆ। ਇਸ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**93. ਨੀਲੇ–** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ਰਕਪੁਰ ਦੀ ਝਿਉਰ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸ਼ਰਕਪੁਰ ਦੇ ਇਸ ਗੋਤ ਨਾਲ਼ ਸੰਬੰਧਿਤ ਕੁਝ ਲੋਕ ਪਿੰਡ ਨਡਾਲੋਂ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**94. ਨਵਾਡੇ–** ਇਹ ਗੋਤ ਰਾਏ ਸਿੱਖ ਬਰਾਦਰੀ ਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਵਾਡੇ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪਿੱਪਲੀ ਵਿਖੇ ਪਾਇਆ ਗਿਆ। ਇਸ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**95. ਪੱਡਾ–** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮਹਿਮੂਵਾਲ ਯੂਸਫਪੁਰ ਦੀ ਜੱਟ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਪੱਡਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਇਸ ਗੋਤ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਸਿਵਲ ਮਿਲਟਰੀ ਗਜ਼ਟ ਅਨੁਸਾਰ ਇਹ ਇਕ ਜੱਟ ਗੋਤਰ ਹੈ ਜੋ ਜਿਲਾ ਕਪੂਰਥਲਾ ਵਿਚ ਵਧੇਰੇ ਮਿਲਦਾ ਹੈ। ਕਪੂਰਥਲਾ ਜਿਲੇ ਵਿਚ ਪੱਡੇ ਜੱਟਾਂ ਦਾ ਵਸਾਇਆ ਇਕ ਪਿੰਡ ਨਡਾਲੇ ਕੋਲ ਹੈ ਜਿਸ ਨੂੰ ਲਖਣ ਕੇ ਪੱਡਾ ਆਖਦੇ ਹਨ। ਇਕ ਹੋਰ ਪਿੰਡ ਇਸੇ ਜਿਲੇ ਵਿਚ ਸੂਰੋ ਪੱਡਾ ਹੈ। ਅੰਮ੍ਰਿਤਸਰ ਜ਼ਿਲੇ ਵਿਚ ਰਈਏ ਤੇ ਫੇਰੂਮਾਨ ਵਿਚਕਾਰ ਇਕ ਪਿੰਡ ਪੱਡਾ ਹੈ, ਇਕ ਪਿੰਡ ਰਈਏ ਤੇ ਬਾਬਾ ਬਕਾਲਾ ਵਿਚਕਾਰ ਹੈ ਜਿਸ ਨੂੰ ਪਡਿਆਣਾ ਕਿਹਾ ਜਾਂਦਾ ਹੈ।

'ਅਟਾਰੀ' ਤੋਂ 7 ਮੀਲ ਦੱਖਣ ਵਲ ਇਕ ਪਿੰਡ ਪਢਾਣਾ ਹੈ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਲਾਹੌਰ ਤੋਂ ਅੰਮ੍ਰਿਤਸਰ ਜਾਂਦੇ ਇਥੇ ਚਰਨ ਪਾਏ ਸਨ, ਇਥੇ ਪੰਜਾਬੀ ਦੇ ਕਵੀ ਭਗਤ ਜਲ੍ਹਣ ਜੱਟ ਨਾਲ ਸਤਿਗੁਰੂ ਦੀ ਚਰਚਾ ਹੋਈ ਸੀ। (144)

**96. ਪਦਮ –** ਪਦਮ ਗੋਤ ਵੀ ਪੰਜਾਬ ਦੇ ਉੱਘੇ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ ਵਿਖੇ ਰਾਮਗੜ੍ਹੀਆ (ਤਰਖਾਣ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਮੱਲ੍ਹੀਵਾਲ ਦੇ ਪਦਮ ਗੋਤ ਨਾਲ਼ ਸੰਬੰਧਿਤ ਤਰਖਾਣ ਬਰਾਦਰੀ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਯਾਈ ਹਨ।

**97. ਪੰਧੇਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਪੰਧੇਰ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੰਧੇਰ ਵਿਖੇ ਹੀ ਪਾਇਆ ਗਿਆ। ਇਸ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ।ਇਸ ਪਿੰਡ ਦੇ ਪੰਧੇਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**98. ਪੂੰਨੀ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਰੂਪੇਵਾਲ, ਪੂੰਨੀ, ਮੰਡ ਪੂੰਨੀਆਂ ਵਿੱਚ ਇਹ ਗੋਤ ਪਾਇਆ ਗਿਆ। ਪਿੰਡ ਰੂਪੇਵਾਲ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਪਿੰਡ ਪੂੰਨੀਆਂ ਦੇ ਪੂੰਨੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਕੰਗ, ਬੱਲ ਤੇ ਪੂੰਨੀਆਂ ਜਾਤੀ ਦੇ ਲੋਕ ਬਲਖ ਖੇਤਰ ਤੋਂ ਹੀ ਪੰਜਾਬ ਵਿੱਚ ਆਏ ਹਨ। ਸੰਤ ਵਿਸਾਖਾ ਸਿੰਘ ਆਪਣੀ ਪੁਸਤਕ 'ਮਾਲਵਾ ਇਤਿਹਾਸ' ਵਿੱਚ ਪੂੰਨੀਆਂ ਗੋਤ ਦਾ ਮੋਢੀ ਪੂੰਨੀ ਰਾਏ ਪੁੱਤਰ ਰਾਜਾ ਸਲਵਾਨ ਨੂੰ ਲਿਖਦਾ ਹੈ। ਭਾਰਤ ਦੇ ਇਤਿਹਾਸ ਵਿੱਚ ਕਈ ਸਲਵਾਨ ਰਾਜੇ ਹੋਏ ਹਨ। ਜਲੰਧਰ ਜ਼ਿਲ੍ਹੇ ਵਿੱਚ ਵੀ ਪੂੰਨੀਆ ਦੇ ਕਈ ਪਿੰਡ ਹਨ। ਪੂੰਨੀਆ ਗੋਤ ਦਾ ਇੱਕ ਪ੍ਰਸਿੱਧ ਪਿੰਡ ਪੂੰਨੀਆਂ ਤਹਿਸੀਲ ਬੰਗਾ ਜ਼ਿਲ੍ਹਾ ਨਵਾਂਸ਼ਹਿਰ ਵਿੱਚ ਹੈ। ਲੁਧਿਆਣੇ ਜ਼ਿਲ੍ਹੇ ਵਿੱਚ ਵੀ ਇੱਕ ਪੂੰਨੀਆ ਪਿੰਡ ਪੂੰਨੀਏਂ ਜੱਟਾਂ ਦਾ ਬਹੁਤ ਹੀ ਉੱਘਾ ਤੇ ਪੁਰਾਣਾ ਪਿੰਡ ਹੈ। ਮਾਝੇ ਵਿੱਚ ਪੂੰਨੀਏ ਜੱਟ ਬਹੁਤ ਹੀ ਘੱਟ ਹਨ। ਪੂੰਨੀ ਗੋਤ ਦੇ ਲੋਕ ਦਲਿਤ ਜਾਤੀਆਂ ਵਿੱਚ ਵੀ ਹਨ। (125)

**99. ਪੰਨੂ –** ਆਪਣੇ ਖੋਜ ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪੰਨੂ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ। ਇਸ ਪਿੰਡ ਦੇ ਪੰਨੂ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ

ਮੰਨਦੇ ਹਨ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਦੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਅਨੁਸਾਰ, "ਪੰਨੂ ਸੂਰਜਵੰਸ਼ੀ ਰਾਜਪੂਤ ਹੋਣ ਦਾ ਦਾਅਵਾ ਕਰਦੇ ਹਨ। ਉਹ ਆਮ ਤੌਰ 'ਤੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਮਿਲਦੇ ਹਨ। ਪਰ ਸਿਆਲਕੋਟ ਵਿੱਚ ਉਨ੍ਹਾਂ ਦੇ ਪੰਜ ਪਿੰਡ ਆਪਣੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਵਡਾਰੂ ਗਜ਼ਨੀ ਤੋਂ ਆਇਆ ਜਦੋਂ ਕਿ ਇੱਕ ਹੋਰ ਕਹਾਣੀ ਅਨੁਸਾਰ ਹਿੰਦੁਸਤਾਨ ਤੋਂ ਆਇਆ ਸੀ।" (66)

ਇਸ ਦੇ ਨਾਲ਼ ਹੀ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਰੂਪਨਗਰ (ਪੁਰਾਣਾ ਨਾਂ ਰੋਪੜ) ਵਿੱਚ 'ਪੰਨੂਆਂ' ਨਾਂ ਦਾ ਇੱਕ ਪਿੰਡ ਵੀ ਹੈ। ਇਸ ਤੋਂ ਇਲਾਵਾ ਸ਼੍ਰੀ ਅੰਮ੍ਰਿਤਸਰ ਸਾਹਿਬ, ਹੁਸ਼ਿਆਰਪੁਰ ਅਤੇ ਸੰਗਰੂਰ ਵਿੱਚ 'ਪਨਵਾਂ' ਨਾਮਕ ਪਿੰਡ ਵੀ ਹਨ।

**100. ਪਨੇਸਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਪਨੇਸਰ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਈਵਾਲ ਦੋਨਾ, ਈਦਾ, ਬਿੱਲੀ ਵੜੈਂਚ, ਪੂੰਨੀਆਂ, ਗਿੱਲ ਅਤੇ ਇਸਮਾਇਲਪੁਰ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਤਰਖਾਣ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਪਿੰਡ ਰਾਈਵਾਲ ਦੋਨਾ ਅਤੇ ਬਿੱਲੀ ਵੜੈਂਚ ਦੇ ਪਨੇਸਰ ਖਾਨਪੁਰ ਲਾਗੇ ਪਿੰਡ ਗਿੱਲ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਪਿੰਡ ਈਦਾ ਦੇ ਪਨੇਸਰ ਪੁੰਨਿਆ ਨੂੰ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਪਿੰਡ ਪੂੰਨੀਆਂ ਦੇ ਪਨੇਸਰ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਪਿੰਡ ਮਾਣਕਪੁਰ ਜਾਂਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਇਸ ਗੋਤ ਦੀ ਪ੍ਰੋੜਤਾ ਕਰਦੇ ਲਿਖਦੇ ਹਨ, "ਇਹ ਇੱਕ ਜੱਟਾਂ ਨਾਲ਼ ਮਿਲਦੇ ਗੋਤਾਂ ਵਿੱਚਾਂ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ।" (199)

**101. ਪੁਰਬਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੋ ਕਲਾਂ ਵਿਖੇ ਪਾਇਆ ਗਿਆ। ਇਹ ਗੋਤ ਛੀਂਬਾ ਬਰਾਦਰੀ ਨਾਲ਼ ਸੰਬੰਧਿਤ ਹੈ। ਪੁਰਬਾ ਗੋਤ ਨਾਲ਼ ਸੰਬੰਧਿਤ ਪਿੰਡ ਪੱਤੋ ਕਲਾਂ ਦੇ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**102. ਪੁਰੇਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪੁਰੇਵਾਲ ਗੋਤ ਪਿੰਡ ਸ਼ਰਕਪੁਰ ਅਤੇ ਸ਼ੰਕਰ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਇਹਨਾਂ ਦੋਨਾਂ ਪਿੰਡਾਂ ਦੇ ਪੁਰੇਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਨਹੀਂ ਕਰਦੇ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਐਚ. ਏ. ਰੋਜ਼ ਦੀ ਪੁਸਤਕ 'ਗਲੌਸਰੀ ਔਫ ਦੀ ਟਰਾਈਬਜ਼ ਐਂਡ ਕਾਸਟਸ' ਦੇ ਅਨੁਸਾਰ ਪੁਰੇਵਾਲ ਜੱਟ ਸੂਰਜਬੰਸੀ ਰਾਜਪੂਤ ਸਨ। ਇਨ੍ਹਾਂ ਦਾ ਵਡੇਰਾ ਰਾਉਪੁਰਾ ਸੀ। ਮੁਗਲ ਬਾਦਸ਼ਾਹ ਅਕਬਰ ਦੇ ਸਮੇਂ ਸਿਆਲਕੋਟ ਦੇ

> ਨਾਰੋਵਾਲ ਪਰਗਣਾ ਵਿੱਚ ਆਬਾਦ ਸਨ। ਮੁਗਲਾਂ ਦੇ ਰਾਜ ਸਮੇਂ ਬਹੁਤੇ ਪੁਰੇਵਾਲ ਜੱਟ ਮੁਸਲਮਾਨ ਬਣ ਗਏ ਸਨ ਅਤੇ ਕੁਝ ਪੱਛਮੀ ਪੰਜਾਬ ਨੂੰ ਛੱਡ ਕੇ ਮਾਝੇ ਵਿੱਚ ਆ ਗਏ ਸਨ। ਫਿਰ ਹੌਲੀ-ਹੌਲੀ ਦੁਆਬੇ ਵਿੱਚ ਪਹੁੰਚ ਗਏ। ਦੁਆਬੇ ਦੇ ਜਲੰਧਰ ਖੇਤਰ ਵਿੱਚ ਸ਼ੰਕਰ ਪਿੰਡ ਪੁਰੇਵਾਲ ਜੱਟਾਂ ਦਾ ਮੋਢੀ ਤੇ ਉੱਘਾ ਨਗਰ ਹੈ। ਪੁਰੇਵਾਲ ਭਾਈਚਾਰੇ ਦੇ ਬਹੁਤੇ ਲੋਕ ਦੁਆਬੇ ਵਿੱਚ ਹੀ ਆਬਾਦ ਹਨ। ਸਾਰੇ ਪੁਰੇਵਾਲ ਜੱਟ ਸਿੱਖ ਹਨ। ਇਹ ਬਹੁਤ ਮਿਹਨਤੀ ਤੇ ਸੂਝਵਾਨ ਜੱਟ ਹਨ। ਜੱਟਾਂ ਦਾ ਪੰਜਾਬ ਦੇ ਇਤਿਹਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਪੁਰੇਵਾਲ ਜੱਟਾਂ ਦਾ ਇੱਕ ਉੱਘਾ ਤੇ ਛੋਟਾ ਗੋਤ ਹੈ। ਰਾਜਾ ਪੋਰਸ ਵੀ ਪੁਰੂ ਗੋਤ ਦਾ ਜੱਟ ਸੀ। ਪੁਰੂ ਤੇ ਪੁਰੇਵਾਲ ਇੱਕੋ ਭਾਈਚਾਰੇ ਵਿੱਚੋਂ ਹਨ। ਧੌਲਪੁਰ ਜਾਟ ਰਾਜਬੰਸੀ ਵੀ ਪੁਰੂਬੰਸੀ ਹਨ। ਪੁਰੂ, ਪੁਰੇਵਾਲ, ਪੋਰਸਵਾਲ, ਪੋਰਵ ਜੱਟ ਗੋਤਰ ਇਕ ਹੀ ਹਨ। ਪੁਰੂ ਗੋਤਰ ਦੇ ਜੱਟ ਪੰਜਾਬ, ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚ ਵਸਦੇ ਹਨ ਅਤੇ ਇਹ ਘੱਟ ਗਿਣਤੀ ਵਿੱਚ ਹੀ ਹਨ। ਪੁਰੀ ਖੱਤਰੀ ਪੋਰਸਬੰਸੀ ਹਨ। (124-125)

**103. ਪਵਾਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ, ਰਾਜੇਵਾਲ ਵਿਖੇ ਪਾਇਆ ਗਿਆ। ਪਿੰਡ ਸੀਚੇਵਾਲ ਦਾ ਇਹ ਜੱਦੀ ਗੋਤ ਹੈ। ਇਸ ਪਿੰਡ ਦੇ ਪਵਾਰ ਜੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ। ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਪੱਛਮੀ ਖੇਤਰ ਦੇ ਰਾਜਪੂਤ ਸਨ। ਆਰੰਭ ਵਿੱਚ ਇਨ੍ਹਾਂ ਦੀ ਵਸੋਂ ਮੁਲਤਾਨ ਤੇ ਸਿੰਧ ਦੇ ਖੇਤਰਾਂ ਵਿੱਚ ਸੀ। ਫਾਰਸੀ ਤੇ ਯੂਨਾਨੀ ਹਮਲਾਵਰਾਂ ਪਿੱਛੋਂ ਪਾਰਥੀ, ਸ਼ਕ, ਹੂਨ, ਗੁਜਰ ਆਦਿ ਜਾਤੀਆਂ ਦੇ ਲੋਕ ਉੱਤਰੀ ਤੇ ਮੱਧ ਏਸ਼ੀਆ ਦੇ ਵੱਖ-ਵੱਖ ਖੇਤਰਾਂ ਤੋਂ ਚੱਲ ਕੇ ਕਈ ਦੇਸ਼ਾਂ ਵਿੱਚੋਂ ਘੁੰਮਦੇ-ਘੁੰਮਦੇ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਆ ਕੇ ਆਬਾਦ ਹੋਏ। ਇਹ ਸਾਰੇ ਕਬੀਲੇ ਇੱਕੋ ਸਮੇਂ ਨਹੀਂ ਆਏ। ਇਹ ਵੱਖ-ਵੱਖ ਸਮੇਂ ਆਏ। ਰਿਗਵੇਦ ਦੇ ਸਮੇਂ ਵੀ ਕਈ ਜੱਟ ਕਬੀਲੇ ਭਾਰਤ ਵਿੱਚ ਆਬਾਦ ਸਨ। ਅਸਲ ਵਿੱਚ ਪੱਵਾਰ ਜੱਟ ਰਿਗਵੇਦ ਦੇ ਸਮੇਂ ਹੀ ਭਾਰਤ ਵਿੱਚ ਇਰਾਨ ਰਾਹੀਂ ਆਏ ਹਨ। ਕਨਿਸ਼ਕ ਦੇ ਸਮੇਂ ਵੀ ਮਾਨ ਤੇ ਪੱਵਾਰ ਪੰਜਾਬ ਵਿੱਚ ਆਬਾਦ ਸਨ। ਚੌਹਾਨ ਤੇ ਚਾਲੂਕੀਆ ਗੋਤਾਂ ਦੇ ਰਾਜਪੂਤ ਵੀ ਮੱਧ ਏਸ਼ੀਆ ਤੋਂ ਆਏ ਪੁਰਾਣੇ ਜੱਟ ਕਬੀਲੇ ਹਨ। ਮੱਧ ਏਸ਼ੀਆ, ਪੱਛਮੀ ਏਸ਼ੀਆ ਤੇ ਯੂਰਪ ਦੇ ਲੋਕਾਂ ਦੇ ਕਈ ਗੋਤ ਰਲਦੇ ਮਿਲਦੇ ਹਨ। ਕਿਉਂ ਕਿ ਸਭ ਦਾ ਪਿਛੋਕੜ ਸਾਂਝਾ ਹੈ। ਪਰਮਾਰ ਬੰਸਸ ਵਿੱਚੋਂ ਰਾਜਾ ਭੋਜ ਤੇ ਰਾਜਾ ਜੱਗਦੇਉ ਪਰਮਾਰ ਬਹੁਤ ਪ੍ਰਸਿੱਧ ਤੇ ਸ਼ਕਤੀਸ਼ਾਲੀ ਹੋਏ ਹਨ। ਰਾਜਾ ਜੱਗਦੇਉ ਧਾਰਾ ਨਗਰੀ ਜ਼ਿਲਾ ਉੱਜੈਨ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਦੇ ਰਾਜੇ ਉਦੇਦਿੱਤ ਦਾ ਪੁੱਤਰ ਸੀ। ਘਰੇਲੂ ਕਾਰਨਾਂ ਕਰਕੇ ਰਾਜਾ ਜੱਗਦੇਉ ਧਾਰਾ ਨਗਰੀ ਦਾ ਰਾਜ

ਆਪਣੇ ਭਾਈ ਰਣਧੌਲ ਨੂੰ ਦੇ ਕੇ ਆਪ ਕਈ ਰਾਜਪੂਤ ਕਬੀਲਿਆਂ ਨੂੰ ਨਾਲ ਲੈ ਕੇ ਰਾਜਸਤਾਨ ਦੇ ਰਸਤੇ ਗਜਨੀ ਵਾਲੇ ਮੁਸਲਮਾਨ ਹਾਕਮਾਂ ਦਾ ਟਾਕਰਾ ਕਰਦਾ ਹੋਇਆ ਬਾਰ੍ਹਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਮਾਲਵਾ ਖੇਤਰ ਵਿੱਚ ਆ ਗਿਆ। ਲੁਧਿਆਣੇ ਦੇ ਖੇਤਰ ਜਰਗ ਵਿੱਚ ਕਿਲ੍ਹਾ ਬਣਾ ਕੇ ਪੰਜਾਬ 'ਤੇ 1160 ਈਸਵੀ ਤੱਕ ਰਾਜ ਕੀਤਾ। ਭੱਟੀਆਂ ਦੇ ਆਉਣ ਤੋਂ ਪਹਿਲਾਂ ਮੁਕਤਸਰ, ਅਬੋਹਰ, ਬਠਿੰਡੇ ਖੇਤਰ 'ਚ ਅਤੇ ਫਰੀਦਕੋਟ ਦੇ ਖੇਤਰਾਂ ਵਿੱਚ ਵੀ ਪੰਵਾਰਾਂ ਦਾ ਕਬਜ਼ਾ ਸੀ। ਗੁਰਦਾਸਪੁਰ ਜ਼ਿਲ੍ਹੇ ਵਿੱਚ ਵੀ ਇੱਕ ਬਹੁਤ ਹੀ ਪੁਰਾਣਾ ਅਤੇ ਪ੍ਰਸਿੱਧ ਪਿੰਡ ਪੱਵਾਰ ਹੈ। ਬਟਾਲੇ ਦੇ ਖੇਤਰ ਬੂਝਿਆਂ ਵਾਲੀ ਦੇ ਇਰਦ-ਗਿਰਦ ਵੀ ਪੰਵਾਰ ਜੱਟਾਂ ਦੇ ਪੰਜ-ਛੀ ਪਿੰਡ ਹਨ। ਪੱਵਾਰ ਪ੍ਰਾਚੀਨ ਜੱਟ ਗੋਤ ਹੈ। ਪੰਵਾਰ ਦਲਿਤ ਅਤੇ ਪਛੜੀਆਂ ਸ਼੍ਰੇਣੀਆਂ ਵਿੱਚ ਵੀ ਬਹੁਤ ਹਨ। ਮਾਝੇ ਦੇ ਅਜਨਾਲੇ ਇਲਾਕੇ ਵਿੱਚ ਵੀ ਪੱਵਾਰ ਜੱਟ ਕਾਫੀ ਹਨ। ਦਲਿਉ, ਦਿਉਲ, ਔਲਖ, ਬੁੱਟਰ, ਸੇਖੋਂ ਆਦਿ ਪੱਵਾਰਾਂ ਦੇ ਹੀ ਉਪਗੋਤ ਹਨ। ਡਾਕਟਰ ਡੀ. ਸੀ. ਗੰਗੁਲੀ ਨੇ ਆਪਣੀ ਪੁਸਤਕ 'ਇਤਿਹਾਸ ਪਰਮਾਰ ਰਾਜਬੰਸ' ਵਿੱਚ ਪਰਮਾਰਾਂ ਬਾਰੇ ਬਹੁਤ ਜਾਣਕਾਰੀ ਦਿੱਤੀ ਹੈ। (120)

**104. ਬੱਸੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ, ਰਾਜੇਵਾਲ ਵਿਖੇ ਪਾਇਆ ਗਿਆ। ਪਿੰਡ ਸੀਚੇਵਾਲ ਦੇ ਬੱਸੀ ਗੋਤ ਦੇ ਲੋਕ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਉਹਨਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਦੀ ਚੇਤ ਚੌਦੇਂ ਨੂੰ ਨਵਾਂਸ਼ਹਿਰ ਲਾਗੇ ਪਿੰਡ ਰਾਣੀਵਾਲ਼ ਵਿਖੇ ਮਿੱਟੀ ਕੱਢਣ ਲਈ ਜਾਂਦੇ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ ਸੱਤਵੀਂ* ਅਨੁਸਾਰ:

> ਖਤ੍ਰੀਆਂ ਦੀ ਇਕ ਗੋਤ; ਇਸੇ ਨਾਉਂ ਦੇ ਕੁਝ ਪਿੰਡ ਤੇ ਨਗਰ ਪੰਜਾਬ ਵਿਚ ਮਿਲਦੇ ਹਨ,ਪਰ ਇਹ ਸਾਰੇ ਪਿੰਡ ਬੱਸੀ ਗੋਤ ਦੇ ਖਤ੍ਰੀਆਂ ਦੇ ਵਸਾਏ ਹੋਏ ਨਹੀਂ। ਬੱਸੀ ਜੱਟਾਂ ਦਾ ਇੱਕ ਕਬੀਲਾ; ਇਨ੍ਹਾਂ ਦੇ ਵਡਿਕੇ 'ਤੁਲਾ' ਦਾ ਮੱਠ ਲੁਧਿਆਣੇ ਵਿਚ ਗੋਪਾਲਪੁਰ ਵਿਖੇ ਹੈ। ਇਸ ਕਬੀਲੇ ਦੇ ਲੋਕ ਬੱਚੇ ਦੇ ਜਨਮ ਤੇ ਕੁਝ ਹੋਰ ਮੰਗਲ ਕਾਰਜਾਂ ਤੇ ਦਿਵਾਲੀ ਆਦਿ ਤਿਉਹਾਰਾਂ ਉਤੇ ਇਸ 'ਮੱਠ' 'ਤੇ ਜਾ ਕੇ ਮਿੱਟੀ ਕੱਢਦੇ ਹਨ। (1745-46)

**105. ਬਾਂਸਲ –** ਇਹ ਬਾਣੀਆ ਬਰਾਦਰੀ ਦਾ ਇੱਕ ਗੋਤ ਹੈ। ਬਾਂਸਲ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਬਾਂਸਲ ਨਾਂ ਬਾਂਸ ਦੇ ਦਰੱਖਤ ਤੋਂ ਪਿਆ ਹੈ।" (210)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਖਹਿਰਾ ਵਿਖੇ ਪਾਇਆ ਗਿਆ ਜੋ ਕਿ ਬਾਣੀਆ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਇਸ ਪਿੰਡ ਦੇ ਬਾਂਸਲ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**106. ਬੂਹਕ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਪਿੱਪਲੀ ਅਤੇ ਮਿਆਣੀ ਵਿਖੇ ਪਾਇਆ ਗਿਆ। ਪਿੰਡ ਪਿੱਪਲੀ ਦੇ ਬੂਹਕ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**107. ਬੰਗੜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਖੁਰਸ਼ੈਦਪੁਰ ਪੰਡੋਰੀ ਵਿਖੇ ਪਾਇਆ ਗਿਆ ਜੋ ਕਿ ਧਰਮੀ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਬੰਗੜ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**108. ਬਾਜਵਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਅਰਾਈਆਂ, ਨਵਾਂ ਕਿਲ੍ਹਾ, ਤਲਵੰਡੀ ਬੂਟਿਆਂ ਵਿਖੇ ਜੱਟ ਸਿੱਖ ਬਰਾਦਰੀਆਂ ਵਿੱਚ ਪਾਇਆ ਗਿਆ। ਪਿੰਡ ਮੂਲੇਵਾਲ ਅਰਾਈਆਂ ਦੇ ਬਾਜਵਾ ਜੱਟ ਸ਼ਾਹਕੋਟ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਨਵਾਂ ਕਿਲ੍ਹਾ ਪਿੰਡ ਦੇ ਬਾਜਵਾ ਜੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਨ੍ਹਾਂ ਦੇ ਮੋਢੀ ਨੂੰ ਵਜਬ ਕਿਹਾ ਜਾਂਦਾ ਸੀ। ਇਹ ਸੂਰਜ ਬੰਸੀ ਹਨ। ਬਾਜਵਾ ਜੱਟ ਕੇਵਲ ਬਾਜੂ ਰਾਜਪੂਤਾਂ ਨਾਲ ਮਿਲਦੇ ਹਨ। ਇਨ੍ਹਾਂ ਦੇ ਰਸਮ-ਰਿਵਾਜ਼ ਵੀ ਇੱਕੋ ਜਿਹੇ ਹਨ। ਇਨ੍ਹਾਂ ਦਾ ਵਡੇਰਾ ਬਾਬਾ ਮੰਗਾ ਹੈ। ਜਿਨ੍ਹਾਂ ਦਾ ਆਰੰਭ ਸਿਆਲਕੋਟ ਜ਼ਿਲ੍ਹੇ ਵਿੱਚ ਜੰਮੂ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਥਿਤ ਬਜਵਾਤ ਵਿੱਚ ਹੋਇਆ ਸੀ। ਬਾਜਵੇ ਸਾਰੇ ਪੰਜਾਬ ਵਿੱਚ ਫੈਲੇ ਹੋਏ ਹਨ ਪਰ ਇਨ੍ਹਾਂ ਦਾ ਅਸਲੀ ਟਿਕਾਣਾ ਸਿਆਲਕੋਟ ਹੈ। ਵਿਆਹ ਸ਼ਾਦੀ ਤੇ ਨਵੀਂ ਵਿਆਤਾ ਨੂੰ ਬਾਬੇ ਮੰਗੇ ਦੀ ਮਾੜੀ ਤੇ ਮੱਥਾ ਟਿਕਾਉਂਦੇ ਹਨ। ਬਾਬਾ ਮੰਗੇ ਦੀ ਪੂਜਾ ਕੀਤੀ ਜਾਂਦੀ ਹੈ। ਹੋਰ ਜੱਟਾਂ ਵਾਂਗ ਜੰਡੀ ਵੱਢਣ ਦੀ ਰਸਮ ਇਨ੍ਹਾਂ ਵਿੱਚ ਵੀ ਪ੍ਰਚੱਲਿਤ ਸੀ। ਬਾਬੇ ਮੰਗੇ ਦੇ ਸੱਤ ਪੁੱਤਰ ਸਨ। ਸਭ ਤੋਂ ਵੱਡੇ ਨਾਰੋ ਨੇ ਨਾਰੋਵਾਲ ਪਿੰਡ ਵਸਾਇਆ, ਦੀਪੇ ਨੇ ਕੋਟਲੀ ਬਾਜਵਾ ਤੇ ਚੰਦੂ ਨੇ ਚੰਦੂਵਾਲ ਆਦਿ ਪਿੰਡ ਵਸਾਏ। ਬਾਜਵੇ ਗੋਤ ਦਾ ਮੋਢੀ ਵਜਬ ਰਾਜਸਤਾਨ ਦੇ ਖੇਤਰ ਜੈਸਲਮੇਰ ਵਿੱਚ ਰਹਿੰਦਾ ਸੀ। ਇਸ ਕਬੀਲੇ ਦੇ ਲੋਕ ਜੈਸਲਮੇਰ ਤੋਂ ਚਲ ਕੇ ਹੌਲੀ-ਹੌਲੀ ਸਿਆਲਕੋਟ ਤੇ ਗੁਜਰਾਂਵਾਲਾ ਤੱਕ ਪਹੁੰਚ ਗਏ। ਕਿਸੇ ਸਮੇਂ ਸਿਆਲਕੋਟ ਵਿੱਚ ਬਾਜਵੇ ਜੱਟਾਂ ਦੇ 84 ਪਿੰਡ ਆਬਾਦ ਸਨ। (132)

**109. ਬਾਠ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ ਅਤੇ ਨਵਾਂ ਪਿੰਡ ਜੱਟਾਂ ਵਿਖੇ ਪਾਇਆ ਗਿਆ। ਨਵਾਂ ਪਿੰਡ ਜੱਟਾਂ ਪਿੰਡ ਦੇ ਬਾਠ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਇਸ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ:

> ਬਾਠ ਖੇਤੀ ਕਰਨ ਵਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਮਿਲਦੀ ਜੱਟ ਜਾਤੀ ਹੈ। ਖਹਿਰੇ, ਝੰਡੇਰ, ਖਖੁ ਤੇ ਘੁੰਮਣ ਇਹਨਾਂ ਦੇ ਬਹੁਤ ਨੇੜਿਉਂ ਹਨ, ਪਰ ਬਾਠਾਂ ਨੇ ਇਹਨਾਂ ਗੋਤਰਾਂ ਨਾਲ ਵੀ ਵਿਆਹ ਸਬੰਧ ਬਣਾ ਲਏ ਹਨ। ਇਹਨਾਂ ਦਾ ਵੱਡਾ-ਵਡੇਰਾ ਸੈਨ ਜਾਂ ਸੈਨ ਪਾਲ ਸੀ, ਜੋ 800 ਸਾਲ ਪਹਿਲਾਂ ਮਾਲਵੇ ਵਿਚੋਂ ਆਇਆ ਅਤੇ ਲਾਹੌਰ ਉਡਿਆਰਾ ਵਿਖੇ ਆ ਵਸਿਆ ਸੀ। ਖਹਿਰਾ ਵੰਸ਼ ਦੇ ਦੋ ਜਠੇਰੇ ਹਨ, ਰਾਜਪਾਲ ਅਤੇ ਉਸਦਾ ਪੋਤਰਾ ਸ਼ਹਿਜ਼ਾਦਾ ਜਿਹੜੇ ਖਡੂਰ ਸਾਹਿਬ ਦੇ ਕੰਗ ਜੱਟਾਂ ਨਾਲ ਲੜ ਪਏ ਪਰ ਹਾਰ ਗਏ। ਬਾਠ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਹੀ ਮਿਲਦੇ ਹਨ। ਪਹਿਲਾਂ-ਪਹਿਲ ਇਸ ਕਬੀਲੇ ਦਾ ਨਾਮ ਬਾਟ ਸੀ, ਜੋ ਹੌਲੀ-ਹੌਲੀ ਬਾਠ ਬਣ ਗਿਆ। ਕਸ਼ਮੀਰ ਵਿਚ ਬਟ, ਬੱਟ ਗੋਤਰ ਦੇ ਮੁਸਲਮਾਨ ਬਾਠਾਂ ਵਿਚੋਂ ਹੀ ਹਨ। ਇਸ ਗੋਤਰ ਦੇ ਵਸਾਏ ਪਿੰਡਾਂ ਵਿਚੋਂ ਇਕ ਪਿੰਡ ਬਾਠ, ਜ਼ਿਲਾ ਜਲੰਧਰ ਤਹਿਸੀਲ ਫਿਲੌਰ ਵਿਚ ਹੈ, ਜਿਥੇ ਗੁਰੂ ਹਰਿਰਾਇ ਸਾਹਿਬ ਦਾ ਗੁਰਦੁਆਰਾ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਪਿੰਡ ਬਾਠ ਤਰਨਤਾਰਨ ਤਹਿਸੀਲ ਵਿਚ ਦੇਊ ਦੇ ਲਾਗੇ ਹੈ। ਇਕ ਪਿੰਡ ਬਲਾਕ ਰਈਆ ਵਿਚ ਚੀਮਾ ਬਾਠ ਹੈ, ਜਿਥੇ ਅੱਧੇ ਚੀਮੇ ਤੇ ਅੱਧੇ ਬਾਠ ਹਨ। ਫਿਰੋਜ਼ਪੁਰ, ਲੁਧਿਆਣਾ ਤੇ ਫਤਿਹਗੜ੍ਹ ਸਾਹਿਬ ਵਿਚ ਬਾਠ ਤੇ ਬਾਠ ਕਲਾਂ ਨਾਮ ਦੇ ਪਿੰਡ ਹਨ। ਸਾਂਦਲ ਬਾਰ ਵਿਚ ਇਕ ਪਿੰਡ ਬਾਠ ਹੈ। (158)

**110. ਬੰਦੇਸ਼ਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮੱਲ੍ਹੀਵਾਲ ਵਿੱਚ ਪਾਇਆ ਗਿਆ। ਇਸ ਪਿੰਡ ਦੇ ਬੰਦੇਸ਼ਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ, "ਇਹ ਇੱਕ ਜੱਟ ਗੋਤਰ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬੰਦੇਸ਼ੇ ਜੱਟਾਂ ਦਾ ਵਸਾਇਆ ਫਤਹਿਪੁਰ ਨਾਉਂ ਦਾ ਪਿੰਡ ਖਡੂਰ ਸਾਹਿਬ ਬਲਾਕ ਦੇ ਵਿੱਚ ਮੀਂਆਂ ਪਿੰਡ ਦੇ ਕੋਲ ਹੈ। ਇਸ ਵਿੱਚ ਵਸ ਰਹੇ ਸਿੱਖ ਬੰਦੇਸ਼ੇ ਗੋਤਰ ਦੇ ਹੀ ਹਨ। ਇਸੇ ਜ਼ਿਲ੍ਹੇ ਵਿੱਚ ਇੱਕ ਪਿੰਡ ਭੈਣੀ ਬੰਦੇਸ਼ਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇੱਥੇ ਬੰਦੇਸ਼ੇ ਗੋਤਰ ਦੇ ਮੁਸਲਮਾਨ ਰਹਿੰਦੇ ਸਨ ਜੋ 1947 ਵਿੱਚ ਪਾਕਿਸਤਾਨ ਚਲੇ ਗਏ।" (148)

**111. ਬੋਪਾਰਾਏ –** ਸ਼੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਵਿੱਚ ਬੋਪਾਰਾਏ ਨਾਮਕ ਪਿੰਡ ਵੀ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਬੋਪਾਰਾਏ ਬਾਜ ਸਿੰਘ ਅਤੇ ਬੋਪਾਰਾਏ ਕਲਾਂ ਪਿੰਡ ਹਨ। ਇਸ

ਤੋਂ ਇਲਾਵਾ ਜ਼ਿਲ੍ਹਾ ਲੁਧਿਆਣਾ ਵਿੱਚ ਵੀ ਬੋਪਾਰਾਏ ਕਲਾਂ ਨਾਮ ਦਾ ਪਿੰਡ ਹੈ। ਹੁਸ਼ਿਆਰ ਸਿੰਘ ਦੁਲੇਹ ਬੋਪਾਰਾਏ ਗੋਤ ਨੂੰ ਪਰਿਭਾਸ਼ਿਤ ਕਰਦੇ ਹੋਏ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਦੇ ਹਨ:

> ਇਹ ਪਵਾਰਾਂ ਦਾ ਉਪ ਗੋਤ ਹੈ। ਬੋਪਾਰਾਏ ਗੋਤ ਦਾ ਮੋਢੀ ਬੋਪਾਰਾਏ ਜਰਗ ਦੇ ਰਾਜੇ ਜੱਗਦੇਉ ਪੱਵਾਰ ਦੀ ਬੰਸ ਵਿੱਚੋਂ ਸੀ। ਜੱਗਦੇਵ ਪੱਵਾਰ 12ਵੀਂ ਸਦੀ ਦੇ ਆਰੰਭ ਵਿੱਚ ਧਾਰਾ ਨਗਰੀ ਮੱਧ ਪ੍ਰਦੇਸ਼ ਤੋਂ ਚੱਲ ਕੇ ਰਸਤੇ ਵਿੱਚ ਗਜ਼ਨਵੀਆਂ ਦਾ ਟਾਕਰਾ ਕਰਦਾ ਹੋਇਆ ਪੰਜਾਬ ਦੇ ਮਾਲਵਾ ਖੇਤਰ ਹੱਠੂਰ ਤੇ ਲੁਧਿਆਣੇ 'ਤੇ ਕਬਜ਼ਾ ਕਰਕੇ ਜਰਗ ਵਿੱਚ ਆਬਾਦ ਹੋ ਗਿਆ। ਬੋਪਾਰਾਏ ਦੇ ਛੱਪਾਰਾਏ ਨੇ ਆਪਣੇ ਨਾਮ 'ਤੇ 1140 ਈਸਵੀ ਵਿੱਚ ਛਪਾਰ ਵਸਾ ਕੇ ਆਬਾਦ ਕੀਤਾ। ਹਰ ਸਾਲ ਛਪਾਰ ਦਾ ਮੇਲਾ 24 ਅਤੇ 25 ਸਤੰਬਰ ਨੂੰ ਲੱਗਦਾ ਹੈ। ਛਪਾਰ ਨਗਰ ਵਿੱਚ ਵੀ ਬੋਪਾਰਾਏ ਗੋਤ ਦੇ ਲੋਕ ਰਹਿੰਦੇ ਹਨ। ਨਕੋਦਰ ਦੇ ਇਲਾਕੇ ਵਿੱਚ ਵੀ ਇੱਕ ਪਿੰਡ ਦਾ ਨਾਮ ਬੋਪਾਰਾਏ ਹੈ। ਇਹ ਬੋਪਾਰਾਏ ਭਾਈਚਾਰੇ ਦਾ ਪ੍ਰਸਿੱਧ ਪਿੰਡ ਹੈ। ਬੋਪਾਰਾਏ ਗੋਤ ਦੇ ਜੱਟ ਦਿਉਲਾਂ ਤੇ ਸੇਖਵਾਂ ਨੂੰ ਆਪਣੇ ਭਾਈਚਾਰੇ ਵਿੱਚੋਂ ਸਮਝਦੇ ਹਨ। (134)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਪਿੰਡ ਦੇ ਬੋਪਾਰਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**112. ਬੰਬਰਾ –** ਇਹ ਗੋਤ ਮੂਲ ਰੂਪ ਵਿੱਚ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਨਾਹਲ ਦੇ ਬੰਬਰਾ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**113. ਬੱਲ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਈਦਾ, ਬੱਲ ਨੌਂ, ਬੱਲ ਕੋਹਨਾ, ਪਿੱਪਲੀ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਹਨਾਂ ਵਿੱਚੋਂ ਪਿੰਡ ਬੱਲ ਨੌਂ ਦੇ ਬੱਲ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਹ ਜੱਟਾਂ ਦਾ ਇੱਕ ਪ੍ਰਾਚੀਨ ਅਤੇ ਸ਼ਕਤੀਸ਼ਾਲੀ ਕਬੀਲਾ ਸੀ। ਬੱਲ ਜੱਟ ਪ੍ਰਹਲਾਦ ਭਗਤ ਦੇ ਪੋਤੇ ਬੱਲ ਦੀ ਬੰਸ ਵਿੱਚੋਂ ਹਨ। ਕਰਨਲ ਟਾਡ ਨੇ ਇਸ ਬੰਸ ਨੂੰ ਵੀ 36 ਰਾਜ ਬੰਸਾਂ ਵਿੱਚੋਂ ਗਿਣਿਆ ਹੈ। ਇਸ ਬੰਸ ਦੇ ਕਈ ਰਾਜੇ ਹੋਏ। ਕੁਝ ਬੱਲ ਜੱਟ ਮੁਸਲਮਾਨ ਬਣ ਗਏ। ਉਨ੍ਹਾਂ ਨੂੰ ਬਲੋਚ ਕਿਹਾ ਜਾਂਦਾ ਹੈ। ਬੱਲ ਗੋਤ ਦੇ ਹਿੰਦੂ ਜਾਟ ਅੰਬਾਲਾ, ਕਰਨਾਲ ਅਤੇ

> ਹਿਸਾਰ ਵਿੱਚ ਵੀ ਕਾਫੀ ਆਬਾਦ ਸਨ। ਬੱਲਾਂ ਦਾ ਵਡੇਰਾ ਬਾਇਆਬਲ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਤੋਂ ਆਪਣੇ ਪਰਮਾਰ ਭਾਈਚਾਰੇ ਨਾਲ਼ ਪੰਜਾਬ ਵਿੱਚ ਆਇਆ। ਉੱਤਰ ਪ੍ਰਦੇਸ਼ ਵਿੱਚ ਇਹਨਾਂ ਨੂੰ ਬਲਾਇਨ ਕਿਹਾ ਜਾਂਦਾ ਹੈ। ਬੱਲ ਗੋਤ ਲੁਧਿਆਣਾ ਤੋਂ ਅੱਗੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਤੇ ਕਪੂਰਥਲਾ ਖੇਤਰਾਂ ਵਿੱਚ ਕਾਫੀ ਗਿਣਤੀ ਵਿੱਚ ਆਬਾਦ ਹਨ। ਦੁਆਬੇ ਵਿੱਚ ਭੋਗਪੁਰ ਦੇ ਪਾਸ 'ਬੱਲਾਂ' ਪਿੰਡ ਬੱਲ ਜੱਟਾਂ ਦਾ ਹੀ ਹੈ। ਰੋਪੜ ਦੇ ਇਲਾਕੇ ਵਿੱਚ ਵੀ ਬੱਲਾਂ ਦੇ ਕੁਝ ਪਿੰਡ ਹਨ। ਅੰਮ੍ਰਿਤਸਰ ਦੇ ਅਜਨਾਲੇ ਖੇਤਰ ਵਿੱਚ ਵੀ ਬੱਲਾਂ ਦਾ ਪ੍ਰਸਿੱਧ ਪਿੰਡ 'ਬੱਲ' ਹੈ। ਬੱਲ ਗੋਤ ਦਲਿਤ ਜਾਤੀਆਂ ਵਿੱਚ ਵੀ ਹਨ। ਬੱਲ ਜੱਟਾਂ ਦਾ ਜਗਤ ਪ੍ਰਸਿੱਧ ਗੋਤ ਹੈ। (128)

ਇਸ ਤੋਂ ਇਲਾਵਾ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿੱਚ ਬੱਲ ਬਾਵਾ, ਬੱਲ ਕਲਾਂ, ਬੱਲ ਖੁਰਦ, ਬੱਲ ਸਰਾਇ ਅਤੇ ਬਲ ਨਾਮਕ ਪਿੰਡ ਵੀ ਹਨ। ਜਲੰਧਰ ਵਿੱਚ ਬੱਲ, ਬੱਲ ਹੁਕਮੀ, ਬੱਲ ਨੌਂ ਅਤੇ ਬੱਲ ਕੋਹਨਾ ਨਾਮੀ ਪਿੰਡ ਵੀ ਹਨ। ਰੋਪੜ (ਆਧੁਨਿਕ ਨਾਂ ਰੂਪਨਗਰ) ਵਿੱਚ ਬੱਲ ਮੰਧਾ ਅਤੇ ਪਟਿਆਲਾ ਵਿੱਚ ਬੱਲ ਮਾਜਰਾ ਵੀ ਇਸੇ ਗੋਤ ਦੀ ਪ੍ਰਤੀਨਿੱਧਤਾ ਕਰਦੇ ਹਨ।

**114. ਬਾਲੂ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ਰਕਪੁਰ ਵਿਖੇ ਪਾਇਆ ਗਿਆ। ਇਸ ਪਿੰਡ ਦੇ ਬਾਲੂ ਗੋਤ ਨਾਲ਼ ਸੰਬੰਧਿਤ ਲੋਕ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**115. ਬਾਲੀ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਕੋਹਨਾ ਵਿਖੇ ਪਾਇਆ ਗਿਆ। ਇਸ ਪਿੰਡ ਦੇ ਬਾਲੀ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ।

**116. ਭੂਈ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ, ਰਾਈਵਾਲ ਦੋਨਾ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਇਹਨਾਂ ਦੋਹਾਂ ਪਿੰਡਾਂ ਦੇ ਭੂਈ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**117. ਭੰਗਾਣੀਏ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਵਾਂ ਪਿੰਡ ਜੱਟਾਂ ਅਤੇ ਸ਼ੰਕਰ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਦੇ ਭੰਗਾਣੀਏ ਗੋਤ ਨਾਲ਼ ਸੰਬੰਧਿਤ ਲੋਕ ਦਲਿਤ ਬਰਾਦਰੀਆਂ ਨਾਲ਼ ਸੰਬੰਧ ਰੱਖਦੇ ਹਨ। ਪਿੰਡ ਨਵਾਂ ਪਿੰਡ ਜੱਟਾਂ ਦੇ ਭੰਗਾਣੀਏ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਕਿਸੇ ਖੁਸ਼ੀ ਦੇ ਮੌਕੇ 'ਤੇ ਪੂਜਾ ਕਰਦੇ ਹਨ।

**118. ਭੱਟੀ –** ਗਿਆਨੀ ਸੁਰਿੰਦਰ ਸਿੰਘ ਰਾਜਪੂਤ ਭੱਟੀ ਗੋਤ ਸੰਬੰਧੀ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਪੰਜਾਬ ਤੋਂ ਰਾਜਪੂਤਾਨਾ ਤੱਕ ਭੱਟੀ ਸ਼ਬਦ ਪ੍ਰਾਚੀਨ ਯਾਦਵਾਂ ਦੇ ਸ਼ਾਹੀ ਪਰਿਵਾਰ ਦੀ ਮੌਜੂਦਾ ਸਮੇਂ ਦੀ ਆਮ ਤੌਰ 'ਤੇ ਪਦਵੀ ਹੈ। ਇਹ ਸ਼੍ਰੀ ਕ੍ਰਿਸ਼ਨ ਤੋਂ ਨਿਕਲੇ ਹਨ। ਭੱਟੀ ਕਬੀਲਾ ਅੱਜ-ਕੱਲ੍ਹ ਬਹੁ-ਗਿਣਤੀ ਅਤੇ ਵਿਸਥਾਰ ਨਾਲ਼ ਪੰਜਾਬ ਵਿੱਚ ਮਿਲਦਾ ਹੈ।" (129)

ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਕਿਲੀ, ਤਲਵੰਡੀ ਬੂਟਿਆਂ, ਸ਼ੰਕਰ ਅਤੇ ਖੁਰਸ਼ੈਦਪੁਰ ਪੰਡੋਰੀ ਪਿੰਡਾਂ ਵਿੱਚ ਪਾਇਆ ਗਿਆ। ਇਹਨਾਂ ਪਿੰਡਾਂ ਵਿਚਲੇ ਭੱਟੀ ਗੋਤ ਦੇ ਲੋਕ ਮਜ਼੍ਹਬੀ ਸਿੱਖ, ਰਵਿਦਾਸੀਏ ਅਤੇ ਬਾਲਮੀਕ ਜਾਤੀਆਂ ਨਾਲ਼ ਸੰਬੰਧ ਰੱਖਦੇ ਹਨ। ਇਹਨਾਂ ਪਿੰਡਾਂ ਵਿਚਲੇ ਭੱਟੀ ਗੋਤ ਦੇ ਲੋਕਾਂ ਵਿੱਚੋਂ ਤਲਵੰਡੀ ਬੂਟਿਆਂ ਅਤੇ ਕਿਲੀ ਪਿੰਡਾਂ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਭੱਟੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ।

**119. ਭਾਰਦਵਾਜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਬੂਟਿਆਂ ਵਿਖੇ ਅਧਰਮੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਪਿੰਡ ਦੇ ਭਾਰਦਵਾਜ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਇਸ ਗੋਤ ਬਾਰੇ ਲਿਖਦੇ ਹਨ:

> ਭਾਰਦਰਾਜ ਇਕ ਰਿਸ਼ੀ ਦਾ ਨਾਮ ਹੈ। ਇਹ ਬ੍ਰਿਹਸਪਤੀ ਦਾ ਪੁੱਤਰ ਅਤੇ ਪਾਂਡਵਾਂ ਦੇ ਗੁਰੂ ਦ੍ਰੋਣ ਦਾ ਪਿਤਾ ਸੀ। ਇਸ ਦੇ ਵੰਸ਼ ਵਿਚੋਂ ਜਾਂ ਇਸ ਦੇ ਉਪਦੇਸ਼ਾਂ ਨੂੰ ਮੰਨਣ ਵਾਲਿਆਂ ਦੀ ਸੰਗਿਆ ਭਾਰਦਵਾਜ ਹੋਈ। ਇਸ ਜਾਤੀ ਦੇ ਬ੍ਰਾਹਮਣ ਕੁਝ ਅਰੋੜਾ ਗੋਤਰਾਂ ਦੇ ਪ੍ਰੋਹਤ ਹਨ, ਜਿਹਨਾਂ ਵਿਚੋਂ ਅਨੇਜਾ, ਬਵੇਜਾ, ਤਨੇਜਾ, ਸਰੇਜਾ, ਟੁਟਨੇਜਾ, ਸੁਖੇਜਾ, ਚੁੱਘ, ਨਾਗਪਾਲ, ਮਨੋਚਾ ਤੇ ਕਾਲੜਾ ਅਦਿ ਹਨ। ਭਾਰਦਵਾਜ ਗੋਤਰ ਦੇ ਵਿਸਾ, ਗੋਪੀ ਤੇ ਤੁਲਸੀਆਂ ਗੁਰੂ ਅਰਜਨ ਦੇਵ ਜੀ ਦੇ ਅਨਿਨ ਸਿੱਖ ਹੋਏ ਹਨ। ਭਾਈ ਗੁਰਦਾਸ ਜੀ ਨੇ ਉਹਨਾਂ ਦਾ ਜ਼ਿਕਰ 'ਗੁਰਮੁਖ' ਆਖ ਕੇ ਇੰਜ ਕੀਤਾ ਹੈ:
>
> ਵਿਸਾ, ਗੋਪੀ ਤੁਲਸੀਆ
> ਭਾਰਦਵਾਜੀ ਗੁਰਮੁਖ ਸਾਰੇ। (175)

**120. ਭੁੱਲਰ –** ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਜਲੰਧਰ, ਮੋਗਾ, ਮੁਕਤਸਰ ਵਿੱਚ ਭੁੱਲਰ ਨਾਮਕ ਪਿੰਡ ਵੀ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਭੁੱਲਰ ਹਾਂਸ ਅਤੇ ਸੰਗਰੂਰ

ਵਿੱਚ ਭੁੱਲਰਾਂ ਨਾਮਕ ਪਿੰਡ ਹੈ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਇਸ ਗੋਤ ਸੰਬੰਧੀ ਵੇਰਵਾ ਦਿੰਦੇ ਹੋਏ ਲਿਖਦੇ ਹਨ:

> ਭੁੱਲਰ, ਮਾਨ ਅਤੇ ਹੇਅਰ ਆਪਣੇ-ਆਪ ਨੂੰ ਸ਼ੁੱਧ ਤੇ ਅਸਲ ਜੱਟ ਕਹਿੰਦੇ ਹਨ। ਇਹ ਕਹਿੰਦੇ ਹਨ ਕਿ ਮਹਾਂਦੇਵ (ਸ਼ਿਵ ਭਗਵਾਨ) ਜਿਸ ਦੀ ਉਪਾਧੀ 'ਭੋਲਾ ਮਹਾਂਦੇਵ' ਹੈ, ਉਹ ਉਸ ਦੀਆਂ ਜਟਾਂ ਤੋਂ ਪੈਦਾ ਹੋਏ ਹਨ। ਉਹ ਆਮ ਤੌਰ 'ਤੇ ਢਾਈ ਗੋਤਰੇ ਮੰਨੇ ਜਾਂਦੇ ਹਨ। ਕਿਉਂ ਕਿ ਜੱਟਾਂ ਵਿੱਚ ਅੱਧੇ ਹੀ ਹੇਅਰ ਗਿਣੇ ਜਾਂਦੇ ਹਨ,ਪਰ ਮਾਨਾਂ ਦੇ ਜੱਟ ਇਹ ਕਬੀਲਿਆਂ ਦੇ ਕੁਝ ਪਰਿਵਾਰਾਂ ਦਾ ਸਿਆਸੀ ਰੂਪ ਵਿੱਚ ਉਭਾਰ ਹੋਣ ਕਰਕੇ ਸਾਰੇ ਮਾਨ, ਭੁੱਲਰ ਅਤੇ ਹੇਅਰ ਰਾਜਪੂਤ ਗੋਤਰ ਹੀ ਹਨ। ਪਹਿਲਾਂ ਕਸ਼ੱਤਰੀ ਹੀ ਸਨ ਅਤੇ ਰਾਜਪੂਤਾਨੇ ਵੱਲੋਂ ਪੰਜਾਬ ਵਿੱਚ ਆਏ ਸਨ। ਜਾਪਦਾ ਹੈ ਕਿ ਭੁੱਲਰਾਂ ਦਾ ਮੁੱਖ ਟਿਕਾਣਾ ਲਾਹੌਰ ਅਤੇ ਫਿਰੋਜ਼ਪੁਰ ਹੈ। ਇਹ ਮਾਝੇ ਤੇ ਮਾਲਵੇ ਦੇ ਘੇਰੇ ਤੱਕ ਸੀਮਤ ਹੈ। (63)

ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਭੁੱਲਰ ਗੋਤ ਈਦਾ, ਸੰਗਤਪੁਰਾ, ਪਿੱਪਲੀ ਅਤੇ ਬਿੱਲੀ ਭੁੱਲਰ ਵਿਖੇ ਪਾਇਆ ਗਿਆ। ਇਹਨਾਂ ਸਾਰੇ ਪਿੰਡਾਂ ਵਿਚਲੇ ਭੁੱਲਰ ਗੋਤ ਦੇ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜ਼ਿਕਰਯੋਗ ਹੈ ਕਿ ਸਭ ਤੋਂ ਵੱਧ ਭੁੱਲਰ ਗੋਤ ਦੇ ਲੋਕ ਪਿੰਡ ਬਿੱਲੀ ਭੁੱਲਰ ਵਿਖੇ ਰਹਿੰਦੇ ਹਨ ਅਤੇ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**121. ਮਹਿਰਾ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਮਹਿਰਾ ਗੋਤ ਪਿੰਡ ਬੱਲ ਕੋਹਨਾ ਦੀ ਪਰਜਾਪੱਤ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਮਹਿਰਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**122. ਮੱਟੂ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਮੱਟੂ ਗੋਤ ਜਲੰਧਰ ਦੇ ਪਿੰਡਾਂ ਬਿੱਲੀ ਚਾਓ, ਬਿੱਲੀ ਬੜੈਂਚ, ਪੰਧੇਰ, ਗਿੱਲ, ਰਾਜੇਵਾਲ, ਖੁਰਸ਼ੈਦਪੁਰ ਪੰਡੋਰੀ, ਸ਼ੰਕਰ, ਪੰਡੋਰੀ ਖਾਸ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਅਤੇ ਦਲਿਤ ਸ਼੍ਰੇਣੀਆਂ ਵਿੱਚ ਪਾਇਆ ਗਿਆ। ਸੁਰਿੰਦਰ ਸਿੰਘ ਰਾਜਪੂਤ ਆਪਣੀ ਪੁਸਤਕ *ਮਹਾਂ ਪੰਜਾਬ ਦੇ ਜੱਟ* ਵਿੱਚ ਲਿਖਦੇ ਹਨ, "ਮੱਟੂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਾਇਆ ਜਾਣ ਵਾਲਾ ਇੱਕ ਜੱਟ ਕਾਸ਼ਤਕਾਰ ਕਬੀਲਾ ਹੈ।" (90)

ਜਲੰਧਰ ਜ਼ਿਲ੍ਹੇ ਦੇ ਪਿੰਡਾਂ ਬਿੱਲੀ ਬੜੈਂਚ ਅਤੇ ਰਾਜੇਵਾਲ ਦੇ ਮੱਟੂ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਪੰਧੇਰ ਦੇ ਮੱਟੂ ਆਪਣੇ ਪਿੰਡ ਵਿੱਚ ਹੀ 'ਬਾਬਾ ਸੱਧਾ' ਦੀ ਮੰਨ-ਮਨੌਤ ਕਰਦੇ ਹਨ।

**123. ਮਠਾੜੂ –** ਇਹ ਇੱਕ ਪ੍ਰਸਿੱਧ ਗੋਤ ਹੈ ਜੋ ਕਿ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਹੈ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਰਾਮਗੜ੍ਹੀਆ ਬਰਾਦਰੀ ਦੇ ਪ੍ਰਸਿੱਧ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰੁਪੇਵਾਲ, ਸੀਚੇਵਾਲ ਅਤੇ ਜਾਫਰਾਪੁਰ ਦੀ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸੀਚੇਵਾਲ ਦੇ ਮਠਾੜੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**124. ਮੁੱਤੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਮੁੱਤੀ ਗੋਤ ਖਾਨਪੁਰ ਰਾਜਪੂਤਾਂ, ਮੂਲੇਵਾਲ ਅਰਾਈਆਂ, ਕੋਟਲੀ ਗਾਜਰਾਂ, ਨਵਾਂ ਕਿਲ੍ਹਾ ਆਦਿ ਪਿੰਡਾਂ ਦੀ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਕੋਟਲੀ ਗਾਜਰਾਂ ਦੇ ਮੁੱਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਰਾਮਗੜ੍ਹੀਆ ਬਰਾਦਰੀ ਦੇ ਪ੍ਰਸਿੱਧ ਗੋਤਾਂ ਵਿੱਚੋਂ ਇੱਕ ਗੋਤ ਹੈ।" (204)

**125. ਮੋਮੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮਿਆਣੀ, ਨਵਾਂ ਕਿਲ੍ਹਾ ਅਤੇ ਆਲੇਵਾਲੀ ਦੀ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਆਲੇਵਾਲੀ ਦੇ ਮੋਮੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ। ਕਿਰਪਾਲ ਸਿੰਘ ਦਰਦੀ ਵੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਇਸ ਗੋਤ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ, "ਇਹ ਇੱਕ ਕੰਬੋਜ ਗੋਤ, ਮਜ਼੍ਹਬੀ ਗੋਤ ਹੈ।" (116)

**126. ਮੋਮੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬਿੱਲੀ ਚਾਓ ਦੀ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਮੋਮੇ ਗੋਤ ਨਾਲ਼ ਸੰਬੰਧਿਤ ਲੋਕ ਚੇਤ ਚੌਦੇਂ ਨੂੰ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮਿੱਟੀ ਕੱਢਦੇ ਹਨ। ਕਿਰਪਾਲ ਸਿੰਘ ਦਰਦੀ ਦੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਅਨੁਸਾਰ, "ਇਹ ਗੋਤ ਕੰਬੋਜਾਂ, ਰਵਿਦਾਸੀਆਂ ਆਦਿ ਵਿੱਚ ਮਿਲਦਾ ਹੈ।" (241)

**127. ਮਰੋਕ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰੁਪੇਵਾਲ, ਖਾਨਪੁਰ ਰਾਜਪੂਤਾਂ, ਮੂਲੇਵਾਲ ਅਰਾਈਆਂ, ਪਿੱਪਲੀ ਵਿਖੇ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਪਿੱਪਲੀ ਦੇ ਮਰੋਕ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**128. ਮੱਲ੍ਹੀ –** ਪੰਜਾਬ ਵਿੱਚ ਮੱਲ੍ਹੀਆਂ ਨਾਮ ਦੇ ਕਈ ਪਿੰਡ ਹਨ। ਇੱਕ ਮੱਲ੍ਹੀਆਂ ਪਟਿਆਲੇ ਖੇਤਰ ਵਿੱਚ ਹੈ। ਇੱਕ ਮੱਲ੍ਹੀਆਂ ਵਾਲਾ ਸੰਗਰੂਰ ਵਿੱਚ ਹੈ। ਮੱਲ੍ਹੀਆਂ ਵਾਲਾ ਮੋਗੇ ਖੇਤਰ ਵਿੱਚ ਵੀ ਹੈ। ਦੁਆਬੇ ਵਿੱਚ ਵੀ ਇੱਕ ਮੱਲ੍ਹੀਆਂ ਪਿੰਡ ਬਹੁਤ ਪ੍ਰਸਿੱਧ ਹੈ। ਮਾਲਵੇ ਦੇ ਮੋਗਾ, ਲੁਧਿਆਣਾ ਅਤੇ ਸੰਗਰੂਰ ਖੇਤਰਾਂ ਵਿੱਚ ਮੱਲ੍ਹੀ ਭਾਈਚਾਰੇ ਦੇ ਲੋਕ ਪੁਰਾਣੇ ਸਮੇਂ ਤੋਂ ਹੀ ਆਬਾਦ ਹਨ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਮੱਲ੍ਹੀ ਗੋਤ ਸੰਬੰਧੀ ਲਿਖਿਆ ਹੈ:

> ਮੱਲ੍ਹੀ ਭਾਈਚਾਰੇ ਦੇ ਲੋਕ ਈਸਾ ਤੋਂ 1500 ਸਾਲ ਪੂਰਬ ਪੰਜਾਬ ਦੇ ਮੁਲਤਾਨ ਖੇਤਰ ਵਿੱਚ ਭਾਰੀ ਗਿਣਤੀ ਵਿੱਚ ਵੱਸਦੇ ਹਨ। ਹੌਲੀ-ਹੌਲੀ ਮੱਲ੍ਹੀ ਕਬੀਲੇ ਦੇ ਲੋਕ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਚਲੇ ਗਏ। ਹੋਰ ਜਾਤੀਆਂ ਦੇ ਮੁਕਾਬਲੇ ਵਿੱਚ ਅਧਿਕ ਹੋਣ ਕਾਰਨ ਪੰਜਾਬ ਦੇ ਇੱਕ ਵੱਡੇ ਇਲਾਕੇ ਦਾ ਨਾਮ ਮਾਲਵਾ ਪੈ ਗਿਆ। ਵਾਸੂਦੇਵ ਸ਼ਰਨ ਅਗਰਵਾਲ ਵਰਗੇ ਇਤਿਹਾਸਕਾਰ ਵੀ ਲਿਖਦੇ ਹਨ ਕਿ ਮਾਲਵਾ ਗਣ ਦੇ ਲੋਕਾਂ ਨੂੰ ਮੱਲ੍ਹੀ ਜਾਂ ਮਾਲੂ ਵੀ ਕਿਹਾ ਜਾਂਦਾ ਹੈ। ਯੂਨਾਨੀ ਇਤਿਹਾਸਕਾਰ ਇਨ੍ਹਾਂ ਨੂੰ ਮਲੋਈ ਕਹਿੰਦੇ ਹਨ। ਇਹ ਬਹੁਤ ਹੀ ਸੂਰਬੀਰ ਕੌਮ ਸੀ। ਕੁਝ ਇਤਿਹਾਸਕਾਰ ਮੱਲ੍ਹੀਆਂ ਦਾ ਸੰਬੰਧ ਪਰਮਾਰ ਰਾਜਪੂਤਾਂ ਨਾਲ ਜੋੜਦੇ ਹਨ ਅਤੇ ਕੁਝ ਸਰੋਆ ਰਾਜਪੂਤਾਂ ਨਾਲ ਜੋੜਦੇ ਹਨ। ਮੱਲ੍ਹੀ ਤਾਂ ਰਾਜਪੂਤਾਂ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਦਾ ਕਬੀਲਾ ਹੈ। ਪ੍ਰਸਿੱਧ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਰਾਜਪੂਤਾਂ ਦੀ ਪੈਦਾਇਸ਼ ਅੱਠਵੀਂ, ਨੌਂਵੀਂ ਸਦੀ ਦੱਸਦਾ ਹੈ। ਜਦੋਂ ਖਹਿਰੇ ਮਾਲਵੇ ਵਿੱਚ ਆਏ ਤਾਂ ਮੱਲ੍ਹੀਆਂ ਨਾਲ ਲੜਾਈਆਂ ਕਰਕੇ ਮੱਲ੍ਹੀਆਂ ਦੇ ਪ੍ਰਸਿੱਧ ਪਿੰਡ ਮੱਲ੍ਹਾ ਤੇ ਚੜਿੱਕ ਬਰਬਾਦ ਕਰ ਦਿੱਤੇ। 12ਵੀਂ ਸਦੀ ਈਸਵੀ ਵਿੱਚ ਮਲਿਆਣੇ ਵਾਲਿਆਂ ਵਿੱਚੋਂ ਲਛਮਣ ਸਿੱਧ ਬੜਾ ਸ਼ਕਤੀਸ਼ਾਲੀ ਸੀ। ਉਸ ਨੇ ਚੜਿੱਕ ਅਤੇ ਅਸ਼ਟਾਂਗ ਕੋਟ ਪਿੰਡ ਦੁਬਾਰਾ ਵਸਾਏ ਸਨ। ਚੜਿੱਕ ਆਪਣੇ ਭਤੀਜੇ ਸੰਘੇ ਨੂੰ ਦੇ ਦਿੱਤਾ ਸੀ। ਲਛਮਣ ਸਿੱਧ ਆਪ ਅਸ਼ਟਾਂਗ ਕੋਟ ਰਹਿੰਦਾ ਸੀ। ਗਜ਼ਨੀ ਵਾਲਿਆਂ ਨੂੰ ਮਾਲਵੇ ਵਿੱਚੋਂ ਕੱਢਣ ਲਈ ਲਛਮਣ ਸਿੱਧ ਵੀ ਜੱਗਦੇਉ ਪਰਮਾਰ ਨਾਲ ਰਲ ਗਿਆ। ਇਹ ਗੌਰੀਆਂ ਦੇ ਬਠਿੰਡਾ ਮਾਰਨ ਦੇ ਸਮੇਂ ਉਹਨਾਂ ਦੇ ਵਿਰੁੱਧ ਲੜੇ ਸਨ। ਇਸ ਲੜਾਈ ਵਿੱਚ ਰਾਜਪੂਤ ਜੱਟਾਂ ਦਾ ਬਹੁਤ ਨੁਕਸਾਨ ਹੋਇਆ ਸੀ। ਰਾਜਪੂਤ ਤੇ ਜੱਟ ਇੱਕੋ ਨਸਲ ਵਿੱਚੋਂ ਹਨ। ਅਸਲ ਵਿੱਚ ਜੱਟ ਹੀ ਰਾਜਪੂਤਾਂ ਦੇ ਮਾਪੇ ਹਨ। ਗੌਰੀਆਂ, ਭੱਟੀਆਂ ਤੇ ਖਹਿਰਿਆਂ ਨੇ ਲਛਮਣ ਸਿੱਧ ਦੇ ਭਾਈਚਾਰੇ ਦੇ ਪਿੰਡ ਅੱਗਾਂ ਲਾ ਕੇ ਫੂਕ ਦਿੱਤੇ। ਚੜਿੱਕ ਦੇ ਸਥਾਨ 'ਤੇ ਭਾਰੀ ਯੁੱਧ ਹੋਇਆ। ਲਛਮਣ ਸਿੱਧ ਦਾ ਸੀਸ ਚੜਿੱਕ ਡਿੱਗਿਆ ਤੇ ਧੜ ਮੁਸਤਫਾ ਕੋਲ ਆ ਕੇ ਡਿੱਗਿਆ। ਦੋਹੀਂ ਥਾਈਂ ਇਸ ਸਿੱਧ ਦੀਆਂ ਮੜ੍ਹੀਆਂ ਬਣੀਆਂ ਹਨ। ਇਸ ਭਾਈਚਾਰੇ ਦੇ ਲੋਕ ਇਹਨਾਂ ਮੜ੍ਹੀਆਂ ਨੂੰ ਪੂਜਦੇ ਹਨ। ਚੌਦਾਂ ਚੇਤ ਨੂੰ ਮੋਗੇ ਜ਼ਿਲ੍ਹੇ ਦੇ ਪਿੰਡ ਮਾੜੀ ਵਿੱਚ ਵੀ ਲਛਮਣ ਸਿੱਧ ਦੇ ਮੰਦਰ ਵਿੱਚ ਭਾਰੀ

> ਸਾਲਾਨਾ ਮੇਲਾ ਲੱਗਦਾ ਹੈ। ਲਛਮਣ ਸਿੱਧ ਮੱਲ੍ਹੀ ਜੱਟ ਸੀ। ਮਾੜੀ ਦੇ ਮੱਲ੍ਹੀ ਜੱਟ ਮੰਦਿਰ ਵਿੱਚ ਹਰ ਸ਼ਾਮ ਦੀਵਾ ਬਾਲਦੇ ਹਨ। ਮੱਲ੍ਹੀ ਜੱਟਾਂ ਦਾ ਬਹੁਤ ਹੀ ਪੁਰਾਣਾ ਅਤੇ ਪ੍ਰਸਿੱਧ ਗੋਤ ਹੈ। (152)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚਾਓ, ਨਵਾਂ ਪਿੰਡ ਜੱਟਾਂ ਅਤੇ ਪੰਡੋਰੀ ਖਾਸ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਅਤੇ ਪਰਜਾਪੱਤ (ਘੁਮਿਆਰ) ਜਾਤੀ ਨਾਲ਼ ਸੰਬੰਧਿਤ ਹੈ। ਬਿੱਲੀ ਚਾਓ ਪਿੰਡ ਦੇ ਮੱਲ੍ਹੀ 'ਲਛਮਣ ਸਿੱਧ' ਦੀ ਮੰਨ-ਮਨੌਤ ਕਰਨ ਲਈ ਮਾੜੀ ਮੁਸਤਫ਼ਾ ਵਿਖੇ ਜਾਂਦੇ ਹਨ ਅਤੇ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਨਵਾਂ ਪਿੰਡ ਜੱਟਾਂ ਦੇ ਮੱਲ੍ਹੀ ਆਪਣੇ ਪਿੰਡ ਵਿਖੇ ਹੀ ਮੱਸਿਆ ਮੌਕੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**129. ਰਾਏ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਈਵਾਲ ਦੋਨਾ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਰਾਈਵਾਲ ਦੋਨਾ ਦੇ ਰਾਏ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਸ ਬੰਸ ਦਾ ਮੋਢੀ ਰਾਇ ਸੀ। ਇਹ ਵੀ ਕੰਗਾਂ ਵਾਂਗ ਰਘੂਬੰਸੀ ਜੋਗਰੇ ਦੀ ਬੰਸ ਵਿੱਚੋਂ ਹਨ। ਨੱਤ ਜੱਟ ਵੀ ਇਨ੍ਹਾਂ ਦੇ ਭਾਈਚਾਰੇ ਵਿੱਚੋਂ ਹਨ। ਇਹ ਇਰਾਨ ਤੋਂ ਸਿੰਧ, ਰਾਜਸਤਾਨ, ਦਿੱਲੀ ਆਦਿ ਵਿੱਚ ਆ ਕੇ ਕਾਫੀ ਸਮਾਂ ਆਬਾਦ ਰਹੇ। ਤਾਰੀਖੇ ਸਿੰਧ ਦੇ ਅਨੁਸਾਰ ਸਿੰਧ ਦਾ ਪਹਿਲਾ ਬਾਦਸ਼ਾਹ ਦਿਵਾ ਜੀ ਸੀ। ਇਹ ਰਾਏ ਭਾਈਚਾਰੇ ਵਿੱਚੋਂ ਸੀ। ਦਿਵਾ ਜੀ ਬਹੁਤ ਤਾਕਤਵਰ ਬਾਦਸ਼ਾਹ ਸੀ।ਇਸ ਦਾ ਰਾਜ ਕਸ਼ਮੀਰ, ਕੰਧਾਰ, ਸੁਰਾਸ਼ਟਰ ਅਤੇ ਕਨੌਜ ਤੋਂ ਵੀ ਅੱਗੇ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਭਾਰਤ ਦੇ ਛੋਟੇ-ਛੋਟੇ ਰਾਜਿਆਂ ਨਾਲ ਵੀ ਇਸ ਦੀ ਮਿੱਤਰਤਾ ਸੀ। ਰਾਏ ਖਾਨਦਾਨ ਦੇ ਜੱਟਾਂ ਨੇ ਸਿੰਧ ਵਿੱਚ 137 ਸਾਲ ਤੱਕ ਰਾਜ ਕੀਤਾ। ਹੁਸ਼ਿਆਰਪੁਰ ਤੇ ਜਲੰਧਰ ਖੇਤਰ ਦੇ ਕੁਝ ਪਿੰਡਾਂ ਵਿੱਚ ਵੀ ਰਾਏ ਗੋਤ ਦੇ ਜੱਟ ਵੱਸਦੇ ਹਨ। ਇਹ ਉੱਘਾ ਤੇ ਪ੍ਰਭਾਵਸ਼ਾਲੀ ਗੋਤ ਹੈ। ਮਾਝੇ ਦੇ ਲੋਪੋਕੇ ਖੇਤਰ ਵਿੱਚ ਰਾਏ ਜੱਟਾਂ ਦਾ ਉੱਘਾ ਤੇ ਵੱਡਾ ਪਿੰਡ ਰਾਏ ਹੈ। ਇਕ ਰਾਏ ਚੱਕ ਪਿੰਡ ਗੁਰਦਾਸਪੁਰ ਖੇਤਰ ਵਿੱਚ ਵੀ ਹੈ। ਮਾਝੇ ਵਿੱਚ ਰਾਏ ਗੋਤ ਦੇ ਜੱਟ ਵੀ ਕਾਫੀ ਹਨ। ਦੁਆਬੇ ਵਿੱਚ ਵੀ ਰਾਏ ਜੱਟਾਂ ਦੇ ਕਈ ਪਿੰਡ ਹਨ। ਰੋਪੜ ਖੇਤਰ ਵਿੱਚ ਮਾਜਰੀ ਠੇਕੇਦਾਰਾਂ ਵੀ ਰਾਏ ਬਰਾਦਰੀ ਦਾ ਪ੍ਰਸਿੱਧ ਪਿੰਡ ਹੈ। ਅਕਬਰ ਬਾਦਸ਼ਾਹ ਦੇ ਸਮੇਂ ਵੱਡੇ ਚੌਧਰੀਆਂ ਨੂੰ ਰਾਏ ਦਾ ਖਿਤਾਬ ਦਿੱਤਾ ਜਾਂਦਾ ਸੀ। ਰਾਜਪੂਤ ਰਾਜੇ ਵੀ ਆਪਣੇ ਨਾਉਂ ਦੇ ਨਾਲ ਰਾਉ ਜਾਂ ਰਾਏ ਲਿਖਦੇ ਸਨ। ਅੰਗਰੇਜ਼ਾਂ ਦੇ ਸਮੇਂ ਵੀ ਕੁਝ ਰਈਸ ਹਿੰਦੂਆਂ ਨੂੰ ਰਾਏ ਬਹਾਦਰ ਦਾ ਵਿਸ਼ੇਸ਼ ਖ਼ਿਤਾਬ ਦਿੱਤਾ ਜਾਂਦਾ ਸੀ। ਇਨ੍ਹਾਂ ਦਾ ਗੋਤ ਰਾਏ ਨਹੀਂ ਹੁੰਦਾ ਸੀ। ਕੰਗ ਅਤੇ ਰਾਏ ਦੋਵੇਂ ਹੀ ਜੱਟਾਂ ਦੇ ਬਹੁਤ

> ਹੀ ਪੁਰਾਣੇ ਗੋਤ ਹਨ। ਰਾਅ ਸਿੱਖ ਅਤੇ ਰਾਏ ਜੱਟ ਇਕੋ ਬੰਸ ਵਿੱਚੋਂ ਨਹੀਂ ਹਨ। ਰਾਏ ਜੱਟਾਂ ਦਾ ਜਗਤ ਪ੍ਰਸਿੱਧ ਗੋਤ ਹੈ। (155)

**130. ਰਤਨਪਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ। ਪਿੰਡ ਮਿਆਣੀ ਦੇ ਰਤਨਪਾਲ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ।

**131. ਰੰਧਾਵਾ –** ਖੋਜ ਸਰਵੇਖਣ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਆਲੇਵਾਲੀ, ਤਲਵੰਡੀ ਮਾਧੋ ਅਤੇ ਜਾਫਰਾਪੁਰ ਦੀਆਂ ਦਲਿਤ ਬਰਾਦਰੀਆਂ ਵਿੱਚ ਪਾਇਆ ਗਿਆ। ਪਿੰਡ ਆਲੇਵਾਲੀ ਵਿੱਚ ਰੰਧਾਵਾ ਗੋਤ ਦੇ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਸ਼ੰਕਰ ਨੇੜੇ ਬਜੂਹਾ ਵਿਖੇ ਮੱਸਿਆ 'ਤੇ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ। ਇਸ ਦੇ ਨਾਲ਼ ਹੀ ਤਲਵੰਡੀ ਮਾਧੋ ਦੇ ਰੰਧਾਵੇ ਵੀ ਅਗਿਆਤ ਜਠੇਰੇ ਨੂੰ ਮੰਨਦੇ ਹਨ। ਗਿਆਨੀ ਸੁਰਿੰਦਰ ਸਿੰਘ ਰਾਜਪੂਤ ਨੇ ਆਪਣੀ ਪੁਸਤਕ *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ* ਵਿੱਚ ਲਿਖਿਆ ਹੈ:

> ਰੰਧਾਵਾ ਇੱਕ ਬਹੁਤ ਵੱਡਾ ਤੇ ਦੂਰ-ਦੂਰ ਤੱਕ ਫੈਲਿਆ ਹੋਇਆ ਕਬੀਲਾ ਹੈ ਜਿਸ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਜਾਪਦਾ ਹੈ ਪਰ ਉਹ ਵਿਸ਼ੇਸ਼ ਸੰਖਿਆ ਵਿੱਚ ਲਾਹੌਰ, ਜਲੰਧਰ, ਹੁਸ਼ਿਆਰਪੁਰ ਅਤੇ ਪਟਿਆਲੇ ਵਿੱਚ ਵੀ ਮਿਲਦੇ ਹਨ। ਉਨ੍ਹਾਂ ਦਾ ਮੋਢੀ ਰੰਧਾਵਾ ਇੱਕ ਯੱਦੂ ਜਾਂ ਭੱਟੀ ਰਾਜਪੂਤ ਸੀ ਜੋ ਕਿ ਸੱਤ ਸਦੀਆਂ ਪਹਿਲਾਂ ਬੀਕਾਨੇਰ ਵਿੱਚ ਰਹਿੰਦਾ ਸੀ ਅਤੇ ਉਸ ਤੋਂ ਪੰਜਵੀਂ ਪੀੜ੍ਹੀ ਹੇਠਾਂ ਉਸਦਾ ਇੱਕ ਵੰਸ਼ਜ ਕੁਜ਼ਲ ਬਟਾਲੇ ਵੱਲ ਆਇਆ ਸੀ ਜਿਸ ਸ਼ਹਿਰ ਨੂੰ ਕੁਝ ਸਮਾਂ ਪਹਿਲਾਂ ਹੀ ਇੱਕ ਹੋਰ ਭੱਟੀ ਰਾਜਪੂਤ ਰਾਮਦੇਊ ਨੇ ਆਬਾਦ ਕੀਤਾ ਸੀ। (72)

**132. ਰਾਮਗੜ੍ਹੀਆ –** ਇਹ ਇੱਕ ਤਰਖਾਣ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਰਾਮਗੜ੍ਹੀਆ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸੀਚੇਵਾਲ, ਮੱਲ੍ਹੀਵਾਲ, ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ। ਇਹਨਾਂ ਪਿੰਡਾਂ ਵਿੱਚੋਂ ਪਿੰਡ ਸੀਚੇਵਾਲ ਦੇ ਰਾਮਗੜ੍ਹੀਆ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**133. ਰੱਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬਿੱਲੀ ਭੁੱਲਰ ਵਿਖੇ ਰਵਿਦਾਸੀਆ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**134. ਲੋਲੇ (ਚੌਹਾਨ) –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬੱਲ ਕੋਹਨਾ ਵਿਖੇ ਪਰਜਾਪੱਤ ਜਾਂ ਘੁਮਿਆਰ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਪਿੰਡ ਦੇ ਲੋਲੇ (ਚੌਹਾਨ) ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**135. ਵਿਰਦੀ –** ਇਹ ਗੋਤ ਮੂਲ ਰੂਪ ਵਿੱਚ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਵਿਰਦੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਕਿਰਪਾਲ ਸਿੰਘ ਦਰਦੀ ਆਪਣੀ ਪੁਸਤਕ *ਪੰਜਾਬ ਦੀਆਂ ਜਾਤਾਂ ਤੇ ਗੋਤ* ਵਿੱਚ ਲਿਖਦੇ ਹਨ, "ਵਿਰਦੀ ਰਾਮਗੜ੍ਹੀਆ ਬਰਾਦਰੀ ਦੇ ਪ੍ਰਮੁੱਖ ਗੋਤਾਂ ਵਿੱਚੋਂ ਇੱਕ ਹੈ।" (205)

**136. ਵਰਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਚੱਕ ਬਾਹਮਣੀਆਂ ਖੁਰਦ, ਇਸਮਾਇਲਪੁਰ, ਰਾਮੇ, ਰਾਜੇਵਾਲ, ਮਿਆਣੀ, ਪਿੱਪਲੀ ਦੀ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਇਸਮਾਇਲਪੁਰ, ਰਾਮੇ ਅਤੇ ਚੱਕ ਬਾਹਮਣੀਆਂ ਖੁਰਦ ਦੇ ਵਰਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ ਅਤੇ ਨਾ ਹੀ ਉਹ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਹਨ, ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**137. ਵਾਲੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਵਾਲੂ ਗੋਤ ਪਿੰਡ ਜਾਫਰਾਪੁਰ, ਬਿੱਲੀ ਚਾਓ ਅਤੇ ਈਦਾ ਦੀਆਂ ਦਲਿਤ ਬਰਾਦਰੀਆਂ (ਬਾਲਮੀਕ ਅਤੇ ਮਜ਼੍ਹਬੀ ਸਿੱਖ) ਵਿੱਚ ਪਾਇਆ ਗਿਆ। ਪਿੰਡ ਜਾਫਰਾਪੁਰ ਦੇ ਵਾਲੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਬਿੱਲੀ ਚਾਓ ਦੇ ਵਾਲੂ ਗੋਤ ਨਾਲ਼ ਸੰਬੰਧਿਤ ਲੋਕ ਨਕੋਦਰ ਲਾਗੇ ਟੁੱਟ ਕਲਾਂ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਮਿੱਟੀ ਕੱਢਣ ਲਈ ਜਾਂਦੇ ਹਨ।

**138. ਵਾਲੀਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਪੰਧੇਰ ਵਿਖੇ ਦਲਿਤ ਬਰਾਦਰੀ (ਬਾਲਮੀਕ) ਵਿੱਚ ਪਾਇਆ ਗਿਆ। ਪਿੰਡ ਪੰਧੇਰ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਨਕੋਦਰ ਲਾਗੇ ਟੁੱਟ ਕਲਾਂ ਵਿਖੇ ਲੋਹੜੀ, ਦੀਵਾਲੀ ਨੂੰ ਆਪਣੇ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ।

**139. ਵਿਲਾਸਰਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰਾਜੇਵਾਲ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਰਾਜੇਵਾਲ ਦੇ ਵਿਲਾਸਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਕਿਸਮ ਦੀ ਜਠੇਰਾ-ਪੂਜਾ ਨਹੀਂ ਕਰਦੇ।

**140. ਵੜੈਂਚ –** ਗੋਤ ਤੋਂ ਇਲਾਵਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਦਾਸਪੁਰ ਜ਼ਿਲ੍ਹੇ ਅੰਦਰ ਵੜੈਂਚ ਨਾਮੀ ਪਿੰਡ ਵੀ ਹਨ। ਸੇਵਾ ਸਿੰਘ ਕੌੜਾ ਆਪਣੀ ਪੁਸਤਕ *ਨਾਵਾਂ ਦਾ ਨਿਕਾਸ* ਵਿੱਚ ਵੜੈਂਚ ਗੋਤ ਬਾਰੇ ਲਿਖਦੇ ਹਨ:

ਸੂਬੇ ਵਿੱਚ ਵੜੈਚ ਜੱਟਾਂ ਦੇ ਵੱਡੇ ਕਬੀਲਿਆਂ ਵਿੱਚੋਂ ਇੱਕ ਕਬੀਲਾ ਹੈ। ਅਕਬਰ ਬਾਦਸ਼ਾਹ ਦੇ ਸਮੇਂ ਉਹਨਾਂ ਨੇ ਗੁਜਰਾਤ ਦੇ ਇਲਾਕੇ ਦਾ 2/3 ਹਿੱਸਾ ਆਪਣੇ ਕਬਜ਼ੇ ਹੇਠ ਕਰ ਲਿਆ ਜਦੋਂ ਕਿ ਇਹ ਗੁੱਜਰਾਂ ਨਾਲੋਂ ਛੋਟੇ ਦਰਜੇ ਦੇ ਸਨ, ਜਿਨ੍ਹਾਂ ਕੋਲ਼ ਇਸ ਇਲਾਕੇ ਦਾ ਬਾਕੀ ਹਿੱਸਾ ਕਬਜੇ ਹੇਠ ਸੀ। ਉਹਨਾਂ ਦੇ ਉਸ ਇਲਾਕੇ ਵਿੱਚ ਹੁਣ ਤੱਕ ਵੜੈਚਾਂ ਨੇ 170 ਪਿੰਡਾਂ ਉੱਤੇ ਕਬਜ਼ਾ ਕਰ ਲਿਆ। ਵੜੈਚਾਂ ਨੇ ਗੁੱਜਰਾਂਵਾਲ਼ਾ ਵਿੱਚ ਆਉਣ ਸਮੇਂ ਦਰਿਆ ਝਨਾਂ ਨੂੰ ਪਾਰ ਕੀਤਾ ਜਿੱਥੇ ਕਿ ਵੜੈਚਾਂ ਨੇ ਇਸ ਇਲਾਕੇ ਦੇ 41 ਪਿੰਡਾਂ ਉੱਤੇ ਕਬਜ਼ਾ ਕੀਤਾ ਸੀ। ਉਹ ਪਹਾੜੀਆਂ ਦੇ ਹੇਠਾਂ ਵੱਲ ਲੁਧਿਆਣਾ ਤੇ ਮਲੇਰਕੋਟਲਾ ਤੱਕ ਫੈਲ ਗਏ। ਉਹਨਾਂ ਨੇ ਰਾਜਪੂਤ ਹੋਣ ਦਾ ਕਦੇ ਦਾਅਵਾ ਨਹੀਂ ਕੀਤਾ, ਸਗੋਂ ਉਹ ਕਹਿੰਦੇ ਹਨ ਕਿ ਉਹਨਾਂ ਦਾ ਵਡਾਰੂ 'ਧੁੱਢੀ' ਇੱਕ ਜੱਟ ਸੀ। ਉਹ ਭਾਰਤ ਵਿੱਚ ਮਹਿਮੂਦ ਗਜ਼ਨਵੀ ਨਾਲ਼ ਆਇਆ ਅਤੇ ਗੁਜਰਾਤ ਵਿੱਚ ਆਬਾਦ ਹੋ ਗਿਆ, ਜਿੱਥੇ ਉਸਦਾ ਕਬੀਲਾ ਸ਼ਕਤੀਸ਼ਾਲੀ ਹੋ ਕੇ ਉੱਭਰਿਆ ਅਤੇ ਗੁੱਜਰ ਵੰਸ਼ ਦੇ ਰਾਜੇ ਗੋਇਲ ਤੋਂ ਕੁਝ ਭਾਗ ਗੁਜਰਾਤ ਦਾ ਖੋਹ ਕੇ ਆਪਣੇ ਕਬਜ਼ੇ ਹੇਠ ਕਰ ਲਿਆ। ਇਸ ਕਬੀਲੇ ਦਾ ਪਹਿਲਾ ਟਿਕਾਣਾ ਗੁਜਰਾਤ ਹੀ ਸੀ। (234)

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਬੜੈਂਚ ਅਤੇ ਬਿੱਲੀ ਚਾਓ ਦੇ ਜੱਟਾਂ ਵਿੱਚ ਪਾਇਆ ਗਿਆ। ਪਿੰਡ ਬਿੱਲੀ ਚਾਓ ਦੇ ਵੜੈਂਚ ਗੋਤ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ। ਇਸ ਤੋਂ ਇਲਾਵਾ ਪਿੰਡ ਬਿੱਲੀ ਬੜੈਂਚ ਦੇ ਵੜੈਂਚ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਗੁਰਦੁਆਰੇ ਦੇ ਲਾਗੇ ਟੈਂਕੀ ਕੋਲ਼ ਆਪਣੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**141. ਸ਼ੋਹਕਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਸ਼ੋਹਕਰ ਗੋਤ ਪਿੰਡ ਕੋਹਾੜ ਖੁਰਦ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸ਼ੋਹਕਰ ਗੋਤ ਨਾਲ਼ ਸੰਬੰਧਿਤ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**142. ਸ਼ੀਂਹਮਾਰ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬਿੱਲੀ ਚੁਹਾਰਮੀ ਦੀ ਅਧਰਮੀ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਸ਼ੀਂਹਮਾਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਡਾ. ਰਾਏਜਸਬੀਰ ਸਿੰਘ ਆਪਣੀ ਪੁਸਤਕ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਵਿੱਚ ਲਿਖਦੇ ਹਨ, "ਸ਼ੀਂਹਮਾਰ ਗਡੋਲੀ ਜਾਜਵੰਤੀ ਤੇ ਬਰਤਾਨਾ, (ਜੀਂਦ) ਤੇ ਦਾਦਰੀ ਤਹਿਸੀਲ ਵਿਚਲਾ ਘਟ ਗਿਣਤੀ ਵਾਲ਼ਾ ਕਬੀਲਾ। ਅਸਲ ਵਿਚ ਇਹ ਕਲ੍ਹਾਰ ਹਨ। ਇਕ ਵਿਅਕਤੀ ਦੇ ਸ਼ੇਰ ਮਾਰਨ ਕਾਰਨ ਇਹ ਸ਼ੀਂਹਮਾਰ ਹੋ ਗਏ।" (75)

**143. ਸ਼ਰਮਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਸ਼ਰਮਾ ਗੋਤ ਪਿੰਡ ਗਿੱਲ ਵਿਖੇ ਪੰਡਿਤ (ਬ੍ਰਾਹਮਣ) ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਪਿੰਡ ਦੇ ਸ਼ਰਮਾ ਗੋਤ ਵਾਲ਼ੇ ਲੋਕ ਦੇਵੀ ਮਾਤਾ ਦੀ ਪੂਜਾ ਕਰਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

## 4.4 ਪੂਜਾ-ਵਿਧਾਨ ਅਤੇ ਅਨੁਸ਼ਠਾਨ ਵਿਧੀਆਂ:

ਲੋਕ-ਧਰਮ ਵਿੱਚ ਪੂਜਾ-ਵਿਧਾਨ ਅਤੇ ਅਨੁਸ਼ਠਾਨ ਵਿਧੀਆਂ ਦੀ ਖਾਸ ਮਹੱਤਤਾ ਹੈ। ਜੇਕਰ ਜਠੇਰਾ-ਪੂਜਾ ਦੀ ਗੱਲ ਕਰੀਏ ਤਾਂ ਇਸ ਜਠੇਰਾ-ਪੂਜਾ ਵਿੱਚ ਵੀ ਰਹੁ-ਰੀਤਾਂ ਅਤੇ ਪੂਜਾ-ਵਿਧੀਆਂ ਹਨ। ਧਰਮ-ਸ਼ਾਸਤਰਾਂ ਦੇ ਅਨੁਸਾਰ ਧਾਰਮਿਕ ਕਰਮਾਂ ਦੇ ਨਿਯਮ ਪੂਰਵਕ ਆਰੰਭਣ ਅਤੇ ਉਹਨਾਂ ਨੂੰ ਪੂਰਾ ਕਰਨ ਨੂੰ ਅਨੁਸ਼ਠਾਨ ਕਿਹਾ ਜਾਂਦਾ ਹੈ। ਕਰਮ-ਕਾਂਡ ਸ਼ਾਸਤਰ ਦੁਆਰਾ ਮਨੁੱਖ ਲਈ ਨਿਯਤ ਕੀਤੇ ਗਏ ਜਾਪ, ਪਾਠ, ਇਸ਼ਨਾਨ ਆਦਿ ਕਰਮਾਂ ਦਾ ਵਿਧੀ-ਵਿਧਾਨ ਪੂਰਬਕ ਆਰੰਭਣਾ ਜਾਂ ਉਹਨਾਂ ਨੂੰ ਪੂਰਾ ਕਰਨਾ 'ਅਨੁਸ਼ਠਾਨ' ਕਿਹਾ ਜਾਂਦਾ ਹੈ।

**ਗੋਤਾਂ ਦੀਆਂ ਪੂਜਾ-ਵਿਧੀਆਂ:** ਜ਼ਿਲ੍ਹਾ ਜਲੰਧਰ ਦੇ ਸਰਵੇਖਣ ਅਧੀਨ ਲਿਆਂਦੇ ਪਿੰਡਾਂ ਵਿੱਚੋਂ ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਇਕੱਤਰ ਕੀਤੀ ਗਈ ਸਮੱਗਰੀ ਦੇ ਆਧਾਰ 'ਤੇ ਉਹਨਾਂ ਦੇ ਜਠੇਰਿਆਂ ਨਾਲ਼ ਸੰਬੰਧਿਤ ਪੂਜਾ ਵਿਧੀਆ ਬਾਰੇ ਚਰਚਾ ਨਿਮਨਲਿਖਤ ਹੈ:-

**1. ਉੱਪਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਨਵਾਂ ਪਿੰਡ ਜੱਟਾਂ ਵਿਖੇ ਵਸਦੀ ਜੱਟ ਸਿੱਖ ਬਰਾਦਰੀ ਵਿੱਚ ਪਾਏ ਗਏ ਉੱਪਲ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਸੇਵਾ ਸਿੰਘ ਕੌੜਾ ਦੀ ਪੁਸਤਕ *ਨਾਵਾਂ ਦਾ ਨਿਕਾਸ* ਅਨੁਸਾਰ:

> ਇਹ ਗੋਤਰ ਜੱਟਾਂ ਤੇ ਖਤਰੀਆਂ ਦੋਹਾਂ ਵਿੱਚ ਮਿਲਦਾ ਹੈ। ਭਾਰਤ ਵਿੱਚ ਮੁਗਲ ਰਾਜ ਸਮੇਂ ਇਸ ਜਾਤੀ ਦੇ ਕਾਫ਼ੀ ਲੋਕਾਂ ਨੇ ਇਸਲਾਮ ਧਾਰਨ ਕਰ ਲਿਆ। ਇਸ ਲਈ ਇਹ ਮੁਸਲਮਾਨਾਂ ਵਿਚ ਵੀ ਹੈ। ਮਿੰਟਗੁਮਰੀ ਦੇ ਮੁਸਲਮਾਨ ਉਪਲ ਹਿੰਦੂਆਂ ਤੋਂ ਹੀ ਬਦਲੇ ਹਨ। ਸਿਵਲ ਮਿਲਟਰੀ ਗਜ਼ਟ ਤੀਜੀ, ਪੰਨਾ 483 ਅਨੁਸਾਰ ਇਹ ਮਧ ਨਾਉਂ ਦੇ ਆਪਣੇ ਜਠੇਰੇ ਦੀ ਪੂਜਾ ਕਰਦੇ ਹਨ। ਵਿਆਹ ਸ਼ਾਦੀਆਂ ਸਮੇਂ ਜੰਡ ਵੱਢੇ ਜਾਂਦੇ ਸਨ ਅਤੇ ਗਾਨੇ ਖੇਡੇ ਜਾਂਦੇ ਸਨ। (48)

**2. ਅਟਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪਿੰਡ ਬਿੱਲੀ ਚੁਹਾਰਮੀ ਵਿਖੇ ਪਾਏ ਗਏ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ 'ਤੇ ਪਤਾ ਚੱਲਿਆ ਕਿ ਉਹ ਲੋਕ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਪਿੰਡ ਘੁੜ੍ਹਕੀ ਵਿਖੇ ਜਾਂਦੇ ਹਨ। ਚੜ੍ਹਾਵੇ ਵਜੋਂ ਚਿੱਟੇ ਚੌਲ ਅਤੇ ਦੇਗ-ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਵਿਸਾਖੀ 'ਤੇ ਪਿੰਡ ਘੁੜਕੀ ਵਿਖੇ ਜਠੇਰੇ

ਨਾਲ਼ ਸੰਬੰਧਿਤ ਮੇਲਾ ਵੀ ਲੱਗਦਾ ਹੈ। ਰੁਝੇਵਿਆਂ ਕਰਕੇ ਜਦ ਵਿਹਲ ਮਿਲਣ ‘ਤੇ ਜਠੇਰੇ ਦੇ ਨਾਂ ਦੀ ਪਿੰਡ ਬਿੱਲੀ ਚੁਹਾਰਮੀ ਦੇ ਅਟਵਾਲ ਮਿੱਟੀ ਵੀ ਕੱਢਦੇ ਹਨ।

3. **ਅਰੋੜਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਅਰੋੜਾ ਗੋਤ ਪਿੰਡ ਗਿੱਲ ਅਤੇ ਸ਼ੰਕਰ ਵਿਖੇ ਪਾਇਆ ਗਿਆ। ਪਿੰਡ ਗਿੱਲ ਵਿਖੇ ਇਸ ਗੋਤ ਨਾਲ਼ ਸੰਬੰਧਿਤ ਲੋਕ ਹਿੰਦੂ ਹਨ ਜਦ ਕਿ ਪਿੰਡ ਸ਼ੰਕਰ ਵਿਖੇ ਅਰੋੜਾ ਸਿੱਖ ਹਨ। ਜਠੇਰਾ-ਪੂਜਾ ਸੰਬੰਧੀ ਪਿੰਡ ਸ਼ੰਕਰ ਦੇ ਅਰੋੜਾ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

4. **ਔਲਖ –** ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਔਲਖ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਗੋਤ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਜਦ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

5. **ਸਹੋਤੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ, ਚੱਕ ਚੇਲਾ, ਬਿੱਲੀ ਚਾਓ, ਪੰਧੇਰ, ਸ਼ਰਕਪੁਰ, ਈਦਾ, ਬੱਲ ਨੌਂ, ਰਾਜੇਵਾਲ, ਸ਼ੰਕਰ, ਕੋਹਾੜ ਖੁਰਦ, ਖੁਰਸ਼ੈਦਪੁਰ ਪੰਡੋਰੀ, ਆਲੇਵਾਲੀ, ਗੋਬਿੰਦ ਨਗਰ, ਮਲਸੀਹਾਂ, ਤਲਵੰਡੀ ਬੂਟਿਆਂ ਵਿੱਚ ਪਾਇਆ ਗਿਆ। ਪਿੰਡ ਸ਼ੰਕਰ ਵਿੱਚ ਮੇਨ ਰੋਡ ਦੇ ਨੇੜੇ ਸਹੋਤਾ ਗੋਤ ਦੇ ਜਠੇਰਿਆਂ ਦੀ ਸ਼ਾਨਦਾਰ ਜਗ੍ਹਾ ਹੈ। ਪਿੰਡ ਬੱਲ ਨੌਂ ਦੇ ਸਹੋਤੇ ਪਿੰਡ ਸ਼ੰਕਰ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ। ਇਹ ਚੇਤ ਮਹੀਨੇ ਮਿੱਟੀ ਵੀ ਕੱਢਦੇ ਹਨ ਅਤੇ ਹਾੜ੍ਹ ਮਹੀਨੇ ਲੱਗਣ ਵਾਲ਼ੇ ਮੇਲੇ ‘ਤੇ ਜਾਂਦੇ ਅਤੇ ਪੀਲੇ ਰੰਗ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ। ਖੁਰਸ਼ੈਦਪੁਰ ਪੰਡੋਰੀ ਪਿੰਡ ਦੇ ਸਹੋਤੇ ‘ਬਾਬਾ ਬੋਹੜਾਂ ਵਾਲਾ’ ਨਾਮੀ ਆਪਣੇ ਜਠੇਰੇ ਦੀ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ ਅਤੇ ਜਠੇਰੇ ਦੀ ਜਗ੍ਹਾ ‘ਤੇ ਜੋਗੀਆ ਰੰਗ ਦਾ ਕੱਪੜਾ ਅਤੇ ਚੂਰਮਾ ਚੜ੍ਹਾਉਂਦੇ ਹਨ। ਗੋਬਿੰਦ ਨਗਰ ਮਲਸੀਹਾਂ ਪਿੰਡ ਦੇ ਸਹੋਤੇ ਅਗਿਆਤ ਜਠੇਰੇ ਦੀ ਪੂਜਾ ਕਪੂਰਥਲਾ ਲਾਗੇ ਪਿੰਡ ਵਿੱਚ ਚੇਤ ਦੀ ਮੱਸਿਆ ਨੂੰ ਕਰਦੇ ਹਨ ਅਤੇ ਜਠੇਰੇ ਦੇ ਸਥਾਨ ‘ਤੇ ਲੱਡੂ ਅਤੇ ਪੰਜੀਰੀ ਚੜ੍ਹਾਉਂਦੇ ਹਨ। ਤਲਵੰਡੀ ਬੂਟਿਆਂ ਪਿੰਡ ਦੇ ਸਹੋਤੇ ਨੂਰ ਮਹਿਲ ਕੋਲ਼ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ। ਚੱਕ ਚੇਲਾ ਦੇ ਸਹੋਤੇ ਆਧੁਨਿਕ ਸੋਚ ਦੇ ਧਾਰਨੀ ਹਨ ਅਤੇ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਗੋਤ ਤੋਂ ਇਲਾਵਾ ਸਹੋਤਾ ਪਿੰਡ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ।

6. **ਸੋਹਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਬੱਲ ਕੋਹਨਾ, ਗਿੱਲ, ਮਿਆਣੀ, ਸੋਹਲ ਜੰਗੀਰ ਤੇ ਮਾਹਲਾ ਵਿਖੇ ਪਾਏ ਗਏ ਸੋਹਲ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ ‘ਤੇ ਪਿੰਡ ਬੱਲ ਕੋਹਨਾ ਦੇ ਸੋਹਲ ਗੋਤ ਦੇ ਲੋਕਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਪਿੰਡ ਨੱਥੇਵਾਲ ਜ਼ਿਲ੍ਹਾ ਜਲੰਧਰ ਵਿਖੇ ਜਾਂਦੇ ਹਨ ਜਿੱਥੇ ਕਿ ਉਹ ਚਿੱਟੇ ਰੰਗ ਦਾ ਪ੍ਰਸ਼ਾਦ ਜਿਵੇਂ ਖੀਰ, ਪਤਾਸੇ ਆਦਿ ਚੜ੍ਹਾਉਂਦੇ ਹਨ। ਚੇਤ ਦੀ ਚੌਦੇਂ ਤੋਂ ਇੱਕ ਦਿਨ ਪਹਿਲਾਂ ਜਠੇਰੇ ਦੇ ਸਥਾਨ ‘ਤੇ ਲੱਗਣ ਵਾਲ਼ੇ ਮੇਲੇ ‘ਤੇ

ਜਾ ਕੇ ਉਹ ਮਿੱਟੀ ਵੀ ਕੱਢਦੇ ਹਨ। ਇਸ ਤੋਂ ਇਲਾਵਾ ਸੋਹਲ ਜੰਗੀਰ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਮਹਿਤਪੁਰ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਜਦ ਕਿ ਮਾਹਲਾ ਪਿੰਡ ਦੇ ਸੋਹਲ ਸ਼੍ਰੀ ਗੁਰੂ ਗ੍ਰੰਥ ਸਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**7. ਸੈਂਹਬੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਮੱਲ੍ਹੀਵਾਲ, ਰੁਪੇਵਾਲ, ਤਲਵੰਡੀ ਮਾਧੋ ਅਤੇ ਬੱਲ ਕੋਹਨਾ ਵਿਖੇ ਪਾਏ ਗਏ ਗੋਤ ਸੈਂਹਬੀ ਨਾਲ਼ ਸੰਬੰਧਿਤ ਪਿੰਡ ਮੱਲ੍ਹੀਵਾਲ ਦੇ ਸੈਂਹਬੀ ਲੱਲ੍ਹੀਆਂ ਪਿੰਡ ਵਿਖੇ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਤਲਵੰਡੀ ਮਾਧੋ ਪਿੰਡ ਦੇ ਸੈਂਹਬੀ ਜਲੰਧਰ-ਮੋਗਾ ਰੋਡ 'ਤੇ ਸਥਿਤ ਸ਼ਾਹਕੋਟ ਵਿਖੇ ਜਠੇਰਿਆਂ ਦੀ ਜਗ੍ਹਾ 'ਤੇ ਮਿੱਟੀ ਕੱਢਣ ਲਈ ਜਾਂਦੇ ਹਨ। ਜ਼ਿਕਰਯੋਗ ਹੈ ਕਿ ਸ਼ਾਹਕੋਟ ਵਿਖੇ ਇਸ ਗੋਤ ਦੇ ਜਠੇਰਿਆਂ ਦੀ ਬਹੁਤ ਹੀ ਸ਼ਾਨਦਾਰ ਜਗ੍ਹਾ ਬਣੀ ਹੋਈ ਹੈ ਜਿੱਥੇ ਕਿ ਉਹ ਚੜ੍ਹਾਵੇ ਵਜੋਂ ਦੁੱਧ ਅਤੇ ਪ੍ਰਸ਼ਾਦ ਚੜ੍ਹਾਉਂਦੇ ਹਨ।

**8. ਸੋਗੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸ਼ੰਕਰ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸੋਗੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਗੁਰਮਤਿ ਰਹਿਤ-ਮਰਿਯਾਦਾ ਦੇ ਧਾਰਨੀ ਹਨ।

**9. ਸੌਣੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸੌਣੇ ਗੋਤ ਪਿੰਡ ਰਾਜੇਵਾਲ ਅਤੇ ਪਿੱਪਲੀ ਵਿਖੇ ਪਾਇਆ ਗਿਆ। ਪਿੰਡ ਰਾਜੇਵਾਲਾ ਤੇ ਪਿੱਪਲੀ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**10. ਸੱਭਰਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਸ਼ੰਕਰ ਅਤੇ ਸੀਚੇਵਾਲ ਵਿਖੇ ਪਾਏ ਗਏ ਸੱਭਰਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਸੀਚੇਵਾਲ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਪ੍ਰਸਿੱਧ ਸਮਾਜ-ਸੇਵੀ ਸੰਤ ਬਲਬੀਰ ਸਿੰਘ ਸੀਚੇਵਾਲ ਸਦਕਾ ਸਮੁੱਚੇ ਪਿੰਡ ਉੱਪਰ ਗੁਰਮਤਿ ਪ੍ਰਭਾਵ ਹੋਣ ਕਾਰਨ ਸਾਰਾ ਹੀ ਪਿੰਡ ਕਿਸੇ ਜਠੇਰੇ ਨੂੰ ਮੰਨਣ ਦਾ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਯਾਈ ਹੈ। ਇਸ ਤੋਂ ਇਲਾਵਾ ਪਿੰਡ ਸ਼ੰਕਰ ਦੇ ਸੱਭਰਵਾਲ ਜੋ ਕਿ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਹਨ, ਉਹ ਪਿੰਡ ਭੋਡੇ ਸਪਰਾਏ ਨੇੜੇ ਜੰਡਿਆਲੀ ਵਿਖੇ 'ਝੰਡਾ ਪੀਰ' ਦੀ ਮੰਨ-ਮਨੌਤ ਕਰਨ ਹਿੱਤ ਜਾਂਦੇ ਹਨ ਅਤੇ ਜੋਗੀਆ ਰੰਗ ਦਾ ਕੱਪੜਾ ਚੜ੍ਹਾਉਂਦੇ ਹਨ ਅਤੇ ਪੰਜੀਰੀ, ਲੱਡੂ ਵੀ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**11. ਸਿੱਧੂ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਨਾਹਲ, ਬਿੱਲੀ ਚਾਓ, ਬੱਲ ਕੋਹਨਾ, ਕੋਹਾੜ ਖੁਰਦ, ਤਲਵੰਡੀ ਬੂਟਿਆਂ, ਬਿੱਲੀ ਚੁਹਾਰਮੀ, ਸ਼ੰਕਰ ਅਤੇ ਗੋਬਿੰਦ ਨਗਰ ਮਲਸੀਹਾਂ ਵਿੱਚ ਪਾਇਆ ਗਿਆ। ਜਠੇਰੇ ਦੀ ਮਨੌਤ ਦੀ ਗੱਲ ਕਰੀਏ ਤਾਂ ਪਿੰਡ ਬਿੱਲੀ ਚਾਓ ਦੇ ਸਿੱਧੂ ਆਪਣੇ ਪਿੰਡ ਵਿੱਚ ਹੀ

ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਅਤੇ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਤੇ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**12. ਸੰਧੂ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਸੰਧੂ ਗੋਤ ਪਿੰਡ ਨਾਹਲ, ਨਿਹਾਲੂਵਾਲ, ਤਲਵੰਡੀ ਮਾਧੋ, ਜਾਫਰਾਪੁਰ, ਖੁਰਸ਼ੈਦਪੁਰ ਪੰਡੋਰੀ, ਬਿੱਲੀ ਚਾਓ, ਈਦਾ, ਸ਼ੰਕਰ, ਮੂਲੇਵਾਲ ਖਹਿਰਾ, ਮੂਲੇਵਾਲ ਅਰਾਈਆਂ, ਚੱਕ ਬਾਹਮਣੀਆਂ ਖੁਰਦ, ਪੱਤੋ ਕਲਾਂ, ਪੱਤੋ ਖੁਰਦ, ਬਿੱਲੀ ਭੁੱਲਰ, ਨਵਾਂ ਪਿੰਡ ਜੱਟਾਂ, ਸ਼ਰਕਪੁਰ, ਮਿਆਣੀ, ਪਿੱਪਲੀ, ਪੰਡੋਰੀ ਖਾਸ, ਸਿਹਾਰੀਵਾਲ ਵਿਚ ਪਾਏ ਗਏ ਗੋਤ ਸੰਧੂ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਮੂਲੇਵਾਲ ਖਹਿਰਾ ਦੇ ਸੰਧੂ ਜੱਟਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ 'ਬਾਬਾ ਕਾਲਾ ਮਹਿਰ' ਦੀ ਪੂਜਾ ਕਰਦੇ ਹਨ। ਪਿੰਡ ਸ਼ੰਕਰ ਵਿੱਚ ਵਸਦੇ ਸੰਧੂ ਗੋਤ ਦੇ ਜਠੇਰਿਆਂ ਦੀ ਜਗ੍ਹਾ ਮੇਨ ਰੋਡ ਉੱਪਰ ਬਣੀ ਹੋਈ ਹੈ ਅਤੇ ਇਸ ਪਿੰਡ ਦੇ ਸੰਧੂ 'ਕਾਲ਼ਾ ਮਹਿਰ' ਦੀ ਮਨੌਤ ਕਰਦੇ ਹਨ ਅਤੇ ਚੜ੍ਹਾਵੇ ਵਜੋਂ ਸ਼ਰਾਬ ਅਤੇ ਦੁੱਧ ਚੜ੍ਹਾਉਂਦੇ ਹਨ। ਵਿਸਾਖੀ ਮੌਕੇ ਲੱਗਣ ਵਾਲ਼ੇ ਮੇਲੇ 'ਤੇ ਉਹ ਜਠੇਰੇ ਦੇ ਨਾਂ ਦੀ ਮਿੱਟੀ ਵੀ ਕੱਢਦੇ ਹਨ। ਪਿੰਡ ਤਲਵੰਡੀ ਮਾਧੋ ਦੇ ਸੰਧੂ ਵੀ ਆਪਣੇ ਪਿੰਡ ਵਿੱਚ ਹੀ ਬਣੀ ਕਾਲ਼ਾ ਮਹਿਰ ਦੀ ਜਗ੍ਹਾ 'ਤੇ ਜਾ ਕੇ ਮੱਥਾ ਟੇਕਦੇ ਹਨ ਅਤੇ ਚੜ੍ਹਾਵੇ ਵਜੋਂ ਦੁੱਧ ਚੜ੍ਹਾਉਂਦੇ ਹਨ ਅਤੇ ਸ਼ਰਾਬ ਨਹੀਂ ਚੜ੍ਹਾਉਂਦੇ ਹਨ। ਚੇਤ ਦੀ ਚੌਦੇਂ ਨੂੰ ਉਹ ਮੇਲੇ 'ਤੇ ਜਾ ਕੇ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਪਿੰਡ ਪੱਤੋ ਕਲਾਂ, ਪੰਡੋਰੀ ਖਾਸ, ਚੱਕ ਬਾਹਮਣੀਆਂ ਖੁਰਦ ਦੇ ਸੰਧੂ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**13. ਸੱਧਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਮੱਲ੍ਹੀਵਾਲ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸੱਧਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**14. ਸਰਹੰਸ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਕੋਹਾੜ ਖੁਰਦ ਵਿਖੇ ਮਿਸਤਰੀ ਜਾਤੀ (ਰਾਮਗੜ੍ਹੀਏ) ਵਿੱਚ ਪਾਏ ਗਏ ਸਰਹੰਸ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**15. ਸਰਾਂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਸਰਾਂ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ। ਇਸ ਪਿੰਡ ਦੇ ਸਰਾਂ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਨੌਰੰਗਾਬਾਦ (ਮਾਝਾ) ਵਿਖੇ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ ਅਤੇ ਚੜ੍ਹਾਵੇ ਵਜੋਂ ਕੱਪੜਾ ਅਤੇ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਦੇ ਹਨ।

**16. ਸਰਾਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਚੱਕ ਚੇਲਾ ਵਿਖੇ ਪਾਏ ਗਏ ਗੋਤ ਸਰਾਏ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਚੱਕ ਚੇਲਾ ਦੇ ਸਰਾਏ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**17. ਸਰਾਰੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਰਾਜੇਵਾਲ ਤੇ ਪਿੱਪਲੀ ਵਿਖੇ ਪਾਏ ਗਏ ਗੋਤ ਸਰਾਰੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**18. ਸਵਨਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਮਿਆਣੀ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ ਗੋਤ ਸਵਨਾ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**19. ਹੇਅਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਜੇਵਾਲ, ਮਿਆਣੀ ਅਤੇ ਕੋਟਲੀ ਹੇਅਰਾਂ ਵਿਖੇ ਪਾਇਆ ਗਿਆ। ਪਿੰਡ ਕੋਟਲੀ ਹੇਅਰਾਂ ਦੇ ਹੇਅਰ ਆਪਣੇ ਪਿੰਡ ਵਿੱਚ ਹੀ ਸਿਵਿਆਂ (ਸ਼ਮਸ਼ਾਨਘਾਟ) ਦੇ ਲਾਗੇ ਚੇਤ ਮਹੀਨੇ ਦੀ ਚੌਦੇਂ ਨੂੰ ਆਪਣੇ ਅਗਿਆਤ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਅਤੇ ਚੇਤ-ਚੌਦੇਂ ਨੂੰ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਤੇ ਪੰਜ ਕਾਪੜੀ ਦਿੰਦੇ ਹਨ। ਜਦ ਕਿ ਪਿੰਡ ਰਾਜੇਵਾਲ ਦੇ ਹੇਅਰ ਚੱਕ ਵਿੰਡ ਪਿੰਡ ਵਿਖੇ ਮੱਸਿਆ ਨੂੰ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਮਿਆਣੀ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**20. ਹੰਸ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸ਼ੰਕਰ, ਆਲੇਵਾਲੀ ਤੇ ਖੁਰਸ਼ੈਦਪੁਰ ਪੰਡੋਰੀ ਪਾਏ ਗਏ ਹੰਸ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚੋਂ ਪਿੰਡ ਆਲੇਵਾਲੀ ਦੇ ਹੰਸ ਗੋਤ ਦੇ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਪਿੰਡ ਤਲਵੰਡੀ ਸੰਘੇੜਾ ਵਿਖੇ ਚੇਤ-ਚੌਦੇਂ ਨੂੰ ਜਾਂਦੇ ਅਤੇ ਮਿੱਟੀ ਕੱਢਦੇ ਹਨ ਅਤੇ ਸ਼ਰਧਾ ਮੁਤਾਬਿਕ ਪ੍ਰਸ਼ਾਦ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਉਹ ਚੇਤ ਚੌਦੇਂ ਨੂੰ ਮੇਲੇ ‘ਤੇ ਜਾ ਕੇ ਮਿੱਟੀ ਕੱਢਦੇ ਹਨ। ਜਦ ਕਿ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਹੰਸ ਤਲਵੰਡੀ ਸਾਦਕਪੁਰ ਜਾ ਕੇ ਅਗਿਆਤ ਜਠੇਰੇ ਦੀ ਚੇਤ-ਚੌਦੇਂ ਨੂੰ ਮਿੱਟੀ ਕੱਢਦੇ ਹਨ ਅਤੇ ਚੜ੍ਹਾਵੇ ਵਜੋਂ ਚੂਰਮਾ ਚੜ੍ਹਾਉਂਦੇ ਹਨ।

**21. ਹਕਵੰਨ –** ਇਹ ਗੋਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਚੱਕ ਬਾਹਮਣੀਆਂ ਖੁਰਦ, ਰਾਮੇ, ਰਾਜੇਵਾਲ ਅਤੇ ਪਿੱਪਲੀ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਰਾਜੇਵਾਲ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ ਜਦ ਕਿ ਪਿੰਡ ਰਾਮੇ ਦੇ ਹਕਵੰਨ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**22. ਹੁੰਦਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਹੁੰਦਲ ਗੋਤ ਪਿੰਡ ਪੱਤੋ ਖੁਰਦ ਅਤੇ ਬੱਲ ਕੋਹਨਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਪੱਤੋ ਖੁਰਦ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**23. ਹਥੜੀਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਕੋਹਨਾ ਵਿਖੇ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ। ਪੂਜਾ-ਵਿਧਾਨ ਸੰਬੰਧੀ ਜਾਣਕਾਰੀ ਦਿੰਦਿਆਂ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਜਠੇਰੇ ਦੇ ਸਥਾਨ ਉੱਪਰ ਪੀਲੇ ਰੰਗ ਦਾ ਕੱਪੜਾ ਚੜ੍ਹਾਉਂਦੇ ਹਨ ਅਤੇ ਵਿਸਾਖੀ ਮੌਕੇ ਇਸ ਜਗ੍ਹਾ 'ਤੇ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਇਹ ਵੀ ਦੱਸਿਆ ਕਿ ਜੇਠ ਮਹੀਨੇ ਦੀ ਮੱਸਿਆ ਨੂੰ ਜਠੇਰੇ ਦੇ ਸਥਾਨ 'ਤੇ ਮੇਲਾ ਵੀ ਲੱਗਦਾ ਹੈ।

**24. ਕੰਗ –** ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਹੈ। ਇਹ ਇੱਕ ਪ੍ਰਮੁੱਖ ਗੋਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮਹਿਮੂਵਾਲ ਯੂਸਫ਼ਪੁਰ, ਨਾਹਲ, ਮੂਲੇਵਾਲ ਬ੍ਰਾਹਮਣਾਂ, ਬਿੱਲੀ ਚੁਹਾਰਮੀ ਆਲੇਵਾਲੀ ਵਿੱਚ ਪਾਇਆ ਗਿਆ। ਇਹ ਗੋਤ ਕੇਵਲ ਜੱਟ ਸਿੱਖ ਬਰਾਦਰੀ ਵਿੱਚ ਹੀ ਪਾਇਆ ਗਿਆ। ਮੂਲੇਵਾਲ ਬ੍ਰਾਹਮਣਾਂ ਦੇ ਜੱਟ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਹਨ। ਚੜ੍ਹਾਵੇ ਵਜੋਂ ਜਠੇਰੇ ਨੂੰ ਦੇਗ-ਪ੍ਰਸ਼ਾਦ ਅਤੇ ਲੱਡੂ ਚੜ੍ਹਾਏ ਜਾਂਦੇ ਹਨ। ਇਸ ਤੋਂ ਇਲਾਵਾ ਮੱਸਿਆ ਨੂੰ ਜਠੇਰੇ ਦੇ ਨਾਂ ਦੀ ਮਿੱਟੀ ਵੀ ਕੱਢਦੇ ਹਨ।

**25. ਕਚੂਰੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਜੇਵਾਲ, ਪਿੱਪਲੀ, ਇਸਮਾਇਲਪੁਰ, ਚੱਕ ਬਾਹਮਣੀਆਂ ਖੁਰਦ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਇਸਮਾਇਲਪੁਰ ਦੇ ਇਸ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ। ਇਹਨਾਂ ਚਾਰੇ ਪਿੰਡਾਂ ਦੇ ਕਚੂਰੇ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**26. ਕੰਡਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਵਿਖੇ ਪਾਇਆ ਗਿਆ ਜੋ ਕਿ ਸੁਨਿਆਰਾ ਜਾਤੀ ਨਾਲ਼ ਸੰਬੰਧਿਤ ਹੈ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ- ਮਨੌਤ ਨਹੀਂ ਕਰਦੇ।

**27. ਕੈਂਥ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਵਿਖੇ ਝੀਰ ਬਰਾਦਰੀ ਨਾਲ਼ ਅਤੇ ਪਿੰਡ ਪੰਡੋਰੀ ਖਾਸ ਵਿਖੇ ਅਰੋੜਾ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਪਿੰਡ ਗਿੱਲ ਦੇ ਝੀਰ ਬਰਾਦਰੀ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਪਿੰਡ ਮੱਲ੍ਹੀਆਂ ਵਿਖੇ ਭਾਦੋਂ ਦੀ ਮੱਸਿਆ ਨੂੰ ਮਿੱਟੀ ਕੱਢਣ ਜਾਂਦੇ ਹਨ। ਚੜ੍ਹਾਵੇ ਵਜੋਂ ਲਾਲ ਰੰਗ ਦਾ ਕੱਪੜਾ ਅਤੇ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ।

**28. ਕੰਬੋਅ –** ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਅਤੇ ਰਾਮੇ ਵਿੱਚ ਪਾਇਆ ਗਿਆ। ਇਹਨਾਂ ਦੋਹਾਂ ਪਿੰਡਾਂ ਦੇ ਕੰਬੋਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਤੋਂ ਇਨਕਾਰੀ ਹਨ।

**29. ਕਰੀਰ –** ਕਰੀਰ ਵੀ ਪੰਜਾਬ ਵਿਖੇ ਪਾਏ ਜਾਂਦੇ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰੁਪੇਵਾਲ ਦੀ ਛੀਂਬਾ (ਟਾਂਕ ਕਸ਼ੱਤਰੀ) ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**30. ਕੌਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਆਲੇਵਾਲੀ ਵਿਖੇ ਅਧਰਮੀ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**31. ਕੱਲੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਨਾਹਲ ਵਿਖੇ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**32. ਕਾਲੀਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਗਿੱਲ ਅਤੇ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ ਜੋ ਕਿ ਜਾਤੀ ਵਜੋਂ ਪੰਡਤ ਹਨ। ਪਿੰਡ ਗਿੱਲ ਦੇ ਕਾਲੀਏ ਪਿੰਡ ਚੀਮਾ ਬਾਠ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਦੀਵਾਲੀ ਵਾਲ਼ੇ ਦਿਨ ਆਪਣੇ ਵਡੇਰੇ ਜਾਂ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਦ ਕਿ ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

**33. ਕਲਿਆਣੀ–** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਕਾਂਗਣਾਂ ਅਤੇ ਆਲੇਵਾਲੀ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਕਾਂਗਣਾਂ ਦੇ ਕਲਿਆਣੀ ਗੋਤ ਵਾਲ਼ੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**34. ਕਲਸੀ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਪੂੰਨੀਆਂ ਅਤੇ ਤਲਵੰਡੀ ਮਾਧੋ ਵਿਖੇ ਪਾਇਆ ਗਿਆ ਜੋ ਕਿ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਤਲਵੰਡੀ ਮਾਧੋ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**35. ਕੌਲਧਾਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਅਤੇ ਨਵਾਂ ਪਿੰਡ ਜੱਟਾਂ ਵਿਖੇ ਪਾਇਆ ਗਿਆ ਜੋ ਕਿ ਅਧਰਮੀ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਇਹਨਾਂ ਦੋਹਾਂ ਪਿੰਡਾਂ ਦੇ ਇਸ ਗੋਤ ਦੇ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**36. ਕਲੇਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਨੌਂ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਲਿਖਿਆ ਹੈ:

> ਇਹ ਜੱਟਾਂ ਦਾ ਇੱਕ ਛੋਟਾ ਜਿਹਾ ਗੋਤ ਹੈ। ਕਲੇਰਾਂ ਦਾ ਪਿਛੋਕੜ ਮਾਲਵਾ ਹੀ ਹੈ। ਇਹ ਮਾਲਵੇ ਤੋਂ ਹੀ ਮਾਝੇ ਤੇ ਦੁਆਬੇ ਵੱਲ ਗਏ। ਲੁਧਿਆਣੇ ਜ਼ਿਲੇ ਵਿੱਚ ਇਸ ਗੋਤ ਦੇ ਲੋਕ ਵਿਆਹ ਸ਼ਾਦੀ ਸਮੇਂ ਆਪਣੇ ਜਠੇਰੇ ਦੀ ਉਸ ਮੱਠ ਤੇ ਪੂਜਾ ਕਰਦੇ ਹਨ। ਕਿਸੇ ਸਮੇਂ ਕਲੇਰ ਜੱਟ ਸਖੀ ਸਰਵਰ ਦੇ ਹੀ ਸੇਵਕ ਸਨ। ਇਹ ਲੋਕ ਨਵੀਂ ਸੂਈ ਮੱਝ ਜਾਂ ਗਊ ਦਾ ਦੁੱਧ ਪਹਿਲਾਂ ਕੁਆਰੀਆਂ ਕੁੜੀਆਂ ਨੂੰ ਪਿਆ ਕੇ ਫਿਰ ਆਪ ਵਰਤਦੇ ਸਨ। ਸਿੱਖੀ ਦੇ ਪ੍ਰਭਾਵ ਕਾਰਨ ਕਲੇਰ ਜੱਟਾਂ ਨੇ ਪੁਰਾਣੀਆਂ ਰਸਮਾਂ ਘਟਾ ਦਿੱਤੀਆਂ ਹਨ ਅਤੇ ਸੱਖੀ ਸਰਵਰ ਵਿੱਚ ਸ਼ਰਧਾ ਵੀ ਛੱਡ ਦਿੱਤੀ ਹੈ। ਜੀਂਦ ਖੇਤਰ ਵਿੱਚ ਵੀ ਕੁਝ ਕਲੇਰ ਜੱਟ ਵਸਦੇ ਹਨ। ਜੀਂਦ ਵਿੱਚ ਭੱਮਾਵਾੜੀ ਵਿੱਚ ਇਸ ਗੋਤ ਦੇ ਸਿੱਧ ਦੀਦਾਰ ਸਿੰਘ ਦੀ ਸਮਾਧ ਹੈ ਜਿੱਥੇ ਮਾਘ ਵਦੀ ਪਹਿਲੀ ਨੂੰ ਇਸਦੀ ਪੂਜਾ ਕੀਤੀ ਜਾਂਦੀ ਹੈ। ਕਲੇਰ ਗੋਤ ਦਾ ਮੋਢੀ ਕੇਹਰ ਸੀ। ਇਸ ਨੂੰ ਕਲੇਰ ਵੀ ਕਹਿੰਦੇ ਸਨ। (62)

**37. ਕੁਲਾਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਕੁਲਾਰ ਗੋਤ ਪਿੰਡ ਬਿੱਲੀ ਚਾਓ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**38. ਕੌੜਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਕੌੜਾ ਗੋਤ ਪਿੰਡ ਸ਼ੰਕਰ ਵਿਖੇ ਖੱਤਰੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**39. ਕੇਸ਼ਵ ਰਾਜਪੂਤ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬੱਲ ਨੌਂ ਅਤੇ ਕੋਟਲੀ ਹੇਅਰਾਂ ਵਿਖੇ ਕੁਹਾਰ ਜਾਤ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਕੋਟਲੀ ਹੇਅਰਾਂ ਦੇ ਇਸ ਗੋਤ ਨਾਲ਼

ਸੰਬੰਧਿਤ ਸਾਰੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਪਿੰਡ ਬੱਲ ਨੌਂ ਦੇ ਕੁਝ ਕੇਸ਼ਵ ਰਾਜਪੂਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤ ਕੁਝ ਸ਼ਹੀਦਾਂ ਦੀ ਮੰਨ-ਮਨੌਤ ਲਈ ਪਿੰਡ ਬੱਲ ਕੋਹਨਾ ਵਿਖੇ ਜਾਂਦੇ ਹਨ।

**40. ਖਹਿਰਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮੂਲੇਵਾਲ ਖਹਿਰਾ ਵਿਖੇ ਪਾਇਆ ਗਿਆ। ਇਸ ਪਿੰਡ ਦੀ ਕੁੱਲ ਵਸੋਂ ਵਿੱਚੋਂ ਲਗਭਗ 98% ਲੋਕ ਖਹਿਰਾ ਗੋਤ ਦੇ ਹਨ ਅਤੇ ਇਹ ਲੋਕ ਆਪਣੇ ਪਿੰਡ ਵਿੱਚ ਹੀ ਸ਼ਹੀਦਾਂ ਦੀ ਮਿੱਟੀ ਕੱਢਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਖਹਿਰੇ ਗੋਤ ਦਾ ਮੋਢੀ ਖਹਿਰਾ ਇੱਕ ਧਾੜਵੀ ਸੀ। ਉਸ ਨੇ ਮਾਝੇ ਦੇ ਖੱਡੂਰ ਸਾਹਿਬ ਖੇਤਰ ਵਿੱਚ ਆ ਕੇ ਇੱਕ ਜੱਟ ਇਸਤਰੀ ਨਾਲ ਵਿਆਹ ਕਰ ਲਿਆ ਅਤੇ ਸਦਾ ਲਈ ਜੱਟ ਭਾਈਚਾਰੇ ਵਿੱਚ ਰਲ-ਮਿਲ ਗਿਆ। ਖਹਿਰਿਆਂ ਦੇ ਦੋ ਜਠੇਰੇ ਰਾਜਪਾਲ ਤੇ ਉਸ ਦਾ ਪੋਤਾ ਸ਼ਹਿਜਾਦਾ ਸਨ। ਜੋ ਖੱਡੂਰ ਸਾਹਿਬ ਦੇ ਖੇਤਰ ਵਿੱਚ ਕੰਗਾਂ ਨਾਲ਼ ਲੜਦੇ ਹੋਏ ਮਾਰੇ ਗਏ ਸਨ। ਖਹਿਰੇ ਵੀ ਆਪਣੇ ਇਸ ਸਿੱਧ ਦੀ ਪੂਜਾ ਕਰਦੇ ਹਨ। ਉਸ ਦਾ ਮੱਠ ਖੱਡੂਰ ਵਿੱਚ ਹੀ ਹੈ। ਖਹਿਰਾ ਗੋਤ ਦੇ ਲੋਕ ਪਰਜਾਪੱਤ ਅਤੇ ਦਲਿਤ ਆਦਿ ਜਾਤੀਆਂ ਵਿੱਚ ਵੀ ਹਨ। ਪੰਜਾਬ ਵਿੱਚ ਖਹਿਰੇ ਗੋਤ ਦੇ ਜੱਟ ਕਾਫੀ ਹਨ। ਇਸ ਗੋਤ ਦਾ ਮੋਢੀ ਕ੍ਰਿਸ਼ਨ ਬੰਸੀ ਖੈਰ ਸੀ। ਖਹਿਰਾ ਜਗਤ ਪ੍ਰਸਿੱਧ ਗੋਤ ਹੈ। (66)

**41. ਖਿੰਡਾ –** ਇਹ ਗੋਤ ਖੇਤਰੀ ਸਰਵੇਖਣ ਦੇ ਦੌਰਾਨ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ, ਖਾਨਪੁਰ ਰਾਜਪੂਤਾਂ, ਮੂਲੇਵਾਲ ਬ੍ਰਾਹਮਣਾਂ, ਕੋਟਲੀ ਗਾਜਰਾਂ, ਇਸਮਾਇਲਪੁਰ ਵਿਖੇ ਪਾਇਆ ਗਿਆ। ਪਿੰਡ ਮੱਲ੍ਹੀਵਾਲ ਤੇ ਮੂਲੇਵਾਲ ਬ੍ਰਾਹਮਣਾਂ ਦੇ ਖਿੰਡਾ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**42. ਖੁੱਤਣ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਵਿਖੇ ਅਧਰਮੀ ਜਾਤ ਨਾਲ਼ ਸੰਬੰਧਿਤ ਪਾਇਆ ਗਿਆ। ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**43. ਖੰਨਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਖੰਨਾ ਗੋਤ ਪਿੰਡ ਤਲਵੰਡੀ ਮਾਧੋ ਵਿਖੇ ਪਾਇਆ ਗਿਆ ਜੋ ਕਿ ਖੱਤਰੀ ਜਾਤੀ ਨਾਲ਼ ਸੰਬੰਧਿਤ ਹੈ। ਇਸ ਪਿੰਡ ਦੇ ਖੰਨਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਤਲਵੰਡੀ ਮਾਧੋ ਵਿੱਚ ਹੀ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ।

**44. ਖੁਰਾਣਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਖੁਰਾਣਾ ਗੋਤ ਪਿੰਡ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ ਜੋ ਕਿ ਅਰੋੜਾ ਜਾਤੀ ਨਾਲ਼ ਸੰਬੰਧਿਤ ਹੈ। ਪਿੰਡ ਨਵਾਂ ਕਿਲ੍ਹਾ ਦੇ ਖੁਰਾਣਾ ਗੋਤ ਨਾਲ਼ ਸੰਬੰਧਿਤ

ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਸਥਾਨ ਜੰਮੂ ਕੋਲ਼ ਹੈ, ਪਰ ਉਹ ਜਠੇਰੇ ਦੀ ਥਾਂ ਮਾਤਾ ਚਿੰਤਪੁਰਨੀ ਦੇ ਪੁਜਾਰੀ ਹਨ।

**45. ਗਾਧਰੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਈਵਾਲ ਦੋਨਾ ਵਿਖੇ ਮਹਿਰਾ ਸਿੱਖ ਜਾਤੀ ਨਾਲ਼ ਸੰਬੰਧਿਤ ਪਾਇਆ ਗਿਆ। ਪਿੰਡ ਰਾਈਵਾਲ ਦੋਨਾ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**46. ਗਰੇਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਜਾਫਰਾਪੁਰ, ਸ਼ੰਕਰ ਅਤੇ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ। ਪਿੰਡ ਜਾਫਰਾਪੁਰ, ਸ਼ੰਕਰ ਅਤੇ ਨਵਾਂ ਕਿਲ੍ਹਾ ਦੇ ਗਰੇਵਾਲ ਗੋਤ ਦੇ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**47. ਗਿੱਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਗਿੱਲ, ਬਿੱਲੀ ਭੁੱਲਰ (ਤਿੰਨ ਮੁੱਖ ਗੋਤਾਂ ਵਿੱਚੋਂ ਇੱਕ), ਤਲਵੰਡੀ ਬੂਟਿਆਂ, ਇਸਮਾਇਲਪੁਰ, ਮਿਆਣੀ, ਰਾਜੇਵਾਲ, ਚੱਕ ਬਾਹਮਣੀਆਂ ਖੁਰਦ, ਪੂੰਨੀਆਂ, ਮੱਲ੍ਹੀਵਾਲ, ਰੂਪੇਵਾਲ, ਮੂਲੇਵਾਲ ਬ੍ਰਾਹਮਣਾਂ, ਸੀਚੇਵਾਲ, ਚੱਕ ਚੇਲਾ, ਤਲਵੰਡੀ ਮਾਧੋ, ਰਾਈਵਾਲ ਦੋਨਾ, ਮੂਲੇਵਾਲ ਅਰਾਈਆਂ, ਈਦਾ, ਸ਼ੰਕਰ, ਬੱਲ ਨੌਂ, ਬੱਲ ਕੋਹਨਾ, ਪੱਤੋ ਕਲਾਂ, ਸਿਹਾਰੀਵਾਲ, ਕਾਂਗਣਾ, ਮੂਲੇਵਾਲ ਖਹਿਰਾ, ਕੋਹਾੜ, ਪਿੱਪਲੀ, ਗੋਬਿੰਦ ਨਗਰ, ਮਲਸੀਹਾਂ, ਮਹਿਮੂਵਾਲ ਯੂਸਫ਼ਪੁਰ, ਨਾਹਲ ਆਦਿ ਪਿੰਡਾਂ ਵਿੱਚ ਪਾਇਆ ਗਿਆ। ਜ਼ਿਲ੍ਹਾ ਜਲੰਧਰ ਦੇ ਵਿੱਚ ਇਹ ਗੋਤ ਜੱਟਾਂ, ਬਾਲਮੀਕ ਅਤੇ ਹਰੀਜਨ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਸਿਹਾਰੀਵਾਲ ਦੇ ਕੁਝ ਗਿੱਲ ਮਿੱਟੀ ਕੱਢਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਸ਼ੰਕਰ ਦੇ ਬਾਲਮੀਕ ਗਿੱਲ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਵਿਸਾਖੀ ਮੌਕੇ ਕਰਦੇ ਹਨ।



**ਜਠੇਰਾ-ਪੂਜਾ ਸਥਾਨ: ਗੋਤ ਗਿੱਲ (ਪਿੰਡ ਸ਼ੰਕਰ)**

ਆਲੇਵਾਲੀ ਅਤੇ ਪੂੰਨੀਆਂ ਪਿੰਡ ਦੇ ਗਿੱਲ ਰੇੜ੍ਹਵਾਂ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਗੋਬਿੰਦ ਨਗਰ ਮਲਸੀਹਾਂ ਤੇ ਪਿੰਡ ਮੱਲ੍ਹੀਵਾਲ ਦੇ ਗਿੱਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਚੇਤ ਦੀ ਮੱਸਿਆ ਨੂੰ ਚਿੱਟੀ ਉੱਗੀ ਵਿਖੇ ਜਾਂਦੇ ਹਨ। ਪਿੰਡ ਰੂਪੇਵਾਲ ਦੇ ਗਿੱਲ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਸਗੋਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਪੱਤੋਂ ਕਲਾਂ ਦੇ ਗਿੱਲ ਵੀ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਈਦੇ ਖੀਵੇ ਪਿੰਡ ਵਿਖੇ ਜਾਂਦੇ ਹਨ। ਕੁਹਾੜ ਖੁਰਦ ਦੇ ਗਿੱਲ ਅਗਿਆਤ ਜਠੇਰੇ ਦੀ ਪੂਜਾ ਪਿੰਡ ਪੂੰਨੀਆਂ ਵਿਖੇ ਚੇਤ ਦੀ ਮੱਸਿਆ ਨੂੰ ਕਰਦੇ ਹਨ। ਪੰਜਾਬ ਵਿੱਚ ਗਿੱਲ ਨਾਮਕ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ, ਸ਼੍ਰੀ ਅੰਮ੍ਰਿਤਸਰ ਸਾਹਿਬ, ਫਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਹਨ। ਗੁਰਦਾਸਪੁਰ ਜ਼ਿਲ੍ਹੇ ਵਿੱਚ ਗਿੱਲ ਬੋਬੇ ਪਿੰਡ ਵੀ ਹੈ। ਗਿੱਲ ਕਲਾਂ (ਬਠਿੰਡਾ), ਗਿੱਲ ਖੁਰਦ (ਬਠਿੰਡਾ), ਗਿੱਲ ਕਲੇਰ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲਵਾਲੀ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲ ਵੜੈਚ (ਸ਼੍ਰੀ ਅੰਮ੍ਰਿਤਸਰ ਸਾਹਿਬ), ਗਿੱਲਾਂ ਵਾਲਾ (ਫਿਰੋਜ਼ਪੁਰ), ਗਿੱਲਾਂ ਵਾਲੀ (ਗੁਰਦਾਸਪੁਰ) ਆਦਿ ਪਿੰਡ ਗਿੱਲ ਗੋਤ ਨਾਲ਼ ਸੰਬੰਧਿਤ ਹਨ।

**48. ਘੁੱਸਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਈਦਾ ਵਿਖੇ ਪਾਇਆ ਗਿਆ।ਇਹ ਗੋਤ ਬਾਲਮੀਕ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਈਦਾ ਦੇ ਘੁੱਸਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**49. ਘੋਗੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਰਾਮੇ ਵਿਖੇ ਪਾਇਆ ਗਿਆ। ਇਹ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਤ ਗੋਤ ਹੈ। ਪਿੰਡ ਰਾਮੇ ਦੇ ਘੋਗੇ ਗੋਤ ਵਾਲ਼ੇ ਲੋਕ ਡੇਰਾ ਰਾਧਾ ਸੁਆਮੀ ਬਿਆਸ ਵਾਲਿਆਂ ਦੇ ਅਨੁਯਾਈ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**50. ਘਾਰੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਸਿਹਾਰੀਵਾਲ, ਕਾਂਗਣਾਂ, ਲਈਏਵਾਲ, ਗੋਬਿੰਦ ਨਗਰ ਮਲਸੀਹਾਂ, ਰਾਜੇਵਾਲ, ਸੰਗਤਪੁਰਾ, ਪਿੱਪਲੀ, ਤਲਵੰਡੀ ਬੂਟਿਆਂ ਵਿਖੇ ਪਾਇਆ ਗਿਆ। ਇਹ ਗੋਤ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਪਿੰਡ ਕਾਂਗਣਾਂ ਦੇ ਘਾਰੂ ਗੋਤ ਦੇ ਲੋਕ ਬੁੰਡਾਲੇ ਲਾਗੇ ਇੱਕ ਪਿੰਡ ਵਿਖੇ ਅੱਸੂ ਦੀ ਸੰਗਰਾਂਦ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਪਿੰਡ ਸੰਗਤਪੁਰਾ ਦੇ ਇਸ ਗੋਤ ਨਾਲ਼ ਸੰਬੰਧਤ ਲੋਕ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਨੂਰ ਮਹਿਲ ਕੋਲ਼ ਜਾਂਦੇ ਹਨ।

**51. ਚੌਹਾਨ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੋਹਲ ਖਾਲਸਾ, ਰਾਈਵਾਲ ਦੋਨਾ, ਸ਼ੰਕਰ ਵਿਖੇ ਪਾਇਆ ਗਿਆ। ਇਹ ਗੋਤ ਬਾਲਮੀਕ ਅਤੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਰਾਈਵਾਲ ਦੋਨਾ ਅਤੇ ਸੋਹਲ ਖਾਲਸਾ ਦੇ ਚੌਹਾਨ ਗੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**52. ਚੱਠਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਚੱਠਾ ਗੋਤ ਜ਼ਿਲ੍ਹਾ ਜਲੰਧਰ ਦੇ ਸੀਚੇਵਾਲ ਪਿੰਡ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਜਠੇਰਾ-ਪੂਜਾ ਸੰਬੰਧੀ ਪਿੰਡ ਸੀਚੇਵਾਲ ਦੇ ਚੱਠਾ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਕਰਨ ਤੋਂ ਉਹਨਾਂ ਦਾ ਮਨ ਇਨਕਾਰੀ ਹੈ।

**53. ਚਤਰੱਥ –** ਇਹ ਗੋਤ ਮੂਲ ਰੂਪ ਵਿੱਚ ਕੰਬੋਅ ਜਾਂ ਕੰਬੋਜ ਬਰਾਦਰੀ ਦਾ ਗੋਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਖਾਨਪੁਰ ਰਾਜਪੂਤਾਂ, ਪੱਤੋ ਕਲਾਂ ਅਤੇ ਨਵਾਂ ਕਿਲ੍ਹਾ ਪਿੰਡਾਂ ਵਿਖੇ ਪਾਇਆ ਗਿਆ ਜੋ ਕਿ ਕੰਬੋਅ ਬਰਾਦਰੀ ਨਾਲ਼ ਸੰਬੰਧਿਤ ਹੈ। ਪਿੰਡ ਪੱਤੋ ਕਲਾਂ ਦੇ ਚਤਰੱਥ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ ਅਤੇ ਇਹ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**54. ਚੰਦੀ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ, ਰਾਜੇਵਾਲ, ਖਾਨਪੁਰ ਰਾਜਪੂਤਾਂ, ਨਵਾਂ ਕਿਲ੍ਹਾ ਅਤੇ ਪੱਤੋ ਖੁਰਦ ਵਿੱਚ ਪਾਇਆ ਗਿਆ। ਪਿੰਡ ਰੂਪੇਵਾਲ ਦੇ ਚੰਦੀ ਗੋਤ ਦੇ ਜ਼ਿਆਦਾਤਰ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**55. ਚੰਦੜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ। ਇਹ ਗੋਤ ਅਧਰਮੀ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਨਵਾਂ ਕਿਲ੍ਹਾ ਦੇ ਚੰਦੜ ਗੋਤ ਦੇ ਲੋਕਾਂ ਦੇ ਕਹਿਣ ਮੁਤਾਬਿਕ ਇਹਨਾਂ ਦਾ ਜਠੇਰਾ ਤਾਜਪੁਰ ਜਾਂ ਭਗਵਾਨਪੁਰ ਨੇੜੇ ਵੰਡਰਲੈਂਡ ਵਿਖੇ ਹੈ ਜਿੱਥੇ ਕਿ ਇਹ ਵਿਸਾਖੀ ਉੱਪਰ ਜਾਂ ਦਸਵੇਂ ਸਰਾਧ ਵਾਲ਼ੇ ਦਿਨ ਮਿੱਟੀ ਕੱਢਣ ਜਾਂਦੇ ਹਨ। ਚੜ੍ਹਾਵੇ ਵਜੋਂ ਕੜਾਹ-ਪ੍ਰਸ਼ਾਦ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ।

**56. ਚਾਨੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਚਾਨੀ ਗੋਤ ਜ਼ਿਲ੍ਹਾ ਜਲੰਧਰ ਦੇ ਨਵਾਂ ਕਿਲ੍ਹਾ, ਬਿੱਲੀ ਭੁੱਲਰ ਅਤੇ ਸ਼ੰਕਰ ਪਿੰਡਾਂ ਵਿਖੇ ਪਾਇਆ ਗਿਆ। ਇਹ ਗੋਤ ਮੂਲ ਰੂਪ ਵਿੱਚ ਮਿਸਤਰੀ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਬਿੱਲੀ ਭੁੱਲਰ ਵਿਖੇ ਵਸਦੇ ਚਾਨੀ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ।

**57. ਚਾਵਲਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਵਿਖੇ ਪਾਇਆ ਗਿਆ। ਇਹ ਗੋਤ ਨਾਈ ਸਿੱਖ ਜਾਤੀ ਨਾਲ਼ ਸੰਬੰਧਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਤਲਵੰਡੀ ਮਾਧੋ ਦੇ ਚਾਵਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**58. ਜੋਸਨ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ, ਮੂਲੇਵਾਲ ਅਰਾਈਆਂ, ਪੱਤੋ ਖੁਰਦ, ਪੂੰਨੀਆਂ, ਨਵਾਂ ਕਿਲਾ, ਆਲੇਵਾਲੀ ਅਤੇ ਮਿਆਣੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਮਿਆਣੀ ਪਿੰਡ ਦੇ ਜੋਸਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**59. ਜੱਸਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਨਾਹਲ, ਗਿੱਲ ਅਤੇ ਪੰਡੋਰੀ ਖਾਸ ਵਿਖੇ ਪਾਇਆ ਗਿਆ। ਇਹ ਗੋਤ ਮੂਲ ਰੂਪ ਵਿੱਚ ਛੀਂਬੇ ਸਿੱਖ ਬਰਾਦਰੀ ਨਾਲ਼ ਸੰਬੰਧਤ ਹੈ। ਪਿੰਡ ਪੰਡੋਰੀ ਖਾਸ ਦੇ ਜੱਸਲ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**60. ਜੌਹਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕੋਹਾੜ ਖੁਰਦ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਇਸ ਪਿੰਡ ਦੇ ਜੌਹਲ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**61. ਜੱਜ –** ਇਹ ਗੋਤ ਮੂਲ ਰੂਪ ਵਿੱਚ ਕੰਬੋਜ ਜਾਂ ਕੰਬੋਅ ਬਰਾਦਰੀ ਵਿੱਚ ਪਾਇਆ ਜਾਂਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਪਿੰਡ ਰੂਪੇਵਾਲ ਅਤੇ ਆਲੇਵਾਲੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਰੂਪੇਵਾਲ ਪਿੰਡ ਦੇ ਜੱਜ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।

**62. ਜੰਡ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਗਿੱਲ ਵਿਖੇ ਪਾਇਆ ਗਿਆ। ਇਹ ਗੋਤ ਮੁਸਲਿਮ ਧਰਮ ਨਾਲ਼ ਸੰਬੰਧਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਗਿੱਲ ਵਿਖੇ ਜੰਡ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਹਨ।

**63. ਜਤੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਖਾਨਪੁਰ ਰਾਜਪੂਤਾਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਖਾਨਪੁਰ ਰਾਜਪੂਤਾਂ ਪਿੰਡ ਦੇ ਜਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**64. ਜੂਤਲਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਵਿਖੇ ਪਾਇਆ ਗਿਆ। ਇਹ ਗੋਤ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਤ ਪਾਇਆ ਗਿਆ। ਇਸ ਪਿੰਡ ਦੇ ਜੂਤਲਾ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਕਿਸੇ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਚੜ੍ਹਾਵੇ ਸੰਬੰਧੀ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਜਠੇਰੇ ਨੂੰ ਪਤਾਸਿਆਂ ਅਤੇ ਦੇਗ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਦੀਵਾਲੀ ਮੌਕੇ ਉਹ ਜਠੇਰੇ ਦੇ ਸਥਾਨ 'ਤੇ ਜਾ ਕੇ ਮਿੱਟੀ ਵੀ ਕੱਢਦੇ ਹਨ।

**65. ਜੰਮੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਜੰਮੂ ਗੋਤ ਪਿੰਡ ਕੋਟਲੀ ਗਾਜਰਾਂ, ਚੱਕ ਬਾਹਮਣੀਆਂ ਖੁਰਦ ਅਤੇ ਪੱਤੋ ਕਲਾਂ ਦੀ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਨ ਲਈ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਚੱਕ ਬਾਹਮਣੀਆਂ ਖੁਰਦ ਅਤੇ ਪੱਤੋ ਕਲਾਂ ਦੇ ਜੰਮੂ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

**66. ਜਵੰਦਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਤਲਵੰਡੀ ਮਾਧੋ ਦੇ ਜਵੰਦੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**67. ਝੀਤਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ, ਸੋਹਲ ਖਾਲਸਾ, ਬਿੱਲੀ ਵੜੈਂਚ, ਸ਼ੰਕਰ ਦੀ ਤਰਖਾਣ (ਰਾਮਗੜ੍ਹੀਏ) ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਬਿੱਲੀ ਵੜੈਂਚ ਦੇ ਝੀਤਾ ਗੋਤ ਦੇ ਲੋਕ ਗਿੱਲ ਪਿੰਡ ਵਿਖੇ ਆਪਣੇ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਵਜੋਂ ਮਿੱਟੀ ਕੱਢਣ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਦੇਗ-ਪ੍ਰਸ਼ਾਦ ਅਤੇ ਸਫੈਦ ਰੰਗ ਦਾ ਕੱਪੜਾ ਜਠੇਰੇ ਨੂੰ ਭੇਟ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਹ ਦੀਵਾਲੀ ਮੌਕੇ ਜਠੇਰੇ ਦੇ ਸਥਾਨ 'ਤੇ ਮਿੱਟੀ ਕੱਢਦੇ ਅਤੇ ਦਿੱਤੀਆਂ ਦਾਤਾਂ ਲਈ ਧੰਨਵਾਦ ਕਰਦੇ ਹਨ।

**68. ਝੀਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਪੱਤੋ ਕਲਾਂ ਵਿਖੇ ਪਾਇਆ ਗਿਆ। ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਝੀਰ ਗੋਤ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਪੈਂਚ ਬਰਾਦਰੀ ਨਾਲ਼ ਸੰਬੰਧਤ ਹਨ ਅਤੇ ਆਪਣੇ ਪਿੰਡ ਵਿਖੇ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਵਿਸਾਖੀ ਵਾਲ਼ੇ ਦਿਨ ਜਠੇਰੇ ਦੇ ਸਥਾਨ 'ਤੇ ਜਾ ਕੇ ਕਿਸੇ ਵੀ ਰੰਗ ਦਾ ਕੱਪੜਾ ਚੜ੍ਹਾ ਕੇ ਮਿੱਟੀ ਕੱਢਦੇ ਅਤੇ ਮੱਥਾ ਟੇਕਦੇ ਹਨ।

**69. ਟਾਂਕ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਅਤੇ ਚੱਕ ਚੇਲਾ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਕਾਂਗਣਾਂ ਦੇ ਟਾਂਕ ਝੀਰ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਇਹ ਦੁਸਹਿਰੇ ਤੋਂ ਅਗਲੇ ਦਿਨ ਆਪਣੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਹੁਸ਼ਿਆਰਪੁਰ ਜਾਂਦੇ ਹਨ। ਇਸ ਤੋਂ ਇਲਾਵਾ ਚੱਕ ਚੇਲਾ ਪਿੰਡ ਦੇ ਟਾਂਕ ਗੋਤ ਦੇ ਲੋਕ ਮਹਿਰਾ ਸਿੱਖ ਬਰਾਦਰੀ ਦੇ ਹਨ ਅਤੇ ਇਹ ਹੁਸ਼ਿਆਰਪੁਰ ਲਾਗੇ ਸ਼ਾਮ ਚੁਰਾਸੀ ਕੋਲ਼ ਅਗਿਆਤ ਜਠੇਰੇ ਦੇ ਨਾਂ ਦੀ ਮਿੱਟੀ ਕੱਢਣ ਲਈ ਜਾਂਦੇ ਹਨ।

**70. ਟੰਡਨ –** ਇਹ ਮੂਲ ਰੂਪ ਵਿੱਚ ਖੱਤਰੀ ਜਾਤੀ ਦਾ ਗੋਤ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਟੰਡਨ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਦੇ ਪਰੋਹਿਤਾਂ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਟੰਡਨ ਗੋਤ ਨਾਲ਼ ਸੰਬੰਧਿਤ ਲੋਕ ‘ਬਾਬਾ ਕਟਾਰੂ’ ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹਨ ਅਤੇ ਪਿੰਡ ਸ਼ੰਕਰ ਵਿਖੇ ਮਿੱਟੀ ਕੱਢਣ ਲਈ ਜਾਂਦੇ ਹਨ। ਇਸ ਗੋਤ ਦੇ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਰਾਜਾ ਅਕਬਰ ਦੇ ‘ਨੌਂ ਰਤਨਾਂ’ ਵਿੱਚੋਂ ‘ਟੋਡਰ ਮੱਲ’ ਵੀ ਟੰਡਨ ਸੀ। ਹੁਣ ਮੁਨੀ ਲਾਲ ਟੰਡਨ ਪਿੰਡ ਸ਼ੰਕਰ ਵਿਖੇ ਬਣੀ ਇਹਨਾਂ ਦੇ ਜਠੇਰੇ ਦੀ ਸ਼ਾਨਦਾਰ ਜਗ੍ਹਾ ਦੇ ਚੇਅਰਮੈਨ ਹਨ।

**71. ਟੁਰਨਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਪੱਤੋ ਖੁਰਦ, ਕਿਲੀ, ਖਾਨਪੁਰ ਰਾਜਪੂਤਾਂ, ਕੋਟਲੀ ਗਾਜਰਾਂ ਅਤੇ ਮੂਲੇਵਾਲ ਅਰਾਈਆਂ ਵਿਖੇ ਪਾਇਆ ਗਿਆ। ਇਹ ਕੰਬੋਅ ਜਾਂ ਕੰਬੋਜ ਬਰਾਦਰੀ ਦਾ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਕੋਟਲੀ ਗਾਜਰਾਂ ਦੇ ਟੁਰਨਾ ਗੋਤ ਦੇ ਲੋਕ ਪਿੰਡ ਠੱਠੇ ਟਿੱਬੀ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਅਤੇ ਉੱਥੇ ਮੱਥਾ ਟੇਕਦੇ ਹਨ ਜਦ ਕਿ ਖਾਨਪੁਰ ਰਾਜਪੂਤਾਂ ਅਤੇ ਮੂਲੇਵਾਲ ਅਰਾਈਆਂ ਦੇ ਟੁਰਨਾ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ।

**72. ਡਡਵਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਡਡਵਾਲ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਲਈਏਵਾਲ ਦੀ ਰਾਜਪੂਤ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਇਸ ਪਿੰਡ ਦੇ ਡਡਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**73. ਢੀਂਡਸਾ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਢੀਂਡਸਾ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ

ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਢੀਂਡਸੇ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**74. ਢਿੱਲੋਂ –** ਜ਼ਿਲ੍ਹਾ ਫਰੀਦਕੋਟ ਵਿੱਚ ਢਿੱਲਵਾਂ ਕਲਾਂ ਅਤੇ ਢਿੱਲਵਾਂ ਖੁਰਦ ਨਾਮਕ ਪਿੰਡ ਹਨ। ਢਿੱਲਵਾਂ ਪਿੰਡ ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵੀ ਹੈ। ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਢਿੱਲਵਾਂ ਨਾਕਾ ਵੀ ਇਸੇ ਗੋਤ ਨਾਲ਼ ਜੁੜਦੇ ਹਨ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਢਿੱਲੋਂ ਗੋਤ ਪਿੰਡ ਰੂਪੇਵਾਲ, ਜਾਫਰਾਪੁਰ, ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹਨਾਂ ਪਿੰਡਾਂ ਦੇ ਢਿੱਲੋਂ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**75. ਤੱਖਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਰਕਪੁਰ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਤੱਖਰ ਗੋਤ ਦੇ ਲੋਕ ‘ਬਾਬਾ ਪਰਤਾਪੂ’ ਨਾਮੀ ਆਪਣੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਲਈ ਦੀਵਾਲੀ ਤੋਂ ਅਗਲੇ ਦਿਨ ਪਿੰਡ ਸ਼ੰਕਰ ਵਿਖੇ ਜਾਂਦੇ ਹਨ ਜਿੱਥੇ ਕਿ ਉਹ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾਉਂਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਇਸੇ ਦਿਨ ਜਠੇਰੇ ਦੇ ਸਥਾਨ ‘ਤੇ ਬਹੁਤ ਭਾਰੀ ਮੇਲਾ ਵੀ ਲੱਗਦਾ ਹੈ।

**76. ਤੇਜੀ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਈਦਾ, ਬੱਲ ਨੌਂ ਅਤੇ ਖੁਰਸ਼ੈਦਪੁਰ ਪੰਡੋਰੀ ਵਿਖੇ ਪਾਇਆ ਗਿਆ। ਇਹ ਗੋਤ ਮਜ਼੍ਹਬੀ ਸਿੱਖ ਅਤੇ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਈਦਾ ਦੇ ਤੇਜੀ ਗੋਤ ਦੇ ਕੁਝ ਲੋਕ ਰਸੂਲਪੁਰ ਉੱਗੀ ਦੇ ਲਾਗੇ ਅਗਿਆਤ ਜਠੇਰੇ ਦੇ ਨਾਂ ਦੀ ਲੋਹੜੀ ਅਤੇ ਦੀਵਾਲੀ ਮੌਕੇ ਮਿੱਟੀ ਕੱਢਣ ਲਈ ਜਾਂਦੇ ਹਨ ਜਿੱਥੇ ਕਿ ਉਹ ਲੱਡੂ ਅਤੇ ਪੰਜੀਰੀ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਮੇਲੇ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਮਾਘੀ ਵਾਲ਼ੇ ਦਿਨ ਜਠੇਰੇ ਦੇ ਸਥਾਨ ‘ਤੇ ਬੜਾ ਬਾਰੀ ਮੇਲਾ ਲੱਗਦਾ ਹੈ। ਇਸ ਤੋਂ ਇਲਾਵਾ ਪਿੰਡ ਈਦਾ ਦੇ ਹੀ ਤੇਜੀ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਕੁਝ ਲੋਕ ਤਲਵੰਡੀ ਸਾਦਕਪੁਰ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਜਾਂਦੇ ਹਨ ਅਤੇ ਚੂਰਮਾ, ਦੇਗ-ਪ੍ਰਸ਼ਾਦ ਆਦਿ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**77. ਤੂਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਲਈਏਵਾਲ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਲਈਏਵਾਲ ਦੇ ਤੂਰ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**78. ਦਹੀਆ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚੁਹਾਰਮੀ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਬਿੱਲੀ ਚੁਹਾਰਮੀ ਦੇ ਦਹੀਆ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**79. ਦਾਦਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਦਾਦਰ ਗੋਤ ਪਿੰਡ ਸੋਹਲ ਖਾਲਸਾ ਵਿਖੇ ਪਾਇਆ ਗਿਆ ਜੋ ਕਿ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਦਾਦਰ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਜਾਂ ਵਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**80. ਦਾਦੜੀਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਦਾਦੜੀਆ ਗੋਤ ਪਿੰਡ ਗਿੱਲ, ਸਿਹਾਰੀਵਾਲ, ਆਲੇਵਾਲੀ ਅਤੇ ਸ਼ੰਕਰ ਵਿਖੇ ਪਾਇਆ ਗਿਆ ਜੋ ਕਿ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਆਲੇਵਾਲੀ ਦੇ ਦਾਦੜੀਆ ਗੋਤ ਦੇ ਲੋਕ ਆਪਣੇ-ਆਪ ਨੂੰ 'ਮੰਝ ਦਾਦੜੀਆ' ਕਹਾਉਂਦੇ ਹਨ ਅਤੇ ਹਾੜ੍ਹ ਮਹੀਨੇ ਪਿੰਡ ਸ਼ੇਰਪੁਰ ਵਿਖੇ ਜਾ ਕੇ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਕਰਦੇ ਹਨ। ਇਸ ਮੌਕੇ ਉਹ ਜਠੇਰੇ ਦੇ ਸਥਾਨ 'ਤੇ ਚੜ੍ਹਾਉਣ ਲਈ ਘਰੋਂ ਸੇਵੀਆਂ ਬਣਾ ਕੇ ਲਿਜਾਂਦੇ ਅਤੇ ਭਗਵੇਂ ਰੰਗ ਦਾ ਕੱਪੜਾ ਜਠੇਰੇ ਦੇ ਸਥਾਨ 'ਤੇ ਚੜ੍ਹਾਉਂਦੇ ਹਨ। ਇਸ ਮੌਕੇ ਉਹ ਜਠੇਰੇ ਦੇ ਸਥਾਨ 'ਤੇ ਰਾਤ ਨੂੰ ਚੌਂਕੀ ਭਰਦੇ ਅਤੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਗਿੱਲ ਪਿੰਡ ਦੇ ਦਾਦੜੀਏ 4 ਹਾੜ੍ਹ ਨੂੰ ਕਿਸੇ ਅਗਿਆਤ ਜਠੇਰੇ ਦੇ ਨਾਂ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ। ਇਸ ਮੌਕੇ ਜਠੇਰੇ ਦੇ ਸਥਾਨ 'ਤੇ ਮੇਲਾ ਵੀ ਲੱਗਦਾ ਹੈ ਜਿੱਥੇ ਕਿ ਉਹ ਵੇਸਣ ਦੀ ਪੰਜੀਰੀ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**81. ਧੰਜੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧੰਜੂ ਗੋਤ ਪਿੰਡ ਪਿੱਪਲੀ ਵਿਖੇ ਪਾਇਆ ਗਿਆ ਜੋ ਕਿ ਕੰਬੋਜ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਧੰਜੂ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਜਾਂ ਵਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**82. ਧਨੋਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਨੋਆ ਗੋਤ ਪਿੰਡ ਸੰਗਤਪੁਰਾ ਅਤੇ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਨਵਾਂ ਕਿਲ੍ਹਾ ਦੇ ਧਨੋਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**83. ਧਾਪ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਾਪ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ ਗਿਆ ਜੋ ਕਿ ਕ੍ਰਮਵਾਰ ਬਾਲਮੀਕ ਅਤੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਧਾਪ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰਾ-ਪੂਜਾ ਸੰਬੰਧੀ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ।

**84. ਧਾਵ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਾਵ ਗੋਤ ਪਿੰਡ ਈਦਾ ਵਿਖੇ ਪਾਇਆ ਗਿਆ ਜੋ ਕਿ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਧਾਵ ਗੋਤ ਨਾਲ਼ ਸੰਬੰਧਿਤ ਲੋਕ ਚੇਤ ਮਹੀਨੇ ਦੀ ਚੌਦੇਂ ਨੂੰ ਪਰਤਾਪਪੁਰਾ ਪਿੰਡ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ ਜਿੱਥੇ ਕਿ ਬੜਾ ਭਾਰੀ ਮੇਲਾ ਵੀ ਲੱਗਦਾ ਹੈ। ਇੱਥੇ ਉਹ ਵੇਸਣ ਦੀ ਬਰਫੀ ਅਤੇ ਲੱਡੂ ਜਠੇਰੇ ਨੂੰ ਚੜ੍ਹਾਉਂਦੇ, ਚੌਂਕੀਆਂ ਭਰਦੇ ਅਤੇ ਮੱਥਾ ਟੇਕਦੇ ਹਨ।

**85. ਧਾਲੀਵਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੰਗਤਪੁਰਾ, ਨਾਹਲ, ਸੀਚੇਵਾਲ, ਨਵਾਂ ਕਿਲ੍ਹਾ ਤੇ ਨਵਾਂ ਪਿੰਡ ਜੱਟਾਂ ਵਿਖੇ ਜੱਟ ਸਿੱਖ ਅਤੇ ਬਾਲਮੀਕ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਨਵਾਂ ਕਿਲ੍ਹਾ ਦੇ ਧਾਲੀਵਾਲ ਪਿੰਡ ਧੰਦਲ (ਕਪੂਰਥਲਾ) ਵਿਖੇ ਜੇਠ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲ਼ੇ ਮੇਲੇ ਉੱਤੇ ‘ਬਾਬਾ ਚਾਹਮ’ ਨਾਮੀ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ। ਇੱਥੇ ਉਹ ਲਵੇਰੇ ਦਾ ਦੁੱਧ, ਚੌਲਾਂ ਦੀਆਂ ਪਿੰਨੀਆਂ ਆਦਿ ਚੜ੍ਹਾ ਕੇ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਪਿੰਡ ਸੀਚੇਵਾਲ ਅਤੇ ਸੰਗਤਪੁਰਾ ਦੇ ਧਾਲੀਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**86. ਥਿੰਦ –** ਖੋਜ ਨਾਲ ਸੰਬੰਧਿਤ ਖੇਤਰੀ ਸਰਵੇ ਦੌਰਾਨ ਥਿੰਦ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮੱਲ੍ਹੀਵਾਲ, ਖਾਨਪੁਰ ਰਾਜਪੂਤਾਂ, ਪੱਤੋ ਕਲਾਂ, ਕੋਹਾੜ ਖੁਰਦ, ਮਿਆਣੀ, ਗੋਬਿੰਦ ਨਗਰ ਮਲਸੀਹਾਂ, ਪਿੱਪਲੀ, ਕੋਟਲੀ ਗਾਜਰਾਂ, ਬਿੱਲੀ ਭੁੱਲਰ, ਲਈਏਵਾਲ, ਰੂਪੇਵਾਲ, ਮੂਲੇਵਾਲ ਅਰਾਈਆਂ ਵਿਖੇ ਪਾਇਆ ਗਿਆ। ਇਹ ਗੋਤ ਖੇਤਰੀ ਸਰਵੇਖਣ ਕਰਦਿਆਂ ਕੰਬੋਅ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਪੱਤੋ ਕਲਾਂ ਦੇ ਥਿੰਦ ਗੋਤ ਦੇ ਲੋਕਾਂ ਦਾ ਕੋਈ ਜਠੇਰਾ ਨਹੀਂ ਹੈ। ਪਿੰਡ ਪਿੱਪਲੀ, ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਦੇ ਥਿੰਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਕੋਟਲੀ ਗਾਜਰਾਂ ਦੇ ਥਿੰਦ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਪਿੰਡ ਠੱਠੇ ਟਿੱਬੀ ਵਿਖੇ ਜਾਂਦੇ ਹਨ। ਜਿੱਥੇ ਕਿ ਲੱਡੂ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ। ਹੁਸ਼ਿਆਰ ਸਿੰਘ ਦੁਲੇਹ ਨੇ ਆਪਣੀ ਪੁਸਤਕ *ਜੱਟਾਂ ਦਾ ਇਤਿਹਾਸ* ਵਿੱਚ ਐਚ. ਏ. ਰੋਜ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ:

ਇਹ ਬਹੁਤੇ ਲੁਧਿਆਣਾ ਦੇ ਖੇਤਰ ਵਿੱਚ ਹਨ। ਇਨ੍ਹਾਂ ਦੇ ਵਡੇਰੇ ਬਿੱਛੂ ਦੀ ਇਸੇ ਇਲਾਕੇ ਸ਼ਹਿਣਾ ਵਿੱਚ ਸਮਾਧ ਹੈ। ਇਥੋਂ ਇੱਟਾਂ ਲਿਜਾਕੇ ਥਿੰਦਾਂ ਨੇ ਆਪਣੇ ਵਡੇਰੇ ਦੀ ਆਪਣੇ-ਆਪਣੇ ਪਿੰਡ ਵਿੱਚ ਸਮਾਧ ਬਣਾ ਲਈ ਹੈ। ਵਿਆਹ-ਸ਼ਾਦੀ ਵੇਲੇ ਸਮਾਧ ਦੀ ਪੂਜਾ ਕੀਤੀ ਜਾਂਦੀ ਹੈ। ਪੂਜਾ ਦਾ ਚੜ੍ਹਾਵਾ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। ਨਵੀਂ ਸੂਈ ਹੋਈ ਗਊ ਜਾਂ ਮੱਝ ਦਾ ਦੁੱਧ ਪਹਿਲਾਂ ਆਪਣੇ ਵਡੇਰੇ ਦੀ ਮਾਨਤਾ ਲਈ ਸਮਾਧ ਤੇ ਚੜ੍ਹਾਇਆ ਜਾਂਦਾ ਹੈ। ਬ੍ਰਾਹਮਣ ਨੂੰ ਵੀ ਦੁੱਧ ਪਿਆਇਆ ਜਾਂਦਾ ਹੈ। ਪਹਿਲੀ ਮੱਸਿਆ ਨੂੰ ਘਿਉ ਦਾ ਚੜ੍ਹਾਵਾ ਵੀ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। ਥਿੰਦ ਜੱਟਾਂ ਵਿੱਚ ਦਲਿਉ, ਔਲਖ, ਬੋਪਾਰਾਏ ਤੇ ਬੱਲ ਆਦਿ ਜੱਟਾਂ ਵਾਂਗ ਛਟੀ ਖੇਡਣ ਦੀ ਰਸਮ ਪ੍ਰਚੱਲਿਤ ਸੀ। ਸਿੱਖੀ ਦੇ ਪ੍ਰਭਾਵ ਕਾਰਨ ਥਿੰਦਾਂ ਨੇ ਹੁਣ ਇਹ ਪੁਰਾਣੀਆਂ ਰਸਮਾਂ ਛੱਡ ਦਿੱਤੀਆਂ ਹਨ। (102)

**87. ਥਾਪਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਚਾਓ, ਚੱਕ ਬਾਹਮਣੀਆਂ ਖੁਰਦ, ਪੰਡੋਰੀ ਖਾਸ, ਖੁਰਸ਼ੈਦਪੁਰ ਪੰਡੋਰੀ, ਸ਼ੰਕਰ ਅਤੇ ਤਲਵੰਡੀ ਬੂਟਿਆਂ ਵਿਖੇ ਮਜ਼੍ਹਬੀ ਸਿੱਖ ਅਤੇ ਬਾਲਮੀਕ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹਨਾਂ ਪਿੰਡਾਂ ਵਿੱਚੋਂ ਪੰਡੋਰੀ ਖਾਸ ਦੇ ਥਾਪਰ ਆਪਣੇ ਪਿੰਡ ਵਿਖੇ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਇੱਥੇ ਉਹ ਅੰਨ-ਪਾਣੀ ਅਤੇ ਕੜ੍ਹਾਹੀ ਚੜ੍ਹਾਵੇ ਵਜੋਂ ਦਿੰਦੇ ਅਤੇ ਚੇਤ ਮਹੀਨੇ ਦੀ ਚੌਦੇਂ ਨੂੰ ਲੱਗਣ ਵਾਲ਼ੇ ਮੇਲੇ ਉੱਤੇ ਜਾ ਕੇ ਜਠੇਰੇ ਦੇ ਸਥਾਨ ‘ਤੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਪਿੰਡ ਚੱਕ ਬਾਹਮਣੀਆਂ ਖੁਰਦ ਦੇ ਥਾਪਰ ਅਗਿਆਤ ਜਠੇਰੇ ਦੀ ਮਨੌਤ ਲਈ ਪਿੰਡ ਪਰਤਾਪਪੁਰ ਵਿਖੇ ਜਾਂਦੇ ਹਨ ਜਿੱਤੇ ਕਿ ਉਹ ਜਠੇਰੇ ਨੂੰ ਨਤ-ਮਸਤਕ ਹੁੰਦੇ ਹਨ।

**88. ਨਾਹਰ –** ਖੇਤਰੀ ਖੋਜ ਸਰਵੇਖਣ ਦੌਰਾਨ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਮੱਲ੍ਹੀਵਾਲ, ਬਿੱਲੀ ਭੁੱਲਰ, ਸ਼ੰਕਰ, ਚੱਕ ਚੇਲਾ, ਬਿੱਲੀ ਵੜੈਚ, ਈਦਾ ਵਿੱਚ ਨਾਹਰ ਗੋਤ ਪਾਇਆ ਗਿਆ। ਖੇਤਰੀ ਸਰਵੇਖਣ ਦੌਰਾਨ ਇਹ ਗੋਤ ਬਾਲਮੀਕ ਅਤੇ ਹਰੀਜਨਾਂ ਵਿੱਚ ਪਾਇਆ ਗਿਆ। ਪਿੰਡ ਸ਼ੰਕਰ ਵਿੱਚ ਟੈਂਕੀ ਕੋਲ਼ ਨਾਹਰਾਂ ਦੇ ਜਠੇਰਿਆਂ ਦੀ ਜਗ੍ਹਾ ਬਣੀ ਹੋਈ ਹੈ। ਪਿੰਡ ਆਲੇਵਾਲੀ ਦੇ ਨਾਹਰ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਵਿਸਾਖੀ ਮੌਕੇ ਪਿੰਡ ਸ਼ੰਕਰ ਵਿਖੇ ਜਾ ਕੇ ਮਿੱਟੀ ਕੱਢਦੇ ਹਨ। ਇੱਥੇ ਉਹ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਪਿੰਡ ਚੱਕ ਚੇਲਾ ਦੇ ਨਾਹਰ ਕਿਸੇ ਜਠੇਰੇ ਨੂੰ ਨਾ ਮੰਨ ਕੇ ‘ਬਾਬਾ ਬਾਲਮੀਕ’ ਨੂੰ ਮੰਨਦੇ ਹਨ।

**89. ਨਾਹਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਾਹਲ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਨੌਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਬੱਲ ਨੌਂ ਦੇ ਨਾਹਲ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮਾਨਤਾ ਨਹੀਂ ਕਰਦੇ

ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ। ਗੋਤ ਤੋਂ ਇਲਾਵਾ ਜ਼ਿਲ੍ਹਾ ਜਲੰਧਰ ਵਿੱਚ 'ਨਾਹਲ' ਨਾਮੀ ਪਿੰਡ ਵੀ ਹੈ ਪਰ ਇਸ ਪਿੰਡ ਵਿੱਚ ਨਾਹਲ ਗੋਤ ਨਹੀਂ ਪਾਇਆ ਗਿਆ।

**90. ਨਿੱਝਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਾਹਲ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਾਹਲ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਨਿੱਝਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**91.ਨੱਢੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਿਹਾਲੂਵਾਲ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਨੱਢੇ ਆਪਣੇ ਪਿੰਡ ਵਿੱਚ ਹੀ ਕਿਸੇ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਚੜ੍ਹਾਵੇ ਵਜੋਂ ਲੱਡੂ, ਪਤਾਸੇ ਚੜ੍ਹਾ ਕੇ ਜਠੇਰੇ ਦੇ ਸਥਾਨ 'ਤੇ ਮੱਥਾ ਟੇਕਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਨਾਲ਼ ਸੰਬੰਧਿਤ ਕੋਈ ਵੀ ਮੇਲਾ ਨਹੀਂ ਲੱਗਦਾ।

**92. ਨੰਨ੍ਹੜੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨੰਨ੍ਹੜੇ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੂੰਨੀਆਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਨੰਨ੍ਹੜੇ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**93. ਨੀਲੇ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ਰਕਪੁਰ ਦੀ ਝਿਉਰ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਸ਼ਰਕਪੁਰ ਦੇ ਇਸ ਗੋਤ ਨਾਲ਼ ਸੰਬੰਧਿਤ ਕੁਝ ਲੋਕ ਪਿੰਡ ਨਡਾਲੋਂ ਵਿਖੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ ਜਿੱਥੇ ਕਿ ਉਹ ਲੱਡੂਆਂ ਦਾ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾ ਕੇ ਜਠੇਰੇ ਦੀ ਜਗ੍ਹਾ 'ਤੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਇਸੇ ਪਿੰਡ ਦੇ ਨੀਲੇ ਗੋਤ ਨਾਲ਼ ਸੰਬੰਧਿਤ ਕੁਝ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**94. ਨਵਾਡੇ –** ਇਹ ਗੋਤ ਰਾਏ ਸਿੱਖ ਬਰਾਦਰੀ ਦਾ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਨਵਾਡੇ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪਿੱਪਲੀ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜਿਸੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**95. ਪੱਡਾ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮਹਿਮੂਵਾਲ ਯੂਸਫਪੁਰ ਦੀ ਜੱਟ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਪੱਡਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**96. ਪਦਮ –** ਪਦਮ ਗੋਤ ਵੀ ਪੰਜਾਬ ਦੇ ਉੱਘੇ ਗੋਤਾਂ ਵਿੱਚੋਂ ਇੱਕ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਮੱਲ੍ਹੀਵਾਲ ਵਿਖੇ ਰਾਮਗੜ੍ਹੀਆ (ਤਰਖਾਣ) ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਮੱਲ੍ਹੀਵਾਲ ਦੇ ਪਦਮ ਗੋਤ ਨਾਲ਼ ਸੰਬੰਧਿਤ ਤਰਖਾਣ ਬਰਾਦਰੀ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਯਾਈ ਹਨ।

**97. ਪੰਧੇਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਪੰਧੇਰ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੰਧੇਰ ਵਿਖੇ ਹੀ ਪਾਇਆ ਗਿਆ। ਇਸ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਇਸ ਪਿੰਡ ਦੇ ਪੰਧੇਰ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**98. ਪੂੰਨੀ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੇ ਦੌਰਾਨ ਪਿੰਡ ਰੂਪੇਵਾਲ, ਪੂੰਨੀ, ਮੰਡ ਪੂੰਨੀਆਂ ਵਿੱਚ ਇਹ ਗੋਤ ਪਾਇਆ ਗਿਆ। ਪਿੰਡ ਰੂਪੇਵਾਲ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਪੂੰਨੀਆਂ ਦੇ ਪੂੰਨੀ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**99. ਪੰਨੂ –** ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪੰਨੂ ਗੋਤ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਪੰਨੂ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

**100. ਪਨੇਸਰ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਪਨੇਸਰ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਈਵਾਲ ਦੋਨਾ, ਈਦਾ, ਬਿੱਲੀ ਵੜੈਂਚ, ਪੂੰਨੀਆਂ, ਗਿੱਲ ਅਤੇ ਇਸਮਾਇਲਪੁਰ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਤਰਖਾਣ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਰਾਈਵਾਲ ਦੋਨਾ ਅਤੇ ਬਿੱਲੀ

ਵੜੈਂਚ ਦੇ ਪਨੇਸਰ ਖਾਨਪੁਰ ਲਾਗੇ ਪਿੰਡ ਗਿੱਲ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਜਾਂਦੇ ਹਨ ,ਇੱਥੇ ਉਹ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ। ਜਦ ਕਿ ਪਿੰਡ ਈਦਾ ਦੇ ਪਨੇਸਰ ਪੁੰਨਿਆ ਨੂੰ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਪਿੰਡ ਪੂੰਨੀਆਂ ਦੇ ਪਨੇਸਰ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਪਿੰਡ ਮਾਣਕਪੁਰ ਜਾਂਦੇ ਹਨ ਜਿੱਥੇ ਕਿ ਉਹ ਲੱਡੂਆਂ ਦਾ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**101. ਪੁਰਬਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੋ ਕਲਾਂ ਵਿਖੇ ਪਾਇਆ ਗਿਆ। ਇਹ ਗੋਤ ਛੀਂਬਾ ਬਰਾਦਰੀ ਨਾਲ਼ ਸੰਬੰਧਿਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪੁਰਬਾ ਗੋਤ ਨਾਲ਼ ਸੰਬੰਧਿਤ ਪਿੰਡ ਪੱਤੋ ਕਲਾਂ ਦੇ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**102. ਪੁਰੇਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਪੁਰੇਵਾਲ ਗੋਤ ਪਿੰਡ ਸ਼ਰਕਪੁਰ ਅਤੇ ਸ਼ੰਕਰ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹਨਾਂ ਦੋਨਾਂ ਪਿੰਡਾਂ ਦੇ ਪੁਰੇਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**103. ਪਵਾਰ–** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ, ਰਾਜੇਵਾਲ ਵਿਖੇ ਪਾਇਆ ਗਿਆ। ਪਿੰਡ ਸੀਚੇਵਾਲ ਦਾ ਇਹ ਜੱਦੀ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਪਵਾਰ ਜੱਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**104. ਬੱਸੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ, ਰਾਜੇਵਾਲ ਵਿਖੇ ਪਾਇਆ ਗਿਆ। ਪਿੰਡ ਸੀਚੇਵਾਲ ਦੇ ਬੱਸੀ ਗੋਤ ਦੇ ਲੋਕ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਉਹਨਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਦੀ ਚੇਤ ਚੌਦੇਂ ਨੂੰ ਨਵਾਂਸ਼ਹਿਰ ਲਾਗੇ ਪਿੰਡ ਰਾਣੀਵਾਲ਼ ਵਿਖੇ ਮਿੱਟੀ ਕੱਢਣ ਲਈ ਜਾਂਦੇ ਹਨ ਇੱਥੇ ਉਹ ਚਿਰਾਗ ਲਗਾਉਂਦੇ ਹਨ ਅਤੇ ਇਸ ਦਿਨ ਜਠੇਰੇ ਦੇ ਸਥਾਨ ‘ਤੇ ਬੜਾ ਭਾਰੀ ਮੇਲਾ ਵੀ ਲੱਗਦਾ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ ਸੱਤਵੀਂ* ਅਨੁਸਾਰ:

> ਖਤ੍ਰੀਆਂ ਦੀ ਇਕ ਗੋਤ; ਇਸੇ ਨਾਉਂ ਦੇ ਕੁਝ ਪਿੰਡ ਤੇ ਨਗਰ ਪੰਜਾਬ ਵਿਚ ਮਿਲਦੇ ਹਨ,ਪਰ ਇਹ ਸਾਰੇ ਪਿੰਡ ਬੱਸੀ ਗੋਤ ਦੇ ਖਤ੍ਰੀਆਂ ਦੇ ਵਸਾਏ ਹੋਏ ਨਹੀਂ। ਬੱਸੀ ਜੱਟਾਂ ਦਾ ਇੱਕ ਕਬੀਲਾ; ਇਨ੍ਹਾਂ ਦੇ ਵਡਿਕੇ ‘ਤੁਲਾ’ ਦਾ ਮੱਠ ਲੁਧਿਆਣੇ ਵਿਚ ਗੋਪਾਲਪੁਰ ਵਿਖੇ ਹੈ। ਇਸ

> ਕਬੀਲੇ ਦੇ ਲੋਕ ਬੱਚੇ ਦੇ ਜਨਮ ਤੇ ਕੁਝ ਹੋਰ ਮੰਗਲ ਕਾਰਜਾਂ ਤੇ ਦਿਵਾਲੀ ਆਦਿ ਤਿਉਹਾਰਾਂ ਉਤੇ ਇਸ 'ਮੱਠ' 'ਤੇ ਜਾ ਕੇ ਮਿੱਟੀ ਕੱਢਦੇ ਹਨ। (1745–1746)

**105. ਬਾਂਸਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਖਹਿਰਾ ਵਿਖੇ ਪਾਇਆ ਗਿਆ ਜੋ ਕਿ ਬਾਣੀਆ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬਾਂਸਲ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

**106. ਬੂਹਕ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਪਿੱਪਲੀ ਅਤੇ ਮਿਆਣੀ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਪਿੱਪਲੀ ਦੇ ਬੂਹਕ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**107. ਬੰਗੜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਖੁਰਸ਼ੈਦਪੁਰ ਪੰਡੋਰੀ ਵਿਖੇ ਪਾਇਆ ਗਿਆ ਜੋ ਕਿ ਧਰਮੀ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਬੰਗੜ ਗੋਤ ਦੇ ਲੋਕ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**108. ਬਾਜਵਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਅਰਾਈਆਂ, ਨਵਾਂ ਕਿਲ੍ਹਾ, ਤਲਵੰਡੀ ਬੂਟਿਆਂ ਵਿਖੇ ਜੱਟ ਸਿੱਖ ਬਰਾਦਰੀਆਂ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਮੂਲੇਵਾਲ ਅਰਾਈਆਂ ਦੇ ਬਾਜਵਾ ਜੱਟ ਸ਼ਾਹਕੋਟ ਵਿਖੇ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਨਵਾਂ ਕਿਲ੍ਹਾ ਪਿੰਡ ਦੇ ਬਾਜਵਾ ਜੱਟ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> ਇਨ੍ਹਾਂ ਦੇ ਮੋਢੀ ਨੂੰ ਵਜਬ ਕਿਹਾ ਜਾਂਦਾ ਸੀ। ਇਹ ਸੂਰਜ ਬੰਸੀ ਹਨ। ਬਾਜਵਾ ਜੱਟ ਕੇਵਲ ਬਾਜੂ ਰਾਜਪੂਤਾਂ ਨਾਲ ਮਿਲਦੇ ਹਨ। ਇਨ੍ਹਾਂ ਦੇ ਰਸਮ-ਰਿਵਾਜ਼ ਵੀ ਇੱਕੋ ਜਿਹੇ ਹਨ। ਇਨ੍ਹਾਂ ਦਾ ਵਡੇਰਾ ਬਾਬਾ ਮੰਗਾ ਹੈ। ਜਿਨ੍ਹਾਂ ਦਾ ਆਰੰਭ ਸਿਆਲਕੋਟ ਜ਼ਿਲ੍ਹੇ ਵਿੱਚ ਜੰਮੂ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਥਿਤ ਬਜਵਾਤ ਵਿੱਚ ਹੋਇਆ ਸੀ। ਬਾਜਵੇ ਸਾਰੇ ਪੰਜਾਬ ਵਿੱਚ ਫੈਲੇ ਹੋਏ ਹਨ ਪਰ ਇਨ੍ਹਾਂ ਦਾ ਅਸਲੀ ਟਿਕਾਣਾ ਸਿਆਲਕੋਟ ਹੈ। ਵਿਆਹ ਸ਼ਾਦੀ ਤੇ ਨਵੀਂ ਵਿਆਤਾ ਨੂੰ ਬਾਬੇ ਮੰਗੇ ਦੀ ਮਾੜੀ ਤੇ ਮੱਥਾ ਟਿਕਾਉਂਦੇ ਹਨ। ਬਾਬਾ ਮੰਗੇ ਦੀ ਪੂਜਾ ਕੀਤੀ

ਜਾਂਦੀ ਹੈ। ਹੋਰ ਜੱਟਾਂ ਵਾਂਗ ਜੰਡੀ ਵੱਢਣ ਦੀ ਰਸਮ ਇਨ੍ਹਾਂ ਵਿੱਚ ਵੀ ਪ੍ਰਚੱਲਿਤ ਸੀ। (132)

**109. ਬਾਠ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ ਅਤੇ ਨਵਾਂ ਪਿੰਡ ਜੱਟਾਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਨਵਾਂ ਪਿੰਡ ਜੱਟਾਂ ਪਿੰਡ ਦੇ ਬਾਠ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**110. ਬੰਦੇਸ਼ਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮੱਲ੍ਹੀਵਾਲ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬੰਦੇਸ਼ਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**111. ਬੋਪਾਰਾਏ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਬੋਪਾਰਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।

**112. ਬੰਬਰਾ –** ਇਹ ਗੋਤ ਮੂਲ ਰੂਪ ਵਿੱਚ ਤਰਖਾਣ (ਰਾਮਗੜ੍ਹੀਏ) ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਨਾਹਲ ਦੇ ਬੰਬਰਾ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**113. ਬੱਲ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਈਦਾ, ਬੱਲ ਨੌਂ, ਬੱਲ ਕੋਹਨਾ, ਪਿੱਪਲੀ ਵਿਖੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਇਹਨਾਂ ਵਿੱਚੋਂ ਪਿੰਡ ਬੱਲ ਨੌਂ ਦੇ ਬੱਲ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

**114. ਬਾਲੂ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ਰਕਪੁਰ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ

ਇਸ ਪਿੰਡ ਦੇ ਬਾਲੂ ਗੋਤ ਨਾਲ਼ ਸੰਬੰਧਿਤ ਲੋਕ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**115. ਬਾਲੀ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਕੋਹਨਾ ਵਿਖੇ ਪਾਇਆ ਗਿਆ। ਇਸ ਪਿੰਡ ਦੇ ਬਾਲੀ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਉਹਨਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ।ਇੱਥੇ ਉਹ ਚੌਲ਼ਾਂ ਦਾ ਪ੍ਰਸ਼ਾਦ ਚੜ੍ਹਾਵੇ ਵਜੋਂ ਚੜ੍ਹਾਉਂਦੇ ਹਨ।

**116. ਭੂਈ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ, ਰਾਈਵਾਲ ਦੋਨਾ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹਨਾਂ ਦੋਹਾਂ ਪਿੰਡਾਂ ਦੇ ਭੂਈ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**117. ਭੰਗਾਣੀਏ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਨਵਾਂ ਪਿੰਡ ਜੱਟਾਂ ਅਤੇ ਸ਼ੰਕਰ ਵਿਖੇ ਪਾਇਆ ਗਿਆ। ਇਹਨਾਂ ਪਿੰਡਾਂ ਦੇ ਭੰਗਾਣੀਏ ਗੋਤ ਨਾਲ਼ ਸੰਬੰਧਿਤ ਲੋਕ ਦਲਿਤ ਬਰਾਦਰੀਆਂ ਨਾਲ਼ ਸੰਬੰਧ ਰੱਖਦੇ ਹਨ।ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਨਵਾਂ ਪਿੰਡ ਜੱਟਾਂ ਦੇ ਭੰਗਾਣੀਏ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਕਿਸੇ ਖੁਸ਼ੀ ਦੇ (ਵਿਆਹ-ਸ਼ਾਦੀ ਆਦਿ) ਮੌਕੇ ‘ਤੇ ਪੂਜਾ ਕਰਦੇ ਹਨ। ਇੱਥੇ ਉਹ ਦੇਗ ਅਤੇ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ।



**ਜਠੇਰਾ-ਪੂਜਾ ਸਥਾਨ: ਗੋਤ ਭੰਗਾਣੀਏ**

**118. ਭੱਟੀ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਕਿਲੀ, ਤਲਵੰਡੀ ਬੂਟਿਆਂ, ਸ਼ੰਕਰ ਅਤੇ ਖੁਰਸ਼ੈਦਪੁਰ ਪੰਡੋਰੀ ਪਿੰਡਾਂ ਵਿੱਚ ਪਾਇਆ ਗਿਆ। ਇਹਨਾਂ ਪਿੰਡਾਂ ਵਿਚਲੇ ਭੱਟੀ ਗੋਤ ਦੇ ਲੋਕ ਮਜ਼੍ਹਬੀ ਸਿੱਖ, ਰਵਿਦਾਸੀਏ ਅਤੇ ਬਾਲਮੀਕ ਜਾਤੀਆਂ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹਨਾਂ ਪਿੰਡਾਂ ਵਿਚਲੇ ਭੱਟੀ ਗੋਤ ਦੇ ਲੋਕਾਂ ਵਿੱਚੋਂ ਤਲਵੰਡੀ ਬੂਟਿਆਂ ਅਤੇ ਕਿਲੀ ਪਿੰਡਾਂ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਭੱਟੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ ਅਤੇ ਜਠੇਰੇ ਦੇ ਸਥਾਨ ‘ਤੇ ਕੜਾਹ-ਪ੍ਰਸ਼ਾਦ ਦੀ ਦੇਗ ਚੜ੍ਹਾ ਕੇ ਮੱਥਾ ਟੇਕਦੇ ਹਨ।

**119. ਭਾਰਦਵਾਜ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਬੂਟਿਆਂ ਵਿਖੇ ਅਧਰਮੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਭਾਰਦਵਾਜ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**120. ਭੁੱਲਰ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਭੁੱਲਰ ਗੋਤ ਈਦਾ, ਸੰਗਤਪੁਰਾ, ਪਿੱਪਲੀ ਅਤੇ ਬਿੱਲੀ ਭੁੱਲਰ ਵਿਖੇ ਪਾਇਆ ਗਿਆ। ਇਹਨਾਂ ਸਾਰੇ ਪਿੰਡਾਂ ਵਿਚਲੇ ਭੁੱਲਰ ਗੋਤ ਦੇ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜ਼ਿਕਰਯੋਗ ਹੈ ਕਿ ਸਭ ਤੋਂ ਵੱਧ ਭੁੱਲਰ ਗੋਤ ਦੇ ਲੋਕ ਪਿੰਡ ਬਿੱਲੀ ਭੁੱਲਰ ਵਿਖੇ ਰਹਿੰਦੇ ਹਨ ਅਤੇ ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**121. ਮਹਿਰਾ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਮਹਿਰਾ ਗੋਤ ਪਿੰਡ ਬੱਲ ਕੋਹਨਾ ਦੀ ਪਰਜਾਪੱਤ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਮਹਿਰਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਉਹ ਜਠੇਰੇ ਦੇ ਸਥਾਨ ‘ਤੇ ਮਿੱਠੇ ਚਾਵਲਾਂ ਦਾ ਚੜ੍ਹਾਵਾ ਚੜ੍ਹਾ ਕੇ ਮੱਥਾ ਟੇਕਦੇ ਹਨ।

**122. ਮੱਟੂ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਮੱਟੂ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਬਿੱਲੀ ਚਾਓ, ਬਿੱਲੀ ਬੜੈਂਚ, ਪੰਧੇਰ, ਗਿੱਲ, ਰਾਜੇਵਾਲ, ਖੁਰਸ਼ੈਦਪੁਰ ਪੰਡੋਰੀ, ਸ਼ੰਕਰ, ਪੰਡੋਰੀ ਖਾਸ ਵਿਖੇ ਪਾਇਆ ਗਿਆ। ਇਹ ਗੋਤ ਜੱਟ ਸਿੱਖ ਅਤੇ ਦਲਿਤ ਸ਼੍ਰੇਣੀਆਂ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਬਿੱਲੀ ਬੜੈਂਚ ਅਤੇ ਰਾਜੇਵਾਲ ਦੇ ਮੱਟੂ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਪੰਧੇਰ ਦੇ ਮੱਟੂ ਆਪਣੇ ਪਿੰਡ ਵਿੱਚ ਹੀ ‘ਬਾਬਾ ਸੱਧਾ’ ਦੀ ਮੰਨ-ਮਨੌਤ ਕਰਦੇ ਹਨ। ਉਹ ਜਠੇਰੇ ਦੇ ਸਥਾਨ ‘ਤੇ ਦੇਗ ਅਤੇ ਚਾਵਲਾਂ ਦਾ ਚੜ੍ਹਾਵਾ ਚੜ੍ਹਾਉਂਦੇ ਹਨ।

**123. ਮਠਾੜੂ –** ਇਹ ਇੱਕ ਪ੍ਰਸਿੱਧ ਗੋਤ ਹੈ ਜੋ ਕਿ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰੁਪੇਵਾਲ, ਸੀਚੇਵਾਲ ਅਤੇ ਜਾਫਰਾਪੁਰ ਦੀ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਸੀਚੇਵਾਲ ਦੇ ਮਠਾੜੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਤੋਂ ਇਨਕਾਰੀ ਹਨ। ਉਹਨਾਂ ਉੱਪਰ ਸੰਤ ਬਲਵੀਰ ਸਿੰਘ ਸੀਚੇਵਾਲ ਜੀ ਦਾ ਪ੍ਰਭਾਵ ਹੋਣ ਕਰਕੇ ਉਹ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਹਨ।

**124. ਮੁੱਤੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਮੁੱਤੀ ਗੋਤ ਖਾਨਪੁਰ ਰਾਜਪੂਤਾਂ, ਮੂਲੇਵਾਲ ਅਰਾਈਆਂ, ਕੋਟਲੀ ਗਾਜਰਾਂ, ਨਵਾਂ ਕਿਲ੍ਹਾ ਆਦਿ ਪਿੰਡਾਂ ਦੀ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਕੋਟਲੀ ਗਾਜਰਾਂ ਦੇ ਮੁੱਤੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**125. ਮੋਮੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਮਿਆਣੀ, ਨਵਾਂ ਕਿਲ੍ਹਾ ਅਤੇ ਆਲੇਵਾਲੀ ਦੀ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਆਲੇਵਾਲੀ ਦੇ ਮੋਮੀ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**126. ਮੋਮੇ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬਿੱਲੀ ਚਾਓ ਦੀ ਮਜ਼੍ਹਬੀ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਇਸ ਪਿੰਡ ਦੇ ਮੋਮੇ ਗੋਤ ਨਾਲ਼ ਸੰਬੰਧਿਤ ਲੋਕ ਚੇਤ ਚੌਦੇਂ ਨੂੰ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮਿੱਟੀ ਕੱਢਦੇ ਹਨ। ਇੱਥੇ ਉਹ ਚੜ੍ਹਾਵੇ ਵਜੋਂ ਦੁੱਧ ਅਤੇ ਕੜਾਹ-ਪ੍ਰਸ਼ਾਦ, ਚਾਵਲ ਆਦਿ ਚੜ੍ਹਾਉਂਦੇ ਹਨ।

**127. ਮਰੋਕ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰੁਪੇਵਾਲ, ਖਾਨਪੁਰ ਰਾਜਪੂਤਾਂ, ਮੂਲੇਵਾਲ ਅਰਾਈਆਂ, ਪਿੱਪਲੀ ਵਿਖੇ ਕੰਬੋਅ ਜਾਂ ਕੰਬੋਜ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਪਿੱਪਲੀ ਦੇ ਮਰੋਕ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**128. ਮੱਲ੍ਹੀ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਚਾਓ, ਨਵਾਂ ਪਿੰਡ ਜੱਟਾਂ ਅਤੇ ਪੰਡੋਰੀ ਖਾਸ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਅਤੇ ਪਰਜਾਪੱਤ (ਘੁਮਿਆਰ) ਜਾਤੀ ਨਾਲ਼ ਸੰਬੰਧਿਤ ਹੈ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਬਿੱਲੀ ਚਾਓ ਪਿੰਡ ਦੇ ਮੱਲ੍ਹੀ 'ਲਛਮਣ ਸਿੱਧ' ਦੀ ਮੰਨ-ਮਨੌਤ ਕਰਨ ਲਈ ਪਿੰਡ ਮਾੜੀ ਮੁਸਤਫ਼ਾ (ਮੋਗਾ)

ਵਿਖੇ ਜਾਂਦੇ ਹਨ ਅਤੇ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਚੜ੍ਹਾਵੇ ਵਜੋਂ ਜਠੇਰੇ ਦੇ ਸਥਾਨ 'ਤੇ ਕੜਾਹ-ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਉਹ ਚੌਂਕੀ ਵੀ ਭਰਦੇ ਹਨ। ਇਸ ਤੋਂ ਇਲਾਵਾ ਨਵਾਂ ਪਿੰਡ ਜੱਟਾਂ ਦੇ ਮੱਲ੍ਹੀ ਆਪਣੇ ਪਿੰਡ ਵਿਖੇ ਹੀ ਮੱਸਿਆ ਮੌਕੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਹੁਸ਼ਿਆਰ ਸਿੰਘ ਦੁਲੇਹ ਦੀ ਪੁਸਤਕ *ਜੱਟਾਂ ਦਾ ਇਤਿਹਾਸ* ਅਨੁਸਾਰ:

> 12ਵੀਂ ਸਦੀ ਈਸਵੀ ਵਿੱਚ ਮਲਿਆਣੇ ਵਾਲਿਆਂ ਵਿੱਚੋਂ ਲਛਮਣ ਸਿੱਧ ਬੜਾ ਸ਼ਕਤੀਸ਼ਾਲੀ ਸੀ। ਉਸ ਨੇ ਚੜਿੱਕ ਅਤੇ ਅਸ਼ਟਾਂਗ ਕੋਟ ਪਿੰਡ ਦੁਬਾਰਾ ਵਸਾਏ ਸਨ। ਚੜਿੱਕ ਆਪਣੇ ਭਤੀਜੇ ਸੰਘੇ ਨੂੰ ਦੇ ਦਿੱਤਾ ਸੀ। ਲਛਮਣ ਸਿੱਧ ਆਪ ਅਸ਼ਟਾਂਗ ਕੋਟ ਰਹਿੰਦਾ ਸੀ। ਗਜ਼ਨੀ ਵਾਲਿਆਂ ਨੂੰ ਮਾਲਵੇ ਵਿੱਚੋਂ ਕੱਢਣ ਲਈ ਲਛਮਣ ਸਿੱਧ ਵੀ ਜੱਗਦੇਉ ਪਰਮਾਰ ਨਾਲ ਰਲ ਗਿਆ। ਇਹ ਗੌਰੀਆਂ ਦੇ ਬਠਿੰਡਾ ਮਾਰਨ ਦੇ ਸਮੇਂ ਉਹਨਾਂ ਦੇ ਵਿਰੁੱਧ ਲੜੇ ਸਨ। ਇਸ ਲੜਾਈ ਵਿੱਚ ਰਾਜਪੂਤ ਜੱਟਾਂ ਦਾ ਬਹੁਤ ਨੁਕਸਾਨ ਹੋਇਆ ਸੀ। ਰਾਜਪੂਤ ਤੇ ਜੱਟ ਇੱਕੋ ਨਸਲ ਵਿੱਚੋਂ ਹਨ। ਅਸਲ ਵਿੱਚ ਜੱਟ ਹੀ ਰਾਜਪੂਤਾਂ ਦੇ ਮਾਪੇ ਹਨ। ਗੌਰੀਆਂ, ਭੱਟੀਆਂ ਤੇ ਖਹਿਰਿਆਂ ਨੇ ਲਛਮਣ ਸਿੱਧ ਦੇ ਭਾਈਚਾਰੇ ਦੇ ਪਿੰਡ ਅੱਗਾਂ ਲਾ ਕੇ ਫੂਕ ਦਿੱਤੇ। ਚੜਿੱਕ ਦੇ ਸਥਾਨ 'ਤੇ ਭਾਰੀ ਯੁੱਧ ਹੋਇਆ। ਲਛਮਣ ਸਿੱਧ ਦਾ ਸੀਸ ਚੜਿੱਕ ਡਿੱਗਿਆ ਤੇ ਧੜ੍ਹ ਮੁਸਤਫਾ ਕੋਲ ਆ ਕੇ ਡਿੱਗਿਆ। ਦੋਹੀਂ ਥਾਈਂ ਇਸ ਸਿੱਧ ਦੀਆਂ ਮੜ੍ਹੀਆਂ ਬਣੀਆਂ ਹਨ। ਇਸ ਭਾਈਚਾਰੇ ਦੇ ਲੋਕ ਇਹਨਾਂ ਮੜ੍ਹੀਆਂ ਨੂੰ ਪੂਜਦੇ ਹਨ। ਚੌਦਾਂ ਚੇਤ ਨੂੰ ਮੋਗੇ ਜ਼ਿਲ੍ਹੇ ਦੇ ਪਿੰਡ ਮਾੜੀ ਵਿੱਚ ਵੀ ਲਛਮਣ ਸਿੱਧ ਦੇ ਮੰਦਰ ਵਿੱਚ ਭਾਰੀ ਸਾਲਾਨਾ ਮੇਲਾ ਲੱਗਦਾ ਹੈ। ਲਛਮਣ ਸਿੱਧ ਮੱਲ੍ਹੀ ਜੱਟ ਸੀ। ਮਾੜੀ ਦੇ ਮੱਲ੍ਹੀ ਜੱਟ ਮੰਦਿਰ ਵਿੱਚ ਹਰ ਸ਼ਾਮ ਦੀਵਾ ਬਾਲਦੇ – ਹਨ। ਮੱਲ੍ਹੀ ਜੱਟਾਂ ਦਾ ਬਹੁਤ ਹੀ ਪੁਰਾਣਾ ਅਤੇ ਪ੍ਰਸਿੱਧ ਗੋਤ ਹੈ। (152)

ਜ਼ਿਲ੍ਹਾ ਪੰਜਾਬ ਵਿੱਚ ਮੱਲ੍ਹੀਆਂ ਨਾਮ ਦੇ ਕਈ ਪਿੰਡ ਹਨ। ਇੱਕ ਮੱਲ੍ਹੀਆਂ ਪਟਿਆਲੇ ਖੇਤਰ ਵਿੱਚ ਹੈ। ਇੱਕ ਮੱਲ੍ਹੀਆਂ ਵਾਲਾ ਸੰਗਰੂਰ ਵਿੱਚ ਹੈ। ਮੱਲ੍ਹੀਆਂ ਵਾਲਾ ਮੋਗੇ ਖੇਤਰ ਵਿੱਚ ਵੀ ਹੈ। ਦੁਆਬੇ ਵਿੱਚ ਵੀ ਇੱਕ ਮੱਲ੍ਹੀਆਂ ਪਿੰਡ ਬਹੁਤ ਪ੍ਰਸਿੱਧ ਹੈ। ਮਾਲਵੇ ਦੇ ਮੋਗਾ, ਲੁਧਿਆਣਾ ਅਤੇ ਸੰਗਰੂਰ ਖੇਤਰਾਂ ਵਿੱਚ ਮੱਲ੍ਹੀ ਭਾਈਚਾਰੇ ਦੇ ਲੋਕ ਪੁਰਾਣੇ ਸਮੇਂ ਤੋਂ ਹੀ ਆਬਾਦ ਹਨ।

**129. ਰਾਏ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਈਵਾਲ ਦੋਨਾ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਰਾਈਵਾਲ ਦੋਨਾ ਦੇ ਰਾਏ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**130. ਰਤਨਪਾਲ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਮਿਆਣੀ ਦੇ ਰਤਨਪਾਲ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**131. ਰੰਧਾਵਾ –** ਖੋਜ ਸਰਵੇਖਣ ਦੇ ਖੇਤਰੀ ਸਰਵੇ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਆਲੇਵਾਲੀ, ਤਲਵੰਡੀ ਮਾਧੋ ਅਤੇ ਜਾਫਰਾਪੁਰ ਦੀਆਂ ਦਲਿਤ ਬਰਾਦਰੀਆਂ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਪਿੰਡ ਆਲੇਵਾਲੀ ਵਿੱਚ ਰੰਧਾਵਾ ਗੋਤ ਦੇ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਸ਼ੰਕਰ ਨੇੜੇ ਬਜੂਹਾ ਵਿਖੇ ਮੱਸਿਆ 'ਤੇ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ। ਇੱਥੇ ਉਹ ਲੱਡੂ, ਪੰਜੀਰੀ, ਦੁੱਧ, ਪਤਾਸੇ ਆਦਿ ਚੜ੍ਹਾਉਂਦੇ ਹਨ। ਇਸ ਦੇ ਨਾਲ਼ ਹੀ ਪਿੰਡ ਤਲਵੰਡੀ ਮਾਧੋ ਦੇ ਰੰਧਾਵੇ ਵੀ ਅਗਿਆਤ ਜਠੇਰੇ ਨੂੰ ਮੰਨਦੇ ਹਨ।

**132. ਰਾਮਗੜ੍ਹੀਆ –** ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਰਾਮਗੜ੍ਹੀਆ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਸੀਚੇਵਾਲ, ਮੱਲ੍ਹੀਵਾਲ, ਮਿਆਣੀ ਅਤੇ ਗੋਬਿੰਦ ਨਗਰ ਮਲਸੀਹਾਂ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਹਨਾਂ ਪਿੰਡਾਂ ਵਿੱਚੋਂ ਪਿੰਡ ਸੀਚੇਵਾਲ ਦੇ ਰਾਮਗੜ੍ਹੀਆ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਹੀਂ ਮੰਨਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**133. ਰੱਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬਿੱਲੀ ਭੁੱਲਰ ਵਿਖੇ ਦਲਿਤ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**134. ਲੋਲੇ (ਚੌਹਾਨ) –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬੱਲ ਕੋਹਨਾ ਵਿਖੇ ਪਰਜਾਪੱਤ ਜਾਂ ਘੁਮਿਆਰ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਲੋਲੇ (ਚੌਹਾਨ) ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਮੰਨ-ਮਨੌਤ ਨਹੀਂ ਕਰਦੇ।

**135. ਵਿਰਦੀ –** ਇਹ ਗੋਤ ਮੂਲ ਰੂਪ ਵਿੱਚ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ। ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਬਿੱਲੀ ਚੁਹਾਰਮੀ ਵਿਖੇ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਵਿਰਦੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਚੜ੍ਹਾਵੇ ਵਜੋਂ ਜਠੇਰੇ ਦੇ ਸਥਾਨ 'ਤੇ ਦੁੱਧ-ਪ੍ਰਸ਼ਾਦ ਆਦਿ ਚੜ੍ਹਾਉਂਦੇ ਅਤੇ ਮੱਥਾ ਟੇਕਦੇ ਹਨ।

**136. ਵਰਵਾਲ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਚੱਕ ਬਾਹਮਣੀਆਂ ਖੁਰਦ, ਇਸਮਾਇਲਪੁਰ, ਰਾਮੇ, ਰਾਜੇਵਾਲ, ਮਿਆਣੀ, ਪਿੱਪਲੀ ਦੀ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਦਿਆਂ ਪਿੰਡ ਇਸਮਾਇਲਪੁਰ, ਰਾਮੇ ਅਤੇ ਚੱਕ ਬਾਹਮਣੀਆਂ ਖੁਰਦ ਦੇ ਵਰਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੋਈ ਜਠੇਰਾ ਨਹੀਂ ਅਤੇ ਨਾ ਹੀ ਉਹ ਜਠੇਰੇ ਦੇ ਨਾਂ ਦੀ ਮਿੱਟੀ ਕੱਢਦੇ ਹਨ, ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

**137. ਵਾਲੂ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਵਾਲੂ ਗੋਤ ਪਿੰਡ ਜਾਫਰਾਪੁਰ, ਬਿੱਲੀ ਚਾਓ ਅਤੇ ਈਦਾ ਦੀਆਂ ਦਲਿਤ ਬਰਾਦਰੀਆਂ (ਬਾਲਮੀਕ ਅਤੇ ਮਜ਼੍ਹਬੀ ਸਿੱਖ) ਵਿੱਚ ਪਾਇਆ ਗਿਆ। ਪਿੰਡ ਜਾਫਰਾਪੁਰ ਦੇ ਵਾਲੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਪਿੰਡ ਬਿੱਲੀ ਚਾਓ ਦੇ ਵਾਲੂ ਗੋਤ ਨਾਲ਼ ਸੰਬੰਧਿਤ ਲੋਕ ਨਕੋਦਰ ਲਾਗੇ ਪਿੰਡ ਟੁੱਟ ਕਲਾਂ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਮਿੱਟੀ ਕੱਢਣ ਲਈ ਜਾਂਦੇ ਹਨ।ਇੱਥੇ ਉਹ ਜਠੇਰੇ ਨੂੰ ਲੱਡੂ, ਬਰਫੀ ਆਦਿ ਦਾ ਚੜ੍ਹਾਵਾ ਚੜ੍ਹਾਉਂਦੇ ਹਨ। ਇਸ ਤੋਂ ਇਲਾਵਾ ਇਸ ਪਿੰਡ ਦੇ ਵਾਲੂ ਗੋਤ ਨਾਲ਼ ਸੰਬੰਧਿਤ ਜਠੇਰੇ ਦੀ ਯਾਦ ਵਿੱਚ ਚੇਤ ਮਹੀਨੇ ਨੂੰ ਪਿੰਡ ਟੁੱਟ ਕਲਾਂ ਵਿਖੇ ਮੇਲਾ ਵੀ ਲੱਗਦਾ ਹੈ।

**138. ਵਾਲੀਆ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਪੰਧੇਰ ਵਿਖੇ ਦਲਿਤ ਬਰਾਦਰੀ (ਬਾਲਮੀਕ) ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਪੰਧੇਰ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਨਕੋਦਰ ਲਾਗੇ ਪਿੰਡ ਟੁੱਟ ਕਲਾਂ ਵਿਖੇ ਲੋਹੜੀ, ਦੀਵਾਲੀ ਨੂੰ ਮਿੱਟੀ ਕੱਢਣ ਲਈ ਜਾਂਦੇ ਹਨ। ਚੜ੍ਹਾਵੇ ਵਜੋਂ ਕੜਾਹ-ਪ੍ਰਸ਼ਾਦ ਅਰਪਿਤ ਕਰਕੇ ਮੱਥਾ ਟੇਕਦੇ ਹਨ।

**139. ਵਿਲਾਸਰਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਇਹ ਗੋਤ ਪਿੰਡ ਰਾਜੇਵਾਲ ਵਿਖੇ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਰਾਜੇਵਾਲ ਦੇ ਵਿਲਾਸਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਕਿਸਮ ਦੀ ਜਠੇਰਾ-ਪੂਜਾ ਨਹੀਂ ਕਰਦੇ।

**140. ਵੜੈਂਚ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਪਿੰਡ ਬਿੱਲੀ ਬੜੈਂਚ ਅਤੇ ਬਿੱਲੀ ਚਾਓ ਦੇ ਜੱਟਾਂ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਬਿੱਲੀ ਚਾਓ ਦੇ ਵੜੈਂਚ ਗੋਤ ਦੇ ਕੁਝ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਤੋਂ ਇਨਕਾਰੀ ਹਨ। ਇਸ ਤੋਂ ਇਲਾਵਾ ਪਿੰਡ ਬਿੱਲੀ ਬੜੈਂਚ ਦੇ ਵੜੈਂਚ ਗੋਤ ਨਾਲ਼ ਸੰਬੰਧਿਤ ਕੁਝ ਲੋਕ ਆਪਣੇ ਪਿੰਡ ਵਿੱਚ ਹੀ ਗੁਰਦੁਆਰੇ ਦੇ ਲਾਗੇ ਟੈਂਕੀ

ਕੋਲ਼ ਆਪਣੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਦੀਵਾਲੀ ਮੌਕੇ ਉਹ ਜਠੇਰੇ ਦੇ ਸਥਾਨ 'ਤੇ ਦੇਗ-ਪ੍ਰਸ਼ਾਦ ਚੜ੍ਹਾ ਕੇ ਮੱਥਾ ਵੀ ਟੇਕਦੇ ਹਨ।

**141. ਸ਼ੋਹਕਰ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਸ਼ੋਹਕਰ ਗੋਤ ਪਿੰਡ ਕੋਹਾੜ ਖੁਰਦ ਵਿਖੇ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਸ਼ੋਹਕਰ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

**142. ਸ਼ੀਂਹਮਾਰ –** ਜਲੰਧਰ ਜ਼ਿਲ੍ਹੇ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜਲੰਧਰ ਜ਼ਿਲ੍ਹੇ ਦੇ ਪਿੰਡ ਬਿੱਲੀ ਚੁਹਾਰਮੀ ਦੀ ਅਧਰਮੀ ਬਰਾਦਰੀ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਸ਼ੀਂਹਮਾਰ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਡਾ. ਰਾਏਜਸਬੀਰ ਸਿੰਘ *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ* ਪੁਸਤਕ ਵਿੱਚ ਇਸ ਗੋਤ ਬਾਰੇ ਲਿਖਦੇ ਹਨ, "ਸ਼ੀਂਹਮਾਰ ਗਡੋਲੀ ਜਾਜਵੰਤੀ ਤੇ ਬਰਤਾਨਾ, (ਜੀਂਦ) ਤੇ ਦਾਦਰੀ ਤਹਿਸੀਲ ਵਿਚਲਾ ਘੱਟ ਗਿਣਤੀ ਵਾਲ਼ਾ ਕਬੀਲਾ। ਅਸਲ ਵਿਚ ਇਹ ਕਲ੍ਹਾਰ ਹਨ। ਇਕ ਵਿਅਕਤੀ ਦੇ ਸ਼ੇਰ ਮਾਰਨ ਕਾਰਨ ਇਹ ਸ਼ੀਂਹਮਾਰ ਹੋ ਗਏ।" (75)

**143. ਸ਼ਰਮਾ –** ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੇ ਦੌਰਾਨ ਸ਼ਰਮਾ ਗੋਤ ਪਿੰਡ ਗਿੱਲ ਵਿਖੇ ਪੰਡਿਤ (ਬ੍ਰਾਹਮਣ) ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜਾਣਕਾਰੀ ਲੈਣ ਹਿੱਤ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਪਿੰਡ ਦੇ ਸ਼ਰਮਾ ਗੋਤ ਵਾਲ਼ੇ ਲੋਕ ਦੇਵੀ ਮਾਤਾ ਦੀ ਪੂਜਾ ਕਰਦੇ ਹਨ ਅਤੇ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ।

### 4.5 ਜਠੇਰਾ-ਪੂਜਾ ਸੰਬੰਧੀ ਲੋਕ ਮਾਨਸਿਕਤਾ: ਪਰੰਪਰਾਗਤ ਤੇ ਆਧੁਨਿਕ ਦ੍ਰਿਸ਼ਟੀਕੋਣ

#### ਪਰੰਪਰਾਗਤ ਦ੍ਰਿਸ਼ਟੀਕੋਣ:

ਪੰਜਾਬੀ ਜਨ-ਜੀਵਨ ਵਿੱਚ ਲੋਕ-ਵਿਸ਼ਵਾਸਾਂ ਨੂੰ ਅਹਿਮ ਮਹੱਤਤਾ ਹਾਸਲ ਹੈ ਅਤੇ ਪੰਜਾਬੀ ਮਾਨਸਿਕਤਾ ਡੂੰਘੀ ਤਰ੍ਹਾਂ ਇਹਨਾਂ ਨਾਲ਼ ਜੁੜੀ ਹੋਈ ਹੈ। ਇਹ ਲੋਕ ਵਿਸ਼ਵਾਸ ਚਾਹੇ ਜਨਮ, ਵਿਆਹ ਅਤੇ ਮੌਤ ਨਾਲ਼ ਸੰਬੰਧਿਤ ਹੋਣ, ਚਾਹੇ ਜਠੇਰਾ-ਪੂਜਾ ਨਾਲ਼ ਜੁੜੇ ਹੋਣ, ਸਾਡਾ ਲੋਕ-ਮਨ ਅੱਜ ਵੀ ਕਿਸੇ ਵਿਸ਼ਵਾਸ ਜਾਂ ਟੈਬੂ ਦੀ ਉਲੰਘਣਾ ਕਰਨ ਤੋਂ ਡਰਦਾ ਹੈ। ਜਠੇਰਾ-ਪੂਜਾ ਪਿੱਛੇ ਕਿਹੜੇ-ਕਿਹੜੇ ਸਮਾਜਿਕ ਤੇ ਮਨੋਵਿਗਿਆਨਕ ਕਾਰਨ ਹਨ, ਇਹ ਜਾਣਨਾ ਹੀ ਮੇਰੇ ਵਿਸ਼ੇ ਦਾ ਅਹਿਮ ਅੰਗ ਹੈ। ਅਸਲ ਗੱਲ ਇਹ ਹੈ ਕਿ ਸਾਡੇ ਵਿਹਾਰ ਵਿੱਚੋਂ ਲੋਕ-ਮਨ ਮਨਫ਼ੀ ਨਹੀਂ ਹੋ ਸਕਦਾ, ਕਿਸੇ ਨਾ ਕਿਸੇ ਪੱਧਰ 'ਤੇ ਇਹ ਕਾਰਜਸ਼ੀਲ ਹੀ ਰਹਿੰਦਾ ਹੈ। ਸਾਡਾ ਮਨੁੱਖੀ ਸਮਾਜ ਇੱਕ

ਟੈਬੂ ਸਮਾਜ ਹੈ, ਜਿਸ ਵਿੱਚ ਬਹੁਤ ਸਾਰੀਆਂ ਮਨਾਹੀਆਂ ਹੋਣ ਕਰਕੇ ਵਧੇਰੇ ਖੁੱਲ੍ਹਾਂ ਨਹੀਂ ਹਨ। ਇਸ ਲਈ ਖੇਤਰੀ ਕਾਰਜ ਦੌਰਾਨ ਜਠੇਰਾ-ਪੂਜਾ ਸੰਬੰਧੀ ਵੱਖੋ-ਵੱਖ ਗੋਤਾਂ ਦੇ ਲੋਕਾਂ ਵੱਲੋਂ ਪੇਸ਼ ਕੀਤੇ ਗਏ ਬਹੁਤ ਸਾਰੇ ਤੱਥ ਟੈਬੂ ਪ੍ਰਕਿਰਤੀ ਦੇ ਧਾਰਨੀ ਮਿਲੇ, ਜਿਨ੍ਹਾਂ ਦੀ ਉਲੰਘਣਾ ਕਰਨ 'ਤੇ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ।

ਲੋਕਧਾਰਾ ਸਾਡੀ ਸਮਾਜਿਕ ਬਣਤਰ ਤੇ ਲੋਕ ਮਾਨਸਿਕਤਾ ਦਾ ਹੀ ਪ੍ਰਗਟਾਅ ਹੈ। ਲੋਕਧਾਰਾ ਲੋਕ-ਜੀਵਨ, ਲੋਕ-ਚਿਤ, ਲੋਕ-ਪਰੰਪਰਾ, ਲੋਕ ਕਲਾ, ਲੋਕ ਸਾਹਿਤ, ਲੋਕ ਵਿਸ਼ਵਾਸ ਤੇ ਸਭਿਆਚਾਰ ਨੂੰ ਸਮਝਣ ਦਾ ਉਹ ਵਸੀਲਾ ਹੈ, ਜਿਸ ਰਾਹੀਂ ਅਸੀਂ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਤੱਥਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਲੋਕਧਾਰਾ ਕਿਸੇ ਸਮਾਜ ਤੇ ਸਮਾਜ ਵਿੱਚ ਵਸਦੇ ਲੋਕਾਂ ਦੀ ਮਾਨਸਿਕਤਾ ਨਾਲ਼ ਸੰਬੰਧਿਤ ਹੁੰਦੀ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਵਿੱਚੋਂ ਸਮਾਜ ਅਤੇ ਉਸ ਸਮਾਜ ਦੀ ਮਾਨਸਿਕਤਾ ਝਲਕਦੀ ਨਜ਼ਰ ਆਉਂਦੀ ਹੈ। ਲੋਕਧਾਰਾਈ ਸਮੱਗਰੀ ਦੇ ਅਧਿਐਨ ਲਈ ਬਹੁਤ ਸਾਰੀਆਂ ਵਿਧੀਆਂ ਪ੍ਰਚੱਲਿਤ ਹਨ, ਜਿਨ੍ਹਾਂ ਵਿੱਚੋਂ ਚਿੰਨ੍ਹ ਵਿਗਿਆਨਕ, ਤੁਲਨਾਤਮਕ ਅਧਿਐਨ ਵਿਧੀ, ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਅਧਿਐਨ ਵਿਧੀਆਂ ਪ੍ਰਮੁੱਖ ਹਨ। ਇਹ ਸਾਰੀਆਂ ਵਿਧੀਆਂ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਲੋਕਧਾਰਾ ਦਾ ਅਧਿਐਨ ਕਰਦੀਆਂ ਹਨ। ਲੋਕਧਾਰਾ ਆਪਣੇ ਸਮਾਜ ਅਤੇ ਸਮਾਜ ਦੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦੀ ਹੈ। ਲੋਕਾਂ ਦੀ ਮਾਨਸਿਸਕਤਾ ਨੂੰ ਜਾਣਨ ਲਈ ਉਸ ਸਮਾਜ ਦੀ ਬਣਤਰ ਤੇ ਵਿਧਾਨ ਨੂੰ ਜਾਣਨਾ ਵੀ ਜ਼ਰੂਰੀ ਹੈ। ਜਠੇਰਾ-ਪੂਜਾ ਦਾ ਵਿਸ਼ਾ ਸਮਾਜ ਅਤੇ ਸਮਾਜ ਦੀ ਮਾਨਸਿਕਤਾ ਨਾਲ਼ ਸੰਬੰਧਿਤ ਵਿਸ਼ਾ ਹੈ। ਇਸ ਲਈ ਸਾਡੇ ਲਈ ਸਮਾਜ ਅਤੇ ਲੋਕਾਂ ਦੀ ਮਾਨਸਿਕਤਾ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ। ਇਸ ਅਧਿਐਨ ਕਾਰਜ ਵਿੱਚ ਲੋਕ-ਮਾਨਸਿਕਤਾ ਨੂੰ ਜਾਣਨ ਲਈ ਸਮਾਜ-ਸ਼ਾਸਤਰੀ ਅਤੇ ਮਨੋਵਿਗਿਆਨਕ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਮਨੋਵਿਗਿਆਨ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਦੇ ਨਾਲ਼ ਸੰਬੰਧਿਤ ਵਿਗਿਆਨ ਹੈ। ਜਿਉਂ-ਜਿਉਂ ਸਮਾਜ ਵਿਕਸਿਤ ਹੋ ਰਿਹਾ ਹੈ ਤੇ ਜੀਵਨ ਵਧੇਰੇ ਗੁੰਝਲਦਾਰ ਬਣ ਰਿਹਾ ਹੈ, ਤਿਉਂ-ਤਿਉਂ ਮਨੋਵਿਗਿਆਨ ਦੀ ਮਹੱਤਤਾ ਵੀ ਵਧ ਰਹੀ ਹੈ।

ਪੰਜਾਬੀ ਸਮਾਜ ਵਿੱਚ ਜਠੇਰਿਆਂ ਦੀ ਪੂਜਾ ਇਸ ਕਰਕੇ ਕੀਤੀ ਜਾਂਦੀ ਹੈ ਕਿਉਂ ਕਿ ਸਾਡੇ ਸਮਾਜ ਵਿੱਚ ਵੱਡੇ-ਵਡੇਰਿਆਂ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਹੈ। ਪਿੱਤਰ ਰੂਹਾਂ ਦੀ ਨਾਰਾਜ਼ਗੀ ਕਈ ਕਰੋਪੀਆਂ ਦਾ ਕਾਰਨ ਬਣਦੀ ਹੈ। ਇਸ ਵਿਸ਼ਵਾਸ ਪਿੱਛੇ ਬਜ਼ੁਰਗਾਂ ਨੂੰ ਮਰਨ ਉਪਰੰਤ ਯਾਦ ਰੱਖਣ ਤੇ ਸਤਿਕਾਰਨ ਦਾ ਪੱਖ ਵੀ ਕਾਰਜਸ਼ੀਲ ਰਹਿੰਦਾ ਹੈ। ਇਹ ਸਾਡੇ ਨੈਤਿਕ ਪੱਖ ਨਾਲ਼ ਜੁੜਿਆ ਹੋਇਆ ਲੋਕ-ਵਿਸ਼ਵਾਸ ਹੈ।

ਵਿਸ਼ਵਾਸ ਕਰਨਾ ਮਨੁੱਖੀ ਸੁਭਾਉ ਦਾ ਸਹਿਜ ਅੰਗ ਹੈ। ਵਿਸ਼ਵਾਸ ਤੋਂ ਭਾਵ ਕਿਸੇ ਦਿਸਦੇ ਜਾਂ ਅਣਦਿਸਦੇ ਵਸਤ ਤੇ ਵਰਤਾਰੇ ਵਿੱਚ ਯਕੀਨ ਕਰਨਾ ਹੈ। ਪ੍ਰਕਿਰਤੀ ਅਤੇ ਵਿਸ਼ਵਾਸਾਂ ਦਾ ਆਪਸ ਵਿੱਚ ਗਹਿਰਾ ਸੰਬੰਧ ਹੈ। ਕਿਸੇ ਘਟਨਾ ਦਾ ਸੰਬੰਧ ਜਦੋਂ ਸੁਭਾਵਿਕ ਰੂਪ ਵਿੱਚ ਕਿਸੇ ਹੋਰ ਘਟਨਾ ਨਾਲ਼ ਜੁੜ ਜਾਂਦਾ ਹੈ ਤਾਂ ਅਜਿਹੇ ਸੰਬੰਧਾਂ ਅਤੇ ਮਨੁੱਖੀ ਮਨ ਦੇ ਅਚੇਤ, ਸੁਚੇਤ, ਸੁਭਾਵਿਕ ਤੇ ਕਾਲਪਨਿਕ ਕਿਸਮ ਦੇ ਅਨੁਮਾਨਾਂ ਨੇ ਕਈ ਵਿਸ਼ਵਾਸ ਉਤਪੰਨ ਕੀਤੇ, ਜੋ ਸਮਾਂ ਬੀਤਣ ਦੇ ਨਾਲ਼-ਨਾਲ਼ ਲੋਕ-ਵਿਸ਼ਵਾਸਾਂ ਦਾ ਰੂਪ ਧਾਰਨ ਕਰ ਗਏ। ਆਦਿ ਕਾਲ ਤੋਂ ਹੀ ਮਨੁੱਖ ਪ੍ਰਕਿਰਤੀ ਨੂੰ ਆਪਣੇ ਹਿੱਤਾਂ ਅਨੁਕੂਲ ਵਰਤਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਅਤੇ

ਉਹ ਪ੍ਰਕਿਰਤੀ ਵਿੱਚ ਵਾਪਰਦੀਆਂ ਘਟਨਾਵਾਂ ਦੇ ਕਾਰਨਾਂ ਅਤੇ ਕਾਰਜੀ ਸੰਬੰਧਾਂ ਨੂੰ ਤਾਰਕਿਕ ਆਧਾਰ ਉੱਪਰ ਸਮਝਣ ਦੀ ਬਜਾਇ ਕਈ ਕਿਸਮ ਦੇ ਭਰਮਿਕ ਤਰਕ ਉਸਾਰ ਲੈਂਦਾ ਰਿਹਾ ਹੈ। ਇਹਨਾਂ ਭਰਮਿਕ ਤਰਕਾਂ ਵਿੱਚੋਂ ਕਈ ਕਿਸਮ ਦੇ ਵਿਸ਼ਵਾਸ ਉਤਪੰਨ ਹੋਏ। ਇਹਨਾਂ ਵਿਸ਼ਵਾਸਾਂ ਦੇ ਵਰਗੀਕਰਨ ਦੇ ਅੰਤਰ ਹੀ ਜਠੇਰਾ-ਪੂਜਾ ਸੰਬੰਧੀ ਲੋਕ-ਵਿਸ਼ਵਾਸ ਵੀ ਆਉਂਦੇ ਹਨ।

ਸੋ ਉਪਰੋਕਤ ਦਲੀਲਾਂ ਨੂੰ ਵਾਚਦੇ ਹੋਏ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿਚਲੇ ਵੱਖੋ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਸਮਝਣ ਲਈ ਅਤੇ ਇਸ ਪੂਜਾ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਘੋਖਣ ਲਈ ਖੇਤਰੀ ਸਰਵੇਖਣ ਅਧਿਐਨ ਕਰਦਿਆਂ ਲੋਕ-ਮਨ ਦੀਆਂ ਅਨੇਕ ਪਰਤਾਂ ਉੱਘੜ ਕੇ ਸਾਹਮਣੇ ਆਈਆਂ, ਜਿਨ੍ਹਾਂ ਦਾ ਵਰਣਨ ਅਸੀਂ ਅੱਗੇ ਕੀਤਾ ਗਿਆ ਹੈ ਪਰ ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਸਤਹੀ ਪੱਧਰ 'ਤੇ ਵੇਖਿਆਂ 'ਵਿਸ਼ਵਾਸ' ਅਤੇ 'ਲੋਕ-ਵਿਸ਼ਵਾਸ' ਸ਼ਬਦ ਸਮਅਰਥੀ ਸੰਬੋਧ ਹਨ, ਪਰ ਵਿਸ਼ਵਾਸ ਨੂੰ ਉਦੋਂ ਤੱਕ 'ਲੋਕ-ਵਿਸ਼ਵਾਸ' ਨਹੀਂ ਕਿਹਾ ਜਾ ਸਕਦਾ, ਜਦੋਂ ਤੱਕ ਇਸ ਨੂੰ ਲੋਕ-ਸਮੂਹ ਦੀ ਪ੍ਰਵਾਨਗੀ ਨਹੀਂ ਮਿਲ ਜਾਂਦੀ। ਮਨੁੱਖੀ ਮਨ ਦੇ ਵਿਅਕਤੀਗਤ ਪਾਸਾਰ ਨਾਲ਼ ਸੰਬੰਧਿਤ ਹੋਣ ਕਰਕੇ 'ਵਿਸ਼ਵਾਸ' ਦਾ ਅਰਥ ਖੇਤਰ ਵਿਅਕਤੀਗਤ ਨਿਸ਼ਚਿਆਂ ਦੇ ਅੰਤਰਗਤ ਵਿਚਰਦਾ ਹੈ। ਜਦ ਤੱਕ ਇਹ ਵਿਅਕਤੀਗਤ ਚੇਤਨਾ ਦਾ ਅੰਗ ਹੈ, ਤਦ ਤੱਕ ਇਸ ਲਈ ਲੋਕ-ਵਿਸ਼ਵਾਸ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਵਿਸ਼ਵਾਸ ਨੂੰ ਜਦੋਂ ਵੀ ਲੋਕ-ਸਮੂਹ ਆਪਣੀ ਚੇਤਨਾ ਦਾ ਅੰਗ ਬਣਾ ਲੈਂਦਾ ਹੈ ਤਾਂ ਇਹ ਲੋਕ-ਵਿਸ਼ਵਾਸ ਦਾ ਰੂਪ ਧਾਰਨ ਕਰ ਲੈਂਦਾ ਹੈ। ਸੋ ਇਸੇ ਵਿਚਾਰ ਦੇ ਅੰਤਰਗਤ ਜਠੇਰਾ-ਪੂਜਾ ਸੰਬੰਧੀ ਜਲੰਧਰ ਜ਼ਿਲ੍ਹਾ ਦੀ ਲੋਕ-ਮਾਨਸਿਕਤਾ ਜੋ ਵੀ ਵਿਸ਼ਵਾਸ ਬਣਾਈ ਬੈਠੀ ਹੈ, ਉਹ ਇਹਨਾਂ ਦੇ ਨਿੱਜੀ ਪੱਧਰ ਨਾਲ਼ ਸੰਬੰਧਿਤ ਹੋਣ ਕਾਰਨ ਨਿਰੋਲ ਵਿਅਕਤੀਗਤ ਨਿਸ਼ਚੇ ਹਨ, ਜੋ ਕਿ ਵਿਸ਼ਵਾਸ ਦੇ ਘੇਰੇ ਵਿੱਚ ਆਉਂਦੇ ਹਨ। ਇਹਨਾਂ ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:-

ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਪਿੰਡ ਬਿੱਲੀ ਚੌਹਾਰਮੀ ਦੇ ਅਟਵਾਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਮਾਨਤਾ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਮੰਨ-ਮਨੌਤ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦਾ ਨੁਕਸਾਨ ਹੁੰਦਾ ਹੈ ਅਤੇ ਅੜਚਨਾਂ ਆਉਂਦੀਆਂ ਤੇ ਬਦਸ਼ਗਨੀ ਵੀ ਹੁੰਦੀ ਹੈ। ਇਸ ਤੋਂ ਇਲਾਵਾ ਖੁਸ਼ੀ ਦੇ ਮੌਕਿਆਂ 'ਤੇ ਵਿਘਨ ਪੈਂਦਾ ਹੈ। ਨਾਲ਼ ਹੀ ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਵੀ ਦ੍ਰਿੜ੍ਹ ਹੋ ਚੁੱਕੀ ਹੈ ਕਿ ਜਠੇਰੇ ਦੀ ਮੰਨ-ਮਨੌਤ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦੀ ਹੈ ਅਤੇ ਉਹਨਾਂ ਦਾ ਕੰਮ-ਕਾਰ ਵਧੀਆ ਚੱਲ ਰਿਹਾ ਹੈ।

ਪਿੰਡ ਬੱਲ ਨੌਂ ਅਤੇ ਗੋਬਿੰਦ ਨਗਰ ਮਲਸੀਹਾਂ ਦੇ ਸਹੋਤਾ ਗੋਤ ਦੇ ਜਠੇਰੇ ਜੋ ਕਿ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ, ਆਪਣੇ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ। ਜਦ ਉਹਨਾਂ ਨੂੰ ਇਸ ਮਨੌਤ ਪਿੱਛੇ ਛਿਪੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਜੇਕਰ ਅਸੀਂ ਬਾਬਾ ਜੀ ਦੀ ਮੰਨ-ਮਨੌਤ

ਨਾ ਕਰੀਏ ਜਾਂ ਕਦੇ ਭੁੱਲ ਹੋ ਜਾਵੇ ਤਾਂ ਘਰ ਵਿੱਚ ਅਨੇਕਾਂ ਔਕੜਾਂ ਆਉਂਦੀਆਂ ਹਨ ਜਦ ਕਿ ਮੰਨਣ ਨਾਲ਼ ਘਰ ਵਿੱਚ ਨੌਂ-ਨਿਧਾਂ ਅਤੇ ਬਾਰਾਂ ਸਿੱਧਾਂ ਹੋ ਜਾਂਦੀਆਂ ਹਨ।

ਆਪਣੇ ਖੇਤਰੀ ਖੋਜ-ਸਰਵੇਖਣ ਦੌਰਾਨ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਕੋਹਨਾ ਦੇ ਸੋਹਲ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਨੂੰ ਆਪਣੇ ਜਠੇਰੇ ਵਜੋਂ ਮਾਨਤਾ ਦਿੰਦੇ ਹਨ ਕਿਉਂ ਕਿ ਉਹਨਾਂ ਦੇ ਮਾਤਾ-ਪਿਤਾ  ਉਸ ਜਠੇਰੇ ਨੂੰ ਮੰਨਦੇ ਸਨ। ਉਹਨਾਂ ਦੇ ਮਨੌਤ ਨਾ ਕਰਨ ‘ਤੇ ਉਹਨਾਂ ਨੂੰ ਘਰ ਵਿੱਚ ਬਦਸ਼ਗਨੀ ਤੇ ਨੁਕਸਾਨ ਹੋਣ ਦਾ ਡਰ ਹੈ। ਉਹਨਾਂ ਦਾ ਇਹ ਮੰਨਣਾ ਹੈ ਕਿ ਉਹ ਸ਼ਰਧਾ-ਵੱਸ ਇਸ ਮਨੌਤ ਨੂੰ ਕਰਦੇ ਹਨ ਜਿਸ ਦੇ ਇਵਜ਼ਾਨੇ ਵਜੋਂ ਜਠੇਰਾ ਉਹਨਾਂ ਨੂੰ ਦੁੱਧ ਅਤੇ ਪੁੱਤ ਦੀਆਂ ਦਾਤਾਂ ਬਖਸ਼ਦਾ ਹੈ।

ਜ਼ਿਲ੍ਹਾ ਜਲੰਧਰ ਦੇ ਪਿੰਡ ਸੋਹਲ ਜੰਗੀਰ ਦੇ ਸੋਹਲ ਗੋਤ ਨਾਲ਼ ਹੀ ਸੰਬੰਧਿਤ ਲੋਕਾਂ ਨਾਲ਼ ਜਦ ਉਹਨਾਂ ਦੇ ਜਠੇਰੇ ਨੂੰ ਮੰਨਣ ਸੰਬੰਧੀ ਮਾਨਸਿਕਤਾ ਦਾ ਪਤਾ ਲਗਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਉਹਨਾਂ ਦੇ ਮਨ ਦਾ ਇਹ ਮੰਨਣਾ ਸੀ ਕਿ ਉਹ ਆਪਣੇ ਅਗਿਆਤ ਜਠੇਰੇ ਨੂੰ ਮੰਨਦੇ ਹਨ ਤਾਂ ਕਿ ਘਰ ਵਿੱਚ ਸੁੱਖ-ਸਾਂਦ ਰਹੇ ਤੇ ਕਿਸੇ ਕਿਸਮ ਦਾ ਵਿਘਨ ਨਾ ਪਵੇ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਦੀ ਮਨੌਤ ਕਰਕੇ ਹੀ ਉਹਨਾਂ ਦਾ ਕੰਮ-ਕਾਰ ਵਧੀਆ ਚੱਲ ਰਿਹਾ ਹੈ ਅਤੇ ਕੰਮ-ਕਾਰ ਵਿੱਚ ਨਫਾ ਹੁੰਦਾ ਹੈ।

ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਮਾਧੋ ਦੇ ਸੈਂਹਬੀ ਗੋਤ ਦੇ ਲੋਕਾਂ ਦਾ ਆਪਣੇ ਜਠੇਰੇ ਦੀ ਮਾਨਤਾ ਸੰਬੰਧੀ ਕਹਿਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਨੂੰ ਆਪਣੇ ਵੱਡੇ-ਵਡੇਰਿਆਂ ਅਨੁਸਾਰ ਮਾਨਤਾ ਦਿੰਦੇ ਹਨ ਕਿਉਂ ਕਿ ਜਠੇਰੇ ਦੀ ਪੂਜਾ ਕਰਨ ਨਾਲ਼ ਉਹਨਾਂ ਨੂੰ ਕਿਸੇ ਕਿਸਮ ਦੀ ਤੋਟ ਨਹੀਂ ਆਉਂਦੀ।

ਪਿੰਡ ਸ਼ੰਕਰ ਦੇ ਬਾਲਮੀਕ ਬਰਾਦਰੀ ਦੇ ਸੱਭਰਵਾਲ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਭੋਡੇ ਸਪਰਾਏ ਨੇੜੇ ਜੰਡਿਆਲੀ ਵਿਖੇ ਆਪਣੇ ਜਠੇਰੇ ‘ਝੰਡਾ ਪੀਰ’ ਦੀ ਪੂਜਾ ਕਰਦੇ ਹਨ। ਉਹਨਾਂ ਦੇ ਲੋਕ-ਮਨ ਦੀ ਇਹ ਧਾਰਨਾ ਹੈ ਕਿ ਇਸ ਮਨੌਤ ਬਦਲੇ ਉਹਨਾਂ ਨੂੰ ਸਭ ਬਰਕਤਾਂ ਪ੍ਰਾਪਤ ਹੁੰਦੀਆਂ ਹਨ ਅਤੇ ਕਦੇ ਕਿਸੇ ਖੁਸ਼ੀ ਦੇ ਮੌਕੇ ‘ਤੇ ਬਦਸ਼ਗਨੀ ਨਹੀਂ ਹੋਈ।

ਇਸੇ ਤਰ੍ਹਾਂ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਪਿੰਡ ਬਿੱਲੀ ਚਾਓ ਦੇ ਸਿੱਧੂ ਗੋਤ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਦੀ ਮਾਨਤਾ ਸੰਬੰਧੀ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਇਹ ਦੱਸਿਆ ਕਿ ਉਹ ਆਪਣੇ ਪਿੰਡ ਵਿਖੇ ਹੀ ਖੇਤਾਂ ਵਿੱਚ ਬਣੀ ਜਗ੍ਹਾ ‘ਤੇ ਅਗਿਆਤ ਜਠੇਰੇ ਦੀ ਮੰਨ-ਮਨੌਤ ਇਸ ਕਰਕੇ ਕਰਦੇ ਹਨ ਤਾਂ ਕਿ ਉਹਨਾਂ ਦੇ ਪਰਿਵਾਰ ਅਤੇ ਪਸ਼ੂ-ਡੰਗਰ ਵਿੱਚ ਖ਼ੈਰ-ਸੁੱਖ ਰਹੇ ਅਤੇ ਬਰਕਤਾਂ ਪ੍ਰਾਪਤ ਹੁੰਦੀਆਂ ਰਹਿਣ। ਇਸ ਤੋਂ ਇਲਾਵਾ ਉਹਨਾਂ ਦਾ ਲੋਕ-ਮਨ ਬਦਸ਼ਗਨੀ ਦੇ ਡਰੋਂ ਵੀ ਆਪਣੇ ਜਠੇਰੇ ਦੀ ਮਾਨਤਾ ਲਈ ਵਚਨ-ਬੱਧ ਹੈ।

ਸੰਧੂ ਗੋਤ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਉਹਨਾਂ ਦੀ ਮਾਨਸਿਕਤਾ ਜਾਣਨ ਲਈ ਜਦ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੇ ਲੋਕ-ਮਨ ਦਾ ਇਹ ਮੰਨਣਾ ਸੀ ਕਿ ਉਹ

ਕਾਲ਼ਾ ਮਹਿਰ ਦੀ ਆਪਣੇ ਪਿੰਡ ਵਿਖੇ ਹੀ ਮੰਨ-ਮਨੌਤ ਕਰਦੇ ਹਨ ਤਾਂ ਜੋ ਬਾਬਾ ਕਾਲ਼ਾ ਮਹਿਰ ਉਹਨਾਂ ਨੂੰ ਕਿਸੇ ਚੀਜ਼ ਦੀ ਤੋਟ ਨਾ ਆਉਣ ਦੇਵੇ ਅਤੇ ਬਰਕਤਾਂ ਦਿੰਦਾ ਰਹੇ।

ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਜ਼ਿਲ੍ਹਾ ਜਲੰਧਰ ਦੇ ਅਗਲੇ ਪਿੰਡ ਤਲਵੰਡੀ ਮਾਧੋ ਦੇ ਸੰਧੂ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲ਼ਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਾਲ਼ਾ ਮਹਿਰ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਜੇਕਰ ਉਹ ਕਦੇ ਮਨੌਤ ਕਰਨੀ ਭੁੱਲ ਜਾਂਦੇ ਹਨ ਜਾਂ ਮਨੌਤ ਨਹੀਂ ਕਰਦੇ ਤਾਂ ਪਸ਼ੂਆਂ ਸੰਬੰਧੀ ਔਕੜ ਆਉਂਦੀ ਹੈ ਅਤੇ ਘਰ ਵਿੱਚ ਬਿਮਾਰੀ ਆ ਜਾਂਦੀ ਹੈ ਪਰ ਕਾਲ਼ਾ ਮਹਿਰ ਆਪਣੀ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਅਨੇਕ ਬਰਕਤਾਂ ਨਾਲ਼ ਨਿਵਾਜ਼ਦਾ ਹੈ।

ਖੇਤਰੀ ਖੋਜ ਸਰਵੇਖਣ ਦੇ ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਸਰਾਂ ਗੋਤ ਦੇ ਲੋਕਾਂ, ਜੋ ਕਿ ਅਗਿਆਤ ਜਠੇਰੇ ਨੂੰ ਆਪਣੇ ਜਠੇਰੇ ਵਜੋਂ ਮੰਨਦੇ ਹੋਏ ਉਸਦੀ ਮੰਨ-ਮਨੌਤ ਕਰਨ ਲਈ ਨੌਰੰਗਾਬਾਦ (ਮਾਝਾ) ਵਿਖੇ ਜਾਂਦੇ ਹਨ, ਨੂੰ ਜਠੇਰੇ ਨੂੰ ਮੰਨਣ ਦਾ ਕਾਰਨ ਪੁੱਛਣ 'ਤੇ ਉਹਨਾਂ ਦਾ ਕਹਿਣਾ ਸੀ ਕਿ ਅਗਿਆਤ ਜਠੇਰੇ ਨੂੰ ਮੰਨਣ ਨਾਲ਼ ਉਹਨਾਂ ਦਾ ਕਾਰੋਬਾਰ ਵਧੀਆ ਚੱਲਦਾ ਹੈ, ਘਰ ਵਿੱਚ ਸੁੱਖ-ਸ਼ਾਂਤੀ ਰਹਿੰਦੀ ਹੈ ਪਰ ਜੇਕਰ ਜਠੇਰੇ ਨੂੰ ਨਹੀਂ ਮੰਨਦੇ ਤਾਂ ਨੁਕਸਾਨ ਹੁੰਦਾ ਹੈ।

ਇਸ ਉਪਰੰਤ ਜ਼ਿਲ੍ਹਾ ਜਲੰਧਰ ਦੇ ਅਗਲੇ ਪਿੰਡ ਰਾਜੇਵਾਲ ਦਾ ਖੇਤਰੀ ਸਰਵੇਖਣ ਕਰਨ ਦੌਰਾਨ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੇਅਰ ਜਾਂ ਹੇਰ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ ਬਾਰੇ, ਉਸਦੀ ਮਨੌਤ ਦੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦੇ ਲੋਕ-ਮਨ ਨੇ ਇਹ ਭਾਵ ਪ੍ਰਗਟ ਕੀਤੇ ਕਿ ਉਹ ਅਗਿਆਤ ਜਠੇਰੇ ਮੰਨਦੇ ਹਨ ਅਤੇ ਇਸ ਪੂਜਾ/ਮੰਨ-ਮਨੌਤ ਕਰਨ ਲਈ ਪਿੰਡ ਚੱਕਵਿੰਡ ਵਿਖੇ ਜਾਂਦੇ ਹਨ। ਇਸ ਮਨੌਤ ਦੇ ਬਦਲੇ ਉਹਨਾਂ ਨੂੰ ਰਿਜ਼ਕ ਦੀ ਕੋਈ ਕਮੀ ਨਹੀਂ ਰਹਿੰਦੀ।

ਪਿੰਡ ਕੋਟਲੀ ਹੇਅਰਾਂ ਦੇ ਹੇਅਰ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਆਪਣੇ ਅਗਿਆਤ ਜਠੇਰੇ ਨੂੰ ਮੰਨਣ ਦਾ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਜਠੇਰੇ ਦੀ ਮਨੌਤ ਪੁਰਾਣੇ ਸਮੇਂ (ਪੁਰਖਿਆਂ) ਤੋਂ ਕਰਦੇ ਆ ਰਹੇ ਹਨ ਅਤੇ ਮਨੌਤ ਨਾ ਕਰਨ 'ਤੇ ਘਰੇਲੂ ਦਿੱਕਤਾਂ ਆਉਂਦੀਆਂ ਹਨ। ਬਰਕਤਾਂ ਬਾਰੇ ਪੁੱਛਣ 'ਤੇ ਉਹਨਾਂ ਦਾ ਇਹ ਮੰਨਣਾ ਸੀ ਕਿ ਬਾਬਾ ਜੀ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੇ।

ਜ਼ਿਲ੍ਹਾ ਜਲੰਧਰ ਦੇ ਪਿੰਡ ਆਲੇਵਾਲੀ ਦੇ ਹੰਸ ਗੋਤ ਦੇ ਲੋਕ ਜੋ ਕਿ ਅਗਿਆਤ ਜਠੇਰੇ ਦੀ ਮਨੌਤ ਲਈ ਪਿੰਡ ਤਲਵੰਡੀ ਸੰਘੇੜਾ ਵਿਖੇ ਜਾਂਦੇ ਹਨ, ਦਾ ਮੰਨਣਾ ਹੈ ਕਿ ਉਹਨਾਂ ਦਾ ਜਠੇਰਾ ਉਹਨਾਂ ਨੂੰ ਅਨੇਕਾਂ ਬਰਕਤਾਂ ਦਿੰਦਾ ਹੈ।

ਇਸੇ ਤਰ੍ਹਾਂ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਗੋਤ ਹੰਸ ਦੇ ਲੋਕ ਅਗਿਆਤ ਜਠੇਰੇ ਦੀ ਤਲਵੰਡੀ ਸਾਦਕ ਪਿੰਡ ਵਿਖੇ ਵਿੱਚ ਜਾ ਕੇ ਮਨੌਤ ਕਰਦੇ ਹਨ। ਉਹਨਾਂ ਦੀ ਲੋਕ ਮਾਨਸਿਕਤਾ ਵਿੱਚ ਇਹ ਗੱਲ ਡੂੰਘੀ ਵਸੀ ਹੋਈ ਹੈ ਕਿ

ਉਹਨਾਂ ਨੂੰ ਜੋ ਵੀ ਬਰਕਤਾਂ ਪ੍ਰਾਪਤ ਹਨ, ਉਹਨਾਂ ਪਿੱਛੇ ਉਹਨਾਂ ਦੁਆਰਾ ਕੀਤੀ ਜਾਣ ਵਾਲ਼ੀ ਜਠੇਰਾ-ਪੂਜਾ ਹੀ ਕਾਰਜਸ਼ੀਲ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਹਨਾਂ ਦਾ ਘਰੇਲੂ ਨੁਕਸਾਨ ਹੁੰਦਾ ਹੈ।

ਗੋਤ ਹਥੜੀਏ ਨਾਲ਼ ਸੰਬੰਧਿਤ ਪਿੰਡ ਬੱਲ ਕੋਹਨਾ ਦੇ ਲੋਕਾਂ ਦਾ ਇਹ ਮੰਨਣਾ ਹੈ ਕਿ ਉਹਨਾਂ ਦਾ ਜਠੇਰਾ ਅਗਿਆਤ ਹੈ ਜਿਸਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਉਹ ਇਨਕਾਰੀ ਨਹੀਂ ਹੋ ਸਕਦੇ ਕਿਉਂ ਕਿ ਉਨਾਂ ਦੇ ਪੂਰਵਜ਼ ਵੀ ਜਠੇਰੇ ਦੀ ਮਨੌਤ ਕਰਦੇ ਸਨ। ਉਹਨਾਂ ਦੇ ਲੋਕ-ਮਨ ਦਾ ਇਹ ਵੀ ਮੰਨਣਾ ਹੈ ਕਿ ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋਣ 'ਤੇ ਕਦੇ ਵੀ ਕੋਈ ਬਦਸ਼ਗਨੀ ਨਹੀਂ ਹੋਈ ਪਰ ਮਨੌਤ ਕਰਕੇ ਉਹਨਾਂ ਨੂੰ ਅਨੇਕਾਂ ਬਰਕਤਾਂ ਪ੍ਰਾਪਤ ਹੋਈਆਂ ਹਨ।

ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਕੰਗ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਗੱਲ ਕਰੀਏ ਤਾਂ ਉਹਨਾਂ ਦਾ ਇਹ ਕਹਿਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਨੂੰ ਪੁਰਾਣੇ ਸਮਿਆਂ ਤੋਂ ਹੀ ਮੰਨਦੇ ਚੱਲੇ ਆ ਰਹੇ ਹਨ ਜਿਸ ਦੀ ਮਨੌਤ ਨਾਲ਼ ਉਹਨਾਂ ਨੂੰ ਦੁੱਧ, ਪੁੱਤ ਅਤੇ ਰਿਜ਼ਕ ਦੀ ਕਦੇ ਤੋਟ ਨਹੀਂ ਆਈ ਪਰ ਇਸਦੇ ਉਲਟ ਜਠੇਰੇ ਨੂੰ ਨਾ ਮੰਨਣ 'ਤੇ ਤਕਲੀਫ਼ ਆਉਂਦੀ ਹੈ।

ਜ਼ਿਲ੍ਹਾ ਜਲੰਧਰ ਦਾ ਖੇਤਰੀ ਸਰਵੇਖਣ ਕਰਦਿਆਂ ਜਦੋਂ ਪਿੰਡ ਗਿੱਲ ਦੇ ਕੈਂਥ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਪਿੱਛੇ ਛਿਪੀ ਮਾਨਸਿਕਤਾ ਨੂੰ ਟੋਹਣ ਦਾ ਯਤਨ ਕੀਤਾ ਤਾਂ ਉਹਨਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਨੂੰ ਮੰਨਦੇ ਹਨ ਕਿਉਂ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਹੀ ਉਸ ਅਗਿਆਤ ਜਠੇਰੇ ਨੂੰ ਮਾਨਤਾ ਦਿੱਤੀ ਜਾਂਦੀ ਆ ਰਹੀ ਹੈ ਜਿਸਦੇ ਇਵਜ਼ ਵਿੱਚ ਉਹਨਾਂ ਨੂੰ ਜਠੇਰੇ ਦੀ ਅਪਾਰ ਕਿਰਪਾ ਸਦਕਾ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।

ਪਿੰਡ ਗਿੱਲ ਜੋ ਕਿ ਜ਼ਿਲ੍ਹਾ ਜਲੰਧਰ ਅਧੀਨ ਹੀ ਖੋਜ-ਕਾਰਜ ਨਾਲ਼ ਸੰਬੰਧਿਤ ਖੇਤਰੀ ਸਰਵੇਖਣ ਦੇ ਅੰਤਰਗਤ ਲਿਆਂਦਾ ਗਿਆ, ਦੇ ਗੋਤ ਕਾਲੀਏ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਉਹ ਅਗਿਆਤ ਜਠੇਰੇ ਨੂੰ ਮੰਨਦੇ ਹਨ, ਜਿਸ ਦਾ ਸਥਾਨ ਅੰਮ੍ਰਿਤਸਰ ਲਾਗੇ ਚੀਮਾ ਬਾਠ ਪਿੰਡ ਵਿਖੇ ਬਣਿਆ ਹੋਇਆ ਹੈ ਦੀ ਮਨੌਤ ਕਰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਮਨੌਤ ਭੁੱਲਣ 'ਤੇ ਬਾਬਾ ਘਰ ਦਾ ਨੁਕਸਾਨ ਕਰਦਾ ਹੈ। ਇਸ ਮਨੌਤ ਬਦਲੇ ਬਾਬਾ ਉਹਨਾਂ ਨੂੰ ਅਨੇਕਾਂ ਬਰਕਤਾਂ ਬਖਸ਼ਦਾ ਹੈ ਅਤੇ ਘਰ ਵਿੱਚ ਰਿਜ਼ਕ-ਇਤਫਾਕ ਬਣਿਆ ਰਹਿੰਦਾ ਹੈ।

ਪਿੰਡ ਮੂਲੇਵਾਲ ਖਹਿਰਾ ਜੋ ਕਿ ਜ਼ਿਲ੍ਹਾ ਜਲੰਧਰ ਦਾ ਇੱਕ ਪ੍ਰਸਿੱਧ ਪਿੰਡ ਹੈ, ਵਿੱਚ ਵਸਦੇ ਖਹਿਰਾ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰੇ, ਜਠੇਰਾ-ਪੂਜਾ ਆਦਿ ਸੰਬੰਧੀ ਸੁਆਲ ਪੁੱਛੇ ਗਏ ਤਾਂ ਇਹਨਾਂ ਸੁਆਲਾਂ ਦੇ ਜੁਆਬ ਵਿੱਚ ਉਹਨਾਂ ਦਾ ਇਹ ਕਹਿਣਾ ਸੀ ਕਿ ਉਹ ਅਗਿਆਤ ਜਠੇਰੇ ਨੂੰ ਮੰਨਦੇ ਹਨ ਜਿਸਦੀ ਜਗ੍ਹਾ ਉਹਨਾਂ ਦੇ ਪਿੰਡ ਵਿੱਚ ਹੀ ਬਣੀ ਹੋਈ ਹੈ। ਉਹਨਾਂ ਦੇ ਮਨ ਦੇ ਕਹਿਣ ਅਨੁਸਾਰ ਮਨੌਤ ਨਾ ਕਰਨ 'ਤੇ ਬਦਸ਼ਗਨੀ ਹੁੰਦੀ ਹੈ ਜਦ ਕਿ ਮਨੌਤ ਤੋਂ ਖੁਸ਼ ਹੋ ਕੇ ਜਠੇਰਾ ਉਹਨਾਂ ਉੱਪਰ ਅਪਾਰ ਬਖਸ਼ਿਸ਼ ਕਰਦਾ ਹੈ।

ਜ਼ਿਲ੍ਹਾ ਜਲੰਧਰ ਦਾ ਹੀ ਇੱਕ ਹੋਰ ਪ੍ਰਸਿੱਧ ਪਿੰਡ ਤਲਵੰਡੀ ਮਾਧੋ ਹੈ ਜਿੱਥੇ ਵਸਦੇ ਖੰਨਾ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਜਠੇਰਾ-ਪੂਜਾ ਪਿੱਛੇ ਆਪਣਾ ਇਹ ਮੱਤ ਪੇਸ਼ ਕੀਤਾ ਕਿ ਉਹ ਅਗਿਆਤ ਜਠੇਰੇ ਨੂੰ ਪੁਰਾਣੇ ਸਮਿਆਂ ਤੋਂ ਮੰਨਦੇ ਚਲੇ ਆ ਰਹੇ ਹਨ ਜਿਸ ਬਦਲੇ ਉਹਨਾਂ ਨੂੰ ਅਨੇਕਾਂ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਗਿੱਲ ਗੋਤ ਜੋ ਕਿ ਪਿੰਡ ਸ਼ੰਕਰ, ਆਲੇਵਾਲੀ, ਮੱਲ੍ਹੀਵਾਲ, ਗੋਬਿੰਦ ਨਗਰ ਮਲਸੀਹਾਂ, ਕੋਹਾੜ ਖੁਰਦ ਅਤੇ ਪੱਤੋ ਕਲਾਂ ਵਿਖੇ ਵਸਣ ਵਾਲ਼ੇ ਲੋਕਾਂ ਦਾ ਇੱਕ ਪ੍ਰਸਿੱਧ ਗੋਤ ਹੈ, ਦਾ ਅਗਿਆਤ ਜਠੇਰੇ ਨੂੰ ਮੰਨਣਾ ਜਾਂ ਪੂਜਣਾ ਉਹਨਾਂ ਦੇ ਕਹਿਣ ਅਨੁਸਾਰ ਪਿਤਾ-ਪੁਰਖੀ ਹੈ ਤੇ ਇਹ ਜਠੇਰਾ ਉਹਨਾਂ ਦੇ ਸਿਰ ‘ਤੇ ਹਮੇਸ਼ਾ ਆਪਣਾ ਮਿਹਰ ਭਰਿਆ ਹੱਥ ਰੱਖਦਾ ਹੈ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਮਨੌਤ ਨਾ ਕਰਨ ‘ਤੇ ਉਹਨਾਂ ਦੇ ਘਰਾਂ ਵਿੱਚ ਦੁੱਖ-ਤਕਲੀਫ ਆਉਂਦੀ ਹੈ ਅਤੇ ਘਰੇਲੂ ਨੁਕਸਾਨ ਹੁੰਦਾ ਹੈ।

ਪਿੰਡ ਕਾਂਗਣਾਂ ਅਤੇ ਸੰਗਤਪੁਰਾ ਦੇ ਘਾਰੂ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰੇ ਅਤੇ ਪੂਜਾ-ਵਿਧੀ ਦੀ ਗੱਲ ਕਰੀਏ ਤਾਂ ਇਹਨਾਂ ਪਿੰਡਾਂ ਦੇ ਇਸ ਗੋਤ ਦੇ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਸੁੱਖਾਂ ਲਾਹੁਣ ਲਈ ਕਾਂਗਣਾਂ ਪਿੰਡ ਦੇ ਲੋਕ ਬੁੰਡਾਲੇ ਲਾਗੇ ਅਤੇ ਸੰਗਤਪੁਰਾ ਦੇ ਨੂਰ ਮਹਿਲ ਕੋਲ਼ ਜਾਂਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਜਠੇਰਾ ਬੜੀ ਸਖਤੀ ਨਾਲ਼ ਆਪਣੀ ਮਾਨਤਾ ਕਰਵਾਉਂਦਾ ਹੈ ਅਤੇ ਮਨੌਤ ਦੇ ਬਦਲੇ ਰਹਿਮਤਾਂ ਬਖਸ਼ਦਾ ਹੈ।

ਜਲੰਧਰ ਜ਼ਿਲ੍ਹੇ ਦੇ ਪਿੰਡ ਨਵਾਂ ਕਿਲ੍ਹਾ ਦੇ ਚੰਦੜ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਠੇਰਾ-ਪੂਜਾ ਸੰਬੰਧੀ ਪੁੱਛਣ ‘ਤੇ ਪਤਾ ਲੱਗਿਆ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਮਨੌਤ ਲਈ ਪਿੰਡ ਤਾਜਪੁਰ ਜਾਂ ਭਗਵਾਨਪੁਰ ਵਿਖੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਮਨੌਤ ਸੰਬੰਧੀ ਕੋਈ ਭੁੱਲ ਹੋ ਜਾਣ ‘ਤੇ ਉਹਨਾਂ ਦੇ ਲੋਕ-ਮਨ ਵਿੱਚ ਕਿਸੇ ਅਣਹੋਣੀ ਜਾਂ ਬਦਸ਼ਗਨੀ ਦਾ ਡਰ ਬਣਿਆ ਰਹਿੰਦਾ ਹੈ ਜਦ ਕਿ ਮਨੌਤ ਕਰਨ ਨਾਲ਼ ਦੁੱਧ, ਪੁੱਤ ਤੇ ਰਿਜ਼ਕ ਦੀ ਕਮੀ ਨਹੀਂ ਆਉਂਦੀ।

ਪਿੰਡ ਬਿੱਲੀ ਚੌਹਾਰਮੀ ਦੇ ਜੂਤਲਾ ਗੋਤ ਨਾਲ਼ ਸੰਬੰਧਿਤ ਲੋਕ ਜੋ ਕਿ ਅਗਿਆਤ ਜਠੇਰੇ ਨੂੰ ਆਪਣੇ ਜਠੇਰੇ ਵਜੋਂ ਮੰਨਦੇ ਤੇ ਉਸਦੀ ਪੂਜਾ-ਅਰਚਨਾ ਕਰਦੇ ਹਨ, ਪਾਸੋਂ ਮਨੌਤ ਦਾ ਕਾਰਨ ਪੁੱਛਣ ‘ਤੇ ਉਹਨਾਂ ਨੇ ਕਿਹਾ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਇਸ ਜਠੇਰਾ-ਪੂਜਾ ਦੀ ਮਨੌਤ ਉਹ ਘਰ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋਣ ਦੇ ਡਰੋਂ ਕਰਦੇ ਆ ਰਹੇ ਹਨ ਤਾਂ ਜੋ ਜਠੇਰਾ ਆਪਣਾ ਮਿਹਰ ਭਰਿਆ ਹੱਥ ਘਰ-ਪਰਿਵਾਰ ‘ਤੇ ਬਣਾਈ ਰੱਖੇ।

ਬਿੱਲੀ ਵੜੈਂਚ ਪਿੰਡ ਦੇ ਝੀਤਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜੋ ਗਿੱਲ ਪਿੰਡ ਵਿਖੇ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ, ਉਹਨਾਂ ਦੇ ਲੋਕ-ਮਨ ਦਾ ਇਹ ਕਹਿਣਾ ਹੈ ਕਿ ਇਹ ਜਠੇਰਾ-ਪੂਜਾ ਉਹਨਾਂ ਦੇ ਦਾਦੇ-ਪੜ੍ਹਦਾਦੇ ਦੇ ਸਮਿਆਂ ਤੋਂ ਚਲੀ ਆ ਰਹੀ ਹੈ ਅਤੇ ਘਰੇਲੂ ਸੁੱਖ-ਸ਼ਾਂਤੀ ਲਈ ਉਹ ਜਠੇਰੇ ਨੂੰ ਮੰਨਦੇ ਹਨ।

ਇਸੇ ਤਰ੍ਹਾਂ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਨੂੰ ਟੋਹਣ ਲਈ ਜਦ ਜਲੰਧਰ ਜ਼ਿਲ੍ਹੇ ਦੇ ਅਗਲੇ ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਝੀਰ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਉਹਨਾਂ ਦੇ ਅਗਿਆਤ ਜਠੇਰੇ ਦੀ ਜਠੇਰਾ-ਪੂਜਾ

ਕਰਨ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਇਹ ਮੰਨਿਆ ਕਿ ਜਠੇਰੇ ਦੀ ਪੂਜਾ ਛੱਡਣ ਜਾਂ ਭੁੱਲਣ ‘ਤੇ ਜਠੇਰਾ ਉਹਨਾਂ ਨੂੰ ਸਖ਼ਤ ਸਜਾ ਦਿੰਦਾ ਹੈ ਜਦ ਕਿ ਮਨੌਤ ਤੋਂ ਮਿਹਰਬਾਨ ਹੋ ਕੇ ਉਹ ਸਭ ਦਾਤਾਂ ਵੀ ਬਖਸ਼ਦਾ ਹੈ।

ਪਿੰਡ ਕਾਂਗਣਾਂ ਅਤੇ ਚੱਕ ਚੇਲਾ ਦੇ ਟਾਂਕ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਵੀ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਕਾਰਨ ਜਾਣਨ ਦਾ ਯਤਨ ਕੀਤਾ ਤਾਂ ਉਹਨਾਂ ਦਾ ਮੰਨਣਾ ਸੀ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਹੁਸ਼ਿਆਰਪੁਰ ਲਾਗੇ ਸ਼ਾਮ ਚੁਰਾਸੀ ਕੋਲ਼ ਜਾਂਦੇ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਦਾਦੇ-ਪੜ੍ਹਦਾਦੇ ਵੀ ਜਠੇਰੇ ਨੂੰ ਮੰਨਦੇ ਸਨ। ਇਸ ਮਨੌਤ ਕਰਕੇ ਉਹਨਾਂ ਨੂੰ ਬੇਅੰਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਟੰਡਨ ਗੋਤ ਨਾਲ਼ ਸੰਬੰਧਿਤ ਪਿੰਡ ਸ਼ੰਕਰ ਦੇ ਲੋਕਾਂ ਦਾ ਆਪਣੀ ਜਠੇਰਾ-ਪੂਜਾ ਕਰਨ ਬਾਰੇ ਕਹਿਣਾ ਹੈ ਕਿ ਜੇਕਰ ਉਹ ਆਪਣੇ ਜਠੇਰੇ ‘ਬਾਬਾ ਕਟਾਰੂ’ ਦੀ ਮੰਨ-ਮਨੌਤ ਨਾ ਕਰਨ ਤਾਂ ਉਹਨਾਂ ਨੂੰ ਅਚਾ ਆਉਂਦੀ ਹੈ। ਬਰਕਤਾਂ ਬਾਰੇ ਪੁੱਛਣ ‘ਤੇ ਉਹਨਾਂ ਨੇ ਦੱਸਿਆ ਕਿ ਇਸ ਮਨੌਤ ਕਾਰਨ ਉਹਨਾਂ ਨੂੰ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਆਈ।

ਪਿੰਡ ਕੋਟਲੀ ਗਾਜਰਾਂ ਦੇ ਟੁਰਨਾ ਗੋਤ ਨਾਲ਼ ਸੰਬੰਧਿਤ ਲੋਕ ਜੋ ਅਗਿਆਤ ਨੂੰ ਆਪਣਾ ਵੱਡਾ-ਵਡੇਰਾ ਜਾਂ ਜਠੇਰਾ ਮੰਨਦੇ ਹਨ, ਦਾ ਕਹਿਣਾ ਹੈ ਕਿ ਜੇਕਰ ਕਿਤੇ ਜਠੇਰੇ ਨੂੰ ਚੜ੍ਹਾਵਾ ਚੜ੍ਹਾਉਣਾ ਭੁੱਲ ਜਾਣ ਜਾਂ ਮਨੌਤ ਵਿੱਚ ਕੋਈ ਗ਼ਲਤੀ ਹੋ ਜਾਵੇ ਤਾਂ ਉਹਨਾਂ ਦੇ ਦੁੱਧ ਦੇਣ ਵਾਲ਼ੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਅਤੇ ਪਰਿਵਾਰਕ ਮੈਂਬਰਾਂ ਦੇ ਸੱਟ-ਫ਼ੇਟ ਲੱਗਣ ਦਾ ਖ਼ਤਰਾ ਵੀ ਰਹਿੰਦਾ ਹੈ। ਜਠੇਰਾ ਮਨੌਤ ਤੋਂ ਖੁਸ਼ ਹੋ ਕੇ ਉਹਨਾਂ ਨੂੰ ਦੁੱਧ ਤੇ ਪੁੱਤਾਂ ਦੀਆਂ ਦਾਤਾਂ ਬਖਸ਼ਦਾ ਹੈ।

ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਰਕਪੁਰ ਦੇ ਤੱਖਰ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੇ ਜਠੇਰੇ ‘ਬਾਬਾ ਪਰਤਾਪੂ’ ਦੀ ਮਨੌਤ ਦਾ ਕਾਰਨ ਇਹ ਦੱਸਿਆ ਕਿ ਉਹਨਾਂ ਦੇ ਵੱਡੇ-ਵਡੇਰੇ ਵੀ ਬਾਬਾ ਪਰਤਾਪੂ ਦੀ ਪੂਜਾ-ਅਰਚਨਾ ਕਰਦੇ ਸਨ ਜਿਸ ਕਰਕੇ ਉਹਨਾਂ ਦੇ ਘਰ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਮਨੌਤ ਨਾ ਕਰਨ ਜਾਂ ਭੁੱਲ ਹੋ ਜਾਣ ਦੀ ਸੂਰਤ ਵਿੱਚ ਉਹਨਾਂ ਦੇ ਘਰ-ਪਰਿਵਾਰ ਦਾ ਨੁਕਸਾਨ ਹੁੰਦਾ ਹੈ।

ਇਸ ਤੋਂ ਅੱਗੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਜਲੰਧਰ ਦੇ ਪਿੰਡ ਈਦਾ ਦਾ ਸਰਵੇ ਕੀਤਾ ਗਿਆ ਜਿੱਥੇ ਵਸਦੇ ਤੇਜੀ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਇਹ ਮੰਨਣਾ ਹੈ ਕਿ ਉਹ ਅਗਿਆਤ ਜਠੇਰੇ ਦੀ ਪੂਜਾ-ਅਰਾਧਨਾ ਕਰਨ ਲਈ ਰਸੂਲਪੁਰ ਨੇੜੇ ਉੱਗੀ ਵਿਖੇ ਜਾਂਦੇ ਹਨ ਅਤੇ ਇਹ ਮਨੌਤ ਇਸ ਕਰਕੇ ਕਰਦੇ ਹਨ ਤਾਂ ਕਿ ਘਰ-ਪਰਿਵਾਰ ਵਿੱਚ ਕੋਈ ਬਦਸ਼ਗਨੀ ਨਾ ਹੋਵੇ ਅਤੇ ਘਰ ਵਿੱਚ ਸਭ ਬਰਕਤਾਂ ਆਉਣ। ਇਸ ਤੋਂ ਇਲਾਵਾ ਪਿੰਡ ਈਦਾ ਦੇ ਕੁਝ ਤੇਜੀ ਗੋਤ ਨਾਲ਼ ਸੰਬੰਧਿਤ ਲੋਕ ਤਲਵੰਡੀ ਸਾਦਕਪੁਰ ਵਿਖੇ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ ਜੋ ਕਿ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਹੀ ਚੱਲਦੀ ਆ ਰਹੀ ਹੈ।

ਜ਼ਿਲ੍ਹਾ ਜਲੰਧਰ ਦੇ ਪਿੰਡ ਆਲੇਵਾਲੀ ਅਤੇ ਗਿੱਲ ਦੇ ਵਸਨੀਕ ਦਾਦੜੀਆ ਗੋਤ ਦੇ ਲੋਕਾਂ ਦੇ ਦੱਸਣ ਮੁਤਾਬਿਕ ਉਹ ਆਪਣੇ ਅਗਿਆਤ ਜਠੇਰੇ ਦੀ ਮਾਨਤਾ ਪੁਰਾਣੇ ਸਮਿਆਂ ਤੋਂ ਕਰਦੇ ਆ ਰਹੇ ਹਨ ਜਿਸਦੀ ਜਗ੍ਹਾ ਸ਼ੇਰਪੁਰ ਵਿਖੇ ਬਣੀ ਹੋਈ ਹੈ। ਇੱਥੇ ਉਹ ਮੱਥਾ ਟੇਕਦੇ ਅਤੇ ਚੌਂਕੀਆਂ ਭਰਦੇ ਹਨ। ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦਾ ਮਨ ਇਹ ਗੱਲ ਦ੍ਰਿੜ੍ਹ ਕਰ ਚੁੱਕਾ ਹੈ ਕਿ ਮਨੌਤ ਨਾ ਕਰਨ ਨਾਲ਼ ਉਹਨਾਂ ਦੇ ਘਰ ਵਿੱਚ ਬਦਸ਼ਗਨੀ ਵਾਪਰ ਸਕਦੀ ਹੈ। ਇਸ ਮਾਨਤਾ ਨਾਲ਼ ਉਹਨਾਂ ਦੇ ਘਰ-ਪਰਿਵਾਰ ਵਿੱਚ ਸੁੱਖ-ਸ਼ਾਂਤੀ ਬਣੀ ਰਹਿੰਦੀ ਹੈ।

ਇਸ ਤੋਂ ਅੱਗੇ ਖੇਤਰੀ ਸਰਵੇਖਣ ਦੌਰਾਨ ਜ਼ਿਲ੍ਹਾ ਜਲੰਧਰ ਦੇ ਪਿੰਡ ਈਦਾ ਦਾ ਸਰਵੇ ਕੀਤਾ ਗਿਆ ਜਿੱਥੇ ਵਸਦੇ ਧਾਵ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਇਹ ਮੰਨਣਾ ਹੈ ਕਿ ਉਹ ਅਗਿਆਤ ਜਠੇਰੇ ਦੀ ਪੂਜਾ-ਅਰਾਧਨਾ ਕਰਨ ਲਈ ਪਰਤਾਪਪੁਰਾ ਵਿਖੇ ਜਾਂਦੇ ਹਨ ਜਿੱਥੇ ਉਹ ਮੱਥਾ ਟੇਕਦੇ ਅਤੇ ਚੌਂਕੀਆਂ ਭਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਅਜਿਹਾ ਇਸ ਕਰਕੇ ਕਰਦੇ ਹਨ ਤਾਂ ਕਿ ਘਰ-ਪਰਿਵਾਰ ਵਿੱਚ ਕੋਈ ਬਦਸ਼ਗਨੀ ਨਾ ਹੋਵੇ ਅਤੇ ਘਰ ਵਿੱਚ ਸਭ ਬਰਕਤਾਂ ਆਉਣ।

ਪਿੰਡ ਨਵਾਂ ਕਿਲ੍ਹਾ ਦੇ ਧਾਲੀਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦੀ ਜਠੇਰਾ-ਪੂਜਾ ਬਾਰੇ ਗੱਲ ਕਰੀਏ ਤਾਂ ਉਹਨਾਂ ਦੇ ਦੱਸਣ ਮੁਤਾਬਿਕ ਉਹ 'ਬਾਬਾ ਚਾਹਮ' ਨਾਮੀ ਆਪਣੇ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜੋ ਕਿ ਉਹਨਾਂ ਦਾ ਪਿਤਾ-ਪੁਰਖੀ ਜਠੇਰਾ ਹੈ ਅਤੇ ਉਸਦਾ ਸਥਾਨ ਪਿੰਡ ਧੰਦਲ ਨੇੜੇ ਕਪੂਰਥਲਾ ਵਿਖੇ ਬਣਿਆ ਹੋਇਆ ਹੈ। ਉਹਨਾਂ ਦੇ ਲੋਕ-ਮਨ ਦਾ ਮੰਨਣਾ ਹੈ ਕਿ ਇਸ ਮਨੌਤ ਨਾਲ਼ ਉਹਨਾਂ ਨੂੰ ਦੁੱਧ-ਪੁੱਤ ਆਦਿ ਬੇਅੰਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ ਜਦਕਿ ਮਨੌਤ ਵਿੱਚ ਕਿਸੇ ਕਿਸਮ ਦੀ ਕੁਤਾਹੀ ਹੋ ਜਾਣ ਦੀ ਸੂਰਤ ਵਿੱਚ ਉਹਨਾਂ ਦੇ ਪਸ਼ੂ-ਧਨ ਦਾ ਨੁਕਸਾਨ ਹੁੰਦਾ ਹੈ ਅਤੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ।

ਪਿੰਡ ਕੋਟਲੀ ਗਾਜਰਾਂ ਦੇ ਥਿੰਦ 'ਅਗਿਆਤ ਜਠੇਰੇ' ਨੂੰ ਬਜ਼ੁਰਗਾਂ ਦੇ ਵੇਲ਼ੇ ਤੋਂ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਦੇ ਰੂਪ ਵਿੱਚ ਮੰਨਦੇ ਆ ਰਹੇ ਹਨ ਜਿਸਦੀ ਅਪਾਰ ਬਖਸ਼ਿਸ਼ ਸਦਕਾ ਉਹਨਾਂ ਦੇ ਘਰ ਕਿਸੇ ਚੀਜ਼ ਦੀ ਕਮੀਂ ਨਹੀਂ। ਉਹਨਾਂ ਦੇ ਦੱਸਣ ਮੁਤਾਬਿਕ ਜਠੇਰੇ ਦਾ ਸਥਾਨ ਪਿੰਡ ਠੱਠੇ ਟਿੱਬੀ ਵਿਖੇ ਬਣਿਆ ਹੋਇਆ ਹੈ ਜਿੱਥੇ ਜਾ ਕੇ ਉਹ ਮੱਥਾ ਟੇਕਦੇ ਅਤੇ ਮੰਨਤਾਂ ਮੰਗਦੇ ਹਨ।

ਪਿੰਡ ਪੰਡੋਰੀ ਖਾਸ ਅਤੇ ਚੱਕ ਬਾਹਮਣੀਆਂ ਖੁਰਦ ਦੇ ਥਾਪਰ ਗੋਤ ਦੇ ਕ੍ਰਮਵਾਰ ਬਾਲਮੀਕ ਅਤੇ ਮਜ਼੍ਹਬੀ ਸਿੱਖ ਬਰਾਦਰੀ ਦੇ ਲੋਕ 'ਅਗਿਆਤ ਜਠੇਰੇ' ਨੂੰ ਆਪਣੇ ਪਿੰਡ ਵਿੱਚ ਹੀ ਮੰਨਦੇ ਤੇ ਉਸਦੇ ਸਥਾਨ 'ਤੇ ਮੱਥਾ ਟੇਕ ਕੇ ਚੜ੍ਹਾਵਾ ਚੜ੍ਹਾਉਂਦੇ ਹਨ। ਇਸ ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ ਨਾਲ਼ ਹੋਣ ਵਾਲ਼ੇ ਨੁਕਸਾਨ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਅਜਿਹੀ ਸੂਰਤ ਵਿੱਚ ਉਹਨਾਂ ਦਾ ਘਰੇਲੂ ਨੁਕਸਾਨ ਹੁੰਦਾ ਹੈ। ਜਦ ਕਿ ਮਨੌਤ ਦੀ ਬਦੌਲਤ ਉਹਨਾਂ ਦਾ ਕੰਮ-ਕਾਰ ਵਧੀਆ ਚੱਲ ਰਿਹਾ ਹੈ।

ਜ਼ਿਲ੍ਹਾ ਜਲੰਧਰ ਦੇ ਉੱਘੇ ਪਿੰਡ ਆਲੇਵਾਲੀ ਦੇ ਨਾਹਰ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਨ ਲਈ ਪਿੰਡ ਸ਼ੰਕਰ ਵਿਖੇ ਜਾਂਦੇ ਹਨ ਜਿੱਥੇ ਕਿ ਉਹ ਮੱਥਾ ਟੇਕਦੇ ਹਨ ਜਿਸ ਦੀ ਬਖਸ਼ਿਸ਼ ਸਦਕਾ

ਉਹਨਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਆਉਂਦੀ। ਉਹਨਾਂ ਦਾ ਕਹਿਣਾ ਹੈ ਕਿ ਇਹ ਮਨੌਤ ਨਾ ਕਰਨ 'ਤੇ ਉਹਨਾਂ ਦੇ ਘਰ-ਪਰਿਵਾਰ ਨੂੰ ਨੁਕਸਾਨ ਪਹੁੰਚਦਾ ਹੈ।

ਆਪਣੇ ਖੇਤਰੀ ਸਰਵੇ ਅਧੀਨ ਜ਼ਿਲ੍ਹਾ ਜਲੰਧਰ ਦੇ ਪਿੰਡ ਨਿਹਾਲੂਵਾਲ ਵਿਖੇ ਪਾਏ ਗਏ ਨੱਡੇ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ। ਜਦ ਇਸ ਪੂਜਾ ਪਿੱਛੇ ਛੁਪੀ ਉਹਨਾਂ ਦੀ ਮਾਨਸਿਕਤਾ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਮਨੌਤ ਸੰਬੰਧੀ ਭੁੱਲ ਹੋ ਜਾਣ 'ਤੇ ਘਰ ਵਿੱਚ ਬਦਸ਼ਗਨੀ ਵਾਪਰ ਜਾਂਦੀ ਹੈ। ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਜਠੇਰਾ ਇਸ ਮਨੌਤ ਬਦਲੇ ਉਹਨਾਂ ਨੂੰ ਖੁਸ਼ ਹੋ ਕੇ ਅਨੇਕ ਦਾਤਾਂ ਦਿੰਦਾ ਹੈ ਅਤੇ ਕੰਮ-ਕਾਰ ਵਿੱਚ ਤਰੱਕੀ ਬਖਸ਼ਦਾ ਹੈ।

ਪਿੰਡ ਸ਼ਰਕਪੁਰ ਦੇ ਗੋਤ ਨੀਲੇ ਨਾਲ਼ ਸੰਬੰਧਿਤ ਝਿਉਰ ਬਰਾਦਰੀ ਦੇ ਲੋਕ ਅਗਿਆਤ ਜਠੇਰੇ ਦੀ ਮਨੌਤ ਲਈ ਨਡਾਲ਼ੋਂ ਵਿਖੇ ਜਾਂਦੇ ਹਨ। ਮਨੌਤ ਸੰਬੰਧੀ ਭੁੱਲ ਹੋ ਜਾਣ 'ਤੇ ਜਦ ਉਹਨਾਂ ਨੂੰ ਬਦਸ਼ਗਨੀ ਸੰਬੰਧੀ ਪੁੱਛਿਆ ਗਿਆ ਤਾਂ ਇਸ ਸੰਬੰਧੀ ਉਹਨਾਂ ਦੇ ਮਨ ਨੇ ਇਨਕਾਰੀ ਹੁੰਦਿਆਂ ਦੱਸਿਆ ਕਿ ਮਨੌਤ ਨਾਲ਼ ਉਹਨਾਂ ਨੂੰ ਬੇਅੰਤ ਬਰਕਤਾਂ ਮਿਲਦੀਆਂ ਹਨ ਪ੍ਰੰਤੂ ਬਦਸ਼ਗਨੀ ਜਾਂ ਅਣਹੋਣੀ ਨਹੀਂ ਵਾਪਰਦੀ।

ਜਲੰਧਰ ਜ਼ਿਲ੍ਹੇ ਦੇ ਅਗਲੇ ਪਿੰਡ ਰਾਈਵਾਲ ਦੋਨਾ, ਬਿੱਲੀ ਬੜੈਂਚ ਅਤੇ ਈਦਾ ਦੇ ਪਨੇਸਰ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਜਦ ਉਹਨਾਂ ਵੱਲੋਂ ਕੀਤੀ ਜਾਂਦੀ ਜਠੇਰਾ-ਪੂਜਾ ਬਾਰੇ ਜਾਣਨਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਖਾਨਪੁਰ ਲਾਗੇ ਗਿੱਲ ਪਿੰਡ ਵਿਖੇ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਬਾਬਤ ਜਾਂਦੇ ਹਨ। ਬਦਸ਼ਗਨੀ ਸੰਬੰਧੀ ਇਹਨਾਂ ਪਿੰਡਾਂ ਦੇ ਪਨੇਸਰ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਮੰਨਣਾ ਹੈ ਕਿ ਹੈ ਕਿ ਮੰਨ-ਮਨੌਤ ਵਿੱਚ ਗ਼ਲਤੀ ਜਾਂ ਭੁੱਲ ਹੋ ਜਾਣ 'ਤੇ ਬਾਬਾ ਬਖਸ਼ ਦਿੰਦਾ ਹੈ।

ਇਸ ਤੋਂ ਇਲਾਵਾ ਇਸੇ ਗੋਤ ਪਨੇਸਰ ਨਾਲ਼ ਸੰਬੰਧਿਤ ਪਿੰਡ ਪੂੰਨੀਆਂ ਦੇ ਲੋਕ ਮਾਣਕਪੁਰ ਵਿਖੇ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਦੇ ਸੰਬੰਧ ਵਿੱਚ ਜਾਂਦੇ ਹਨ। ਇਸ ਪਿੰਡ ਦੇ ਪਨੇਸਰ ਗੋਤ ਦੇ ਲੋਕਾਂ ਦਾ ਮੰਨਣਾ ਹੈ ਕਿ ਮਨੌਤ ਨਾ ਕਰਨ 'ਤੇ ਘਰ-ਪਰਿਵਾਰ ਵਿੱਚ ਕੋਈ ਅਣਹੋਣੀ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਜ਼ਿਲ੍ਹਾ ਜਲੰਧਰ ਦੇ ਪ੍ਰਸਿੱਧ ਪਿੰਡ ਸੀਚੇਵਾਲ ਵਿਖੇ ਵਸਦੇ ਬੱਸੀ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਆਪਣੀ ਜਠੇਰਾ-ਪੂਜਾ ਬਾਰੇ ਕਾਰਜਸ਼ੀਲ ਮਾਨਸਿਕਤਾ ਬਿਆਨ ਕਰਦਿਆਂ ਦੱਸਿਆ ਕਿ ਉਹ ਨਵਾਂ ਸ਼ਹਿਰ ਲਾਗੇ ਰਾਣੀਵਾਲ ਵਿਖੇ ਬਣੀ ਅਗਿਆਤ ਜਠੇਰੇ ਦੇ ਸਥਾਨ ਦੀ ਪੂਜਾ ਕਰਦੇ ਹਨ ਤਾਂ ਜੋ ਉਹਨਾਂ ਦਾ ਕੰਮ-ਕਾਰ ਵਧੀਆ ਚੱਲਦਾ ਰਹੇ। ਇਹ ਜਠੇਰਾ-ਪੂਜਾ ਉਹਨਾਂ ਦੇ ਪੁਰਖਿਆਂ ਦੇ ਸਮਿਆਂ ਤੋਂ ਚੱਲਦੀ ਆ ਰਹੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਬਾਬਾ ਜੀ ਦੀ ਮਿਹਰ ਨਾਲ਼ ਉਹਨਾਂ ਦਾ ਕਾਰੋਬਾਰ ਬਹੁਤ ਵਧੀਆ ਚੱਲ ਰਿਹਾ ਹੈ। ਮਨੌਤ ਨਾ ਕਰਨ 'ਤੇ ਉਹਨਾਂ ਦਾ ਮੰਨਣਾ ਹੈ ਕਿ ਕੋਈ ਵੀ ਅਣਹੋਣੀ ਨਹੀਂ ਵਾਪਰਦੀ।

ਪਿੰਡ ਬੱਲ ਕੋਹਨਾ ਦੇ ਬਾਲੀ ਗੋਤ ਦੇ ਲੋਕਾਂ ਦੁਆਰਾ ਮੰਨੇ ਜਾਂਦੇ ਅਗਿਆਤ ਜਠੇਰੇ ਦੀ ਮਨੌਤ ਦਾ ਕਾਰਨ ਉਹਨਾਂ ਦੀ ਆਪਣੀ ਜ਼ੁਬਾਨੀ ਇਹ ਹੈ ਕਿ ਉਹਨਾਂ ਦੇ ਮਾਤਾ-ਪਿਤਾ ਦੇ ਸਮਿਆਂ ਤੋਂ ਇਹ ਮਨੌਤ ਚਲਦੀ ਆ ਰਹੀ ਹੈ ਜਿਸ ਕਰਕੇ ਸ਼ਰਧਾ-ਵੱਸ ਉਹ ਵੀ ਇਸ ਮਨੌਤ ਨੂੰ ਕਰਦੇ ਆ ਰਹੇ ਹਨ। ਪਹਿਲਾਂ ਮਨੌਤ ਛੱਡਣ 'ਤੇ ਉਹਨਾਂ ਦੇ ਪਸ਼ੂ ਮਰਨ ਲੱਗ ਗਏ ਸਨ। ਹੁਣ ਮਨੌਤ ਕਰਨ ਨਾਲ਼ ਸਭ ਕੁਝ ਠੀਕ ਚੱਲ ਰਿਹਾ ਹੈ ਅਤੇ ਰਿਜ਼ਕ-ਇਤਫਾਕ ਦੀ ਕੋਈ ਕਮੀ ਨਹੀਂ।

ਪਿੰਡ ਨਵਾਂ ਪਿੰਡ ਜੱਟਾਂ ਵਿਖੇ ਵਸਦੇ ਭੰਗਾਣੀਏ (ਭਗਵਾਨੀਏ) ਗੋਤ ਦੇ ਲੋਕ 'ਅਗਿਆਤ ਜਠੇਰੇ' ਨੂੰ ਆਪਣੇ ਪਿੰਡ ਵਿਖੇ ਹੀ ਪੂਜਦੇ ਜਾਂ ਮੰਨਦੇ ਹਨ। ਜਦ ਉਹਨਾਂ ਪਾਸੋਂ ਇਸ ਮਨੌਤ ਦਾ ਕਾਰਨ ਜਾਣਨਾ ਚਾਹਿਆ ਤਾਂ ਉਹਨਾਂ ਦਾ ਇਹ ਕਹਿਣਾ ਸੀ ਕਿ ਉਹਨਾਂ ਦੇ ਦਾਦੇ-ਪੜ੍ਹਦਾਦੇ ਦੇ ਸਮਿਆਂ ਤੋਂ ਇਹ ਮਨੌਤ ਉਹਨਾਂ ਦੇ ਪਰਿਵਾਰ ਵਿੱਚ ਚੱਲਦੀ ਆ ਰਹੀ ਹੈ। ਮਨੌਤ ਨਾ ਕਰਨ 'ਤੇ ਘਰ-ਪਰਿਵਾਰ ਵਿੱਚ ਨੁਕਸਾਨ ਹੋ ਜਾਂਦਾ ਹੈ। ਉਹਨਾਂ ਦੇ ਕਹਿਣ ਅਨੁਸਾਰ ਜਠੇਰੇ ਨੇ ਮਨੌਤ ਤੋਂ ਪ੍ਰਸੰਨ ਹੋ ਕੇ ਉਹਨਾਂ ਨੂੰ ਬੇਅੰਤ ਬਰਕਤਾਂ ਬਖਸ਼ੀਆਂ ਹਨ।

ਭੱਟੀ ਗੋਤ ਨਾਲ਼ ਸੰਬੰਧਿਤ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਵਸਨੀਕ 'ਅਗਿਆਤ ਜਠੇਰੇ' ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਉਹਨਾਂ ਦਾ ਇਸ ਮਨੌਤ ਦੇ ਕਾਰਨ ਬਾਰੇ ਕਹਿਣਾ ਹੈ ਕਿ ਮਨੌਤ ਨਾ ਕਰਨ 'ਤੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਭਾਵ ਘਰ ਦੇ ਰਿਜ਼ਕ ਵਿੱਚ ਕਮੀ ਆਉਂਦੀ ਹੈ। ਇਸ ਮਨੌਤ ਦੇ ਕਰਕੇ ਬਾਬਾ ਉਹਨਾਂ ਨੂੰ ਅਨੇਕਾਂ ਬਰਕਤਾਂ ਨਾਲ਼ ਨਿਵਾਜ਼ਦਾ ਹੈ। ਉਹਨਾਂ ਦੇ ਕਹਿਣ ਮੁਤਾਬਿਕ ਉਹ ਇਹ ਸ਼ਰਧਾ ਅਨੁਸਾਰ ਆਪਣੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਚੱਲੀ ਆ ਰਹੀ ਰੀਤ ਅਨੁਸਾਰ ਮਨੌਤ ਕਰਦੇ ਹਨ।

ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲ ਕੋਹਨਾ ਵਿਖੇ ਵਸਦੇ ਪਰਜਾਪੱਤ ਬਰਾਦਰੀ ਦੇ ਗੋਤ ਮਹਿਰਾ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਰੀ ਸ਼ਰਧਾ ਨਾਲ਼ ਮੰਨ-ਮਨੌਤ ਕਰਦੇ ਹਨ ਤਾਂ ਜੋ ਉਹਨਾਂ ਦਾ ਮਾਲ-ਡੰਗਰ ਤੰਦਰੁਸਤ ਰਹੇ। ਉਹਨਾਂ ਦੇ ਲੋਕ-ਮਨ ਵਿੱਚੋਂ ਇਹ ਗੱਲ ਵੀ ਉੱਘੜ ਕੇ ਸਾਹਮਣੇ ਆਈ ਕਿ ਇਸ ਮਨੌਤ ਕਰਕੇ ਉਹਨਾਂ ਦੇ ਪਰਿਵਾਰ ਵਿੱਚ ਬਰਕਤਾਂ ਹੀ ਬਰਕਤਾਂ ਹਨ।

ਪਿੰਡ ਪੰਧੇਰ ਦੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਮੱਟੂ ਗੋਤ ਦੇ ਲੋਕਾਂ ਦਾ ਮੰਨਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਬਾਬਾ ਸੱਧਾ' ਹੈ ਜਿਸ ਦੀ ਸ਼ਰਧਾ ਸਹਿਤ ਮੰਨ-ਮਨੌਤ ਕਰਨ ਨਾਲ਼ ਉਹਨਾਂ ਦੇ ਪਰਿਵਾਰ ਵਿੱਚੋਂ ਜਹਿਮਤ (ਬਿਮਾਰੀ) ਖਤਮ ਹੋ ਗਈ ਹੈ। ਪਹਿਲਾਂ ਜਠੇਰੇ ਨੂੰ ਨਾ ਮੰਨਣ 'ਤੇ ਉਹਨਾਂ ਦੇ ਪਸ਼ੂ ਅਚਾਨਕ ਮਰ ਜਾਂਦੇ ਸਨ, ਜੋ ਹੁਣ ਬਿਲਕੁਲ ਤੰਦਰੁਸਤ ਰਹਿੰਦੇ ਹਨ ਅਤੇ ਹੁਣ ਘਰ ਵਿੱਚ ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਹਨ।

ਇਸ ਤੋਂ ਇਲਾਵਾ ਪਿੰਡ ਬਿੱਲੀ ਚਾਓ ਦੇ ਮੋਮੇ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਮੰਨਣਾ ਹੈ ਕਿ ਉਹ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜਿਸ ਦੀ ਮਨੌਤ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਹੈ। ਇਹਨਾਂ

ਦਾ ਵੀ ਇਹੀ ਕਹਿਣਾ ਹੈ ਕਿ ਜਠੇਰੇ ਦੀ ਮਨੌਤ ਸੰਬੰਧੀ ਕੋਈ ਭੁੱਲ ਹੋ ਜਾਣ 'ਤੇ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਜਦ ਕਿ ਮਨੌਤ ਕਰਨ ਨਾਲ਼ ਬਰਕਤਾਂ ਵਿੱਚ ਕੋਈ ਕਮੀ ਨਹੀਂ ਆਉਂਦੀ।

ਆਪਣੇ ਖੇਤਰੀ ਖੋਜ ਸਰਵੇਖਣ ਦੀ ਲੜੀ ਨੂੰ ਅੱਗੇ ਤੋਰਦਿਆਂ ਜਦ ਨਵਾਂ ਪਿੰਡ ਜੱਟਾਂ ਦਾ ਦੌਰਾ ਕੀਤਾ ਗਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਇੱਥੇ ਵਸਦੇ ਮੱਲ੍ਹੀ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਜਠੇਰੇ ਦੇ ਨਾਂ ਦੀ ਮਿੱਟੀ ਕੱਢਣ ਨਾਲ਼ ਉਹਨਾਂ ਨੂੰ ਬਹੁਤ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

ਇਸ ਤੋਂ ਇਲਾਵਾ ਮੱਲ੍ਹੀ ਗੋਤ ਨਾਲ਼ ਹੀ ਸੰਬੰਧਿਤ ਪਿੰਡ ਬਿੱਲੀ ਚਾਓ ਦੇ ਲੋਕਾਂ ਪਾਸੋਂ ਜਦ ਉਹਨਾਂ ਦੇ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਲੋਕ-ਮਨ ਨੂੰ ਟੋਹਣਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ 'ਲਛਮਣ ਸਿੱਧ' ਨਾਮੀ ਆਪਣੇ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਲਈ ਮੋਗਾ ਜ਼ਿਲ੍ਹੇ ਦੇ ਪਿੰਡ ਮਾੜੀ ਮੁਸਤਫਾ ਵਿਖੇ ਜਾਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਸ ਮਨੌਤ ਨੂੰ ਨਾ ਕਰਨ 'ਤੇ ਉਹਨਾਂ ਦੇ ਘਰ-ਪਰਿਵਾਰ ਦਾ ਨੁਕਸਾਨ ਹੁੰਦਾ ਹੈ ਜਦਕਿ ਇਸਦੇ ਉਲਟ ਮਨੌਤ ਕਰਨ ਨਾਲ਼ ਬਰਕਤਾਂ ਹੀ ਬਰਕਤਾਂ ਘਰ ਵਿੱਚ ਆਉਂਦੀਆਂ ਹਨ।

ਪਿੰਡ ਤਲਵੰਡੀ ਮਾਧੋ ਦੇ ਖੇਤਰੀ ਸਰਵੇਖਣ ਦੋਰਾਨ ਉੱਥੇ ਪਾਏ ਗਏ ਗੋਤ ਰੰਧਾਵਾ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਪੂਜਦੇ ਹਨ ਜਿਸ ਦੀ ਮਨੌਤ ਉਹਨਾਂ ਦੀ ਪੀੜ੍ਹੀ ਵਿੱਚ ਮੁੱਢੋਂ ਹੀ ਚੱਲੀ ਆ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਮਨੌਤ ਬਦਲੇ ਉਹਨਾਂ ਦਾ ਕੰਮ-ਧੰਦਾ ਤਰੱਕੀਆਂ ਵਿੱਚ ਜਾ ਰਿਹਾ ਹੈ।

ਪਿੰਡ ਆਲੇਵਾਲੀ ਦੇ ਰੰਧਾਵਾ ਗੋਤ ਦੇ ਹੀ ਲੋਕ ਬਜੂਹਾ ਨੇੜੇ ਸ਼ੰਕਰ ਵਿਖੇ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ। ਉਹਨਾਂ ਦਾ ਇਹ ਮੰਨਣਾ ਹੈ ਕਿ ਜਠੇਰ ਦੀ ਮਨੌਤ ਅਤੇ ਉਸ ਨੂੰ ਚੜ੍ਹਾਵਾ ਚੜ੍ਹਾਉਣ ਨਾਲ਼ ਹਰੇਕ ਔਕੜ ਦੂਰ ਹੁੰਦੀ ਹੈ ਜਦ ਕਿ ਇਸਦੇ ਉਲਟ ਮਨੌਤ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦਾ ਨੁਕਸਾਨ ਹੁੰਦਾ ਹੈ।

ਇਸੇ ਤਰ੍ਹਾਂ ਅਗਲੇ ਪਿੰਡ ਬਿੱਲੀ ਚੌਹਾਰਮੀ ਦਾ ਖੇਤਰੀ ਸਰਵੇਖਣ ਕਰਦਿਆਂ ਵਿਰਦੀ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਉਹਨਾਂ ਵੱਲੋਂ ਕੀਤੀ ਜਾਂਦੀ ਜਠੇਰਾ-ਪੂਜਾ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਇਸ ਬਦਲੇ ਸਭ ਖੁਸ਼ੀਆਂ ਤੇ ਬਰਕਤਾਂ ਉਹਨਾਂ ਨੂੰ ਹਾਸਿਲ ਹੁੰਦੀਆਂ ਹਨ।

ਅਗਲੇ ਪਿੰਡ ਬਿੱਲੀ ਚਾਓ ਦੇ ਵਾਲ੍ਹ ਗੋਤ ਨਾਲ਼ ਸੰਬੰਧਿਤ ਮਜ਼੍ਹਬੀ ਸਿੱਖ ਬਰਾਦਰੀ ਦੇ ਲੋਕਾਂ ਦੀ ਆਪਣੀ ਜਠੇਰਾ-ਪੂਜਾ ਸੰਬੰਧੀ ਇਹ ਧਾਰਨਾ ਹੈ ਕਿ ਉਹ 'ਅਗਿਆਤ ਜਠੇਰਾ' ਦੀ ਮੰਨ-ਮਨੌਤ ਕਰਦੇ ਹਨ, ਜਿਨ੍ਹਾਂ ਦੀ ਮੰਨ-ਮਨੌਤ ਉਹਨਾਂ ਦੇ ਪੁਰਖੇ ਕਰਦੇ ਸਨ। ਬਰਕਤਾਂ ਬਾਰੇ ਉਹਨਾਂ ਦਾ ਖਿਆਲ ਹੈ ਕਿ ਬਾਬਾ ਜੀ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੇ।

ਗੋਤਾਂ ਦੀ ਇਸ ਲੰਬੀ ਲੜੀ ਵਿੱਚ ਅੱਗੇ ਪਿੰਡ ਪੰਧੇਰ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਜਦ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਉਹ ਅਗਿਆਤ ਜਠੇਰੇ ਨੂੰ ਮੰਨਦੇ ਹਨ, ਜਿਨ੍ਹਾਂ ਦਾ ਸਥਾਨ ਉਹਨਾਂ ਦੇ ਦੱਸਣ ਮੁਤਾਬਿਕ ਨਕੋਦਰ ਲਾਗੇ ਟੁੱਟ ਪਿੰਡ ਵਿਖੇ ਬਣਿਆ ਹੋਇਆ ਹੈ। ਉਹਨਾਂ ਦੇ ਕਹਿਣ ਅਨੁਸਾਰ ਉਹਨਾਂ ਦੇ ਵੱਡੇ-ਵਡੇਰਿਆਂ ਦੇ ਸਮਿਆਂ ਤੋਂ ਇਹ ਮਨੌਤ ਚੱਲਦੀ ਆ ਰਹੀ ਹੈ ਜਿਸਦੀ ਬਦੌਲਤ ਉਹਨਾਂ ਨੂੰ ਕੰਮ-ਕਾਰ ਵਿੱਚ ਕਦੇ ਵੀ ਘਾਟਾ ਨਹੀਂ ਪਿਆ। ਮਨੌਤ ਵਿੱਚ ਕਿਸੇ ਕਿਸਮ ਦੀ ਭੁੱਲ ਹੋ ਜਾਣ ਦੀ ਸੂਰਤ ਵਿੱਚ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਘਰ-ਪਰਿਵਾਰ ਵਿੱਚ ਨੁਕਸਾਨ ਹੁੰਦਾ ਹੈ।

ਪਿੰਡ ਬਿੱਲੀ ਬੜੈਂਚ ਦੇ ਵੜੈਂਚ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਜਠੇਰਾ-ਪੂਜਾ ਬਾਰੇ ਗੱਲ ਕਰਨ 'ਤੇ ਪਤਾ ਲੱਗਾ ਕਿ ਉਹ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿਖੇ ਹੀ ਗੁਰਦੁਆਰਾ ਸਾਹਿਬ ਨੇੜੇ ਬਣੀ ਹੋਈ ਜਗ੍ਹਾ 'ਤੇ ਜਾ ਕੇ ਮਨੌਤ ਕਰਦੇ ਹਨ। ਇਸ ਜਠੇਰੇ ਦੀ ਮਨੌਤ ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਮਾਤਾ-ਪਿਤਾ ਦੇ ਵੇਲ਼ੇ ਤੋਂ ਹੀ ਹੁੰਦੀ ਆ ਰਹੀ ਹੈ ਅਤੇ ਮਨੌਤ ਸੰਬੰਧੀ ਕਿਸੇ ਕਿਸਮ ਦੀ ਭੁੱਲ ਹੋ ਜਾਣ 'ਤੇ ਉਹਨਾਂ ਦਾ ਦੱਸਣਾ ਹੈ ਕਿ ਕੋਈ ਨੁਕਸਾਨ ਜਾਂ ਬਦਸ਼ਗਨੀ ਨਹੀਂ ਹੁੰਦੀ। ਉਹਨਾਂ ਨੇ ਇਹ ਵੀ ਕਿਹਾ ਕਿ ਬਾਬਾ ਖੁਸ਼ ਹੋ ਕੇ ਦਾਤਾਂ ਵੀ ਬੇਸ਼ੁਮਾਰ ਦਿੰਦਾ ਹੈ।

**ਆਧੁਨਿਕ ਦ੍ਰਿਸ਼ਟੀਕੋਣ:**

ਨਵਾਂ ਪਿੰਡ ਜੱਟਾਂ ਦੇ ਉੱਪਲ, ਕੌਲਧਾਰ ਤੇ ਬਾਠ, ਪਿੰਡ ਸ਼ੰਕਰ ਦੇ ਅਰੋੜਾ ਤੇ ਪੁਰੇਵਾਲ, ਪਿੰਡ ਬਿੱਲੀ ਚੌਹਾਰਮੀ ਦੇ ਔਲਖ, ਕੌਲਧਾਰ, ਖੁੱਤਣ, ਢੀਂਡਸਾ, ਦਹੀਆ ਤੇ ਸ਼ੀਂਹਮਾਰ, ਪਿੰਡ ਚੱਕ ਚੇਲਾ ਦੇ ਸਹੋਤਾ ਤੇ ਨਾਹਰ, ਪਿੰਡ ਸ਼ੰਕਰ ਦੇ ਸੋਗੀ, ਕੌੜੇ ਤੇ ਗਰੇਵਾਲ, ਪਿੰਡ ਪਿੱਪਲੀ ਦੇ ਸੌਣੇ, ਕਚੂਰੇ, ਧੰਜੂ, ਨਵਾਡੇ, ਬੂਹਕ ਤੇ ਮਰੋਕ, ਪਿੰਡ ਪੰਡੋਰੀ ਖਾਸ ਦੇ ਸੰਧੂ ਤੇ ਜੱਸਲ, ਪਿੰਡ ਚੱਕ ਬਾਹਮਣੀਆਂ ਖੁਰਦ ਦੇ ਸੰਧੂ ਤੇ ਜੰਮੂ, ਪਿੰਡ ਮੱਲ੍ਹੀਵਾਲ ਦੇ ਸੱਧਰ, ਪਦਮ ਤੇ ਬੰਦੇਸ਼ਾ, ਪਿੰਡ ਕੋਹਾੜ ਦੇ ਸਰਹੰਸ, ਪਿੰਡ ਚੱਕ ਚੇਲਾ ਦੇ ਸਰਾਏ, ਪਿੰਡ ਰਾਜੇਵਾਲ ਦੇ ਸਰਾਰੀ, ਹਕਵੰਨ ਤੇ ਵਿਲਾਸਰਾ, ਪਿੰਡ ਮਿਆਣੀ ਦੇ ਸਵਨਾ, ਜੋਸਨ, ਥਿੰਦ ਤੇ ਰਤਨਪਾਲ, ਪਿੰਡ ਪੱਤੋ ਖੁਰਦ ਦੇ ਹੁੰਦਲ, ਪਿੰਡ ਇਸਮਾਇਲਪੁਰ ਦੇ ਕਚੂਰੇ ਤੇ ਵਰਵਾਲ, ਪਿੰਡ ਰਾਜੇਵਾਲ ਦੇ ਕਚੂਰੇ ਤੇ ਮੱਟੂ, ਪਿੰਡ ਚੱਕ ਬਾਹਮਣੀਆਂ ਕਲਾਂ ਦੇ ਕਚੂਰੇ ਤੇ ਵਰਵਾਲ, ਪਿੰਡ ਗਿੱਲ ਦੇ ਕੰਡਾ, ਪਿੰਡ ਕਾਂਗਣਾਂ ਦੇ ਕੰਬੋਅ ਤੇ ਕਲਿਆਣੀ, ਪਿੰਡ ਰੂਪੇਵਾਲੀ ਦੇ ਕਰੀਰ, ਕੌਲ, ਗਿੱਲ, ਚੰਦੀ, ਜੱਜ ਤੇ ਢਿੱਲੋਂ, ਪਿੰਡ ਨਾਹਲ ਦੇ ਕੱਲੇ, ਨਿੱਝਰ, ਬੰਬਰਾ ਤੇ ਭੂਈ, ਪਿੰਡ ਤਲਵੰਡੀ ਮਾਧੋ ਦੇ ਕਲਸੀ, ਚਾਵਲਾ, ਜਵੰਦਾ ਤੇ ਬੋਪਾਰਾਏ, ਪਿੰਡ ਬੱਲ ਨੌਂ ਦੇ ਕਲੇਰ, ਨਾਹਰ ਤੇ ਬੱਲ, ਪਿੰਡ ਬਿੱਲੀ ਚਾਓ ਦੇ ਕੁਲਾਰ ਤੇ ਵੜੈਂਚ, ਪਿੰਡ ਕੋਟਲੀ ਹੇਰਾਂ ਦੇ ਕੇਸ਼ਵ ਰਾਜਪੂਤ, ਪਿੰਡ ਮੂਲੇਵਾਲ ਬ੍ਰਾਹਮਣਾਂ ਦੇ ਖਿੰਡੇ, ਧਾਪ ਤੇ ਪੰਨੂ, ਪਿੰਡ ਰਾਈਵਾਲ ਦੋਨਾ ਦੇ ਗਾਧਰੇ, ਚੌਹਾਨ ਤੇ ਰਾਏ, ਪਿੰਡ ਜਾਫਰਾਪੁਰ ਦੇ ਗਰੇਵਾਲ, ਢਿੱਲੋਂ ਤੇ ਵਾਲੂ, ਪਿੰਡ ਸਿਹਾਰੀਵਾਲ ਦੇ ਗਿੱਲ, ਪਿੰਡ ਈਦਾ ਦੇ ਘੁੱਸਰ, ਪਿੰਡ ਰਾਮੇ ਦੇ ਘੋਗੇ ਤੇ ਵਰਵਾਲ, ਪਿੰਡ ਸੋਹਲ ਖਾਲਸਾ ਦੇ ਚੌਹਾਨ ਤੇ ਦਾਦਰ, ਪਿੰਡ ਸੀਚੇਵਾਲ ਦੇ ਸੱਭਰਵਾਲ, ਚੱਠੇ, ਧਾਲੀਵਾਲ, ਪਵਾਰ, ਮਠਾੜੂ ਤੇ ਰਾਮਗੜ੍ਹੀਆ (ਸੰਤ ਬਲਵੀਰ ਸਿੰਘ ਸੀਚੇਵਾਲ ਜੀ ਦਾ ਪ੍ਰਭਾਵ), ਪਿੰਡ ਪੱਤੋ ਕਲਾਂ ਦੇ ਚਤਰੱਥ, ਜੰਮੂ ਤੇ ਪੁਰਬਾ, ਪਿੰਡ ਬਿੱਲੀ

ਭੁੱਲਰ ਦੇ ਚਾਨੀ, ਭੁੱਲਰ ਤੇ ਰੱਲ, ਪਿੰਡ ਕੋਹਾੜ ਖੁਰਦ ਦੇ ਜੌਹਲ ਤੇ ਸ਼ੋਹਕਰ, ਪਿੰਡ ਖਾਨਪੁਰ ਰਾਜਪੂਤਾਂ ਦੇ ਜਤੀ ਤੇ ਟੁਰਨਾ, ਪਿੰਡ ਮੂਲੇਵਾਲ ਅਰਾਈਆਂ ਦੇ ਟੁਰਨਾ, ਪਿੰਡ ਲਈਏਵਾਲ ਦੇ ਡਡਵਾਲ ਤੇ ਤੂਰ, ਗੋਬਿੰਦ ਨਗਰ ਮਲਸੀਹਾਂ ਦੇ ਢਿੱਲੋਂ ਤੇ ਥਿੰਦ, ਪਿੰਡ ਨਵਾਂ ਕਿਲ੍ਹਾ ਦੇ ਧਨੋਆ ਤੇ ਬਾਜਵਾ, ਪਿੰਡ ਸੰਗਤਪੁਰਾ ਦੇ ਧਾਲੀਵਾਲ, ਪਿੰਡ ਪੂੰਨੀਆਂ ਦੇ ਨੰਨ੍ਹੜੇ, ਪਿੰਡ ਸ਼ਰਕਪੁਰ ਦੇ ਨੀਲੇ, ਪੁਰੇਵਾਲ ਤੇ ਬਾਲੂ, ਪਿੰਡ ਮਹਿਮੂਵਾਲ ਯੂਸਫਪੁਰ ਦੇ ਪੱਡਾ, ਪਿੰਡ ਪੰਧੇਰ ਦੇ ਪੰਧੇਰ, ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਬੰਗੜ, ਪਿੰਡ ਕਿਲੀ ਦੇ ਭੱਟੀ, ਪਿੰਡ ਤਲਵੰਡੀ ਬੂਟਿਆਂ ਦੇ ਭੱਟੀ ਤੇ ਭਾਰਦਵਾਜ, ਪਿੰਡ ਬਿੱਲੀ ਬੜੈਂਚ ਦੇ ਮੱਟੂ, ਪਿੰਡ ਕੋਟਲੀ ਗਾਜਰਾਂ ਦੇ ਮੁੱਤੀ, ਪਿੰਡ ਆਲੇਵਾਲੀ ਦੇ ਮੋਮੀ, ਪਿੰਡ ਬੱਲ ਕੋਹਨਾ ਦੇ ਲੋਲੇ (ਚੌਹਾਨ), ਗੋਤ ਨਾਲ਼ ਸੰਬੰਧਿਤ ਲੋਕ ਪਰੰਪਰਾ ਨੂੰ ਤਿਆਗਦੇ ਹੋਏ ਕਿਸੇ ਜਠੇਰੇ ਦੀ ਪੂਜਾ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

ਇਸ ਦੇ ਨਾਲ਼ ਹੀ ਨਵਾਂ ਕਿਲ੍ਹਾ ਪਿੰਡ ਦੇ ਖੁਰਾਣਾ ਗੋਤ ਦੇ ਲੋਕ ਮਾਤਾ ਚਿੰਤਪੁਰਨੀ ਦੇ ਉਪਾਸਕ ਹਨ। ਇਸ ਤੋਂ ਇਲਾਵਾ ਪਿੰਡ ਗਿੱਲ ਦੇ ਸ਼ਰਮਾ ਗੋਤ ਦੇ ਲੋਕ ਵੀ ਦੇਵੀ ਮਾਤਾ ਦੇ ਉਪਾਸਕ ਹਨ।

ਹਕਵੰਨ ਤੇ ਘੋਗੇ ਗੋਤਾਂ ਨਾਲ਼ ਸੰਬੰਧਿਤ ਪਿੰਡ ਰਾਮੇ, ਬਾਂਸਲ ਗੋਤ ਨਾਲ਼ ਸੰਬੰਧਿਤ ਪਿੰਡ ਮੂਲੇਵਾਲ ਖਹਿਰਾ ਦੇ ਲੋਕ ਡੇਰਾ ਰਾਧਾ ਸੁਆਮੀ ਬਿਆਸ ਦੇ ਅਨੁਯਾਈ ਹਨ।

ਜਦ ਕਿ ਇਹਨਾਂ ਸਭ ਤੋਂ ਅਲੱਗ ਗਿੱਲ ਪਿੰਡ ਦੇ ਜੰਡ ਗੋਤ ਨਾਲ਼ ਸੰਬੰਧਿਤ ਲੋਕ ਇਸਲਾਮ ਧਰਮ ਨਾਲ਼ ਸੰਬੰਧ ਰੱਖਦੇ ਹੋਣ ਕਾਰਨ ਮਸਜਿਦ ਜਾਂਦੇ ਅਤੇ ਨਮਾਜ਼ ਅਦਾ ਕਰਦੇ ਹਨ।

ਸੋ ਅੰਤ ਵਿੱਚ ਜ਼ਿਲ੍ਹਾ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚਲੇ ਗੋਤਾਂ ਅਤੇ ਉਹਨਾਂ ਨਾਲ਼ ਸੰਬੰਧਿਤ ਜਠੇਰਿਆਂ, ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਬਾਰੇ ਅਧਿਐਨ ਕਰਨ ਉਪਰੰਤ ਨਿਸ਼ਕਰਸ਼ ਦੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਜ਼ਿਲ੍ਹੇ ਵਿੱਚ ਜਠੇਰੇ ਅਤੇ ਗੋਤ ਦੀ ਪੂਜਾ ਸੰਬੰਧੀ ਕੁਝ ਗੋਤਾਂ ਵਿੱਚ ਬਰਾਬਰਤਾ ਦਾ ਮਿਲਗੋਭਾ ਰੂਪ ਮਿਲਦਾ ਹੈ। ਉਹ ਜਠੇਰੇ ਦੀ ਪੂਜਾ ਵੀ ਕਰਦੇ ਹਨ ਅਤੇ ਡੇਰਾ ਰਾਧਾ ਸੁਆਮੀ ਬਿਆਸ ਵੀ ਜਾਂਦੇ ਹਨ। ਦੁਆਬਾ ਖੇਤਰ ਵਿੱਚ ਅਧਿਕਤਰ ਲੋਕਾਂ ਦਾ ਬਾਹਰਲੇ ਮੁਲਕਾਂ ਵਿੱਚ ਪ੍ਰਵਾਸ ਹੋਣ ਕਾਰਨ ਜਠੇਰਾ-ਪੂਜਾ ਸੰਬੰਧੀ ਮਿਸ਼ਰਣ ਮਿਲਦਾ ਹੈ। ਇਹ ਹਰ ਇੱਕ ਨੂੰ ਬਰਾਬਰ ਮੰਨਦੇ ਹਨ। ਰਵੀਦਾਸੀਆਂ ਦਾ ਜਲੰਧਰ ਵਿੱਚ 'ਰਵੀਦਾਸ ਗੁਰਦੁਆਰਾ', ਬੱਲਾਂ ਵਿਖੇ 'ਸੰਤਾਂ ਦਾ ਡੇਰਾ' ਅਤੇ 'ਡੇਰਾ ਰਾਧਾ ਸੁਆਮੀ' ਦਾ ਪ੍ਰਭਾਵ ਵੀ ਹੈ। ਇਸ ਤੋਂ ਇਲਾਵਾ ਲੋਕ-ਮਨ ਦੀਆਂ ਮੁੱਢ ਕਦੀਮ ਤੋਂ ਬਣੀਆਂ ਧਾਰਨਾਵਾਂ ਅਤੇ ਪ੍ਰਵਿਰਤੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰਸਾਰ ਨਾਲ਼ ਘੱਟ ਤਾਂ ਕੀਤਾ ਜਾ ਸਕਦਾ ਹੈ ਅਤੇ ਘੱਟ ਹੋ ਵੀ ਰਿਹਾ ਹੈ, ਪ੍ਰੰਤੂ ਬਿਲਕੁਲ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਪ੍ਰਵਿਰਤੀਆਂ ਅਤੇ ਧਾਰਨਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਲੋਕ-ਮਨ ਦੇ ਅੰਗ-ਸੰਗ ਹੀ ਰਹਿੰਦੀਆਂ ਹਨ। ਲੋਕ-ਮਨ ਵਿੱਚੋਂ ਇਹਨਾਂ ਨੂੰ ਪੂਰੀ ਤਰ੍ਹਾਂ ਮਨਫ਼ੀ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਪੰਜਾਬੀ ਲੋਕ ਪੱਛਮੀ ਸੱਭਿਅਤਾ ਦੀ ਨਵੀਨਤਾ ਨੂੰ ਵੀ ਅਪਣਾ ਰਹੇ ਹਨ ਪਰ ਨਾਲ਼ੋ-ਨਾਲ਼ ਉਹਨਾਂ ਉੱਪਰ ਆਪਣੇ ਬਜ਼ੁਰਗਾਂ ਦਾ ਵੀ ਪ੍ਰਭਾਵ ਹੈ।

# ਅਧਿਆਇ-ਪੰਜਵਾਂ

## ਗੋਤ ਅਤੇ ਜਠੇਰੇ: ਤੁਲਨਾਤਮਿਕ ਅਧਿਐਨ

### 5.1 ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ

### ੳ) ਤੁਲਨਾਤਮਿਕ ਅਧਿਐਨ: ਅਰਥ ਅਤੇ ਪਰਿਭਾਸ਼ਾ

ਸਾਹਿਤ ਅਧਿਐਨ ਦੇ ਖੇਤਰ ਵਿੱਚ 'ਤੁਲਨਾਤਮਿਕ ਅਧਿਐਨ' ਅਜੋਕੇ ਦੌਰ ਦਾ ਮਹੱਤਵਪੂਰਨ ਅਕਾਦਮਿਕ ਅਨੁਸ਼ਾਸਨ ਹੈ। ਪੰਜਾਬੀ ਸਾਹਿਤ-ਚਿੰਤਨ ਦੇ ਖੇਤਰ ਵਿੱਚ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਾਹਿਤ ਦੇ ਅਧਿਐਨ ਲਈ ਵਧੇਰੇ ਸੰਜੀਦਗੀ ਨਾਲ਼ ਖੋਜ-ਕਾਰਜ ਹੋ ਰਹੇ ਹਨ। ਸਾਹਿਤ ਅਧਿਐਨ ਦੀ ਇਹ ਵਿਧੀ ਭਾਵੇਂ ਵੀਹਵੀਂ ਸਦੀ ਵਿੱਚ ਸਿਧਾਂਤਕ ਰੂਪ ਗ੍ਰਹਿਣ ਕਰਦੀ ਹੈ ਪਰ ਇੱਕ ਪਰੰਪਰਾ ਵਜੋਂ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਾਹਿਤ ਦੇ ਅਧਿਐਨ ਅਤੇ ਸੰਪਾਦਨ ਦੀ ਪ੍ਰਕਿਰਿਆ ਮੱਧਕਾਲ ਤੋਂ ਹੀ ਸ਼ੁਰੂ ਹੋ ਗਈ ਸੀ। ਮੱਧਕਾਲ ਦੀ ਮਹਾਨ ਰਚਨਾ 'ਆਦਿ ਗ੍ਰੰਥ' ਵਿੱਚ ਜਿਸ ਵਿਧੀ ਨਾਲ਼ ਸਮੁੱਚੀ ਬਾਣੀ ਨੂੰ ਤਰਤੀਬ-ਬੱਧ ਕਰਕੇ ਪੇਸ਼ ਕੀਤਾ ਗਿਆ ਹੈ, ਇਸ ਵਿਧੀ ਵਿੱਚੋਂ ਤੁਲਨਾਤਮਿਕ ਦ੍ਰਿਸ਼ਟੀ ਨੂੰ ਸਪੱਸ਼ਟ ਪਛਾਣਿਆ ਜਾ ਸਕਦਾ ਹੈ। ਮੱਧਕਾਲ ਦੇ ਕਿੱਸਾ-ਕਾਵਿ ਵਿੱਚੋਂ ਵੀ ਕਿੱਸਾਕਾਰਾਂ ਦੀ ਤੁਲਨਾਤਮਿਕ ਰਚਨਾ-ਦ੍ਰਿਸ਼ਟੀ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਕਿੱਸਾਕਾਰਾਂ ਵੱਲੋਂ ਇੱਕ-ਦੂਜੇ 'ਤੇ ਰਚਨਾਤਮਿਕ ਦ੍ਰਿਸ਼ਟੀ ਤੋਂ ਕੀਤੀਆਂ ਟਿੱਪਣੀਆਂ ਨੂੰ ਇਸ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ। ਸ਼੍ਰੀ ਗੁਰੂ ਗ੍ਰੰਥ ਸਹਿਬ ਦੀ ਸੰਪਾਦਨ ਕਲਾ ਨੂੰ ਵਾਚਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਤ ਦੇ ਖੇਤਰ ਵਿੱਚ ਤੁਲਨਾਤਮਿਕ ਵਿਧੀ ਮੱਧਕਾਲ ਵਿੱਚ ਹੀ ਆਪਣੀ ਹੋਂਦ ਗ੍ਰਹਿਣ ਕਰ ਚੁੱਕੀ ਸੀ। ਇਹੋ ਵਜ੍ਹਾ ਹੈ ਕਿ ਡਾ. ਹਰਿਭਜਨ ਸਿੰਘ ਬਿਨਾ ਵਿਵਾਦ 'ਆਦਿ ਗ੍ਰੰਥ' ਨੂੰ 'ਪ੍ਰਥਮ ਭਾਰਤੀ ਤੁਲਨਾਤਮਿਕ ਬਾਣੀ-ਸੰਗ੍ਰਹਿ' ਮੰਨਣ ਦੀ ਵਕਾਲਤ ਕਰਦਾ ਹੈ। ਇਸ ਦੇ ਬਾਵਜੂਦ ਸਾਹਿਤ-ਅਧਿਐਨ ਦੇ ਹੋਰ ਅਨੁਸ਼ਾਸਨਾਂ ਵਾਂਗ ਭਾਰਤੀ ਸਾਹਿਤ-ਚਿੰਤਨ ਦੇ ਖੇਤਰ ਵਿੱਚ ਤੁਲਨਾਤਮਿਕ ਅਧਿਐਨ ਵੀ ਪੱਛਮੀ ਸਾਹਿਤ-ਚਿੰਤਨ ਰਾਹੀਂ ਹੀ ਪ੍ਰਵੇਸ਼ ਕਰਦਾ ਹੈ। ਸਤਿੰਦਰ ਸਿੰਘ ਆਪਣੇ ਦੁਆਰਾ ਸੰਪਾਦਿਤ ਪੁਸਤਕ *ਤੁਲਨਾਤਮਿਕ ਭਾਰਤੀ ਸਾਹਿਤ* ਵਿੱਚ ਲਿਖਦੇ ਹਨ:

> ਸਾਹਿਤ ਅਧਿਐਨ ਵਿੱਚ ਤੁਲਨਾਤਮਿਕ ਕਾਰਜ ਦੇ ਅੰਤਰਗਤ ਇੱਕ ਲੇਖਕ ਦੀ ਦੂਜੇ ਲੇਖਕ ਨਾਲ਼ ਤੁਲਨਾ, ਇੱਕ ਸਾਹਿਤ ਦੀ ਦੂਜੇ ਸਾਹਿਤ ਨਾਲ਼ ਤੁਲਨਾ, ਇੱਕ ਯੁੱਗ ਦੇ ਸਾਹਿਤ ਦੀ ਦੂਜੇ ਯੁੱਗ ਦੇ ਸਾਹਿਤ ਨਾਲ਼ ਤੁਲਨਾ, ਇੱਕ ਸਾਹਿਤਿਕ ਰੂਪਾਕਾਰ ਦੀ ਦੂਜੇ ਸਾਹਿਤਿਕ ਰੂਪਾਕਾਰ ਨਾਲ਼ ਤੁਲਨਾ, ਸਾਹਿਤ ਦੀ, ਹੋਰਨਾਂ ਕਲਾਵਾਂ ਜਾਂ ਦਰਸ਼ਨ, ਮਨੋਵਿਗਿਆਨ, ਇਤਿਹਾਸ ਆਦਿ ਨਾਲ਼ ਤੁਲਨਾ, ਇੱਕ ਪ੍ਰਵਿਰਤੀ ਦੀ ਦੂਜੀ ਪ੍ਰਵਿਰਤੀ ਨਾਲ਼ ਤੁਲਨਾ ਆਦਿ ਪੱਖਾਂ ਦੀ ਚੋਖੀ ਲੰਬੀ ਪਰੰਪਰਾ ਹੈ। (11)

ਇਸ ਪਰੰਪਰਾ ਦੇ ਇਤਿਹਾਸਕ ਅਮਲ ਵਿੱਚੋਂ ਹੀ ਇੱਕ ਸੁਤੰਤਰ ਅਨੁਸ਼ਾਸਨ ਵਜੋਂ ਇਹ ਵਰਤਾਰਾ ਸਮਕਾਲੀ ਦੌਰ ਵਿੱਚ ਸਥਾਪਿਤ ਹੁੰਦਾ ਹੈ ਤੇ ਜੀਵਨ ਦੇ ਵਿਭਿੰਨ ਅਨੁਸ਼ਾਸਨਾਂ ਦਾ ਤੁਲਨਾਤਮਿਕ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। 'ਤੁਲਨਾਤਮਿਕ ਅਧਿਐਨ' ਦ੍ਰਿਸ਼ਟੀ ਦੇ ਅੰਤਰਗਤ ਕੀਤਾ ਸਾਹਿਤ ਦਾ ਅਧਿਐਨ ਨਾ ਕੇਵਲ ਵਧੇਰੇ ਕਾਰਗਰ ਸਿੱਟੇ ਪ੍ਰਦਾਨ ਕਰਨ ਦੇ ਸਮਰੱਥ ਹੁੰਦਾ ਹੈ ਸਗੋਂ ਸਾਹਿਤ-ਚਿੰਤਨ ਦੇ ਘੇਰੇ ਨੂੰ ਹੋਰ ਵਸੀਹ ਕਰਨ ਲਈ ਸਹਾਇਕ ਸਿੱਧ ਵੀ ਹੁੰਦਾ ਹੈ। ਸਧਾਰਨ ਦ੍ਰਿਸ਼ਟੀ ਤੋਂ ਵੇਖਿਆਂ ਬਹੁਤੀ ਵਾਰ ਦੂਰੋਂ ਇੱਕੋ-ਜਿਹੀਆਂ ਦੋ ਵਸਤਾਂ ਜਾਂ ਵਿਅਕਤੀਆਂ ਵਿੱਚ ਕੋਈ ਸਪੱਸ਼ਟ ਅੰਤਰ ਨਜ਼ਰ ਨਹੀਂ ਆਉਂਦਾ ਪ੍ਰੰਤੂ ਜੇਕਰ ਵਧੇਰੇ ਸੂਖਮ ਤੇ ਮਾਨਵੀ ਦ੍ਰਿਸ਼ਟੀ ਤੋਂ ਇਹਨਾਂ ਨੂੰ ਵੇਖਿਆ ਜਾਵੇ ਤਾਂ ਇਹਨਾਂ ਵਿਚਲੀਆਂ ਸਮਾਨਤਾਵਾਂ ਤੇ ਵਿਭਿੰਨਤਾਵਾਂ ਸਪੱਸ਼ਟ ਹੋ ਜਾਂਦੀਆਂ ਹਨ। ਇਹਨਾਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦੇ ਆਧਾਰ 'ਤੇ ਉੱਸਰੇ ਅੰਤਰ-ਸੰਬੰਧਿਤ ਵਰਤਾਰਿਆਂ/ਲੇਖਕਾਂ/ਰਚਨਾਵਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਜਾਂਦਾ ਹੈ।

ਤੁਲਨਾਤਮਿਕ ਅਧਿਐਨ ਉਹ ਅਧਿਐਨ ਹੁੰਦਾ ਹੈ ਜੋ ਵਿਸ਼ਿਆਂ ਜਾਂ ਵਿਚਾਰਾਂ ਦੀ ਜਾਂਚ ਕਰਨ, ਤੁਲਨਾ ਕਰਨ ਅਤੇ ਇਸ ਦੇ ਉਲਟ ਕਰਨ ਦੀ ਯੋਗਤਾ ਨੂੰ ਪ੍ਰਦਰਸ਼ਿਤ ਕਰਦੇ ਹਨ। ਤੁਲਨਾਤਮਿਕ ਅਧਿਐਨ ਦਰਸਾਉਂਦਾ ਹੈ ਕਿ ਕਿਵੇਂ ਦੋ ਵਿਸ਼ੇ ਇੱਕੋ ਜਿਹੇ ਹਨ ਜਾਂ ਇਹ ਦਰਸਾਉਂਦਾ ਹੈ ਕਿ ਦੋ ਵਿਸ਼ੇ ਕਿਵੇਂ ਵੱਖਰੇ ਹਨ। ਜਦੋਂ ਤੁਲਨਾਤਮਿਕ ਅਧਿਐਨ ਸ਼ੁਰੂ ਹੋਇਆ ਤਾਂ ਬਹਿਸ ਦਾ ਵਿਸ਼ਾ ਬਣ ਗਿਆ। ਅੱਜ ਦੇ ਆਧੁਨਿਕ ਯੁੱਗ ਵਿੱਚ ਸਾਡੇ ਕੋਲ਼ ਤੁਲਨਾਤਮਿਕ ਅਧਿਐਨ ਹੀ ਅਜਿਹੀ ਵਿਧੀ ਹੈ, ਜਿਸ ਦੀ ਸਹਾਇਤਾ ਨਾਲ਼ ਅਸੀਂ ਆਪਣੇ ਸਾਹਿਤ ਅਤੇ ਦੂਜਿਆਂ ਦੇ ਸਾਹਿਤ ਵਿਚਕਾਰ ਸਮਾਨਤਾਵਾਂ ਅਤੇ ਭਿੰਨਤਾਵਾਂ ਨੂੰ ਵੇਖ ਸਕਦੇ ਹਾਂ। ਅੱਜ ਦੇ ਸਮੇਂ ਵਿੱਚ ਸਾਰਾ ਸੰਸਾਰ ਸੁੰਗੜ ਕੇ ਇੱਕ ਪਿੰਡ ਬਣ ਗਿਆ ਹੈ। ਇਸ ਸਮੇਂ ਸਮੁੱਚੀ ਲੋਕਾਈ ਹੀ ਦੁਨੀਆਂ ਦੇ ਹਰ ਕੋਨੇ ਵਿੱਚ ਵਾਪਰੀ ਹਰ ਘਟਨਾ ਨਾਲ਼ ਜਾਣੂ ਹੋ ਕੇ ਜਿਉਣਾ ਲੋਚਦੀ ਹੈ। ਅਜਿਹੀ ਲੋਚਾ ਹੀ ਤੁਲਨਾ ਦਾ ਆਧਾਰ ਸਾਬਿਤ ਹੁੰਦੀ ਹੈ।

**ਪਰਿਭਾਸ਼ਾਵਾਂ:-** ਤੁਲਨਾਤਮਿਕ ਅਧਿਐਨ ਲਈ ਲੋੜੀਂਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਜੁਟਾਉਣ ਲਈ ਸਾਹਿਤ ਦੀ ਤੁਲਨਾਤਮਿਕ ਅਧਿਐਨ ਵਿਧੀ ਨੂੰ ਸਿਧਾਂਤਕ ਤੇ ਵਿਹਾਰਿਕ ਤੌਰ 'ਤੇ ਸਮਝਣਾ ਬਣਦਾ ਹੈ। ਤੁਲਨਾਤਮਿਕ ਸਾਹਿਤ ਬਾਰੇ ਹੋਰ ਗਿਆਨ ਹਾਸਿਲ ਕਰਨ ਤੋਂ ਪਹਿਲਾਂ ਅਸੀਂ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਬਾਰੇ ਚਰਚਾ ਕਰਾਂਗੇ। ਭਾਸ਼ਾ ਵਿਭਾਗ ਦੇ *ਪੰਜਾਬੀ ਕੋਸ਼* ਅਨੁਸਾਰ, "ਤੁਲਨਾਤਮਿਕ ਸਾਹਿਤ ਸ਼ਬਦ ਅੰਗਰੇਜੀ ਦੇ ਸ਼ਬਦ Comparative Literature ਦਾ ਪੰਜਾਬੀ ਅਨੁਵਾਦ ਹੈ। ਇਹ ਦੋ ਸ਼ਬਦਾਂ ਦਾ ਸਮੂਹ ਹੈ। ਇੱਕ ਹੈ 'ਤੁਲਨਾਤਮਿਕ' ਤੇ ਦੂਜਾ ਹੈ 'ਅਧਿਐਨ'। 'ਤੁਲਨਾ' ਦਾ ਮੂਲ ਧਾਤੂ-'ਤੁਲ' ਜਾਂ 'ਤੋਲਨਾ' ਹੈ। 'ਤੁਲ' ਦਾ ਅਰਥ ਹੈ- ਤੋਲ ਸਾਵਾਂ ਕਰਨਾ। ਤੁਲਨਾ ਦਾ ਅਰਥ ਹੈ- ਬਰਾਬਰੀ ਕਰਨਾ, ਸਮਾਨਤਾ ਜਾਂ ਟਾਕਰਾ ਕਰਨਾ।" (298)

ਕੁਲਦੀਪ ਸਿੰਘ ਧੀਰ ਦੀ ਪੁਸਤਕ *ਤੁਲਨਾਤਮਕ ਸਾਹਿਤ-ਸ਼ਾਸਤਰ* ਅਨੁਸਾਰ, "ਤੁਲਨਾਤਮਿਕ ਸਾਹਿਤ ਬਾਰੇ ਮੁੱਢਲੀ ਗੱਲ ਤਾਂ ਹਰ ਹਾਲਤ ਵਿੱਚ ਤੁਲਨਾ ਹੀ ਹੈ ਜੋ ਇਸ ਦੀ ਵਿਧੀ ਵੀ ਹੈ ਅਤੇ ਸੰਦ ਵੀ। ਇਹ ਤੁਲਨਾ ਦੋ ਪ੍ਰਕਾਰ ਦੀ ਹੋ ਸਕਦੀ ਹੈ, ਪਹਿਲੀ ਭਾਸ਼ਾਈ ਸੀਮਾਵਾਂ ਦੇ ਆਰ-ਪਾਰ, ਦੂਜੀ ਰਾਸ਼ਟਰੀ ਸੀਮਾਵਾਂ ਦੇ ਆਰ-ਪਾਰ।" (6)

ਡਾ. ਹਰਚੰਦ ਸਿੰਘ ਬੇਦੀ ਆਪਣੀ ਪੁਸਤਕ *ਸਮੀਖਿਆ ਸਭਿਆਚਾਰ* ਵਿੱਚ ਲਿਖਦੇ ਹਨ, "ਤੁਲਨਾਤਮਿਕ ਸ਼ਬਦ ਨਾਲ਼ ਤੁਲਨਾ ਦੀ ਪ੍ਰਕਿਰਿਆ ਜੁੜੀ ਹੋਈ ਹੈ। ਤੁਲਨਾ ਵਿੱਚ ਵਸਤੂਆਂ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਜਿਸ ਨਾਲ਼ ਸਮਾਨਤਾ ਜਾਂ ਅਸਮਾਨਤਾ ਦਾ ਪਤਾ ਲੱਗ ਸਕੇ।" (09-10)

ਇਸ ਪ੍ਰਕਾਰ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਤੁਲਨਾਤਮਿਕ ਅਧਿਐਨ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਤੁਲਨਾਤਮਿਕ ਅਧਿਐਨ ਦੇ ਅਰਥ ਹਨ- ਤੁਲਨਾ ਨੂੰ ਆਧਾਰ ਬਣਾ ਕੇ ਸਾਹਿਤਿਕ ਰਚਨਾਵਾਂ ਜਾਂ ਹੋਰ ਸਾਹਿਤ ਬਾਹਰੀ ਵਸਤੂਆਂ/ਵਰਤਾਰਿਆਂ ਨੂੰ ਘੋਖਣਾ, ਪਰਖਣਾ, ਵਿਚਾਰਨਾ ਆਦਿ। ਅੰਗਰੇਜ਼ੀ ਭਾਸ਼ਾ ਵਿੱਚ 'ਤੁਲਨਾਤਮਿਕ ਅਧਿਐਨ' ਦਾ ਸ਼ਬਦੀ ਰੂਪਾਂਤਰ 'ਕਮਪੈਰੇਟਿਵ ਸਟੱਡੀ' (Comparative Study) ਕੀਤਾ ਗਿਆ ਹੈ। ਕਮਪੈਰੇਟਿਵ 'Comparative' ਸ਼ਬਦ ਦੇ ਅਰਥ ਹਨ- ਤੁਲਨਾਤਮਿਕ, ਤੁਲਨਾਵਾਚੀ, ਮੁਕਾਬਲੇ ਦਾ, ਟਾਕਰਵਾਂ। ਇਸੇ ਤਰ੍ਹਾਂ 'ਸਟੱਡੀ' 'Study' ਦੇ ਅਰਥ ਹਨ- ਪੜ੍ਹਾਈ, ਪਾਠ, ਅਭਿਆਸ, ਘੋਖ (ਕਿਸੇ ਖ਼ਾਸ ਕਲਾ ਜਾਂ ਵਿੱਦਿਆ ਦਾ), ਅਧਿਐਨ ਵਿਸ਼ਾ, ਚਿੰਤਨ ਜਾਂ ਸਾਧਨਾਂ ਦੁਆਰਾ ਪ੍ਰਾਪਤ ਵਸਤੂ ਆਦਿ। ਇਉਂ ਤੁਲਨਾਤਮਿਕ ਅਧਿਐਨ (Comparative Study) ਦੇ ਅਧੀਨ ਤੁਲਨਾਯੋਗ ਸਾਹਿਤਿਕ ਰਚਨਾਵਾਂ, ਵਸਤੂਆਂ ਜਾਂ ਕਿਸੇ ਹੋਰ ਸਮਾਜ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਕੇ ਸਮਾਨਤਾਵਾਂ ਤੇ ਵੱਖਰਤਾਵਾਂ ਦਾ ਨਿਖੇੜਾ ਕਰਦਿਆਂ ਅੰਤਰ-ਸੰਵਾਦ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਜਾਂਦੀ ਸਗੋਂ ਸਮਾਨਤਾਵਾਂ ਤੇ ਵੱਖਰਤਾਵਾਂ ਨੂੰ ਨਿਰਧਾਰਿਤ ਕਰਨ ਵਾਲ਼ੀਆਂ ਸਥਿਤੀਆਂ/ਪਰਸਥਿਤੀਆਂ ਦੀ ਪਛਾਣ ਵੀ ਕੀਤੀ ਜਾਂਦੀ ਹੈ। 'ਤੁਲਨਾਤਮਿਕ ਅਧਿਐਨ' ਨੂੰ ਸਾਹਿਤ ਦੀ ਇੱਕ ਵਿਧੀ ਵਜੋਂ ਵੀ ਸਵੀਕਾਰਿਆ ਜਾਂਦਾ ਹੈ। ਇਸ ਵਿਧੀ ਅਧੀਨ ਵੱਖ-ਵੱਖ ਖੇਤਰਾਂ ਦੇ ਸਾਹਿਤ/ਲੇਖਕਾਂ ਦਾ ਤੁਲਨਾਤਮਿਕ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਵਿਧੀ ਦਾ ਸੰਬੰਧ ਵਿਭਿੰਨ ਸਾਹਿਤ-ਰੂਪਾਂ ਦੇ ਇਤਿਹਾਸਮੂਲਕ, ਸੁਹਜਮੂਲਕ ਤੇ ਸਮਾਜ-ਸ਼ਾਸਤਰੀ ਪਾਸਾਰਾਂ ਨਾਲ਼ ਹੁੰਦਾ ਹੈ। 'ਵਿਧੀ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Method' ਦਾ ਪੰਜਾਬੀ ਰੂਪ ਹੈ। ਪ੍ਰੋ. ਅਮੀਆ ਦੇਵ ਅਨੁਸਾਰ 'Methos' ਸ਼ਬਦ ਗਰੀਕ ਭਾਸ਼ਾ ਦੇ 'Methodos' ਤੋਂ ਬਣਿਆ ਹੈ ਜੋ ਅੱਗੋਂ 'Meta+hodos' ਤੋਂ ਬਣਿਆ ਹੈ। 'Meta' ਤੋਂ ਭਾਵ 'After' ਅਰਥਾਤ ਬਾਅਦ ਅਤੇ 'hodos' ਤੋਂ ਭਾਵ 'Way' ਅਰਥਾਤ ਰਸਤਾ ਹੈ। ਇਸ ਲਈ ਵਿਧੀ (Method) ਤੋਂ ਭਾਵ ਅਜਿਹੇ ਰਸਤੇ ਤੋਂ ਹੈ ਜਿਸ 'ਤੇ ਚੱਲ ਕੇ ਕੁਝ ਖੋਜਿਆ ਜਾਵੇ। 'Method' ਦੇ ਅਰਥ ਤਰੀਕਾ, ਢੰਗ, ਵਿਧੀ, ਜਾਂਚ, ਵਿਉਂਤ, ਪ੍ਰਣਾਲੀ, ਕ੍ਰਮ, ਤਰਤੀਬ, ਵਿਚਾਰਾਂ ਵਿੱਚ ਤਰਤੀਬ ਤੇ ਤਾਲਮੇਲ, ਵਿਚਾਰਕ੍ਰਮ, ਸੁਚੱਜਾ ਢੰਗ, ਢੁਕਵੀਂ ਤਰਤੀਬ, ਵਿਵਸਥਾ ਆਦਿ ਵੀ ਕੀਤੇ ਜਾਂਦੇ ਹਨ।

ਇਸ ਤਰ੍ਹਾਂ ਇਹ ਵਿਧੀ (Method) ਇੱਕ ਅਜਿਹੀ ਵਿਉਂਤਬੱਧ ਪ੍ਰਣਾਲੀ ਹੈ ਜਿਸ ਦੇ ਆਧਾਰ 'ਤੇ ਤੁਲਨਾਤਮਿਕ ਅਧਿਐਨ ਦਾ ਪੂਰਾ ਦਾਰੋਮਦਾਰ ਟਿਕਿਆ ਹੋਇਆ ਹੈ। ਸੋ ਤੁਲਨਾ ਦਾ ਮੁੱਖ ਮੰਤਵ ਤਾਂ ਸੀਮਿਤ ਗਿਆਨ ਨੂੰ ਖਿੱਤੇ ਦੀ ਕੈਦ ਤੋਂ ਮੁਕਤ ਕਰਕੇ ਵਿਸਥਾਰ ਦੇਣਾ ਹੈ।

**ਤੁਲਨਾਤਮਿਕ ਸਾਹਿਤ ਦਾ ਇਤਿਹਾਸਕ ਪਿਛੋਕੜ:**

ਤੁਲਨਾਤਮਿਕ ਸ਼ਬਦ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ। ਤੁਲਨਾ ਕਰਦੇ ਸਮੇਂ ਵਸਤਾਂ ਨੂੰ ਇਸ ਪ੍ਰਕਾਰ ਪੇਸ਼ ਕੀਤਾ ਜਾਂਦਾ ਹੈ ਕਿ ਉਹਨਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ। ਤੁਲਨਾ ਹਮੇਸ਼ਾ ਹੀ ਦ੍ਰਿਸ਼ਟੀਆਂ ਦੀਆਂ ਵਿਭਿੰਨਤਾਵਾਂ ਅਤੇ ਸਮਾਨਤਾਵਾਂ ਨੂੰ ਸਵੀਕਾਰ ਕਰਕੇ ਤੁਰਦੀ ਹੈ। ਤੁਲਨਾਤਮਿਕ ਅਧਿਐਨ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੋ ਜਾਂ ਦੋ ਤੋਂ ਵੱਧ ਰਚਨਾਵਾਂ, ਵਿਅਕਤੀਆਂ ਜਾਂ ਵਸਤੂਆਂ ਨੂੰ ਇੱਕ-ਦੂਜੇ ਦੇ ਬਰਾਬਰ ਰੱਖਦਿਆਂ ਉਹਨਾਂ ਦੇ ਵਿਚਕਾਰ ਪਰਖ ਜਾਂ ਪੜਚੋਲ ਕਰਨੀ। ਤੁਲਨਾਤਮਿਕ ਸਾਹਿਤ ਦੀ ਗੱਲ ਭਾਵੇਂ ਯੂਰਪੀ ਪੁਨਰ-ਜਾਗ੍ਰਿਤੀ ਕਾਲ ਤੋਂ ਪਹਿਲਾਂ ਵੀ ਸੀ, ਪ੍ਰੰਤੂ ਯੂਰਪੀ ਪੁਨਰ-ਜਾਗ੍ਰਿਤੀ ਨਾਲ਼ ਵਧੇਰੇ ਪ੍ਰਫੁੱਲਿਤ ਹੋਈ। ਇਸ ਕਰਕੇ ਅੰਗਰੇਜੀ ਵਿੱਚ ਤੁਲਨਾਤਮਿਕ ਸ਼ਬਦ ਦੀ ਵਰਤੋਂ ਲਗਭਗ 1598 ਤੋਂ ਹੋ ਰਹੀ ਹੈ। ਇਸ ਸਮੇਂ ਦੌਰਾਨ ਸਾਹਿਤਿਕ ਖੇਤਰ ਵਿੱਚ ਫਰਾਂਸਿਸ ਮੇਅਰਜ਼ (Francis Meres) ਦੀ ਕਿਤਾਬ 'ਏ ਕੰਪੈਰੇਟਿਵ ਡਿਸਕੋਰਸ ਆਫ਼ ਆਵਰ ਇੰਗਲਿਸ਼ ਪੋਇਟਿਸ ਵਿਦ ਦੀ ਗਰੀਕ, ਲੈਟਿਨ ਐਂਡ ਇਟਾਲੀਅਨ ਪੋਇਟਿਸ' (A Comparative Discourse of our English Poets with the Greek, Latin and Italian Poets) ਪ੍ਰਕਾਸ਼ਿਤ ਹੋਈ। ਇਸ ਤੋਂ ਬਾਅਦ ਵਿਲੀਅਮ ਫੁਲਬੈਕ (William Fulbecke) ਦੀ ਪੁਸਤਕ 'ਏ ਕੰਪੈਰੇਟਿਵ ਡਿਸਕੋਰਸ ਆਫ਼ ਦੀ ਲਾਅਜ਼' (A Comparative Discourse of The Laws) 1602 ਵਿੱਚ ਪ੍ਰਕਾਸ਼ਿਤ ਹੋਈ। 1765 ਵਿੱਚ ਜਾਨ ਗਰੇਗਰੀ (John Gregary) ਦੀ ਪੁਸਤਕ 'ਏ ਕੰਪੈਰੇਟਿਵ ਅਨਾਟਮੀ ਆਫ਼ ਬਰੂਟ ਐਨੀਮਲਜ਼ (A Comparative Anatomy of Brute Animals) ਛਪੀ। ਫਰਾਂਸ ਵਿੱਚ 1829 ਵਿੱਚ 'ਲਿਟਰੇਚਰ ਕੰਪੈਰੀ' ਸੰਕੇਤ ਦੀ ਸੁਤੰਤਰ ਵਰਤੋਂ ਕੀਤੀ ਗਈ।

ਅੰਗਰੇਜੀ ਦੇ ਕਵੀ ਮੈਥਿਊ ਐਰਨਾਲਡ ਨੇ ਪਹਿਲੀ ਵਾਰ ਆਪਣੇ ਮਿੱਤਰ ਨੂੰ ਪੱਤਰ ਵਿੱਚ 1848 ਵਿੱਚ 'ਕੰਪੈਰੇਟਿਵ ਲਿਟਰੇਚਰ' (Comparative Literature) ਪਦ ਦੀ ਵਰਤੋਂ ਕੀਤੀ। ਇਸ ਪਦ ਦੀ ਵਰਤੋਂ ਕਰਦਾ ਹੋਇਆ ਉਹ ਕਹਿੰਦਾ ਹੈ ਕਿ ਪਿਛਲੇ ਪੰਜਾਹ ਸਾਲਾਂ ਦੇ ਤੁਲਨਾਤਮਿਕ ਸਾਹਿਤ ਵੱਲ ਧਿਆਨ ਦੇਣ ਨਾਲ਼ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਯੂਰਪ ਦੇ ਮੁਕਾਬਲੇ ਵਿੱਚ ਇੰਗਲੈਂਡ ਕਾਫ਼ੀ ਪਛੜਿਆ ਹੋਇਆ ਹੈ। ਇਸ ਪ੍ਰਕਾਰ ਤੁਲਨਾਤਮਿਕ ਅਧਿਐਨ ਪਦ, ਸਾਹਿਤ ਦੇ ਤੁਲਨਾਤਮਿਕ ਅਧਿਐਨ ਦਾ ਸੰਖਿਪਤ ਰੂਪ ਮਾਤਰ ਹੈ ਅਤੇ ਇਸ ਨੂੰ ਇਹਨਾਂ ਅਰਥਾਂ ਵਿੱਚ ਗ੍ਰਹਿਣ ਕਰਨਾ ਉੱਚਿਤ ਹੈ।

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਤੁਲਨਾਤਮਿਕ ਅਧਿਐਨ ਦੀ ਥਾਂ ਮੈਥਿਊ ਐਰਨਾਲਡ ਨੇ ਤੁਲਨਾਤਮਿਕ ਸਾਹਿਤ ਦੀ ਵਰਤੋਂ ਕੀਤੀ ਹੈ। ਮੈਥਿਊ ਐਰਨਾਲਡ ਤੋਂ ਬਾਅਦ ਕੰਪੈਰੇਟਿਵ ਲਿਟਰੇਚਰ ਦੇ ਮਹੱਤਵ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਣ ਲੱਗਾ। ਇਸੇ ਤਰ੍ਹਾਂ 1856 ਈ: ਵਿੱਚ ਪ੍ਰਕਾਸ਼ਿਤ ਕਾਡਵੈੱਲ ਦੀ ਪੁਸਤਕ "ਦ੍ਰਾਵਿੜ ਭਾਸ਼ਾਵਾਂ ਦਾ ਤੁਲਨਾਤਮਿਕ ਵਿਆਕਰਨ" (Comparative Grammar of the Dravidian Languages) ਦੁਆਰਾ ਤਾਮਿਲ, ਤੇਲਗੂ, ਕੰਨੜ ਅਤੇ ਮਲਿਆਲਮ ਵਿੱਚ ਸਮਾਨਤਾ ਪੇਸ਼ ਕੀਤੀ ਗਈ ਹੈ।

ਨਿਊਜ਼ੀਲੈਂਡ ਦੇ ਅੰਗਰੇਜੀ ਕਵੀ ਐੱਚ. ਐੱਮ. ਪਾਜਨੈਟ ਨੇ 1886 ਈਸਵੀ ਵਿੱਚ ਆਪਣੀ ਪੁਸਤਕ ਦਾ ਨਾਂ "ਕੰਪੈਰੇਟਿਵ ਲਿਟਰੇਚਰ" (Comparative Literature) ਰੱਖ ਕੇ ਇਸ ਅਨੁਸ਼ਾਸਨ ਨੂੰ ਪੱਕੇ ਪੈਰੀਂ ਖੜ੍ਹੇ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਮਗਰੋਂ 1901 ਵਿੱਚ ਉਸਨੇ "ਸਾਇੰਸ ਆਫ਼ ਕੰਪੈਰੇਟਿਵ ਲਿਟਰੇਚਰ" (Science Of Comparative Literature) ਨਾਮੀ ਇੱਕ ਨਿਬੰਧ ਲਿਖਿਆ ਜੋ "ਕੰਟੈਂਪਰੇਰੀ ਰਿਵਿਊ" (Contemporary Riview) ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ।

ਇਸ ਪ੍ਰਕਾਰ ਵੀਹਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਤੱਕ ਤੁਲਨਾਤਮਿਕ ਸਾਹਿਤ ਸ਼ਬਦ ਦਾ ਪ੍ਰਯੋਗ ਕੀਤਾ ਜਾਣ ਲੱਗ ਪਿਆ ਸੀ, ਸਗੋਂ ਤੁਲਨਾਤਮਿਕ ਸਾਹਿਤ ਨਾਮੀ ਇੱਕ ਸੁਤੰਤਰ ਅਨੁਸ਼ਾਸਨ ਦੇ ਰੂਪ ਵਿੱਚ ਇਸ ਦੀ ਵਰਤੋਂ ਕੀਤੀ ਜਾਣ ਲੱਗ ਪਈ। ਵੀਹਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿੱਚ ਭਾਰਤੀ ਵਿਦਵਾਨਾਂ ਦਾ ਰੁਖ ਤੁਲਨਾ ਲਈ ਭਾਰਤੀ ਭਾਸ਼ਾਵਾਂ ਦੇ ਸਥਾਨ 'ਤੇ ਅੰਗਰੇਜੀ ਸਾਹਿਤ ਵੱਲ ਜ਼ਿਆਦਾ ਕੇਂਦਰਿਤ ਰਿਹਾ। ਪੰਜਾਬੀ ਵਿੱਚ ਤੁਲਨਾਤਮਿਕ ਸਾਹਿਤ ਦੀ ਗੱਲ ਆਦਿ ਗ੍ਰੰਥ ਤੋਂ ਆਰੰਭ ਕੀਤੀ ਜਾ ਸਕਦੀ ਹੈ। ਆਦਿ ਗ੍ਰੰਥ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਬਾਣੀ ਸੰਕਲਿਤ ਕੀਤੀ ਤਾਂ ਉਸ ਵੇਲ਼ੇ ਦੀ ਹਰ ਰਚਨਾ ਨੂੰ ਚੰਗੀ ਤਰ੍ਹਾਂ ਪਰਖਿਆ ਤੇ ਵਿਚਾਰਿਆ ਹੋਵੇਗਾ। ਇਹ ਤੁਲਨਾ ਦਾ ਪਹਿਲਾ ਪੜਾਅ ਹੋ ਸਕਦਾ ਹੈ। ਭਾਰਤ ਵਿੱਚ ਸਭ ਤੋਂ ਪਹਿਲਾਂ ਯਾਦਵਪੁਰ ਯੂਨੀਵਰਸਿਟੀ ਵੱਲੋਂ 1906 ਵਿੱਚ ਰਾਸ਼ਟਰੀ ਪਰਿਸ਼ਦ ਨੇ ਰਬਿੰਦਰ ਨਾਥ ਟੈਗੋਰ ਨੂੰ ਤੁਲਨਾਤਮਿਕ ਸਾਹਿਤ ਉੱਤੇ ਭਾਸ਼ਣ ਦੇਣ ਲਈ ਸੱਦਾ ਭੇਜਿਆ ਸੀ।

1970 ਵਿੱਚ 'ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼' ਨੇ ਇੱਕ ਸੈਮੀਨਾਰ ਵਿੱਚ ਸਿਫ਼ਾਰਿਸ਼ ਕੀਤੀ ਸੀ ਕਿ ਸਾਨੂੰ ਭਾਰਤੀ ਸਾਹਿਤ ਦੀ ਸਾਂਝ ਦੀ ਵਾਸਤਵਿਕਤਾ ਨੂੰ ਸਵੀਕਾਰਨਾ ਚਾਹੀਦਾ ਹੈ। ਇਸ ਤਰ੍ਹਾਂ 1977 ਈ: ਵਿੱਚ ਤੁਲਨਾਤਮਿਕ ਸਾਹਿਤ ਸੰਬੰਧੀ ਯੂ. ਜੀ. ਸੀ. ਦੀ ਮਦਦ ਨਾਲ਼ ਪਹਿਲਾ ਸੈਮੀਨਾਰ ਹੋਇਆ।

ਪੰਜਾਬੀ ਵਿੱਚ ਸੰਤੋਸ਼ ਗਾਰਗੀ ਦਾ 'ਪੰਜਾਬੀ ਅਤੇ ਹਿੰਦੀ ਨਾਟਕ ਦਾ ਤੁਲਨਾਤਮਿਕ ਅਧਿਐਨ' ਇਸ ਪੱਖੋਂ ਪਹਿਲਾ ਯਤਨ ਸੀ ਜੋ ਦਿੱਲੀ ਯੂਨੀਵਰਸਿਟੀ ਨੇ ਨੇਪਰੇ ਚਾੜ੍ਹਿਆ। ਬਾਅਦ ਵਿੱਚ ਡਾ. ਗੁਰਚਰਨ ਸਿੰਘ ਨੇ 'ਪ੍ਰੋ. ਪੂਰਨ ਸਿੰਘ ਅਤੇ ਵਾਲਟ ਵਿਟਮੈਨ ਦੀਆਂ ਕਵਿਤਾਵਾਂ ਦਾ ਤੁਲਨਾਤਮਿਕ ਅਧਿਐਨ' ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਡਾ. ਮਹਿੰਦਰ ਧੀਂਗੜਾ ਦਾ 'ਪੰਜਾਬੀ ਤੇ ਹਿੰਦੀ ਕਹਾਣੀ ਦਾ ਤੁਲਨਾਤਮਿਕ ਅਧਿਐਨ' ਜੋ ਕਿ ਮੇਰਠ ਯੂਨੀਵਰਸਿਟੀ ਵਿੱਚ ਕੀਤਾ ਗਿਆ

ਇੱਕ ਹੋਰ ਸਫਲ ਯਤਨ ਹੈ ਜੋ ਸੰਤ ਸਿੰਘ ਸੇਖੋਂ, ਗਾਰਗੀ ਅਤੇ ਦਲੀਪ ਕੌਰ ਟਿਵਾਣਾ ਵਾਂਗ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੈ। ਇੱਥੇ ਇਹ ਦੱਸਣਾ ਵੀ ਉੱਚਿਤ ਹੈ ਕਿ ਪ੍ਰੋ. ਪੂਰਨ ਸਿੰਘ ਨੇ ਆਪ ਵਾਲਟ ਵਿਟਮੈਨ ਬਾਰੇ ਨਿਬੰਧ ਲਿਖ ਕੇ ਇਸ ਪਾਸੇ ਤੁਲਨਾਤਮਿਕ ਅਧਿਐਨ ਦੀ ਸ਼ੁਰੂਆਤ ਕਰ ਦਿੱਤੀ ਸੀ। ਪ੍ਰੋ. ਪੂਰਨ ਸਿੰਘ ਦੀ 'ਸਪਿਰਿਟ ਆਫ਼ ਓਰੀਐਂਟਲ ਪੋਇਟ' (Spirit Of Oriental Poet) ਵਿਚਲੇ ਨਿਬੰਧ ਤੁਲਨਾਤਮਿਕ ਸਾਹਿਤ ਦੇ ਖੇਤਰ ਵਿੱਚ ਪੰਜਾਬੀ ਵਿੱਚ ਮੁੱਢਲਾ ਯਤਨ ਮੰਨੇ ਜਾ ਸਕਦੇ ਹਨ। ਡਾ. ਕਰਤਾਰ ਸਿੰਘ ਸੂਰੀ ਨੇ ਵੀ 'ਮੁਨਸ਼ੀ ਪ੍ਰੇਮ ਚੰਦ ਅਤੇ ਨਾਨਕ ਸਿੰਘ ਦੇ ਨਾਵਲਾਂ ਦਾ ਤੁਲਨਾਤਮਿਕ ਅਧਿਐਨ' ਕਰਦਿਆਂ ਹੋਇਆਂ ਇੱਕ ਲੰਬਾ ਲੇਖ ਲਿਖਿਆ ਜੋ ਬਹੁਤ ਸਾਲਾਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜ-ਪੱਤ੍ਰਿਕਾ ਵਿੱਚ 'ਨਾਨਕ ਸਿੰਘ ਵਿਸ਼ੇਸ਼ ਅੰਕ' ਵਜੋਂ ਪ੍ਰਕਾਸ਼ਿਤ ਕੀਤਾ ਗਿਆ। ਇਸੇ ਤਰ੍ਹਾਂ ਡਾ. ਸੂਰੀ ਨੇ ਪੰਜਾਬੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਵੱਲੋਂ ਯੂ. ਜੀ. ਸੀ. ਦੇ ਸਹਿਯੋਗ ਨਾਲ਼ ਆਯੋਜਿਤ 'ਸਮਕਾਲੀਨ ਹਿੰਦੀ ਨਾਟਕ ਔਰ ਰੰਗਮੰਚ' ਗੋਸ਼ਟੀ ਵਿੱਚ ਇੱਕ ਖੋਜ-ਪੱਤਰ 'ਪੰਜਾਬੀ ਔਰ ਹਿੰਦੀ ਨਾਟਕ: ਅੰਤਰ ਸੰਬੰਧ' ਪੇਸ਼ ਕੀਤਾ ਜੋ ਤਿੱਖੀ ਚਰਚਾ ਦਾ ਵਿਸ਼ਾ ਬਣਿਆ।

ਇਸ ਤੋਂ ਮਗਰੋਂ 1985 ਤੋਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਐੱਮ. ਫ਼ਿਲ. ਦੀ ਡਿਗਰੀ ਦੇ ਪੱਧਰ ਉੱਤੇ ਤੁਲਨਾਤਮਿਕ ਸਾਹਿਤ ਦਾ ਪੂਰਾ ਕੋਰਸ ਪੜ੍ਹਾਉਣ ਦੀ ਵਿਵਸਥਾ ਕੀਤੀ ਗਈ। ਇਸ ਕੋਰਸ ਵਿੱਚ ਇੱਕ ਪਾਸੇ ਤੁਲਨਾਤਮਿਕ ਸਾਹਿਤ ਸਿਧਾਂਤਾਂ ਬਾਰੇ ਜਾਣਕਾਰੀ ਸ਼ਾਮਿਲ ਕੀਤੀ ਗਈ ਅਤੇ ਨਾਲ਼ ਹੀ ਦੂਜੇ ਪਾਸੇ ਪ੍ਰੋ. ਪੂਰਨ ਸਿੰਘ, ਸੁਮਿੱਤਰਾ ਨੰਦਨ ਪੰਤ, ਵਾਲਟ ਵਿਟਮੈਨ, ਟੈਗੋਰ ਦੀਆਂ ਰਚਨਾਵਾਂ ਦਾ ਤੁਲਨਾਤਮਿਕ ਅਧਿਐਨ ਸ਼ਾਮਿਲ ਕੀਤਾ ਗਿਆ। ਸਮੇਂ ਦੇ ਬੀਤਣ ਨਾਲ਼ ਪੰਜਾਬੀ ਵਿਦਵਾਨਾਂ ਅਤੇ ਸਾਹਿਤਕਾਰਾਂ ਵਿੱਚ ਤੁਲਨਾਤਮਿਕ ਸਾਹਿਤ ਪ੍ਰਤੀ ਚੇਟਕ ਵਧਦੀ ਚਲੀ ਗਈ। ਤੁਲਨਾਤਮਿਕ ਸਾਹਿਤ ਦੇ ਪ੍ਰਸੰਗ ਵਿੱਚ ਪਰਾਅਰ ਨੇ ਪਰਿਵਾਰਿਕ ਸਮਰੂਪਤਾ ਦਾ ਨਾਮ ਦਿੱਤਾ।

ਡਾ. ਕੁਲਦੀਪ ਸਿੰਘ ਧੀਰ ਨੇ ਵੀ ਤੁਲਨਾਤਮਿਕ ਸਾਹਿਤ ਲਈ ਦੋ ਪੁਸਤਕਾਂ 'ਤੁਲਨਾਤਮਿਕ ਸਾਹਿਤ-ਸ਼ਾਸਤਰ' (1990) ਅਤੇ 'ਤੁਲਨਾਤਮਿਕ ਸਾਹਿਤ: ਸਿਧਾਂਤ ਤੇ ਵਿਵਹਾਰ' (1996) ਲਿਖ ਕੇ ਇਸ ਖੇਤਰ ਵਿੱਚ ਆਪਣਾ ਯੋਗਦਾਨ ਦਿੱਤਾ ਹੈ। ਦੋ ਹੋਰ ਭਾਰਤੀ ਵਿਦਵਾਨਾਂ ਇੰਦਰ ਨਾਥ ਚੌਧਰੀ ਅਤੇ ਡਾ. ਨਗੇਂਦਰ ਨੇ ਵੀ ਤੁਲਨਾਤਮਿਕ ਸਾਹਿਤ ਲਈ ਬਹੁਤ ਕੰਮ ਕੀਤੇ ਹਨ। ਸਮੇਂ ਦੇ ਬੀਤਣ ਨਾਲ਼ ਪੰਜਾਬੀ ਚਿੰਤਕਾਂ ਅਤੇ ਵਿਦਵਾਨਾਂ ਦੀ ਤੁਲਨਾਤਮਿਕ ਸਾਹਿਤ ਪ੍ਰਤੀ ਰੌਚਕਤਾ ਵਧਦੀ ਜਾ ਰਹੀ ਹੈ।

ਡਾ. ਹਰਿਭਜਨ ਸਿੰਘ ਅਤੇ ਡਾ. ਗੁਰਭਗਤ ਸਿੰਘ ਵਰਗੇ ਵਿਦਵਾਨ ਤੁਲਨਾਤਮਿਕ ਸਾਹਿਤ ਨੂੰ ਆਪਣੇ ਆਲੋਚਨਾ-ਕਾਰਜ ਦਾ ਅੰਗ ਬਣਾ ਰਹੇ ਹਨ। ਪੰਜਾਬੀ ਵਿੱਚ ਤੁਲਨਾਤਮਿਕ ਸਾਹਿਤ ਦੇ ਖੇਤਰ ਵਿੱਚ ਬੜੇ ਗੌਰਵਮਈ ਢੰਗ ਨਾਲ਼ ਕੰਮ ਕੀਤੇ ਜਾ ਰਹੇ ਹਨ। ਸਤਿੰਦਰ ਸਿੰਘ ਨੂਰ ਤੁਲਨਾਤਮਿਕ ਸਾਹਿਤ ਦੇ ਖੇਤਰ ਬਾਰੇ ਲਿਖਦੇ ਹਨ, "ਤੁਲਨਾਤਮਿਕ ਸਾਹਿਤ ਦੇ ਕਈ ਮਹੱਤਵਪੂਰਨ ਅਧਿਐਨ ਖੇਤਰ ਹਨ। ਸੁਹਜ ਮੁੱਲਾਂ ਦੇ ਵਿਹਾਰ

ਦਾ ਅਧਿਐਨ ਕਿਸੇ ਯੁਗ ਦੀਆਂ ਵਿਭਿੰਨ ਸਾਹਿਤ-ਧਾਰਾਵਾਂ ਤੇ ਪ੍ਰਵਿਰਤੀਆਂ ਦੀ ਸਮਝਦਾਰੀ, ਵੱਖ-ਵੱਖ ਸਾਹਿਤ ਦੇ ਥੀਮਾਂ ਤੇ ਵਿਚਾਰਾਂ ਦਾ ਅਧਿਐਨ, ਰੂਪਾਕਾਰਾਂ/ਸੰਰਚਨਾਵਾਂ ਤੇ ਪੈਟਰਨਾਂ ਦਾ ਅਧਿਐਨ ਅਤੇ ਸਭ ਤੋਂ ਮਹੱਤਵਪੂਰਨ ਖੇਤਰ ਹੈ: ਸਾਹਿਤ ਤੇ ਜੀਵਨ ਦੇ ਆਪਸੀ ਸੰਬੰਧਾਂ ਦਾ ਵਿਸ਼ੇਸ਼ ਅਧਿਐਨ।

ਇਸ ਤਰ੍ਹਾਂ ਸਾਹਿਤ ਦੇ ਤੁਲਨਾਤਮਿਕ ਅਧਿਐਨ ਨਾਲ਼ ਜੁੜੇ ਹੋਏ ਵਿਦਵਾਨ ਜ਼ਿਆਦਾਤਰ ਤੁਲਨਾਤਮਿਕ ਸਾਹਿਤ (Comparative Literature) ਸ਼ਬਦ-ਸਮੂਹ ਦੀ ਹੀ ਵਰਤੋਂ ਕਰਦੇ ਹਨ ਪਰੰਤੂ ਇਨ੍ਹਾਂ ਵਿੱਚੋਂ ਤੇ ਕੁਝ ਹੋਰ ਵਿਦਵਾਨ 'ਤੁਲਨਾਤਮਿਕ ਸਾਹਿਤ' ਅਤੇ 'ਤੁਲਨਾਤਮਿਕ ਅਧਿਐਨ' ਸ਼ਬਦ-ਸਮੂਹਾਂ ਦਾ ਨਿਖੇੜਾ ਵੀ ਕਰਦੇ ਹਨ। ਪ੍ਰੋ. ਲ਼ੇਨ ਕੂਪਰ ਦੇ ਅਨੁਸਾਰ ਤੁਲਨਾਤਮਿਕ ਸਾਹਿਤ, ਸਾਹਿਤ ਦੇ 'ਤੁਲਨਾਤਮਿਕ ਅਧਿਐਨ' ਦੀ ਸੰਖੇਪ ਅਭਿਵਿਅਕਤੀ ਹੈ। ਡਾ. ਰਾਜੂਰਕਰ 'ਤੁਲਨਾਤਮਿਕ ਅਧਿਐਨ' ਅਤੇ 'ਤੁਲਨਾਤਮਿਕ ਸਾਹਿਤ' ਵਿੱਚ ਨਿਖੇੜਾ ਕਰਦਾ ਹੈ। ਉਸ ਅਨੁਸਾਰ 'ਤੁਲਨਾਤਮਿਕ ਅਧਿਐਨ' ਵਿਸ਼ੇ ਦੇ ਵਿਸ਼ਾਲ ਖੇਤਰ ਨਾਲ਼ ਸੰਬੰਧ ਰੱਖਦਾ ਹੈ। ਇਸ ਦੇ ਆਧਾਰ 'ਤੇ ਵਿਸ਼ੇ ਨਾਲ਼ ਸੰਬੰਧਿਤ ਸਾਰੇ ਅੰਗਾਂ ਨੂੰ ਵੇਖਿਆ-ਪਰਖਿਆ ਜਾ ਸਕਦਾ ਹੈ। ਜਦੋਂ ਕਿ ਤੁਲਨਾਤਮਿਕ ਸਾਹਿਤ ਦੀ ਸੀਮਾ ਵਿੱਚ ਕੇਵਲ ਸਾਹਿਤ ਦਾ ਹੀ ਅਧਿਐਨ ਕੀਤਾ ਜਾਂਦਾ ਹੈ ਤੇ ਇਸ ਨਾਲ਼ ਸਾਹਿਤ ਦੇ ਵਿਭਿੰਨ ਪਰਿਪੇਖਾਂ ਨੂੰ ਸਮਝਣ/ਸਮਝਾਉਣ ਵਿੱਚ ਮੱਦਦ ਮਿਲਦੀ ਹੈ। ਸਾਹਿਤ ਸਿਰਜਣਾ ਅਨੇਕ ਭਾਸ਼ਾਵਾਂ ਵਿੱਚ ਹੁੰਦੀ ਰਹੀ ਹੈ ਤੇ ਹੋ ਰਹੀ ਹੈ। ਭਾਸ਼ਾਈ ਵੱਖਰਤਾ ਕਰਕੇ ਸਾਡੇ ਵਿੱਚ ਦੂਰੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਦੂਰੀਆਂ ਨੂੰ ਮਿਟਾਉਣ ਲਈ 'ਤੁਲਨਾਤਮਿਕ ਅਧਿਐਨ' ਦੀ ਭੂਮਿਕਾ ਦਾ ਆਪਣਾ ਮਹੱਤਵ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਲਿਖੇ ਸਾਹਿਤ ਵਿੱਚ ਵੀ ਸਮਾਨਤਾ ਹੈ। ਇਹ ਸਮਾਨਤਾ ਸਾਹਿਤ ਦੇ ਵਿਸ਼ੇ-ਵਸਤੂ ਅਤੇ ਪ੍ਰਯੋਜਨ ਨੂੰ ਪਛਾਣ ਕੇ ਹੀ ਸਾਹਮਣੇ ਆ ਸਕਦੀ ਹੈ। ਇਸ ਪਛਾਣ ਨੂੰ ਵਧੇਰੇ ਪੁਖ਼ਤਗੀ ਦੇਣ ਲਈ ਹੀ 'ਤੁਲਨਾਤਮਿਕ ਅਧਿਐਨ' ਦੀ ਜ਼ਰੂਰਤ ਹੈ। ਡਾ. ਸਤਿੰਦਰ ਸਿੰਘ ਵੀ ਇਨ੍ਹਾਂ ਦੋਹਾਂ ਸ਼ਬਦ-ਸਮੂਹਾਂ ਵਿੱਚ ਨਿਖੇੜਾ ਕਰਦਾ ਹੈ। ਉਸ ਅਨੁਸਾਰ 'ਤੁਲਨਾਤਮਿਕ ਸਾਹਿਤ' ਦਾ ਸੰਬੰਧ ਸਾਹਿਤਿਕ ਵਿਦਵਤਾ ਅਤੇ ਯੋਗਤਾ ਨਾਲ਼ ਹੈ ਅਤੇ 'ਤੁਲਨਾਤਮਿਕ ਅਧਿਐਨ' ਦਾ ਬਹੁਤਾ ਸੰਬੰਧ ਉਚੇਰੀ ਪੜ੍ਹਾਈ ਅਤੇ ਉਚੇਰੇ ਅਧਿਐਨ ਨਾਲ਼ ਹੈ। ਇਸੇ ਲਈ ਇਹ ਵਿਸ਼ੇਸ਼ਗਾਂ ਤੇ ਬਹੁਤੇ ਪੜ੍ਹੇ-ਲਿਖਿਆਂ ਨਾਲ਼ ਸੰਬੰਧਿਤ ਹੈ। ਸਪੱਸ਼ਟ ਹੈ ਕਿ 'ਤੁਲਨਾਤਮਿਕ ਸਾਹਿਤ' ਪਦ ਆਪਣੇ ਸੀਮਤ ਅਰਥਾਂ ਕਰਕੇ ਸਿਰਫ਼ ਸਾਹਿਤਿਕ ਪਾਠਾਂ ਦੇ ਅਧਿਐਨ ਤੱਕ ਹੀ ਸੀਮਤ ਰਹਿੰਦਾ ਹੈ ਜਦੋਂ ਕਿ 'ਤੁਲਨਾਤਮਿਕ ਅਧਿਐਨ' ਪਦ ਵਿਸ਼ਾਲ ਅਰਥਾਂ ਦਾ ਧਾਰਨੀ ਹੋਣ ਕਰਕੇ ਬਹੁਤ ਸਾਰੇ ਸਥੂਲ ਤੇ ਸੂਖਮ ਵਰਤਾਰਿਆਂ/ਅਨੁਸ਼ਾਸਨਾਂ ਦੇ ਅਧਿਐਨ ਦਾ ਆਧਾਰ ਬਣਦਾ ਹੈ।

ਇਸ ਤਰ੍ਹਾਂ ਉਪਰੋਕਤ ਧਾਰਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਿੱਚੋਂ ਬਹੁਤੇ ਦਵੰਦ ਦਾ ਸ਼ਿਕਾਰ ਹਨ। ਇਸੇ ਲਈ ਇਹਨਾਂ ਦੇ ਵਿਚਾਰਾਂ ਵਿੱਚ ਸਪੱਸ਼ਟਤਾ ਕਿਧਰੇ ਨਜ਼ਰ ਨਹੀਂ ਆਉਂਦੀ ਪਰੰਤੂ ਉਹਨਾਂ ਵਿਦਵਾਨਾਂ ਦੇ ਵਿਚਾਰਾਂ ਨਾਲ਼ ਸਹਿਮਤੀ ਜਿਤਾਉਣੀ ਬਣਦੀ ਹੈ ਜਿਹੜੇ ਦੋ ਜਾਂ ਦੋ ਤੋਂ ਵਧੇਰੇ ਸਾਹਿਤਿਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ ਅਧਿਐਨ ਲਈ ਚੁਣੇ ਵਿਸ਼ੇ ਦੀ ਵਿਸ਼ਾਲਤਾ ਦੇ ਵਿਭਿੰਨ ਪਰਿਪੇਖਾਂ ਦਾ ਗਹਿਣ ਅਧਿਐਨ ਕਰਨ ਲਈ 'ਤੁਲਨਾਤਮਿਕ ਅਧਿਐਨ' (Comparative Study) ਸ਼ਬਦ-ਸਮੂਹ ਦੀ ਵਰਤੋਂ ਕਰਨ ਵੱਲ ਸੰਕੇਤ ਕਰਦੇ

ਹਨ। ਤੁਲਨਾਤਮਿਕ ਅਧਿਐਨ ਦਾ ਅਮਲ ਸ਼ੁਰੂ ਕਰਨ ਲੱਗਿਆਂ ਵਿਸ਼ੇ ਦੀ ਚੋਣ ਅਹਿਮ ਭੂਮਿਕਾ ਅਦਾ ਕਰਦੀ ਹੈ। ਜ਼ਾਹਿਰ ਹੈ ਕਿ ਤੁਲਨਾ ਕਰਨਾ ਮਨੁੱਖੀ ਸੁਭਾਅ ਦਾ ਖ਼ਾਸਾ ਹੈ। ਸਮੁੱਚੇ ਮਨੁੱਖੀ ਸੰਚਾਰ ਦਾ ਆਧਾਰ ਭਾਸ਼ਾ ਦਾ ਸੁਭਾਅ ਵੀ ਤੁਲਨਾਤਮਿਕ ਹੈ। ਤੁਲਨਾ ਨੂੰ ਆਧਾਰ ਬਣਾ ਕੇ ਸਾਹਿਤ ਅਧਿਐਨ ਦੇ ਜਗਤ ਵਿੱਚ ਤੁਲਨਾਤਮਿਕ ਅਧਿਐਨ ਹੋਂਦ ਵਿੱਚ ਆਉਂਦਾ ਹੈ ਜੋ ਵੱਖ-ਵੱਖ ਸਾਹਿਤਿਕ ਰਚਨਾਵਾਂ/ਲੇਖਕਾਂ ਆਦਿ ਦਾ ਤੁਲਨਾਤਮਿਕ ਅਧਿਐਨ ਕਰਕੇ ਇਹਨਾਂ ਵਿਚਲੇ ਅੰਤਰ-ਸੰਬੰਧਾਂ ਦੀ ਪਛਾਣ ਕਰਵਾਉਂਦਿਆਂ ਹੋਇਆਂ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਪੁਖ਼ਤਾ ਸਮਝ ਬਣਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। 'ਤੁਲਨਾਤਮਿਕ ਅਧਿਐਨ' ਰਾਹੀਂ ਸਾਨੂੰ ਮਨੁੱਖੀ ਅਨੁਭਵ ਦੇ ਵਿਸਤਾਰ ਅਤੇ ਇਸ ਦੀ ਸੁਹਜਾਤਮਿਕ ਸ੍ਰੇਸ਼ਟਤਾ ਦੀ ਸੂਝ ਹਾਸਿਲ ਹੁੰਦੀ ਹੈ। ਇਸ ਨਾਲ਼ ਸਾਹਿਤ ਦਾ ਇਤਿਹਾਸਮੂਲਕ ਅਧਿਐਨ-ਪਾਸਾਰ ਵਧੇਰੇ ਪੁਸ਼ਟ ਹੁੰਦਾ ਹੈ ਅਤੇ ਨਾਲ਼ ਹੀ ਧਾਰਾਵਾਂ, ਕਾਲ, ਪ੍ਰਭਾਵਾਂ ਅਤੇ ਸਮਾਜਿਕ, ਰਾਜਸੀ ਤੇ ਦਾਰਸ਼ਨਿਕ ਪਿੱਠ-ਭੂਮੀ ਨਾਲ਼ ਸੰਬੰਧਾਂ ਦਾ ਪਤਾ ਲੱਗਦਾ ਹੈ। ਅਸਲ ਵਿੱਚ 'ਤੁਲਨਾਤਮਿਕ ਅਧਿਐਨ' ਸਾਹਿਤ ਦੇ ਖੇਤਰ ਵਿੱਚ ਇੱਕ ਹੀ ਸਾਹਿਤ ਦੇ ਜਾਂ ਵਿਭਿੰਨ ਸਾਹਿਤਾਂ ਦੇ ਲੇਖਕਾਂ ਅਤੇ ਪ੍ਰਵਿਰਤੀਆਂ ਦੀ ਤੁਲਨਾ ਕਰਕੇ, ਉਨ੍ਹਾਂ ਵਿਚਲੀ ਸਮਾਨਤਾ ਅਤੇ ਅਸਮਾਨਤਾ ਨੂੰ ਪ੍ਰਗਟ ਕਰਦਾ ਹੈ। ਇੰਨਾ ਹੀ ਨਹੀਂ 'ਤੁਲਨਾਤਮਿਕ ਅਧਿਐਨ' ਦਾ ਮੁੱਖ ਪ੍ਰਯੋਜਨ ਹੈ, ਵੱਖ-ਵੱਖ ਸਾਹਿਤਾਂ ਵਿੱਚ ਸੰਗਠਨਮੂਲ਼ਕ ਅਤੇ ਸਮਾਨਤਾ ਤੇ ਅਸਮਾਨਤਾਮੂਲਕ ਤੱਤਾਂ/ਪੱਖਾਂ ਦੀ ਖੋਜ ਤੇ ਪਛਾਣ ਕਰਨੀ। ਇਸ ਨਾਲ਼ ਪ੍ਰਭਾਵਾਂ ਦਾ ਬੜਾ ਯੋਗ ਅਧਿਐਨ ਹੋ ਸਕਦਾ ਹੈ। ਅੰਤਰ-ਰਾਸ਼ਟਰੀ ਪੱਖਾਂ ਦੀ ਪਛਾਣ ਸਾਹਮਣੇ ਆ ਸਕਦੀ ਹੈ। ਵਰਤਮਾਨ ਦੇ ਪਿਛੋਕੜ ਤੇ ਉਸ ਦੀਆਂ ਅਤੀਤ-ਮੁਖੀ ਪਰੰਪਰਾਵਾਂ ਦਾ ਅਧਿਐਨ ਹੋ ਸਕਦਾ ਹੈ। ਇਸ ਤਰ੍ਹਾਂ 'ਤੁਲਨਾਤਮਿਕ ਅਧਿਐਨ' ਪੰਜਾਬੀ ਸਾਹਿਤ ਅਧਿਐਨ ਦਾ ਇੱਕ ਨਵਾਂ ਅਤੇ ਮਹੱਤਵਪੂਰਨ ਅਨੁਸ਼ਾਸਨ ਹੈ।

**ਅ) ਅਧਿਐਨ ਦ੍ਰਿਸ਼ਟੀਆਂ:**

ਸਾਹਿਤ ਦੇ ਤੁਲਨਾਤਮਿਕ ਅਧਿਐਨ ਲਈ ਵਿਸ਼ੇਸ਼ ਰੂਪ ਵਿੱਚ ਤਿੰਨ ਅੰਤਰ-ਦ੍ਰਿਸ਼ਟੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ:

1. ਫਰੈਂਚ-ਜਰਮਨ ਸਕੂਲ ਦੀ ਅਧਿਐਨ ਦ੍ਰਿਸ਼ਟੀ
2. ਅਮਰੀਕਨ ਸਕੂਲ ਦੀ ਅਧਿਐਨ ਦ੍ਰਿਸ਼ਟੀ
3. ਰੂਸੀ ਸਕੂਲ ਦੀ ਅਧਿਐਨ ਦ੍ਰਿਸ਼ਟੀ

**ੲ) ਅਧਿਐਨ ਵਿਧੀਆਂ:**

ਉਪਰੋਕਤ ਤਿੰਨਾਂ ਦ੍ਰਿਸ਼ਟੀਆਂ ਦੇ ਸੰਵਾਦ ਵਿੱਚੋਂ ਸਾਹਿਤ ਦੇ ਤੁਲਨਾਤਮਿਕ ਅਧਿਐਨ ਮਾਡਲ ਦੀਆਂ ਮੂਲ ਵਿਧੀਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਹ ਵਿਧੀਆਂ ਇਸ ਪ੍ਰਕਾਰ ਹਨ:

**1. ਸਦ੍ਰਿਸ਼ਤਾ-ਮੂਲਕ ਅਧਿਐਨ ਵਿਧੀ:** ਸਾਹਿਤ ਦਾ ਤੁਲਨਾਤਮਿਕ ਅਧਿਐਨ ਕਰਦੇ ਸਮੇਂ ਇਸ ਵਿਧੀ ਦੇ ਅੰਤਰਗਤ ਅਧਿਐਨ ਦਾ ਕੇਂਦਰ ਬਣੀਆਂ ਸਾਹਿਤਿਕ ਰਚਨਾਵਾਂ/ਲੇਖਕਾਂ ਵਿਚਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਖੋਜਿਆ ਜਾਂਦਾ ਹੈ। ਇਸ ਵਿਧੀ ਤਹਿਤ ਸਾਹਿਤਿਕ ਪਾਠਾਂ/ਲੇਖਕਾਂ ਨੂੰ ਨਾ ਕੇਵਲ ਇੱਕ-ਦੂਜੇ ਦੇ ਵਿਰੋਧ ਵਿੱਚ ਰੱਖ ਕੇ ਪਰਖਿਆ ਜਾਂਦਾ ਹੈ, ਸਗੋਂ ਉਹਨਾਂ ਪਾਠਾਂ/ਲੇਖਕਾਂ ਦੀ ਪਿੱਠ-ਭੂਮੀ ਵਿੱਚ ਪਈਆਂ ਸਮਾਜਿਕ, ਆਰਥਿਕ ਸਥਿਤੀਆਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਸ ਅਧਿਐਨ ਦੇ ਅੰਤਰਗਤ ਇਹ ਵੇਖਿਆ ਜਾਂਦਾ ਹੈ ਕਿ ਕਿਹੜੇ ਕਾਰਨਾਂ ਕਰਕੇ ਦੋ ਸਾਹਿਤਿਕ ਪਾਠਾਂ/ਲੇਖਕਾਂ ਵਿੱਚ ਸਮਾਨਤਾਵਾਂ ਜਾਂ ਵੱਖਰਤਾਵਾਂ ਹੋਂਦ ਵਿੱਚ ਆਈਆਂ ਹਨ ਤੇ ਉਹਨਾਂ ਦੀ ਕੀ ਪ੍ਰਕਿਰਤੀ ਹੈ।

**2. ਪਰੰਪਰਾ-ਮੂਲਕ ਅਧਿਐਨ ਵਿਧੀ:** ਇਸ ਵਿਧੀ ਰਾਹੀਂ ਸਾਹਿਤ-ਰੂਪਾਂ ਜਾਂ ਲੇਖਕਾਂ ਨੂੰ ਉਹਨਾਂ ਦੀ ਪਰੰਪਰਾ ਵਿੱਚੋਂ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਜ਼ਾਹਿਰ ਹੈ ਕਿ ਹਰ ਸਾਹਿਤ-ਰੂਪ ਆਪਣੀ ਪਰੰਪਰਾ ਦੇ ਧਰਾਤਲ ਤੋਂ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਅਤੇ ਅੱਗੇ ਵਿਕਾਸ ਕਰਦਾ ਹੈ। ਇਸੇ ਤਰ੍ਹਾਂ ਹਰ ਲੇਖਕ/ਸਾਹਿਤਕਾਰ ਚਾਹੇ ਉਹ ਕਿੰਨਾ ਵੀ ਆਪਣੇ-ਆਪ ਨੂੰ ਨਵੇਂ ਸਮੇਂ ਦਾ ਹਾਣੀ ਸਮਝੇ, ਉਹ ਕਦੇ ਵੀ ਪੂਰੀ ਤਰ੍ਹਾਂ ਆਪਣੀ ਪਰੰਪਰਾ ਤੋਂ ਨਿਰਲੇਪ ਨਹੀਂ ਹੁੰਦਾ। ਇਹ ਵਿਧੀ ਸਾਹਿਤਕਾਰਾਂ ਅਤੇ ਸਾਹਿਤਿਕ ਰਚਨਾਵਾਂ ਨੂੰ ਉਹਨਾਂ ਦੀ ਪਰੰਪਰਾ ਵਿੱਚੋਂ ਸਮਝਣ ਵਿੱਚ ਸਹਾਈ ਸਿੱਧ ਹੁੰਦੀ ਹੈ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਪਰੰਪਰਾ-ਮੂਲਕ ਅਧਿਐਨ ਵਿੱਚ ਰਾਸ਼ਟਰੀਅਤਾ ਅਤੇ ਅੰਤਰ-ਰਾਸ਼ਟਰੀਅਤਾ ਇੱਕ-ਦੂਜੇ ਦੇ ਨੇੜੇ ਆ ਜਾਂਦੇ ਹਨ। ਹਰ ਲੇਖਕ ਪਰੰਪਰਾ ਤੋਂ ਚੇਤੰਨ ਹੁੰਦਾ ਹੈ।

**3. ਪ੍ਰਭਾਵ-ਮੂਲਕ ਅਧਿਐਨ ਵਿਧੀ:** ਇਸ ਅਧਿਐਨ ਵਿਧੀ ਦੇ ਅੰਤਰਗਤ ਇਹ ਵੇਖਿਆ ਜਾਂਦਾ ਹੈ ਕਿ ਕਿਹੜੀ ਰਚਨਾ ਜਾਂ ਲੇਖਕ ਨੇ ਕਿਸ ਰਚਨਾ ਜਾਂ ਲੇਖਕ ਦਾ ਪ੍ਰਭਾਵ ਕਬੂਲਿਆ ਹੈ। ਇਹ ਪ੍ਰਭਾਵ ਇੱਕ ਸਾਹਿਤਿਕ ਰਚਨਾ ਜਾਂ ਲੇਖਕ 'ਤੇ ਇੱਕ ਤੋਂ ਵਧੇਰੇ ਰਚਨਾਵਾਂ ਜਾਂ ਸਾਹਿਤਿਕ ਲੇਖਕਾਂ ਦਾ ਵੀ ਹੋ ਸਕਦਾ ਹੈ। ਇਹ ਪ੍ਰਭਾਵ ਕਿਸੇ ਅੰਦੋਲਨ ਜਾਂ ਲਹਿਰ ਦਾ ਵੀ ਹੋ ਸਕਦਾ ਹੈ। ਇਸ ਵਿਧੀ ਰਾਹੀਂ ਕੇਵਲ ਪ੍ਰਭਾਵ-ਸ੍ਰੋਤਾਂ ਦੀ ਹੀ ਛਾਣਬੀਣ ਨਹੀਂ ਕੀਤੀ ਜਾਂਦੀ ਸਗੋਂ ਇਹ ਵੀ ਵੇਖਿਆ ਜਾਂਦਾ ਹੈ ਕਿ ਪ੍ਰਭਾਵ ਗ੍ਰਹਿਣ ਕਰਨ ਵਾਲ਼ੇ ਲੇਖਕ ਨੇ ਉਹਨਾਂ ਪ੍ਰਭਾਵਾਂ ਨੂੰ ਕਿਹੜਾ ਨਵਾਂ ਰੂਪ ਦਿੱਤਾ। ਇੱਥੇ ਧਿਆਨਯੋਗ ਨੁਕਤਾ ਇਹ ਵੀ ਹੈ ਕਿ ਹਰ ਲੇਖਕ ਕਿਸੇ ਹੋਰ ਰਚਨਾ ਜਾਂ ਲੇਖਕ ਤੋਂ ਇੱਕੋ-ਜਿਹਾ ਪ੍ਰਭਾਵ ਗ੍ਰਹਿਣ ਨਹੀਂ ਕਰਦਾ। ਬਹੁਤੇ ਲੇਖਕ ਪ੍ਰਭਾਵ ਗ੍ਰਹਿਣ ਕਰਕੇ ਉਸ ਲੇਖਕ/ਰਚਨਾ ਨੂੰ ਨਕਾਰ ਵੀ ਸਕਦੇ ਹਨ ਤੇ ਉਸ ਵਿੱਚੋਂ ਕੋਈ ਨਵਾਂ ਤੱਥ ਵੀ ਲੱਭ ਸਕਦੇ ਹਨ। ਸਿੱਟੇ ਵਜੋਂ ਨਵੇਂ ਨੁਕਤੇ ਉੱਭਰਦੇ ਹਨ ਜਿਹੜੇ ਨਵੇਂ ਲੇਖਕਾਂ ਲਈ ਪ੍ਰੇਰਨਾ-ਸ੍ਰੋਤ ਬਣਦੇ ਹਨ।

**4. ਸਵੀਕ੍ਰਿਤੀ-ਮੂਲਕ ਅਤੇ ਸੰਚਾਰ-ਮੂਲਕ ਅਧਿਐਨ ਵਿਧੀ:** ਇਸ ਅਧਿਐਨ ਵਿਧੀ ਰਾਹੀਂ ਸਾਹਿਤਿਕ ਪਾਠਾਂ ਦੇ ਪਰਸਪਰ ਸੰਬੰਧਾਂ ਤੋਂ ਲੈ ਕੇ ਉਹਨਾਂ ਨੂੰ ਨਿਰਧਾਰਿਤ ਕਰਨ ਵਾਲ਼ੀਆਂ ਸਥਿਤੀਆਂ/ਪ੍ਰਸਥਿਤੀਆਂ, ਲੇਖਕ, ਪਾਠਕ, ਆਲੋਚਕ, ਪ੍ਰਕਾਸ਼ਕ ਤੇ ਸਮੁੱਚੇ ਵਰਤਾਰੇ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਵਿਧੀ ਸਾਹਿਤ

ਦੇ ਮਨੋਵਿਗਿਆਨ ਅਤੇ ਸਮਾਜ-ਸ਼ਾਸਤਰ ਨੂੰ ਆਪਣੇ ਅਧਿਐਨ ਦੇ ਕੇਂਦਰ ਵਿੱਚ ਰੱਖਦੀ ਹੈ। ਇਸ ਵਿਧੀ ਦੇ ਅੰਤਰਗਤ ਇਹ ਵੇਖਿਆ ਜਾਂਦਾ ਹੈ ਕਿ ਕਿਸੇ ਸਾਹਿਤਿਕ ਪਾਠ ਜਾਂ ਲੇਖਕ ਦੀ ਪ੍ਰਸਿੱਧੀ ਪਿੱਛੇ ਉਹਨਾਂ ਦੀ ਆਪਣੀ ਸਾਹਿਤ ਯੋਗਤਾ ਤੋਂ ਇਲਾਵਾ ਸੰਚਾਰ ਸਾਧਨਾਂ (ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ), ਪ੍ਰਕਾਸ਼ਨ ਸੰਸਥਾਵਾਂ ਤੇ ਉਸ ਦੇ ਨਿੱਜੀ ਸੰਬੰਧਾਂ ਆਦਿ ਦਾ ਕਿੰਨਾ ਯੋਗਦਾਨ ਹੁੰਦਾ ਹੈ।

**5. ਸੁਭਾਗ-ਮੂਲਕ ਅਧਿਐਨ ਵਿਧੀ:** ਇਸ ਅਧਿਐਨ ਵਿਧੀ ਦੇ ਅੰਤਰਗਤ ਇਹ ਵੇਖਿਆ ਜਾਂਦਾ ਹੈ ਕਿ ਕਿਸੇ ਖ਼ਾਸ ਵਿਸ਼ੇ ਜਾਂ ਮਸਲੇ 'ਤੇ ਕਿੰਤੂ ਕਰਨ ਜਾਂ ਲਿਖਣ ਕਰਕੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨ ਦਾ ਸੁਭਾਗ ਮਿਲਦਾ ਹੈ। ਇਹ ਵਿਧੀ ਇਹ ਵੀ ਪੜਚੋਲ ਕਰਦੀ ਹੈ ਕਿ ਕਿਵੇਂ ਕੋਈ ਲੇਖਕ ਵਿਵਾਦਮਈ ਰਚਨਾ ਦੀ ਸਿਰਜਨਾ ਕਰਨ ਸਦਕਾ ਪਾਬੰਦੀ ਦਾ ਭਾਗੀ ਬਣਦਾ ਹੈ ਤੇ ਉਹ ਇਸੇ ਪਾਬੰਦੀ ਕਾਰਨ ਹੀ ਦੁਨੀਆਂ ਵਿੱਚ ਮਸ਼ਹੂਰ ਹੋਣ ਦਾ ਸੁਭਾਗ ਪ੍ਰਾਪਤ ਕਰਦਾ ਹੈ। ਇਹ ਅਧਿਐਨ ਵਿਧੀ ਕਿਸੇ ਲੇਖਕ ਦੀ ਪ੍ਰਸਿੱਧੀ ਪਿੱਛੇ ਪਏ ਇਹਨਾਂ ਕਾਰਨਾਂ ਨੂੰ ਤੁਲਨਾਤਮਿਕ ਦ੍ਰਿਸ਼ਟੀ ਤੋਂ ਪਰਖਦੀ ਹੈ ਕਿ ਕਿਹੜੇ ਹਾਲਾਤਾਂ ਜਾਂ ਸਥਿਤੀਆਂ ਨੇ ਇਹਨਾਂ ਨੂੰ ਪੈਦਾ ਕੀਤਾ ਕਿ ਇਹ ਲੇਖਕ ਦੀ ਪ੍ਰਸਿੱਧੀ ਦਾ ਆਧਾਰ ਬਣ ਗਏ।

**6. ਥੀਮ-ਮੂਲਕ, ਮੋਟਿਫ਼-ਮੂਲਕ ਅਧਿਐਨ ਵਿਧੀ:** ਤੁਲਨਾਤਮਿਕ ਅਧਿਐਨ ਦੀ ਇਸ ਵਿਧੀ ਵਿੱਚ ਸਾਹਿਤਿਕ ਰਚਨਾਵਾਂ ਦੇ ਥੀਮ ਅਤੇ ਮੋਟਿਫ਼ ਦੇ ਹਵਾਲੇ ਨਾਲ਼ ਕਿਸੇ ਲੇਖਕ ਦੁਆਰਾ ਕੀਤੀ ਵਸਤੂ-ਸਮੱਗਰੀ ਦੀ ਚੋਣ ਅਤੇ ਪਾਤਰਾਂ ਉੱਪਰ ਇਸ ਸਮੱਗਰੀ ਦੇ ਹੋਏ ਨਿਭਾਅ ਨੂੰ ਅਧਿਐਨ ਦਾ ਵਸਤੂ ਬਣਾਇਆ ਜਾਂਦਾ ਹੈ। ਇਹ ਵਿਧੀ ਨਿਰੀਖਣ ਕਰਦੀ ਹੈ ਕਿ ਕਿਵੇਂ ਇੱਕ ਲੇਖਕ ਵੱਖ-ਵੱਖ ਥਾਵਾਂ ਤੋਂ ਥੀਮ ਲੈ ਕੇ ਵੀ ਇੱਕ ਉੱਤਮ ਸਾਹਿਤਿਕ ਪਾਠ ਦੀ ਸਿਰਜਨਾ ਕਰ ਦਿੰਦਾ ਹੈ। ਇਹ ਵੀ ਇਸ ਵਿਧੀ ਦੇ ਕੇਂਦਰ ਵਿੱਚ ਹੁੰਦਾ ਹੈ ਕਿ ਇੱਕ ਖ਼ਾਸ ਕਾਲ ਜਾਂ ਸਮੇਂ ਦੌਰਾਨ ਕਿਹੜਾ ਥੀਮ ਬਹੁਤੇ ਲੇਖਕਾਂ ਦੀ ਸਿਰਜਨਾ ਦਾ ਆਧਾਰ ਬਣਿਆ ਤੇ ਇਸ ਦੇ ਕੀ ਕਾਰਨ ਰਹੇ? ਵਿਭਿੰਨ ਲੇਖਕਾਂ ਨੇ ਇਸ ਥੀਮ ਦੀ ਪੇਸ਼ਕਾਰੀ ਕਿਵੇਂ ਤੇ ਕਿਸ ਦ੍ਰਿਸ਼ਟੀ ਤੋਂ ਕੀਤੀ? ਕਿਉਂ ਕਿ ਹਰ ਸਾਹਿਤਕਾਰ/ਲੇਖਕ ਦੀ ਆਪਣੀ ਰਚਨਾ-ਦ੍ਰਿਸ਼ਟੀ ਤੇ ਰਚਨਾ-ਵਿਧੀ ਹੁੰਦੀ ਹੈ। ਇਸੇ ਵਿਸ਼ੇਸ਼ ਦ੍ਰਿਸ਼ਟੀ ਨੂੰ ਅਗਰ-ਭੂਮੀ 'ਤੇ ਲੈ ਆਉਣ ਵਿੱਚ ਇਸ ਅਧਿਐਨ ਦੀ ਪ੍ਰਾਪਤੀ ਹੈ। ਕਿਸੇ ਥੀਮ ਜਾਂ ਸਾਹਿਤਿਕ ਪ੍ਰਵੇਸ਼ ਨੂੰ ਲੈ ਕੇ ਸਾਹਿਤਿਕ ਰਚਨਾਵਾਂ ਵਿੱਚ ਕੁਝ ਪਰੰਪਰਿਕ ਰੂੜ੍ਹੀਆਂ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆਉਂਦੀਆਂ ਹਨ। ਇਹ ਰੂੜ੍ਹੀਆਂ/ਮੋਟਿਫ਼ਾਂ ਦੇ ਅਧਿਐਨ ਵੀ ਤੁਲਨਾਤਮਿਕ ਅਧਿਐਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

**7. ਰੂਪਾਕਾਰ-ਮੂਲਕ, ਅੰਦੋਲਨ-ਮੂਲਕ, ਕਾਲ ਜਾਂ ਖੰਡ-ਮੂਲਕ ਅਧਿਐਨ ਵਿਧੀ:** ਤੁਲਨਾਤਮਿਕ ਅਧਿਐਨ ਦੀ ਇਹ ਵਿਧੀ ਸਾਹਿਤਿਕ ਰੂਪਾਕਾਰਾਂ ਦੇ ਅਧਿਐਨ ਨੂੰ ਸਾਹਿਤ-ਇਤਿਹਾਸ ਅਤੇ ਸਾਹਿਤ-ਸਿਧਾਂਤ ਦੇ ਅੰਤਰਗਤ ਅੰਤਰ-ਰਾਸ਼ਟਰੀ ਸੰਦਰਭ ਪ੍ਰਦਾਨ ਕਰਦੀ ਹੈ। ਇਸ ਵਿਧੀ ਅਧੀਨ ਵੱਖ-ਵੱਖ ਸਾਹਿਤਿਕ ਰਚਨਾਵਾਂ ਵਿਚਲੀਆਂ ਸਮਾਨਤਾਵਾਂ ਤੇ ਵੱਖਰਤਾਵਾਂ ਦੀ ਨਿਸ਼ਾਨਦੇਹੀ ਰੂਪਾਕਾਰਕ ਤੇ ਇਤਿਹਾਸਕ ਪਰਿਪੇਖ ਵਿੱਚ ਕੀਤੀ ਜਾਂਦੀ ਹੈ।

**8. ਸੰਰਚਨਾ-ਮੂਲਕ ਅਤੇ ਵਿਚਾਰ-ਮੂਲਕ ਅਧਿਐਨ ਵਿਧੀ:** ਇਸ ਵਿਧੀ ਰਾਹੀਂ ਕਿਸੇ ਸਾਹਿਤਿਕ ਪਾਠ ਨੂੰ ਸੰਪੂਰਨ ਸੰਰਚਨਾ ਮੰਨ ਕੇ ਉਸ ਦਾ ਸਤਹੀ ਅਧਿਐਨ ਨਹੀਂ ਕੀਤਾ ਜਾਂਦਾ, ਸਗੋਂ ਉਸ ਦੀ ਡੂੰਘੀ ਸੰਰਚਨਾ ਦਾ ਅਧਿਐਨ ਕੀਤਾ ਜਾਂਦਾ ਹੈ, ਕਿਉਂ ਕਿ ਸੰਰਚਨਾ ਵਿਚਲੇ ਹਰ ਕਾਰਜ ਜਾਂ ਵੇਰਵੇ ਦਾ ਆਪਣਾ ਇੱਕ ਖ਼ਾਸ ਸੰਦਰਭ ਤੇ ਪ੍ਰਯੋਜਨ ਹੁੰਦਾ ਹੈ। ਤੁਲਨਾਤਮਿਕ ਅਧਿਐਨ ਦੇ ਕੇਂਦਰ ਵਿੱਚ ਜਦੋਂ ਕਿਸੇ ਸਾਹਿਤਿਕ ਰਚਨਾ ਜਾਂ ਲੇਖਕ ਦੀ ਵਿਚਾਰਧਾਰਾ ਦਾ ਅਧਿਐਨ-ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਵਿਚਾਰ-ਮੂਲਕ ਅਧਿਐਨ ਵਿਧੀ ਅਪਣਾਈ ਜਾਂਦੀ ਹੈ।

ਸੰਰਚਨਾ-ਮੂਲਕ ਵਿਧੀ ਰਾਹੀਂ ਗੋਤਾਂ ਅਧੀਨ ਜਠੇਰਾ-ਪੂਜਾ ਦੇ ਢਾਂਚੇ ਨੂੰ ਵੇਖ ਕੇ ਡੂੰਘੇ ਪੱਧਰ 'ਤੇ ਵਿਚਾਰ ਕੀਤੀ ਗਈ ਹੈ। ਥੀਮ-ਮੂਲਕ ਵਿਧੀ ਨੂੰ ਅਪਣਾਉਂਦਿਆਂ ਹੋਇਆਂ ਖੇਤਰ ਵਿੱਚੋਂ ਇਕੱਤਰ ਕੀਤੇ ਗਏ ਗੋਤਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਬਾਰੇ ਵਿਚਾਰ ਕੀਤਾ ਗਿਆ ਹੈ। ਇਉਂ ਉੱਪਰ ਵਿਚਾਰੀਆਂ ਗਈਆਂ ਵਿਭਿੰਨ ਵਿਧੀਆਂ ਤੁਲਨਾਤਮਿਕ ਅਧਿਐਨ ਦੇ ਬਹੁ-ਪਰਿਪੇਖੀ ਤੇ ਬਹੁ-ਪਰਤੀ ਸਾਹਿਤ-ਅਧਿਐਨ ਮਾਡਲ ਨੂੰ ਸਿਰਜਣ ਵਿੱਚ ਆਧਾਰ ਦਾ ਕੰਮ ਕਰਦੀਆਂ ਹਨ। ਇਹਨਾਂ ਵਿਭਿੰਨ ਵਿਧੀਆਂ ਦੇ ਅੰਤਰ-ਸੰਵਾਦ ਵਿੱਚੋਂ ਹੀ ਸਾਹਿਤ ਦੇ ਤੁਲਨਾਤਮਿਕ ਅਧਿਐਨ ਲਈ ਸਾਰਥਿਕ ਅਧਿਐਨ ਵਿਧੀ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਇਸ ਵਿਧੀ ਤਹਿਤ ਕੀਤਾ ਗਿਆ ਸਾਹਿਤ ਦਾ ਤੁਲਨਾਤਮਿਕ ਅਧਿਐਨ ਦੋ ਜਾਂ ਦੋ ਤੋਂ ਵਧੇਰੇ ਲੇਖਕਾਂ ਜਾਂ ਰਚਨਾਵਾਂ ਨੂੰ ਚਹੁੰ-ਕੰਨੀਆਂ ਤੋਂ ਹੰਘਾਲਦਾ ਹੋਇਆ ਨਾ ਕੇਵਲ ਮਹੱਤਵਪੂਰਨ ਸਿੱਟੇ ਪ੍ਰਦਾਨ ਕਰੇਗਾ ਸਗੋਂ ਤੁਲਨਾਤਮਿਕ ਅਧਿਐਨ ਮਾਡਲ ਦੀਆਂ ਨਵੀਆਂ ਦਿਸ਼ਾਵਾਂ ਦੀ ਵੀ ਨਿਸ਼ਾਨਦੇਹੀ ਕਰੇਗਾ।

**ਸ) ਅਧਿਐਨ ਸ਼ਾਖਾਵਾਂ:**

ਤੁਲਨਾਤਮਿਕ ਅਧਿਐਨ ਨੂੰ ਉਪਰੋਕਤ ਅਧਿਐਨ-ਦ੍ਰਿਸ਼ਟੀਆਂ ਅਤੇ ਅਧਿਐਨ-ਵਿਧੀਆਂ ਦੇ ਸੰਖੇਪ ਵਿਸ਼ਲੇਸ਼ਣ ਦੇ ਆਧਾਰ 'ਤੇ ਤਿੰਨ ਸ਼ਾਖਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਇਹ ਸ਼ਾਖਾਵਾਂ 'ਤੁਲਨਾਤਮਿਕ ਅਧਿਐਨ' ਦੀ ਪ੍ਰਕ੍ਰਿਤੀ ਨੂੰ ਵਧੇਰੇ ਪੁਖ਼ਤਗੀ ਨਾਲ਼ ਸਮਝਣ ਵਿੱਚ ਮੱਦਦਗਾਰ ਹੋਣਗੀਆਂ। ਇਹਨਾਂ ਦੀ ਵੰਡ ਇਸ ਪ੍ਰਕਾਰ ਹੈ:

1. ਤੁਲਨਾਤਮਿਕ ਸਾਹਿਤ
2. ਤੁਲਨਾਤਮਿਕ ਆਲੋਚਨਾ
3. ਤੁਲਨਾਤਮਿਕ ਵਿਸ਼ਲੇਸ਼ਣ

ਤੁਲਾਤਮਿਕ ਸਾਹਿਤ, 'ਤੁਲਨਾਤਮਿਕ ਅਧਿਐਨ' ਦੀ ਇੱਕ ਸ਼ਾਖਾ ਹੈ। ਇਸ ਬਾਰੇ ਪਹਿਲਾਂ ਵੀ ਵਿਸਥਾਰਪੂਰਵਕ ਚਰਚਾ ਕੀਤੀ ਗਈ ਹੈ। ਰੈਨੇ ਵੈਲਕ (Rene Wellek) ਅਨੁਸਾਰ ਤੁਲਨਾਤਮਿਕ ਸਾਹਿਤ ਸਮੁੱਚੇ ਸਾਹਿਤ ਦਾ ਅਧਿਐਨ ਭਾਸ਼ਾਈ, ਨਸਲੀ ਤੇ ਰਾਜਨੀਤਿਕ ਹੱਦ-ਬੰਦੀਆਂ ਤੋਂ ਮੁਕਤ ਹੋ ਕੇ ਅੰਤਰ-ਰਾਸ਼ਟਰੀ ਪਰਿਪੇਖ ਵਿੱਚ ਇਸ ਗਿਆਨ ਨਾਲ਼ ਕਰਦਾ ਹੈ ਕਿ ਸਮੁੱਚੇ ਵਿਸ਼ਵ-ਸਾਹਿਤ ਅਤੇ ਸਾਹਿਤਿਕ ਅਨੁਭਵ

ਵਿੱਚ ਇੱਕ ਮੂਲਭੂਤ ਏਕਤਾ ਹੈ। ਡਾ. ਮਨੋਰਮਾ ਸ਼ਰਮਾ ਅਨੁਸਾਰ ਤੁਲਨਾਤਮਿਕ ਸਾਹਿਤ ਇੱਕ ਪ੍ਰਕਾਰ ਦਾ ਅੰਤਰ ਸਾਹਿਤਿਕ ਅਧਿਐਨ ਹੈ ਜੋ ਅਨੇਕ ਭਾਸ਼ਾਵਾਂ ਨੂੰ ਆਧਾਰ ਮੰਨ ਕੇ ਚੱਲਦਾ ਹੈ ਅਤੇ ਜਿਸ ਦਾ ਉਦੇਸ਼ ਹੁੰਦਾ ਹੈ ਅਨੇਕਤਾ ਵਿੱਚ ਏਕਤਾ ਦੀ ਖੋਜ।

ਭਾਰਤ ਵਰਗੇ ਬਹੁ-ਭਾਸ਼ਾਈ ਖਿੱਤੇ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਿਕ ਸਾਹਿਤ ਵਿਭਿੰਨ ਸਾਹਿਤਾਂ ਦਾ ਤੁਲਨਾਤਮਿਕ ਅਧਿਐਨ ਹੈ ਅਤੇ ਸਾਹਿਤ ਨਾਲ਼ ਅਨੁਭਵ ਅਤੇ ਗਿਆਨ ਦੇ ਦੂਸਰੇ ਖੇਤਰਾਂ ਦਾ ਵੀ ਤੁਲਨਾਤਮਿਕ ਅਧਿਐਨ ਹੈ।

ਤੁਲਨਾਤਮਿਕ ਆਲੋਚਨਾ ਵੀ 'ਤੁਲਨਾਤਮਿਕ ਅਧਿਐਨ' ਦੀ ਇੱਕ ਸ਼ਾਖਾ ਹੈ। ਕਈ ਵਾਰ ਕਿਸੇ ਕਲਾਕਾਰ ਜਾਂ ਲੇਖਕ ਦੀ ਉਸੇ ਭਾਸ਼ਾ ਦੇ ਕਿਸੇ ਹੋਰ ਲੇਖਕ ਨਾਲ਼ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਦੋ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿੱਚ ਲਿਖਣ ਵਾਲ਼ੇ ਲੇਖਕਾਂ ਵਿਚਕਾਰ ਵੀ ਹੋ ਸਕਦੀ ਹੈ। ਅਜਿਹੀ ਆਲੋਚਨਾ ਨੂੰ ਤੁਲਨਾਤਮਿਕ ਆਲੋਚਨਾ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਆਲੋਚਨਾ-ਪ੍ਰਣਾਲੀ ਨੂੰ Comparative Criticism ਆਖਿਆ ਜਾਂਦਾ ਹੈ। ਕਿਸੇ ਇੱਕ ਸਾਹਿਤਕਾਰ ਉੱਤੇ ਕਿਸੇ ਦੂਜੇ ਦੇ ਪ੍ਰਭਾਵਾਂ ਨੂੰ ਜਾਂਚਣਾ, ਕਿਸੇ ਇੱਕ ਸ਼ੈਲੀ ਦਾ ਦੂਜੀ ਨਾਲ਼ ਟਾਕਰਾ ਕਰਨਾ, ਕਿਸੇ ਇੱਕ ਸਾਹਿਤਿਕ ਕਾਲ ਦਾ ਦੂਜੇ ਨਾਲ਼ ਮੁਕਾਬਲਾ ਕਰਨਾ ਆਦਿਕ ਸਭ ਤੁਲਨਾਤਮਿਕ ਆਲੋਚਨਾ ਦੇ ਘੇਰੇ ਵਿੱਚ ਆ ਜਾਂਦਾ ਹੈ। ਧਿਆਨਯੋਗ ਨੁਕਤਾ ਇਹ ਹੈ ਕਿ ਤੁਲਨਾਤਮਿਕ ਆਲੋਚਨਾ ਅਧੀਨ ਚੁਣੀਆਂ ਗਈਆਂ ਰਚਨਾਵਾਂ/ਲੇਖਕਾਂ ਵਿੱਚ ਵਿਸ਼ੇ ਜਾਂ ਵਿਧਾ ਜਾਂ ਕਿਸੇ ਹੋਰ ਪੱਖੋਂ ਸਮਾਨਤਾ ਹੋਣੀ ਬਹੁਤ ਜ਼ਰੂਰੀ ਹੈ। ਜੇਕਰ ਉਹਨਾਂ ਵਿੱਚ ਕਿਸੇ ਕਿਸਮ ਦੀ ਸਮਾਨਤਾ ਨਹੀਂ ਹੈ ਤਾਂ ਉਹਨਾਂ ਦਾ ਅਧਿਐਨ ਸਧਾਰਨ ਆਲੋਚਨਾ ਦਾ ਵਿਸ਼ਾ ਹੋਵੇਗਾ, ਤੁਲਨਾਤਮਿਕ ਆਲੋਚਨਾ ਦਾ ਨਹੀਂ ਹੋਵੇਗਾ। ਇਉਂ ਤੁਲਨਾਤਮਿਕ ਅਧਿਐਨ ਦੀ ਇਸ ਸ਼ਾਖਾ ਦੇ ਅੰਤਰਗਤ ਵਿਚਾਰੇ ਜਾਣ ਵਾਲ਼ੇ ਲੇਖਕਾਂ/ਰਚਨਾਵਾਂ ਵਿੱਚ ਵਿਧਾ/ਵਿਸ਼ੇ/ਭਾਸ਼ਾ ਆਦਿ ਦੇ ਪੱਖੋਂ ਸਮਾਨਤਾ ਹੋਣੀ ਲਾਜ਼ਮੀ ਬਣ ਜਾਂਦੀ ਹੈ।

ਤੁਲਨਾਤਮਿਕ ਵਿਸ਼ਲੇਸ਼ਣ 'ਤੁਲਨਾਤਮਿਕ ਅਧਿਐਨ' ਮਾਡਲ ਦੀ ਤੀਸਰੀ ਤੇ ਆਖਰੀ ਸ਼ਾਖਾ ਹੈ। ਇਸ ਸ਼ਾਖਾ ਦੇ ਅੰਤਰਗਤ ਵਿਭਿੰਨ ਸਾਹਿਤਿਕ ਰਚਨਾਵਾਂ/ਲੇਖਕਾਂ ਦਾ ਦੇਸ਼, ਕਾਲ ਅਤੇ ਭਾਸ਼ਾਈ ਸੀਮਾ ਦੀ ਪਰਵਾਹ ਕੀਤੇ ਬਿਨਾਂ ਤੁਲਨਾਤਮਿਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਸ਼ਾਖਾ 'ਤੁਲਨਾ' ਅਤੇ 'ਵਿਸ਼ਲੇਸ਼ਣ' ਦੇ ਸੰਦਾਂ ਨਾਲ਼ ਸਾਹਿਤਿਕ ਪਾਠਾਂ/ਲੇਖਕਾਂ ਦਾ ਸਰਬਪੱਖੀ ਅਧਿਐਨ ਕਰਦੀ ਹੈ। ਤੁਲਨਾਤਮਿਕ ਸਾਹਿਤਿਕ ਵਿਸ਼ਲੇਸ਼ਣ ਇੱਕ ਜਾਂ ਇੱਕ ਤੋਂ ਵੱਧ ਸਾਹਿਤ/ਸਾਹਿਤ-ਰੂਪਾਂ/ਰਚਨਾਤਮਿਕ-ਜੁਗਤਾਂ/ਵਿਚਾਰਧਾਰਾਵਾਂ/ਸਾਹਿਤਕਾਰਾਂ ਦਾ ਤੁਲਨਾ ਅਤੇ ਵਿਸ਼ਲੇਸ਼ਣ ਦੀ ਸਹਾਇਤਾ ਨਾਲ਼ ਅਧਿਐਨ ਕਰਦਾ ਹੈ। ਇਹ ਤੁਲਨਾਯੋਗ ਸਾਹਿਤਿਕ ਸਮੱਗਰੀ ਨੂੰ ਭਾਗਾਂ ਵਿੱਚ ਵੰਡ ਕੇ ਗੰਭੀਰ ਛਾਣਬੀਣ ਕਰਦਾ ਹੈ। ਅਜਿਹੇ ਅਧਿਐਨ ਨਾਲ਼ ਸਾਰਥਿਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਅਧਿਐਨ ਸਾਹਿਤਿਕ ਗਿਆਨ ਦੇ ਖੇਤਰ ਨੂੰ ਵਿਸ਼ਾਲਤਾ ਬਖਸ਼ਦਾ ਹੈ। ਇਸ ਸ਼ਾਖਾ ਅਧੀਨ ਕੀਤੇ ਅਧਿਐਨ ਵਿੱਚ ਸਾਹਿਤਿਕ ਰਚਨਾਵਾਂ ਦੇ ਸੁਹਜ-ਸ਼ਾਸਤਰੀ ਮੁੱਲਾਂ ਦੇ ਨਾਲ਼-ਨਾਲ਼ ਉਹਨਾਂ ਦੇ ਸਮਾਜ-

ਸਭਿਆਚਾਰਕ ਸੰਦਰਭਾਂ ਅਤੇ ਵਿਚਾਰਧਾਰਾ ਦਾ ਬਰੀਕੀ ਨਾਲ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਕਿ ਸਾਹਿਤਿਕ ਕਿਰਤ ਨੂੰ ਚੇਤਨੀ-ਅਵਚੇਤਨੀ ਧਰਾਤਲਾਂ ਤੋਂ ਸਮੱਗਰਤਾ ਸਹਿਤ ਸਮਝਿਆ ਜਾ ਸਕੇ।

ਸਪੱਸ਼ਟ ਹੈ ਕਿ ਤੁਲਨਾਤਮਿਕ ਅਧਿਐਨ ਦਾ ਘੇਰਾ ਬਹੁਤ ਵਿਸ਼ਾਲ ਹੈ। ਤੁਲਨਾਤਮਿਕ ਸਾਹਿਤ, ਤੁਲਨਾਤਮਿਕ ਆਲੋਚਨਾ ਅਤੇ ਤੁਲਨਾਤਮਿਕ ਵਿਸ਼ਲੇਸ਼ਣ ਤੁਲਨਾਤਮਿਕ ਅਧਿਐਨ ਦੀਆਂ ਹੀ ਸ਼ਾਖਾਵਾਂ ਹਨ। ਇਹਨਾਂ ਸ਼ਾਖਾਵਾਂ ਵਿੱਚ ਨਿਹਿਤ ਅੰਤਰ-ਦ੍ਰਿਸ਼ਟੀਆਂ ਦੇ ਅੰਤਰ-ਸੰਵਾਦ ਵਿੱਚੋਂ ਹੀ 'ਤੁਲਨਾਤਮਿਕ ਅਧਿਐਨ ਵਿਧੀ' ਦਾ ਸਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ ਅਤੇ ਸਾਹਿਤਿਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ ਅਧਿਐਨ ਲਈ ਇਸ ਵਿਧੀ ਦੀ ਸੀਮਾ ਅਤੇ ਸਮਰੱਥਾ ਤੋਂ ਵੀ ਜਾਣੂ ਹੋਇਆ ਜਾ ਸਕਦਾ ਹੈ। ਵਿਭਿੰਨ ਲੇਖਕਾਂ ਜਾਂ ਰਚਨਾਵਾਂ ਦਾ ਤੁਲਨਾਤਮਿਕ ਅਧਿਐਨ ਕਰਦੇ ਸਮੇਂ ਅਧਿਐਨ-ਕਰਤਾ ਦੀ ਦ੍ਰਿਸ਼ਟੀ ਕੇਵਲ ਤੱਥਾਂ ਜਾਂ ਗੁਣਾਂ ਉੱਤੇ ਹੀ ਕੇਂਦਰਿਤ ਹੋਣੀ ਚਾਹੀਦੀ ਹੈ ਜਿਹੜੇ ਉਹਨਾਂ ਲੇਖਕਾਂ ਜਾਂ ਰਚਨਾਵਾਂ ਦੁਆਰਾ ਦੋ ਕਾਲਾਂ, ਸਭਿਆਚਾਰਾਂ, ਰਚਨਾਵਾਂ ਦੇ ਮੂਲ ਅੰਤਰ-ਪਾਠਾਂ ਨੂੰ ਵਧੇਰੇ ਸ਼ਿੱਦਤ ਨਾਲ਼ ਅਗਰਭੂਮੀ 'ਤੇ ਲੈ ਆਉਂਦੇ ਹਨ। ਅਜਿਹਾ ਅਧਿਐਨ ਲੇਖਕਾਂ/ਰਚਨਾਵਾਂ ਦੇ ਗੁਣਾਂ/ਔਗੁਣਾਂ ਦੇ ਨਾਲ਼-ਨਾਲ਼ ਬਦਲਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਸਥਿਤੀਆਂ ਦੇ ਪ੍ਰਸੰਗ ਵਿੱਚ ਸਹਿਤਿਕ ਪਰਿਵਰਤਨ ਦਾ ਗਿਆਨ ਹਾਸਿਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਤੁਲਨਾਤਮਿਕ ਅਧਿਐਨ ਦੇ ਅੰਤਰਗਤ ਕੇਵਲ ਇਹ ਹੀ ਸੰਭਵ ਨਹੀਂ ਕਿ ਲੇਖਕਾਂ ਜਾਂ ਸਾਹਿਤਿਕ ਰਚਨਾਵਾਂ ਦੀ ਤੁਲਨਾ ਕਰਕੇ ਇੱਕ-ਦੂਜੇ ਦਾ ਮੁਕਾਬਲਾ ਕੀਤਾ ਜਾਵੇ। ਅਸਲ ਵਿੱਚ ਅਜਿਹੇ ਅਧਿਐਨ ਦਾ ਮੂਲ ਖ਼ਾਸਾ ਤਾਂ ਇਹ ਹੈ ਕਿ ਕਿਸੇ ਵਿਸ਼ੇਸ਼ ਸਭਿਆਚਾਰ ਦੀਆਂ ਮੂਲ ਪ੍ਰਵਿਰਤੀਆਂ ਤੇ ਝੁਕਾਵਾਂ ਦੁਆਰਾ ਆਪਣੀ ਸੀਮਿਤ ਦ੍ਰਿਸ਼ਟੀ ਨੂੰ ਵਧੇਰੇ ਵਿਸਤ੍ਰਿਤ ਤੇ ਵਿਸ਼ਾਲ ਕੀਤਾ ਜਾਵੇ ਤਾਂ ਕਿ ਵਿਸ਼ਵੀ ਪ੍ਰਸੰਗ ਵਿੱਚ ਸਭਿਆਚਾਰਕ ਵਰਤਾਰਿਆਂ ਨੂੰ ਵਧੇਰੇ ਸੰਜੀਦਗੀ ਨਾਲ਼ ਸਮਝਿਆ ਜਾ ਸਕੇ। ਕਿਸੇ ਵਿਸ਼ੇਸ਼ ਖਿੱਤੇ ਦੇ ਲੋਕਾਂ ਦਾ ਜੀਵਨ-ਵਿਹਾਰ ਕਿਸ ਤਰ੍ਹਾਂ ਦਾ ਹੈ? ਇਸ ਦਾ ਨਿਰਣਾ ਕਰਨ ਲਈ ਤੁਲਨਾਤਮਿਕ ਅਧਿਐਨ ਸਾਰਥਿਕ ਅਧਿਐਨ-ਵਿਧੀ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਡਾ. ਸਤਿੰਦਰ ਸਿੰਘ ਨੂਰ ਵੀ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੋਇਆ ਲਿਖਦਾ ਹੈ ਕਿ ਤੁਲਨਾਤਮਿਕ ਅਧਿਐਨ ਕਰਦਿਆਂ ਦੋ ਜਾਂ ਦੋ ਤੋਂ ਵੱਧ ਲੇਖਕਾਂ ਦੀਆਂ ਕੇਵਲ ਸਮਾਨਤਾਵਾਂ ਨੂੰ ਹੀ ਧਿਆਨ ਵਿੱਚ ਨਹੀਂ ਲਿਆਂਦਾ ਜਾਂਦਾ ਸਗੋਂ ਉਹ ਕਿੱਥੇ ਇੱਕ-ਦੂਜੇ ਤੋਂ ਅਲੱਗ ਹਨ, ਉਹਨਾਂ ਨੂੰ ਵੀ ਅਧਿਐਨ ਦਾ ਆਧਾਰ ਬਣਾਇਆ ਜਾਂਦਾ ਹੈ। ਤੁਲਨਾਤਮਿਕ ਅਧਿਐਨ ਦਾ ਅਰਥ ਕੇਵਲ ਸਮਾਨਤਾਵਾਂ ਲੱਭਣ ਤੱਕ ਹੀ ਸੀਮਿਤ ਨਹੀਂ ਸਗੋਂ ਨਿਰੋਲ ਅਸਮਾਨਤਾਵਾਂ ਦੀ ਸੂਖਮ ਗਹਿਰਾਈ ਅਤੇ ਵਿਅਕਤੀਤਵ ਨੂੰ ਦਰਸਾਉਣਾ ਵੀ ਮੂਲ ਵਿਸ਼ਾ ਹੈ। ਇਉਂ ਤੁਲਨਾਤਮਿਕ ਅਧਿਐਨ ਦੋ ਲੇਖਕਾਂ/ਰਚਨਾਵਾਂ ਦੇ ਤੱਤਾਂ ਦੇ ਅੰਤਰ-ਨਿਖੇੜ ਵਾਲ਼ਾ ਅਧਿਐਨ ਹੁੰਦਾ ਹੈ। ਇਹਨਾਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਇਹਨਾਂ ਦੀ ਪਿੱਠ-ਭੂਮੀ ਵਿੱਚ ਪਏ ਕਾਰਨਾਂ/ਪ੍ਰੇਰਕਾਂ ਨੂੰ ਖੋਜਣਾ ਹੀ ਤੁਲਨਾਤਮਿਕ ਅਧਿਐਨ-ਵਿਧੀ ਦਾ ਮੁੱਖ ਪ੍ਰਯੋਜਨ ਹੁੰਦਾ ਹੈ ਜਿਸ ਦੇ ਆਧਾਰ 'ਤੇ ਸਾਰਥਿਕ ਨਤੀਜਿਆਂ ਦੀ ਤਲਾਸ਼ ਕੀਤੀ ਜਾਂਦੀ ਹੈ।

ਤੁਲਨਾਤਮਿਕ ਅਧਿਐਨ ਵਿਧੀ ਦੇ ਅੰਤਰਗਤ ਅਧਿਐਨ ਕਰਤਾ ਦਾ ਮਨੋਰਥ ਕਿਸੇ ਰਚਨਾ/ਲੇਖਕ ਨੂੰ ਦੂਜੇ ਨਾਲ਼ੋਂ ਚੰਗਾ ਜਾਂ ਮਾੜਾ ਸਿੱਧ ਕਰਨਾ ਨਹੀਂ ਹੁੰਦਾ ਸਗੋਂ ਦੋਹਾਂ ਦਾ ਨਿਰਪੱਖ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਹੁੰਦਾ ਹੈ। ਅਜਿਹੇ ਕਾਰਜ ਵਿੱਚ ਪਿਆ ਅਧਿਐਨ ਕਰਤਾ ਵਿਭਿੰਨ ਰਚਨਾਵਾਂ ਦੇ ਵਿਸ਼ੇ, ਕਲਾ, ਭਾਸ਼ਾ, ਸ਼ੈਲੀ ਆਦਿ ਦਾ ਤੁਲਨਾਤਮਿਕ ਅਧਿਐਨ ਕਰਕੇ ਉਹਨਾਂ ਦੀ ਵਿਲੱਖਣਤਾ ਨੂੰ ਪਛਾਣਨ ਦਾ ਯਤਨ ਕਰਦਾ ਹੈ।

ਤੁਲਨਾਤਮਿਕ ਅਧਿਐਨ ਕਰਨਾ ਜਿੰਨਾ ਦਿਲਚਸਪ ਲੱਗਦਾ ਹੈ ਇਹ ਓਨਾ ਹੀ ਔਖਾ ਕਾਰਜ ਹੈ। ਤੁਲਨਾਤਮਿਕ ਅਧਿਐਨ ਕਰਦਿਆਂ ਅਧਿਐਨ ਕਰਤਾ ਲਈ ਨਿਰਪੱਖ ਹੋਣ ਦੇ ਨਾਲ਼-ਨਾਲ਼ ਬਹੁਤ ਸਾਰੇ ਅਨੁਸ਼ਾਸਨਾਂ ਦੇ ਗਿਆਨ ਦਾ ਧਾਰਨੀ ਹੋਣਾ ਵੀ ਲਾਜ਼ਮੀ ਹੈ। ਤੁਲਨਾਤਮਿਕ ਅਧਿਐਨ ਕਰਤਾ ਜੇਕਰ ਬਹੁ-ਪਰਿਪੇਖੀ ਗਿਆਨ ਅਤੇ ਨਿਰਪੱਖਤਾ ਦਾ ਧਾਰਨੀ ਨਹੀਂ ਹੋਵੇਗਾ ਤਾਂ ਉਹ ਅਧਿਐਨ ਕਰਦਿਆਂ ਸਾਰਥਿਕ ਸਿੱਟੇ ਨਹੀਂ ਕੱਢ ਸਕੇਗਾ। ਅਧਿਐਨ ਕਰਤਾ ਨੂੰ ਤੁਲਨਾਤਮਿਕ ਅਧਿਐਨ ਦਾ ਵਿਸ਼ਾ ਬਣੇ ਲੇਖਕਾਂ/ਰਚਨਾਵਾਂ ਦੇ ਦੇਸ, ਭਾਸ਼ਾ, ਸਭਿਆਚਾਰ, ਇਤਿਹਾਸ ਆਦਿ ਬਾਰੇ ਜੇ ਬਹੁ-ਪਰਿਪੇਖੀ ਗਿਆਨ ਨਾ ਹੋਵੇ ਤਾਂ ਉਹ ਇਹਨਾਂ ਦਾ ਸਾਰਥਿਕ ਅਧਿਐਨ ਪ੍ਰਸਤੁਤ ਨਹੀਂ ਕਰ ਸਕੇਗਾ। ਇਸ ਲਈ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਾਲ ਤੇ ਸੰਭਾਵਨਾਵਾਂ ਭਰਪੂਰ ਵਿਸ਼ੇ ਨੂੰ ਗੰਭੀਰਤਾ ਨਾਲ਼ ਨੇਪਰੇ ਚਾੜ੍ਹਨ ਹਿਤ ਅਧਿਐਨ-ਕਰਤਾ ਲਈ ਗੰਭੀਰ ਚਿੰਤਨ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।

ਤੁਲਨਾਤਮਿਕ ਅਧਿਐਨ ਸਾਹਿਤਿਕ ਰਚਨਾਵਾਂ/ਲੇਖਕਾਂ ਦਾ ਤੱਥਾਂ ਦੇ ਆਧਾਰ ‘ਤੇ ਸਾਰਥਿਕ ਅਧਿਐਨ ਪ੍ਰਸਤੁਤ ਕਰਦਾ ਹੈ। ਇਸ ਅਧਿਐਨ ਪ੍ਰਕਿਰਿਆ ਵਿੱਚ ਪਿਆ ਅਧਿਐਨ ਕਰਤਾ ਸਾਹਿਤਕਾਰਾਂ/ਰਚਨਾਵਾਂ ਦੀਆਂ ਸਮਾਨਤਾਵਾਂ, ਅਸਮਾਨਤਾਵਾਂ ਅਤੇ ਵਿਲੱਖਣਤਾਵਾਂ ਨੂੰ ਬਦਲਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਸਥਿਤੀਆਂ/ਪ੍ਰਸਥਿਤੀਆਂ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਦਾ ਹੈ। ਇਸ ਲਈ ਨਿਰਪੱਖਤਾ ਬਹੁਤ ਜ਼ਰੂਰੀ ਹੁੰਦੀ ਹੈ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਦੁਆਰਾ ਕੀਤਾ ਤੁਲਨਾਤਮਿਕ ਅਧਿਐਨ ਪ੍ਰਭਾਵਸ਼ਾਲੀ ਸਿੱਟੇ ਪ੍ਰਦਾਨ ਨਹੀਂ ਕਰੇਗਾ। ਤੁਲਨਾਤਮਿਕ ਅਧਿਐਨ ਕਰਦਿਆਂ ਸਾਹਿਤ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਸਮਾਜਿਕ ਸਥਿਤੀਆਂ/ਪ੍ਰਸਥਿਤੀਆਂ ਸਾਹਿਤ ਸਿਰਜਕ ਦੇ ਚੇਤਨ/ਅਵਚੇਤਨ ਨੂੰ ਘੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਚੇਤਨ/ਅਵਚੇਤਨ ਅੱਗੋਂ ਸਾਹਿਤ ਜਾਂ ਹੋਰ ਕਲਾਵਾਂ ਨੂੰ ਜਨਮ ਦਿੰਦਾ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਸਾਹਿਤ ਜਾਂ ਹੋਰ ਕਲਾਵਾਂ ਇਸੇ ਚੇਤਨ/ਅਵਚੇਤਨ ਦੀ ਕਲਾਤਮਿਕ ਅਭਿਵਿਅਕਤੀ ਹੁੰਦੀਆਂ ਹਨ। ਤੁਲਨਾਤਮਿਕ ਅਧਿਐਨ ਇੱਕ ਤੋਂ ਵਧੇਰੇ ਅਨੁਸ਼ਾਸਨਾਂ/ਨਿਸ਼ਕਰਸ਼ਾਂ ਦੀ ਸਮਝ ਦੀ ਮੰਗ ਕਰਦਾ ਹੈ। ਹਰ ਸਾਹਿਤਕਾਰ ਆਪਣੀ ਸੰਸਕ੍ਰਿਤੀ, ਧਰਤੀ, ਵਿਸ਼ੇਸ਼ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਸਥਿਤੀਆਂ/ਪ੍ਰਸਥਿਤੀਆਂ ਵਿੱਚ ਪੈਦਾ ਹੁੰਦਾ ਹੈ ਅਤੇ ਪ੍ਰਵਾਨ ਚੜ੍ਹਦਾ ਹੈ। ਇਹ ਸਭ ਕੁਝ ਉਸ ਦੇ ਅਨੁਭਵ ਤੇ ਚੇਤਨਾ ਨੂੰ ਸਿਰਜਦਾ ਹੀ ਨਹੀਂ ਸਗੋਂ ਪ੍ਰਭਾਵਿਤ ਵੀ ਕਰਦਾ ਹੈ। ਇਸ ਲਈ ਤੁਲਨਾਤਮਿਕ ਅਧਿਐਨ ਕਰਤਾ ਨੂੰ ਆਮ ਸਾਹਿਤਿਕ ਅਧਿਐਨ ਕਰਨ ਵਾਲ਼ੇ ਅਧਿਐਨ ਕਰਤਾ ਤੋਂ ਵਧੇਰੇ ਮਿਹਨਤ, ਲਗਨ,

ਤਰਕ ਤੇ ਸਿਰੜ ਦੀ ਲੋੜ ਹੁੰਦੀ ਹੈ ਕਿਉਂ ਕਿ ਜਿੱਥੇ ਹੋਰ ਪ੍ਰਚੱਲਿਤ ਅਧਿਐਨ ਵਿਧੀਆਂ ਵਿੱਚ ਇੱਕ ਮੁੱਖ ਪਾਸਾਰ ਹੁੰਦਾ ਹੈ, ਉੱਥੇ ਤੁਲਨਾਤਮਿਕ ਅਧਿਐਨ ਵਿਧੀ ਦੋ ਜਾਂ ਦੋ ਤੋਂ ਵਧੇਰੇ ਪਾਸਾਰਾਂ ਵਾਲ਼ੀ ਹੁੰਦੀ ਹੈ। ਇਉਂ ਆਧਾਰ-ਸਮੱਗਰੀ ਦਾ ਖੇਤਰ ਜਿੰਨਾ ਵਿਸ਼ਾਲ ਹੁੰਦਾ ਹੈ ਓਨਾ ਹੀ ਅਧਿਐਨ ਕਰਤਾ ਨੂੰ ਵਧੇਰੇ ਸਤਰਕ ਰਹਿਣ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਇਸ ਵਿੱਚ ਉਲਝ ਨਾ ਜਾਵੇ। ਸਪੱਸ਼ਟ ਹੈ ਕਿ ਤੁਲਨਾਤਮਿਕ ਅਧਿਐਨ ਕਰਤਾ ਲਈ ਜਿੱਥੇ ਇੱਕ ਤੋਂ ਵਧੇਰੇ ਸਾਹਿਤ-ਅਧਿਐਨ ਦੇ ਅਨੁਸ਼ਾਸਨਾਂ ਦੀ ਸਮਝ ਹੋਣੀ ਚਾਹੀਦੀ ਹੈ ਉੱਥੇ ਨਿਰਪੱਖ ਤੇ ਤਰਕਸ਼ੀਲ ਦ੍ਰਿਸ਼ਟੀ ਦਾ ਧਾਰਨੀ ਹੋਣਾ ਵੀ ਲਾਜ਼ਮੀ ਹੁੰਦਾ ਹੈ ਕਿਉਂ ਕਿ ਅਧਿਐਨ ਕਰਤਾ ਕਿਸੇ ਵੀ ਤਰ੍ਹਾਂ ਦੇ ਭਾਵੁਕਤਾਪੂਰਨ ਪੱਖਪਾਤ ਵਿੱਚ ਪੈ ਕੇ ਪ੍ਰਭਾਵਸ਼ਾਲੀ ਸਿੱਟੇ ਪ੍ਰਸਤੁਤ ਨਹੀਂ ਕਰ ਸਕੇਗਾ ਤੇ ਉਸ ਦੁਆਰਾ ਕੀਤਾ ਤੁਲਨਾਤਮਿਕ ਅਧਿਐਨ ਕੁਰਾਹੇ ਪਾਉਣ ਵਾਲ਼ਾ ਹੋਵੇਗਾ।

### ਹ) ਵਿਹਾਰਕ ਮਸਲੇ:

ਤੁਲਨਾਤਮਿਕ ਅਧਿਐਨ ਇੱਕ ਸਿਧਾਂਤਕ ਵਰਤਾਰਾ ਹੈ ਪ੍ਰੰਤੂ ਇਸ ਦੇ ਵਿਹਾਰਕ ਮਸਲੇ ਨੂੰ ਸਮਝਣਾ ਵੀ ਲਾਜ਼ਮੀ ਹੈ। ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਦੋ ਲੇਖਕਾਂ ਦੇ ਸਾਹਿਤ ਦੀ ਤੁਲਨਾ ਕਰਨ ਸਮੇਂ ਸਿਧਾਂਤਕ ਤੇ ਵਿਹਾਰਕ ਸਮਝ ਦਾ ਧਾਰਨੀ ਹੋਣਾ ਜ਼ਰੂਰੀ ਹੁੰਦਾ ਹੈ। ਇਸ ਪ੍ਰਸੰਗ ਵਿੱਚ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੀ ਭਾਸ਼ਾ ਦੇ ਸਾਹਿਤ ਦੀ ਇੱਕੋ ਵਿਧਾ ਦੇ ਦੋ ਲੇਖਕਾਂ ਦਾ ਤੁਲਨਾਤਮਿਕ ਅਧਿਐਨ ਕਰਨ ਲਈ ਵਿਹਾਰਕ ਨੁਕਤਿਆਂ ਦੀ ਤਲਾਸ਼ ਕਰਕੇ ਹੀ ਸਾਰਥਿਕ ਅਧਿਐਨ ਕੀਤਾ ਜਾ ਸਕਦਾ ਹੈ। ਆਦਿ ਕਾਲ ਤੋਂ ਹੀ ਤੁਲਨਾ ਕਰਨਾ ਮਾਨਵੀ ਜੀਵਨ ਦਾ ਖ਼ਾਸਾ ਰਿਹਾ ਹੈ। 'ਤੁਲਨਾ' ਨੂੰ ਆਧਾਰ ਵਜੋਂ ਅਪਣਾ ਕੇ ਹੀ ਵਿਸ਼ਵ ਪੱਧਰ ਦੇ ਸਾਹਿਤ ਦੇ ਅਧਿਐਨ ਲਈ ਤੁਲਨਾਤਮਿਕ ਅਧਿਐਨ-ਵਿਧੀ ਹੋਂਦ ਵਿੱਚ ਆਈ ਹੈ।

ਹਰ ਲੇਖਕ ਦੀ ਆਪਣੀ ਇਤਿਹਾਸਕ ਤੇ ਸਮਾਜਿਕ ਪਿੱਠ-ਭੂਮੀ ਹੁੰਦੀ ਹੈ। ਇਹ ਲੇਖਕ ਨੂੰ ਅੰਦਰੂਨੀ ਤੇ ਬਾਹਰੀ ਦੋਨਾਂ ਪੱਧਰਾਂ 'ਤੇ ਪ੍ਰਭਾਵਿਤ ਕਰਦੀ ਹੈ। ਦੋ ਲੇਖਕਾਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਅਧਿਐਨ ਕਰਤਾ ਨੂੰ ਉਹਨਾਂ ਦੀ ਇਤਿਹਾਸਕ ਤੇ ਸਮਾਜਿਕ ਪਿੱਠ-ਭੂਮੀ ਬਾਰੇ ਬਹੁ-ਪਰਿਪੇਖੀ ਜਾਣਕਾਰੀ ਹੋਣਾ ਲਾਜ਼ਮੀ ਹੈ। ਲੇਖਕਾਂ ਦੇ ਸਮਕਾਲੀ ਦੌਰ ਦੇ ਜੀਵਨ ਸਮਾਚਾਰਾਂ, ਪ੍ਰਮੁੱਖ ਇਤਿਹਾਸਕ ਘਟਨਾਵਾਂ, ਰਾਜਨੀਤਿਕ ਅੰਦੋਲਨਾਂ, ਸਮਾਜ-ਸੁਧਾਰਕ ਲਹਿਰਾਂ, ਆਰਥਿਕ ਵਸੀਲਿਆਂ, ਧਾਰਮਿਕ ਸੰਗਠਨਾਂ ਅਤੇ ਸਭਿਆਚਾਰਕ ਵਰਤਾਰਿਆਂ ਆਦਿ ਨੂੰ ਸਨਮੁੱਖ ਰੱਖ ਕੇ ਹੀ ਦੋ ਲੇਖਕਾਂ ਦੇ ਤੁਲਨਾਤਮਿਕ ਅਧਿਐਨ ਨੂੰ ਸਹੀ ਦਿਸ਼ਾ ਦਿੱਤੀ ਜਾ ਸਕਦੀ ਹੈ। ਤੁਲਨਾਤਮਿਕ ਅਧਿਐਨ ਕਰਨ ਲਈ ਅਧਿਐਨ ਕਰਤਾ ਦਾ ਕੰਮ ਕੇਵਲ ਸਾਹਿਤ ਦਾ ਵਿਸ਼ਲੇਸ਼ਣ ਕਰਨ ਨਾਲ਼ ਹੀ ਨਹੀਂ ਨਿੱਬੜ ਜਾਂਦਾ ਸਗੋਂ ਉਸ ਨੇ ਪ੍ਰਤੱਖਤਾ ਨਾਲ਼ ਇਹ ਵਿਸ਼ਲੇਸ਼ਣ ਕਰਨਾ ਹੁੰਦਾ ਹੈ ਤਾਂ ਕਿ ਸਮਾਜ ਦਾ ਸਰੂਪ, ਰਾਜਨੀਤੀ ਦੀ ਰੂਪ-ਰੇਖਾ, ਧਾਰਮਿਕ ਰਹੁ-ਰੀਤਾਂ, ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਆਰਥਿਕਤਾ ਦਾ ਸਮੁੱਚਾ ਵਰਤਾਰਾ ਇਸ ਵਿੱਚੋਂ ਪ੍ਰਤੱਖ ਨਜ਼ਰ ਆਵੇ। ਇਸ ਵਿੱਚੋਂ ਲੇਖਕਾਂ ਦੇ ਇਤਿਹਾਸਕ ਪਰਿਪੇਖ ਬਾਰੇ ਉਹਨਾਂ ਦੇ ਪ੍ਰਤੀਕਰਮ ਨੂੰ ਵੀ ਤੁਲਨਾਤਮਿਕ ਅਧਿਐਨ ਵਿੱਚ ਵਿਚਾਰਿਆ ਜਾ ਸਕਦਾ ਹੈ।

**ਤੁਲਨਾਤਮਿਕ ਅਧਿਐਨ ਦੀਆਂ ਵਿਸ਼ੇਸ਼ਤਾਵਾਂ:**

ਤੁਲਨਾਤਮਿਕ ਅਧਿਐਨ ਨੇ ਸਾਡੇ ਗਿਆਨ ਵਿੱਚ ਵਾਧਾ ਕਰਕੇ ਸਾਨੂੰ ਵੱਖ-ਵੱਖ ਦੇਸ਼ਾਂ ਦੀਆਂ ਵੱਖ-ਵੱਖ ਵਸਤਾਂ, ਵਰਤਾਰਿਆਂ, ਵਿਸ਼ਿਆਂ ਜਾਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾ ਕੇ ਸੂਖਮ ਖੋਜ-ਸਮਰੱਥਾ ਜਿਹੇ ਗੁਣਾਂ ਦੀ ਸੂਝ ਬਖਸ਼ੀ ਹੈ। ਤੁਲਨਾਤਮਿਕ ਅਧਿਐਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਇੱਕ ਅਜਿਹਾ ਮਾਧਿਅਮ ਹੈ ਜਿਸ ਦੇ ਦੁਆਰਾ ਅਧਿਐਨ ਪੱਧਰ ਦੀਆਂ ਸਾਰੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਅਧਿਐਨ ਦੀਆਂ ਨਵੀਆਂ ਸੰਭਾਵਨਾਵਾਂ ਤੋਂ ਹੀ ਅਧਿਐਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਪਤਾ ਚੱਲਦਾ ਹੈ।


1. ਤੁਲਨਾਤਮਿਕ ਅਧਿਐਨ ਤੋਂ ਸਾਨੂੰ ਸੰਸਾਰ ਦੇ ਸਾਹਿਤ ਦੇ ਸਾਹਿਤਿਕ ਗੁਣਾਂ ਦੀ ਸਹੀ ਸੂਝ ਹਾਸਿਲ ਹੁੰਦੀ ਹੈ।
2. ਤੁਲਨਾਤਮਿਕ ਅਧਿਐਨ ਨਾਲ਼ ਕਿਸੇ ਵੀ ਰਚਨਾ ਬਾਰੇ ਨਵੇਂ ਸੰਦਰਭ-ਰੂਪ ਪ੍ਰਗਟ ਹੁੰਦੇ ਹਨ।
3. ਤੁਲਨਾਤਮਿਕ ਅਧਿਐਨ ਨਾਲ਼ ਸਾਡੇ ਵਰਤਮਾਨ ਗਿਆਨ ਵਿੱਚ ਵਾਧਾ ਹੁੰਦਾ ਹੈ।
4. ਤੁਲਨਾਤਮਿਕ ਅਧਿਐਨ ਨਾਲ਼ ਖੋਜ ਦ੍ਰਿਸ਼ਟੀ ਵਿੱਚ ਗਹਿਰਾਈ ਆਉਂਦੀ ਹੈ ਜਿਸ ਨਾਲ਼ ਖੋਜ ਕਰਨ ਦੀ ਰੁਚੀ ਹੋਰ ਵਧੇਰੇ ਪ੍ਰਫ਼ੁੱਲਿਤ ਹੁੰਦੀ ਹੈ।
5. ਤੁਲਨਾਤਮਿਕ ਅਧਿਐਨ ਦੁਆਰਾ ਜੀਵਨ ਅਤੇ ਸਾਹਿਤ ਦੀਆਂ ਗੁੰਝਲਾਂ ਨੂੰ ਸਹੀ ਤਰੀਕੇ ਨਾਲ਼ ਪੇਸ਼ ਕੀਤਾ ਜਾ ਸਕਦਾ ਹੈ।
6. ਤੁਲਨਾਤਮਿਕ ਅਧਿਐਨ ਨਾਲ਼ ਕਿਸੇ ਵੀ ਵਸਤੂ ਜਾਂ ਵਰਤਾਰੇ ਦੀਆਂ ਸਾਂਝਾਂ ਅਤੇ ਵਖਰੇਵੇਂ ਉੱਭਰ ਕੇ ਸਾਹਮਣੇ ਆਉਂਦੇ ਹਨ।

ਸੋ ਤੁਲਨਾਤਮਿਕ ਅਧਿਐਨ ਦੇ ਮਹੱਤਵ ਬਾਰੇ ਵਿਚਾਰ ਕਰੀਏ ਤਾਂ ਇਹ ਪਤਾ ਚੱਲਦਾ ਹੈ ਕਿ ਤੁਲਨਾਤਮਿਕ ਅਧਿਐਨ ਦਾ ਸੰਬੰਧ ਸਾਰੇ ਸੰਸਾਰ ਨਾਲ਼ ਹੈ। ਅੱਜ ਦੇ ਆਧੁਨਿਕ ਸਮੇਂ ਵਿੱਚ ਤੁਲਨਾਤਮਿਕ ਅਧਿਐਨ ਰਾਜਨੀਤਿਕ ਅਤੇ ਭਾਸ਼ਾਈ ਹੱਦਬੰਦੀਆਂ ਤੋਂ ਮੁਕਤ ਹੋ ਕੇ ਸਾਹਿਤ ਦਾ ਅਧਿਐਨ ਵੀ ਬਣ ਚੁੱਕਾ ਹੈ। ਤੁਲਨਾਤਮਿਕ ਅਧਿਐਨ ਭਾਰਤ ਵਰਗੇ ਦੇਸ਼ ਲਈ ਤਾਂ ਹੋਰ ਵੀ ਮਹੱਤਵਪੂਰਨ ਹੈ ਕਿਉਂ ਕਿ ਭਾਰਤ ਵਿੱਚ ਅਨੇਕਾਂ ਵਿਸ਼ੇ ਜਿਵੇਂ ਸੰਸਕ੍ਰਿਤੀ, ਸਾਹਿਤ, ਕਦਰਾਂ-ਕੀਮਤਾਂ, ਵਸਤ-ਵਰਤਾਰੇ, ਰਹੁ-ਰੀਤਾਂ, ਖਾਣ-ਪੀਣ ਆਦਿ ਤੁਲਨਾਤਮਿਕ ਅਧਿਐਨ ਦੇ ਵਿਸ਼ੇ ਬਣ ਸਕਦੇ ਹਨ। ਇਸ ਤਰ੍ਹਾਂ ਤੁਲਨਾਤਮਿਕ ਅਧਿਐਨ ਆਪਣੇ ਮਾਧਿਅਮ ਦੁਆਰਾ ਸੰਸਾਰ, ਦੇਸ਼ ਜਾਂ ਕੌਮ ਦੀਆਂ ਵਿਭਿੰਨ ਇਕਾਈਆਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਵਿੱਚ ਮੱਦਦ ਕਰਦਾ ਹੈ ਅਤੇ ਤੁਲਨਾਤਮਿਕ ਅਧਿਐਨ ਦੇ ਦੁਆਰਾ ਅਸੀਂ ਕਿਸੇ ਦੇਸ, ਕੌਮ, ਸਮਾਜ ਦੀ ਭਾਸ਼ਾ, ਸੰਸਕ੍ਰਿਤੀ, ਰਹੁ-ਰੀਤਾਂ, ਪਹਿਰਾਵੇ, ਖਾਣ-ਪੀਣ ਆਦਿ ਨੂੰ ਸਾਹਿਤਿਕ ਸੂਝ ਨਾਲ਼ ਸਮਝ ਸਕਦੇ ਹਾਂ। ਰਿਮਾਕ ਨੇ ਤਾਂ ਇਸਨੂੰ ਅੰਤਰ-ਅਨੁਸ਼ਾਸਨੀ ਦਿਸ਼ਾ ਵੀ ਦੇ ਦਿੱਤੀ ਹੈ। ਅੱਜ ਤੁਲਨਾਤਮਿਕ ਅਧਿਐਨ ਖਾਸ ਕਰਕੇ ਭਾਰਤ ਵਿੱਚ

ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਅਜੇ ਆਪਣੇ ਆਰੰਭਿਕ ਪੜਾਅ ਉੱਤੇ ਸਾਹਿਤ ਅਤੇ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਸਮਝਣ ਦੀ ਸੂਝ ਦੇ ਰਿਹਾ ਹੈ।

ਇਹ ਵਿਚਾਰ ਤੁਲਨਾਤਮਿਕ ਅਧਿਐਨ ਦੇ ਸਿਧਾਂਤਕ ਆਧਾਰ ਨੂੰ ਸਮਝਣ ਲਈ ਕੀਤੇ ਗਏ ਹਨ। ਇਸ ਖੋਜ-ਪ੍ਰਬੰਧ ਅਧੀਨ ਪੰਜਾਬ ਦੇ ਮਾਲਵੇ,ਮਾਝੇ ਅਤੇ ਦੁਆਬੇ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਨੂੰ ਤੁਲਨਾਤਮਿਕ ਅਧਿਐਨ ਦੇ ਮਾਧਿਅਮ ਰਾਹੀਂ ਵੀ ਵਿਚਾਰਨਾ ਹੈ। ਇਹਨਾਂ ਖੇਤਰਾਂ ਵਿੱਚ ਮਾਲਵੇ,ਮਾਝੇ ਅਤੇ ਦੁਆਬੇ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦੀ ਪੂਜਾ ਵਿਧੀ-ਵਿਧਾਨ ਅਤੇ ਗੋਤਾਂ ਦੀ ਲੋਕ ਮਾਨਸਿਕਤਾ ਨੂੰ ਤੁਲਨਾਤਮਿਕ ਪੱਖੋਂ ਵਿਚਾਰਿਆ ਜਾਵੇਗਾ।

ਤੁਲਨਾਤਮਿਕ ਅਧਿਐਨ ਦੀਆਂ ਪਰਿਭਾਸ਼ਾਵਾਂ, ਇਸਦੇ ਸਰੂਪ, ਵਿਸ਼ੇਸ਼ਤਾਵਾਂ ਅਤੇ ਇਸਦੇ ਇਤਿਹਾਸਕ ਪਿਛੋਕੜ ਨੂੰ ਘੋਖਣ ਤੋਂ ਬਾਅਦ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਹਰ ਖਿੱਤੇ (ਮਾਲਵੇ,ਮਾਝੇ ਅਤੇ ਦੁਆਬੇ) ਦੀ ਲੋਕ ਮਾਨਸਿਕਤਾ ਪਿੱਛੇ ਕਾਰਜਸ਼ੀਲ ਜਠੇਰਾ-ਪੂਜਾ ਦੇ ਵਿਧੀ-ਵਿਧਾਨ ਨੂੰ ਦੂਸਰੇ ਖਿੱਤੇ ਨਾਲ਼ ਤੁਲਨਾ ਕਰਕੇ ਪਰਖਿਆ ਤੇ ਵਿਚਾਰਿਆ ਜਾਵੇਗਾ।




ਉਪਰੋਕਤ ਦੀ ਲੋਅ ਵਿੱਚ ਅਸੀਂ ਆਪਣੇ ਖੋਜ-ਪ੍ਰਬੰਧ ਵਿੱਚ ਗੋਤਾਂ ਅਤੇ ਜਠੇਰਿਆਂ ਦੇ ਤੁਲਨਾਤਮਕ ਅਧਿਐਨ ਨੂੰ ਵਿਚਾਰਦੇ ਹੋਏ ਥੀਮ-ਮੂਲਕ, ਸੰਰਚਨਾ-ਮੂਲਕ ਅਤੇ ਵਿਚਾਰ-ਮੂਲਕ ਅਧਿਐਨ ਵਿਧੀ ਦੇ ਆਧਾਰ ‘ਤੇ ਗੋਤਾਂ ਅਤੇ ਜਠੇਰਿਆਂ ਦੀਆਂ ਸਾਂਝਾਂ ਅਤੇ ਵਖਰੇਵਿਆਂ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

## 5.2 ਗੋਤਾਂ ਅਤੇ ਜਠੇਰਿਆਂ ਦਾ ਤੁਲਨਾਤਮਿਕ ਅਧਿਐਨ: ਸਾਂਝਾਂ ਅਤੇ ਵਖਰੇਵੇਂ

ਆਪਣੇ ਖੋਜ-ਸਰਵੇਖਣ ਦੌਰਾਨ ਪੰਜਾਬ ਦੇ ਮਾਲਵੇ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਜੋ ਕਿ ਵਿੱਦਿਅਕ ਅਤੇ ਸਾਹਿਤਿਕ ਗਤੀਵਿਧੀਆਂ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਹੈ ਅਤੇ ਜਿਸ ਵਿੱਚੋਂ ਪੰਜਾਬ ਦੇ ਮਾਲਵਾ ਖਿੱਤੇ ਦਾ ਮੁਹਾਂਦਰਾ ਪੂਰੀ ਤਰ੍ਹਾਂ ਝਲਕਦਾ ਹੈ ਨਾਲ਼ ਸੰਬੰਧਿਤ ਖੋਜ-ਪ੍ਰਬੰਧ ਦੀ ਸਮੱਗਰੀ ਇਕੱਤਰ ਕਰਦੇ ਹੋਏ ਮਾਲਵਾ ਖਿੱਤੇ ਵਿੱਚ 141 ਦੇ ਕਰੀਬ ਗੋਤਾਂ ਦਾ ਖੇਤਰੀ ਸਰਵੇਖਣ ਕੀਤਾ ਗਿਆ। ਇਸੇ ਤਰ੍ਹਾਂ ਪੰਜਾਬ ਦੇ ਮਾਝਾ ਖਿੱਤੇ ਨਾਲ਼ ਸੰਬੰਧਿਤ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਆਪਣੇ ਖੋਜ-ਸਰਵੇਖਣ ਦੇ ਪ੍ਰਮੁੱਖ ਜ਼ਿਲ੍ਹੇ ਵਜੋਂ ਚੁਣਿਆ ਗਿਆ। 'ਸਿਫਤੀ ਦੇ ਘਰ' ਵਜੋਂ ਜਾਣੇ ਜਾਂਦੇ ਮਾਝਾ ਇਲਾਕੇ ਦੇ ਇਸ ਕੇਂਦਰੀ ਜ਼ਿਲ੍ਹੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚੋਂ ਕੁੱਲ 77 ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਪੰਜਾਬ ਦੇ ਤੀਸਰੇ ਖਿੱਤੇ ਦੁਆਬੇ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਨੂੰ ਖੋਜ-ਸਮੱਗਰੀ ਇਕੱਤਰ ਕਰਨ ਲਈ ਸਰਵੇਖਣ ਅਧੀਨ ਲਿਆਂਦਾ ਗਿਆ। ਇਸ ਜ਼ਿਲ੍ਹੇ ਦੇ ਅੰਤਰਗਤ 143 ਗੋਤਾਂ ਦੇ ਨਿਕਾਸ, ਵਿਕਾਸ ਤੇ ਇਤਿਹਾਸਕ ਪਿਛੋਕੜ ਸੰਬੰਧੀ ਖੋਜ-ਸਮੱਗਰੀ ਇਕੱਤਰ ਕੀਤੀ ਗਈ। ਇਸ ਤਰ੍ਹਾਂ ਪੰਜਾਬ ਦੇ ਉਪਰੋਕਤ ਤਿੰਨਾਂ ਖਿੱਤਿਆਂ ਕ੍ਰਮਵਾਰ ਮਾਲਵਾ, ਮਾਝਾ ਅਤੇ ਦੁਆਬਾ ਨਾਲ਼ ਸੰਬੰਧਿਤ ਤਿੰਨ ਪ੍ਰਮੁੱਖ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿੱਚੋਂ ਕੁੱਲ 361 ਪ੍ਰਮੁੱਖ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ, ਪੂਜਾ-ਵਿਧੀਆਂ ਦੀ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਉਹਨਾਂ ਦੀਆਂ ਗੁੰਝਲਾਂ ਅਤੇ ਭਰਮਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧੀਨ ਪੁਰਾਣੇ ਅਤੇ ਨਵੇਂ ਜ਼ਮਾਨੇ ਦੇ ਲੋਕਾਂ ਦੀ ਮਾਨਸਿਕਤਾ ਵਿੱਚ ਆਏ ਹੋਏ ਫ਼ਰਕ ਨੂੰ ਆਧੁਨਿਕ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ।

### ਗੋਤ ਅਤੇ ਜਠੇਰੇ: ਸਾਂਝਾਂ/ਸਮਾਨਤਾਵਾਂ

ਆਪਣੇ ਖੋਜ-ਪ੍ਰਬੰਧ ਨਾਲ਼ ਸੰਬੰਧਿਤ ਪੰਜਾਬ ਦੇ ਤਿੰਨ ਪ੍ਰਮੁੱਖ ਖਿੱਤਿਆਂ ਕ੍ਰਮਵਾਰ ਮਾਲਵਾ, ਮਾਝਾ ਅਤੇ ਦੁਆਬਾ ਵਿੱਚ ਖੋਜ-ਕਾਰਜ ਦੇ ਅੰਤਰਗਤ ਲਿਆਂਦੇ ਗਏ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਪਿੰਡਾਂ ਵਿੱਚੋਂ ਵੱਖ-ਵੱਖ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ ਦੀ ਮਾਨਤਾ ਸੰਬੰਧੀ ਖੋਜ-ਸਮੱਗਰੀ ਇਕੱਤਰ ਕਰਦਿਆਂ ਇਹਨਾਂ ਤਿੰਨਾਂ ਖਿੱਤਿਆਂ ਵਿਚਲੇ ਗੋਤਾਂ ਅਤੇ ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਵਿੱਚ ਬਹੁਤ ਸਾਰੀਆਂ ਸਮਨਾਤਾਵਾਂ ਪਾਈਆਂ ਗਈਆਂ, ਜਿਨ੍ਹਾਂ ਦਾ ਵਰਣਨ ਅਸੀਂ ਅੱਗੇ ਕਰਨ ਜਾ ਰਹੇ ਹਾਂ:-

- ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ ਅਤੇ ਮਾਝਾ ਇਲਾਕੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਏ ਗਏ ਗੋਤ ਅਟਵਾਲ ਨਾਲ਼ ਸੰਬੰਧਿਤ ਲੋਕਾਂ ਵਿੱਚ ਜਾਤੀ ਤੌਰ 'ਤੇ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਇਹਨਾਂ ਦੋਹਾਂ ਹੀ ਖਿੱਤਿਆਂ ਦੇ ਅਟਵਾਲ਼ ਗੋਤ ਨਾਲ਼ ਸੰਬੰਧਿਤ ਲੋਕ ਹਰੀਜਨ ਬਰਾਦਰੀ ਵਿੱਚੋਂ ਹਨ।

- ਮਾਲਵਾ ਅਤੇ ਮਾਝਾ ਖਿੱਤੇ ਵਿਖੇ ਪਾਏ ਗਏ ਗੋਤ ਆਦੀਵਾਲ ਸੰਬੰਧੀ ਖੋਜ-ਕਾਰਜ ਕਰਦਿਆਂ ਜਾਤੀ ਪੱਖੋਂ ਵੀ ਸਮਾਨਤਾ ਦ੍ਰਿਸ਼ਟੀਗੋਚਰ ਹੋਈ ਅਤੇ ਜਠੇਰਾ-ਪੂਜਾ ਸੰਬੰਧੀ ਵੀ। ਜਾਤੀ ਦੀ ਜੇਕਰ ਗੱਲ ਕਰੀਏ ਤਾਂ ਦੋਨਾਂ ਹੀ ਖਿੱਤਿਆਂ ਵਿਚਲੇ ਪ੍ਰਮੁੱਖ ਜ਼ਿਲ੍ਹਿਆਂ ਬਠਿੰਡਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਚਲੇ ਆਦੀਵਾਲ ਗੋਤ ਦੇ ਲੋਕ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਦੋਨਾਂ ਹੀ ਜ਼ਿਲ੍ਹਿਆਂ ਦੇ ਆਦੀਵਾਲ ਬੇਸ਼ੱਕ ਧਰਾਤਲੀ ਤੌਰ ‘ਤੇ ਅਲੱਗ-ਅਲੱਗ ਖਿੱਤਿਆਂ ਦੇ ਵਸਨੀਕ ਹਨ, ਪਰ ਉਹਨਾਂ ਦੀ ਮਾਨਸਿਕਤਾ ਸਮੂਹਿਕ ਤੌਰ ‘ਤੇ ਸਮਾਨਤਾ ਦੀ ਗਵਾਹੀ ਭਰਦੀ ਹੋਈ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹੈ ਅਤੇ ਉਹ ਕਿਸੇ ਵੀ ਜਠੇਰੇ ਦੀ ਬਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਅਰੋੜਾ ਗੋਤ ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਵਿਖੇ ਖੋਜ-ਕਾਰਜ ਅਧੀਨ ਪਾਇਆ ਜਾਣ ਵਾਲ਼ਾ ਇੱਕ ਅਹਿਮ ਗੋਤ ਹੈ ਜੇਕਰ ਸਮਾਨਤਾ ਪੱਖੋਂ ਗੱਲ ਕਰੀਏ ਤਾਂ ਮਾਲਵਾ ਅਤੇ ਦੁਆਬਾ ਖਿੱਤਿਆਂ ਵਿੱਚ ਧਰਮ ਅਤੇ ਜਾਤੀ ਦੋਨਾਂ ਪੱਖਾਂ ਤੋਂ ਹੀ ਸਮਾਨਤਾ ਰੱਖਦਾ ਹੈ। ਖੋਜ-ਕਾਰਜ ਨਾਲ਼ ਸੰਬੰਧਿਤ ਇਹਨਾਂ ਦੋਨਾਂ ਹੀ ਖਿੱਤਿਆਂ ਦੇ ਦੋਨਾਂ ਹੀ ਜ਼ਿਲ੍ਹਿਆਂ ਦੇ ਅਰੋੜਾ ਗੋਤ ਨਾਲ਼ ਸੰਬੰਧਿਤ ਲੋਕ ਹਿੰਦੂ ਅਤੇ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਜਠੇਰਾ-ਪੂਜਾ ਪੱਖੋਂ ਵੀ ਸਮਾਨਤਾ ਦੀ ਹਾਮੀ ਭਰਦੇ ਹੋਏ ਜਠੇਰਾ-ਪੂਜਾ ਕਰਨ ਦੀ ਬਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹੋਏ ਗੁਰਮਤਿ ਦੇ ਸਿਧਾਂਤਾਂ ‘ਤੇ ਚੱਲਦੇ ਹਨ।

- ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਖੇ ਖੋਜ-ਕਾਰਜ ਅਧੀਨ ਪਾਏ ਗਏ ਔਲਖ ਗੋਤ ਵਿਚਲੀਆਂ ਸਮਾਨਤਾਵਾਂ ਬਾਰੇ ਜੇਕਰ ਗੱਲ ਕਰੀਏ ਤਾਂ ਇਹਨਾਂ ਤਿੰਨਾਂ ਹੀ ਖਿੱਤਿਆਂ ਵਿਖੇ ਮਿਲਣ ਵਾਲ਼ੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜਾਤੀ ਪੱਖੋਂ ਵੀ ਸਮਾਨਤਾ ਰੱਖਦੇ ਹਨ ਅਤੇ ਜਠੇਰਾ-ਪੂਜਾ ਪੱਖੋਂ ਵੀ। ਇਹਨਾਂ ਤਿੰਨਾਂ ਹੀ ਜ਼ਿਲ੍ਹਿਆਂ ਦੇ ਲੋਕ ਬੇਸ਼ੱਕ ਖਿੱਤੇ ਪੱਖੋਂ ਅਲੱਗ-ਅਲੱਗ ਧਰਾਤਲਾਂ ਦੇ ਵਸਨੀਕ ਹਨ ਪਰ ਉਹ ਜੱਟ ਅਤੇ ਪਰਜਾਪੱਤ ਬਰਾਦਰੀਆਂ ਨਾਲ਼ ਹੀ ਸੰਬੰਧ ਰੱਖਣ ਵਾਲ਼ੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਦੀ ਬਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਸਮੁੱਚੇ ਔਲਖ ਗੋਤ ਦੀ ਮਾਨਸਿਕਤਾ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹੈ।

- ਆਪਣੇ ਖੋਜ-ਕਾਰਜ ਅਧੀਨ ਲਿਆਂਦੇ ਗਏ ਤਿੰਨਾਂ ਮਾਲਵਾ, ਮਾਝਾ ਤੇ ਦੁਆਬਾ ਖਿੱਤਿਆਂ ਦੇ ਜ਼ਿਲ੍ਹਿਆਂ ਨਾਲ਼ ਸੰਬੰਧਿਤ ਸਹੋਤਾ ਗੋਤ ਦੇ ਲੋਕਾਂ ਦੀ ਜਾਤੀਗਤ ਤੌਰ ‘ਤੇ ਸਮਾਨਤਾ ਇਹ ਹੈ ਕਿ ਇਹਨਾਂ ਤਿੰਨਾਂ ਹੀ ਇਲਾਕਿਆਂ ਵਿੱਚ ਸਹੋਤਾ ਗੋਤ ਨਾਲ਼ ਸੰਬੰਧਿਤ ਕੁਝ ਲੋਕ ਸਾਂਹਸੀ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ, ਕੁਝ ਪਰਜਾਪੱਤ ਬਰਾਦਰੀ ਨਾਲ਼ ਅਤੇ ਕੁਝ ਹਰੀਜਨ ਵਰਗ ਨਾਲ਼। ਉੱਥੇ ਹੀ ਜਠੇਰਾ-ਪੂਜਾ ਸੰਬੰਧੀ ਜੇਕਰ ਸਮਾਨਤਾ ਦੀ ਗੱਲ ਕਰੀਏ ਤਾਂ ਇਹਨਾਂ ਤਿੰਨਾਂ ਹੀ ਜ਼ਿਲ੍ਹਿਆਂ ਵਿਚਲੇ ਸਹੋਤਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਕਿਸੇ ਹੋਰ ਪਿੰਡ ਜਾਂ ਸਥਾਨ ‘ਤੇ ਜਾ ਕੇ ਜਠੇਰਾ-ਪੂਜਾ ਕਰਨ ਦੀ ਬਜਾਏ ਆਪਣੇ-ਆਪਣੇ ਸਥਾਨਕ ਪਿੰਡਾਂ ਵਿੱਚ ਜਠੇਰਾ-ਪੂਜਾ ਕਰਦੇ ਹਨ।

- ਸੇਖੋਂ ਗੋਤ ਜੋ ਕਿ ਖੋਜ-ਸਰਵੇਖਣ ਅਧੀਨ ਉਲੀਕੇ ਗਏ ਗੋਤਾਂ ਵਿੱਚੋਂ ਹੀ ਇੱਕ ਪ੍ਰਸਿੱਧ ਗੋਤ ਹੈ ਆਪਣੇ ਖੋਜ-ਕਾਰਜ ਨਾਲ਼ ਸੰਬੰਧਿਤ ਖਿੱਤਿਆਂ ਮਾਲਵਾ ਅਤੇ ਮਾਝਾ ਵਿਚਲੇ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਇਆ ਗਿਆ ਇੱਕ ਗੋਤ ਹੈ ਜੋ ਕਿ ਇਸ ਗੱਲੋਂ ਸਮਾਨਤਾ ਰੱਖਦਾ ਹੈ ਕਿ ਦੋਨਾਂ ਹੀ ਖਿੱਤਿਆਂ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਦੋਨਾਂ ਹੀ ਖਿੱਤਿਆਂ ਦੇ ਦੋਨਾਂ ਹੀ ਪ੍ਰਮੁੱਖ ਜ਼ਿਲ੍ਹਿਆਂ ਵਿੱਚ ਰਹਿਣ ਵਾਲ਼ੇ ਜੱਟ ਸਿੱਖ ਜਾਤੀ ਦੇ ਲੋਕਾਂ ਦਾ ਗੋਤ ਹੈ। ਇਹਨਾਂ ਖਿੱਤਿਆਂ ਵਿਖੇ ਵਸਦੇ ਸੇਖੋਂ ਜਠੇਰਾ-ਪੂਜਾ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਪਹਿਰੇਦਾਰ ਹਨ ਅਤੇ ਇਹੀ ਨੁਕਤਾ ਇਹਨਾਂ ਨੂੰ ਜਠੇਰਾ-ਪੂਜਾ ਪੱਖੋਂ ਸਮਾਨ ਦਰਸਾਉਂਦਾ ਹੈ।

- ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਨੂੰ ਕੇਂਦਰਿਤ ਕਰਕੇ ਖੋਜ-ਸਰਵੇਖਣ ਲਈ ਚੁਣੇ ਗਏ ਤਿੰਨ ਪ੍ਰਮੁੱਖ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਖੇ ਪਾਏ ਗਏ ਗੋਤ ਸਰਾਂ ਸੰਬੰਧੀ ਪਹਿਲੀ ਸਮਾਨਤਾ ਇਸ ਪੱਖੋਂ ਝਲਕਦੀ ਹੈ ਕਿ ਇਹ ਹਰੇਕ ਇਲਾਕੇ ਚਾਹੇ ਉਹ ਮਾਝਾ ਹੋਵੇ, ਮਾਲਵਾ ਹੋਵੇ ਜਾਂ ਦੁਆਬਾ ਹੋਵੇ, ਵਿੱਚ ਮਿਲਣ ਵਾਲ਼ਾ ਗੋਤ ਹੈ। ਦੂਸਰਾ ਜਾਤੀ ਪੱਖੋਂ ਇਹ ਗੋਤ ਹਰੇਕ ਇਲਾਕੇ ਵਿੱਚ ਵਸਦੀ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ।

- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਵਿਖੇ ਪਾਏ ਗਏ ਗੋਤ ਹਾਂਸ ਜਾਂ ਹੰਸ ਵਿਚਲੀ ਪਹਿਲੀ ਸਮਾਨਤਾ ਜਾਤੀ ਪੱਖੋਂ ਦਰਸਾਈ ਜਾ ਸਕਦੀ ਹੈ ਕਿ ਇਹ ਦੋਨਾਂ ਹੀ ਇਲਾਕਿਆਂ ਮਾਲਵਾ ਅਤੇ ਦੁਆਬਾ ਦੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦਾ ਗੋਤ ਹੈ ਅਤੇ ਦੂਸਰੀ ਸਮਾਨਤਾ ਇਹ ਹੈ ਕਿ ਭੂਗੋਲਿਕ ਵਖਰੇਵਿਆਂ ਦੇ ਬਾਵਜੂਦ ਵੀ ਇਹਨਾਂ ਦੋਨਾਂ ਹੀ ਖਿੱਤਿਆਂ ਦੇ ਹਾਂਸ ਜਾਂ ਹੰਸ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਦੇ ਹਨ। ਤੀਸਰੀ ਸਮਾਨਤਾ ਜੋ ਇਸ ਗੋਤ ਨਾਲ਼ ਸੰਬੰਧਿਤ ਦ੍ਰਿਸ਼ਟੀਗੋਚਰ ਹੁੰਦੀ ਹੈ ਉਹ ਇਹ ਹੈ ਕਿ ਇਸ ਗੋਤ ਨਾਲ਼ ਸੰਬੰਧਿਤ ਲੋਕ ਚੇਤ ਮਹੀਨੇ ਦੀ ਚੌਦੇਂ ਨੂੰ ਹੀ ਆਪਣੇ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ।

- ਜ਼ਿਲ੍ਹਾ ਬਠਿੰਡਾ (ਮਾਲਵਾ), ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ (ਮਾਝਾ) ਅਤੇ ਜ਼ਿਲ੍ਹਾ ਜਲੰਧਰ (ਦੁਆਬਾ) ਵਿਖੇ ਖੋਜ-ਕਾਰਜ ਅਧੀਨ ਪਾਏ ਗਏ ਅਗਲੇ ਗੋਤ ਹੁੰਦਲ ਦੀ ਜੇਕਰ ਗੱਲ ਕਰੀਏ ਤਾਂ ਜਾਤੀਗਤ ਤੌਰ 'ਤੇ ਸਮਾਨਤਾ ਰੱਖਦੇ ਹੋਏ ਇਹਨਾਂ ਤਿੰਨਾਂ ਹੀ ਖਿੱਤਿਆਂ ਦੇ ਹੁੰਦਲ ਹਰੀਜਨ ਬਰਾਦਰੀ (ਮਜ਼੍ਹਬੀ ਸਿੱਖ) ਨਾਲ਼ ਸੰਬੰਧ ਰੱਖਣ ਵਾਲ਼ੇ ਹਨ ਅਤੇ ਜਠੇਰਿਆਂ ਪੱਖੋਂ ਉਹਨਾਂ ਵਿੱਚ ਸਮਨਾਤਾ ਇਸ ਗੱਲ ਤੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਮਾਲਵਾ, ਮਾਝਾ ਅਤੇ ਦੁਆਬਾ ਵਿਚਲੇ ਇਹਨਾਂ ਤਿੰਨਾਂ ਹੀ ਜ਼ਿਲ੍ਹਿਆਂ ਦੇ ਹੁੰਦਲ ਕਿਸੇ ਵੀ ਜਠੇਰੇ ਦੀ ਮੰਨ-ਮਨੌਤ ਕਰਨ ਦੀ ਬਜਾਏ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

- ਸੰਧੂ ਪੰਜਾਬ ਦੇ ਹਰੇਕ ਇਲਾਕੇ ਵਿੱਚ ਪਾਇਆ ਜਾਣ ਵਾਲ਼ਾ ਗੋਤ ਹੈ। ਆਪਣੇ ਖੋਜ-ਸਰਵੇਖਣ ਅਧੀਨ ਲਿਆਂਦੇ ਗਏ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਤਿੰਨ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਖੇ ਜਦ ਸੰਧੂ ਗੋਤ ਸੰਬੰਧੀ ਖੋਜ-ਸਰਵੇਖਣ ਕੀਤਾ ਗਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਇਹਨਾਂ ਤਿੰਨਾਂ ਹੀ ਖਿੱਤਿਆ ਦੇ ਸੰਧੂ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਜਾਤੀ ਪੱਖੋਂ ਸਮਾਨਤਾ ਇਸ ਗੱਲ ਤੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਇਹ ਹਰੇਕ ਖਿੱਤੇ ਵਿੱਚ ਬਹੁ-ਗਿਣਤੀ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਹਨ ਅਤੇ ਸਭ ਤੋਂ ਵੱਡੀ ਸਮਾਨਤਾ ਜੋ ਕਿ ਜਠੇਰੇ ਜਾਂ ਜਠੇਰਾ-ਪੂਜਾ ਸੰਬੰਧੀ ਹੈ, ਉਹ ਇਹ ਵੇਖਣ-ਸੁਣਨ ਵਿੱਚ ਆਈ ਕਿ ਇਹਨਾਂ ਸਭਨਾਂ ਦਾ ਇੱਕੋ ਜਠੇਰਾ ਹੈ ਜੋ ਕਿ 'ਕਾਲਾ ਮਹਿਰ' ਦੇ ਨਾਮ ਨਾਲ਼ ਪ੍ਰਸਿੱਧ ਹੈ। ਇਸਨੂੰ 'ਸੰਧੂਆਂ ਦਾ ਜਠੇਰਾ' ਵੀ ਕਿਹਾ ਜਾਂਦਾ ਹੈ। ਇਹਨਾਂ ਦੇ ਪ੍ਰਸਿੱਧ ਜਠੇਰਾ-ਪੂਜਾ ਸਥਾਨ 'ਮਰਹਾਣਾ' ਅਤੇ 'ਬੀੜ ਸਿੱਖਾਂ ਵਾਲ਼ਾ' (ਜ਼ਿਲ੍ਹਾ ਫਰੀਦਕੋਟ) ਵਿਖੇ ਹਨ। ਪੂਜਾ ਵਿਧੀ-ਵਿਧਾਨ ਸੰਬੰਧੀ ਵੀ ਮਾਝਾ, ਮਾਲਵਾ ਅਤੇ ਦੁਆਬਾ ਖਿੱਤਿਆਂ ਵਿਚਲੇ ਸੰਧੂ ਗੋਤ ਦੇ ਲੋਕਾਂ ਵਿੱਚ ਸਮਾਨਤਾ ਹੈ ਕਿ ਇਸਦੇ ਪੂਜਾ-ਸਥਾਨ ਉੱਪਰ ਚੜ੍ਹਾਵੇ ਵਜੋਂ ਸ਼ਰਾਬ ਚੜ੍ਹਾਈ ਜਾਂਦੀ ਹੈ।

- ਅਗਲੇ ਗੋਤ ਕੰਬੋਜ/ਕੰਬੋਅ ਜੋ ਕਿ ਤਿੰਨਾਂ ਹੀ ਖਿੱਤਿਆਂ ਮਾਲਵਾ, ਮਾਝਾ ਅਤੇ ਦੁਆਬਾ ਵਿੱਚ ਪਾਇਆ ਗਿਆ ਵਿਚਲੀ ਸਮਾਨਤਾ ਇਸ ਪੱਖੋਂ ਝਲਕਦੀ ਹੈ ਕਿ ਬੇਸ਼ੱਕ ਕੰਬੋਜ ਜਾਂ ਕੰਬੋਅ ਧਰਾਤਲੀ ਤੌਰ 'ਤੇ ਵਖਰੇਵੇਂ ਰੱਖਦੇ ਹਨ ਪ੍ਰੰਤੂ ਜਠੇਰਾ-ਪੂਜਾ ਪੱਖੋਂ ਉਹਨਾਂ ਵਿਚਲੀ ਸਮਾਨਤਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਹ ਗੁਰਮਤਿ ਦੇ ਧਾਰਨੀ ਹੋਣ ਕਰਕੇ ਕਿਸੇ ਵੀ ਜਠੇਰੇ ਦੀ ਪੂਜਾ ਕਰਨ ਦੀ ਬਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸਭ ਕੁਝ ਮੰਨਦੇ ਹਨ।

- ਮਾਲਵਾ ਖਿੱਤੇ ਅੰਦਰਲੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਖਿੱਤੇ ਅੰਦਰਲੇ ਜ਼ਿਲ੍ਹਾ ਜਲੰਧਰ ਵਿੱਚ ਖੋਜ-ਕਾਰਜ ਅਧੀਨ ਪਾਏ ਕਲਿਆਣੀ ਗੋਤ ਵਿੱਚ ਜਾਤੀ ਤੌਰ 'ਤੇ ਸਮਾਨਤਾ ਤਾਂ ਦੋਨਾਂ ਖਿੱਤਿਆਂ ਦੇ ਇਸ ਗੋਤ ਨਾਲ਼ ਸੰਬੰਧਿਤ ਵਸਨੀਕਾਂ ਦੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੋਣ ਤੋਂ ਸਪੱਸ਼ਟ ਝਲਕਦੀ ਹੀ ਹੈ, ਇਸ ਦੇ ਨਾਲ਼ ਹੀ ਜਠੇਰਾ-ਪੂਜਾ ਸੰਬੰਧੀ ਵੀ ਇਹਨਾਂ ਦੋਨਾਂ ਅਲੱਗ-ਅਲੱਗ ਖਿੱਤਿਆਂ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਜਾਂ ਪੂਜਦੇ ਅਤੇ ਉਹਨਾਂ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੀ ਸਭ ਕੁਝ ਹੈ। ਇਹ ਗੱਲ ਵੀ ਇਹਨਾਂ ਦੋਹਾਂ ਖਿੱਤਿਆਂ ਦੇ ਲੋਕਾਂ ਵਿਚਲੀ ਸਮਾਨਤਾ ਦੀ ਗਵਾਹੀ ਭਰਦੀ ਹੈ।

- ਜ਼ਿਲ੍ਹਾ ਬਠਿੰਡਾ ਜਿੱਥੇ ਮਾਲਵਾ ਖਿੱਤੇ ਦਾ ਇੱਕ ਪ੍ਰਸਿੱਧ ਜ਼ਿਲ੍ਹਾ ਹੈ, ਉੱਥੇ ਹੀ ਜ਼ਿਲ੍ਹਾ ਜਲੰਧਰ ਦੁਆਬਾ ਖਿੱਤੇ ਦਾ ਇੱਕ ਮੋਹਰੀ ਜ਼ਿਲ੍ਹਾ ਹੈ। ਇਹਨਾਂ ਵਿੱਚ ਪਾਏ ਗਏ ਗੋਤ ਕੌਲਧਾਰ ਸੰਬੰਧੀ ਜਾਤੀ ਤੌਰ 'ਤੇ ਸਮਾਨਤਾ ਦੋਹਾਂ ਹੀ ਜ਼ਿਲ੍ਹਿਆਂ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਦੋਹਾਂ ਹੀ ਖਿੱਤਿਆਂ ਦੇ ਲੋਕਾਂ ਦੇ ਹਰੀਜਨ ਜਾਤੀਆਂ ਨਾਲ਼ ਸੰਬੰਧਿਤ ਹੋਣ ਪੱਖੋਂ ਝਲਕਦੀ ਹੈ। ਦੋਨਾਂ ਹੀ ਇਲਾਕਿਆਂ ਦੇ ਵਸਨੀਕ ਕੌਲਧਾਰ ਜਠੇਰਾ-ਪੂਜਾ ਦੀ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਰਾਹ-ਦਸੇਰਾ ਮੰਨਦੇ ਹਨ।

- ਮਾਲਵੇ ਦੇ ਉੱਘੇ ਜ਼ਿਲ੍ਹਾ ਬਠਿੰਡਾ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਵਿੱਚ ਮਿਲੇ ਗੋਤ ਖਹਿਰਾ ਸੰਬੰਧੀ ਸਮਾਨਤਾ ਕੇਵਲ ਜਾਤੀ ਪੱਖੋਂ ਹੀ ਝਲਕਦੀ ਹੈ ਕਿ ਦੋਨਾਂ ਹੀ ਜ਼ਿਲ੍ਹਿਆਂ ਦੇ ਖਿੱਤੇ ਬੇਸ਼ੱਕ ਭੂਗੋਲਿਕ ਤੌਰ ‘ਤੇ ਵੱਖੋ-ਵੱਖਰੇ ਹਨ, ਪਰ ਦੋਨਾਂ ਹੀ ਖਿੱਤਿਆਂ ਵਿੱਚ ਵਸਣ ਵਾਲ਼ੇ ਖਹਿਰਾ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਵਿੱਚੋਂ ਹਨ।

- ਗਰੇਵਾਲ ਗੋਤ ਨਾਲ਼ ਸੰਬੰਧਿਤ ਲੋਕ ਚਾਹੇ ਉਹ ਖੋਜ-ਸਰਵੇਖਣ ਅਧੀਨ ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਵਿੱਚ ਪਾਏ ਗਏ ਹੋਣ ਜਾਂ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਵਿੱਚ, ਜਾਤੀ ਪੱਖੋਂ ਸਮਾਨਤਾ ਰੱਖਣ ਵਾਲ਼ੇ ਇਹਨਾਂ ਦੋਹਾਂ ਹੀ ਖਿੱਤਿਆਂ ਦੇ ਦੋਹਾਂ ਜ਼ਿਲ੍ਹਿਆਂ ਨਾਲ਼ ਸੰਬੰਧਿਤ ਗਰੇਵਾਲ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ ਅਤੇ ਦੋਨੋਂ ਹੀ ਜਠੇਰਾ-ਪੂਜਾ ਨੂੰ ਨਾ ਮੰਨਦੇ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

- ਗਿੱਲ ਗੋਤ ਵੀ ਤਿੰਨਾਂ ਖਿੱਤਿਆਂ ਅੰਦਰਲੇ ਤਿੰਨਾਂ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਚਲੇ ਵੱਖ-ਵੱਖ ਪਿੰਡਾਂ ਵਿੱਚ ਪਾਇਆ ਗਿਆ ਜੋ ਕਿ ਜਾਤੀ ਪੱਖੋਂ ਸਮਾਨਤਾ ਰੱਖਦਾ ਹੈ। ਉਪਰੋਕਤ ਤਿੰਨਾਂ ਜ਼ਿਲ੍ਹਿਆਂ ਅੰਦਰ ਗਿੱਲ ਗੋਤ ਜੱਟ ਸਿੱਖ ਬਰਾਦਰੀ ਤੋਂ ਇਲਾਵਾ ਮਜ਼੍ਹਬੀ ਸਿੱਖ, ਰਵਿਦਾਸੀਏ, ਬਾਲਮੀਕ ਆਦਿ ਹਰੀਜਨ ਸ਼੍ਰੇਣੀਆਂ ਨਾਲ਼ ਵੀ ਸੰਬੰਧਿਤ ਪਾਇਆ ਗਿਆ।

- ਮਾਝਾ ਅਤੇ ਦੁਆਬਾ ਖਿੱਤਿਆਂ ਦੇ ਖੋਜ-ਪ੍ਰਬੰਧ ਲਈ ਚੁਣੇ ਗਏ ਜ਼ਿਲ੍ਹਿਆਂ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚੋਂ ਖੋਜ-ਸਮੱਗਰੀ ਇਕੱਤਰ ਕਰਦਿਆਂ ਮਿਲੇ ਘੁੱਸਰ ਗੋਤ ਸੰਬੰਧੀ ਦੋਹਾਂ ਹੀ ਜ਼ਿਲ੍ਹਿਆਂ ਵਿੱਚ ਜਾਤੀ ਪੱਖੋਂ ਸਾਂਝ/ਸਮਾਨਤਾ ਨਜ਼ਰ ਆਉਂਦੀ ਹੈ ਜਿਸ ਅਨੁਸਾਰ ਬੇਸ਼ੱਕ ਇਹਨਾਂ ਜ਼ਿਲ੍ਹਿਆਂ ਅੰਦਰਲੇ ਲੋਕ ਭੂਗੋਲਿਕ ਪੱਖੋਂ ਅਲੱਗ-ਅਲੱਗ ਖਿੱਤਿਆਂ ਵਿੱਚ ਵਸਦੇ ਹਨ, ਪ੍ਰੰਤੂ ਉਹ ਸਾਰੇ ਹੀ ਮਜ਼੍ਹਬੀ ਸਿੱਖ, ਬਾਲਮੀਕ ਆਦਿ ਹਰੀਜਨ ਬਰਾਦਰੀਆਂ ਨਾਲ਼ ਸੰਬੰਧ ਰੱਖਦੇ ਹਨ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ (ਮਾਝਾ) ਵਿਖੇ ਅਤੇ ਜ਼ਿਲ੍ਹਾ ਜਲੰਧਰ (ਦੁਆਬਾ) ਵਿਖੇ ਪਾਏ ਗਏ ਅਗਲੇ ਗੋਤ ਘੋਗੇ ਵਿੱਚ ਵੀ ਜਾਤੀ ਪੱਖੋਂ ਸਮਾਨਤਾ ਹੈ ਕਿਉਂ ਕਿ ਦੋਹਾਂ ਹੀ ਜ਼ਿਲ੍ਹਿਆਂ ਅੰਦਰਲੇ ਘੋਗਾ ਗੋਤ ਨਾਲ਼ ਸੰਬੰਧਿਤ ਵਸਨੀਕ ਰਾਏ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਉਹ ਕਿਸੇ ਜਠੇਰੇ ਦੀ ਪੂਜਾ ਨਹੀਂ ਕਰਦੇ, ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਮਾਲਵਾ ਇਲਾਕੇ ਅੰਦਰਲੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਇਲਾਕੇ ਅੰਦਰਲੇ ਜ਼ਿਲ੍ਹਾ ਜਲੰਧਰ ਦੇ ਵੱਖੋ-ਵੱਖ ਪਿੰਡਾਂ ਵਿੱਚ ਪਾਏ ਗਏ ਗੋਤ ਘਾਰੂ ਵਿਚਕਾਰ ਵੀ ਜਾਤੀ ਪੱਖੋਂ ਸਮਾਨਤਾ ਉੱਭਰ ਕੇ ਸਾਹਮਣੇ ਆਉਂਦੀ ਹੈ ਜਦੋਂ ਅਸੀਂ ਇਹ ਗੱਲ ਦੇਖਦੇ ਹਾਂ ਕਿ ਦੋਨਾਂ ਹੀ ਇਲਾਕਿਆਂ ਅੰਦਰਲੇ ਘਾਰੂ ਗੋਤ ਨਾਲ਼ ਸੰਬੰਧਿਤ ਲੋਕ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ।

- ਮਾਲਵਾ ਖਿੱਤੇ ਦੇ ਖੋਜ-ਪ੍ਰਬੰਧ ਅਧੀਨ ਚੁਣੇ ਜ਼ਿਲ੍ਹਾ ਬਠਿੰਡਾ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਅੰਦਰ ਵਸਦੇ ਵੱਖ-ਵੱਖ ਪਿੰਡਾਂ ਦੇ ਚੌਹਾਨ ਗੋਤ ਨਾਲ਼ ਸੰਬੰਧਿਤ ਲੋਕਾਂ ਵਿਚਕਾਰ ਜਾਤੀ ਪੱਖੋਂ ਸਮਾਨਤਾ ਦਿਸਦੀ ਹੈ ਜਿਸ ਅਨੁਸਾਰ ਜ਼ਿਲ੍ਹਾ ਬਠਿੰਡਾ ਅਤੇ ਜਲੰਧਰ ਦੋਹਾਂ ਵਿਚਲੇ ਚੌਹਾਨ ਗੋਤ ਦੇ ਲੋਕ ਰਵਿਦਾਸੀਏ ਸਿੱਖ, ਬੌਰੀਏ ਸਿੱਖ, ਬਾਲਮੀਕ, ਮਜ਼ਬੀ ਸਿੱਖ ਆਦਿ ਹਰੀਜਨ ਬਰਾਦਰੀਆਂ ਨਾਲ਼ ਸੰਬੰਧ ਰੱਖਦੇ ਹਨ।

- ਚਹਿਲ ਜਾਂ ਚਾਹਲ ਗੋਤ ਜੋ ਕਿ ਮਾਲਵਾ ਅਤੇ ਮਾਝਾ ਇਲਾਕਿਆਂ ਦੇ ਦੋਹਾਂ ਹੀ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖੋਜ-ਕਾਰਜ ਦੌਰਾਨ ਸਰਵੇਖਣ ਅਧੀਨ ਲਿਆਂਦਾ ਗਿਆ ਬਾਰੇ ਜਾਤੀ ਪੱਖੋਂ ਸਮਾਨਤਾ ਇਹਨਾਂ ਨੂੰ ਇੱਕ-ਮਿਕਤਾ ਜਾਂ ਇੱਕਸੁਰਤਾ ਬਖਸ਼ਦੀ ਹੈ, ਕਿਉਂ ਕਿ ਇਹਨਾਂ ਖਿੱਤਿਆਂ ਵਿਚਲੇ ਚਹਿਲ/ਚਾਹਲ ਧਰਾਤਲੀ ਆਧਾਰ ‘ਤੇ ਵੱਖੋ-ਵੱਖ ਰਹਿੰਦੇ ਹੋਏ ਵੀ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹੋਣ ਕਰਕੇ ਸਮਾਨ ਹਨ।

- ਬਠਿੰਡਾ ਜ਼ਿਲ੍ਹੇ ਅਤੇ ਜਲੰਧਰ ਜ਼ਿਲ੍ਹੇ ਅੰਦਰਲੇ ਪਿੰਡਾਂ ਵਿੱਚ ਵਸਦੇ ਚੰਦੜ੍ਹ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਵੀ ਜਾਤੀ ਤੌਰ ‘ਤੇ ਸਮਾਨਤਾ ਰੱਖਦੇ ਹੋਏ ਦੋਵੇਂ ਹਰੀਜਨ ਬਰਾਦਰੀਆਂ ਨਾਲ਼ ਸੰਬੰਧਿਤ ਹਨ।

- ਮੂਲ ਰੂਪ ਵਿੱਚ ਤਰਖਾਣ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਗੋਤ ਚਾਨੀ ਨਾਲ਼ ਸੰਬੰਧਿਤ ਲੋਕ ਦੁਆਬੇ ਦੇ ਜ਼ਿਲ੍ਹਾ ਜਲੰਧਰ ਵਿੱਚ ਵੀ ਵਸਦੇ ਹਨ ਅਤੇ ਮਾਲਵੇ ਦੇ ਜ਼ਿਲ੍ਹਾ ਬਠਿੰਡਾ ਵਿੱਚ ਵੀ। ਦੋਹਾਂ ਖਿੱਤਿਆਂ ਦੇ ਚਾਨੀ ਗੋਤ ਨਾਲ਼ ਸੰਬੰਧਿਤ ਵਸਨੀਕਾਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਡੀ ਸਮਾਨਤਾ ਇਹਨਾਂ ਦਾ ਮਿਸਤਰੀ ਜਾਂ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਹੋਣਾ ਹੈ। ਇਹਨਾਂ ਵਿਚਕਾਰ ਦੂਸਰੀ ਸਮਾਨਤਾ ਇਹ ਹੈ ਕਿ ਇਹਨਾਂ ਦੋਹਾਂ ਹੀ ਇਲਾਕਿਆਂ ਵਿੱਚ ਵਸਦੇ ਚਾਨੀ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ।

- ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਬਠਿੰਡਾ ਜ਼ਿਲ੍ਹਿਆਂ ਅੰਦਰ ਵਸਦੇ ਚੀਮਾ ਗੋਤ ਨਾਲ਼ ਸੰਬੰਧਿਤ ਲੋਕਾਂ ਵਿਚਲੀ ਪਹਿਲੀ ਸਮਾਨਤਾ ਦੋਹਾਂ ਦਾ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੋਣਾ ਹੈ ਅਤੇ ਦੂਸਰੀ ਸਮਾਨਤਾ ਇਹ ਹੈ ਕਿ ਦੋਵੇਂ ਹੀ ਜ਼ਿਲ੍ਹਿਆਂ ਦੇ ਚੀਮਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜਠੇਰਾ-ਪੂਜਾ ਦੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਖਿੱਤਾ ਮਾਲਵਾ ਦੇ ਜ਼ਿਲ੍ਹਾ ਬਠਿੰਡਾ, ਮਾਝੇ ਦੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਵਿੱਚ ਵਸਣ ਵਾਲ਼ੇ ਢਿੱਲੋਂ ਗੋਤ ਨਾਲ਼ ਸੰਬੰਧਿਤ ਇਹਨਾਂ ਤਿੰਨਾਂ ਜ਼ਿਲ੍ਹਿਆਂ ਦੇ ਲੋਕ ਜਾਤੀ ਪੱਖੋਂ ਸਮਾਨਤਾ ਰੱਖਦੇ ਹੋਏ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ। ਇਹਨਾਂ ਤਿੰਨਾਂ ਖਿੱਤਿਆਂ ਦੇ ਖੋਜ-ਸਰਵੇਖਣ ਲਈ ਚੁਣੇ ਗਏ ਜ਼ਿਲ੍ਹਿਆਂ ਦੇ ਕੁਝ ਇੱਕ ਪਿੰਡਾਂ ਦੇ ਢਿੱਲੋਂ ਆਪਣੇ ਪੁਰਖਿਆਂ ਦੀਆਂ ਖੇਤਾਂ ਜਾਂ ਆਪਣੇ ਘਰਾਂ ਵਿੱਚ ਬਣੀਆਂ ਮੜ੍ਹੀਆਂ ਦੀ ਪੂਜਾ ਕਰਦੇ ਹਨ ਅਤੇ ਕੁਝ ਇੱਕ ਪਰੰਪਰਾਗਤ ਮਾਨਤਾ ਨੂੰ ਤਿਆਗਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪਥ-ਪ੍ਰਦਰਸ਼ਕ ਮੰਨਦੇ ਹਨ।

- ਬਠਿੰਡਾ ਜ਼ਿਲ੍ਹੇ ਅਤੇ ਜਲੰਧਰ ਜ਼ਿਲ੍ਹੇ ਵਿੱਚ ਵਸਣ ਵਾਲ਼ੇ ਅਗਲੇ ਗੋਤ ਧਾਲੀਵਾਲ ਨਾਲ਼ ਸੰਬੰਧਿਤ ਲੋਕ ਵਸਦੇ ਬੇਸ਼ੱਕ ਅਲੱਗ-ਅਲੱਗ ਖਿੱਤਿਆਂ ਵਿੱਚ ਹਨ, ਪਰ ਜਾਤੀ ਪੱਖੋਂ ਇਹਨਾਂ ਵਿੱਚ ਸਮਾਨਤਾ ਇਹ ਦੇਖਣ ਵਿੱਚ ਆਈ ਕਿ ਮਾਲਵਾ ਅਤੇ ਦੁਆਬਾ ਦੋਹਾਂ ਹੀ ਖਿੱਤਿਆਂ ਵਿੱਚ ਵਸਣ ਵਾਲ਼ੇ ਧਾਲੀਵਾਲ ਜੱਟ ਸਿੱਖ ਅਤੇ ਹਰੀਜਨ ਬਰਾਦਰੀਆਂ ਨਾਲ਼ ਸੰਬੰਧ ਰੱਖਣ ਵਾਲ਼ੇ ਹਨ। ਜਠੇਰਾ ਮਾਨਤਾ ਪੱਖੋਂ ਦੋਹਾਂ ਖਿੱਤਿਆਂ ਦੇ ਧਾਲੀਵਾਲ ਅੰਸ਼ਿਕ ਤੌਰ ‘ਤੇ ਸਮਾਨਤਾ ਰੱਖਦੇ ਹਨ। ਇਹ ਸਮਾਨਤਾ ਉਦੋਂ ਸਪੱਸ਼ਟ ਹੋ ਜਾਂਦੀ ਹੈ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਬਠਿੰਡਾ ਜ਼ਿਲ੍ਹੇ ਦੇ ਭਗਤਾ ਭਾਈ ਪਿੰਡ ਦੇ ਧਾਲੀਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਹੋਰ ਵੱਡੇ-ਵਡੇਰੇ ਜਾਂ ਜਠੇਰੇ ਦੀ ਪੂਜਾ-ਅਰਚਨਾ ਤੋਂ ਇਨਕਾਰੀ ਹਨ। ਇਸੇ ਤਰ੍ਹਾਂ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ ਅਤੇ ਸੰਗਤਪੁਰਾ ਦੇ ਧਾਲੀਵਾਲ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਤੋਂ ਇਨਕਾਰੀ ਹਨ।

- ਅਗਲੇ ਗੋਤ ਨਿੱਝਰ ਜਿਸ ਨਾਲ਼ ਸੰਬੰਧਿਤ ਲੋਕ ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਵਿਖੇ ਵਸਦੇ ਹਨ, ਜਾਤੀ ਪੱਖੋਂ ਸਮਾਨਤਾ ਰੱਖਦੇ ਹੋਏ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਏ ਗਏ। ਜਠੇਰਾ-ਪੂਜਾ ਪੱਖੋਂ ਪੁੱਛਣ ‘ਤੇ ਵੀ ਦੋਹਾਂ ਹੀ ਖਿੱਤਿਆਂ ਦੇ ਨਿੱਝਰਾਂ ਵਿੱਚ ਸਮਾਨਤਾ ਨਜ਼ਰ ਆਈ ਕਿ ਦੋਵੇਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਨਹੀਂ ਕਰਦੇ।

- ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਨੂੰ ਆਧਾਰ ਬਣਾ ਕੇ ਕੀਤੇ ਗਏ ਖੋਜ-ਸਰਵੇਖਣ ਅਧੀਨ ਅਗਲੇ ਗੋਤ ਨੰਨ੍ਹੜੇ ਨਾਲ਼ ਸੰਬੰਧਿਤ ਲੋਕਾਂ ਵਿੱਚ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਸਮਾਨਤਾ ਪਾਈ ਗਈ ਜਿਸ ਅਨੁਸਾਰ ਦੋਹਾਂ ਹੀ ਜ਼ਿਲ੍ਹਿਆਂ ਦੇ ਵਸਨੀਕ ਨੰਨ੍ਹੜੇ ਮਿਸਤਰੀ ਜਾਂ ਤਰਖਾਣ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਅਤੇ ਜਠੇਰਾ-ਪੂਜਾ ਦੇ ਉਲਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਯਾਈ ਹਨ।

- ਮਾਝਾ ਖਿੱਤੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਨੂੰ ਆਧਾਰ ਬਣਾ ਕੇ ਕੀਤੇ ਗਏ ਖੋਜ-ਸਰਵੇਖਣ ਅਧੀਨ ਅਗਲੇ ਗੋਤ ਪੰਨੂ ਨਾਲ਼ ਸੰਬੰਧਿਤ ਲੋਕਾਂ ਵਿੱਚ ਵੀ ਜਠੇਰਾ-ਪੂਜਾ ਪੱਖੋਂ ਸਮਾਨਤਾ ਹੈ ਕਿਉਂ ਕਿ ਦੋਨਾਂ ਹੀ ਇਲਾਕਿਆਂ ਦੇ ਪੰਨੂ ਜਠੇਰਾ-ਪੂਜਾ ਦੇ ਸਥਾਨ ‘ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਪਨੇਸਰ ਗੋਤ ਨਾਲ਼ ਸੰਬੰਧਿਤ ਮਾਲਵਾ, ਮਾਝਾ ਅਤੇ ਦੁਆਬਾ ਤਿੰਨਾਂ ਹੀ ਇਲਾਕਿਆਂ ਵਿਚਲੇ ਖੋਜ-ਸਰਵੇਖਣ ਲਈ ਚੁਣੇ ਗਏ ਜ਼ਿਲ੍ਹਿਆਂ ਦੇ ਵੱਖੋ-ਵੱਖਰੇ ਪਿੰਡਾਂ ਦੇ ਵਸਨੀਕ ਜਾਤੀ ਪੱਖੋਂ ਸਮਾਨਤਾ ਰੱਖਦੇ ਹਨ ਅਤੇ ਰਾਮਗੜ੍ਹੀਆ (ਮਿਸਤਰੀ/ਤਰਖਾਣ) ਬਰਾਦਰੀ ਨਾਲ਼ ਸੰਬੰਧਿਤ ਹਨ।

- ਜ਼ਿਲ੍ਹਾ ਬਠਿੰਡਾ ਜੋ ਕਿ ਮਾਲਵਾ ਖਿੱਤੇ ਨਾਲ਼ ਸੰਬੰਧਿਤ ਹੈ ਅਤੇ ਦੂਸਰੇ ਪਾਸੇ ਦੁਆਬਾ ਖਿੱਤੇ ਨਾਲ਼ ਸੰਬੰਧਿਤ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚ ਵਸਣ ਵਾਲ਼ੇ ਬਾਜਵਾ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹੋਣ ਕਾਰਨ ਸਮਾਨਤਾ ਦੇ ਧਾਰਨੀ ਹਨ ਅਤੇ ਇਸ ਦੇ ਨਾਲ਼ ਹੀ ਜਠੇਰਾ-ਪੂਜਾ ਪੱਖੋਂ ਵੀ ਦੋਹਾਂ ਹੀ ਖਿੱਤਿਆਂ ਦੇ ਸਰਵੇਖਣ ਲਈ ਚੁਣੇ ਗਏ ਜ਼ਿਲ੍ਹਿਆਂ ਅੰਦਰਲੇ ਕੁਝ ਇੱਕ ਪਿੰਡਾਂ ਵਿਚਲੇ ਲੋਕਾਂ ਵਿੱਚ ਸਮਾਨਤਾ ਇਹ ਵੇਖਣ ਵਿੱਚ ਆਈ ਕਿ ਉਹ ਜਠੇਰਾ-ਪੂਜਾ ਦੀ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਵਿਖੇ ਵਸਦੇ ਅਗਲੇ ਗੋਤ ਬਾਠ ਨਾਲ਼ ਸੰਬੰਧ ਰੱਖਣ ਵਾਲ਼ੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਲੋਕ ਜਾਤੀ ਪੱਖੋਂ ਵੀ ਸਮਾਨਤਾ ਰੱਖਦੇ ਹਨ ਅਤੇ ਜਠੇਰਾ-ਪੂਜਾ ਪੱਖੋਂ ਵੀ, ਕਿਉਂ ਕਿ ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਬਾਠ ਜੱਟ ਸਿੱਖਾਂ ਦਾ ਇਹ ਉੱਤਰ ਸੀ ਕਿ ਉਹ ਜਠੇਰਾ-ਪੂਜਾ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਯਾਈ ਹਨ।

- ਮਾਲਵਾ ਅਤੇ ਦੁਆਬਾ ਇਲਾਕਿਆਂ ਦੇ ਜ਼ਿਲ੍ਹਾ ਬਠਿੰਡਾ ਅਤੇ ਜਲੰਧਰ ਵਿਚਲੇ ਪਿੰਡਾਂ ਦੇ ਵਸਨੀਕ ਬੰਦੇਸ਼ਾ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਜਾਤੀ ਪੱਖੋਂ ਸਮਾਨਤਾ ਇਹ ਦਰਸਾਉਂਦੀ ਹੈ ਕਿ ਦੋਵੇਂ ਹੀ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਅਤੇ ਜਠੇਰਾ-ਪੂਜਾ ਪੱਖੋਂ ਵੀ ਕੁਝ ਇੱਕ ਪਿੰਡਾਂ ਦੇ ਬੰਦੇਸ਼ਾ ਗੋਤ ਦੇ ਲੋਕਾਂ ਵਿੱਚ ਸਮਾਨਤਾ ਇਸ ਪੱਖੋਂ ਨਜ਼ਰ ਆਈ ਕਿ ਉਹ ਦੋਵੇਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਨਹੀਂ ਕਰਦੇ।

- ਮਾਝਾ ਅਤੇ ਦੁਆਬਾ ਇਲਾਕਿਆਂ ਦੇ ਖੋਜ-ਸਰਵੇਖਣ ਲਈ ਚੁਣੇ ਗਏ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਵਸਣ ਵਾਲ਼ੇ ਬੋਪਾਰਾਏ ਗੋਤ ਨਾਲ਼ ਸੰਬੰਧਿਤ ਲੋਕ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਹੀ ਸਮਾਨਤਾ ਰੱਖਦੇ ਹਨ। ਪਹਿਲਾ ਇਹਨਾਂ ਦੋਹਾਂ ਹੀ ਜ਼ਿਲ੍ਹਿਆਂ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਬੋਪਾਰਾਏ ਜੱਟ ਸਿੱਖ ਬਰਾਦਰੀ ਵਿੱਚੋਂ ਹਨ। ਦੂਸਰਾ ਦੋਵੇਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲ਼ੇ ਹਨ ਅਤੇ ਜਠੇਰਾ-ਪੂਜਾ ਨੂੰ ਨਹੀਂ ਮੰਨਦੇ।

- ਅਗਲੇ ਗੋਤ ਬੰਬਰਾ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿੱਚ ਵਸਣ ਵਾਲ਼ੇ ਲੋਕ ਜਾਤੀ ਪੱਖੋਂ ਸਮਾਨਤਾ ਰੱਖਦੇ ਹਨ ਅਤੇ ਤਰਖਾਣ ਬਰਾਦਰੀ ਵਿੱਚੋਂ ਹਨ। ਜਠੇਰਾ-ਪੂਜਾ ਬਾਰੇ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਵੀ ਜਠੇਰੇ ਜਾਂ ਵੱਡ-ਵਡੇਰੇ ਨੂੰ ਨਹੀਂ ਮੰਨਦੇ।

- ਮਾਝਾ ਅਤੇ ਦੁਆਬਾ ਇਲਾਕਿਆਂ ਦੇ ਖੋਜ-ਸਰਵੇਖਣ ਅਧੀਨ ਚੁਣੇ ਗਏ ਜ਼ਿਲ੍ਹਿਆਂ ਵਿੱਚ ਮਿਲੇ ਗੋਤ ਬੱਲ ਸੰਬੰਧੀ ਵੀ ਜਾਤੀ ਪੱਖੋਂ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।ਜਿਸ ਅਨੁਸਾਰ ਦੋਨਾਂ ਹੀ ਜ਼ਿਲ੍ਹਿਆਂ ਸ਼੍ਰੀ

ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਪਿੰਡਾਂ ਵਿੱਚ ਵਸਣ ਵਾਲ਼ੇ ਬੱਲ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ।

- ਬਾਲੂ ਗੋਤ ਜੋ ਕਿ ਮਾਲਵਾ ਅਤੇ ਦੁਆਬਾ ਇਲਾਕਿਆਂ ਦੇ ਪਿੰਡਾਂ ਦੇ ਵਸਨੀਕ ਹਰੀਜਨ ਜਾਤੀ ਨਾਲ਼ ਸੰਬੰਧਿਤ ਰੱਖਣ ਵਾਲ਼ੇ ਲੋਕਾਂ ਦਾ ਇੱਕ ਗੋਤ ਹੈ, ਵਿੱਚ ਜਾਤੀ ਪੱਖੋਂ ਸਮਾਨਤਾ ਉਹਨਾਂ ਦੇ ਅਲੱਗ-ਅਲੱਗ ਖਿੱਤਿਆਂ ਵਿੱਚ ਵਸਦੇ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਇੱਕੋ ਬਰਾਦਰੀ ਨਾਲ਼ ਸੰਬੰਧਿਤ ਹੋਣਾ ਹੈ।

- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਅੰਦਰਲੇ ਪਿੰਡਾਂ ਵਿੱਚ ਵਸਣ ਵਾਲ਼ੇ ਲੋਕਾਂ ਦੇ ਅਗਲੇ ਗੋਤ ਬਾਵਾ ਸੰਬੰਧੀ ਵਿਚਾਰ ਕਰੀਏ ਤਾਂ ਉਹਨਾਂ ਵਿਚਕਾਰ ਜਾਤੀ ਪੱਖੋਂ ਸਮਾਨਤਾ ਨਜ਼ਰ ਆਉਂਦੀ ਹੈ ਕਿ ਬੇਸ਼ੱਕ ਉਹ ਧਰਾਤਲੀ ਤੌਰ ‘ਤੇ ਵੱਖੋ-ਵੱਖ ਇਲਾਕਿਆਂ ਵਿੱਚ ਵਸਦੇ ਹਨ ਪਰ ਮੂਲ ਰੂਪ ਵਿੱਚ ਉਹ ਸਭ ਬੈਰਾਗੀ ਜਾਤ ਨਾਲ਼ ਹੀ ਸੰਬੰਧ ਰੱਖਣ ਵਾਲ਼ੇ ਹਨ।

- ਜ਼ਿਲ੍ਹਾ ਬਠਿੰਡਾ, ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜ਼ਿਲ੍ਹਾ ਜਲੰਧਰ ਦੇ ਅਲੱਗ-ਅਲੱਗ ਤਿੰਨਾਂ ਖਿੱਤਿਆਂ ਦੇ ਵਸਨੀਕ ਭੱਟੀ ਗੋਤ ਵਾਲੇ ਲੋਕ ਜਾਤੀ ਪੱਖੋਂ ਸਮਾਨਤਾ ਰੱਖਦੇ ਹੋਏ ਹਰੀਜਨ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਹਨ। ਇਹਨਾਂ ਵੱਖੋ-ਵੱਖਰੇ ਇਲਾਕਿਆਂ ਵਿੱਚ ਵਸਦੇ ਕੁਝ ਇੱਕ ਪਿੰਡਾਂ ਦੇ ਭੱਟੀ ਕਿਸੇ ਵੀ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ।

- ਮਾਝਾ, ਮਾਲਵਾ ਅਤੇ ਦੁਆਬਾ ਇਲਾਕਿਆਂ ਦੇ ਖੋਜ-ਕਾਰਜ ਲਈ ਸਰਵੇਖਣ ਵਾਸਤੇ ਚੁਣੇ ਗਏ ਜ਼ਿਲ੍ਹਿਆਂ ਸ਼੍ਰੀ ਅੰਮ੍ਰਿਤਸਰ ਸਾਹਿਬ, ਬਠਿੰਡਾ ਅਤੇ ਜਲੰਧਰ ਵਿਖੇ ਪਾਏ ਗਏ ਭੁੱਲਰ ਗੋਤ ਵਿੱਚ ਜਾਤੀ ਪੱਖੋਂ ਹਰੇਕ ਜਗ੍ਹਾ ਸਮਾਨਤਾ ਵੇਖਣ ਵਿੱਚ ਆਈ। ਇਹਨਾਂ ਜ਼ਿਲ੍ਹਿਆਂ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਹਨਾਂ ਇਲਾਕਿਆਂ ਵਿੱਚ ਵਸਣ ਵਾਲ਼ੇ ਭੁੱਲਰ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ। ਅਗਲੀ ਸਮਾਨਤਾ ਦੀ ਗੱਲ ਕਰੀਏ ਤਾਂ ਜਠੇਰਾ-ਪੂਜਾ ਦੇ ਸੰਬੰਧ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਤਿੰਨਾਂ ਵਿੱਚੋਂ ਦੋ ਜ਼ਿਲ੍ਹਿਆਂ ਬਠਿੰਡਾ ਅਤੇ ਜਲੰਧਰ ਵਿਚਲੇ ਭੁੱਲਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਸਭ ਕੁਝ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

- ਮੱਟੂ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜ਼ਿਲ੍ਹਾ ਬਠਿੰਡਾ, ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿੱਚ ਪਾਏ ਗਏ ਜਿਨ੍ਹਾਂ ਨਾਲ਼ ਖੋਜ-ਸਰਵੇਖਣ ਦੌਰਾਨ ਗੱਲਬਾਤ ਕਰਦਿਆਂ ਇਹ ਗੱਲ ਸਾਹਮਣੇ ਆਈ ਕਿ ਭਾਵੇਂ ਉਹ ਤਿੰਨ ਅਲੱਗ-ਅਲੱਗ ਖਿੱਤਿਆਂ ਵਿੱਚ ਵਸਦੇ ਹਨ ਪਰ ਹਰੇਕ ਇਲਾਕੇ ਜਾਂ ਖਿੱਤੇ ਵਿੱਚ ਉਹ ਜੱਟ ਸਿੱਖ ਅਤੇ ਹਰੀਜਨ ਬਰਾਦਰੀਆਂ ਨਾਲ਼ ਸੰਬੰਧਿਤ ਹਨ। ਜਠੇਰਾ-ਪੂਜਾ ਪੱਖੋਂ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਪਠਾਣੀਆਂ ਅਤੇ ਜਲੰਧਰ ਦੇ ਬਿੱਲੀ ਬੜੈਂਚ ਅਤੇ ਰਾਜੇਵਾਲ ਪਿੰਡਾਂ ਦੇ ਮੱਟੂ ਜਠੇਰਾ-ਪੂਜਾ ਦੇ ਸਥਾਨ ‘ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਕਰਕੇ ਸਮਾਨਤਾ ਰੱਖਦੇ ਹਨ।

- ਮੂਲ ਰੂਪ ਵਿੱਚ ਤਰਖਾਣ ਜਾਂ ਮਿਸਤਰੀ ਬਰਾਦਰੀ ਨਾਲ਼ ਸੰਬੰਧਿਤ ਗੋਤ ਮਠਾੜੂ ਮਾਲਵਾ ਅਤੇ ਦੁਆਬਾ ਖਿੱਤਿਆਂ ਦੇ ਖੋਜ-ਸਰਵੇਖਣ ਲਈ ਚੁਣੇ ਗਏ ਜ਼ਿਲ੍ਹਿਆਂ ਵਿੱਚ ਆਉਂਦੇ ਪਿੰਡਾਂ ਵਿੱਚ ਪਾਇਆ ਗਿਆ। ਜਾਤੀ ਪੱਖੋਂ ਤਰਖਾਣ ਬਰਾਦਰੀ ਨਾਲ਼ ਸੰਬੰਧਿਤ ਹੋਣ ਕਰਕੇ ਸਮਾਨਤਾ ਰੱਖਣ ਤੋਂ ਇਲਾਵਾ ਇਹਨਾਂ ਦੋਹਾਂ ਇਲਾਕਿਆਂ ਵਿੱਚ ਵਸਦੇ ਮਠਾੜੂ ਜਠੇਰਾ-ਪੂਜਾ ਨਾ ਕਰਨ ਕਰਕੇ ਵੀ ਸਮਾਨਤਾ ਰੱਖਦੇ ਹਨ।

- ਰਾਮਗੜ੍ਹੀਆ ਮੂਲ ਰੂਪ ਵਿੱਚ ਤਰਖਾਣ ਬਰਾਦਰੀ ਦਾ ਇੱਕ ਗੋਤ ਹੈ ਜੋ ਕਿ ਮਾਲਵਾ, ਮਾਝਾ ਅਤੇ ਦੁਆਬਾ ਤਿੰਨਾਂ ਇਲਾਕਿਆਂ ਦੇ ਖੋਜ-ਸਰਵੇਖਣ ਹਿੱਤ ਚੁਣੇ ਗਏ ਜ਼ਿਲ੍ਹਿਆਂ (ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ) ਵਿੱਚ ਪਾਇਆ ਗਿਆ। ਇਹਨਾਂ ਇਲਾਕਿਆਂ ਵਿਚਲੇ ਰਾਮਗੜ੍ਹੀਆ ਗੋਤ ਨਾਲ਼ ਸੰਬੰਧਿਤ ਲੋਕਾਂ ਵਿਚਕਾਰ ਜਾਤੀ ਦੇ ਨਾਲ਼-ਨਾਲ਼ ਜਠੇਰਾ-ਪੂਜਾ ਪੱਖੋਂ ਵੀ ਸਮਾਨਤਾ ਦੇਖਣ ਵਿੱਚ ਆਈ ਕਿ ਇਹਨਾਂ ਸਾਰੇ ਜ਼ਿਲ੍ਹਿਆਂ ਵਿਚਲੇ ਪਿੰਡਾਂ ਵਿੱਚ ਵਸਦੇ ਰਾਮਗੜ੍ਹੀਆ ਗੋਤ ਦੇ ਲੋਕ ਕਿਸੇ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਬਠਿੰਡਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਪਾਏ ਗਏ ਲੱਧੜ ਗੋਤ ਬਾਰੇ ਜਾਤੀ ਸੰਬੰਧੀ ਅੰਸ਼ਿਕ ਤੌਰ ‘ਤੇ ਸਮਾਨਤਾ ਦ੍ਰਿਸ਼ਟੀਗੋਚਰ ਹੋਈ ਕਿ ਇਹਨਾਂ ਵਿੱਚੋਂ ਕੁਝ ਇੱਕ ਪਿੰਡਾਂ ਵਿੱਚ ਵਸਣ ਵਾਲ਼ੇ ਲੱਧੜ ਹਰੀਜਨ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜ਼ਿਲ੍ਹਾ ਜਲੰਧਰ ਵਿਖੇ ਵੱਖ-ਵੱਖ ਪਿੰਡਾਂ ਵਿੱਚ ਪਾਏ ਗਏ ਗੋਤ ਲੋਲੇ (ਚੌਹਾਨ) ਨਾਲ਼ ਸੰਬੰਧਿਤ ਸਮਾਨਤਾ ਇਸ ਪੱਖੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਦੋਹਾਂ ਹੀ ਇਲਾਕਿਆਂ ਮਾਝਾ ਅਤੇ ਦੁਆਬਾ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਪਰਜਾਪੱਤ (ਘੁਮਿਆਰ) ਬਰਾਦਰੀ ਨਾਲ਼ ਸੰਬੰਧਿਤ ਹਨ।

- ਅਗਲੇ ਗੋਤ ਵਤਸ ਸੰਬੰਧੀ ਗੱਲ ਕਰੀਏ ਤਾਂ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਹਰੇਕ ਪੱਖ ਤੋਂ ਚਾਹੇ ਉਹ ਜਾਤੀ ਹੋਵੇ, ਜਠੇਰਾ ਹੋਵੇ ਜਾਂ ਪੂਜਾ-ਵਿਧੀਆਂ ਹੋਣ, ਸਮਾਨਤਾ ਵੇਖਣ ਨੂੰ ਮਿਲਦੀ ਹੈ। ਮਾਝਾ ਇਲਾਕੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਇਲਾਕੇ ਦੇ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਦਾ ਖੋਜ-ਕਾਰਜ ਦੌਰਾਨ ਖੇਤਰੀ ਸਰਵੇਖਣ ਕਰਦਿਆਂ ਜਦ ਵਤਸ ਗੋਤ ਨਾਲ਼ ਸੰਬੰਧਿਤ ਲੋਕਾਂ ਨਾਲ਼ ਗੱਲਬਾਤ ਕੀਤੀ ਗਈ ਤਾਂ ਪਤਾ ਚੱਲਿਆ ਕਿ ਉਹ ਬ੍ਰਾਹਮਣ ਜਾਤੀ ਜਾਂ ਵਰਗ ਨਾਲ਼ ਸੰਬੰਧ ਰੱਖਦੇ ਹਨ ਅਤੇ ਦੋਨਾਂ ਹੀ ਖਿੱਤਿਆਂ ਦੇ ਵਤਸ ਆਪਣੇ ‘ਸੋਹਨ ਲਾਲ’ ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਹਨ।

- ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਵੱਖੋ-ਵੱਖ ਪਿੰਡਾਂ ਵਿੱਚ ਵਸਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਜਠੇਰਾ-ਪੂਜਾ ਨੂੰ ਨਾ ਮੰਨਦੇ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸਿਧਾਂਤਾਂ ‘ਤੇ ਚੱਲਦੇ ਹਨ।

- ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਜ਼ਿਲ੍ਹਿਆਂ ਵਿਚਲੇ ਵੱਖੋ-ਵੱਖ ਪਿੰਡਾਂ ਵਿੱਚ ਵਸਦੇ ਵੜੈਚ ਜਾਂ ਵੜੈਂਚ ਗੋਤ ਨਾਲ਼ ਸੰਬੰਧਿਤ ਲੋਕ ਜਾਤੀ ਤੌਰ 'ਤੇ ਸਮਾਨਤਾ ਦੇ ਧਾਰਨੀ ਹਨ ਅਤੇ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਦੂਸਰੀ ਸਮਾਨਤਾ ਇਹਨਾਂ ਤਿੰਨਾਂ ਹੀ ਖਿੱਤਿਆਂ ਦੇ ਲੋਕਾਂ ਵਿੱਚ ਜਠੇਰਾ-ਪੂਜਾ ਦੇ ਪੱਖ ਤੋਂ ਝਲਕਦੀ ਹੈ ਕਿ ਸਾਰੇ ਹੀ ਜਠੇਰਾ-ਪੂਜਾ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਵਿੱਚ ਵਸਣ ਵਾਲ਼ੇ ਸ਼ੇਰਗਿੱਲ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਅਤੇ ਮਾਝਾ ਖਿੱਤੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡਾਂ ਵਿੱਚ ਵਸਦੇ ਸ਼ੇਰਗਿੱਲ ਗੋਤ ਨਾਲ਼ ਸੰਬੰਧਿਤ ਕੁਝ ਲੋਕ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹੋਣ ਕਰਕੇ ਇਹਨਾਂ ਵਿਚਕਾਰ ਜਾਤੀ ਪੱਖੋਂ ਅੰਸ਼ਿਕ ਤੌਰ 'ਤੇ ਸਮਾਨਤਾ ਝਲਕਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਰਾਜਗੜ੍ਹ ਦੇ ਸ਼ੇਰਗਿੱਲ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਵਡਾਲਾ ਦੇ ਸਾਰੇ ਅਤੇ ਕੋਟਲੀ ਦੇ ਕੁਝ ਸ਼ੇਰਗਿੱਲ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹੋਣ ਕਰਕੇ ਜਠੇਰਾ-ਪੂਜਾ ਦੇ ਪੱਖ ਤੋਂ ਵੀ ਸਮਾਨ ਹਨ ਕਿਉਂ ਕਿ ਉਹ ਕਿਸੇ ਵੀ ਜਠੇਰੇ ਦੀ ਮਾਨਤਾ ਨਹੀਂ ਕਰਦੇ।

- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਦੇ ਅਲੱਗ-ਅਲੱਗ ਦੋਹਾਂ ਖਿੱਤਿਆਂ ਦੇ ਵਸਨੀਕ ਸ਼ਰਮਾ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜਾਤੀ ਪੱਖੋਂ ਸਮਾਨਤਾ ਰੱਖਦੇ ਹੋਏ ਬ੍ਰਾਹਮਣ ਬਰਾਦਰੀ ਨਾਲ਼ ਸੰਬੰਧਿਤ ਹਨ।

**ਗੋਤ ਅਤੇ ਜਠੇਰੇ: ਵਖਰੇਵੇਂ/ਵੱਖਰਤਾਵਾਂ**

ਆਪਣੇ ਖੋਜ-ਸਰਵੇਖਣ ਨਾਲ਼ ਸੰਬੰਧਿਤ ਪੰਜਾਬ ਦੇ ਤਿੰਨ ਪ੍ਰਮੁੱਖ ਖਿੱਤਿਆਂ ਮਾਲਵਾ, ਮਾਝਾ ਅਤੇ ਦੁਆਬਾ ਦੇ ਤਿੰਨ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿੱਚੋਂ ਖੋਜ-ਕਾਰਜ ਦੇ ਅੰਤਰਗਤ ਲਿਆਂਦੇ ਗਏ ਪਿੰਡਾਂ ਵਿਚਲੇ ਵੱਖ-ਵੱਖ ਪ੍ਰਮੁੱਖ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ ਦੀ ਮਾਨਤਾ ਸੰਬੰਧੀ ਖੋਜ-ਕਾਰਜ ਕਰਦਿਆਂ ਇਹਨਾਂ ਤਿੰਨਾਂ ਖਿੱਤਿਆਂ ਵਿਚਲੇ ਗੋਤਾਂ ਅਤੇ ਉਹਨਾਂ ਦੇ ਜਠੇਰਾ-ਪੂਜਾ ਵਿਧੀ-ਵਿਧਾਨ ਵਿੱਚ ਜਿੱਥੇ ਬਹੁਤ ਸਾਰੀਆਂ ਸਮਾਨਤਾਵਾਂ ਪਾਈਆਂ ਗਈਆਂ, ਉੱਥੇ ਹੀ ਇਹਨਾਂ ਵਿਚਕਾਰ ਕਾਫੀ ਵੱਖਰਤਾਵਾਂ ਵੀ ਵੇਖਣ ਵਿੱਚ ਸਾਹਮਣੇ ਆਈਆਂ ਜਿਨ੍ਹਾਂ ਦਾ ਵਰਣਨ ਨਿਮਨਲਿਖਤ ਹੈ:-

- ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਦੇ ਵੱਖੋ-ਵੱਖ ਪਿੰਡਾਂ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚੋਂ ਖੋਜ-ਪ੍ਰਬੰਧ ਸੰਬੰਧੀ ਸਮੱਗਰੀ ਇਕੱਤਰ ਕੀਤੀ ਗਈ ਤਾਂ ਉੱਪਲ ਗੋਤ ਸੰਬੰਧੀ ਦੋਹਾਂ ਖਿੱਤਿਆਂ ਵਿੱਚ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਵੱਖਰਤਾ ਜਾਂ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਜ਼ਿਲ੍ਹਾ ਬਠਿੰਡਾ ਦੇ ਉੱਪਲ ਗੋਤ ਨਾਲ਼ ਸੰਬੰਧਿਤ ਖੱਤਰੀ ਬਰਾਦਰੀ ਦੇ ਲੋਕ ਆਪਣੇ ਪਿੰਡ ਦੇ ਖੇਤਾਂ ਵਿੱਚ ਹੀ ਬਣੀ ਅਗਿਆਤ ਜਠੇਰੇ ਜਾਂ ਵੱਡੇ-ਵਡੇਰੇ ਦੀ ਮਟੀ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ ਅਤੇ ਖੁਸ਼ੀ ਮੌਕੇ ਪੰਜ

ਕਾਪੜੀ ਚੜ੍ਹਾਵੇ ਵਜੋਂ ਦਿੰਦੇ ਹਨ। ਇਸਦੇ ਉਲਟ ਜ਼ਿਲ੍ਹਾ ਜਲੰਧਰ ਦੇ ਵਸਨੀਕ ਉੱਪਲ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਣ ਵਾਲ਼ੇ ਅਤੇ ਗੁਰਮਤਿ ਸਿਧਾਂਤਾਂ ਦੇ ਅਨੁਯਾਈ ਹੋਣ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ।

- ਮਾਲਵੇ ਦੇ ਬਠਿੰਡਾ ਜ਼ਿਲ੍ਹੇ, ਮਾਝੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਖਿੱਤੇ ਦੇ ਜ਼ਿਲ੍ਹਾ ਜਲੰਧਰ ਵਿਖੇ ਪਾਏ ਗਏ ਅਟਵਾਲ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਹੀ ਪੱਖਾਂ ਤੋਂ ਆਪਸ ਵਿੱਚ ਵਖਰੇਵੇਂ ਰੱਖਦੇ ਹਨ। ਜ਼ਿਲ੍ਹਾ ਬਠਿੰਡਾ ਵਿਖੇ ਅਟਵਾਲ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਪਰਜਾਪੱਤ ਅਤੇ ਮਜ਼੍ਹਬੀ ਸਿੱਖ ਬਰਾਦਰੀ ਵਿੱਚੋਂ ਹਨ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਅਟਵਾਲ਼ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ। ਜਠੇਰਾ-ਪੂਜਾ ਬਾਰੇ ਗੱਲ ਕਰੀਏ ਤਾਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਸਿਰੀਏਵਾਲਾ ਦੇ ਲੋਕਾਂ ਦਾ ਜਠੇਰਾ-ਪੂਜਾ ਬਾਰੇ ਕਹਿਣਾ ਹੈ ਕਿ ਇਸ ਪਿੰਡ ਦੇ ਕੁਝ ਅਟਵਾਲ ਆਪਣੇ ਜਠੇਰੇ 'ਬਾਬਾ ਵੱਸਣ ਸਿੰਘ' ਨੂੰ ਮੰਨਦੇ ਹਨ ਜਿਸ ਦੀ ਜਗ੍ਹਾ ਪਿੰਡ ਵਿੱਚ ਹੀ ਬਣੀ ਹੋਈ ਹੈ। ਇਸ ਸਥਾਨ 'ਤੇ ਉਹ ਦੁੱਧ ਅਤੇ ਦੇਗ ਚੜ੍ਹਾਉਂਦੇ ਹਨ। ਕੁਝ ਅਟਵਾਲ 'ਬਾਬਾ ਜੀਵਨ ਸਿੰਘ' ਨੂੰ ਜਠੇਰੇ ਵਜੋਂ ਮੰਨਦੇ ਹਨ ਜਦ ਕਿ ਬਾਕੀ ਦੇ ਅਟਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਧੌਲ ਕਲਾਂ ਦੇ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕਾਂ ਦਾ ਜਠੇਰੇ-ਪੂਜਾ ਬਾਰੇ ਕਹਿਣਾ ਹੈ ਕਿ ਉਹ ਆਪਣੇ ਪਿੰਡ ਵਿੱਚ ਹੀ 'ਬਾਬਾ ਤੱਖੀਏ' ਦੀ ਪੂਜਾ ਕਰਦੇ ਹਨ। ਪਿੰਡ ਖਾਪਰ ਖੇੜੀ ਦੇ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕ 'ਪੀਰ ਬਾਬਾ ਸ਼ਹਿਨਸ਼ਾਹ' ਦੀ ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਦੁਆਬੇ ਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਬਿੱਲੀ ਚੁਹਾਰਮੀ ਦੇ ਅਟਵਾਲ ਗੋਤ ਨਾਲ਼ ਸੰਬੰਧਿਤ ਲੋਕ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਪਿੰਡ ਘੁੜਕੀ ਵਿਖੇ ਜਾਂਦੇ ਹਨ।

- ਮਾਲਵੇ ਦੇ ਜ਼ਿਲ੍ਹਾ ਬਠਿੰਡਾ, ਮਾਝੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਵਿਖੇ ਪਾਏ ਗਏ ਗੋਤ ਸਹੋਤਾ ਨਾਲ਼ ਸੰਬੰਧਿਤ ਲੋਕ ਵੀ ਜਾਤੀ ਅਤੇ ਜਠੇਰਾ-ਪੂਜਾ ਪੱਖੋਂ ਭਿੰਨਤਾਵਾਂ ਦੇ ਧਾਰਨੀ ਹਨ। ਬਠਿੰਡੇ ਦੇ ਖੇਮੂਆਣਾ ਅਤੇ ਆਕਲੀਆ ਪਿੰਡਾਂ ਵਿੱਚ ਇਹ ਮਜ਼੍ਹਬੀ ਸਿੱਖ ਜਾਤੀ ਦਾ ਗੋਤ ਹੈ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਬੱਲ ਕਲਾਂ ਪਿੰਡ ਵਿੱਚ ਸਹੋਤਾ ਪਰਜਾਪੱਤ ਬਰਾਦਰੀ ਦਾ ਗੋਤ ਹੈ ਜਦ ਕਿ ਪਿੰਡ ਮਹਿਮਾ ਦੇ ਸਹੋਤਾ ਗੋਤ ਦੇ ਲੋਕ ਸਾਂਹਸੀ ਅਤੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡਾਂ ਸ਼ੰਕਰ, ਬੱਲ ਨੌਂ ਆਦਿ ਵਿੱਚ ਵੀ ਇਹ ਗੋਤ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਪੱਖੋਂ ਵਖਰੇਵੇਂ ਰੱਖਦੇ ਹੋਏ ਮਾਲਵੇ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਕਹਿਣ ਮੁਤਾਬਿਕ ਉਹ ਪਹਿਲਾਂ ਆਪਣੇ ਅਗਿਆਤ ਜਠੇਰੇ ਨੂੰ ਮੰਨਦੇ ਸਨ, ਪਰ ਹੁਣ ਗੁਰਮਤਿ ਦੇ ਪ੍ਰਭਾਵ ਅਧੀਨ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਬੱਲ ਕਲਾਂ ਦੇ ਸਹੋਤਾ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਪੀਰ ਬਾਬਾ' ਦੀ ਮਨੌਤ ਕਰਦੇ ਹਨ। ਪਿੰਡ ਗੁਰਵਾਲੀ ਦੇ ਸਾਂਹਸੀ ਸਹੋਤੇ ਪਿੰਡ ਬੋੜੂ ਵਿਖੇ ਪੀਰ ਬਾਬਾ ਦੀ ਮਨੌਤ ਲਈ

ਜਾਂਦੇ ਹਨ। ਪਿੰਡ ਮਹਿਮਾ ਦੇ ਸਹੋਤਾ 'ਪੀਰ ਰਹਿਤ ਸ਼ਾਹ' ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਵਿੱਚ ਮੇਨ ਰੋਡ ਦੇ ਨੇੜੇ ਸਹੋਤਾ ਗੋਤ ਦੇ ਜਠੇਰਿਆਂ ਦੀ ਸ਼ਾਨਦਾਰ ਜਗ੍ਹਾ ਹੈ। ਪਿੰਡ ਬੱਲ ਨੌਂ ਦੇ ਸਹੋਤੇ ਪਿੰਡ ਸ਼ੰਕਰ ਵਿਖੇ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ ਅਤੇ ਇਹ ਚੇਤ ਮਹੀਨੇ ਮਿੱਟੀ ਵੀ ਕੱਢਦੇ ਹਨ। ਖੁਰਸ਼ੈਦਪੁਰ ਪੰਡੋਰੀ ਪਿੰਡ ਦੇ ਸਹੋਤੇ 'ਬਾਬਾ ਬੋਹੜਾਂ ਵਾਲਾ' ਨਾਮੀ ਆਪਣੇ ਜਠੇਰੇ ਦੀ ਚੇਤ ਚੌਦੇਂ ਨੂੰ ਮਿੱਟੀ ਕੱਢਦੇ ਹਨ। ਗੋਬਿੰਦ ਨਗਰ ਮਲਸੀਹਾਂ ਪਿੰਡ ਦੇ ਸਹੋਤੇ ਅਗਿਆਤ ਜਠੇਰੇ ਦੀ ਪੂਜਾ ਕਪੂਰਥਲਾ ਲਾਗੇ ਪਿੰਡ ਵਿੱਚ ਚੇਤ ਦੀ ਮੱਸਿਆ ਨੂੰ ਕਰਦੇ ਹਨ। ਤਲਵੰਡੀ ਬੂਟਿਆਂ ਪਿੰਡ ਦੇ ਸਹੋਤੇ ਨੂਰ ਮਹਿਲ ਕੋਲ਼ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਜਾਂਦੇ ਹਨ। ਚੱਕ ਚੇਲਾ ਦੇ ਸਹੋਤੇ ਆਧੁਨਿਕ ਸੋਚ ਦੇ ਧਾਰਨੀ ਹਨ ਅਤੇ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਸਬਰਵਾਲ ਜਾਂ ਸੱਭਰਵਾਲ ਗੋਤ ਮਾਝੇ ਖਿੱਤੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਇੱਬਣ ਖੁਰਦ ਵਿੱਚ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਅਤੇ ਸੀਚੇਵਾਲ ਵਿੱਚ ਪਾਇਆ ਗਿਆ। ਦੋਹਾਂ ਹੀ ਖਿੱਤਿਆਂ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਾ-ਪੂਜਾ ਬਾਰੇ ਅਲੱਗ-ਅਲੱਗ ਵਿਚਾਰ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਇੱਬਣ ਖੁਰਦ ਦੇ ਸਬਰਵਾਲ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਘਰ ਦੇ ਲਾਗੇ ਮਾਤਾ ਰਾਣੀ ਦੀ ਪੂਜਾ ਕਰਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ ਦੇ ਸੱਭਰਵਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ। ਪ੍ਰਸਿੱਧ ਸਮਾਜ-ਸੇਵੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਸਮੁੱਚੇ ਪਿੰਡ ਉੱਪਰ ਗੁਰਮਤਿ ਪ੍ਰਭਾਵ ਹੋਣ ਕਾਰਨ ਸਾਰਾ ਹੀ ਪਿੰਡ ਕਿਸੇ ਜਠੇਰੇ ਨੂੰ ਮੰਨਣ ਦੀ ਜਗ੍ਹਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਯਾਈ ਹੈ। ਇਸ ਤੋਂ ਇਲਾਵਾ ਪਿੰਡ ਸ਼ੰਕਰ ਦੇ ਸੱਭਰਵਾਲ ਜੋ ਕਿ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਹਨ, ਉਹ ਪਿੰਡ ਭੋਡੇ ਸਪਰਾਏ ਨੇੜੇ ਜੰਡਿਆਲੀ ਵਿਖੇ 'ਝੰਡਾ ਪੀਰ' ਦੀ ਮੰਨ-ਮਨੌਤ ਕਰਨ ਹਿਤ ਜਾਂਦੇ ਹਨ।

- ਮਾਲਵੇ ਦੇ ਜ਼ਿਲ੍ਹਾ ਬਠਿੰਡਾ ਅਤੇ ਮਾਝਾ ਖਿੱਤੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਏ ਗਏ ਸੱਗੂ ਗੋਤ ਵਿੱਚ ਵੀ ਜਾਤੀ ਅਤੇ ਜਠੇਰਾ-ਪੂਜਾ ਸੰਬੰਧੀ ਵਖਰੇਵੇਂ ਨਜ਼ਰ ਆਉਂਦੇ ਹਨ। ਬਠਿੰਡਾ ਜ਼ਿਲ੍ਹੇ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਇਹ ਗੋਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਹਮੀਰਗੜ੍ਹ ਵਿੱਚ ਪਾਇਆ ਗਿਆ ਜੋ ਕਿ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਗੋਤ ਹੈ ਅਤੇ ਇਹ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਇਹ ਗੋਤ ਰਾਮਤੀਰਥ ਦੇ ਲਾਗੇ ਕਲੇਰ ਪਿੰਡ ਵਿੱਚ ਜੱਟਾਂ ਤੋਂ ਇਲਾਵਾ ਰਾਮਗੜ੍ਹੀਆ ਬਰਾਦਰੀ ਵਿੱਚ ਵੀ ਪਾਇਆ ਗਿਆ ਜਿਸ ਨਾਲ਼ ਸੰਬੰਧਿਤ ਲੋਕਾਂ ਦਾ ਕਹਿਣਾ ਹੈ ਕਿ ਇਸ ਪਿੰਡ ਦੇ ਸੱਗੂ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ 'ਕਲੇਰ' ਨਾਮੀ ਜਠੇਰੇ ਦੀ ਪੂਜਾ ਕਰਦੇ ਹਨ।

- ਅਗਲੇ ਗੋਤ ਸਿੱਧੂ ਸੰਬੰਧੀ ਗੱਲ ਕਰੀਏ ਤਾਂ ਇਹ ਗੋਤ ਵੀ ਤਿੰਨਾਂ ਖਿੱਤਿਆਂ ਮਾਲਵਾ, ਮਾਝਾ ਅਤੇ ਦੁਆਬਾ ਦੇ ਖੋਜ-ਪ੍ਰਬੰਧ ਲਈ ਚੁਣੇ ਗਏ ਜ਼ਿਲ੍ਹਿਆਂ ਵਿੱਚ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਹੀ ਪੱਖਾਂ ਤੋਂ ਭਿੰਨਤਾ

ਰੱਖਦਾ ਹੈ। ਇਹ ਗੋਤ ਮਾਲਵੇ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੋਡੀਪੁਰਾ ਵਿਖੇ ਪਾਇਆ ਗਿਆ, ਜੋ ਕਿ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਹਾਕਮ ਸਿੰਘ ਵਾਲਾ ਵਿਖੇ ਮਜ਼ਹਬੀ ਸਿੱਖ ਜਾਤੀ ਦੇ ਸਿੱਧੂ ਵੀ ਵਸਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ, ਬੱਲ ਕੋਹਨਾ, ਤਲਵੰਡੀ ਬੂਟਿਆਂ ਤੇ ਕੋਹਾੜ ਖੁਰਦ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕ ਜੱਟ ਸਿੱਖ ਬਰਾਦਰੀ ਅਤੇ ਪਿੰਡ ਬਿੱਲੀ ਚੁਹਾਰਮੀ ਦੇ ਸਿੱਧੂ ਬਾਲਮੀਕ ਅਤੇ ਬਾਜ਼ੀਗਰ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ। ਜਠੇਰਾ-ਪੂਜਾ ਸੰਬੰਧੀ ਗੱਲ ਕਰਨ 'ਤੇ ਪਤਾ ਚੱਲਿਆ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਢੇਲਵਾਂ, ਭੋਡੀਪੁਰਾ, ਭਗਤਾ ਭਾਈ ਅਤੇ ਬੁਰਜ ਥਰੋੜ ਦੇ ਇਸ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਕਿਸੇ ਵੀ ਵੱਡੇ-ਵਡੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਿੱਚ ਹੀ ਵਿਸ਼ਵਾਸ ਰੱਖਦੇ ਹਨ। ਜਲਾਲ ਪਿੰਡ ਦੇ ਸਿੱਧੂ ਜੱਟ ਸਿੱਖ ਪਿੰਡ ਵਿੱਚ ਹੀ ਬਣੀ 'ਮਾਈ ਸੈਰੋਂ' ਦੀ ਸਮਾਧ' ਤੇ ਜਾ ਕੇ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਭਗਤਾ ਭਾਈ ਦੇ ਸਿੱਧੂ ਗੋਤ ਦੇ ਲੋਕ ਪਿੰਡ ਚੰਦਭਾਨ ਵਿਖੇ ਸਥਿਤ 'ਬਾਬਾ ਸ਼ਹੀਦ' ਦੀ ਜਗ੍ਹਾ 'ਤੇ ਜਾ ਕੇ ਮੰਨ-ਮਨੌਤ ਕਰਦੇ ਹਨ ਜਦ ਕਿ ਅੱਜ ਤੋਂ ਤਕਰੀਬਨ 20 ਵਰ੍ਹੇ ਪਹਿਲਾਂ ਇਸੇ ਪਿੰਡ ਦੇ ਕੁਝ ਸਿੱਧੂ ਗੋਤੀਏ 'ਗੁੱਗਾ ਬਾਸੜੀਆ' ਦੀ ਪੂਜਾ ਕਰਦੇ ਸਨ, ਪਰ ਹੁਣ ਨਹੀਂ। ਪਿੰਡ ਗੋਬਿੰਦਪੁਰਾ ਅਤੇ ਹਾਕਮ ਸਿੰਘ ਵਾਲਾ ਦੇ ਸਿੱਧੂ ਆਪਣੇ ਪਿੰਡ ਵਿਖੇ ਖੇਤਾਂ ਵਿੱਚ ਹੀ ਬਣੀ ਜਗ੍ਹਾ 'ਤੇ ਜਾ ਕੇ ਆਪੋ-ਆਪਣੇ ਜਠੇਰੇ ਦੀ ਪੂਜਾ ਕਰਦੇ ਹਨ। ਪਿੰਡ ਗੋਬਿੰਦਪੁਰਾ ਦੇ ਕੁਝ ਸਿੱਧੂ ਖੇਤਾਂ ਦੀ ਜਗ੍ਹਾ ਡੇਰਾ ਭਿਆਣਾ ਵਿਖੇ 'ਬਾਬਾ ਭਗਤੂ' ਦੀ ਪੂਜਾ ਕਰਨ ਜਾਂਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਕੋਟਲੀ ਅਤੇ ਮਾਲੂਵਾਲ ਦੇ ਸਿੱਧੂ ਕਿਸੇ ਜਠੇਰੇ ਨੂੰ ਮੰਨਣ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪਿੰਡ ਕੋਟਲੀ ਦੇ ਸਿੱਧੂਆਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਜਠੇਰੇ ਦਾ ਨਾਮ 'ਸੰਤਾ ਸਿੰਘ' ਹੈ, ਪ੍ਰੰਤੂ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਜਲੰਧਰ ਜ਼ਿਲ੍ਹੇ ਦੇ ਪਿੰਡਾਂ ਵਿਚਲੇ ਸਿੱਧੂਆਂ ਦੇ ਜਠੇਰੇ ਦੀ ਮਨੌਤ ਦੀ ਗੱਲ ਕਰੀਏ ਤਾਂ ਪਿੰਡ ਬਿੱਲੀ ਚਾਓ ਦੇ ਸਿੱਧੂ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮੰਨ-ਮਨੌਤ ਕਰਦੇ ਹਨ।

- ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਨਾਲ਼ ਸੰਬੰਧਿਤ ਤਿੰਨ ਅਲੱਗ-ਅਲੱਗ ਖਿੱਤਿਆਂ ਮਾਲਵਾ, ਮਾਝਾ ਅਤੇ ਦੁਆਬਾ ਵਿੱਚ ਵਸਦੇ ਸੰਧੂ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਵੀ ਜਾਤੀ ਪੱਖੋਂ ਅਤੇ ਜਠੇਰਾ-ਪੂਜਾ ਪੱਖੋਂ ਵਖਰੇਵਾਂ ਨਜ਼ਰ ਆਉਂਦਾ ਹੈ। ਬਠਿੰਡਾ ਜ਼ਿਲ੍ਹੇ ਵਿੱਚੋਂ ਖੋਜ ਸਮੱਗਰੀ ਇਕੱਤਰ ਕਰਨ ਦੌਰਾਨ ਪਿੰਡ ਕਾਂਗੜ, ਕੋਠਾ ਗੁਰੂ ਕਾ, ਹਰਰਾਏਪੁਰ, ਖੇਮੂਆਣਾ ਵਿੱਚ ਸੰਧੂ ਗੋਤ ਜੱਟ ਸਿੱਖਾਂ ਅਤੇ ਪਿੰਡ ਸਿਰੀਏਵਾਲਾ ਵਿੱਚ ਤਰਖਾਣ ਜਾਤੀ ਨਾਲ਼ ਸੰਬੰਧਿਤ ਪਾਇਆ ਗਿਆ ਜਦ ਕਿ ਜ਼ਿਲ੍ਹਾ ਜਲੰਧਰ ਵਿੱਚ ਇਹ ਗੋਤ ਜੱਟ ਸਿੱਖ ਅਤੇ ਹਰੀਜਨ ਸ਼੍ਰੇਣੀਆਂ ਵਿੱਚ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਂਗੜ, ਕੋਠਾ ਗੁਰੂ ਕਾ, ਹਰਰਾਏਪੁਰ, ਖੇਮੂਆਣਾ ਦੇ ਸੰਧੂ ਬੀੜ ਸਿੱਖਾਂ ਵਾਲ਼ਾ ਵਿਖੇ ਸਥਿਤ 'ਕਾਲ਼ਾ ਮਹਿਰ' ਦੀ ਜਗ੍ਹਾ 'ਤੇ ਜਾ ਕੇ ਮਿੱਟੀ ਕੱਢਦੇ ਅਤੇ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਤੇ ਪਰਿਵਾਰਿਕ ਸੁਖ-ਸ਼ਾਂਤੀ ਲਈ ਅਰਦਾਸ ਕਰਦੇ ਹਨ। ਪਿੰਡ ਸਿਰੀਏਵਾਲਾ ਵਿੱਚ ਤਰਖਾਣ ਜਾਤੀ ਨਾਲ਼ ਸੰਬੰਧਿਤ ਸੰਧੂ

ਗੋਤ ਦੇ ਲੋਕ ਵੀ ਪਾਏ ਗਏ ਜੋ ਕਿ ਬੀੜ ਸਿੱਖਾਂ ਵਾਲ਼ਾ ਵਿਖੇ ਹੀ ਕਾਲ਼ਾ ਮਹਿਰ ਦੀ ਜਗ੍ਹਾ ‘ਤੇ ਮਿੱਟੀ ਕੱਢਣ ਜਾਂਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਬੋਤਾ ਦੇ ਸੰਧੂ ਦੱਸਦੇ ਹਨ ਕਿ ਉਹਨਾਂ ਦੇ ਜਠੇਰੇ ਦਾ ਨਾਂ ‘ਦਸੌਂਧਾ ਸਿੰਘ’ ਹੈ, ਪਰ ਉਹ ਇਸ ਦੀ ਮੰਨ-ਮਨੌਤ ਨਹੀਂ ਕਰਦੇ, ਸਗੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਅਗਲੇ ਪਿੰਡ ਗੁਰਵਾਲੀ ਦੇ ਸੰਧੂ ‘ਡੇਰਾ ਸਾਹਿਬ’ ਵਿਖੇ ਜਾਂਦੇ ਹਨ ਅਤੇ ਜਠੇਰੇ ਦੀ ਮਨੌਤ ਨਹੀਂ ਕਰਦੇ। ਪਿੰਡ ਖਾਸਾ ਦੇ ਸੰਧੂਆਂ ਦੇ ਜਠੇਰੇ ਦੀ ਗੱਲ ਕਰੀਏ ਤਾਂ ਉਹ ‘ਗੁਰਮੁਖ ਸਿੰਘ’ ਨੂੰ ਮੰਨਦੇ ਹਨ ਜਦ ਕਿ ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ ਅਤੇ ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਰਾਮਪੁਰਾ ਬਾਵਿਆਂ ਕਾ, ਭਕਨਾ ਕਲਾਂ, ਬਾਸਰਕੇ, ਮਹਿਮਾ, ਮੁੱਲਾ ਬਹਿਰਾਮ, ਬੱਲ ਕਲਾਂ, ਮੂਧਲ, ਨੱਥੂਪੁਰਾ, ਬੋਤਾ, ਕਲੇਰ, ਮਾਲੂਵਾਲ, ਵਡਾਲਾ ਅਤੇ ਮੰਡਿਆਲਾ ਦੇ ਸੰਧੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਪਿੰਡ ਮੁੱਲਾ ਬਹਿਰਾਮ ਦੇ ਕੁਝ ਸੰਧੂ ਆਪਣੇ ਪਿੰਡ ਵਿੱਚ ਹੀ ਸ਼ਮਸ਼ਾਨ ਘਾਟ ਕੋਲ਼ ਬਣੀ ਹੋਈ ਅਗਿਆਤ ਜਠੇਰੇ ਦੀ ਜਗ੍ਹਾ ‘ਤੇ ਜਾ ਕੇ ਮੱਥਾ ਟੇਕਦੇ ਹਨ ਅਤੇ ਮਿੱਟੀ ਨਹੀਂ ਕੱਢਦੇ। ਪਿੰਡ ਥਾਂਦੇ ਖੁਰਦ ਦੇ ਸੰਧੂ ਗੋਤ ਦੇ ਲੋਕ ‘ਬਾਬਾ ਹਰੀਆ’ ਦੀ, ਗੁਮਾਨਪੁਰਾ ਦੇ ‘ਬਾਬਾ ਸ਼ਾਹ ਮੁਰਾਦ’ ਦੀ ਮੰਨ-ਮਨੌਤ ਕਰਦੇ ਹਨ। ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸੰਧੂ ‘ਮਸੀਹ’ ਦੀ ਪੂਜਾ ਕਰਦੇ ਹਨ ਅਤੇ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬਾਸਰਕੇ ਦੇ ਕੁਝ ਸੰਧੂ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਪੂਜਾ ਕਰਦੇ ਹਨ। ਜ਼ਿਲ੍ਹਾ ਜਲੰਧਰ ਦੇ ਸੰਧੂਆਂ ਦੇ ਜਠੇਰੇ ਸੰਬੰਧੀ ਗੱਲ ਕਰਨ ‘ਤੇ ਪਤਾ ਚੱਲਿਆ ਕਿ ਪਿੰਡ ਮੂਲੇਵਾਲ ਖਹਿਰਾ ਦੇ ਸੰਧੂ ਜੱਟ ‘ਬਾਬਾ ਕਾਲਾ ਮਹਿਰ’ ਦੀ ਪੂਜਾ ਕਰਦੇ ਹਨ। ਪਿੰਡ ਸ਼ੰਕਰ ਵਿੱਚ ਵਸਦੇ ਸੰਧੂ ਗੋਤ ਦੇ ਜਠੇਰਿਆਂ ਦੀ ਜਗ੍ਹਾ ਮੇਨ ਰੋਡ ਉੱਪਰ ਬਣੀ ਹੋਈ ਹੈ ਅਤੇ ਇਸ ਪਿੰਡ ਦੇ ਸੰਧੂ ‘ਕਾਲ਼ਾ ਮਹਿਰ’ ਦੀ ਮਨੌਤ ਕਰਦੇ ਹਨ। ਪਿੰਡ ਤਲਵੰਡੀ ਮਾਧੋ ਦੇ ਸੰਧੂ ਵੀ ਆਪਣੇ ਪਿੰਡ ਵਿੱਚ ਹੀ ਬਣੀ ਕਾਲ਼ਾ ਮਹਿਰ ਦੀ ਜਗ੍ਹਾ ‘ਤੇ ਜਾ ਕੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਪਿੰਡ ਪੱਤੋ ਕਲਾਂ, ਪੰਡੋਰੀ ਖਾਸ, ਚੱਕ ਬਾਹਮਣੀਆਂ ਖੁਰਦ ਦੇ ਸੰਧੂ ਕਿਸੇ ਵੀ ਜਠੇਰੇ ਨੂੰ ਨਹੀਂ ਮੰਨਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਸਰਾਂ ਗੋਤ ਜੋ ਕਿ ਮਾਲਵੇ ਦੇ ਬਠਿੰਡਾ ਜ਼ਿਲ੍ਹੇ ਦੇ ਪ੍ਰਸਿੱਧ ਪਿੰਡਾਂ ਭੋਡੀਪੁਰਾ, ਕੋਠਾ ਗੁਰੂ ਕਾ, ਹਾਕਮ ਸਿੰਘ ਵਾਲਾ ਅਤੇ ਖਿਆਲੀਵਾਲਾ ਵਿੱਚ, ਮਾਝੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਚਾਟੀਵਿੰਡ ਪਿੰਡ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਪਾਇਆ ਗਿਆ, ਵੀ ਜਠੇਰਾ-ਪੂਜਾ ਪੱਖੋਂ ਵੱਖਰਤਾ ਰੱਖਦਾ ਹੈ। ਇਹਨਾਂ ਵਿੱਚੋਂ ਪਿੰਡ ਹਾਕਮ ਸਿੰਘ ਵਾਲਾ ਦੇ ਜੱਟ ਬਰਾਦਰੀ ਦੇ ਸਰਾਂ ਕਿਸੇ ਅਗਿਆਤ ਜਠੇਰੇ ਨੂੰ ਆਪਣਾ ਵੱਡਾ-ਵਡੇਰਾ ਮੰਨ ਕੇ ਉਸਦੀ ਪੂਜਾ ਕਰਦੇ ਹਨ ਜਦ ਕਿ ਪਿੰਡ ਖਿਆਲੀਵਾਲਾ ਦੇ ਸਰਾਂ ਇਸ ਤੋਂ ਉਲਟ ਗੁਰਮਤਿ ਵਿਚਾਰਾਧਾਰਾ ਦੇ ਧਾਰਨੀ ਹੋਣ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਚਾਟੀਵਿੰਡ ਪਿੰਡ ਦੀ ਜੱਟ ਸਿੱਖ

ਬਰਾਦਰੀ ਵਿੱਚੋਂ ਕੁਝ ਸਰਾਂ ਗੋਤ ਦੇ ਲੋਕ ਆਪਣੇ ਜਠੇਰੇ 'ਮਹਿਤਾਬ' ਸਿੰਘ ਨੂੰ ਮੰਨਦੇ ਹਨ ਅਤੇ ਕੁਝ ਜਠੇਰੇ ਨੂੰ ਨਾ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਸਰਾਂ ਗੋਤ ਨਾਲ਼ ਸੰਬੰਧਿਤ ਲੋਕ ਪਿੰਡ ਨੌਰੰਗਾਬਾਦ (ਮਾਝਾ) ਵਿਖੇ ਆਪਣੇ ਅਗਿਆਤ ਜਠੇਰੇ ਦੀ ਮੰਨ-ਮਨੌਤ ਲਈ ਜਾਂਦੇ ਹਨ।

- ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਗੁਰਵਾਲੀ ਵਿੱਚ ਪਾਇਆ ਗਿਆ ਹੂੰਝਣ ਗੋਤ ਜਠੇਰਾ-ਪੂਜਾ ਦੇ ਪੱਖ ਤੋਂ ਮਾਲਵਾ ਤੇ ਮਾਝਾ ਦੋਹਾਂ ਖਿੱਤਿਆਂ ਵਿੱਚ ਵੱਖਰਤਾ ਰੱਖਦਾ ਹੈ ਕਿਉਂ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਦੇ ਹੂੰਝਣ ਜਠੇਰਾ-ਪੂਜਾ ਨੂੰ ਮੰਨਦੇ ਹੋਏ ਆਪਣੇ ਖੇਤਾਂ ਵਿੱਚ ਬਣੀ ਮਟੀ (ਮਾੜੀ) 'ਤੇ 'ਬਾਬਾ ਸ਼ਹੀਦ' ਦੀ ਪੂਜਾ ਕਰਦੇ ਹਨ ਜਦ ਕਿ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਗੁਰਵਾਲੀ ਦੇ ਹੂੰਝਣ ਕਿਸੇ ਜਠੇਰੇ ਨੂੰ ਮੰਨਣ ਦੀ ਬਜਾਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ, ਮਾਝੇ ਦੇ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚ ਮਿਲੇ ਹੁੰਦਲ ਗੋਤ ਸੰਬੰਧੀ ਜਾਤੀ ਪੱਖੋਂ ਭਿੰਨਤਾ ਇਹ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈ ਕਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਚਲੇ ਹੁੰਦਲ ਤਾਂ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹਨ ਪਰ ਜ਼ਿਲ੍ਹਾ ਜਲੰਧਰ ਅੰਦਰਲੇ ਪਿੰਡਾਂ ਪੱਤੋ ਖੁਰਦ ਅਤੇ ਬੱਲ ਕੋਹਨਾ ਵਿਖੇ ਹੁੰਦਲ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹਨ। ਜਠੇਰਾ-ਪੂਜਾ ਸੰਬੰਧੀ ਵੀ ਭਿੰਨਤਾ ਇਸ ਪੱਖੋਂ ਦੇਖਣ ਵਿੱਚ ਆਈ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈ ਕਾ ਦੇ ਹੁੰਦਲਾਂ ਦਾ ਕਹਿਣਾ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ ਦੇ ਕੁਝ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਕੁਝ 'ਬਾਬਾ ਦੁਲਚੀ' ਨੂੰ ਮੰਨਦੇ ਹਨ। ਉਂਝ ਉਹਨਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਸ਼ੇਰ ਸਿੰਘ' ਹੈ, ਪਰ ਉਹ ਉਸਦੀ ਮਨੌਤ ਨਹੀਂ ਕਰਦੇ। ਇਸ ਤੋਂ ਇਲਾਵਾ ਪਿੰਡ ਬੋਤਾ ਦੇ ਹੁੰਦਲ ਗੋਤ ਦੇ ਲੋਕਾਂ ਦਾ ਵੀ ਇਹ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਹਰਨਾਮ ਸਿੰਘ' ਹੈ, ਪਰ ਉਹ ਸਿਰਫ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਪਿੰਡ ਫਤਾਹਪੁਰ ਦੇ ਹੁੰਦਲ 'ਬਾਬਾ ਸੱਚੀ ਦਾਹੜੀ ਵਾਲੇ' ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ। ਪਿੰਡ ਝੀਤਾ ਕਲਾਂ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਮਹਿਮਾ ਪਿੰਡ ਦੇ ਹੁੰਦਲ 'ਸ਼ਹੀਦਾਂ ਦੀ ਜਗ੍ਹਾ' 'ਤੇ ਪੂਜਾ ਕਰਦੇ ਹਨ। ਵਨ ਚਿੜੀ ਪਿੰਡ ਦੇ ਹੁੰਦਲ ਗੋਤ ਦੇ ਲੋਕਾਂ ਦੀ ਗੱਲ ਕਰੀਏ ਤਾਂ ਉਹ ਆਪਣੇ ਜਠੇਰੇ 'ਗੁਰਮੁਖ ਸਿੰਘ' ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਨੱਥੂਪੁਰਾ ਦੇ ਹੁੰਦਲ 'ਬਾਬਾ ਹਦੂਰੀ' ਦੀ ਮੰਨ-ਮਨੌਤ ਲਈ ਪਿੰਡ ਮਾਲੂਵਾਲ ਵਿਖੇ ਜਾਂਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਪੱਤੋ ਖੁਰਦ ਦੇ ਹੁੰਦਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ।
- ਮਾਲਵੇ ਦੇ ਬਠਿੰਡਾ ਜ਼ਿਲ੍ਹੇ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਦੇ ਵੱਖੋ-ਵੱਖਰੇ ਪਿੰਡਾਂ ਵਿੱਚੋਂ ਖੋਜ-ਸਮੱਗਰੀ ਇਕੱਤਰ ਕਰਦਿਆਂ ਮਿਲੇ ਗੋਤ ਕਲਿਆਣੀ ਸੰਬੰਧੀ ਜਠੇਰਾ-ਪੂਜਾ ਸੰਬੰਧੀ ਵਖਰੇਵਾਂ ਦ੍ਰਿਸ਼ਟੀਗੋਚਰ ਹੋਇਆ

ਜਿਸ ਅਨੁਸਾਰ ਬਠਿੰਡੇ ਦੇ ਪਿੰਡ ਅਮਰਗੜ੍ਹ ਦੇ ਕਲਿਆਣੀ 'ਬਾਬਾ ਸਿੱਧ ਤਿਲਕ ਰਾਉ' ਨੂੰ ਆਪਣੇ ਜਠੇਰੇ ਵਜੋਂ ਪੂਜਦੇ ਹਨ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਦੇ ਕਲਿਆਣੀ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।

- ਅਗਲੇ ਗੋਤ ਕਲੇਰ ਸੰਬੰਧੀ ਗੱਲ ਕਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਇਲਾਕੇ ਅੰਦਰਲੇ ਜ਼ਿਲ੍ਹਾ ਜਲੰਧਰ ਵਿਖੇ ਪਾਇਆ ਗਿਆ ਇਹ ਗੋਤ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਹੀ ਵਖਰੇਵਾਂ ਰੱਖਦਾ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਵਿੱਚ ਪਾਇਆ ਗਿਆ ਕਲੇਰ ਗੋਤ ਨਾਈ ਸਿੱਖ ਬਰਾਦਰੀ ਨਾਲ਼ ਸੰਬੰਧਿਤ ਹੈ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਬੱਲ ਨੌਂ ਵਿਖੇ ਇਹੀ ਗੋਤ ਜੱਟ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਬਠਿੰਡਾ ਜ਼ਿਲ੍ਹੇ ਦੇ ਇਸ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਪੂਜਾ ਕਰਦੇ ਹਨ। ਇਸ ਦੇ ਉਲਟ ਜ਼ਿਲ੍ਹਾ ਜਲੰਧਰ ਦੇ ਇਸ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਨਹੀਂ ਕਰਦੇ।
- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਵਿਖੇ ਜਿਸ ਅਗਲੇ ਗੋਤ ਨਾਲ਼ ਸੰਬੰਧਿਤ ਖੋਜ-ਸਮੱਗਰੀ ਇਕੱਤਰ ਕੀਤੀ ਗਈ ਉਹ ਹੈ ਖਹਿਰਾ। ਇਹ ਗੋਤ ਮਾਲਵਾ ਅਤੇ ਦੁਆਬਾ ਇਲਾਕਿਆਂ ਵਿਚਲੇ ਇਹਨਾਂ ਦੋਹਾਂ ਜ਼ਿਲ੍ਹਿਆਂ ਵਿੱਚ ਜਠੇਰਾ-ਪੂਜਾ ਪੱਖੋਂ ਵੱਖਰਤਾ ਰੱਖਦਾ ਹੈ। ਕਿਉਂ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿੱਚ ਖਹਿਰਾ ਗੋਤ ਦੇ ਜੱਟ 'ਬਾਬਾ ਮਾਲੋ ਜੀ' ਨੂੰ ਜਠੇਰੇ ਵਜੋਂ ਪੂਜਦੇ ਹਨ ਜਦ ਕਿ ਜ਼ਿਲ੍ਹਾ ਜਲੰਧਰ ਦੇ ਖਹਿਰਾ ਗੋਤ ਦੇ ਲੋਕ ਜੋ ਪਿੰਡ ਮੂਲੇਵਾਲ ਖਹਿਰਾ ਵਿਖੇ ਵਸਦੇ ਹਨ, ਆਪਣੇ ਪਿੰਡ ਵਿੱਚ ਹੀ ਸ਼ਹੀਦਾਂ ਦੀ ਮਿੱਟੀ ਕੱਢਦੇ ਹਨ। ਚੜ੍ਹਾਵੇ ਵਜੋਂ ਸ਼ਹੀਦਾਂ ਦੇ ਨਾਂ ਦੀ ਪੰਜ ਕਾਪੜੀ ਦਿੰਦੇ ਹਨ ਅਤੇ ਚੇਤ ਮਹੀਨੇ ਨੂੰ ਸ਼ਹੀਦਾਂ ਦੇ ਨਾਂ ਦੀ ਮਿੱਟੀ ਕੱਢਦੇ ਹਨ।
- ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਖੋਜ-ਪ੍ਰਬੰਧ ਲਈ ਚੁਣੇ ਗਏ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਖੇ ਮਿਲੇ ਗਿੱਲ ਗੋਤ ਵਿਚਕਾਰ ਜਠੇਰਾ-ਪੂਜਾ ਦੇ ਪੱਖ ਤੋਂ ਵਖਰੇਵੇਂ ਨਜ਼ਰ ਆਉਂਦੇ ਹਨ। ਜਠੇਰਿਆਂ ਦੀ ਗੱਲ ਕਰੀਏ ਤਾਂ ਬਠਿੰਡੇ ਦੇ ਪਿੰਡ ਆਕਲੀਆ ਦੇ ਗਿੱਲ ਜੱਟ 'ਬਾਬਾ ਸ਼ਹੀਦ' ਦੀ ਆਪਣੇ ਖੇਤਾਂ ਵਿੱਚ ਬਣੀ ਜਗ੍ਹਾ 'ਤੇ ਹੀ ਪੂਜਾ ਕਰਦੇ ਹਨ। ਪਿੰਡ ਭੋਡੀਪੁਰਾ ਦੇ ਗਿੱਲ 'ਗੁਰਬਚਨ ਸਿੰਘ' ਨਾਮੀ ਜਠੇਰੇ ਦੀ ਆਪਣੇ ਖੇਤਾਂ ਵਿੱਚ ਹੀ ਪੂਜਾ ਕਰਦੇ ਹਨ। ਜੰਡਾਂਵਾਲਾ ਪਿੰਡ ਦੇ ਗਿੱਲ ਗੋਤ ਨਾਲ਼ ਸੰਬੰਧਿਤ ਵਸਨੀਕ 'ਬਖਤੌਰ ਸਿੰਘ' ਅਤੇ 'ਖਜਾਨ ਸਿੰਘ' ਜੋ ਕਿ ਪਹਿਲਵਾਨ ਸਨ, ਦੀ ਆਪਣੇ ਵੱਡੇ-ਵਡੇਰੇ ਜਾਂ ਜਠੇਰੇ ਦੇ ਰੂਪ ਵਿੱਚ ਪਿੰਡ ਵਿੱਚ ਬਣੀ ਜਗ੍ਹਾ 'ਤੇ ਜਾ ਕੇ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਢੇਲਵਾਂ ਦੇ ਗਿੱਲ ਆਧੁਨਿਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਦੇ ਹੋਏ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਗੱਲ ਕਰੀਏ ਤਾਂ ਪਿੰਡ ਬੋਤਾ ਦੇ ਗਿੱਲ 'ਸ਼ਾਹਪੀਰ' ਨੂੰ, ਵਰਪਾਲ ਖੁਰਦ ਦੇ ਕੁਝ ਗਿੱਲ ਗੋਤ ਦੇ ਲੋਕ 'ਵੱਸਣ ਸਿੰਘ' ਨੂੰ, ਕੁਝ 'ਬਾਬਾ

ਬੱਗਾ' ਨੂੰ ਮੰਨਦੇ ਹਨ ਅਤੇ ਇਸ ਪਿੰਡ ਦੇ ਕੁਝ ਗਿੱਲ ਬੁੱਢੇਆਣਾ ਮਿੱਟੀ ਕੱਢਣ ਜਾਂਦੇ ਹਨ। ਪਿੰਡ ਇੱਬਣ ਖੁਰਦ ਦੇ ਗਿੱਲ 'ਬਾਬਾ ਬਾਲਕ ਨਾਥ' ਨੂੰ ਮੰਨਦੇ ਹਨ ਜਿਸਦਾ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਹੈ। ਇੱਥੇ ਉਹ ਮੱਥਾ ਟੇਕਣ ਜਾਂਦੇ ਅਤੇ ਮੁਰਾਦਾਂ ਦੀ ਪੂਰਤੀ ਲਈ ਮੰਨਤਾਂ ਮੰਗਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਸਿਹਾਰੀਵਾਲ ਦੇ ਕੁਝ ਗਿੱਲ ਮਿੱਟੀ ਕੱਢਦੇ ਹਨ। ਪਿੰਡ ਸ਼ੰਕਰ ਦੇ ਬਾਲਮੀਕੀ ਗਿੱਲ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਵਿਸਾਖੀ ਮੌਕੇ ਪੂਜਾ ਕਰਦੇ ਹਨ। ਚੜ੍ਹਾਵੇ ਵਜੋਂ ਪੰਜੀਰੀ ਜਾਂ ਪ੍ਰਸ਼ਾਦ ਚੜ੍ਹਾਉਂਦੇ ਹਨ। ਪਿੰਡ ਆਲੇਵਾਲੀ ਦੇ ਗਿੱਲ ਪਿੰਡ ਪੂੰਨੀਆਂ ਰੇੜ੍ਹਵਾਂ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਪੂਜਾ ਕਰਨ ਜਾਂਦੇ ਹਨ ਅਤੇ ਚੇਤ ਚੌਦੇਂ ਨੂੰ ਲੱਗਣ ਵਾਲ਼ੇ ਮੇਲੇ 'ਤੇ ਪੰਜੀਰੀ ਅਤੇ ਲੱਡੂ ਚੜ੍ਹਾ ਕੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਗੋਬਿੰਦ ਨਗਰ ਮਲਸੀਹਾਂ ਤੇ ਮੱਲ੍ਹੀਵਾਲ ਪਿੰਡਾਂ ਦੇ ਗਿੱਲ ਗੋਤ ਦੇ ਲੋਕ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਚੇਤ ਦੀ ਮੱਸਿਆ ਨੂੰ ਪਿੰਡ ਚਿੱਟੀ ਉੱਗੀ ਵਿਖੇ ਜਾਂਦੇ ਹਨ। ਚੜ੍ਹਾਵੇ ਵਜੋਂ ਕਿਸੇ ਵੀ ਰੰਗ ਦਾ ਕੱਪੜਾ ਅਤੇ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਦੇ ਅਤੇ ਚੌਂਕੀ ਭਰਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਜਠੇਰੇ ਦੇ ਸਥਾਨ 'ਤੇ ਸਾਉਣ ਦੇ ਮਹੀਨੇ ਵਿੱਚ ਮੇਲਾ ਵੀ ਲੱਗਦਾ ਹੈ। ਪਿੰਡ ਰੂਪੇਵਾਲ ਦੇ ਗਿੱਲ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਕਿਸੇ ਜਠੇਰੇ ਨੂੰ ਨਹੀਂ ਮੰਨਦੇ, ਸਗੋਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤੋਂ ਇਲਾਵਾ ਪਿੰਡ ਪੱਤੋ ਕਲਾਂ ਦੇ ਗਿੱਲ ਵੀ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਈਦਾ ਖੀਵਾ ਪਿੰਡ ਵਿਖੇ ਜਾਂਦੇ ਹਨ। ਜਠੇਰੇ ਦੇ ਸਥਾਨ 'ਤੇ ਚੇਤ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਦੇ ਹਨ। ਇਹਨਾਂ ਪਿੰਡਾਂ ਤੋਂ ਇਲਾਵਾ ਕੁਹਾੜ ਖੁਰਦ ਪਿੰਡ ਦੇ ਗਿੱਲ ਅਗਿਆਤ ਜਠੇਰੇ ਦੀ ਪੂਜਾ ਪੂੰਨੀਆਂ ਪਿੰਡ ਵਿਖੇ ਚੇਤ ਦੀ ਮੱਸਿਆ ਨੂੰ ਕਰਦੇ ਹਨ।

- ਮਾਝਾ ਇਲਾਕੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬਾ ਇਲਾਕੇ ਦੇ ਜ਼ਿਲ੍ਹਾ ਜਲੰਧਰ ਵਿਖੇ ਮਿਲਿਆ ਘੁੱਸਰ ਗੋਤ ਜਠੇਰਾ-ਪੂਜਾ ਦੇ ਪੱਖ ਤੋਂ ਭਿੰਨਤਾ ਜਾਂ ਵੱਖਰਤਾ ਰੱਖਦਾ ਹੈ ਕਿਉਂ ਕਿ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਭਕਨਾ ਦੇ ਘੁਸਰ 'ਮਸੀਹ' ਨੂੰ ਮੰਨਦੇ ਹਨ ਅਤੇ ਪਿੰਡ ਚਾਟੀਵਿੰਡ ਦੇ ਘੁਸਰ 'ਬਾਬਾ ਰੇਖੜ' ਅਤੇ 'ਪੀਰ ਬਾਬਾ' ਨੂੰ ਮੰਨਦੇ ਹਨ। ਪਿੰਡ ਫਤਾਹਪੁਰ ਦੇ ਘੁਸਰ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਗੁੱਗਾ ਪੀਰ ਦੀ ਜਗ੍ਹਾ ਨਿਕਲਣ ਕਰਕੇ ਉਹਨਾਂ ਦੀ ਪੀਰ ਗੁੱਗਾ ਪ੍ਰਤੀ ਸ਼ਰਧਾ ਵਧੀ ਜਿਸਦੇ ਨਤੀਜੇ ਵਜੋਂ ਸ਼ਰਧਾ-ਵੱਸ ਹੋ ਕੇ ਉਹਨਾਂ ਨੇ ਗੁੱਗਾ ਪੀਰ ਦੀ ਮਨੌਤ ਕਰਨੀ ਸ਼ੁਰੂ ਕਰ ਦਿੱਤੀ। ਇਸ ਦੇ ਉਲਟ ਜ਼ਿਲ੍ਹਾ ਜਲੰਧਰ ਦੇ ਪਿੰਡ ਈਦਾ ਦੇ ਘੁੱਸਰ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਸੰਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।
- ਮਾਲਵਾ ਇਲਾਕੇ ਦੇ ਬਠਿੰਡਾ ਜ਼ਿਲ੍ਹੇ ਅਤੇ ਦੁਆਬੇ ਦੇ ਜ਼ਿਲ੍ਹਾ ਜਲੰਧਰ ਅੰਦਰਲੇ ਪਿੰਡਾਂ ਦੇ ਘਾਰੂ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਵਿਚਕਾਰ ਜਠੇਰਾ-ਪੂਜਾ ਦੇ ਪੱਖ ਤੋਂ ਵਿਭਿੰਨਤਾ ਨਜ਼ਰ ਆਉਂਦੀ ਹੈ। ਜ਼ਿਲ੍ਹਾ ਬਠਿੰਡਾ ਦੀ ਹੱਦ ਅੰਦਰ ਪੈਂਦੇ ਪਿੰਡ ਨਿਉਰ ਦੇ ਘਾਰੂ 'ਬਾਬਾ ਸ਼ਹੀਦ' ਨੂੰ ਮੰਨਦੇ ਹਨ ਅਤੇ ਭਗਤਾ ਭਾਈ

ਪਿੰਡ ਵਿਖੇ ਮਾਘ ਮਹੀਨੇ ਦੀ ਮੱਸਿਆ ਨੂੰ ਮਿੱਟੀ ਕੱਢਣ ਜਾਂਦੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਕਾਂਗਣਾਂ ਦੇ ਘਾਰੂ ਗੋਤ ਦੇ ਲੋਕ ਬੁੰਡਾਲੇ ਲਾਗੇ ਇੱਕ ਪਿੰਡ ਵਿਖੇ ਅੱਸੂ ਦੀ ਸੰਗਰਾਂਦ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ ਜਦ ਕਿ ਪਿੰਡ ਸੰਗਤਪੁਰਾ ਦੇ ਇਸ ਗੋਤ ਨਾਲ਼ ਸੰਬੰਧਤ ਲੋਕ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਨੂਰ ਮਹਿਲ ਕੋਲ਼ ਜਾਂਦੇ ਹਨ।

- ਬਠਿੰਡਾ ਅਤੇ ਜਲੰਧਰ ਦੋਵਾਂ ਜ਼ਿਲ੍ਹਿਆਂ ਅੰਦਰਲੇ ਚੌਹਾਨ ਗੋਤ ਦੇ ਲੋਕ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਚੌਹਾਨ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਤੋਂ ਜਾਤੀ ਪੱਖੋਂ ਵੱਖਰਤਾ ਰੱਖਦੇ ਹਨ ਕਿਉਂ ਕਿ ਪਹਿਲੇ ਦੋਹਾਂ ਜ਼ਿਲ੍ਹਿਆਂ ਅੰਦਰਲੇ ਚੌਹਾਨ ਹਰੀਜਨ ਬਰਾਦਰੀਆਂ ਨਾਲ਼ ਸੰਬੰਧਿਤ ਹਨ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਅੰਦਰਲੇ ਚੌਹਾਨ ਜੱਟ ਸਿੱਖ ਬਰਾਦਰੀ ਵਿੱਚੋਂ ਹਨ। ਇਸ ਤੋਂ ਇਲਾਵਾ ਤਿੰਨਾਂ ਹੀ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਚਲੇ ਚੌਹਾਨ ਜਠੇਰਾ-ਪੂਜਾ ਪੱਖੋਂ ਵੀ ਇੱਕ-ਦੂਸਰੇ ਤੋਂ ਵੱਖਰੇ ਹਨ। ਬਠਿੰਡਾ ਦੇ ਪਿੰਡ ਕੋਠਾ ਗੁਰੂ ਕਾ ਵਿਚਲੇ ਚੌਹਾਨ 'ਗੁਰਗੋ ਬਾਈ' ਦੀ ਪੂਜਾ ਕਰਦੇ ਹਨ ਜੋ ਕਿ ਇਹਨਾਂ ਦੇ ਕਹਿਣ ਅਨੁਸਾਰ ਇਹਨਾਂ ਦਾ ਜਠੇਰਾ ਹੈ। ਇਸ ਤੋਂ ਇਲਾਵਾ ਭਾਈ ਰੂਪਾ ਪਿੰਡ ਵਿੱਚ ਚੌਹਾਨ ਜੋ ਕਿ ਰਾਜਪੂਤ ਠਾਕੁਰ ਹਨ, ਆਪਣੇ ਵੱਡੇ-ਵਡੇਰੇ 'ਸੋਹਨ ਲਾਲ' ਦੀ ਪਿੰਡ ਵਿੱਚ ਹੀ ਸਥਿਤ ਜਗ੍ਹਾ 'ਤੇ ਜਾ ਕੇ ਪੂਜਾ-ਅਰਾਧਨਾ ਕਰਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਚੱਕ ਮੁਕੰਦ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਰਾਈਵਾਲ ਦੋਨਾ ਅਤੇ ਸੋਹਲ ਖਾਲਸਾ ਦੇ ਚੌਹਾਨ ਗੋਤ ਨਾਲ਼ ਸੰਬੰਧਿਤ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਤੋਂ ਇਨਕਾਰੀ ਹਨ।
- ਚਹਿਲ ਗੋਤ ਨਾਲ਼ ਸੰਬੰਧਿਤ ਮਾਲਵਾ ਖਿੱਤੇ ਦੇ ਜ਼ਿਲ੍ਹਾ ਬਠਿੰਡਾ ਅੰਦਰਲੇ ਪਿੰਡ ਖਿਆਲੀਵਾਲਾ ਦੇ ਲੋਕ 'ਜੋਗੀ ਪੀਰ' ਨੂੰ ਮੰਨਦੇ ਹਨ ਜਿਸਦਾ ਸਥਾਨ ਜ਼ਿਲ੍ਹਾ ਮਾਨਸਾ ਦੇ ਪਿੰਡ ਕੈਚੀਆਂ ਵਿਖੇ ਸਥਿਤ ਹੈ। ਇਸ ਦੇ ਉਲਟ ਮਾਝਾ ਖਿੱਤੇ ਅੰਦਰਲੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਮਾਲੂਵਾਲ ਦੇ ਚਾਹਲ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ। ਉਪਰੋਕਤ ਮਾਨਤਾ ਉਹਨਾਂ ਨੂੰ ਜਠੇਰਾ-ਪੂਜਾ ਦੇ ਪੱਖ ਤੋਂ ਇੱਕ-ਦੂਸਰੇ ਤੋਂ ਵਖਰਾਉਂਦੀ ਹੈ।
- ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਨਵਾਂ ਕਿਲ੍ਹਾ ਦੇ ਚੰਦੜ ਗੋਤ ਦੇ ਲੋਕਾਂ ਵਿੱਚ ਵੀ ਜਠੇਰਾ-ਪੂਜਾ ਦੇ ਪੱਖ ਤੋਂ ਵੱਖਰਤਾ ਵੇਖਣ ਵਿੱਚ ਆਈ ਕਿਉਂ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਦੇ ਚੰਦੜ੍ਹ ਗੋਤ ਦੇ ਲੋਕ 'ਰਵੀਦਾਸ ਭਗਤ' ਨੂੰ ਮੰਨਦੇ ਹਨ ਜਦ ਕਿ ਜਲੰਧਰ ਦੇ ਪਿੰਡ ਨਵਾਂ ਕਿਲਾ ਦੇ ਚੰਦੜ੍ਹ ਗੋਤ ਨਾਲ਼ ਸੰਬੰਧਿਤ ਲੋਕਾਂ ਦੇ ਕਹਿਣ ਮੁਤਾਬਿਕ ਇਹਨਾਂ ਦਾ ਜਠੇਰਾ ਤਾਜਪੁਰ ਜਾਂ ਭਗਵਾਨਪੁਰ ਨੇੜੇ ਵੰਡਰਲੈਂਡ ਵਿਖੇ ਹੈ ਜਿੱਥੇ ਕਿ ਇਹ ਵਿਸਾਖੀ ਉੱਪਰ ਜਾਂ ਦਸਵੇਂ ਸਰਾਧ ਵਾਲ਼ੇ ਦਿਨ ਮਿੱਟੀ ਕੱਢਣ ਜਾਂਦੇ ਹਨ।
- ਮਾਲਵੇ ਦੇ ਜ਼ਿਲ੍ਹਾ ਬਠਿੰਡਾ ਅੰਦਰਲੇ ਪਿੰਡ ਮਲੂਕਾ ਤੇ ਜੰਡਾਂਵਾਲਾ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਖਾਪਰ ਖੇੜੀ ਦੇ ਢਿੱਲੋਂ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਵੀ ਜਠੇਰਾ-ਪੂਜਾ ਪੱਖੋਂ ਵਖਰੇਵਾਂ

ਦ੍ਰਿਸ਼ਟੀਗੋਚਰ ਹੁੰਦਾ ਹੈ, ਕਿਉਂ ਕਿ ਮਲੂਕਾ ਪਿੰਡ ਦੇ ਇਸ ਗੋਤ ਨਾਲ਼ ਸੰਬੰਧਿਤ ਜੱਟ ਆਪਣੇ ਪਿੰਡ ਵਿੱਚ ਆਪਣੇ ਖੇਤਾਂ ਵਿੱਚ ਹੀ ਬਣੀ ਪੁਰਖੇ ਦੀ ਮੜ੍ਹੀ (ਮਟੀ) ਦੀ ਪੂਜਾ ਕਰਦੇ ਹਨ ਜਦ ਕਿ ਪਿੰਡ ਜੰਡਾਂਵਾਲਾ ਦੇ ਢਿੱਲੋਂ ਅਗਿਆਤ ਪੁਰਖੇ ਦੀ ਆਪੋ-ਆਪਣੇ ਘਰਾਂ ਵਿੱਚ ਬਣਾਈ ਜਗ੍ਹਾ 'ਤੇ ਹੀ ਪੂਜਾ ਕਰਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਖਾਪਰ ਖੇੜੀ ਦੇ ਕੁਝ ਢਿੱਲੋਂ 'ਬਾਬਾ ਵਡਾਲੀ ਪੀਰ' ਨੂੰ ਮੰਨਦੇ ਹਨ ਅਤੇ ਉਸਦੀ ਜਗ੍ਹਾ 'ਤੇ ਹਰੇ ਰੰਗ ਦਾ ਕੱਪੜਾ ਅਤੇ ਮਿੱਠੇ ਚੌਲ, ਮਠਿਆਈ ਆਦਿ ਚੜ੍ਹਾਉਂਦੇ ਹਨ। ਇਹਨਾਂ ਪਿੰਡਾਂ ਵਿੱਚੋਂ ਹੀ ਪਿੰਡ ਗੁਮਾਨਪੁਰਾ ਦੇ ਢਿੱਲੋਂ 'ਬਾਬਾ ਦੁੰਦੂਰਾਮ' ਅਤੇ 'ਬਾਬਾ ਸ਼ਾਹਦਾਨਾ' ਦੀ ਆਪਣੇ ਪਿੰਡ ਵਿੱਚ ਹੀ ਬਣੇ ਸਥਾਨ 'ਤੇ ਮੰਨ-ਮਨੌਤ ਕਰਦੇ ਹਨ।

- ਖੋਜ-ਸਮੱਗਰੀ ਇਕੱਤਰ ਕਰਨ ਦੌਰਾਨ ਅਗਲੇ ਸਰਵੇਖਣ ਅਧੀਨ ਗੋਤ ਤੂਰ ਸੰਬੰਧੀ ਵੀ ਮਾਲਵਾ ਅਤੇ ਦੁਆਬਾ ਖਿੱਤਿਆਂ ਵਿੱਚ ਜਾਤੀ ਪੱਖੋਂ ਵੱਖਰਤਾ ਨਜ਼ਰ ਆਉਂਦੀ ਹੈ। ਇਹ ਵੱਖਰਤਾ ਉਦੋਂ ਸਪੱਸ਼ਟ ਹੁੰਦੀ ਹੈ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਹਾਕਮ ਸਿੰਘ ਵਾਲਾ ਵਿਖੇ ਇਹ ਗੋਤ ਮੁਸਲਮਾਨ ਬਰਾਦਰੀ ਵਿੱਚ ਪਾਇਆ ਗਿਆ। ਤੂਰ ਬਰਾਦਰੀ ਦੇ ਕੁਝ ਮੁਸਲਿਮ ਤੂਰ ਇੱਕ ਅੱਲ੍ਹਾ ਪ੍ਰਤੀ ਆਪਣੀ ਸ਼ਰਧਾ ਰੱਖਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਜਲੰਧਰ ਵਿੱਚ ਇਹ ਗੋਤ ਪਿੰਡ ਲਈਏਵਾਲ ਦੀ ਜੱਟ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਲਈਏਵਾਲ ਦੇ ਤੂਰ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਧਨੋਆ ਗੋਤ ਵੀ ਮਾਲਵਾ ਅਤੇ ਦੁਆਬਾ ਖਿੱਤਿਆਂ ਵਿੱਚ ਜਾਤੀ ਪੱਖੋਂ ਅਤੇ ਜਠੇਰਾ-ਪੂਜਾ ਪੱਖੋਂ ਵੱਖਰਤਾ ਰੱਖਦਾ ਹੈ। ਇਹ ਵੱਖਰਤਾ ਇਸ ਗੱਲ ਤੋਂ ਸਪੱਸ਼ਟ ਹੁੰਦੀ ਹੈ ਕਿ ਬਠਿੰਡਾ ਜ਼ਿਲ੍ਹਾ ਵਿੱਚ ਇਹ ਗੋਤ ਮੂਲ ਰੂਪ ਵਿੱਚ ਨਾਈ ਸਿੱਖ ਬਰਾਦਰੀ ਵਿੱਚ ਪਾਇਆ ਗਿਆ। ਪਿੰਡ ਗਿੱਦੜ ਦੇ ਧਨੋਆ ਗੋਤ ਦੇ ਲੋਕ ਪਿੰਡ ਮਹਿਰਾਜ ਵਿਖੇ ਅਗਿਆਤ ਜਠੇਰੇ ਨੂੰ ਮੰਨਦੇ ਹਨ। ਇਸ ਦੇ ਉਲਟ ਜ਼ਿਲ੍ਹਾ ਜਲੰਧਰ ਦੇ ਖੇਤਰੀ ਸਰਵੇਖਣ ਦੌਰਾਨ ਧਨੋਆ ਗੋਤ ਪਿੰਡ ਸੰਗਤਪੁਰਾ ਅਤੇ ਨਵਾਂ ਕਿਲ੍ਹਾ ਵਿਖੇ ਪਾਇਆ ਗਿਆ ਜੋ ਕਿ ਜੱਟ ਸਿੱਖ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦਾ ਹੈ। ਪਿੰਡ ਨਵਾਂ ਕਿਲ੍ਹਾ ਦੇ ਧਨੋਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਕਰਨ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਮਾਲਵਾ ਅਤੇ ਦੁਆਬਾ ਇਲਾਕਿਆਂ ਵਿੱਚ ਪਾਏ ਗਏ ਅਗਲੇ ਗੋਤ ਧਾਲੀਵਾਲ ਵਿਚਕਾਰ ਜਾਤੀ ਪੱਖੋਂ ਅੰਸ਼ਿਕ ਤੌਰ 'ਤੇ ਅਤੇ ਜਠੇਰਾ-ਪੂਜਾ ਪੱਖੋਂ ਕਾਫੀ ਵੱਖਰਤਾ ਵੇਖਣ ਵਿੱਚ ਮਿਲਦੀ ਹੈ। ਜਾਤੀ ਦੀ ਗੱਲ ਕਰੀਏ ਤਾਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਦੁੱਲੇਵਾਲ ਵਿੱਚ ਇਹ ਗੋਤ ਜੱਟ ਸਿੱਖ ਅਤੇ ਮਜ਼੍ਹਬੀ ਸਿੱਖ ਬਰਾਦਰੀ ਤੋਂ ਇਲਾਵਾ ਨਾਈ ਸਿੱਖ ਬਰਾਦਰੀ ਵਿੱਚ ਵੀ ਪਾਇਆ ਗਿਆ ਜਦ ਕਿ ਜਲੰਧਰ ਵਿੱਚ ਇਹ ਗੋਤ ਸਿਰਫ ਜੱਟ ਸਿੱਖ ਅਤੇ ਬਾਲਮੀਕ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਿਆਂ ਦੇ ਸੰਦਰਭ ਤੋਂ ਗੱਲ ਕਰੀਏ ਤਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਲਾਬਤਪੁਰਾ ਵਿਖੇ ਧਾਲੀਵਾਲ ਜੱਟ ਪਿੰਡ ਕਾਂਗੜ ਵਿਖੇ ਬਣੀ ਹੋਈ 'ਬਾਬਾ ਮਹਿਲ ਮਿੱਠਾ' ਦੀ ਜਗ੍ਹਾ 'ਤੇ ਪੂਜਾ ਕਰਨ ਜਾਂਦੇ ਹਨ, ਜਿਸ ਨੂੰ ਕਿ ਉਹ ਆਪਣਾ ਵੱਡਾ-ਵਡੇਰਾ

ਜਾਂ ਜਠੇਰਾ ਮੰਨਦੇ ਹਨ। ਸਿਰੀਏਵਾਲਾ ਪਿੰਡ ਦੇ ਧਾਲੀਵਾਲਾਂ ਨੇ ਪਿੰਡ ਲੱਲੂਆਣਾ ਤੋਂ ਮਿੱਟੀ ਲਿਆ ਕੇ ਆਪਣੇ ਪਿੰਡ ਵਿੱਚ ਹੀ ਆਪਣੇ ਜਠੇਰੇ ਦੀ ਜਗ੍ਹਾ ਬਣਾਈ ਹੋਈ ਹੈ। ਪਿੰਡ ਅਮਰਗੜ੍ਹ ਦੇ ਧਾਲੀਵਾਲ ਬਲਾਹੜ ਵਿੰਝੂ ਪਿੰਡ ਵਿਖੇ ਜਾ ਕੇ 'ਸਿੱਧ ਤਿਲਕ ਰਾਉ' ਨੂੰ ਆਪਣਾ ਵੱਡਾ-ਵਡੇਰਾ ਮੰਨ ਕੇ ਉਸਦੀ ਪੂਜਾ ਕਰਦੇ ਹਨ। ਇਸ ਤੋਂ ਇਲਾਵਾ ਆਕਲੀਆ ਪਿੰਡ ਦੇ ਧਾਲੀਵਾਲ ਕਿਸੇ ਜਠੇਰੇ ਨੂੰ ਨਾ ਮੰਨ ਕੇ 'ਮਲੇਰਕੋਟਲਾ ਵਾਲ਼ੇ ਪੀਰ' ਨੂੰ ਮੰਨਦੇ ਹਨ। ਪਿੰਡ ਦੁੱਲੇਵਾਲਾ ਦੇ ਵਸਨੀਕ ਧਾਲੀਵਾਲ ਆਪਣੇ ਪਿੰਡ ਵਿੱਚ ਹੀ ਬਣੇ 'ਬਾਬਾ ਮਨੀ ਸਿੰਘ' ਦੇ ਸਥਾਨ 'ਤੇ ਜਾ ਕੇ ਪੂਜਾ ਕਰਦੇ ਹਨ। ਉੱਧਰ ਜ਼ਿਲ੍ਹਾ ਜਲੰਧਰ ਦੇ ਪਿੰਡ ਨਵਾਂ ਕਿਲ੍ਹਾ ਦੇ ਧਾਲੀਵਾਲ ਧੰਦਲ (ਕਪੂਰਥਲਾ) ਵਿਖੇ ਜੇਠ ਮਹੀਨੇ ਦੀ ਸੰਗਰਾਂਦ ਨੂੰ 'ਬਾਬਾ ਚਾਹਮ' ਦੀ ਜਠੇਰੇ ਵਜੋਂ ਮਿੱਟੀ ਕੱਢਣ ਜਾਂਦੇ ਹਨ।

- ਮਾਲਵਾ, ਮਾਝਾ ਅਤੇ ਦੁਆਬਾ ਇਲਾਕਿਆਂ ਦੇ ਖੋਜ-ਸਰਵੇਖਣ ਅਧੀਨ ਤਿੰਨਾਂ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿੱਚ ਅਗਲੇ ਜਿਸ ਗੋਤ ਨਾਲ਼ ਸੰਬੰਧਿਤ ਖੋਜ-ਸਮੱਗਰੀ ਇਕੱਤਰ ਕੀਤੀ ਗਈ ਉਹ ਹੈ ਪਨੇਸਰ, ਜੋ ਕਿ ਜਠੇਰਾ-ਪੂਜਾ ਪੱਖੋਂ ਤਿੰਨਾਂ ਖਿੱਤਿਆਂ ਵਿੱਚ ਵੱਖਰਤਾ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਜਲਾਲ ਦੇ ਕੁਝ ਪਨੇਸਰ ਜਠੇਰਾ-ਪੂਜਾ ਨਹੀਂ ਕਰਦੇ ਬਲਕਿ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਬਾਬਾ ਰਾਮ ਰਹੀਮ ਨੂੰ ਮੰਨਦੇ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜਹਾਂਗੀਰ ਦੇ ਪਨੇਸਰ ਆਪਣੇ ਪਿੰਡ ਵਿੱਚ ਹੀ 'ਚੰਦ ਪੀਰ ਨਾਥ' ਨੂੰ ਆਪਣੇ ਜਠੇਰੇ ਜਾਂ ਵੱਡੇ-ਵਡੇਰੇ ਵਜੋਂ ਮੰਨਦੇ ਹਨ ਜਦ ਕਿ ਜ਼ਿਲ੍ਹਾ ਜਲੰਧਰ ਵਿਖੇ ਇਸ ਗੋਤ ਨਾਲ਼ ਸੰਬੰਧਿਤ ਪਿੰਡ ਰਾਈਵਾਲ ਦੋਨਾ ਅਤੇ ਬਿੱਲੀ ਵੜੈਂਚ ਦੇ ਪਨੇਸਰ ਖਾਨਪੁਰ ਲਾਗੇ ਪਿੰਡ ਗਿੱਲ ਵਿਖੇ ਚੇਤ ਮਹੀਨੇ ਦੀ ਚੌਦੇਂ ਨੂੰ ਆਪਣੇ ਵੱਡੇ-ਵਡੇਰੇ ਦੀ ਮਿੱਟੀ ਕੱਢਣ ਜਾਂਦੇ ਹਨ। ਪਿੰਡ ਈਦਾ ਦੇ ਪਨੇਸਰ ਪੁੰਨਿਆ ਨੂੰ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਪਿੰਡ ਪੂੰਨੀਆਂ ਦੇ ਪਨੇਸਰ ਚੇਤ ਮਹੀਨੇ ਦੀ ਚੌਦੇਂ ਨੂੰ ਅਗਿਆਤ ਜਠੇਰੇ ਦੀ ਮਿੱਟੀ ਕੱਢਣ ਲਈ ਪਿੰਡ ਮਾਣਕਪੁਰ ਜਾਂਦੇ ਹਨ।
- ਬਠਿੰਡਾ ਜ਼ਿਲ੍ਹੇ ਦੇ ਪਿੰਡ ਹਮੀਰਗੜ੍ਹ ਦੀ ਜੱਟ ਸਿੱਖ ਬਰਾਦਰੀ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਰਾਮੂਵਾਲ, ਝੀਤਾ ਕਲਾਂ ਅਤੇ ਸੁਲਤਾਨਵਿੰਡ ਦੀ ਪਰਜਾਪੱਤ ਬਰਾਦਰੀ ਵਿੱਚ ਪਾਇਆ ਗਿਆ ਪਰਜਾਪੱਤ ਗੋਤ ਜਾਤੀ ਪੱਖੋਂ ਤਾਂ ਭਿੰਨਤਾ ਰੱਖਦਾ ਹੀ ਹੈ ਸਗੋਂ ਜਠੇਰਾ-ਪੂਜਾ ਦੇ ਪੱਖ ਤੋਂ ਵੀ ਵਖਰੇਵਾਂ ਰੱਖਦਾ ਹੈ। ਜਦੋਂ ਜ਼ਿਲ੍ਹਾ ਜਲੰਧਰ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੂੰ ਜਠੇਰੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ ਕਿ ਉਹ ਕਿਸੇ ਜਠੇਰੇ ਦੀ ਥਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਦੇ ਉਲਟ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਝੀਤਾ ਕਲਾਂ ਦੇ ਪਰਜਾਪੱਤ ਅਗਿਆਤ ਜਠੇਰੇ ਦੀ ਪੂਜਾ ਕਰਨ ਲਈ ਰਾਮਪੁਰਾ ਵਿਖੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਸੁਲਤਾਨਵਿੰਡ ਦੇ ਪਰਜਾਪੱਤ 'ਬਾਬਾ ਮੁਸੱਦਾ' ਦੀ ਆਪਣੇ ਪਿੰਡ ਵਿੱਚ ਹੀ ਮੰਨ-ਮਨੌਤ ਕਰਦੇ ਹਨ ਅਤੇ ਪਿੰਡ ਰਾਮੂਵਾਲ ਦੇ ਪਰਜਾਪੱਤ 'ਦੇਵੀ ਮਾਤਾ' ਦੀ ਪੂਜਾ ਕਰਦੇ ਹਨ।

- ਜ਼ਿਲ੍ਹਾ ਜਲੰਧਰ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡਾਂ ਵਿੱਚ ਪਾਏ ਗਏ ਬੋਪਾਰਾਏ ਗੋਤ ਵਿਚਕਾਰ ਜਠੇਰਾ-ਪੂਜਾ ਦੇ ਪੱਖ ਤੋਂ ਵੱਖਰਤਾ ਹੈ, ਕਿਉਂ ਕਿ ਜ਼ਿਲ੍ਹਾ ਜਲੰਧਰ ਅੰਦਰਲੇ ਪਿੰਡ ਤਲਵੰਡੀ ਮਾਧੋ ਦੇ ਬੋਪਾਰਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਨਹੀਂ ਕਰਦੇ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਬੋਪਾਰਾਏ ਦੇ ਬੋਪਾਰਾਏ ਗੋਤ ਨਾਲ਼ ਸੰਬੰਧਿਤ ਕੁਝ ਲੋਕ 'ਬਾਬਾ ਰਮਦਾਸ' ਨੂੰ ਜਠੇਰੇ ਵਜੋਂ ਮੰਨਦੇ ਹਨ।
- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਖੋਜ ਸਰਵੇਖਣ ਦੌਰਾਨ ਬੰਦੇਸ਼ਾ ਗੋਤ ਨਾਲ਼ ਸੰਬੰਧਿਤ ਲੋਕਾਂ ਵਿੱਚ ਜਠੇਰਾ-ਪੂਜਾ ਦੇ ਪੱਖ ਤੋਂ ਅੰਸ਼ਿਕ ਤੌਰ 'ਤੇ ਅਸਮਾਨਤਾ ਵੇਖਣ ਵਿੱਚ ਆਈ ਕਿਉਂ ਕਿ ਜ਼ਿਲ੍ਹਾ ਬਠਿੰਡਾ ਅੰਦਰਲੇ ਪਿੰਡ ਭੋਡੀਵਾਲਾ ਦੇ ਬੰਦੇਸ਼ਾ ਆਪਣੇ ਜਠੇਰੇ ਦੀ ਮਿੱਟੀ ਕੱਢਣ ਬਰਨਾਲਾ-ਧੂਰੀ ਜਾਂਦੇ ਹਨ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਮੱਲ੍ਹੀਵਾਲ ਦੇ ਬੰਦੇਸ਼ਾ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮੰਨ-ਮਨੌਤ ਨਹੀਂ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਜ਼ਿਲ੍ਹਾ ਬਠਿੰਡਾ, ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੌਰਾਨ ਮਿਲਿਆ ਗੋਤ ਬੰਬਰਾ ਜਠੇਰਾ-ਪੂਜਾ ਦੇ ਪੱਖ ਤੋਂ ਤਿੰਨਾਂ ਹੀ ਇਲਾਕਿਆਂ ਅੰਦਰ ਵਖਰੇਵਾਂ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਆਲਪੁਰਾ ਅਤੇ ਨਿਉਰ ਦੇ ਬੰਬਰਾ ਗੋਤ ਨਾਲ਼ ਸੰਬੰਧਿਤ ਲੋਕ ਦੇਵੀ ਮਾਤਾ ਦੀ ਉਪਾਸਨਾ ਕਰਨ ਲਈ ਮਾਈਸਰਖ਼ਾਨੇ ਜਾਂਦੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਜਲੰਧਰ ਦੇ ਪਿੰਡ ਨਾਹਲ ਦੇ ਬੰਬਰਾ ਗੋਤ ਵਾਲੇ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਵਰਪਾਲ ਵਿਖੇ ਬੰਬਰਾ ਗੋਤ ਦੇ ਲੋਕ 'ਕੁੱਲੀ ਵਾਲ਼ਾ ਬਾਬਾ' ਨੂੰ ਮੰਨਦੇ ਹਨ।
- ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਜਲੰਧਰ ਵਿੱਚੋਂ ਖੋਜ-ਸਮੱਗਰੀ ਇਕੱਤਰ ਕਰਦਿਆਂ ਖੇਤਰੀ ਸਰਵੇਖਣ ਅਧੀਨ ਲਿਆਂਦੇ ਗਏ ਬਾਲੂ ਗੋਤ ਵਿਚਕਾਰ ਜਠੇਰਾ-ਪੂਜਾ ਪੱਖੋਂ ਮਾਲਵਾ ਅਤੇ ਦੁਆਬਾ ਦੋਹਾਂ ਖਿੱਤਿਆਂ ਵਿੱਚ ਹੀ ਭਿੰਨਤਾ ਹੈ। ਜ਼ਿਲ੍ਹਾ ਬਠਿੰਡਾ ਦੇ ਮਲੂਕਾ ਪਿੰਡ ਦੇ ਬਾਲੂ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਆਪਣੇ ਕਿਸੇ ਅਗਿਆਤ ਜਠੇਰੇ ਨੂੰ ਮੰਨਦੇ ਹਨ ਜਦ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਸ਼ਰਕਪੁਰ ਦੇ ਬਾਲੂ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਬਾਵਾ ਗੋਤ ਨਾਲ਼ ਸੰਬੰਧਿਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਤਾ ਭਾਈ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜਹਾਂਗੀਰ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਵੱਖਰਤਾ ਨਜ਼ਰ ਆਈ ਕਿਉਂ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਭਾਈ ਦੇ ਬਾਵਾ ਗੋਤ ਦੇ ਲੋਕਾਂ ਨੇ ਦੱਸਿਆ ਕਿ ਉਹ ਕਿਸੇ ਵੀ ਜਠੇਰੇ ਦੀ ਮਾਨਤਾ ਨਹੀਂ ਕਰਦੇ ਅਤੇ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ

ਪਿੰਡ ਜਹਾਂਗੀਰ ਦੇ ਬਾਵਾ ਗੋਤ ਨਾਲ਼ ਸੰਬੰਧਿਤ ਲੋਕ 'ਚੰਦ ਪੀਰ ਨਾਥ' ਨਾਮੀ ਜਠੇਰੇ ਨੂੰ ਆਪਣੇ ਪਿੰਡ ਵਿੱਚ ਹੀ ਪੂਜਦੇ ਹਨ।

- ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਅੰਦਰਲੇ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਖੇ ਮਿਲੇ ਗੋਤ ਭੱਟੀ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਹਰੇਕ ਖਿੱਤੇ ਵਿਚਕਾਰ ਜਠੇਰਾ-ਪੂਜਾ ਪੱਖੋਂ ਭਿੰਨਤਾ ਜਾਂ ਵਖਰੇਵਾਂ ਰੱਖਦੇ ਹਨ। ਜ਼ਿਲ੍ਹਾ ਬਠਿੰਡਾ ਦੇ ਪਿੰਡ ਖਿਆਲੀਵਾਲਾ ਅਤੇ ਭਗਤਾ ਭਾਈ ਦੇ ਭੱਟੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਜਹਾਂਗੀਰ ਦੇ ਕੁਝ ਭੱਟੀ ਆਪਣੇ ਜਠੇਰੇ 'ਚੰਦ ਪੀਰ ਨਾਥ' ਦੀ ਪੂਜਾ ਆਪਣੇ ਪਿੰਡ ਵਿੱਚ ਹੀ ਕਰਦੇ ਹਨ। ਇਸੇ ਪਿੰਡ ਜਹਾਂਗੀਰ ਦੇ ਕੁਝ ਭੱਟੀ 'ਬਾਬਾ ਜ਼ਾਹਰਾ ਪੀਰ' ਦੀ ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਜਲੰਧਰ ਜ਼ਿਲ੍ਹੇ ਦੇ ਪਿੰਡ ਖੁਰਸ਼ੈਦਪੁਰ ਪੰਡੋਰੀ ਦੇ ਭੱਟੀ ਅਗਿਆਤ ਜਠੇਰੇ ਦੀ ਆਪਣੇ ਪਿੰਡ ਵਿੱਚ ਹੀ ਮਿੱਟੀ ਕੱਢਦੇ ਹਨ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਖੇਤਰੀ ਖੋਜ-ਸਰਵੇਖਣ ਦੇ ਦੌਰਾਨ ਭਾਰਦਵਾਜ ਗੋਤ ਵਿਚਕਾਰ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਹੀ ਪੱਖਾਂ ਤੋਂ ਵਖਰੇਵਾਂ ਝਲਕਦਾ ਹੈ ਕਿਉਂ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਰਾਮਤੀਰਥ ਵਿਖੇ ਭਾਰਦਵਾਜ ਗੋਤ ਬ੍ਰਾਹਮਣ ਬਰਾਦਰੀ ਵਿੱਚ ਪਾਇਆ ਗਿਆ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਤਲਵੰਡੀ ਬੂਟਿਆਂ ਵਿਖੇ ਇਹੀ ਗੋਤ ਅਧਰਮੀ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਦੇ ਦੌਰਾਨ ਪਤਾ ਲੱਗਿਆ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਰਾਮਤੀਰਥ ਦੇ ਭਾਰਦਵਾਜ ਚਾਟੀਵਿੰਡ ਕੋਲ਼ ਅਗਿਆਤ ਜਠੇਰੇ ਦੀ ਮਨੌਤ ਕਰਨ ਲਈ ਜਾਂਦੇ ਹਨ ਜਦ ਕਿ ਜਲੰਧਰ ਦੇ ਪਿੰਡ ਤਲਵੰਡੀ ਬੂਟਿਆਂ ਦੇ ਭਾਰਦਵਾਜ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਵੀ ਜਠੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।
- ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਜ਼ਿਲ੍ਹਿਆਂ ਵਿਚਕਾਰਲੇ ਪਿੰਡਾਂ ਵਿੱਚ ਮਿਲੇ ਅਗਲੇ ਗੋਤ ਭੁੱਲਰ ਵਿਚਕਾਰ ਜਠੇਰਾ-ਪੂਜਾ ਪੱਖੋਂ ਹਰੇਕ ਖਿੱਤੇ ਵਿੱਚ ਅੰਸ਼ਿਕ ਤੌਰ 'ਤੇ ਅਸਮਾਨਤਾ ਨਜ਼ਰ ਆਉਂਦੀ ਹੈ ਜੋ ਇਸ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਬਠਿੰਡਾ ਦੇ ਪਿੰਡ ਖੇਮੂਆਣਾ ਅਤੇ ਜਲੰਧਰ ਦੇ ਪਿੰਡ ਬਿੱਲੀ ਭੁੱਲਰ ਅੰਦਰ ਵਸਦੇ ਭੁੱਲਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਜਠੇਰਾ-ਪੂਜਾ ਨਹੀਂ ਕਰਦੇ ਜਦ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਕੀਰਤਨਗੜ੍ਹ ਥਾਂਦੇ ਦੇ ਭੁੱਲਰ ਗੋਤ ਦੇ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਨੂੰ ਮੰਨਦੇ ਹਨ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਖੇਤਰ ਵਿੱਚੋਂ ਖੋਜ-ਸਮੱਗਰੀ ਇਕੱਤਰ ਕਰਨ ਹਿੱਤ ਕੀਤੇ ਗਏ ਖੋਜ-ਸਰਵੇਖਣ ਦੌਰਾਨ ਮਿਲਿਆ ਮਹਿਰਾ ਗੋਤ ਜਾਤੀ ਪੱਖੋਂ ਅਤੇ ਜਠੇਰਾ-ਪੂਜਾ ਪੱਖੋਂ ਭਿੰਨਤਾ ਰੱਖਦਾ ਹੈ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ ਵਿੱਚ ਮਹਿਰਾ ਗੋਤ ਮਹਿਰਾ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ ਜਦ ਕਿ ਜਲੰਧਰ ਜ਼ਿਲ੍ਹੇ ਵਿੱਚ ਮਹਿਰਾ ਗੋਤ ਪਿੰਡ ਬੱਲ ਕੋਹਨਾ

ਦੀ ਪਰਜਾਪੱਤ ਬਰਾਦਰੀ ਵਿੱਚ ਪਾਇਆ ਗਿਆ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਜੋਗਾ ਸਿੰਘ ਵਾਲਾ ਦੇ ਮਹਿਰਾ ਗੋਤ ਨਾਲ਼ ਸੰਬੰਧਿਤ ਲੋਕਾਂ ਪਾਸੋਂ ਉਹਨਾਂ ਦੇ ਜਠੇਰੇ ਦੀ ਮਨੌਤ ਸੰਬੰਧੀ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੇ ਜਠੇਰੇ ਦਾ ਨਾਮ 'ਮਹਿੰਦਰ ਸਿੰਘ' ਹੈ, ਪਰ ਉਹ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਜਦ ਕਿ ਜਲੰਧਰ ਦੇ ਬੱਲ ਕੋਹਨਾ ਪਿੰਡ ਦੇ ਮਹਿਰਾ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ।

- ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਚਲੇ ਵੱਖ-ਵੱਖ ਪਿੰਡਾਂ ਵਿੱਚ ਪਾਏ ਗਏ ਮੱਟੂ ਗੋਤ ਵਿਚਕਾਰ ਤਿੰਨਾਂ ਖਿੱਤਿਆਂ ਵਿੱਚ ਜਠੇਰਾ-ਪੂਜਾ ਪੱਖੋਂ ਵਖਰੇਵਾਂ ਹੈ ਜਿਸ ਦਾ ਪਤਾ ਇਸ ਗੱਲ ਤੋਂ ਚੱਲਦਾ ਹੈ ਕਿ ਜ਼ਿਲ੍ਹਾ ਬਠਿੰਡਾ ਦੇ ਨਿਉਰ ਪਿੰਡ ਦੇ ਮੱਟੂ 'ਲਾਲਾਂ ਵਾਲ਼ੇ ਪੀਰ' ਨੂੰ ਮੰਨਦੇ ਹਨ ਅਤੇ ਹਮੀਰਗੜ੍ਹ ਦੇ ਮੱਟੂ 'ਕੋਟਲੇ ਵਾਲ਼ੇ (ਮਲੇਰਕੋਟਲੇ ਵਾਲ਼ੇ) ਪੀਰ' ਨੂੰ। ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮੂਧਲ ਦੇ ਮੱਟੂ ਗੋਤ ਦੇ ਲੋਕਾਂ ਪਾਸੋਂ ਜਠੇਰੇ ਬਾਰੇ ਪੁੱਛਣ 'ਤੇ ਲੋਕਾਂ ਨੇ ਦੱਸਿਆ ਕਿ ਉਹ 'ਪੀਰ ਲੱਖਾਂ ਦਾ ਦਾਤਾ' ਨੂੰ ਮੰਨਦੇ ਹਨ। ਪਿੰਡ ਗੁਮਾਨਪੁਰਾ ਦੇ ਮੱਟੂ ਆਪਣੇ 'ਕੇਦੂ ਰਾਮ' ਨਾਮੀ ਜਠੇਰੇ ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਮੰਡਿਆਲਾ ਦੇ ਮੱਟੂ 'ਬਾਬਾ ਬੇਪਰਵਾਹ' ਦੀ ਆਪਣੇ ਪਿੰਡ ਵਿੱਚ ਹੀ ਮਨੌਤ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਖਾਪਰ ਖੇੜੀ ਦੇ ਮੱਟੂ ਕਿਸੇ ਜਠੇਰੇ ਦੀ ਜਗ੍ਹਾ 'ਗੁੱਗਾ ਪੀਰ' ਦੀ ਮਨੌਤ ਕਰਦੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਪੰਧੇਰ ਦੇ ਮੱਟੂ ਆਪਣੇ ਪਿੰਡ ਵਿੱਚ ਹੀ 'ਬਾਬਾ ਸੱਧਾ' ਦੀ ਮੰਨ-ਮਨੌਤ ਕਰਦੇ ਹਨ।

- ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡਾਂ ਅੰਦਰ ਪਾਏ ਗਏ ਗੋਤ ਮਾਨ ਵਿਚਕਾਰ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਅਸਮਾਨਤਾ ਹੈ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਭਕਨਾ ਕਲਾਂ ਵਿੱਚ ਮਾਨ ਗੋਤ ਤਰਖਾਣ ਬਰਾਦਰੀ ਵਿੱਚ ਪਾਇਆ ਗਿਆ, ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਜਠੇਰੇ ਨੂੰ ਨਹੀਂ ਪੂਜਦੇ। ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਜ਼ਿਆਦਾਤਰ ਮਾਨ ਜੱਟ ਸਿੱਖ ਜਾਤੀ ਨਾਲ਼ ਸੰਬੰਧ ਰੱਖਦੇ ਹਨ, ਪ੍ਰੰਤੂ ਪਿੰਡ ਜੰਡਾਂਵਾਲਾ ਵਿਖੇ ਮਜ਼੍ਹਬੀ ਸਿੱਖ ਜਾਤੀ ਦਾ ਗੋਤ ਵੀ ਮਾਨ ਹੈ। ਇਸ ਤੋਂ ਇਲਾਵਾ ਮਲੂਕਾ ਪਿੰਡ ਵਿੱਚ ਮਾਨ ਗੋਤ ਰਵਿਦਾਸੀਏ ਸਿੱਖ ਜਾਤੀ ਵਿੱਚ ਵੀ ਪਾਇਆ ਗਿਆ। ਜਠੇਰਿਆਂ ਬਾਰੇ ਪੁੱਛਣ 'ਤੇ ਪਤਾ ਲੱਗਾ ਕਿ ਮਲੂਕਾ ਅਤੇ ਖੇਮੂਆਣਾ ਪਿੰਡਾਂ ਵਿੱਚ ਲੋਕ ਸਥਾਨਕ ਖੇਤਾਂ ਵਿੱਚ ਹੀ ਸ਼ਹੀਦਾਂ ਦੀ ਪੂਜਾ ਕਰਦੇ ਹਨ। ਗਿੱਦੜ ਪਿੰਡ ਦੇ ਮਾਨ ਗੋਤ ਨਾਲ਼ ਸੰਬੰਧਿਤ ਤਕਰੀਬਨ 40 ਘਰ ਹਨ ਜੋ ਕਿ 'ਬਾਬਾ ਬੁੱਢਣ' ਦੀ ਪਿੰਡ ਵਿੱਚ ਹੀ ਬਣੀ ਜਗ੍ਹਾ 'ਤੇ ਜਾ ਕੇ ਪੂਜਾ ਕਰਦੇ ਹਨ ਜਦ ਕਿ ਹਮੀਰਗੜ੍ਹ ਦੇ ਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਰਹਿਬਰ ਮੰਨਦੇ ਹਨ।

- ਮਾਝਾ ਖਿੱਤੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਦੁਆਬੇ ਦੇ ਜਲੰਧਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਪਾਇਆ ਗਿਆ ਰੰਧਾਵਾ ਗੋਤ ਜਠੇਰਾ-ਪੂਜਾ ਦੇ ਪੱਖ ਤੋਂ ਵਖਰੇਵਾਂ ਰੱਖਦਾ ਹੈ। ਜਲੰਧਰ ਜ਼ਿਲ੍ਹੇ ਦੇ ਪਿੰਡ

ਆਲੇਵਾਲੀ ਵਿੱਚ ਰੰਧਾਵਾ ਗੋਤ ਦੇ ਲੋਕ ਅਗਿਆਤ ਜਠੇਰੇ ਨੂੰ ਮੰਨਦੇ ਹਨ ਅਤੇ ਸ਼ੰਕਰ ਨੇੜੇ ਬਜੂਹਾ ਵਿਖੇ ਮੱਸਿਆ 'ਤੇ ਜਠੇਰੇ ਦੀ ਮਿੱਟੀ ਕੱਢਣ ਜਾਂਦੇ ਹਨ। ਇਸ ਦੇ ਨਾਲ਼ ਹੀ ਤਲਵੰਡੀ ਮਾਧੋ ਦੇ ਰੰਧਾਵੇ ਵੀ ਅਗਿਆਤ ਜਠੇਰੇ ਨੂੰ ਮੰਨਦੇ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਚੱਬਾ ਅਤੇ ਇੱਬਣ ਖੁਰਦ ਪਿੰਡਾਂ ਦੇ ਰੰਧਾਵਾ ਗੋਤ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਦ ਕਿ ਰਾਮੂਵਾਲ ਦੇ ਰੰਧਾਵੇ ਆਪਣੇ ਪਿੰਡ ਵਿੱਚ ਹੀ 'ਜਠੇਰੀ ਮਾਤਾ' ਦੀ ਪੂਜਾ ਕਰਦੇ ਹਨ।

- ਬਠਿੰਡਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹਿਆਂ ਦਾ ਇੱਕ ਹੋਰ ਗੋਤ ਲੱਧੜ ਹੈ ਜੋ ਕਿ ਇਹਨਾਂ ਦੋਹਾਂ ਜ਼ਿਲ੍ਹਿਆਂ ਦੇ ਅਨੇਕਾਂ ਪਿੰਡਾਂ ਵਿਖੇ ਮਿਲਦਾ ਹੈ। ਇਹ ਗੋਤ ਦੋਹਾਂ ਹੀ ਜ਼ਿਲ੍ਹਿਆਂ ਦੇ ਖਿੱਤਿਆਂ ਵਿਚਕਾਰ ਜਾਤੀ ਅਤੇ ਜਠੇਰਾ-ਪੂਜਾ ਦੋਹਾਂ ਪੱਖਾਂ ਤੋਂ ਵੱਖਰਤਾ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਖੇਤਰੀ ਸਰਵੇਖਣ ਦੌਰਾਨ ਇਹ ਗੋਤ ਜੱਟ ਸਿੱਖ, ਮਜ਼੍ਹਬੀ ਸਿੱਖ ਅਤੇ ਜੋਗੀ ਨਾਥ (ਸਪੇਰੇ) ਤਿੰਨਾਂ ਬਰਾਦਰੀਆਂ ਵਿੱਚ ਪਾਇਆ ਗਿਆ। ਜੋਗੀ ਨਾਥ (ਸਪੇਰੇ) ਆਪਣੇ ਵਡੇਰੇ 'ਬੂਟਾ ਨਾਥ' ਨੂੰ ਮੰਨਦੇ ਹਨ ਅਤੇ ਪਿੰਡ ਗੰਗਾ ਦੇ ਜੱਟ ਸਿੱਖ ਬਰਾਦਰੀ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਲੱਧੜ ਗੋਤ ਪਿੰਡ ਗੁਰਵਾਲੀ, ਮੰਡਿਆਲਾ, ਫਤਾਹਪੁਰ, ਮੂਧਲ, ਧੌਲ ਕਲਾਂ ਅਤੇ ਜਹਾਂਗੀਰ ਵਿਖੇ ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧਿਤ ਪਾਇਆ ਗਿਆ। ਜਠੇਰਾ-ਪੂਜਾ ਸੰਬੰਧੀ ਗੱਲਬਾਤ ਦੇ ਦੌਰਾਨ ਪਿੰਡ ਮੰਡਿਆਲਾ ਦੇ ਇਸ ਗੋਤ ਨਾਲ਼ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਹੀ 'ਬਾਬਾ ਬੇਪਰਵਾਹ' ਦੀ ਮੰਨ-ਮਨੌਤ ਕਰਦੇ ਹਨ ਜਦ ਕਿ ਪਿੰਡ ਧੌਲ ਕਲਾਂ, ਮੂਧਲ ਅਤੇ ਜਹਾਂਗੀਰ ਦੇ ਲੱਧੜ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ।

- ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਜ਼ਿਲ੍ਹਿਆਂ ਅੰਦਰਲਾ ਅਗਲਾ ਗੋਤ ਵਾਲੀਆ ਜਾਤੀ ਪੱਖੋਂ ਅਤੇ ਜਠੇਰਾ-ਪੂਜਾ ਪੱਖੋਂ ਭਿੰਨਤਾ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਵਿਖੇ ਇਹ ਗੋਤ ਮੂਲ ਰੂਪ ਵਿੱਚ ਜੱਟ ਸਿੱਖ ਬਰਾਦਰੀ ਦਾ ਗੋਤ ਹੈ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਪੰਧੇਰ ਵਿਖੇ ਇਹੀ ਗੋਤ ਹਰੀਜਨ ਬਰਾਦਰੀ (ਬਾਲਮੀਕ) ਵਿੱਚ ਪਾਇਆ ਗਿਆ। ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਦੇ ਅਤੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਗੁਮਾਨਪੁਰਾ ਦੇ ਇਸ ਗੋਤ ਦੇ ਲੋਕਾਂ ਨਾਲ਼ ਜਠੇਰਾ-ਪੂਜਾ ਦੇ ਵਿਸ਼ੇ 'ਤੇ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਹਨਾਂ ਪਿੰਡਾਂ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਕਿਸੇ ਜਠੇਰੇ ਦੀ ਮਨੌਤ ਨਹੀਂ ਕਰਦੇ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਦੇ ਉਲਟ ਜ਼ਿਲ੍ਹਾ ਜਲੰਧਰ ਦੇ ਪਿੰਡ ਪੰਧੇਰ ਦੇ ਵਾਲੀਆ ਗੋਤ ਨਾਲ਼ ਸੰਬੰਧਿਤ ਲੋਕ ਨਕੋਦਰ ਲਾਗੇ ਟੁੱਟ ਕਲਾਂ ਵਿਖੇ ਲੋਹੜੀ, ਦੀਵਾਲੀ ਨੂੰ ਆਪਣੇ ਜਠੇਰੇ ਦੀ ਮਿੱਟੀ ਕੱਢਣ ਲਈ ਜਾਂਦੇ ਹਨ।

- ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਹਿਬ ਅਤੇ ਜਲੰਧਰ ਵਿੱਚ ਪਾਇਆ ਗਿਆ ਅਗਲਾ ਗੋਤ ਵੜੈਂਚ ਵੀ ਜਠੇਰਾ-ਪੂਜਾ ਦੇ ਪੱਖ ਤੋਂ ਭਿੰਨਤਾ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾ ਗੁਰੂ ਅਤੇ ਜ਼ਿਲ੍ਹਾ ਸ਼੍ਰੀ

ਅੰਮ੍ਰਿਤਸਰ ਸਾਹਿਬ ਦੇ ਪਿੰਡ ਚੱਬਾ ਵਿਖੇ ਵੜੈਚ ਗੋਤ ਦੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਕਿਸੇ ਵੀ ਜਠੇਰੇ ਜਾਂ ਵੱਡੇ-ਵਡੇਰੇ ਦੀ ਪੂਜਾ ਜਾਂ ਮੰਨ-ਮਨੌਤ ਕਰਨ ਤੋਂ ਇਨਕਾਰੀ ਹਨ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਬਿੱਲੀ ਬੜੈਂਚ ਦੇ ਵੜੈਂਚ ਗੋਤ ਨਾਲ਼ ਸੰਬੰਧਿਤ ਲੋਕ ਆਪਣੇ ਪਿੰਡ ਵਿੱਚ ਹੀ ਗੁਰਦੁਆਰੇ ਦੇ ਲਾਗੇ ਟੈਂਕੀ ਕੋਲ਼ ਆਪਣੇ ਅਗਿਆਤ ਜਠੇਰੇ ਦੀ ਮਿੱਟੀ ਕੱਢਦੇ ਹਨ। ਇਸ ਤੋਂ ਇਲਾਵਾ ਪਿੰਡ ਕੋਟਲੀ ਦੇ ਵੜੈਚ ਗੋਤ ਵਾਲ਼ੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਜਠੇਰੇ ਦਾ ਨਾਂ 'ਬਾਬਾ ਫੌਜਾ ਸਿੰਘ' ਹੈ, ਪ੍ਰੰਤੂ ਉਹ 'ਦੇਵੀ ਮਾਤਾ' ਨੂੰ ਮੰਨਦੇ ਹਨ।

- ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ ਅਤੇ ਮਾਝਾ ਇਲਾਕੇ ਦੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਵੱਖੋ-ਵੱਖ ਪਿੰਡਾਂ ਵਿੱਚ ਮਿਲਿਆ ਗੋਤ ਸ਼ੇਰਗਿੱਲ ਜਠੇਰਾ-ਪੂਜਾ ਦੇ ਪੱਖ ਤੋਂ ਭਿੰਨਤਾ ਰੱਖਦਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਰਾਜਗੜ੍ਹ ਵਿਚਲੇ ਸ਼ੇਰਗਿੱਲ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਦ ਕਿ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਰਾਮਪੁਰਾ ਬਾਵਿਆਂ ਕਾ ਦੇ ਕੁਝ ਸ਼ੇਰਗਿੱਲ 'ਬਾਬਾ ਲਾਭ ਸਿੰਘ' ਨੂੰ ਅਤੇ ਕੁਝ 'ਬਾਬਾ ਤੱਖੀਏ ਸ਼ਾਹ' ਨੂੰ ਮੰਨਦੇ ਹਨ।ਪਿੰਡ ਕੀਰਤਨਗੜ੍ਹ ਥਾਂਦੇ ਦੇ ਸ਼ੇਰਗਿੱਲ' ਮਸੀਹ' ਨੂੰ ਅਤੇ ਜੰਡਿਆਲਾ ਦੇ 'ਬਾਬਾ ਬੇਪਰਵਾਹ' ਨੂੰ ਮੰਨਦੇ ਹਨ।
- ਮਾਲਵਾ ਇਲਾਕੇ ਦੇ ਜ਼ਿਲ੍ਹਾ ਬਠਿੰਡਾ ਅਤੇ ਦੁਆਬਾ ਇਲਾਕੇ ਦੇ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿੱਚ ਪਾਏ ਗਏ ਗੋਤ ਸ਼ਰਮਾ ਵਿੱਚ ਜਠੇਰਾ-ਪੂਜਾ ਦੇ ਪੱਖ ਤੋਂ ਅਸਮਾਨਤਾ ਝਲਕਦੀ ਹੈ ਕਿਉਂ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਲੂਕਾ ਦੇ ਸ਼ਰਮਾ ਗੋਤ ਦੇ ਲੋਕ ਆਪਣੇ ਖੇਤਾਂ ਵਿੱਚ ਬਣੀ ਹੋਈ ਅਗਿਆਤ ਜਠੇਰੇ ਦੀ ਮੜ੍ਹੀ 'ਤੇ ਜਾ ਕੇ ਪੂਜਾ ਕਰਦੇ ਹਨ ਜਦ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਗਿੱਲ ਵਿਖੇ ਸ਼ਰਮਾ ਗੋਤ ਨਾਲ਼ ਸੰਬੰਧਿਤ ਲੋਕ ਦੇਵੀ ਮਾਤਾ ਦੀ ਪੂਜਾ ਕਰਦੇ ਹਨ ਅਤੇ ਜਠੇਰਾ-ਪੂਜਾ ਨਹੀਂ ਕਰਦੇ ਹਨ।

ਖੋਜ-ਪ੍ਰਬੰਧ ਵਿੱਚ ਤੁਲਨਾਤਮਿਕ ਵਿਸ਼ਲੇਸ਼ਣ ਦੇ ਆਧਾਰ 'ਤੇ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਵਿਚਲੇ ਚੋਣਵੇਂ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਇਕੱਤਰਿਤ ਡਾਟੇ ਦੇ ਆਧਾਰ 'ਤੇ ਸਾਂਝਾਂ ਅਤੇ ਵੱਖਰਤਾਵਾਂ ਸਪੱਸ਼ਟ ਕੀਤੀਆਂ ਗਈਆਂ ਹਨ। ਆਉਣ ਵਾਲ਼ੇ ਸਮੇਂ ਵਿੱਚ ਹੋਰ ਖੋਜ-ਕਾਰਜ ਕਰਨ ਦੀਆਂ ਸੰਭਾਵਨਾਵਾਂ ਹਨ। ਇਸ ਲਈ ਸਮੱਗਰੀ ਇਕੱਤਰ ਕਰਕੇ ਨਵੇਂ ਸੰਦਰਭ ਅਧੀਨ ਖੋਜ-ਕਾਰਜ ਕੀਤਾ ਜਾ ਸਕਦਾ ਹੈ। ਤੁਲਨਾਤਮਿਕ ਅਧਿਐਨ ਰਾਹੀਂ ਗੋਤਾਂ ਅਤੇ ਜਠੇਰਿਆਂ ਬਾਰੇ ਹੋਰ ਗਹਿਰਾਈ ਨਾਲ਼ ਜਾਣਕਾਰੀ ਪ੍ਰਾਪਤ ਹੋਈ ਹੈ।

ਸੋ ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਵੱਖ-ਵੱਖ ਪਿੰਡਾਂ ਅੰਦਰ ਵਸਦੇ ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਗੋਤਾਂ ਅਤੇ ਉਹਨਾਂ ਦੇ ਜਠੇਰਿਆਂ, ਜਠੇਰਾ ਪੂਜਾ ਵਿਧੀ-ਵਿਧਾਨ ਅਧੀਨ ਗੋਤਾਂ ਅਤੇ ਜਠੇਰਿਆਂ ਸੰਬੰਧੀ ਸਮਾਨਤਾਵਾਂ ਅਤੇ ਵਿਲੱਖਣਤਾਵਾਂ ਦਾ ਅਧਿਐਨ ਕਰਨ ਉਪਰੰਤ ਅਸੀਂ ਇਸ ਸਿੱਟੇ ਉੱਪਰ ਪਹੁੰਚਦੇ ਹਾਂ ਕਿ ਇਹਨਾਂ ਜ਼ਿਲ੍ਹਿਆਂ ਅੰਦਰ ਵਸਦੇ ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਲੋਕ ਬੇਸ਼ੱਕ ਜੱਟ ਸਿੱਖ

ਬਰਾਦਰੀ ਨਾਲ਼ ਸੰਬੰਧ ਰੱਖਦੇ ਹੋਣ, ਮਜ਼੍ਹਬੀ ਸਿੱਖ ਬਰਾਦਰੀ ਨਾਲ਼ ਸੰਬੰਧ ਰੱਖਦੇ ਹੋਣ ਜਾਂ ਹੋਰ ਬਰਾਦਰੀਆਂ ਨਾਲ਼, ਪ੍ਰੰਤੂ ਗੋਤਾਂ ਦਾ ਨਿਕਾਸ ਜਾਂ ਉੱਥਾਨ ਲਗਭਗ ਹਰੇਕ ਜ਼ਿਲ੍ਹੇ ਦੇ ਲੋਕਾਂ ਦਾ ਇੱਕੋ ਵੰਸ਼ ਤੋਂ ਹੋਇਆ ਹੈ ਜਿਸਦੀਆਂ ਅਲੱਗ-ਅਲੱਗ ਮੋਢੀਆਂ ਨਿਕਲਣ ਕਰਨ ਜਾਂ ਹੋਰ ਕਿਸੇ ਇਲਾਕੇ, ਸਥਾਨ 'ਤੇ ਜਾ ਵਸਣ ਕਾਰਨ ਜਾਂ ਫਿਰ ਅੰਤਰ-ਜਾਤੀ ਵਿਆਹ ਸੰਬੰਧ ਬਣਾਉਣ ਕਾਰਨ ਉਹਨਾਂ ਵਿੱਚ ਇਲਾਕੇ ਅਤੇ ਜਾਤੀ ਪੱਖੋਂ ਵੱਖਰਤਾਵਾਂ ਆ ਗਈਆਂ ਹਨ। ਜਠੇਰਾ-ਪੂਜਾ ਪੱਖੋਂ ਵੀ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਲੋਕਾਂ ਅੰਦਰ ਵਸਦੇ ਵੱਖ-ਵੱਖ ਗੋਤਾਂ ਦੇ ਲੋਕਾਂ ਅੰਦਰ ਸਮਾਨਤਾਵਾਂ ਵੀ ਹਨ ਅਤੇ ਵੱਖਰਤਾਵਾਂ ਵੀ ਹਨ। ਸਮਾਨਤਾਵਾਂ ਦੀ ਗਵਾਹੀ ਅਲੱਗ-ਅਲੱਗ ਇਲਾਕਿਆਂ ਵਿੱਚ ਵਸਦੇ ਹੋਣ ਦੇ ਬਾਵਜੂਦ ਵੀ ਇੱਕੋ ਜਠੇਰੇ ਦੀ ਮਾਨਤਾ ਕਰਨ ਪੱਖੋਂ ਮਿਲਦੀ ਹੈ ਅਤੇ ਜੇਕਰ ਵੱਖਰਤਾਵਾਂ ਦੀ ਗੱਲ ਕਰੀਏ ਤਾਂ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਇੱਕ ਹੀ ਗੋਤ ਨਾਲ਼ ਸੰਬੰਧਿਤ ਮਾਲਵਾ, ਮਾਝਾ ਅਤੇ ਦੁਆਬਾ ਇਲਾਕਿਆਂ ਅੰਦਰ ਵਸਦੇ ਕੁਝ ਕੁ ਤਾਂ ਇੱਕੋ-ਜਿਹੇ ਗੋਤਾਂ ਵਾਲ਼ੇ ਲੋਕ ਜਠੇਰਾ-ਪੂਜਾ ਕਰਦੇ ਹਨ ਜਦ ਕਿ ਦੂਜੇ ਇਲਾਕੇ ਵਿਚਲੇ ਉਸੇ ਗੋਤ ਨਾਲ਼ ਸੰਬੰਧਿਤ ਕੁਝ ਲੋਕ ਜਠੇਰਾ-ਪੂਜਾ ਨੂੰ ਨਾ ਮੰਨਦੇ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ। ਇਸ ਤਰ੍ਹਾਂ ਖੋਜ-ਪ੍ਰਬੰਧ ਲਈ ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਇਲਾਕਿਆਂ ਵਿੱਚੋਂ ਸਮੱਗਰੀ ਇਕੱਤਰ ਕਰਨ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਸਾਂਝਾਂ ਅਤੇ ਵਖਰੇਵਿਆਂ ਦੋਹਾਂ ਨੂੰ ਨਾਲ਼ ਲੈ ਕੇ ਚੱਲਦੀ ਹੋਈ ਜਠੇਰਾ-ਪੂਜਾ ਖੋਜ-ਪ੍ਰਬੰਧ ਦੇ ਚੋਣਵੇਂ ਜ਼ਿਲ੍ਹਿਆਂ ਦੇ ਵੱਖੋ-ਵੱਖਰੇ ਗੋਤਾਂ ਨਾਲ਼ ਸੰਬੰਧਿਤ ਲੋਕ ਮਾਨਸਿਕਤਾ ਦਾ ਇੱਕ ਅਟੁੱਟ ਅੰਗ ਹੈ।

# ਸਿੱਟੇ ਅਤੇ ਸਥਾਪਨਾਵਾਂ

ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਇਸ ਖੋਜ-ਕਾਰਜ ਦੌਰਾਨ ਖਿੱਤੇ ਵਿੱਚ ਜਾ ਕੇ ਵੱਖ-ਵੱਖ ਗੋਤਾਂ ਅਤੇ ਜਠੇਰਿਆਂ ਸੰਬੰਧੀ ਸਮੱਗਰੀ ਇਕੱਤਰ ਕਰਕੇ ਤੱਥਾਂ ਦਾ ਸੰਕਲਨ ਕਰਨ ਉਪਰੰਤ, ਉਹਨਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰਕੇ, ਉਹਨਾਂ ਦਾ ਸੂਤਰੀਕਰਨ ਕੀਤਾ ਗਿਆ ਹੈ। ਇਸ ਉਪਰੰਤ ਖੋਜ-ਕਾਰਜ ਵਿੱਚ ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਤਿੰਨ ਚੋਣਵੇਂ ਜ਼ਿਲ੍ਹਿਆਂ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਦੇ ਗੋਤਾਂ ਅਤੇ ਜਠੇਰਾ-ਪੂਜਾ ਅੰਦਰ ਵਿਦਮਾਨ ਲੋਕ-ਮਨ ਦੀ ਸਮਾਜਿਕ ਅਤੇ ਮਨੋਵਿਗਿਆਨਕ ਪੱਖ ਤੋਂ ਸਮੀਖਿਆ ਕੀਤੀ ਗਈ ਹੈ। ਇਸ ਤੋਂ ਇਲਾਵਾ ਵੱਖ-ਵੱਖ ਗੋਤਾਂ ਅਤੇ ਜਠੇਰਿਆਂ ਵਿੱਚ ਸਮਾਨਤਾਵਾਂ ਅਤੇ ਵੱਖਰਤਾਵਾਂ ਵੀ ਵੇਖੀਆਂ ਗਈਆਂ ਹਨ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ 'ਸਿਧਾਂਤਕ ਪਿਛੋਕੜ' ਹੈ ਜਿਸ ਵਿੱਚ ਖੋਜ ਦੇ ਉਦੇਸ਼, ਖੋਜ-ਵਿਧੀਆਂ ਦਾ ਵਰਣਨ ਕਰਦਿਆਂ ਹੋਇਆਂ ਪੰਜਾਬ ਦੇ ਗੋਤਾਂ ਦੇ ਇਤਿਹਾਸਕ ਪਿਛੋਕੜ ਅਤੇ ਸਭਿਆਚਾਰਕ ਪ੍ਰਬੰਧ ਅਧੀਨ ਗੋਤਾਂ ਅਤੇ ਜਠੇਰਿਆਂ ਸੰਬੰਧੀ ਸਿਧਾਂਤਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ:-

- ਖੋਜ-ਪ੍ਰਬੰਧ ਵਿੱਚ ਪੰਜਾਬ ਦੇ ਗੋਤਾਂ ਅਤੇ ਜਠੇਰਿਆਂ ਦੀ ਉਤਪਤੀ, ਇਤਿਹਾਸਕ ਪਿਛੋਕੜ ਆਦਿ ਬਾਰੇ ਵਰਣਨ ਕੀਤਾ ਗਿਆ ਹੈ।
- ਜਠੇਰਾ-ਪੂਜਾ ਅਤੇ ਵਿਧੀ-ਵਿਧਾਨ ਅਧੀਨ ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ ਦੇ ਪੂਜਾ-ਵਿਧਾਨ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।
- ਇਸ ਤੋਂ ਇਲਾਵਾ ਵਿਸ਼ੇ ਨਾਲ਼ ਸੰਬੰਧਿਤ ਖੋਜ ਦੇ ਉਦੇਸ਼ ਸਪੱਸ਼ਟ ਕਰਦਿਆਂ ਹੋਇਆਂ ਖੋਜ-ਪ੍ਰਬੰਧ ਲਈ ਖੇਤਰੀ ਖੋਜ-ਸਰਵੇਖਣ ਕੀਤਾ ਗਿਆ ਹੈ।
- ਲੋਕ-ਧਰਮ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਤਾਂ ਜੋ ਵੱਖ-ਵੱਖ ਗੋਤਾਂ ਦੇ ਜਠੇਰਿਆਂ ਦੇ ਪੂਜਾ ਵਿਧੀ-ਵਿਧਾਨ ਦੇ ਪਿਛੋਕੜ ਬਾਰੇ ਜਾਣਿਆ ਜਾ ਸਕੇ।
- ਪੰਜਾਬੀ ਲੋਕਧਾਰਾ ਦੇ ਹਵਾਲੇ ਨਾਲ਼ ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ।
- ਸਮਾਜ-ਸ਼ਾਸਤਰੀ ਵਿਧੀ ਰਾਹੀਂ ਗੋਤਾਂ ਦੇ ਢਾਂਚੇ ਨੂੰ ਦੇਖਿਆ ਗਿਆ ਹੈ ਕਿ ਗੋਤ ਸਮਾਜਿਕ-ਪ੍ਰਬੰਧ ਅਧੀਨ ਵਿਆਹ-ਪ੍ਰਬੰਧ ਨਾਲ਼ ਮੁੱਢਲੇ ਰੂਪ ਵਿੱਚ ਜੁੜਿਆ ਹੋਇਆ ਹੈ। ਉਦਾਹਰਣ ਵਜੋਂ ਵਿਆਹ

ਸਮੇਂ ਪਹਿਲਾਂ ਚਾਰ ਗੋਤ ਵੇਖੇ ਜਾਂਦੇ ਸਨ, ਫ਼ਿਰ ਸਮਾਂ ਪਾ ਕੇ ਦੋ ਗੋਤ ਵਿਆਹ ਸਮੇਂ ਛੱਡੇ ਜਾਣ ਲੱਗ ਪਏ ਹਨ।

ਖੋਜ-ਪ੍ਰਬੰਧ ਦੇ ਦੂਜੇ ਅਧਿਆਇ 'ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ' ਅਧੀਨ ਸਮਾਜਿਕ ਅਤੇ ਮਨੋਵਿਗਿਆਨਕ ਪੱਖ ਤੋਂ ਅਧਿਐਨ ਕਰਦਿਆਂ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ:-

- ਪੰਜਾਬ ਦੇ ਮਾਲਵਾ ਖਿੱਤੇ ਦੇ ਉੱਘੇ ਜ਼ਿਲ੍ਹਾ ਬਠਿੰਡਾ ਦੇ 36 ਵੱਖ-ਵੱਖ ਪਿੰਡਾਂ ਦਾ ਖੇਤਰੀ ਖੋਜ-ਸਰਵੇਖਣ ਕਰਦਿਆਂ ਇਹਨਾਂ ਪਿੰਡਾਂ ਵਿੱਚੋਂ ਕੁੱਲ 141 ਪ੍ਰਮੁੱਖ ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕਰਕੇ ਗੋਤਾਂ ਵਿਚਲੀਆਂ ਮੰਨ-ਮਨੌਤਾਂ ਵਿੱਚ ਆਧੁਨਿਕ ਸਮੇਂ ਦੌਰਾਨ ਆ ਰਹੇ ਪਰਿਵਰਤਨ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ।

- ਇਸ ਜ਼ਿਲ੍ਹੇ ਅੰਦਰਲੇ 36 ਪਿੰਡਾਂ ਵਿੱਚੋਂ 141 ਗੋਤਾਂ ਸੰਬੰਧੀ ਕੁੱਲ 184 ਸੈਂਪਲ ਪ੍ਰਾਪਤ ਕੀਤੇ ਗਏ ਜਿਨ੍ਹਾਂ ਵਿੱਚੋਂ ਜਠੇਰਾ-ਪੂਜਾ ਦੀ ਦਰ 48.36 ਪ੍ਰਤੀਸ਼ਤ ਹੈ ਅਤੇ ਇਸ ਜ਼ਿਲ੍ਹੇ ਦੀ ਸਾਖਰਤਾ ਦਰ 63.08 ਪ੍ਰਤੀਸ਼ਤ ਹੈ।

- ਮਾਲਵਾ ਖਿੱਤੇ ਦੇ ਉੱਘੇ ਜ਼ਿਲ੍ਹਾ ਬਠਿੰਡਾ ਦੇ ਵੱਖ-ਵੱਖ ਪਿੰਡਾਂ ਵਿੱਚੋਂ ਪ੍ਰਮੁੱਖ ਗੋਤਾਂ ਸੰਬੰਧੀ ਸਮੱਗਰੀ ਇਕੱਤਰ ਕਰਨ ਹਿੱਤ ਖੇਤਰੀ ਖੋਜ-ਸਰਵੇਖਣ ਕੀਤਾ ਗਿਆ ਹੈ ਅਤੇ ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ।

- ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ ਬਾਰੇ ਤੇ ਜਠੇਰਾ-ਪੂਜਾ ਹਿੱਤ ਉਹਨਾਂ ਵੱਲੋਂ ਅਪਣਾਈਆਂ ਜਾਂਦੀਆਂ ਪੂਜਾ-ਵਿਧੀਆਂ ਬਾਰੇ ਵਰਣਨ ਕੀਤਾ ਗਿਆ ਹੈ।

- ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਵੱਲੋਂ ਪੂਜੇ ਜਾਂਦੇ ਜਠੇਰਿਆਂ ਲਈ ਮੰਨ-ਮਨੌਤ ਦੇ ਢੰਗਾਂ ਤੇ ਉਹਨਾਂ ਦੀ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਲੋਕ-ਮਾਨਸਿਕਤਾ ਦਾ ਮਨੋਵਿਗਿਆਨਕ ਪੱਖ ਤੋਂ ਅਧਿਐਨ ਕੀਤਾ ਗਿਆ ਹੈ।

- ਜ਼ਿਲ੍ਹਾ ਬਠਿੰਡਾ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪੁਰਾਤਨ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਪੁਰਾਤਨ ਦ੍ਰਿਸ਼ਟੀਕੋਣ ਤੋਂ ਜਠੇਰਾ-ਪੂਜਾ ਅਧਿਕ ਕੀਤੀ ਜਾਂਦੀ ਸੀ, ਪ੍ਰੰਤੂ ਅਜੋਕੇ ਸਮੇਂ ਵਿੱਚ ਇਹ ਪੂਜਾ ਘਟ ਰਹੀ ਹੈ। ਵਧ ਰਹੀ ਤਕਨਾਲੋਜੀ ਦਾ ਜ਼ਿਲ੍ਹਾ ਬਠਿੰਡਾ ਵਿੱਚ ਵੀ ਅਸਰ ਵੇਖਿਆ ਗਿਆ।

ਖੋਜ-ਪ੍ਰਬੰਧ ਦੇ ਤੀਜੇ ਅਧਿਆਇ 'ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ' ਅਧੀਨ ਸਮਾਜਿਕ ਅਤੇ ਮਨੋਵਿਗਿਆਨਕ ਪੱਖ ਤੋਂ ਅਧਿਐਨ ਕਰਦਿਆਂ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ:-

- ਪੰਜਾਬ ਦੇ ਮਾਝਾ ਖਿੱਤੇ ਦੇ ਪ੍ਰਮੁੱਖ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ 42 ਵੱਖ-ਵੱਖ ਪਿੰਡਾਂ ਦਾ ਖੇਤਰੀ ਖੋਜ-ਸਰਵੇਖਣ ਕਰਦਿਆਂ ਇਹਨਾਂ ਪਿੰਡਾਂ ਵਿੱਚੋਂ ਕੁੱਲ 77 ਪ੍ਰਮੁੱਖ ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕਰਕੇ ਗੋਤਾਂ ਵਿਚਲੀਆਂ ਮੰਨ-ਮਨੌਤਾਂ ਵਿੱਚ ਆਧੁਨਿਕ ਸਮੇਂ ਦੌਰਾਨ ਆ ਰਹੇ ਪਰਿਵਰਤਨ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ।

- ਇਸ ਜ਼ਿਲ੍ਹੇ ਅੰਦਰਲੇ 42 ਪਿੰਡਾਂ ਵਿੱਚੋਂ 77 ਗੋਤਾਂ ਸੰਬੰਧੀ ਕੁੱਲ 165 ਸੈਂਪਲ ਪ੍ਰਾਪਤ ਕੀਤੇ ਗਏ ਜਿਨ੍ਹਾਂ ਵਿੱਚੋਂ ਜਠੇਰਾ-ਪੂਜਾ ਦੀ ਦਰ 45.45 ਪ੍ਰਤੀਸ਼ਤ ਹੈ ਅਤੇ ਇਸ ਜ਼ਿਲ੍ਹੇ ਦੀ ਸਾਖਰਤਾ ਦਰ 76.27 ਪ੍ਰਤੀਸ਼ਤ ਹੈ।

- ਮਾਝਾ ਖਿੱਤੇ ਦੇ ਉੱਘੇ ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿੱਚੋਂ ਪ੍ਰਮੁੱਖ ਗੋਤਾਂ ਸੰਬੰਧੀ ਸਮੱਗਰੀ ਇਕੱਤਰ ਕਰਨ ਹਿੱਤ ਖੇਤਰੀ ਖੋਜ-ਸਰਵੇਖਣ ਕੀਤਾ ਗਿਆ ਹੈ ਅਤੇ ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਚਾਨਣਾ ਪਾਇਆ ਗਿਆ ਹੈ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ ਬਾਰੇ ਤੇ ਜਠੇਰਾ-ਪੂਜਾ ਹਿੱਤ ਉਹਨਾਂ ਵੱਲੋਂ ਅਪਣਾਈਆਂ ਜਾਂਦੀਆਂ ਪੂਜਾ-ਵਿਧੀਆਂ ਬਾਰੇ ਵਰਣਨ ਕੀਤਾ ਗਿਆ ਹੈ।

- ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਵੱਲੋਂ ਪੂਜੇ ਜਾਂਦੇ ਜਠੇਰਿਆਂ ਲਈ ਮੰਨ-ਮਨੌਤ ਦੇ ਢੰਗਾਂ ਤੇ ਉਹਨਾਂ ਦੀ ਜਠੇਰਾ-ਪੂਜਾ ਪਿੱਛੇ ਕਾਰਜਸ਼ੀਲ ਲੋਕ-ਮਾਨਸਿਕਤਾ ਦਾ ਮਨੋਵਿਗਿਆਨਕ ਪੱਖ ਤੋਂ ਅਧਿਐਨ ਕੀਤਾ ਗਿਆ ਹੈ।

- ਜ਼ਿਲ੍ਹਾ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪੁਰਾਤਨ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਸਿੱਖ ਧਰਮ ਦਾ ਕੇਂਦਰ ਹੋਣ ਕਾਰਨ ਇੱਥੇ ਲੋਕਾਂ ਉੱਪਰ ਧਰਮ ਦਾ ਪ੍ਰਭਾਵ ਜ਼ਿਆਦਾ ਹੋਣ ਕਾਰਨ ਜਠੇਰਾ-ਪੂਜਾ ਘੱਟ ਹੈ। ਇਸ ਤੋਂ ਇਲਾਵਾ ਉੱਚ-ਸਿੱਖਿਆ ਦੇ ਪ੍ਰਸਾਰ ਲਈ ਬਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਜਠੇਰਾ-ਪੂਜਾ ਘੱਟ ਹੋਣ ਦਾ ਇੱਕ ਕਾਰਨ ਹੈ। ਜੇਕਰ ਜਠੇਰਾ-ਪੂਜਾ ਕਰਦੇ ਵੀ ਹਨ ਤਾਂ ਉਹ ਬਜ਼ੁਰਗ ਪੀੜ੍ਹੀ ਵਿੱਚ ਦੇਖਣ ਨੂੰ ਨਜ਼ਰ ਆਈ।

ਖੋਜ-ਪ੍ਰਬੰਧ ਦੇ ਚੌਥੇ ਅਧਿਆਇ 'ਜ਼ਿਲ੍ਹਾ ਜਲੰਧਰ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ' ਅਧੀਨ ਸਮਾਜਿਕ ਅਤੇ ਮਨੋਵਿਗਿਆਨਕ ਪੱਖ ਤੋਂ ਅਧਿਐਨ ਕਰਦਿਆਂ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ:-

- ਪੰਜਾਬ ਦੇ ਦੁਆਬਾ ਖਿੱਤੇ ਦੇ ਮਸ਼ਹੂਰ ਜ਼ਿਲ੍ਹਾ ਜਲੰਧਰ ਦੇ 53 ਵੱਖ-ਵੱਖ ਪਿੰਡਾਂ ਦਾ ਖੇਤਰੀ ਖੋਜ-ਸਰਵੇਖਣ ਕਰਦਿਆਂ ਇਹਨਾਂ ਪਿੰਡਾਂ ਵਿੱਚੋਂ ਕੁੱਲ 143 ਪ੍ਰਮੁੱਖ ਗੋਤਾਂ ਸੰਬੰਧੀ ਖੋਜ-ਸਮੱਗਰੀ ਇਕੱਤਰ ਕਰਕੇ ਗੋਤਾਂ ਵਿਚਲੀਆਂ ਮੰਨ-ਮਨੌਤਾਂ ਵਿੱਚ ਆਧੁਨਿਕ ਸਮੇਂ ਦੌਰਾਨ ਆ ਰਹੇ ਪਰਿਵਰਤਨ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ।

- ਇਸ ਜ਼ਿਲ੍ਹੇ ਅੰਦਰਲੇ 53 ਪਿੰਡਾਂ ਵਿੱਚੋਂ 143 ਗੋਤਾਂ ਸੰਬੰਧੀ ਕੁੱਲ 208 ਸੈਂਪਲ ਪ੍ਰਾਪਤ ਕੀਤੇ ਗਏ ਜਿਨ੍ਹਾਂ ਵਿੱਚੋਂ ਜਠੇਰਾ-ਪੂਜਾ ਦੀ ਦਰ 35.57 ਪ੍ਰਤੀਸ਼ਤ ਹੈ ਅਤੇ ਇਸ ਜ਼ਿਲ੍ਹੇ ਦੀ ਸਾਖਰਤਾ ਦਰ 82.05 ਪ੍ਰਤੀਸ਼ਤ ਹੈ।

- ਪੰਜਾਬ ਦੇ ਦੁਆਬਾ ਖਿੱਤੇ ਦੇ ਉੱਘੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚੋਂ ਪ੍ਰਮੁੱਖ ਗੋਤਾਂ ਸੰਬੰਧੀ ਸਮੱਗਰੀ ਇਕੱਤਰ ਕਰਨ ਹਿੱਤ ਖੇਤਰੀ ਖੋਜ-ਸਰਵੇਖਣ ਕੀਤਾ ਗਿਆ ਹੈ ਅਤੇ ਗੋਤਾਂ ਦੇ ਨਾਮਕਰਨ ਤੇ ਇਤਿਹਾਸਕ ਪਿਛੋਕੜ ਬਾਰੇ ਚਾਨਣਾ ਪਾਇਆ ਗਿਆ ਹੈ।

- ਜ਼ਿਲ੍ਹਾ ਜਲੰਧਰ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਦੇ ਜਠੇਰਿਆਂ ਬਾਰੇ ਤੇ ਜਠੇਰਾ-ਪੂਜਾ ਹਿੱਤ ਉਹਨਾਂ ਵੱਲੋਂ ਅਪਣਾਈਆਂ ਜਾਂਦੀਆਂ ਪੂਜਾ-ਵਿਧੀਆਂ ਬਾਰੇ ਵਰਣਨ ਕੀਤਾ ਗਿਆ ਹੈ।

- ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਲੋਕਾਂ ਵੱਲੋਂ ਪੂਜੇ ਜਾਂਦੇ ਜਠੇਰਿਆਂ ਲਈ ਮੰਨ-ਮਨੌਤ ਦੇ ਢੰਗਾਂ ਤੇ ਉਹਨਾਂ ਦੀ ਲੋਕ-ਮਾਨਸਿਕਤਾ ਦਾ ਅਧਿਐਨ ਕੀਤਾ ਗਿਆ ਹੈ।

- ਜ਼ਿਲ੍ਹਾ ਜਲੰਧਰ ਦੇ ਪ੍ਰਮੁੱਖ ਗੋਤਾਂ ਨਾਲ਼ ਸੰਬੰਧਿਤ ਜਠੇਰਾ-ਪੂਜਾ ਸੰਬੰਧੀ ਲੋਕ-ਮਾਨਸਿਕਤਾ ਦਾ ਪੁਰਾਤਨ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਇਸ ਜ਼ਿਲ੍ਹੇ ਅੰਦਰ ਜਠੇਰਾ-ਪੂਜਾ, ਧਰਮ ਅਤੇ ਡੇਰਾਵਾਦ ਦਾ ਮਿਲਗੋਭਾ ਰੂਪ ਦੇਖਿਆ ਗਿਆ। ਅਧਿਕ ਵਸਨੀਕਾਂ ਦੇ ਬਾਹਰਲੇ ਮੁਲਕਾਂ ਵਿੱਚ ਪ੍ਰਵਾਸ ਕਰਨ ਕਾਰਨ ਵੀ ਉਹ ਮੰਨ-ਮਨੌਤ ਪੱਖੋਂ ਜਠੇਰਾ-ਪੂਜਾ, ਡੇਰਾਵਾਦ ਅਤੇ ਧਰਮ ਸਭ ਨੂੰ ਸਮਾਨ ਦਰਜਾ ਦੇਣ ਲੱਗ ਪਏ ਹਨ।

ਖੋਜ-ਪ੍ਰਬੰਧ ਦੇ ਦੂਜੇ, ਤੀਜੇ ਤੇ ਚੌਥੇ ਅਧਿਆਇਆਂ ਦੇ ਅੰਤਰਗਤ ਪੰਜਾਬ ਦੇ ਮਾਲਵਾ, ਮਾਝਾ ਤੇ ਦੁਆਬਾ ਤਿੰਨਾਂ ਇਲਾਕਿਆਂ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਸਭਿਆਚਾਰਕ ਵਿਧਾਨ ਅਧੀਨ ਸਮਾਜਿਕ ਅਤੇ

ਮਨੋਵਿਗਿਆਨਕ ਪੱਖ ਤੋਂ ਅਧਿਐਨ ਕਰਨ ਉਪਰੰਤ ਖੋਜ-ਪ੍ਰਬੰਧ ਦੇ ਪੰਜਵੇਂ ਅਧਿਆਇ ਵਿੱਚ ਉਪਰੋਕਤ ਤਿੰਨਾਂ ਖਿੱਤਿਆਂ ਦਾ ਤੁਲਨਾਤਮਿਕ ਅਧਿਐਨ ਕਰਕੇ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ:-

- ਇਸ ਅਧਿਆਇ ਵਿੱਚ ਤੁਲਨਾਤਮਿਕ ਅਧਿਐਨ ਦੇ ਸਿਧਾਂਤਕ ਪਰਿਪੇਖ ਨੂੰ ਪੇਸ਼ ਕਰਦਿਆਂ ਤੁਲਨਾਤਮਿਕ ਅਧਿਐਨ ਦੇ ਅਰਥ, ਪਰਿਭਾਸ਼ਾ ਆਦਿ ਬਾਰੇ ਵਿਸਥਾਰ-ਪੂਰਵਕ ਚਰਚਾ ਕੀਤੀ ਗਈ ਹੈ।

- ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਜ਼ਿਲ੍ਹਾ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿਚਲੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਆਪਸ ਵਿੱਚ ਤੁਲਨਾਤਮਿਕ ਅਧਿਐਨ ਕਰਦਿਆਂ ਉਹਨਾਂ ਵਿਚਕਾਰਲੇ ਅੰਤਰ-ਸੰਬੰਧਾਂ ਨੂੰ ਦਰਸਾਇਆ ਗਿਆ ਹੈ।

- ਪੰਜਾਬ ਦੇ ਇਹਨਾਂ ਤਿੰਨਾਂ ਇਲਾਕਿਆਂ ਮਾਲਵਾ, ਮਾਝਾ ਅਤੇ ਦੁਆਬਾ ਦੇ ਖੋਜ-ਪ੍ਰਬੰਧ ਅਧੀਨ ਚੁਣੇ ਗਏ ਤਿੰਨਾਂ ਹੀ ਜ਼ਿਲ੍ਹਿਆਂ ਦੇ ਪ੍ਰਮੁੱਖ ਗੋਤਾਂ ਅਤੇ ਜਠੇਰਿਆਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਉਹਨਾਂ ਵਿਚਕਾਰਲੀਆਂ ਆਪਸੀ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

- ਵੱਖ-ਵੱਖ ਗੋਤਾਂ ਨਾਲ਼ ਸੰਬੰਧਿਤ ਜਠੇਰਿਆਂ ਨੂੰ ਵੱਖ-ਵੱਖ ਖਿੱਤਿਆਂ ਮਾਲਵਾ, ਮਾਝਾ ਅਤੇ ਦੁਆਬਾ ਵਿੱਚ ਵੱਖੋ-ਵੱਖਰੇ ਢੰਗਾਂ ਨਾਲ਼ ਪੂਜਿਆ ਜਾਂਦਾ ਹੈ।

ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਦੇ ਖੋਜ-ਪ੍ਰਬੰਧ ਲਈ ਚੁਣੇ ਗਏ ਜ਼ਿਲ੍ਹਿਆਂ ਕ੍ਰਮਵਾਰ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਨੂੰ ਖੋਜ-ਸਰਵੇਖਣ ਲਈ ਖੋਜ-ਸਮੱਗਰੀ ਇਕੱਤਰ ਕਰਨ ਹਿੱਤ ਆਧਾਰ ਬਣਾਇਆ ਗਿਆ। ਇਹਨਾਂ ਇਲਾਕਿਆਂ ਦੇ ਚੁਣੇ ਹੋਏ ਤਿੰਨਾਂ ਜ਼ਿਲ੍ਹਿਆਂ ਵਿੱਚੋਂ ਖੇਤਰੀ ਖੋਜ-ਸਰਵੇਖਣ ਦੌਰਾਨ ਕੁੱਲ 131 (ਇੱਕ ਸੌ ਇਕੱਤੀ) ਪਿੰਡਾਂ ਦਾ ਖੇਤਰੀ ਸਰਵੇਖਣ ਕੀਤਾ ਗਿਆ। ਇਹਨਾਂ ਪਿੱਡਾਂ ਵਿੱਚੋਂ 361 ਵੱਖ-ਵੱਖ ਪ੍ਰਮੁੱਖ ਗੋਤਾਂ ਸੰਬੰਧੀ 557 ਨਮੂਨੇ ਇਕੱਤਰ ਕੀਤੇ ਗਏ। ਉਪਰੋਕਤ ਤਿੰਨਾਂ ਖਿੱਤਿਆਂ ਵਿੱਚ ਜਠੇਰਾ-ਪੂਜਾ ਦੀ ਦਰ 42.72 ਪ੍ਰਤੀਸ਼ਤ ਹੈ। ਇਹਨਾਂ ਗੋਤਾਂ ਨਾਲ਼ ਸੰਬੰਧਿਤ ਲੋਕਾਂ ਨਾਲ਼ ਉਹਨਾਂ ਦੇ ਜਠੇਰਾ-ਪੂਜਾ, ਮੰਨ-ਮਨੌਤ ਦੇ ਢੰਗਾਂ, ਪੂਜਾ-ਵਿਧੀਆਂ ਆਦਿ ਸੰਬੰਧੀ ਸਮਾਜਿਕ ਤੇ ਸਭਿਆਚਾਰਕ ਪੱਖ ਨੂੰ ਘੋਖਦਿਆਂ ਗੱਲਬਾਤ ਕੀਤੀ ਗਈ ਤੇ ਉਹਨਾਂ ਦੀ ਲੋਕ ਮਾਨਸਿਕਤਾ ਦਾ ਮਨੋਵਿਗਿਆਨਕ ਪੱਖ ਤੋਂ ਅਧਿਐਨ ਕੀਤਾ ਗਿਆ। ਸਾਖਰਤਾ ਦਰ ਦੇ ਹਿਸਾਬ ਨਾਲ਼ ਵੱਧ ਸਾਖਰਤਾ ਦਰ ਵਾਲ਼ੇ ਜ਼ਿਲ੍ਹੇ ਅੰਦਰ ਜਠੇਰਾ-ਪੂਜਾ ਦੀ ਦਰ ਘੱਟ ਹੈ ਅਤੇ ਘੱਟ ਸਾਖਰਤਾ ਦਰ ਵਾਲ਼ੇ ਜ਼ਿਲ੍ਹੇ ਅੰਦਰ ਜਠੇਰਾ-ਪੂਜਾ ਦੀ ਦਰ ਵੱਧ ਹੈ।

ਇਸ ਖੋਜ-ਕਾਰਜ ਦੌਰਾਨ ਲੋਕ ਮਾਨਸਿਕਤਾ ਨੂੰ ਪੁਰਾਤਨ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮੇਂ ਦੇ ਬਦਲਣ ਨਾਲ਼ ਕਈ ਧਾਰਨਾਵਾਂ ਟੁੱਟ ਜਾਂਦੀਆਂ ਹਨ ਅਤੇ ਕਈ ਨਵੀਆਂ ਹੋਂਦ ਗ੍ਰਹਿਣ ਕਰ ਲੈਂਦੀਆਂ ਹਨ। ਨਵੀਆਂ ਕਾਢਾਂ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇੱਕੀਵੀਂ ਸਦੀ ਵਿੱਚ

ਜੇਕਰ ਲੋਕ-ਧਰਮ ਦੀ ਹੋਂਦ ਬਰਕਰਾਰ ਹੈ ਤਾਂ ਇਸਦਾ ਇੱਕੋ-ਇੱਕ ਕਾਰਨ ਲੋਕ-ਧਰਮ ਵਿੱਚ ਪ੍ਰਚੱਲਿਤ ਸ਼ਕਤੀਸ਼ਾਲੀ ਰੂੜ੍ਹੀਆਂ ਹੀ ਹਨ ਜੋ ਮਨੁੱਖ ਦੇ ਅਵਚੇਤਨ ਵਿੱਚ ਇਸ ਤਰ੍ਹਾਂ ਘਰ ਕਰ ਚੁੱਕੀਆਂ ਹਨ ਕਿ ਉਹਨਾਂ ਨੂੰ ਖ਼ਤਮ ਕਰਨਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਹੈ। ਪੜ੍ਹਨ-ਲਿਖਣ ਨਾਲ਼ ਲੋਕਾਂ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਣੇ ਸ਼ੁਰੂ ਹੋ ਗਏ ਜਿਸ ਕਾਰਨ ਨਵੇਂ ਆਧੁਨਿਕ ਵਿਚਾਰਾਂ ਨੇ ਜਨਮ ਲਿਆ ਤੇ ਕਈ ਪਰੰਪਰਿਕ ਧਾਰਨਾਵਾਂ ਟੁੱਟੀਆਂ ਹਨ। ਆਧੁਨਿਕ ਪੱਧਰ 'ਤੇ ਪੁਰਾਤਨ ਲੋਕ-ਮਾਨਸਿਕਤਾ ਵਿੱਚ ਪਰਿਵਰਤਨ ਨਵੇਂ ਤਕਨੀਕੀ ਯੁੱਗ ਵਿੱਚ ਆਧੁਨਿਕ ਸਿੱਖਿਆ ਕਾਰਨ ਹੋਇਆ ਹੈ।

ਸੋ ਲੋਕ ਧਰਮ ਦੀ ਪ੍ਰਕਿਰਤੀ ਦੀ ਗੱਲ ਕਰੀਏ ਤਾਂ ਇਹ ਕਹਿਣਾ ਦਰੁਸਤ ਨਹੀਂ ਕਿ ਲੋਕ-ਧਰਮ ਪਰਿਵਰਤਨਸ਼ੀਲ ਨਹੀਂ ਹੈ। ਸਮਾਜ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅੰਦਰ ਆਉਣ ਵਾਲ਼ੀਆਂ ਤਬਦੀਲੀਆਂ ਸਮਾਜ ਦੇ ਸਭਿਆਚਾਰਕ ਢਾਂਚੇ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਲੋਕ-ਧਰਮ ਵੀ ਸਮਾਜ ਦਾ ਇੱਕ ਸਭਿਆਚਾਰਕ ਵਰਤਾਰਾ ਹੈ। ਸੋ ਇਸ ਵਿੱਚ ਪਰਿਵਰਤਨ ਹੋਣਾ ਵੀ ਲਾਜ਼ਮੀ ਹੈ, ਪ੍ਰੰਤੂ ਲੋਕਧਾਰਾਈ ਵਰਤਾਰਿਆਂ ਅੰਦਰ ਤਬਦੀਲੀ ਬਹੁਤ ਹੀ ਧੀਮੀ ਗਤੀ ਨਾਲ਼ ਹੁੰਦੀ ਹੈ। ਲੋਕ-ਧਰਮ ਪ੍ਰਤੀ ਜੋ ਰਵੱਈਆ ਮੱਧਕਾਲੀ ਮਨੁੱਖ ਰੱਖਦਾ ਸੀ, ਵਰਤਮਾਨ ਸਮੇਂ ਵਿਚਲੇ ਮਨੁੱਖ ਅੰਦਰ ਉਸ ਦੀ ਉਹ ਆਸਥਾ ਨਹੀਂ ਹੈ ਪਰ ਇਹ ਭਾਵਨਾ ਉੱਕਾ ਖ਼ਤਮ ਨਹੀਂ ਹੋਈ, ਕਿਸੇ ਨਾ ਕਿਸੇ ਰੂਪ ਵਿੱਚ ਅਜੇ ਤੱਕ ਜਿਉਂਦੀ ਹੈ। ਜਠੇਰਿਆਂ ਦੇ ਸਥਾਨ ਉੱਪਰ ਕੱਢੀ ਜਾਂਦੀ ਮਿੱਟੀ, ਉਹਨਾਂ ਦੇ ਸਥਾਨ ਉੱਪਰ ਭਰੀਆਂ ਜਾਣ ਵਾਲ਼ੀਆਂ ਚੌਂਕੀਆਂ, ਚੌਦੇਂ-ਮੱਸਿਆ, ਦਿਵਾਲੀ, ਵਿਸਾਖੀ ਆਦਿ ਤਿਉਹਾਰਾਂ ਮੌਕੇ ਲੱਗਣ ਵਾਲ਼ੇ ਮੇਲਿਆਂ 'ਤੇ ਜੁੜਨ ਵਾਲ਼ੀ ਭੀੜ ਅਜੇ ਵੀ ਘਟੀ ਨਹੀਂ ਹੈ। ਸ਼ਰਧਾਲੂਆਂ ਦੀ ਸ਼ਰਧਾ ਦਾ ਸਰੂਪ ਭਾਵੇਂ ਬਦਲ ਗਿਆ ਹੋਵੇ, ਪਰ ਲੋਕ-ਧਰਮ ਦੀ ਹੋਂਦ ਅਜੇ ਵੀ ਅਸਵੀਕਾਰ ਨਹੀਂ ਹੋ ਸਕੀ। ਉਂਝ ਵੀ ਲੋਕ-ਧਰਮ ਦੇ ਅਰਥ-ਖੇਤਰ ਵਿੱਚ ਮਾਨਵ-ਜੀਵਨ ਦੇ ਅਨੇਕ ਪੱਖ ਸਮਾਏ ਹੋਏ ਹਨ; ਜਿਵੇਂ ਕਿ ਨਰਕ-ਸੁਰਗ ਦੀ ਹੋਂਦ, ਚੌਰਾਸੀ ਲੱਖ ਜੂਨੀ ਵਿੱਚ ਵਿਸ਼ਵਾਸ, ਵੱਡੇ-ਵਡੇਰਿਆਂ ਜਾਂ ਜਠੇਰਿਆਂ ਦੀ ਹੋਂਦ ਵਿੱਚ ਵਿਸ਼ਵਾਸ, ਉਹਨਾਂ ਦੀ ਪੂਜਾ ਤੇ ਮੰਨ-ਮਨੌਤ ਨਾਲ਼ ਫਲ ਦੀ ਪ੍ਰਾਪਤੀ, ਸੁੱਖਣਾ, ਮੰਨਤ-ਮਨੌਤਾਂ, ਭੇਟ-ਚੜ੍ਹਾਵੇ, ਵਰਤ, ਤੀਰਥ-ਯਾਤਰਾ, ਤੀਰਥ-ਇਸ਼ਨਾਨ, ਸੂਰਜ ਅਤੇ ਚੰਨ-ਗ੍ਰਹਿਣ, ਪੁੰਨ, ਦਾਨ, ਸੇਵਾ, ਜੰਤਰ, ਮੰਤਰ, ਧਾਗੇ, ਤਵੀਤ, ਸ਼ਰਾਧ, ਸ਼ਗਨ, ਅਪਸ਼ਗਨ ਆਦਿ ਅਨੇਕਾਂ ਰੂਪਾਂ ਵਿੱਚ ਲੋਕ-ਧਰਮ ਲੋਕ-ਮਨ ਵਿੱਚ ਵਸਿਆ ਹੋਇਆ ਹੈ।

ਲੋਕ-ਧਰਮ ਕੇਵਲ ਵਹਿਮਾਂ-ਭਰਮਾਂ ਦੀ ਵਲਗਣ ਵਿੱਚ ਲੋਕਾਂ ਨੂੰ ਕੈਦ ਕਰਕੇ ਨਹੀਂ ਰੱਖਦਾ, ਸਗੋਂ ਉਹਨਾਂ ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਉਤੇਜਿਤ ਵੀ ਕਰਦਾ ਹੈ। ਲੋਕ-ਧਰਮ ਮੁੱਢ-ਕਦੀਮ ਤੋਂ ਊਚ-ਨੀਚ ਅਤੇ ਜਾਤ-ਪਾਤ ਦੀਆਂ ਵਲਗਣਾਂ ਤੋਂ ਮੁਕਤ ਰਿਹਾ ਹੈ। ਇਸ ਨੁਕਤੇ ਦੀ ਪੁਸ਼ਟੀ ਖੋਜ-ਪ੍ਰਬੰਧ ਵਿਚਲੇ ਚੋਣਵੇਂ ਜ਼ਿਲ੍ਹਿਆਂ ਅੰਦਰਲੇ ਵੱਖ-ਵੱਖ ਜਾਤਾਂ ਦੇ ਇੱਕੋ ਗੋਤ ਨਾਲ਼ ਸੰਬੰਧ ਰੱਖਣ ਵਾਲ਼ੇ ਲੋਕਾਂ ਦੇ ਜਠੇਰਾ-ਸਥਾਨ 'ਤੇ ਲੱਗਣ ਵਾਲ਼ੇ ਮੇਲੇ ਵਿੱਚ ਉਹਨਾਂ ਵੱਖ-ਵੱਖ ਜਾਤਾਂ ਦੀ ਸਾਂਝੇ ਤੌਰ 'ਤੇ ਸ਼ਮੂਲੀਅਤ ਤੋਂ ਹੁੰਦੀ ਹੈ। ਲੋਕ-ਮਨ ਦੀ ਖੂਬੀ ਇਹ ਹੈ ਕਿ ਉਹ ਵਿਸ਼ਿਸ਼ਟ ਧਰਮ ਦੇ ਅਸੂਲਾਂ ਦੀ ਪਾਲਣਾ ਵੀ ਕਰਦਾ ਰਹਿੰਦਾ ਹੈ ਅਤੇ ਲੋਕ-ਧਰਮ ਦੇ

ਕਰਮ-ਕਾਂਡ ਵੀ ਨਿਭਾਉਂਦਾ ਰਹਿੰਦਾ ਹੈ। ਲੋਕਾਂ ਨੂੰ ਕਿਸੇ ਰਹਿਤ-ਮਰਿਯਾਦਾ ਜਾਂ ਅਸੂਲਾਂ ਦੀ ਕੈਦ ਪਸੰਦ ਨਹੀਂ, ਬਲਕਿ ਉਹ ਤਾਂ ਆਜ਼ਾਦ ਪੰਛੀ ਵਾਂਗ ਵਿਚਰਨਾ ਚਾਹੁੰਦੇ ਹਨ। ਨਿਯਮਾਂ ਦਾ ਬੰਧਨ ਵਿਸ਼ਿਸ਼ਟ ਧਰਮ ਵਿੱਚ ਹੁੰਦਾ ਹੈ, ਲੋਕ-ਧਰਮ ਵਿੱਚ ਨਹੀਂ। ਲੋਕ-ਧਰਮ ਅਸਲ ਵਿੱਚ ਮਾਨਵ-ਧਰਮ ਦਾ ਹੀ ਵਿਸਤ੍ਰਿਤ ਰੂਪ ਹੈ।

ਸੋ ਵਰਤਮਾਨ ਜੀਵਨ ਵਿੱਚ ਬੇਸ਼ੱਕ ਵਿਗਿਆਨ ਅਤੇ ਤਕਨਾਲੋਜੀ ਦੀ ਬੇਹੱਦ ਤਰੱਕੀ ਹੋ ਚੁੱਕੀ ਹੈ ਜਿਸ ਦੇ ਫਲਸਰੂਪ ਵਿਗਿਆਨਕ ਸੋਚ ਹੋਣ ਕਾਰਨ ਭਾਵੇਂ ਜਠੇਰਾ-ਪੂਜਾ ਦੀ ਹੋਂਦ ਵਿਗਿਆਨਿਕ ਦ੍ਰਿਸ਼ਟੀਕੋਣ ਅਪਨਾਉਣ ਕਾਰਨ ਘੱਟ ਹੋ ਗਈ ਹੈ ਪਰ ਹਾਲੇ ਵੀ ਇਸਦੀ ਝਲਕ ਪੰਜਾਬ ਅੰਦਰਲੇ ਪਿੰਡਾਂ ਵਿੱਚ ਆਮ ਹੀ ਵੇਖੀ ਜਾ ਸਕਦੀ ਹੈ। ਪੰਜਾਬ ਦੇ ਪਿੰਡਾਂ ਵਿੱਚ ਹਾਲੇ ਵੀ ਕਿਸੇ ਬਿਮਾਰੀ, ਕੁਦਰਤੀ ਆਫ਼ਤ, ਫਸਲ ਦੇ ਨੁਕਸਾਨ, ਪਸ਼ੂਆਂ ਦੀ ਬਿਮਾਰੀ, ਘਰੇਲੂ ਕਲੇਸ਼, ਔਲਾਦ ਜਾਂ ਸੰਤਾਨ ਦੇ ਨਾ ਹੋਣ ਆਦਿ ਦਾ ਕਾਰਨ ਵੱਡੇ-ਵਡੇਰੇ ਦੇ ਨਾਰਾਜ਼ ਹੋਣ, ਮਨੌਤ ਸੰਬੰਧੀ ਕੋਈ ਭੁੱਲ-ਚੁੱਕ ਹੋਣ ਆਦਿ ਨੂੰ ਮੰਨ ਲਿਆ ਜਾਂਦਾ ਹੈ। ਭਾਵੇਂ ਤਰਕਸ਼ੀਲਾਂ ਦੇ ਵਧ ਰਹੇ ਪ੍ਰਭਾਵ ਅਤੇ ਡਾਕਟਰੀ ਇਲਾਜ ਦੀ ਹੋਂਦ ਕਾਰਨ ਇਹਨਾਂ ਵਹਿਮਾਂ ਦਾ ਸਿਲਸਿਲਾ ਘਟ ਰਿਹਾ ਹੈ, ਪਰ ਜਠੇਰਿਆਂ ਅਤੇ ਵੱਡੇ-ਵਡੇਰਿਆਂ ਦੇ ਸਥਾਨ ਉੱਪਰ ਅੱਜ ਵੀ ਲੋਕਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ। ਬੇਸ਼ੁਮਾਰ ਗਿਣਤੀ ਵਿੱਚ ਪੁੱਜੇ ਲੋਕ ਇਹੋ ਉਮੀਦ ਲੈ ਕੇ ਜਾਂਦੇ ਹਨ ਕਿ ਉਹਨਾਂ ਦੇ ਬੇੜੇ ਪਾਰ ਹੋ ਜਾਣਗੇ ਅਤੇ ਉਹ ਨਿਰੋਗ ਹੋ ਜਾਣਗੇ। ਬਹੁਤ ਸਾਰੇ ਰਾਜ਼ੀ ਹੋ ਵੀ ਜਾਂਦੇ ਹਨ ਕਿਉਂ ਕਿ ਉਹਨਾਂ ਦਾ ਇਸ ਸਥਾਨ ਪ੍ਰਤੀ ਪੂਰਨ ਵਿਸ਼ਵਾਸ ਹੁੰਦਾ ਹੈ। ਇਸ ਲਈ ਲੋਕ-ਧਰਮ ਦੇ ਕਰਮ-ਕਾਂਡ, ਉਪਾਸਨਾ-ਸਿਧਾਂਤ ਜਾਂ ਪੂਜਾ-ਵਿਧੀਆਂ ਨਾ ਤਾਂ ਵਿਅਕਤੀਗਤ ਰੂਪ ਵਿੱਚ ਪ੍ਰਚੱਲਿਤ ਹੋਈਆਂ ਰਵਾਇਤਾਂ ਹਨ ਅਤੇ ਨਾ ਹੀ ਖਲਾਅ ਵਿੱਚ ਪੈਦਾ ਹੋਏ ਰੁਝਾਨ ਹੀ ਕਹੇ ਜਾ ਸਕਦੇ ਹਨ। ਕੋਈ ਵੀ ਧਾਰਮਿਕ, ਸਮਾਜਿਕ ਜਾਂ ਸਭਿਆਚਾਰਕ ਰਵਾਇਤ ਉਦੋਂ ਹੀ ਸ਼ੁਰੂ ਹੁੰਦੀ ਹੈ, ਜਦੋਂ ਉਹ ਕਿਸੇ ਸਮਾਜਿਕ ਲੋੜ ਨੂੰ ਪੂਰਾ ਕਰਦੀ ਹੈ ਅਤੇ ਲੋਕ-ਪ੍ਰਵਾਨਗੀ ਪ੍ਰਾਪਤ ਕਰ ਲੈਂਦੀ ਹੈ। ਲੋਕ-ਧਾਰਾ ਜਾਂ ਸਮੁੱਚੇ ਲੋਕ-ਧਾਰਾਈ ਵਰਤਾਰਿਆਂ ਦਾ ਸੰਬੰਧ ਲੋਕ-ਮਨ ਨਾਲ਼ ਜੁੜਿਆ ਹੋਇਆ ਹੁੰਦਾ ਹੈ। ਇਸ ਲਈ ਲੋਕ-ਧਰਮ ਦੇ ਉਪਾਸਨਾ-ਸਿਧਾਂਤਾਂ (ਪੂਜਾ-ਵਿਧੀਆਂ ਆਦਿ) ਦਾ ਸਭਿਆਚਾਰਕ ਮਹੱਤਵ ਲੋਕ-ਮਾਨਸਿਕਤਾ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਹੈ।

## ਖੇਤਰੀ ਖੋਜ-ਸਰਵੇਖਣ ਦੌਰਾਨ ਗੋਤਾਂ ਅਤੇ ਜਠੇਰਿਆਂ ਸੰਬੰਧੀ ਇਕੱਤਰ ਕੀਤੇ ਗਏ ਅੰਕੜੇ

| ਲੜੀ ਨੰ: | ਜ਼ਿਲ੍ਹਾ | ਸਰਵੇਖਣ ਅਧੀਨ ਆਏ ਕੁੱਲ ਪਿੰਡ | ਪ੍ਰਾਪਤ ਗੋਤ | ਪ੍ਰਾਪਤ ਸੈਂਪਲ | ਜਠੇਰਾ-ਪੂਜਾ | ਜਠੇਰਾ-ਪੂਜਾ ਤੋਂ ਇਨਕਾਰੀ | ਜਠੇਰਾ-ਪੂਜਾ ਪ੍ਰਤੀਸ਼ਤ | ਸਾਖਰਤਾ ਦਰ |
|---|---|---|---|---|---|---|---|---|
| 1 | ਬਠਿੰਡਾ | 36 | 141 | 184 | 89 | 95 | 48.36% | 63.08% |
| 2 | ਅੰਮ੍ਰਿਤਸਰ | 42 | 77 | 165 | 75 | 90 | 45.45% | 76.27% |
| 3 | ਜਲੰਧਰ | 53 | 143 | 208 | 74 | 134 | 35.57% | 82.05% |
| ਕੁੱਲ ਜੋੜ | - | 131 | 361 | 557 | 238 | 319 | 42.72% | - |

# ਸਹਾਇਕ ਪੁਸਤਕ-ਸੂਚੀ

## ਪੰਜਾਬੀ ਪੁਸਤਕਾਂ


ਆਗਿਆਜੀਤ ਸਿੰਘ (ਡਾ.). *ਸਾਧਾਰਨ ਮਨੋਵਿਗਿਆਨ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014. ਪ੍ਰਿੰਟ

ਔਲਖ, ਸਤਿੰਦਰ (ਡਾ.). *ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ.* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011. ਪ੍ਰਿੰਟ

---. *ਮਨੋਵਿਸ਼ਲੇਸ਼ਣ ਅਤੇ ਪੰਜਾਬੀ ਲੋਕਧਾਰਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019. ਪ੍ਰਿੰਟ

ਸੁਖਦੇਵ ਸਿੰਘ (ਡਾ.). *ਪੰਜਾਬੀ ਸਮਾਜ ਅਤੇ ਬਦਲਾਅ.* ਗ੍ਰੇਸ਼ੀਅਸ ਬੁੱਕਸ, ਪਟਿਆਲਾ, 2017. ਪ੍ਰਿੰਟ

ਸਤਿੰਦਰ ਸਿੰਘ. *ਤੁਲਨਾਤਮਕ ਭਾਰਤੀ ਸਾਹਿਤ.* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012. ਪ੍ਰਿੰਟ

ਸਿੱਧੂ, ਗੁਰਮੀਤ ਸਿੰਘ. *ਸਿੱਧੂ ਖਾਨਦਾਨ ਦਾ ਇਤਿਹਾਸ.* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2013. ਪ੍ਰਿੰਟ

ਕੇਸਰ, ਕੇਸਰ ਸਿੰਘ (ਡਾ.). *ਖੋਜ ਚਿੰਤਨ.* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013. ਪ੍ਰਿੰਟ

ਕਪੂਰ, ਨਵਰਤਨ (ਡਾ.). *ਪੰਜਾਬ ਦੇ ਲੋਕ ਤਿਉਹਾਰ ਇੱਕ ਸਮਾਜ ਵਿਗਿਆਨਿਕ ਅਧਿਐਨ.* ਚੌਥਾ ਐਡੀਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016. ਪ੍ਰਿੰਟ

ਕੌੜਾ, ਸੇਵਾ ਸਿੰਘ. *ਨਾਵਾਂ ਦਾ ਨਿਕਾਸ (ਨਵੇਂ ਨਿਰਨੇ).* ਏਕ ਨੂਰ ਪ੍ਰਕਾਸ਼ਨ, ਅੰਮ੍ਰਿਤਸਰ, 2003. ਪ੍ਰਿੰਟ

ਖਹਿਰਾ, ਭੁਪਿੰਦਰ ਸਿੰਘ (ਡਾ.). ਸੁਰਜੀਤ ਸਿੰਘ (ਡਾ.). *ਲੋਕਧਾਰਾ ਦੀ ਭੂਮਿਕਾ (ਪੰਜਾਬੀ ਲੋਕਧਾਰਾ ਬਾਰੇ ਨਿਬੰਧਾਂ ਦਾ ਸੰਗ੍ਰਹਿ).* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019. ਪ੍ਰਿੰਟ

---. *ਲੋਕਧਾਰਾ ਭਾਸ਼ਾ ਅਤੇ ਸਭਿਆਚਾਰ.* ਚੌਥਾ ਐਡੀਸ਼ਨ, ਪੈਪਸੂ ਬੁੱਕ ਡਿਪੂ, ਪਟਿਆਲਾ, 2004. ਪ੍ਰਿੰਟ

ਗਿੱਲ, ਹਰਚਰਨ ਸਿੰਘ. *ਗਿੱਲਾਂ ਦਾ ਇਤਿਹਾਸ (ਕੈਸਪੀਅਨ ਸਾਗਰ ਤੋਂ ਘੋਲੀਆ ਚੁਬਾਰਾ ਤੱਕ).* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2015. ਪ੍ਰਿੰਟ

ਗਿੱਲ, ਗੁਰਚਰਨ ਸਿੰਘ ਅਤੇ ਗੋਲਬਰਗ ਜੇਮਜ਼. *ਜੱਟਾਂ ਦਾ ਪ੍ਰਾਚੀਨ ਇਤਿਹਾਸ.* ਦੂਜਾ ਐਡੀਸ਼ਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2013. ਪ੍ਰਿੰਟ

ਗਿੱਲ, ਰੁਪਿੰਦਰਜੀਤ (ਡਾ.). *ਪੰਜਾਬੀ ਲੋਕ-ਵਿਸ਼ਵਾਸ: ਪੇਸ਼ਕਾਰੀ ਤੇ ਵਿਸ਼ਲੇਸ਼ਣ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012. ਪ੍ਰਿੰਟ

ਚਹਿਲ, ਭੁਪਿੰਦਰ ਕੌਰ. *ਗੁੱਗਾ ਜੀ ਚੌਹਾਨ*. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995. ਪ੍ਰਿੰਟ

ਜਸਵਿੰਦਰ ਸਿੰਘ (ਡਾ.). *ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ*. ਤੀਜਾ ਐਡੀਸ਼ਨ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2014. ਪ੍ਰਿੰਟ

---. *ਪੰਜਾਬੀ ਸਭਿਆਚਾਰ: ਮੌਲਿਕ ਮੁਹਾਂਦਰਾ*, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, 2010. ਪ੍ਰਿੰਟ

ਜੋਸ਼ੀ, ਜੀਤ ਸਿੰਘ. *ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ*. ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2011. ਪ੍ਰਿੰਟ

---. *ਲੋਕ ਕਲਾ ਅਤੇ ਸਭਿਆਚਾਰ*. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016. ਪ੍ਰਿੰਟ

ਦਰਿਆ (ਡਾ.). *ਪੰਜਾਬੀ ਲੋਕ-ਧਰਮ ਆਧੁਨਿਕ-ਪਰਿਪੇਖ*. ਸੀ. ਆਈ. ਆਰ. ਐੱਸ., ਬਟਾਲਾ, 2008. ਪ੍ਰਿੰਟ

---. *ਪੰਜਾਬੀ ਲੋਕ-ਧਰਮ ਸਮਾਜ ਮਨੋਵਿਗਿਆਨਕ ਅਧਿਐਨ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2019. ਪ੍ਰਿੰਟ

---. *ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਬਦਲਦੇ ਪਰਿਪੇਖ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2016. ਪ੍ਰਿੰਟ

---. *ਪੰਜਾਬੀ ਲੋਕਧਾਰਾ ਅਧਿਐਨ ਵਿਭਿੰਨ ਪਾਸਾਰ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2017. ਪ੍ਰਿੰਟ

---. *ਪੰਜਾਬੀ ਲੋਕ ਵਿਸ਼ਵਾਸ ਸਮਾਜਿਕ ਪਰਿਪੇਖ*. ਕ੍ਰਿਸਚੀਅਨ ਇੰਸਟੀਚਿਊਟ ਫਾਰ ਰਿਲੀਜਸ ਸਟੱਡੀਜ਼, ਬਟਾਲਾ (ਗੁਰਦਾਸਪੁਰ), 2008. ਪ੍ਰਿੰਟ

ਦਰਦੀ, ਕਿਰਪਾਲ ਸਿੰਘ. *ਪੰਜਾਬ ਦੀਆਂ ਜਾਤਾਂ ਤੇ ਗੋਤ (ਜੱਟ ਤੇ ਹੋਰ ਜਾਤਾਂ)*. ਨਿਊ ਬੁੱਕ ਕੰਪਨੀ, ਜਲੰਧਰ, 2007. ਪ੍ਰਿੰਟ

ਦੁਲੇਹ, ਹੁਸ਼ਿਆਰ ਸਿੰਘ. *ਜੱਟਾਂ ਦਾ ਇਤਿਹਾਸ*. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001. ਪ੍ਰਿੰਟ

ਦਵਿੰਦਰ ਸਿੰਘ (ਡਾ.). *ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ.* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012. ਪ੍ਰਿੰਟ

ਧੀਰ, ਕੁਲਦੀਪ ਸਿੰਘ (ਡਾ.). *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015. ਪ੍ਰਿੰਟ

---. *ਤੁਲਨਾਤਮਕ ਸਾਹਿਤ-ਸ਼ਾਸਤਰ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990. ਪ੍ਰਿੰਟ

ਨੇਕੀ, ਜਸਵੰਤ ਸਿੰਘ. *ਅਚੇਤਨ ਦੀ ਲੀਲ੍ਹਾ.* ਚੌਥਾ ਐਡੀਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2019. ਪ੍ਰਿੰਟ

ਨੂਰ, ਜਗੀਰ ਸਿੰਘ (ਡਾ.). *ਪੰਜਾਬੀ ਸਭਿਆਚਾਰ ਮੂਲ ਪਛਾਣ.* ਦੂਜਾ ਐਡੀਸ਼ਨ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, 2018. ਪ੍ਰਿੰਟ

ਪਿਆਰ ਸਿੰਘ (ਡਾ.). *ਖੋਜ ਸਿਧਾਂਤ ਤੇ ਵਿਵਹਾਰ.* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011. ਪ੍ਰਿੰਟ

ਪੂਨੀ, ਬਲਬੀਰ ਸਿੰਘ (ਪ੍ਰੋ.). *ਪੰਜਾਬੀ ਲੋਕਧਾਰਾ ਅਤੇ ਸਭਿਆਚਾਰ.* ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2014. ਪ੍ਰਿੰਟ

ਪਰਹਾਰ, ਵਾਸਦੇਵ ਸਿੰਘ. *ਸਿੱਖ ਰਾਜਪੂਤਾਂ ਦੇ ਪਿੰਡਾਂ ਦਾ ਇਤਿਹਾਸ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2015. ਪ੍ਰਿੰਟ

ਫਰਾਇਡ, ਸਿਗਮੰਡ. *ਮਨੋਵਿਸ਼ਲੇਸ਼ਣ.* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2001. ਪ੍ਰਿੰਟ

ਫ਼ਰੈਂਕ, ਗੁਰਬਖਸ਼ ਸਿੰਘ (ਪ੍ਰੋ.). *ਸਭਿਆਚਾਰ ਤੇ ਪੰਜਾਬੀ ਸਭਿਆਚਾਰ.* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1984. ਪ੍ਰਿੰਟ

ਫੁੱਲ, ਗੁਰਦਿਆਲ ਸਿੰਘ (ਡਾ.). *ਪੰਜਾਬੀ ਸਭਿਆਚਾਰ ਇੱਕ ਦ੍ਰਿਸ਼ਟੀਕੋਣ.* ਦੂਜਾ ਐਡੀਸ਼ਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013. ਪ੍ਰਿੰਟ

ਬੇਦੀ, ਸੋਹਿੰਦਰ ਸਿੰਘ ਵਣਜਾਰਾ. *ਪੰਜਾਬ ਦੀ ਲੋਕਧਾਰਾ.* ਅੱਠਵਾਂ ਐਡੀਸ਼ਨ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, 2018. ਪ੍ਰਿੰਟ

ਬੇਦੀ, ਸੋਹਿੰਦਰ ਸਿੰਘ ਵਣਜਾਰਾ (ਡਾ.). *ਮੇਰਾ ਨਾਨਕਾ ਪਿੰਡ*. ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1984. ਪ੍ਰਿੰਟ

---. *ਲੋਕ ਆਖਦੇ ਹਨ*. ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018. ਪ੍ਰਿੰਟ

---. *ਵਿਰਸੇ ਦੀ ਫੁਲਕਾਰੀ*. ਦੂਜਾ ਐਡੀਸ਼ਨ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997. ਪ੍ਰਿੰਟ

ਬੇਦੀ, ਹਰਚੰਦ ਸਿੰਘ. *ਸਮੀਖਿਆ ਸਭਿਆਚਾਰ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989. ਪ੍ਰਿੰਟ

ਮਿੱਤਰ, ਅਮਿਤ. *ਸਿਗਮੰਡ ਫਰਾਇਡ ਜੀਵਨ ਅਤੇ ਵਿਚਾਰ*. ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2017. ਪ੍ਰਿੰਟ

ਰਾਇਜਸਬੀਰ ਸਿੰਘ (ਡਾ.). *ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ*. ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2003. ਪ੍ਰਿੰਟ

ਰਾਜਪੂਤ, ਸੁਰਿੰਦਰ ਸਿੰਘ. *ਸਿੱਖ ਇਤਿਹਾਸ ਵਿੱਚ ਬ੍ਰਾਹਮਣ ਸਮਾਜ ਦਾ ਯੋਗਦਾਨ (ਬ੍ਰਾਹਮਣ ਗੋਤਾਂ ਸਮੇਤ)*, ਸੰਗਮ ਪਬਲੀਕੇਸ਼ਨ, ਸਮਾਣਾ, 2017. ਪ੍ਰਿੰਟ

---. *ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ*. ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ, 2006. ਪ੍ਰਿੰਟ

---. *ਮਹਾਂ ਪੰਜਾਬ ਦੇ ਜੱਟ*. ਨਵਰੰਗ ਪਬਲੀਕੇਸ਼ਨ, ਸਮਾਣਾ, 2018. ਪ੍ਰਿੰਟ

ਰੁਪਿੰਦਰ ਕੌਰ (ਡਾ.). *ਪੰਜਾਬੀ ਲੋਕਧਾਰਾ: ਸਮੱਗਰੀ ਤੇ ਪੇਸ਼ਕਾਰੀ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011. ਪ੍ਰਿੰਟ

## ਕੋਸ਼

ਸੀਤਲ, ਜੀਤ ਸਿੰਘ ਤੇ ਹੋਰ ਸੁਪਰਵਾਈਜ਼ਰ. *ਪੰਜਾਬੀ ਕੋਸ਼ (ਜਿਲਦ ਪਹਿਲੀ)*. ਮਹਿਕਮਾ ਪੰਜਾਬੀ, 1955. ਪ੍ਰਿੰਟ

ਹੱਦ, ਅਵਤਾਰ ਸਿੰਘ ਤੇ ਹੋਰ, ਡਾਇਰੈਕਟਰ. *ਪੰਜਾਬੀ ਕੋਸ਼ (ਜਿਲਦ ਤੀਜੀ)*. ਦੂਜੀ ਐਡੀਸ਼ਨ, ਭਾਸ਼ਾ ਵਿਭਾਗ, ਪੰਜਾਬ, 2007. ਪ੍ਰਿੰਟ

ਨਾਭਾ, ਭਾਈ ਕਾਨ੍ਹ ਸਿੰਘ. *ਗੁਰੁਸ਼ਬਦ ਰਤਨਾਕਰ : ਮਹਾਨ ਕੋਸ਼*. ਅੱਠਵੀਂ ਐਡੀਸ਼ਨ, ਭਾਸ਼ਾ ਵਿਭਾਗ, ਪੰਜਾਬ, 2011. ਪ੍ਰਿੰਟ

ਬੇਦੀ, ਸੋਹਿੰਦਰ ਸਿੰਘ ਵਣਜਾਰਾ (ਡਾ.). *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਪਹਿਲੀ ਤੇ ਦੂਜੀ)*. ਦੂਜੀ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ, 2009. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਤੀਜੀ)*. ਦੂਜੀ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ, 2008. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਚੌਥੀ)*. ਦੂਜੀ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ, 2004. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਪੰਜਵੀਂ)*. ਨੈਸ਼ਨਲ ਬੁਕ ਸ਼ਾਪ, ਦਿੱਲੀ,

2004. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਛੇਵੀਂ)*. ਨੈਸ਼ਨਲ ਬੁਕ ਸ਼ਾਪ, ਦਿੱਲੀ, 1992. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਸਤਵੀਂ)*. ਨੈਸ਼ਨਲ ਬੁਕ ਸ਼ਾਪ, ਦਿੱਲੀ,

1994. ਪ੍ਰਿੰਟ

---. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ ਅਠਵੀਂ)*. ਨੈਸ਼ਨਲ ਬੁਕ ਸ਼ਾਪ, ਦਿੱਲੀ, 2013. ਪ੍ਰਿੰਟ

## ਖੋਜ-ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਿਤ ਖੋਜ-ਪੱਤਰ

ਅਜਮੇਰ ਸਿੰਘ (ਡਾ.). *ਖੋਜ ਪਤ੍ਰਿਕਾ: ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ*. ਅੰਕ 34. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991. ਪ੍ਰਿੰਟ

ਸਭਿਆਚਾਰ ਪਤ੍ਰਿਕਾ, *ਗਲੋਬਲੀ ਪਰਿਪੇਖ ਵਿੱਚ ਲੋਕਧਾਰਾ ਅਤੇ ਸਭਿਆਚਾਰ ਅਧਿਐਨ: ਵਿਸ਼ੇਸ਼ ਅੰਕ*. ਅੰਕ 10. ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਨਵਰੀ 2012. ਪ੍ਰਿੰਟ